# ਅਠਵਾਂ ਭਾਗ :

## ਪਹਿਲਾ ਕਾਂਡ :

੧

## ਚਿਤ, ਜਿਤਵਨੀ

**ਮਹਾਨ ਕੋਸ਼** ਵਿਚ **ਚਿਤ** ਲਫ਼ਜ਼ ਦੇ ਰੂਪ ਅਤੇ ਅਰਥ ਇਸ ਪ੍ਰਕਾਰ ਹਨ:---

੧- ਅੰਤਹਿਕਰਣ । [ਨੋਟ-ਅੰਤਹਿਕਰਣ ਦੇ ਚਾਰ ਭੇਦਾਂ (ਮਨ, ਬੁੱਧਿ, ਚਿਤ, ਹੰਕਾਰ) ਵਿਚੋਂ ਤੀਜਾ ਭੇਦ ' ਚਿੱਤ ' ਹੈ ]

**ਚਿਤ** ਦਾ ਇਹ ਪੱਖ, ਭਾਵ, **ਅੰਤਹਿਕਰਣ**, ਗੁਰੂ ਬਾਣੀ ਨੇ ਇਸ ਪ੍ਰਕਾਰ ਸਪੱਸ਼ਟ ਕੀਤਾ ਹੈ:--

੧- **ਰੇ ਚਿਤ, ਚੇਤਸਿ ਕੀ ਨ ਦਯਾਲ ਦਮੋਦਰ, ਬਿਬਹਿ ਨ ਜਾਨਸਿ ਕੋਈ ॥**
**ਜੇ ਧਾਵਹਿ ਬ੍ਰਹਮੰਡ ਖੰਡ ਕਉ, ਕਰਤਾ ਕਰੈ ਸੁ ਹੋਈ ॥ ੧ ॥ ਰਹਾਉ ॥**[੪੮੮]-੩

**ਅਰਥ**:--ਹੇ ਮੇਰੇ ਮਨ (ਅੰਤਹਿਕਰਣ) ! ਦਇਆ ਦੇ ਘਰ ਪਰਮਾਤਮਾ ਨੂੰ ਕਿਉਂ ਨਹੀਂ ਸਿਮਰਦਾ ? (ਵੇਖੀਂ ਕਿਤੇ) ਤੂੰ ਕਿਸੇ ਹੋਰ ਤੇ ਆਸ ਨਾ ਲਾਈ ਰੱਖੀਂ । ਜੇ ਤੂੰ ਸਾਰੀ ਸ੍ਰਿਸ਼ਟੀ ਦੇ ਦੇਸਾਂ ਪ੍ਰਦੇਸਾਂ ਵਿਚ ਵੀ ਭਟਕਦਾ ਫਿਰੇਂਗਾ, ਤਾਂ ਵੀ ਉਹੀ ਕੁਝ ਹੋਵੇਗਾ ਜੋ ਕਰਤਾਰ ਕਰੇਗਾ । ੧।

੨- **ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥**
**ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ ॥ ੧ ॥ ਰਹਾਉ ॥**[੧੧੨੪]-੧

**ਅਰਥ**:--ਹੇ ਮੇਰੇ ਗ਼ਾਫ਼ਲ (-ਅਚੇਤ) ਮਨ (-ਅੰਤਹਿਕਰਣ) ਪ੍ਰਭੂ ਨੂੰ ਸਿਮਰ । ਹੇ ਮਨ ! ਤੂੰ ਬਾਲਮੀਕ ਵਲ ਕਿਉਂ ਨਹੀਂ ਵੇਖਦਾ ? (ਕਿ ਉਹ) ਨੀਵੀਂ ਤੋਂ ਬੜੇ ਵਡੇ ਦਰਜੇ ਤੇ ਅੱਪੜ ਗਿਆ--ਇਹ ਵਡਿਆਈ ਪਰਮਾਤਮਾ ਦੀ ਭਗਤੀ ਦੇ ਕਾਰਨ ਹੀ ਮਿਲੀ ਸੀ । ੧ । ਰਹਾਉ ।

੩- **ਰੇ ਚਿਤ ਚਰਣ ਕਮਲ ਅਰਾਧਿ ॥ ਸਰਬ ਸੂਖ ਕਲਿਆਣ ਪਾਵਹਿ ਮਿਟੈ ਸਗਲ ਉਪਾਧਿ ॥੧॥ ਰਹਾਉ ।**[੫੦੧]-੧-੨੭

ਅੰਤਹਿਕਰਣ ਤੋਂ ਅੱਗੇ ਮਹਾਨ ਕੋਸ਼ ਅਨੁਸਾਰ **ਚਿਤ** ਦੋ ਹੋਰ ਅਰਥ-- ੨- ਵਿਚਾਰ ਕਰਨਾ, ਯਾਦ ਕਰਨਾ । ੩- ਗਯਾਨ, ਚੇਤਨਾ ।

**ਚਿੰਤਨ**--ਵਿਚਾਰ ਕਰਨਾ, ਵਿਚਾਰ, ਧਿਯਾਨ । **ਚਿਤਵਉ**--ਚਿਤਵਨ ਕਰੋ, ਧਯਾਨ ਕਰੋ । **ਚਿਤਵਹਿ**--ਚਿੰਤਨ ਕਰਦਾ ਹੈ, ਸੋਚਦਾ ਹੈ, ਖਿਆਲ ਕਰਦਾ ਹੈਦ

**ਚਿਤਵਤ**--ਚਿੰਤਨ ਕਰਦੇ ਹਨ । **ਚਿਤਵਨ ਜਾਂ ਚਿਤਵਨੀ**--ਵਿਚਾਰ, ਸੋਚ:--

੪- **ਹਮਰੀ ਚਿਤਵਨੀ ਹਰਿ ਪ੍ਰਭੁ ਜਾਨੈ ॥ ਅਉਰੁ ਕੋਈ ਨਿੰਦ ਕਰੈ**
**ਹਰਿ ਜਨ ਕੀ, ਪ੍ਰਭ ਤਾ ਕਾ ਕਹਿਆ ਇਕੁ ਤਿਲੁ ਨਹੀਂ ਮਾਨੈ ॥ ੧ ॥ ਰਹਾਉ ॥ [੧੩੨੦]-੫**

**ਅਰਥ**:--ਸਾਡੀ (ਜੀਵਾਂ ਦੀ ਹਰੇਕ) ਭਾਵਨੀ ਨੂੰ ਪਰਮਾਤਮਾ ਆਪ ਜਾਣਦਾ ਹੈ । ਜੇ ਕੋਈ ਹੋਰ (ਨਿੰਦਕ ਮਨੁੱਖ) ਪਰਮਾਤਮਾ ਦੇ ਭਗਤ ਦੀ ਨਿੰਦਾ ਕਰਦਾ ਹੋਵੇ ਪਰਮਾਤਮਾ ਉਸ ਦਾ ਆਖਿਆ ਰਤਾ ਭਰ ਵੀ ਨਹੀਂ ਮੰਨਦਾ (ਭਾਵ, ਨੇਕੀ ਦੇ ਰਸਤੇ ਤੁਰੇ ਜਾਂਦੇ ਮਨੁੱਖ ਨੂੰ ਨਿੰਦਕਾਂ ਦੇ ਕਹੇ ਦੀ ਪਰਵਾਹ ਨਹੀਂ ਕਰਨੀ ਚਾਹੀਦੀ)।੧। ਰਹਾਉ।

**ਚਿਤਿ**=ਚਿੰਤਣ, ਚਿਤ੍ਰ ਦੀ ਕਿਰਯਾ, (ਚਿਤ੍ਰਣਾ, ਲਿਖਣਾ) ੨- ਚਿਤ ਵਿਚ (ਮਹਾਨ ਕੋਸ਼ ੪੬੭}

੫- **ਹਉ ਗੁਰ ਮਿਲਿ ਇਕੁ ਪਛਾਣਦਾ ॥ ਦੁਯਾ ਕਾਗਲੁ ਚਿਤਿ ਨ ਜਾਣਦਾ ॥ [ਦੁਯਾ ਕਾਗਲ=ਦੂਜਾ ਕਾਗ਼ਜ਼,ਪ੍ਰਭੂ ਦੇ ਨਾਮ ਤੋਂ ਬਿਨਾ ਕੁਝ ਹੋਰ ਲੇਖ]**
**ਹਰਿ ਇਕਤੈ ਕਾਰੈ ਲਾਇਓਨੁ ਜਿਉ ਭਾਵੈ ਤਿੰਵੈ ਨਿਬਾਹਿ ਜੀਉ ॥ ੩ ॥**[੭੩]-੨-੨੯

**ਅਰਥ**:--(ਹੇ ਪ੍ਰਭੂ !) ਮੈ ਸਤਿਗੁਰੂ (ਗੁਰੂ ਗ੍ਰੰਥ ਸਾਹਿਬ ਜੀ) ਨਾਲ ਮਿਲ ਕੇਵਲ ਤੇਰੇ ਨਾਲ ਹੀ ਸਾਂਝ ਪਾਈ ਹੈ, ਮੈਂ ਤੇਰੇ ਨਾਮ ਤੋਂ ਬਿਨਾ ਕੋਈ ਹੋਰ ਲੇਖਾ ਲਿਖਣਾ ਨਹੀਂ ਜਾਣਦਾ । ਹੇ ਹਰੀ ! ਤੂੰ ਮੈਨੂੰ (ਆਪਣਾ ਨਾਮ ਸਿਮਰਨ ਦੀ ਹੀ) ਇਕੋ ਕਾਰ ਵਿਚ ਜੋੜ ਲਿਆ ਹੈ । ਹੁਣ ਜਿਵੇਂ ਤੇਰੀ ਰਜ਼ਾ ਹੋਵੇ, ਇਸ ਕਾਰ ਨੂੰ ਸਿਰੇ ਚਾੜ੍ਹ । ੩ ।

**ਗੁਰਬਾਣੀ ਵਿਚਾਰ ।** [ਚਿਤੁ-- ਨਾਵ, (ਇਕ ਵਚਨ) ]:---

੬- **ਚਿਤੁ ਚਲੈ, ਵਿਤੁ ਜਾਵਣੋ, ਸਾਕਤ ਡੋਲਿ ਡੋਲਾਇ ॥ ਬਾਹਰਿ ਢੂੰਢਿ ਵਿਗੁਚੀਐ**
**ਘਰ ਮਹਿ ਵਸਤੁ ਸੁਥਾਇ ॥ ਮਨਮੁਖਿ ਹਉਮੈ ਕਰਿ ਮੁਸੀ ਗੁਰਮੁਖਿ ਪਲੈ ਪਾਇ ॥ ੪ ॥**[੬੨]-੧੫

**ਪਦ ਅਰਥ**:--ਚਲੈ--ਡੋਲਦਾ ਹੈ । ਵਿਤੁ--ਧਨ । ਡੋਲਾਇ--ਮੁੜ ਮੁੜ ਡੋਲਦਾ ਹੈ । ਵਿਗੁਚੀਐ--ਖ਼ੁਆਰ ਹੋਈਦਾ ਹੈ । ਵਸਤੁ--ਨਾਮ-ਧਨ । ਸੁਥਾਇ--ਥਾਂ ਸਿਰ । ਮੁਸੀ--ਮੁੱਸੀ, ਠੱਗੀ ਜਾਂਦੀ ਹੈ, ਲੁੱਟੀ ਜਾਂਦੀ ਹੈ । ਪਲੈ ਪਾਇ--(ਵਸਤ ਨੂੰ) ਹਾਸਲ ਕਰ ਲੈਂਦੀ ਹੈ । ੪ ।

੭- **ਸਾਦ ਰਹੇ ਬਾਦੰ ਅਹੰਕਾਰਾ ॥ ਚਿਤੁ ਹਰਿ ਸਿਉ ਰਾਤਾ ਹੁਕਮਿ ਅਪਾਰਾ ॥**
**ਜਾਤਿ ਰਹੇ ਪਤਿ ਕੇ ਆਚਾਰਾ ॥ ਦ੍ਰਿਸਟਿ ਭਈ ਸੁਖੁ ਆਤਮ ਧਾਰਾ ॥ ੪ ॥**[੨੨੧]-੧

**ਅਰਥ**:--(ਸਿਮਰਨ ਦੀ ਬਰਕਤਿ ਕਰਕੇ ਮੇਰੇ ਅੰਦਰੋਂ ਮਾਇਕ ਪਦਾਰਥਾਂ ਦੇ) ਚਸਕੇ ਦੂਰ ਹੋ ਗਏ ਹਨ, (ਮਨ ਵਿਚ ਹੋ ਰਿਹਾ ਮਾਇਆ ਵਾਲਾ) ਝਗੜਾ ਮਿਟ ਗਿਆ ਹੈ, ਹੰਕਾਰ ਰਹਿ ਗਿਆ ਹੈ । ਮੇਰਾ ਚਿੱਤ ਹੁਣ ਪਰਮਾਤਮਾ (ਦੇ ਨਾਮ) ਨਾਲ ਰੰਗਿਆ ਗਿਆ ਹੈ, ਮੈਂ ਹੁਣ ਉਸ ਬੇਅੰਤ ਪ੍ਰਭੂ ਦੀ ਰਜ਼ਾ ਵਿਚ ਟਿਕ ਗਿਆ ਹਾਂ । ਜਾਤਿ-ਵਰਨ ਅਤੇ ਲੋਕ ਲਾਜ ਦੀ ਖ਼ਾਤਰ ਕੀਤੇ ਜਾਣ ਵਾਲੇ ਧਰਮ-ਕਰਮ ਬੱਸ ਹੋ ਗਏ । (ਮੇਰੇ ਉਤੇ ਪ੍ਰਭੂ ਦੀ) ਮਿਹਰ ਹੋਈ ਹੈ, ਮੈਨੂੰ ਆਤਮਕ ਸੁਖ ਮਿਲ ਗਿਆ ਹੈ । ੪ ।

ਜੇ ਚਿਤ ਇਕਾਗਰ ਨਹੀਂ, ਜੇ ਮਨੁੱਖ ਦਾ ਚਿਤ ਪ੍ਰਭੂ ਚਰਨਾ ਵਿਚ ਨਹੀਂ ਜੁੜਿਆ, ਤਾਂ ਭਾਵੇਂ ਕਿਸੇ ਵੀ ਵਿਧੀ ਨਾਲ ਪ੍ਰਭੂ-ਨਾਮ ਦਾ ਜਾਪ ਕੀਤਾ ਜਾਵੇ ਨਿਸਫਲ ਹੈ । ਸੁਖਮਨੀ ਸਾਹਿਬ ਦੀ ੨੪ਵੀਂ ਅਸਟਪਦੀ, ਵਿਚ ਸਤਿਗੁਰਾਂ ਦਾ ਫ਼ੁਰਮਾਨ ਹੈ--**ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ ॥** [੨੯੫] ਪ੍ਰਭੂ ਚਰਨਾ ਵਿਚ ਚਿਤ ਜੋੜਨ ਦੀ ਮਹੱਤਤਾ ਸਮਝਾਉਣ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅੰਤ ਫ਼ੁਰਮਾਨਾਂ ਵਿਚੋਂ ਕੁਝ ਇਸ ਪ੍ਰਕਾਰ ਹਨ:--

੮- **ਠਠੈ ਠਾਢਿ ਵਰਤੀ ਤਿਨ ਅੰਤਰਿ, ਹਰਿ ਚਰਣੀ ਜਿਨ ਕਾ ਚਿਤੁ ਲਾਗਾ ॥**
**ਚਿਤੁ ਲਾਗਾ ਸੇਈ ਜਨ ਨਿਸਤਰੇ, ਤਉ ਪਰਸਾਦੀ ਸੁਖੁ ਪਾਇਆ ॥ ੧੫ ॥**[੪੩੩]-ਪੱਟੀ

੯- **ਬਿਖੁ ਮਾਇਆ ਚਿਤੁ ਮੋਹਿਆ ਭਾਈ ਚਤੁਰਾਈ ਪਤਿ ਖੋਇ ॥**
**ਚਿਤ ਮਹਿ ਠਾਕੁਰੁ ਸਚਿ ਵਸੈ ਭਾਈ ਜੇ ਗੁਰ ਗਿਆਨੁ ਸਮੋਇ ॥ ੨ ॥**[੬੩੭]-੪

੧੦- **ਨਾਮਾ ਕਹੈ ਤਿਲੋਚਨਾ, ਮੁਖ ਤੇ ਰਾਮੁ ਸੰਮ੍ਾਲਿ ॥ ਹਾਥ ਪਾਉ ਕਰਿ ਕਾਮੁ ਸਭੁ,ਚੀਤ ਨਿਰੰਜਨ ਨਾਲਿ ॥ ੨੧੩ ॥**[੧੩੭੫/੭੬]
ਕੀ ਜੁੜਿਆ ਹੋਇਆ " **ਮਨ** " ਹੀ " **ਚਿਤ** " ਹੈ ?:--

੧੧- **ਘਟਿ ਘਟਿ ਰਮਈਆ ਮਨਿ ਵਸੈ ਕਿਉ ਪਾਈਐ ਕਿਤੁ ਭਤ ॥ ਗੁਰੁ ਪੂਰਾ ਸਤਿਗੁਰੁ ਭੇਟੀਐ ਹਰਿ ਆਇ ਵਸੈ ਮਨਿ ਚਿਤਿ ॥ ਮੈ ਧਰ ਨਾਮੁ ਅਧਾਰੁ ਹੈ ਹਰਿਨਾਮੈ ਤੇ ਗਤਿ ਮਤਿ ॥ ਮੈ ਹਰਿ ਹਰਿ ਨਾਮੁ ਵਿਸਾਹੁ ਹੈ ਹਰਿ ਨਾਮੇ ਹੀ ਜਤਿ ਪਤਿ ॥ ਜਨ ਨਾਨਕ ਨਾਮੁ ਧਿਆਇਆ ਰੰਗਿ ਰਤੜਾ ਹਰਿ ਰੰਗਿ ਰਤਿ ॥ ੫ ॥**[੮੨]-ਵਣਜਾਰਾ

**ਅਰਥ:**--ਹਰੇਕ ਘਟ ਵਿਚ, ਹਰੇਕ ਮਨ ਵਿਚ ਸੋਹਣਾ ਰਾਮ ਵੱਸਦਾ ਹੈ (ਪਰ ਦਿੱਸਦਾ ਨਹੀਂ । ਉਹ) ਕਿਵੇਂ ਲੱਭੇ ? ਕਿਸ ਤਰੀਕੇ ਨਾਲ ਮਿਲੇ ?--ਜੇ ਪੂਰਾ ਸਤਿਗੁਰੂ ਮਿਲ ਪਏ, ਤਾਂ ਪਰਮਾਤਮਾ ਆਪ ਆ ਕੇ ਮਨ ਵਿਚ ਚਿੱਤ ਵਿਚ ਵੱਸ ਪੈਂਦਾ ਹੈ । ਮੇਰੇ ਵਾਸਤੇ ਤਾਂ ਪਰਮਾਤਮਾ ਦਾ ਨਾਮ ਹੀ ਆਸਰਾ-ਪਰਨਾ ਹੈ, ਪਰਮਾਤਮਾ ਦੇ ਨਾਮ ਤੋਂ ਹੀ ਉੱਚੀ ਆਤਮਕ ਅਵਸਥਾ ਤੇ ਅਕਲ ਮਿਲਦੀ ਹੈ । ਤੇ ਅਕਲ ਮਿਲਦੀ ਹੈ। ਮੇਰੇ ਪਾਸ ਤਾਂ ਪਰਮਾਤਮਾ ਦਾ ਨਾਮ ਹੀ ਰਾਸ ਪੂੰਜੀ ਹੈ, ਪਰਮਾਤਮਾ ਦੀ ਯਾਦ ਵਿਚ ਜੁੜੇ ਰਹਿਣਾ ਹੀ (ਮੇਰੇ ਵਾਸਤੇ) ਉੱਚੀ ਜ਼ਾਤਿ ਹੈ, ਤੇ (ਲੋਕ ਪਰਲੋਕ ਦੀ) ਇੱਜ਼ਤ ਹੈ। ਹੇ ਦਾਸ ਨਾਨਕ ! ਜਿਸ ਮਨੁੱਖ ਨੇ ਪ੍ਰਭੂ ਦਾ ਨਾਮ ਸਿਮਰਿਆ ਹੈ, ਉਹ ਪਰਮਾਤਮਾ ਦੇ ਨਾਮ ਵਿਚ ਰੰਗਿਆ ਰਹਿੰਦਾ ਹੈ, ਪਰਮਾਤਮਾ ਦੇ ਨਾਮ-ਰੰਗ ਵਿਚ ਉਸ ਦੀ ਪ੍ਰੀਤਿ ਬਣੀ ਰਹਿੰਦੀ ਹੈ। ੫।

ਚਿਤ ਨਾਲ ਚੇਤੇ ਦਾ ਸੰਬੰਧ ਬਣਦਾ ਹੈ। ਉਂਜ ਪਰਮਾਤਮਾ ਵੱਸਦਾ ਹਰੇਕ ਹਿਰਦੇ ਵਿਚ ਹੈ। ਪਰ ਚੇਤੇ ਵਿਚ ਰਹਿਣਾ ਹੋਰ ਗੱਲ ਹੈ। ਪਰ ਜਦੋਂ ਚੰਚਲਤਾਈ ਦਾ ਜ਼ਿਕਰ ਆਵੇ ਤਾਂ ਚੇਤਾ ਹੀ ਮਨ ਹੋ ਨਿੱਬੜਸਾ ਹੈ:--

੧੨- **ਰੇ ਮਨ ਮੁਗਧ ਅਚੇਤ ਚੰਚਲ ਚਿਤ ਤੁਮ ਐਸੀ ਰਿਦੈ ਨ ਆਈ ॥**
**ਪ੍ਰਾਨਪਤਿ ਤਿਆਗਿ ਆਨ ਤੂ ਰਚਿਆ ਉਰਝਿਓ ਸੰਗਿ ਬੈਰਾਈ ॥ ੨ ॥**[੬੦੯]-੩

**ਅਰਥ:**-ਹੇ ਮੂਰਖ ਗ਼ਾਫਲ ਮਨ ! ਹੇ ਚੰਚਲ ਮਨ ਤ ! ਤੈਨੂੰ ਕਦੇ ਇਹ ਨਹੀਂ ਸੁਝੀ ਕਿ ਤੂੰ ਜਿੰਦ ਦੇ ਮਾਲਕ ਪ੍ਰਭੂ ਨੂੰ ਭੁਲਾ ਕੇ ਹੋਰਨਾਂ (ਦੇ ਮੋਹ) ਵਿਚ ਮਸਤ ਰਹਿੰਦਾ ਹੈਂ, (ਤੇ ਕਾਮਾਦਿਕ) ਵੈਰੀਆਂ ਨਾਲ ਜੋੜ ਜੋੜੀ ਰੱਖਦਾ ਹੈਂ । ੨ ।

ਉਪ੍ਰੋਕਤ ਅਰਥਾਂ ਵਿਚ ਅਸਾਂ ਵੇਖਿਆ ਹੈ ਕਿ ਪ੍ਰਿੰ: ਸਾਹਿਬ ਸਿੰਘ ਜੀ ਨੇ ਚਿਤ ਦੇ ਅਰਥ ਵੀ ਮਨ ਹੀ ਲਿਖੇ ਹਨ । ਇਸ ਤਰ੍ਹਾਂ ਮਨ ਅਤੇ ਚਿਤ ਨੂੰ ਇੱਕ ਅਰਥ ਵਿਚ ਸੰਬੋਧਨ ਕਰਨ ਤੋਂ ਸਪੱਸ਼ਟ ਹੋ ਰਿਹਾ ਹੈ ਕਿ ਕਈ ਵਾਰੀ ' ਮਨ ' ਅਤੇ ' ਚਿਤ ' ਦੋਵੇਂ ਇੱਕੋ ਹੋ ਰਹੇ ਹੁੰਦੇ ਹਨ :--

੧੩- **ਇਕਨਾ ਮਰਣੁ ਨ ਚਿਤਿ ਆਸ ਘਣੇਰਿਆ ॥ ਮਰਿ ਮਰਿ ਜੰਮਹਿ ਨਿਤ, ਕਿਸੈ ਨ ਕੇਰਿਆ ॥**
**ਆਪਨੜੈ ਮਨਿ ਚਿਤਿ ਕਹਨਿ ਚੰਗੇਰਿਆ ॥ ਜਮਰਾਜੈ ਨਿਤ ਨਿਤ ਮਨਮੁਖ ਹੇਰਿਆ ॥..... ੧੧ ॥** [੧੪੩]-ਵਾਰ

**ਅਰਥ:**--ਕਈ ਬੰਦੇ (ਦੁਨੀਆ ਦੀਆਂ) ਬੜੀਆਂ ਆਸਾਂ (ਮਨ ਵਿਚ ਬਣਾਈ ਰੱਖਦੇ ਹਨ, ਮੌਤ ਦਾ ਖ਼ਿਆਲ ਉਨ੍ਹਾਂ ਦੇ) ਚਿੱਤ ਚੇਤੇ ਨਹੀਂ ਆਉਂਦਾ, ਉਹ ਨਿਤ ਜੰਮਦੇ ਮਰਦੇ ਹਨ, ( ਭਾਵ, ਸਹਿਸਿਆਂ ਵਿਚ ਦੁਖੀ ਹੁੰਦੇ ਹਨ, ਕਦੇ ਘੜੀ ਸੁਖਾਲੇ ਤੇ ਫਿਰ ਦੁਖੀ ਦੇ ਦੁਖੀ)।

ਚੇਤੇ ਵਿਚ ਆਉਣ ਦੀ ਸੋਭਾ:--

੧੪- **ਚੀਤਿ ਆਵੈ ਤਾਂ ਮਹਾ ਅਨੰਦ ॥ ਚੀਤਿ ਆਵੈ ਤਾਂ ਸਭਿ ਦੁਖ ਭੰਜ ॥ ਚੀਤਿ ਆਵੈ ਤਾਂ ਸਰਧਾ ਪੂਰੀ ॥ ਚੀਤਿ ਆਵੈ ਤਾਂ ਕਬਹਿ ਨ ਝੂਰੀ ॥ ੧ ॥ ਅੰਤਰਿ ਰਾਮਰਾਇ ਪ੍ਰਗਟੇ ਆਇ ॥ ਗੁਰਿ ਪੂਰੈ ਦੀਓ ਰੰਗੁ ਲਾਇ ॥ ੧ ॥ ਰਹਾਉ ॥ ਚੀਤਿ ਆਵੈ ਤਾਂ ਸਰਬ ਕੋ ਰਾਜਾ ॥ ਚੀਤਿ ਆਵੈ ਤਾਂ ਪੂਰੇ ਕਾਜਾ ॥ ਚੀਤਿ ਆਵੈ ਤਾਂ ਰੰਗਿ ਗੁਲਾਲ ॥ ਚੀਤਿ ਆਵੈ ਤਾਂ ਸਦਾ ਨਿਹਾਲ ॥ ੨ ॥ ਚੀਤਿ ਆਵੈ ਤਾਂ ਸਦ ਧਨਵੰਤਾ ॥ ਚੀਤਿ ਆਵੈ ਤਾਂ ਸਦ ਨਿਭਰੰਤਾ ॥ ਚੀਤਿ ਆਵੈ ਤਾਂ ਸਭਿ ਰੰਗ ਮਾਣੇ ॥ ਚੀਤਿ ਆਵੈ ਤਾਂ ਚੂਕੀ ਕਾਣੇ ॥ ੩ ॥ ਚੀਤਿ ਆਵੈ ਤਾਂ ਸਹਜ ਘਰੁ ਪਾਇਆ ॥ ਚੀਤਿ ਆਵੈ ਤਾਂ ਸੁੰਨਿ ਸਮਾਇਆ ॥ ਚੀਤਿ ਆਵੈ ਸਦ ਕੀਰਤਨੁ ਕਰਤਾ ॥ ਮਨਿ ਮਾਨਿਆ ਨਾਨਕ ਭਗਵੰਤਾ ॥ ੪ ॥** [੧੧੪੧]-੮-੨੧

੧੫- **ਕੀਰਤਿ ਕਰਨ ਸਰਨ ਮਨਮੋਹਨ ਜੋਹਨ ਪਾਪ ਬਿਦਾਰਨ ਕਉ ॥ ਹਰਿ ਤਾਰਨ ਤਰਨ ਸਮਰਥ ਸਭੈ ਬਿਧਿ ਕੁਲਹ ਸਮੂਹ ਉਧਾਰਨ ਸਉ ॥ ਚਿਤ ਚੇਤਿ ਅਚੇਤ ਜਾਨਿ ਸਤਸੰਗਤਿ ਭਰਮ ਅੰਧੇਰ ਮੋਹਿਓ ਕਤ ਧੰਉ ॥ ਮੂਰਤ ਘਰੀ ਚਸਾ ਪਲੁ ਸਿਮਰਨ ਰਾਮ ਨਾਮੁ ਰਸਨਾ ਸੰਗਿ ਲਉ ॥ ਹੋਛਉ ਕਾਜੁ ਅਲਪ ਸੁਖ ਬੰਧਨ ਕੋਟਿ ਜਨੰਮ ਕਹਾ ਦੁਖ ਭੰਉ॥ ਸਿਖ੍ਯਾ ਸੰਤ ਨਾਮੁ ਭਜੁ ਨਾਨਕ ਰਾਮ ਰੰਗਿ ਆਤਮ ਸਿਉ ਰੰਉ ॥ ੨ ॥**[੧੩੮੭]-੧੧-੨੦

**ਅਰਥ:**--ਮਨ ਨੂੰ ਮੋਹ ਲੈਣ ਵਾਲੇ ਹਰੀ ਦੀ ਸਿਫ਼ਤਿ-ਸਾਲਾਹ ਕਰਨੀ ਤੇ ਉਸ ਦੀ ਸਰਨੀ ਪੈਣਾ--(ਜੀਵਾਂ ਦੇ) ਪਾਪਾਂ ਦੇ ਨਾਸ ਕਰਨ ਲਈ ਇਹ ਸਮਰੱਥ ਹਨ (ਭਾਵ, ਹਰੀ ਦੀ ਸਰਨ ਪੈ ਕੇ ਉਸ ਦਾ ਜਸ ਕਰੀਏ ਤਾਂ ਪਾਪ ਦੂਰ ਹੋ ਜਾਂਦੇ ਹਨ)। ਹਰੀ (ਜੀਆਂ ਨੂੰ ਸੰਸਾਰ-ਸਾਗਰ ਤੋਂ) ਤਾਰਨ ਲਈ ਜਹਾਜ਼ ਹੈ ਅਤੇ (ਭਗਤ ਜਨਾਂ ਦੀਆਂ) ਅਨੇਕਾਂ ਕੁਲਾਂ ਨੂੰ ਪਾਰ ਉਤਰਨ ਲਈ ਪੂਰਨ ਤੌਰ ਤੇ ਸਮਰੱਥ ਹੈ । ਹੇ ਮੇਰੇ ਗ਼ਾਫਲ ਮਨ ! (ਰਾਮ ਨੂੰ) ਸਿਮਰ, ਸਾਧ ਸੰਗਤ ਨਾਲ ਸਾਂਝ ਪਾ, ਭਰਮ-ਰੂਪ ਹਨੇਰ ਦਾ ਮੁਠਿਆ ਹੋਇਆ ਤੂੰ ਕਿੱਧਰ ਭਟਕਦਾ ਫਿਰ ਰਿਹਾ ਹੈਂ ? ਘੜੀ ਮਹੂਰਤ ਚੱਸਾ ਮਾਤ੍ਰ ਜਾਂ ਪਲ ਭਰ ਹੀ ਰਾਮ ਦਾ ਸਿਮਰਨ ਕਰ, ਇਹ ਦੁਨੀਆ ਦਾ ਧੰਧਾ ਸਦਾ ਨਾਲ ਨਿਭਣ ਵਾਲਾ ਨਹੀਂ ਹੈ, (ਮਾਇਆ ਦੇ ਇਹ) ਥੋਹੜੇ ਜਿਹੇ ਸੁਖ (ਜੀਵਾਂ ਨੂੰ) ਫ਼ਸਾਉਂਣ ਦਾ ਕਾਰਨ ਹਨ, (ਇਨ੍ਹਾਂ ਦੀ ਖ਼ਾਤਰ) ਏਥੇ ਕ੍ਰੋੜਾਂ ਜਨਮਾਂ ਤਾਈਂ ਤੂੰ ਦੁੱਖਾਂ ਵਿਚ ਭਟਕਦਾ ਫਿਰੇਂਗਾ । ਤਾਂ ਤੇ ਹੇ ਨਾਨਕ ! ਸੰਤਾਂ ਦਾ ਉਪਦੇਸ਼ ਲੈ ਕੇ ਨਾਮ ਸਿਮਰ, ਤੇ ਰਾਮ ਦੇ ਰੰਗ ਵਿਚ ਮਗਨ ਹੋ ਕੇ ਆਪਣੇ ਅੰਦਰ ਹੀ ਅਨੰਦ ਲੈ । ੨ ।

੧੬- **ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥ ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥**

**ਸਭੋ ਭਜੇ ਆਸਰਾ ਚੁਕੈ ਸਭੁ ਅਸਰਾਉ ॥ ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥ ੧ ॥...ਕਾਇਆ ਰੋਗੁ ਨ ਛਿਦ੍ਰੁ ਕਿਛੁ, ਨਾ ਕਿਛੁ ਕਾੜਾ ਸੋਗੁ ॥ ਮਿਰਤੁ ਨ ਆਵੀ ਚਿਤਿ ਤਿਸੁ ਅਹਿਨਿਸਿ ਭੋਗੈ ਭੋਗੁ ॥ ਸਭ ਕਿਛੁ ਕੀਤੋਨੁ ਆਪਣਾ ਜੀਇ ਨ ਸੰਕ ਧਰਿਆ ॥ ਚਿਤਿ ਨ ਆਇਓ ਪਾਰਬ੍ਰਹਮੁ ਜਮ ਕੰਕਰ ਵਸਿ ਪਰਿਆ ॥੮॥**[੭੧]-੧-੨੬

**ਚਿੰਤਨ**

੧੭- **ਸੁਭ ਚਿੰਤਨ ਗੋਬਿੰਦ ਰਮਣ ਨਿਰਮਲ ਸਾਧੂ ਸੰਗ ॥**
**ਨਾਨਕ ਨਾਮੁ ਨ ਵਿਸਰਉ ਇਕ ਘੜੀ, ਕਰਿ ਕਿਰਪਾ ਭਗਵੰਤ ॥ ੧ ॥**[੪੫੯]-੧-੧੦

**ਅਰਥ:**--(ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਪ੍ਰਭੂ ਅਗੇ ਅਰਦਾਸ ਕਰਨੀ ਚਾਹੀਦੀ ਹੈ, ਕਿ) ਹੇ ਭਗਵਾਨ ! ਮੇਰੇ ਉਤੇ ਮਿਹਰ ਕਰ ਮੈਂ ਇਕ ਘੜੀ ਵਾਸਤੇ ਵੀ ਤੇਰਾ ਨਾਮ ਨਾ ਭੁੱਲਾਂ, ਮੈਂ ਸਦਾ ਸੁਭ ਚਿੰਤਨ (ਭਲੀਆਂ ਸੋਚਾਂ) ਸੋਚਦਾ ਰਹਾਂ, ਮੈਂ ਗੋਬਿੰਦ ਦਾ ਨਾਮ ਜਪਦਾ ਰਹਾਂ, ਮੈਂ ਆਪਣੇ ਗੁਰੂ ਦੀ ਪਵਿਤ੍ਰ ਸੰਗਤਿ ਕਰਦਾ ਰਹਾਂ । ੧ ।

ਸਰਬੱਤ ਦੇ ਭਲੇ ਦੀ ਮੰਗ ਕਰਨ ਵਾਲੀ ਨੇਕ ਚਿਤਵਨੀ ਵਾਲਾ ਮਨੁੱਖ ਨੂੰ ਬਨਾਉਣ ਦੀਆਂ ਸੱਧਰਾਂ ਵਾਲੇ ਸਤਿਗੁਰਾਂ ਨੇ, ਏਸੇ ਸਿਖਿਆ ਨੂੰ ਦ੍ਰਿੜ ਕਰਾਉਣ ਲਈ ਇੰਨ-ਬਿੰਨ ਏਹੀ ਸਲੋਕ ਦੋ ਵਾਰ ਲਿਖਿਆ ਹੈ । ਕੇਵਲ ਨੰਬਰ ੨ ਹੈ, ਬਾਕੀ ਲਗ-ਮਾਤ੍ਰ ਤਕ ਏਹੀ ਪਾਵਨ ਸਲੋਕ, ਗੂਜਰੀ ਕੀ ਵਾਰ ਮਹਲਾ ੫ ਵਿਚ ਦੋਬਾਰਾ ਆਇਆ ਹੈ :--

੧੮- **ਸੁਭ ਚਿੰਤਨ ਗੋਬਿੰਦ ਰਮਣ ਨਿਰਮਲ ਸਾਧੂ ਸੰਗ ॥**
**ਨਾਨਕ ਨਾਮੁ ਨ ਵਿਸਰਉ ਇਕ ਘੜੀ, ਕਰਿ ਕਿਰਪਾ ਭਗਵੰਤ ॥ ੨ ॥**[੫੨੨]-ਵਾਰ-੧੭

ਆਪਾ-ਭਾਵ ਮਿਟਾ ਕੇ, ਸਰਬੱਤ ਦਾ ਭਲਾ ਸੋਚਣ ਵਾਲਾ ਮਨੁੱਖ ਪ੍ਰਭੂ ਦਾ ਸੱਚਾ ਭਗਤ ਹੈ । ਅਜੇਹੇ ਦਾਸ ਦੀ ਪਤਿ ਦਾ ਰਾਖਾ ਬਣ ਕੇ, ਨੇਕੀ ਅਤੇ ਪਰ-ਸੁਆਰਥ ਵਾਲੇ ਉਸ ਦੇ ਕਾਰਜ, ਪ੍ਰਭੂ ਆਪ ਸੁਆਰਦਾ ਹੈ:--

੧੯- **ਸੁਭ ਚਿਤਵਨਿ ਦਾਸ ਤੁਮਾਰੇ ॥ ਰਾਖਹਿ ਪੈਜ ਦਾਸ ਅਪਨੇ ਕੀ ਕਾਰਜ ਆਪਿ ਸਵਾਰੇ ॥ ਰਹਾਉ ॥**[੬੨੭]-੧੦-੭੪

ਸਰਬੱਤ ਦੇ ਭਲੇ ਦੀ ਮੰਗ ਕਰਨ ਵਾਲੇ, ਨਿਰ-ਹੰਕਾਰ " ਦਾਸ " ਦੇ ਸੋਚੇ ਸਾਰੇ ਕੰਮ ਪ੍ਰਭੂ ਆਪਿ ਸਿਰੇ ਚੜ੍ਹਾਉਂਦਾ ਹੈ--

**੨੦-** **ਜੋ ਜੋ ਚਿਤਵੈ ਦਾਸੁ ਹਰਿ ਮਾਈ ॥ ਸੋ ਸੋ ਕਰਤਾ ਆਪਿ ਕਰਾਈ ॥ ੧ ॥** [੨੦੨]-੧੧੪

**ਚਿੰਤ** ਦਾ ਅਰਥ ਵਿਚਾਰ ਕਰਨਾ ਇਛਿਆ ਕਰਨਾ ਵੀ ਹੈ। ਚਿੰਤ ਤੋਂ ਹੀ **ਚਿੰਤਤ** ਲਫ਼ਜ਼ ਬਣਿਆਂ ਹੈ:--

੨੧- **ਗੁਰ ਕੇ ਚਰਨ ਹਿਰਦੇ ਵਸਾਏ ॥ ਮਨ ਚਿੰਤਤ ਸਗਲੇ ਫਲ ਪਾਏ ॥**
**ਅਗਨਿ ਬੁਝੀ ਸਭ ਹੋਈ ਸਾਂਤਿ ॥ ਕਰਿ ਕਿਰਪਾ ਗੁਰਿ ਕੀਨੀ ਦਾਤਿ ॥ ੨ ॥**[੩੯੫]-੬-੧੦੦

੨

## " ਚਿਤ " ਅਤੇ " ਮਨ " ਗੁਰਬਾਣੀ ਦੀ ਪਰਖ ਵਿਚ

**(ੳ)** **ਮਨ ਦੀ ਚੰਚਲਤਾ** ਬਾਰੇ ਗੁਰੁਸ਼ਬਦ ਅਸੀਂ ਪਿਛੇ ਵਿਚਾਰ ਚੁੱਕੇ ਹਾਂ । ਸਤਿਗੁਰਾਂ ਨੇ ਚਿਤ ਨੂੰ ਵੀ ਚੰਚਲ ਫ਼ੁਰਮਾਨ ਕੀਤਾ ਹੈ:--

੨੨- **ਚੰਚਲੁ ਚੀਤੁ ਨ ਰਹਈ ਠਾਇ ॥ ਚੋਰੀ ਮਿਰਗੁ ਅੰਗੂਰੀ ਖਾਇ ॥ ਚਰਨ ਕਮਲ ਉਰਧਾਰੇ ਚੀਤ ॥**
**ਚਿਰੁ ਜੀਵਨੁ ਚੇਤਨੁ ਨਿਤ ਨੀਤ ॥ ਚਿੰਤਤ ਹੀ ਦੀਸੈ ਸਭੁ ਕੋਇ ॥ ਚੇਤਹਿ ਏਕੁ ਤਹੀ ਸੁਖੁ ਹੋਇ ॥**
**ਚਿਤਿ ਵਸੈ ਰਾਚੈ ਹਰਿ ਨਾਇ ॥ ਮੁਕਤਿ ਭਇਆ ਪਤਿ ਸਿਉ ਘਰਿ ਜਾਇ ॥ ੨੩ ॥**[੯੩੨]ੴ

**ਅਰਥ:**--ਚੰਚਲ ਮਨ ਟਿਕ ਕੇ ਨਹੀਂ ਬੈਠਦਾ ਇਹ (ਮਨ-) ਹਰਣ ਲੁਕ ਲੁਕ ਕੇ ਨਵੇਂ ਨਵੇਂ ਭੋਗ ਭੋਗਦਾ ਹੈ । ਜੋ ਮਨੁੱਖ (ਪ੍ਰਭੂ ਦੇ) ਕਉਲ ਫੁਲਾਂ (ਵਰਗੇ ਸੋਹਣੇ) ਚਰਨ ਆਪਣੇ ਚਿੱਤ ਵਿਚ ਵਸਾਉਂਦਾ ਹੈ ਉਹ ਸਦਾ ਲਈ ਅਮਰ ਤੇ ਸੁਚੇਤ ਹੋ ਜਾਂਦਾ ਹੈ, (ਭਾਵ, ਨਾ ਉਹ ਵਿਕਾਰਾਂ ਦੀ ਫਾਹੀ ਵਿਚ ਫਸਦਾ ਹੈ ਨਾ ਹੀ ਜਨਮ ਮਰਨ ਦੇ ਗੇੜ ਵਿਚ ਪੈਂਦਾ ਹੈ) । (ਜਿਧਰ ਵੇਖੋ ਚੰਚਲਤਾ ਦੇ ਕਾਰਨ) ਹਰੇਕ ਜੀਵ ਚਿੰਤਾਤੁਰ ਦਿੱਸਦਾ ਹੈ (ਪਰ ਜੋ ਮਨੁੱਖ) ਇਕ ਪਰਮਾਤਮਾ ਨੂੰ ਸਿਮਰਦੇ ਹਨ, ਉਨ੍ਹਾਂ ਦੇ ਹਿਰਦੇ ਵਿਚ ਸੁਖ ਹੁੰਦਾ ਹੈ । (ਜਿਸ ਜੀਵ ਦੇ) ਚਿੱਤ ਵਿਚ ਪ੍ਰਭੂ ਆ ਵੱਸਦਾ ਹੈ ਜੋ ਮਨੁੱਖ ਪ੍ਰਭੂ ਦੇ ਨਾਮ ਵਿਚ ਲੀਨ ਹੁੰਦਾ ਹੈ ਉਹ ਮਾਇਕ ਭੋਗਾਂ ਤੋਂ) ਖ਼ਲਾਸੀ ਪਾ ਲੈਂਦਾ ਹੈ (ਤੇ ਇਥੋਂ) ਇੱਜ਼ਤ ਨਾਲ (ਆਪਣੇ ਅਸਲੀ) ਘਰ ਵਿਚ ਜਾਂਦਾ ਹੈ । ੨੩ ।

੨੩- **ਚੰਚਲੁ ਚੀਤੁ ਨ ਪਾਵੈ ਪਾਰਾ ॥ ਆਵਤ ਜਾਤ ਨ ਲਾਗੈ ਬਾਰਾ ॥**
**ਦੂਖੁ ਘਣੋ ਮਰੀਐ ਕਰਤਾਰਾ ॥ ਬਿਨੁ ਪ੍ਰੀਤਮ ਕੋ ਕਰੈ ਨ ਸਾਰਾ ॥ ੧ ॥**[੧੧੮੯]-੪

**ਅਰਥ:**--ਹੇ ਕਰਤਾਰ ! (ਮਾਇਆ ਦੇ ਮੋਹ ਵਿਚ ਫਸ ਕੇ) ਚੰਚਲ ਹੋਇਆ ਚਿਤ (ਆਪਣੇ ਉੱਦਮ ਨਾਲ) ਚੰਚਲਤਾ ਵਿਚੋਂ ਨਿਕਲ ਨਹੀਂ ਸਕਦਾ, (ਹਰ ਵੇਲੇ) ਭਟਕਦਾ ਫਿਰਦਾ ਹੈ, ਰਤਾ ਵੀ ਨਹੀਂ ਲਗਦਾ (ਭਾਵ, ਰਤਾ ਭਰ ਵੀ ਟਿਕਦਾ ਨਹੀਂ । ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਮਨੁੱਖ ਨੂੰ) ਬਹੁਤ ਦੁੱਖ ਸਹਾਰਨਾ ਪੈਂਦਾ ਹੈ, ਤੇ ਆਤਮਕ ਮੌਤ ਹੋ ਜਾਂਦੀ ਹੈ । (ਇਸ ਬਿਪਤਾ ਵਿਚੋਂ) ਪ੍ਰੀਤਮ-ਪ੍ਰਭੂ ਤੋਂ ਬਿਨਾ ਹੋਰ ਕੋਈ ਧਿਰ ਮਦਦ ਨਹੀਂ ਕਰ ਸਕਦੀ । ੧ ।

੨੪- **ਚੰਚਲੁ ਚੀਤੁ ਨ ਰਹਈ ਠਾਇ ॥ ਚੋਰੀ ਮਿਰਗੁ ਅੰਗੂਰੀ ਖਾਇ ॥ ਚਰਨ ਕਮਲ ਉਰਧਾਰੇ ਚੀਤ ॥**
**ਚਿਰੁ ਜੀਵਨੁ ਚੇਤਨੁ ਨਿਤ ਨੀਤ ॥ ਚਿੰਤਤ ਹੀ ਦੀਸੈ ਸਭੁ ਕੋਇ ॥ ਚੇਤਹਿ ਏਕੁ ਤਹੀ ਸੁਖੁ ਹੋਇ ॥**
**ਚਿਤਿ ਵਸੈ ਰਾਚੈ ਹਰਿ ਨਾਇ ॥ ਮੁਕਤਿ ਭਇਆ ਪਤਿ ਸਿਉ ਘਰਿ ਜਾਇ ॥ ੨੩ ॥** [੯੩੨]ੴ

**ਅਰਥ:--੮੦੫/੬**

**(ਅ)** ਜਿਵੇ **ਮਨ** ਨੂੰ ਕਾਬੂ ਵਿਚ ਰਖਿਆਂ ਵਿਕਾਰਾਂ ਤੋਂ ਮੁਕਤੀ ਦੀ ਪ੍ਰਾਪਤੀ ਦੀ ਗੱਲ ਅਸੀਂ ਪੜ੍ਹ ਆਏ ਹਾਂ ਉਵੇਂ ਹੀ, " **ਚਿਤ** " ਨੂੰ ਟਿਕਾਣੇ ਰਖਿਆਂ ਵੀ ਵਿਕਾਰਾਂ ਤੋਂ ਖ਼ਲਾਸੀ ਹੋ ਸਕਦੀ ਹੈ--**ਚਿਤੁ ਥਿਰੁ ਰਾਖੈ ਸੋ ਮੁਕਤਿ ਹੋਵੈ ਜੋ ਇਛੀ ਸੋਈ ਫਲੁ ਪਾਈ ॥੧॥**[੫੦੬]

**(ੲ)** ਗੁਰੂ-ਬਾਣੀ ਵਿਚ ਅਜੇਹਾ ਕੋਈ ਸ਼ਬਦ ਨਹੀਂ ਮਿਲਦਾ ਜਿਸ ਤੋਂ ਸਿੱਧ ਹੋ ਸਕਦਾ ਹੋਵੇ ਕਿ, " **ਮਨ** " ਮਨੁੱਖ ਤੋਂ ਬਿਨਾ ਕਿਸੇ ਹੋਰ ਜੀਵ ਜੰਤ ਕੋਲ ਵੀ ਹੈ । ਪਰ ਗੁਰਬਾਣੀ ਵਿਚ ਪੰਛੀਆਂ ਦੇ ਚਿਤ ਦਾ ਜ਼ਿਕਰ ਆਇਆ ਹੈ । ਭਾਵ, ਗੁਰਬਾਣੀ ਅਨੁਸਾਰ " ਮਨ " ਦਾ ਮਾਲਕ ਕੇਵਲ ਮਨੁੱਖ ਹੀ ਹੈ ਪਰ ' ਚਿਤਿ " ਦੇ ਸੰਬੰਧ ਵਿਚ ਅਜੇਹਾ ਨਹੀਂ ਹੈ । :--

੨੪- **ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ ॥ ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ ॥ ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ ॥ ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ ਬਲਿਹਾਰਣੇ ॥ ੧੧ ॥**[੧੩੬੨]-ਫੁਨਹੇ

ਅਗਲੇ ਗੁਰੂ ਸ਼ਬਦ ਵਿਚ ਧਰਤੀ ਦਾ ' ਸੁਹਾਗ ' ਮੇਘ ਨਾਲ, ਬੱਦਲਾਂ ਦੀ ਗਰਜ ਨਾਲ ' ਪ੍ਰੀਤ ' ਮੋਰ ਦੀ ' ਚਿਤ ' ਦਾ ਜਿਕਰ ਚਾਤ੍ਰਿਕ ਨਾਲ ਆਇਆ ਹੈ ਪਰ " ਮਨ " ਦਾ ਸੰਬੰਧ ਮਨੁੱਖ ਨਾਲ ਹੀ ਹੈ:--

੨੫- **ਸੰਤ ਸੰਗੇ ਮਨੁ ਪਰਫੜੈ ਮਿਲਿ ਮੇਘ ਧਰ ਸੁਹਾਗ ॥ ੧ ॥ ਘਨਘੋਰ ਪ੍ਰੀਤਿ ਮੋਰ ॥ ਚਿਤੁ ਚਾਤ੍ਰਿਕ ਬੂੰਦ ਓਰ ॥ ਐਸੋ ਹਰਿ ਸੰਗੇ ਮਨ ਮੋਹ ॥ ਤਿਆਗਿ ਮਾਇਆ ਧੋਹ ॥ ਮਿਲਿ ਸੰਤ ਨਾਨਕ ਜਾਗਿਆ ॥ ੨ ॥**[੧੨੭੨]-੫-੨੭

**(ਸ)** ਦਿਲ, ਹਿਰਦਾ ਅਥਵਾ ਚਿਤ, ਚੋਰੀ ਹੋ ਜਾਣ ਦੀਆਂ ਕਹਾਵਤਾਂ ਸੁਣਨ ਵਿਚ ਆਉਂਦੀਆਂ ਹਨ ਪਰ ਮਨ, ਚੋਰੀ ਹੋਣ ਦੀ ਕਹਾਵਤ ਕਦੇ ਨਹੀਂ ਸੁਣੀ । ਸਤਿਗੁਰਾਂ ਨੇ ' ਕਾਮ " ਨੂੰ " **ਚਿਤ** " ਦਾ ਚੋਰ ਫੁਰਮਾਨ ਕੀਤਾ ਹੈ :---

੨੬- **ਹੇ ਕਾਮੰ ਨਰਕ ਬਿਸ੍ਰਾਮੰ, ਬਹੁ ਜੋਨੀ ਭ੍ਰਮਾਵਣਹ ॥ ਚਿਤ ਹਰਣੰ ਤ੍ਰੈ ਲੋਕ ਗੰਮ੍ਯ੍ਹੰ, ਜਪ ਤਪ ਸੀਲ ਬਿਦਾਰਣਹ ॥ ਅਲਪ ਸੁਖ ਅਵਿਤ, ਚੰਚਲ, ਊਚ ਨੀਚ ਸਮਾਵਣਹ ॥ ਤਵ ਭੈ ਬਿਮੁੰਚਿਤ ਸਾਧ ਸੰਗਮ, ਓਟ ਨਾਨਕ ਨਾਰਾਇਣਹ ॥੪੬॥**[੧੩੫੮]

[ਨੋਟ:--ਇਸ ਪਾਵਨ ਸਲੋਕ ਦੇ ਅਰਥ ਚੋਥੇ ਕਾਂਡ ਦੇ ੧੮ ਨੰਬਰ ਤੇ ਲਿਖੇ ਗਏ ਹਨ ]

੨੭-**ਚਿਤਿ ਚਿਤਵਉ, ਅਰਦਾਸਿ ਕਹਉ, ਪਰੁ ਕਹਿ ਭਿ ਨ ਸਕਉ ॥ ਸਰਬ ਚਿੰਤ ਤੁਝੁ ਪਾਸਿ, ਸਾਧ ਸੰਗਤਿ ਹਉ ਤਕਉ ॥ ਤੇਰੈ ਹੁਕਮਿ ਪਵੈ ਨੀਸਾਣੁ, ਤਉ ਕਰਉ ਸਾਹਿਬ ਕੀ ਸੇਵਾ ॥ ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ ॥ ਅਗਮ ਅਲਖ ਕਾਰਣ ਪੁਰਖ, ਜੋ ਫੁਰਮਾਵਹਿ ਸੋ ਕਹਉ ॥ ਗੁਰ ਅਮਰਦਾਸ ਕਾਰਣ ਕਰਣ, ਜਿਵ ਤੂ ਰਖਹਿ ਤਿਵ ਰਹਉ ॥ ੪ ॥**[੧੩੯੫]-੧੮

੩

# ਚਿੰਤ=(ਫਿਕਰ)=ਚਿੰਤਾ

੨੮- **ਤਿਸੁ ਭਾਣਾ ਸੂਕੇ ਕਾਸਟ ਹਰਿਆ ॥ ਤਿਸੁ ਭਾਣਾ ਤਾਂ ਥਲ ਸਿਰਿ ਸਰਿਆ ॥ ਤਿਸੁ ਭਾਣਾ ਤਾਂ ਸਭਿ ਫਲ ਪਾਏ ॥ ਚਿੰਤ ਗਈ ਲਗਿ ਸਤਿਗੁਰ ਪਾਏ ॥ ੩ ॥** [੧੧੪੧]-੧੦-੨੩

**ਅਰਥ:**--ਜੇ ਉਸ ਪ੍ਰਭੂ ਨੂੰ ਭਾਵੇ ਤਾਂ ਸੁੱਕੇ ਕਾਠ ਹਰੇ ਹੋ ਜਾਂਦੇ ਹਨ, ਥਲ (=ਰੇਗਸਤਾਨ) ਉੱਤੇ ਸਰੋਵਰ ਬਣ ਜਾਂਦਾ ਹੈ ਜਦੋਂ ਕੋਈ ਮਨੁੱਖ ਉਸ ਪ੍ਰਭੂ ਨੂੰ ਚੰਗਾ ਲੱਗਦਾ ਹੈ ਤਾਂ ਉਹ ਸਾਰੇ ਫਲ ਪ੍ਰਾਪਤ ਕਰ ਲੈਂਦਾ ਹੈ, ਗੁਰੂ ਦੇ ਚਰਨੀ ਲੱਗ ਕੇ ਉਸ ਦੇ ਅੰਦਰੋਂ ਚਿੰਤਾ ਦੂਰ ਹੋ ਜਾਂਦੀ ਹੈ ।੩।

੨੯- **ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥ ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ ॥ ਸੁਪਨੇ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ ॥ ੩ ॥** [੨੯]-੯-੪੨

**ਅਰਥ:**--ਜਿਹੜੇ ਮਨੁੱਖ ਗੁਰੂ ਵਲੋਂ ਮੂੰਹ ਮੋੜ ਲੈਂਦੇ ਹਨ ਉਨ੍ਹਾਂ ਦੇ ਮੱਥੇ ਭ੍ਰਿਸ਼ਟੇ ਰਹਿੰਦੇ ਹਨ -(ਉਨ੍ਹਾਂ ਨੂੰ ਆਪਣੇ ਅੰਦਰੋਂ ਫਿਟਕਾਰ ਹੀ ਪੈਂਦੀ ਰਹਿੰਦੀ ਹੈ) । ਉਹ ਸਦਾ ਅਜੇਹੀਆਂ ਕਰਤੂਤਾਂ ਹੀ ਕਰਦੇ ਹਨ ਜਿੰਨ੍ਹਾਂ ਦਾ ਫਲ ਦੁੱਖ ਹੁੰਦਾ ਹੈ, ਉਹ ਸਦਾ ਜਮ ਦੇ ਜਾਲ ਵਿਚ ਜਮ ਦੀ ਤੱਕ ਵਿਚ ਰਹਿੰਦੇ ਹਨ (ਆਤਮਕ ਮੌਤੇ ਮਰੇ ਰਹਿੰਦੇ ਹਨ) । ਕਦੇ ਸੁਪਨੇ ਵਿਚ ਵੀ ਉਹ ਸੁਖ ਨਹੀਂ ਮਾਣਦੇ, ਬਹੁਤ ਚਿੰਤਾ ਉਨ੍ਹਾਂ ਨੂੰ ਸਾੜਦੀ ਰਹਿੰਦੀ ਹੈ । ੩ ।

੩੦- **ਵਡੇ ਵਡੇ ਜੋ ਦੀਸਹਿ ਲੋਗ ॥ ਤਿਨ ਕਉ ਬਿਆਪੈ ਚਿੰਤਾ ਰੋਗੁ ॥ ੧ ॥ ਕਉ ਨ ਵਡਾ ਮਾਇਆ ਵਡਿਆਈ ॥ ਸੋ ਵਡਾ ਜਿਨਿ ਰਾਮ ਲਿਵ ਲਾਈ ॥ ੧ ॥ ਰਹਾਉ ॥ ਭੂਮੀਆ ਭੂਮਿ ਊਪਰਿ ਨਿਤ ਲੁਝੈ ॥ ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥ ੨ ॥ ਕਹੁ ਨਾਨਕ ਇਹੁ ਤਤੁ ਬੀਚਾਰਾ ॥ ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥ ੩ ॥**[੧੮੮]-੪੪-੧੧੩

੩੧- **ਨਾਨਕ ਇਹੁ ਜੀਉ ਮਛੁਲੀ, ਝੀਵਰੁ ਤ੍ਰਿਸਨਾ ਕਾਲੁ ॥ ਮਨੂਆ ਅੰਧੁ ਨ ਚੇਤਈ ਪੜੈ ਅਚਿੰਤਾ ਜਾਲੁ ॥ ਨਾਨਕ ਚਿਤੁ ਅਚੇਤੁ ਹੈ ਚਿੰਤਾ ਬਧਾ ਜਾਇ ॥ ਨਦਰਿ ਕਰੇ ਜੇ ਆਪਣੀ ਤਾ ਆਪੇ ਲਏ ਮਿਲਾਇ ॥ ੨ ॥**[੯੫੫]-ਵਾ-੧੮

**ਅਰਥ:**--(ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਫ਼ੁਰਮਾਨ) --ਹੇ ਨਾਨਕ ! ਇਹ ਜਿੰਦ ਨਿੱਕੀ ਜਿਹੀ ਮੱਛੀ ਹੈ, ਆਤਮਕ ਮੌਤ ਲਿਆਉਣ ਵਾਲੀ ਤ੍ਰਿਸ਼ਨਾ ਝੀਵਰ ਹੈ (ਭਾਵ, ਮੱਛੀਆਂ ਫੜਨ ਵਾਲਾ ਮਾਛੀ) ਹੈ, ਮੂਰਖ ਮਨ (ਇਸ ਤ੍ਰਿਸ਼ਨਾ ਵਿਚ) ਅੰਨ੍ਹਾ (ਹੋਇਆ ਹੋਇਆ ਪਰਮਾਤਮਾ ਨੂੰ) ਯਾਦ ਨਹੀਂ ਕਰਦਾ, ਬੇਖ਼ਬਰੀ ਵਿਚ ਹੀ ( ਆਤਮਕ ਮੌਤ ਦਾ ) ਜਾਲ (ਇਸ ਉਤੇ) ਪੈਂਦਾ ਜਾਂਦਾ ਹੈ । (ਤ੍ਰਿਸ਼ਨਾ ਵਿਚ ਫਸਿਆ) ਮਨ ਗ਼ਾਫਲ ਹੋ ਰਿਹਾ ਹੈ, ਸਦਾ **ਚਿੰਤਾ** ਵਿਚ ਜਕੜਿਆ ਰਹਿੰਦਾ ਹੈ । ਜੇ ਪ੍ਰਭੂ ਆਪ ਆਪਣੀ ਮੇਹਰ ਦੀ ਨਜ਼ਰ ਕਰੇ ਤਾਂ ( ਜਿੰਦ ਨੂੰ ਤ੍ਰਿਸ਼ਨਾਂ-ਚਿੰਤਾ ਵਿਚੋਂ ਕੱਢ ਕੇ) ਆਪਣੇ ਵਿਚ ਮਿਲਾ ਲੈਂਦਾ ਹੈ । ੨ ।

੩੨- **ਸਹਜੇ ਜਾਗੈ ਸਹਜੈ ਸੋਵੈ ॥ ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥ ਮਨਮੁਖ ਭਰਮੈ ਸਹਸਾ ਹੋਵੈ ॥ ਅੰਤਰਿ ਚਿੰਤਾ ਨੀਦ ਨ ਸੋਵੈ ॥ ... ੨ ॥** [੬੪੬]-ਵਾ-੯

੪

## ਚਿੰਤ ਬਿਰਾਨੀ ?

**ਪਰਾਈ ਆਸ ਰੱਖਣੀ, ਦੂਜੇ ਤੋਂ ਆਸਰਾ ਮਿਲਣ ਦੀ ਉਮੀਦ ਲਾ ਬਹਿਣੀ ਵੀ ਦੁਖਦਾਈ ਕਿਸਮ ਦੀ ਚਿੰਤਾ ਦਾ ਮੂਲ ਹੈ:--**

੩੩- **ਆਪਹਿ ਮੇਲਿ ਲਏ ॥ ਜਬ ਤੇ ਸਰਨਿ ਤੁਮਾਰੀ ਆਏ ਤਬ ਤੇ ਦੋਖ ਗਏ ॥ ੧ ॥ ਰਹਾਉ ॥ ਤਜਿ ਅਭਿਮਾਨੁ ਅਰੁ ਚਿੰਤ ਬਿਰਾਨੀ ਸਾਧਹ ਸਰਨ ਪਏ ॥ ਜਪਿ ਜਪਿ ਨਾਮੁ ਤੁਮਾਰੋ ਪ੍ਰੀਤਮ ਤਨ ਤੇ ਰੋਗ ਖਏ ॥ ੧ ॥**[੮੨੯]-੧-੧੨੬

**ਅਰਥ**:--(ਹੇ ਪ੍ਰਭੂ !ਜਿਨ੍ਹਾਂ ਨੂੰ ਤੂੰ ਆਪਣੇ ਚਰਨਾਂ ਵਿਚ ਜੋੜਦਾ ਹੈਂ, ਉਹ ਮਨੁੱਖ) ਹੰਕਾਰ ਛੱਡ ਕੇ ਅਤੇ ਬਿਗਾਨੀ ਆਸ ਦਾ ਖ਼ਿਆਲ ਛੱਡ ਕੇ ਸੰਤ (ਗੁਰੂ ਗ੍ਰੰਥ ਸਾਹਿਬ ਜੀ) ਦੀ ਚਰਨੀ ਆ ਪੈਂਦੇ ਹਨ, ਅਤੇ, ਹੇ ਪ੍ਰੀਤਮ ! ਸਦਾ ਤੇਰਾ ਨਾਮ-ਸਿਮਰਨ ਨਾਲ ਜੁੜੇ ਰਹਿਣ ਨਾਲ ਉਨ੍ਹਾਂ ਦੇ ਸਰੀਰ ਵਿਚੋਂ ਸਾਰੇ ਰੋਗ ਨਾਸ ਹੋ ਜਾਂਦੇ ਹਨ । ੧ ।

**ਮਹਾਨ ਕੋਸ਼** ਵਿਚ ਗੁਰੂ ਬਾਣੀ ਦੀ ਪੰਗਤੀ--" **ਹਮ ਨਾਹੀ ਚਿੰਤ ਪਰਾਈ ਚੁਖਾ** " (ਵਾਰ ਵਡ ਮ:੪) ਦੇ ਅਧਾਰ ਤੇ ਚਿੰਤ ਦਾ ਅਰਥ ਈਰਖਾ, ਹਸਦ ਲਿਖਿਆ ਹੈ । ਪਰ ਪ੍ਰਿੰ: ਸਾਹਿਬ ਸਿੰਘ ਜੀ ਨੇ ਉਸ ਵਾਰ ਵਿਚ ਆਏ ਉਸੇ **ਚਿੰਤ** ਪਦ ਦਾ ਅਰਥ " ਆਸ " ਲਿਖਿਆ ਹੈ । ਪਉੜੀ ਇਸ ਪ੍ਰਕਾਰ ਹੈ:--

੩੪- **ਜਿਨੀ ਹਰਿ ਹਰਿ ਨਾਮੁ ਧਿਆਇਆ ਤਿਨੀ ਪਾਇਅੜੇ ਸਰਬ ਸੁਖਾ॥ ਸਭੁ ਜਨਮੁ ਤਿਨਾ ਕਾ ਸਫਲੁ ਹੈ ਜਿਨ ਹਰਿ ਕੇ ਨਾਮ ਕੀ ਮਨਿ ਲਾਗੀ ਭੁਖਾ ॥ ਜਿਨੀ ਗੁਰ ਕੈ ਬਚਨਿ ਆਰਾਧਿਆ ਤਿਨ ਵਿਸਰਿ ਗਏ ਸਭਿ ਦੁਖਾ॥ ਤੇ ਸੰਤ ਭਲੇ ਗੁਰਸਿਖ ਹੈ ਜਿਨ ਨਾਹੀ ਚਿੰਤ ਪਰਾਈ ਚੁਖਾ ॥ ਧਨੁ ਧੰਨੁ ਤਿਨਾ ਕਾ ਗੁਰੂ ਹੈ ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ ॥੬॥**[੫੮੮]

ਪ੍ਰਭੂ ਦਾ ਆਸਰਾ ਛੱਡ ਕੇ ਹੰਕਾਰੀ ਵੱਸ ਹੋ ਕੇ ਹੋਰ ਹੋਰ ਸੋਚਾਂ ਸੋਚਦੇ ਰਹਿਣਾ ਵੀ ਚਿੰਤਾ ਦਾ ਹੀ ਰੂਪ ਹੈ:--

੩੫- **ਹਉਮੈ ਵਿਚਿ ਸਭੁ ਜਗੁ ਬਉਰਾਨਾ ॥ ਦੂਜੈ ਭਾਇ ਭਰਮਿ ਭੁਲਾਨਾ ॥**
**ਬਹੁ ਚਿੰਤਾ ਚਿਤਵੈ ਆਪੁ ਨ ਪਛਾਨਾ ॥ ਧੰਧਾ ਕਰਤਿਆ ਅਨਦਿਨੁ ਵਿਹਾਨਾ ॥ ੧ ॥** [੧੫੯]-੬-੨੬

੩੬- **ਨਾਨਕ ਸੋ ਸਾਲਾਹੀਐ ਜਿਸੁ ਵਸਿ ਸਭੁ ਕਿਛੁ ਹੋਇ ॥ ਤਿਸੈ ਸਰੇਵਿਹੁ ਪ੍ਰਾਣੀਹੋ ਤਿਸੁ ਬਿਨੁ ਅਵਰੁ ਨ ਕੋਇ ॥ ਗੁਰਮੁਖਿ ਹਰਿ ਪ੍ਰਭੁ ਮਨਿ ਵਸੈ ਤਾ ਸਦਾ ਸਦਾ ਸੁਖੁ ਹੋਇ ॥ ਸਹਸਾ ਮੂਲਿ ਨ ਹੋਵਈ ਸਭ ਚਿੰਤਾ ਵਿਚਹੁ ਜਾਇ ॥ ਜੋ ਕਿਛੁ ਹੋਇ ਸੁ ਸਹਜੇ ਹੋਇ ਕਹਣਾ ਕਿਛੂ ਨ ਜਾਇ ॥ ਸਚਾ ਸਾਹਿਬੁ ਮਨਿ ਵਸੈ ਤਾਂ ਮਨਿ ਚਿੰਦਿਆ ਫਲੁ ਪਾਇ ॥ ਨਾਨਕ ਤਿਨ ਕਾ ਆਖਿਆ ਆਪਿ ਸੁਣੇ, ਜਿ ਲਇਅਨੁ ਪੰਨੈ ਪਾਇ ॥ ੧ ॥**[੧੨੮੫]-ਵਾਰ-੮

੫

## ਚਿੰਤ ਦਾ ਇਲਾਜ

੩੭- **ਸਤਿਗੁਰ ਆਇਓ ਸਰਣਿ ਤੁਹਾਰੀ ॥ ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥ ੧ ॥ ਰਹਉ ॥** [੭੧੩]-੪-੯

ਸਰਨ ਆਏ ਸੁਹਿਰਦ ਸੇਵਕ ਨੂੰ ਸਤਿਗੁਰ: ਨੇ ਚਿੰਤਾ ਰਹਿਤ ਕਰਨ ਲਈ ਸਾਰਿਆਂ ਦੀ ਚਿੰਤਾ ਰੱਖਣ ਵਾਲੇ ਅਕਾਲ ਪੁਰਖ ਦੇ ਚਰਨਾ ਵਿਚ ਜੋਦੜੀ ਕਰਨ ਦਾ ਵੱਲ ਸਿਖਾਇਆ:--

੩੮- **ਹਮ ਦੀਨ ਮੂਰਖ ਅਵੀਚਾਰੀ ਤੁਮ ਚਿੰਤਾ ਕਰਹੁ ਹਮਾਰੀ ॥ ਹੋਹੁ ਦਇਆਲ ਕਰਿ ਦਾਸੁ ਦਾਸਾ ਕਾ ਸੇਵਾ ਕਰੀ ਤੁਮਾਰੀ ॥ ਏਕੁ ਨਿਧਾਨੁ ਦੇਹਿ ਤੂ ਅਪਣਾ ਅਹਿਨਿਸਿ ਨਾਮੁ ਵਖਾਣੀ ॥ ੩ ॥**[੧੨੫੭]-੧

ਸਤਿਗੁਰਾਂ ਦੇ ਉਪਦੇਸ਼-ਦਰਸ਼ਨਾਂ ਦੀ ਬਰਕਤਿ ਨਾਲ ਪੂਰਨ ਅਨੰਦ ਵਾਲੀ ਅਵਸਥਾ ਬਣ ਗਈ:--

੩੯- **ਚਿੰਤ ਅਚਿੰਤਾ ਸੋਚ ਅਸੋਚਾ ਸੋਗੁ ਲੋਭੁ ਮੋਹੁ ਥਾਕਾ ॥**
**ਹਉਮੈ ਰੋਗ ਮਿਟੇ ਕਿਰਪਾ ਤੇ ਜਮ ਤੇ ਭਏ ਬਿਬਾਕਾ ॥ ੩ ॥**[੬੭੧]-੪

੪੦- **ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥ ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ ॥ ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥ ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥ ਸਜਣ ਮਿਲੇ ਸਜਣਾ ਸਚੈ ਸਬਦਿ ਸੁਭਾਇ ॥ ਘਰ ਹੀ ਪਰਚਾ ਪਾਇਆ ਜੋਤੀ ਜੋਤਿ ਮਿਲਾਇ ॥ ਪਾਖੰਡਿ ਜਮਕਾਲੁ ਨ ਛੋਡਈ ਲੈ ਜਾਸੀ ਪਤਿ ਗਵਾਇ ॥ ਨਾਨਕ ਨਾਮਿ ਰਤੇ ਸੇ ਉਬਰੇ ਸਚੇ ਸਿਉ ਲਿਵ ਲਾਇ ॥ ੨ ॥**[੫੮੭]-ਵਾਰ-੪

[ਇਹੀ ਗੁਰੂ ਫੁਰਨ ਪੁਸਤਕ ਦੇ ਤੀਜੇ ਭਾਗ ਦੇ ਚੌਥੇ ਕਾਂਡ ਦੇ ੪੫ ਨੰਬਰ ਤੇ ਅਰਥਾਂ ਸਮੇਤ ਲਿਖਿਆ ਹੋਇਆ ਹੈ]

੪੧- **ਸਾਧੂ ਸੰਗਿ ਭਇਆ ਮਨਿ ਉਦਮੁ ਨਾਮੁ ਰਤਨੁ ਜਸੁ ਗਾਈ ॥**
**ਮਿਟਿ ਗਈ ਚਿੰਤਾ ਸਿਮਰਿ ਅਨੰਤਾ ਸਾਗਰੁ ਤਰਿਆ ਭਾਈ ॥ ੧ ॥** [੬੧੯]-੧੩-੪੧

**ਅਰਥ**:--ਸਾਧੂ (-ਗੁਰੂ ਗ੍ਰੰਥ ਸਾਹਿਬ ਜੀ) ਦੀ ਸੰਗਤਿ ਵਿਚ ਰਿਹਾਂ (ਭਾਵ, ਸਦਾ ਗੁਰੂ ਸ਼ਬਦ ਦੀ ਵਿਚਾਰ ਵਿਚ ਜੁੜੇ ਰਹਿਣ ਦਾ ਆਹਰ ) ਮਨ ਵਿਚ ਉੱਦਮ ਪੈਦਾ ਹੁੰਦਾ ਹੈ, (ਮਨੱਖ) ਸ੍ਰੇਸ਼ਟ ਨਾਮ ਜਪਣ ਲੱਗ ਪੈਂਦਾ ਹੈ, ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਉਣ ਲੱਗ ਪੈਂਦਾ ਹੈ । ਬੇਅੰਤ ਪ੍ਰਭੂ ਦਾ ਸਿਮਰਨ ਕਰ ਕੇ ਮਨੁੱਖ ਦੀ ਚਿੰਤਾ ਮਿਟ ਜਾਂਦੀ ਹੈ, ਮਨੁੱਖ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ । ੧ ।

੪੨- **ਗੁਰੁ ਸੁੰਦਰੁ ਮੋਹਨੁ ਪਾਇ ਕਰੇ ਹਰਿ ਪ੍ਰੇਮ ਬਾਣੀ ਮਨੁ ਮਾਰਿਆ ॥ ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ ਮਨ ਆਸਾ ਚਿੰਤ ਵਿਸਾਰਿਆ ॥ ਮੈ ਅੰਤਰਿ ਵੇਦਨ ਪ੍ਰੇਮ ਕੀ ਗੁਰ ਦੇਖਤ ਮਨੁ ਸਾਧਾਰਿਆ ॥**

**ਵਡਭਾਗੀ ਪ੍ਰਭ ਆਇ ਮਿਲੁ ਜਨੋ ਨਾਨਕੁ ਖਿਨੁ ਖਿਨੁ ਵਾਰਿਆ ॥ ੪॥** [੭੭੬]-੧-੫

**ਅਰਥ:**--ਪਿਆਰੇ ਸੋਹਣੇ ਗੁਰੂ (ਗ੍ਰੰਥ ਸਾਹਿਬ ਜੀ) ਨੂੰ ਮਿਲ ਕੇ ਮੇਰਾ ਮਨ ਪ੍ਰੇਮ ਦੇ ਤੀਰਾਂ ਨਾਲ ਵਿੱਝ ਗਿਆ ਹੈ । ਆਸਾ ਚਿੰਤਾ ਦਾ (ਅਨੁਭਵ ਦੀ) ਸੁਧ ਬੁਧ (ਉਂਜ ਹੀ ) ਮੇਰੇ ਹਿਰਦੇ ਵਿਚੋਂ ਭੁੱਲ ਗਈ ਹੈ । ਹੁਣ ਮੈਂ ਆਪਣੇ ਦੀ ਆਸਾ ਤੇ ਚਿੰਤਾ ਵਿਸਾਰ ਚੁਕਾ ਹਾਂ । (ਹੁਣ) ਮੇਰੇ ਅੰਦਰ ਪ੍ਰੇਮ ਦੀ ਚੋਭ ਟਿਕੀ ਰਹਿੰਦੀ ਹੈ, ਗੁਰੂ (ਜੀ) ਦਾ ਦਰਸ਼ਨ (ਸ਼ਬਦ ਵਿਚਾਰ ਦੀ ਲਗਨ) ਕਰ ਕੇ ਮੇਰਾ ਮਨ ਧੀਰਜ ਵਾਲਾ ਹੋ ਗਿਆ ਹੈ । (ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਹੁਣ ਇਉਂ ਅਰਦਾਸ ਕਰੋ--) ਹੇ ਪ੍ਰਭੂ ! ਮੇਰੇ ਚੰਗੇ ਭਾਗਾਂ ਨੂੰ ਮੈਨੂੰ ਆ ਮਿਲ । ਮੈ ਤੈਥੋਂ ਹਰ ਵੇਲੇ ਸਦਕੇ ਕੁਰਬਾਨ ਜਾਂਦਾ ਹਾਂ । ੪ ।

੪੩- **ਨਾ ਕਰਿ ਚਿੰਤਾ ਚਿੰਤਾ ਹੈ ਕਰਤੇ ॥ ਹਰਿ ਦੇਵੈ ਜਲਿ ਥਲਿ ਜੰਤਾ ਸਭਤੈ ॥**
**ਅਚਿੰਤ ਦਾਨੁ ਦੇਇ ਪ੍ਰਭੁ ਮੇਰਾ ਵਿਚਿ ਪਾਥਰ ਕੀਟ ਪਖਾਣੀ ਹੇ ॥ ੬ ॥**[੧੦੭੦]-੨

੪੪- **ਜਾ ਕੈ ਅਚਿੰਤੁ ਵਸੈ ਮਨਿ ਆਇ ॥ ਤਾ ਕਉ ਚਿੰਤਾ ਕਤਹੂੰ ਨਾਹਿ ॥ ੨ ॥** [੧੮੬]-੩੪-੧੦੩

੪੫- **ਨਾਮੁ ਨਿਧਾਨੁ ਜਾ ਕੈ ਮਨ ਮਾਹਿ ॥ ਤਿਸ ਕਉ ਚਿੰਤਾ ਸੁਪਨੈ ਨਾਹਿ ॥ ੩ ॥** [੩੮੮]੨੦-੭੧

੪੬- **ਮਿਟਿ ਗਇਆ ਦੂਖੁ ਬਿਸਾਰੀ ਚਿੰਤਾ ॥ ਫਲੁ ਪਾਇਆ ਜਪਿ ਸਤਿਗੁਰ ਮੰਤਾ ॥ ੨ ॥** [੩੮੮]-੨੧-੭੨

੪੭- **ਸਤਿਗੁਰ ਮੇਰਾ ਵਡ ਸਮਰਥਾ ॥ ਜੀਇ ਸਮਾਲੀ ਤਾ ਸਭੁ ਦੁਖੁ ਲਥਾ ॥**
**ਚਿੰਤਾ ਰੋਗੁ ਗਈ ਹਉ ਪੀੜਾ ਆਪਿ ਕਰੇ ਪ੍ਰਤਿਪਾਲਾ ਜੀਉ ॥ ੨॥** [੯੯]-੮-੧੫

੪੮- **ਹਰਿ ਕ੍ਰਿਪਾਨਿਧਿ ਕੀਨੀ ਗੁਰਿ ਭਗਤਿ ਹਰਿ ਦੀਨੀ ਤਬ ਹਰਿ ਸਿਉ ਪ੍ਰੀਤਿ ਬਨ ਆਈ ॥**
**ਬਹੁ ਚਿੰਤ ਵਿਸਾਰੀ ਹਰਿਨਾਮੁ ਉਰਿ ਧਾਰੀ ਨਾਨਕ ਹਰਿ ਭਏ ਹੈ ਸਖਾਈ ॥ ੨ ॥**[੬੬੯]-੨-੮

੬

## ਚਿੰਤਾ ਝੋਰਿਆਂ ਤੋਂ ਬਚੇ ਰਹਿਣ ਲਈ ਨਵੇਕਲਾ ਗੁਰੂ-ਉਪਦੇਸ਼

ਜਦ ਅਸੀਂ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਅਨੁਸਾਰ ਜੀਵਨ ਢਾਲ ਲੈਣ ਦੀ ਜਾਚ ਸਿੱਖ ਲਈ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਪ੍ਰਸੰਨ ਹੋ ਕੇ ਸਾਰੀਆਂ ਚਿੰਤਾਂ ਝੋਰਿਆਂ ਦਾ ਨਾਸ ਕਰ ਦੇਣ ਵਾਲੇ ਸਿਰਜਣਹਾਰ ਦਾ ਲੜ ਸਾਨੂੰ ਫੜਾ ਦਿੱਤਾ, ਫਿਰ ਅਸੀਂ ਚਿੰਤਾਰ ਕਿਉਂ ਹੋਵੀਏ ?:--:--

੪੯-- **ਤਉ ਕੜੀਐ ਜੇ ਹੋਵੈ ਬਾਹਰਿ ॥ ਤਉ ਕੜੀਐ ਜੇ ਵਿਸਰੈ ਨਰਹਰਿ ॥ ਤਉ ਕੜੀਐ ਜੇ ਦੂਜਾ ਭਾਏ ॥ ਕਿਆ ਕੜੀਐ ਜਾਂ ਰਹਿਆ ਸਮਾਏ ॥ ੧ ॥ ਮਾਇਆ ਮੋਹ ਕੜੇ ਕੜਿ ਪਚਿਆ ॥ ਬਿਨੁ ਨਾਵੈ ਭ੍ਰਮਿ ਭ੍ਰਮਿ ਭ੍ਰਮਿ ਖਪਿਆ ॥ ੧ ॥ ਰਹਾਉ ॥ ਤਉ ਕੜੀਐ ਜੇ ਦੂਜਾ ਕਰਤਾ ॥ ਤਉ ਕੜੀਐ ਜੇ ਅਨਿਆਇ ਕੋ ਮਰਤਾ ॥ ਤਉ ਕੜੀਐ ਜੇ ਕਿਛੁ ਜਾਣੈ ਨਾਹੀ ॥ ਕਿਆ ਕੜੀਐ ਜਾਂ ਭਰਪੂਰਿ ਸਮਾਹੀ ॥ ੨ ॥ ਤਉ ਕੜੀਐ ਜੇ ਕਿਛੁ ਹੋਇ ਧਿਙਾਣੈ ॥ ਤਉ ਕੜੀਐ ਜੇ ਭੂਲਿ ਰੰਞਾਣੈ॥ ਗੁਰਿ ਕਹਿਆ ਜੋ ਹੋਇ ਸਭੁ ਪ੍ਰਭ ਤੇ॥ ਤਬ ਕਾੜਾ ਛੋਡਿ ਅਚਿੰਤ ਹਮ ਸੋਤੇ ॥ ੩ ॥ ਪ੍ਰਭ ਤੂ ਹੈ ਠਾਕੁਰੁ ਸਭੁ ਕੋ ਤੇਰਾ ॥ ਜਿਉ ਭਾਵੈ ਤਿਉ ਕਰਹਿ ਨਿਬੇਰਾ ॥ ਦੁਤੀਆ ਨਾਸਤਿ ਇਕੁ ਰਹਿਆ ਸਮਾਇ ॥ ਰਾਖਹੁ ਪੈਜ ਨਾਨਕ ਸਰਣਾਇ ॥ ੪ ॥**[੧੧੪੦]-੫-੧੮

**ਪਦ ਅਰਥ:**--ਤਉ=ਤਦੋਂ, ਤਾਂ ਹੀ । ਕੜੀਐ=ਚਿੰਤਾ ਕਰੀਦੀ ਹੈ, ਖਿਝੀ ਦਾ ਹੈ । ਨਰਹਰਿ=ਪਰਮਾਤਮਾ । ਭਾਏ=ਚੰਗਾ ਲੱਗਦਾ ਹੈ । ਕਿਆ ਕੜੀਐ=ਝੁਰਨ ਦੀ ਲੋੜ ਨਹੀਂ ਪੈਂਦੀ । ੧ । ਮੋਹਿ=ਮੋਹ ਵਿਚ ਫਸ ਕੇ । ਕੜੇ ਕੜਿ=ਖਿੱਝ ਖਿਝ ਕੇ ।

**ਅਰਥ:**--ਹੇ ਭਾਈ ! ਮਾਇਆ ਦੇ ਮੋਹ ਵਿਚ ਫਸਿਆ ਹੋਇਆ ਮਨੁੱਖ ਖਿੱਝ ਖਿੱਝ ਕੇ ਆਤਮਕ ਮੌਤੇ ਮਰਦਾ ਹੈ । ਪਰਮਾਤਮਾ ਦੇ ਨਾਮ ਤੋਂ ਬਿਨਾ (ਮਾਇਆ ਦੀ ਖ਼ਾਤਰ ਮੁੜ ਮੁੜ) ਭਟਕ ਭਟਕ ਕੇ ਖ਼ੁਆਰ ਹੁੰਦਾ ਹੈ। ੧ । ਰਹਾਉ । (ਜੇ ਜੀਵ ਨੂੰ ਇਹ ਖ਼ਿਆਲ ਬਣਿਆ ਰਹੇ ਕਿ ਪਰਮਾਤਮਾ ਮੈਥੋਂ ਵੱਖਰਾ) ਕਿਤੇ ਦੂਰ ਹੈ, ਤਤਦੋਂ (ਹਰ ਗੱਲੇ) ਚਿੰਤਾ ਹੋਵੇ (ਤਾਂ ਇਸ ਦਾ ਕਾਰਨ ਸਮਝ ਵਿਚ ਆ ਸਕਦਾ ਹੈ) (ਅਸਲ ਚਿੰਤਾ ਦਾ ਕਾਰਨ ਤਾਂ ਹੈ ਹੀ ਤਦੋਂ ਜਦ) ਪਰਮਾਤਮਾ ਨੂੰ (ਹਿਰਦੇ ਵਿਚੋਂ) ਵਿਸਾਰ ਬੈਠੀਏ ਤਾਂ । (ਉਹ ਸਮਾਂ ਹੋਰ ਵੀ ਵੱਧ ਚਿੰਤਾ ਵਾਲਾ ਬਣ ਜਾਂਦਾ ਹੈ) ਜਦੋਂ ਪਰਮਾਤਮਾ ਤੋਂ ਬਿਨਾਂ ਕਿਸੇ ਦੂਜੇ ਨਾਲ (ਸ਼ਰਧਾ ਅਤੇ) ਪਿਆਰ ਬਣ ਜਾਏ । ਪਰ ਜਦੋਂ (ਇਹ ਯਕੀਨ ਬਣਿਆ ਹੋਇਆ ਹੋਵੇ ਕਿ ਕਰਨਹਾਰ ਪਰਮਾਤਮਾ) ਹਰੇਕ ਥਾਂ ਵਿਆਪਕ (ਸਾਡੇ ਨਾਲ) ਹੈ, ਫਿਰ ਚਿੰਤਾ-ਝੋਰ ਦਾ ਅਰਥ ਕੀ ? । ੧ । ਜੇ (ਇਹ ਖ਼ਿਆਲ ਟਿਕਿਆ ਰਹੇ ਕਿ ਪਰਮਾਤਮਾ ਤੋਂ ਬਿਨਾ) ਹੋਰ ਵੀ ਕੋਈ ਕੁਝ ਕਰ ਸਕਣ ਵਾਲਾ ਹੈ, ਤਦੋਂ ਚਿੰਤਾ ਫ਼ਿਕਰ ਵਿਚ ਫਸੇ ਰਹੀਦਾ ਹੈ। ਤਦੋਂ ਵੀ ਝੂਰੀਦਾ ਹੈ ਜੇ ਇਹ ਖ਼ਿਆਲ ਬਣ ਜਾਏ ਕਿ ਕੋਈ ਪ੍ਰਾਣੀ ਪਰਮਾਤਮਾ ਦੇ ਹੁਕਮ ਤੋਂ ਬਾਹਰਾ ਮਰ ਸਕਦਾ ਹੈ। ਜੇ ਇਹ ਯਕੀਬ ਟਿਕ ਜਾਏ ਕਿ ਦਾਤਾਰ ਸਾਡੀਆਂ ਲੋੜਾਂ ਜਾਣਦਾ ਨਹੀਂ ਹੈ, ਤਾਂ ਵੀ ਝੂਰਦੇ ਰਹੀਦਾ ਹੈ। ਪਰ ਹੇ ਪ੍ਰਭੂ ! ਤੂੰ ਤਾਂ ਹਰ ਥਾਂ ਮੌਜੂਦ ਹੈ, ਫਿਰ ਅਸੀ ਚਿੰਤਾ-ਫ਼ਿਕਰ ਕਿਉ ਕਰੀਏ ? । ੨ । (ਸਾਨੂੰ ਭਰੋਸਾ ਹੋਣਾ ਚਾਹੀਦਾ ਹੈ ਕਿ) ਕੁਝ ਵੀ ਪਰਮਾਤਮਾ ਦੇ ਹੁਕਮ ਤੋਂ ਬਾਹਰਾ ਮਹੀਂ ਹੁੰਦਾ, ਕਿਸੇ ਨੂੰ ਵੀ ਉਹ ਭੁਲੇਖੇ ਨਾਲ ਦੁਖੀ ਨਹੀਂ ਕਰਦਾ, ਫਿਰ ਚਿੰਤਾ-ਫ਼ਿਕਰ ਕਿਉਂ ਕੀਤਾ ਜਾਏ ? ਹੇ ਭਾਈ ! ਜਦ) ਸਤਿ ਗੁਰੂ ਜੀ ਨੇ ਇਹ ਦੱਸਿਆ ਹੈ ਕਿ ਸਭ ਕੁਝ ਪ੍ਰਭੂ ਦੇ ਹੁਕਮ ਨਾਲ ਹੀ ਹੁੰਦਾ ਹੈ (ਤਾਂ ਸਾਨੂੰ ਸਗੋਂ ਉਸ ਦੀ ਰਜ਼ਾ ਵਿਚ ਸਦਾ ਸੰਤੁਸ਼ਟ ਅਤੇ ਪ੍ਰਸੰਨ ਰੇਹਿਣਾ ਚਾਹੀਦਾ ਹੈ) । ਇਸ ਵਾਸਤੇ ਅਸੀਂ ਤਾਂ ਸਗੋਂ ਚਿੰਤਾ ਫ਼ਿਕਰ ਛੱਡ ਕੇ (ਉਸ ਦੀ ਰਜ਼ਾ ਵਿਚ) ਬੇ-ਫ਼ਿਕਰ ਟਿਕੇ ਰਹੀਏ । ੩ ।

ਹੇ ਵਾਹਿਗੁਰੂ ਜੀ ! ਤੂੰ ਸਭ ਜੀਆਂ ਦਾ ਮਾਲਕ ਹੈਂ, ਹਰੇਕ ਜੀਵ ਤੇਰਾ (ਪੈਦਾ ਕੀਤਾ ਹੋਇਆ) ਹੈ । ਜਿਵੇਂ ਤੇਰੀ ਰਜ਼ਾ ਹੈ, (ਤੂੰ ਜੀਵਾਂ ਦੀ ਕਿਸਮਤ ਦਾ) ਫ਼ੈਸਲਾ ਕਰਦਾ ਹੈਂ । ਹੇ ਪ੍ਰਭੂ ! ਤੈਥੋਂ ਬਿਨਾ (ਤੇਰੇ ਬਰਾਬਰ ਦਾ ਦੂਜਾ ਹੋਰ ਕੋਈ ਨਹੀਂ ਹੈ, ਹੇ ਪ੍ਰਭੂ !) ਮੈਂ ਤੇਰੀ ਸਰਨ ਆਇਆ ਹਾਂ, ਮੇਰੀ ਲਾਜ ਰੱਖ । ੪ ।

ਸਾਨੂੰ ਸਦਾ ਵਿਸ਼ਵਾਸ਼ ਬਣਿਆਂ ਰਹਿਣਾ ਚਾਹੀਦਾ ਹੈ ਕਿ:--

੫੦- **ਸਤਿਗੁਰਿ ਮੋ ਕਉ ਕੀਨੋ ਦਾਨੁ ॥ ਅਮੋਲ ਰਤਨੁ ਹਰਿ ਦੀਨੋ ਨਾਮੁ ॥ ਸਹਜ ਬਿਨੋਦ ਚੋਜ ਆਨੰਤਾ ॥ ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ ॥ ੧ ॥ ਕਹੁ ਨਾਨਕ ਕੀਰਤਿ ਹਰਿ ਸਾਚੀ ॥ ਬਹੁਰਿ ਬਹੁਰਿ ਤਿਸੁ ਸੰਗਿ ਮਨੁ ਰਾਚੀ ॥ ੧ ॥ ਰਹਾਉ ॥ ਅਚਿੰਤ ਹਮਾਰੈ ਭੋਜਨ ਭਾਉ ॥ ਅਚਿੰਤ ਹਮਾਰੈ ਲੀਚੈ ਨਾਉ ॥ ਅਚਿੰਤ ਹਮਾਰੈ ਸਬਦਿ ਉਧਾਰ ॥ਅਚਿੰਤ ਹਮਾਰੈ ਭਰੇ ਭੰਡਾਰ ॥ ੨ ॥ ਅਚਿੰਤ ਹਮਾਰੈ ਕਾਰਜ ਪੂਰੇ ॥ ਅਚਿੰਤ ਹਮਾਰੈ ਲਥੇ ਵਿਸੂਰੇ ॥ ਅਚਿੰਤ ਹਮਾਰੈ ਬੈਰੀ ਮੀਤਾ ॥ ਅਚਿੰਤੋ ਹੀ ਇਹੁ ਮਨੁ ਵਸਿ ਕੀਤਾ ॥ ੩ ॥ ਅਚਿੰਤ ਪ੍ਰਭੂ ਹਮ ਕੀਆ ਦਿਲਾਸਾ ॥ਅਚਿੰਤ ਹਮਾਰੀ ਪੂਰਨ ਆਸਾ ॥**

**ਅਚਿੰਤ** ਹਮ੍ਾ ਕਉ ਸਗਲ ਸਿਧਾਂਤੁ ॥ **ਅਚਿੰਤੁ** ਹਮ ਕਉ ਗੁਰਿ ਦੀਨੋ ਮੰਤੁ ॥ ੪ ॥ **ਅਚਿੰਤ** ਹਮਰੇ ਬਿਨਸੇ ਬੈਰ ॥ **ਅਚਿੰਤ** ਹਮਰੇ ਨਿਟੇ ਅੰਧੇਰ ॥ **ਅਚਿੰਤੋ** ਹੀ ਮਨਿ ਕੀਰਤਨੁ ਮੀਠਾ ॥ ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ ॥੫॥ ਅਚਿੰਤ ਮਿਟਿਓ ਹੈ ਸਗਲੋ ਭਰਮਾ ॥ ਅਚਿੰਤ ਵਸਿਓ ਮਨਿ ਸੁਖ ਬਿਸ੍ਰਾਮਾ ॥ **ਅਚਿੰਤ** ਹਮਰੈ ਅਨਹਤ ਵਾਜੈ ॥ ਅਚਿੰਤ ਹਮਰੈ ਗੋਬਿੰਦੁ ਗਾਜੈ ॥ ੬ ॥ **ਅਚਿੰਤ** ਹਮਰੈ ਮਨੁ ਪਤੀਆਨਾ ॥ ਨਿਹਚਲ ਧਨੀ **ਅਚਿੰਤੁ** ਪਛਾਨਾ ॥ **ਅਚਿੰਤੋ** ਉਪਜਿਓ ਸਗਲ ਬਿਬੇਕਾ ॥ **ਅਚਿੰਤ** ਚਰੀ ਹਥਿ ਹਰਿ ਹਰਿ ਟੇਕਾ ॥ ੭ ॥ **ਅਚਿੰਤ** ਪ੍ਰਭੂ ਧੁਰਿ ਲਿਖਿਆ ਲੇਖੁ ॥ **ਅਚਿੰਤ** ਮਿਲਿਓ ਪ੍ਰਭ ਠਾਕੁਰੁ ਏਕੁ ॥ **ਚਿੰਤ ਅਚਿੰਤਾ ਸਗਲੀ ਗਈ** ॥ ਪ੍ਰਭੁ ਨਾਨਕ ਨਾਨਕ ਨਾਨਕ ਮਈ ॥ ੮ ॥ [੧੧੫੭]-੩-੬

**ਪਦ ਅਰਥ**:--ਅਮੋਲ=ਜੋ ਕਿਸੇ ਵੀ ਮੁਲ ਤੇ ਨਾ ਮਿਲ ਸਕੇ । ਸਹਜ ਬਿਨੋਦ=ਆਤਮਕ ਅਡੋਲਤਾ ਦੇ ਅਨੰਦ । ਅਨੰਤਾ=ਬੇਅੰਤ । ਅਚਿੰਤਾ=(ਜੀਵਾਂ ਦੇ ਮਨ ਦੀ) ਚਿੰਤਾ ਦੂਰ ਕਰਨ ਵਾਲਾ। **੧** । ਕੀਰਤਿ=ਸਿਫ਼ਤਿ ਸਲਾਹ । ਬਹੁਰਿ ਬਹੁਰਿ=ਮੁੜ ਮੁੜ ਕੇ । ਰਾਚੀ=ਜੋੜੀ ਰੱਖ । **੧** । **ਰਹਾਉ** । ਅਚਿੰਤ ਭਾਉ=ਚਿੰਤਾ ਦੂਰ ਕਰਨ ਵਾਲੇ ਪਰਮਾਰਮਾ ਦਾ ਪਿਆਰ । ਅਚਿੰਤ ਨਾਉ=ਚਿੰਤਾ ਮਿਟਾਉਣ ਵਾਲੇ ਪ੍ਰਭੂ ਦਾ ਨਾਮ । **੨** । ਪੂਰੇ=ਸਫ਼ਲ ਹੁੰਦੇ ਹਨ । ਵਿਸੂਰੇ+ਚਿੰਤਾ-ਝੋਰੇ । **੩** । ਦਿਲਾਸਾ=ਹੌਸਲਾ । ਮੰਤ=ਉਪਦੇਸ਼ । ।

੫੧- **ਮਃ ੩ ॥ ਚਿੰਤਾ ਭਿ ਆਪਿ ਕਰਾਇਸੀ, ਅਚਿੰਤੁ ਭਿ ਆਪੇ ਦੇਇ ॥**
**ਨਾਨਕ ਸੋ ਸਾਲਾਹੀ, ਜਿ ਸਭਨਾ ਸਾਰ ਕਰੇਇ ॥ ੨੨੦ ॥**[੧੩੭੬]

੭

## ਚਿੰਤਾਮਣਿ

ਬ੍ਰਾਹਮਣ ਦੇ ਰਚੇ ਹੋਏ ਪੁਰਾਣਾ ਅਨੁਸਾਰ ਚਿੰਤਾਮਣਿ ਇੱਕ ਮਣੀ (ਰਤਨ) ਹੈ ਜੋ ਮਨਚਿਤਵੇ ਪਦਾਰਥ ਦਿੰਦੀ ਹੈ । ਪਰ ਗੁਰਬਾਣੀ ਵਿਚ ਚਿੰਤਾਮਣਿ ਸਿਰਜਣ ਹਾਰ ਪਰਮਾਤਮਾ ਨੂੰ ਕਿਹਾ ਗਿਆ ਹੈ:--

੫੨- **ਚਿੰਤਾਮਣਿ** ਕਰੁਣਾ ਮਏ ॥ ੧ ॥ ਰਹਾਉ ॥ ਦੀਨ ਦਇਆਲਾ ਪਾਰਬ੍ਰਹਮ ॥ ਜਾ ਕੈ ਸਿਮਰਣਿ ਸੁਖ ਭਏ ॥ ੧ ॥ ਅਕਾਲ ਪੁਰਖ ਅਗਾਧਿ ਬੋਧ ॥ ਸੁਨਤ ਜਸੋ ਕੋਟਿ ਅਘ ਖਏ ॥ ੨ ॥ ਕਿਰਪਾ ਨਿਧਿ ਪ੍ਰਭ ਮਇਆ ਧਾਰਿ ॥ ਨਾਨਕ ਹਰਿ ਹਰਿ ਨਾਮ ਲਏ ॥ ੩ ॥ [੨੧੨]-੧੩-੧੫੧

੫੩- ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥
ਨਾਨਕ ਕਹਤ ਚੇਤ **ਚਿੰਤਾਮਨਿ** ਤੈ ਭੀ ਉਤਰਹਿ ਪਾਰਾ ॥ ੩ ॥ [੬੩੨]-੪

੫੪- ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ॥ ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ ॥ ੨ ॥ ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥ ਤਬ ਨਾਨਕ ਚੇਤਿਓ **ਚਿੰਤਾਮਨਿ** ਕਾਟੀ ਜਮ ਕੀ ਫਾਸੀ ॥ ੩ ॥ [੬੩੩]-੭

੮

## ਮਨੁੱਖੀ ਹਿਰਦਾ ਪ੍ਰਭੂ ਦਾ ਨਿਵਾਸ ਅਥਾਨ ?

ਗੁਰਬਾਣੀ ਵਿਚ ਹਿਰਦੇ ਨੂੰ ' ਉਰ, ਹੀਆਉ, ਹੀਉਂ, ਹਠ, ਘਟ, ਘਰ, ਮਹਲ, ਤਖ਼ਤ ਆਦਿ ਵੀ ਕਿਹਾ ਹੈ । ਅਜੇਹੇ ਬੇਅੰਤ ਗੁਰੂ ਫ਼ੁਰਮਾਨ ਹਨ ਜਿਨ੍ਹਾਂ ਵਿਚ ਹਿਰਦੇ ਨੂੰ ਪ੍ਰਭੂ ਦਾ ਘਰ, ਅਥਵਾ ਪ੍ਰਭੂ ਦੇ ਵਾਸ ਦੀ ਥਾਂ ਮੰਨਿਆਂ ਹੋਇਆ ਹੈ । ਡੂੰਘੇ ਅਤੇ ਸ਼ੁੱਧ ਪਿਆਰ ਨਾਲ ਭਰਪੂਰ, ਹੰਕਾਰ ਰਹਿਤ, ਹਿਰਦੇ ਵਿਚ ਪਰਮਾਤਮਾ ਡਲ੍ਹਕਾਂ ਮਾਰਦਾ ਦਿੱਸ ਆਉਂਦਾ ਹੈ । ਮਹਾਨ ਕੋਸ਼ ਵਿਚ ' ਛਾਂਦੋਗ ਉਪਨਿਸ਼ਦ ' ਦੇ ਹਵਾਲੇ ਨਾਲ, ਹਿਰਦੇ ਦਾ ਅਰਥ ਇਸ ਪ੍ਰਕਾਰ ਲਿਖਿਆ ਹੈ--" ਰਿਦੇ ਵਿਚ ਨਿਵਾਸ ਕਰਨ ਵਾਲਾ **ਪਰਮਾਤਮਾ** " । ਅਗੇ " ਮਾਝ ਕੀ ਵਾਰ ਮਹਲਾ ੧ ", ਵਿਚੋਂ ਗੁਰਬਾਣੀ ਦੀ ਤੁਕ ਹੈ--**ਹਿਰਦੈ ਰਿਦੈ ਨਿਹਾਲ ॥** ਕਿ, ਰਿਦੇ ਵਿਚ ਹਿਰਦੈ ਨੂੰ, ਭਾਵ, ਕਰਤਾਰ ਨੂੰ ਵੇਖ " । ਗੁਰੂ ਗ੍ਰੰਥ ਸਾਹਿਬ ਦਾ ਫ਼ੁਰਮਾਨ--**ਹਿਰਦੈ ਵਸਿਆ ਸਦਾ ਗੁਪਾਲ** " [੨੦੦]-" **ਹਿਰਦੈ ਵਸਿਆ ਸੁ ਬਾਹਰਿ ਪਾਸਾਰਾ** " [੧੧੭੬] । ਆਓ ! ਇਕਾਗਰ ਚਿਤ ਹੋ ਕੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਹਿਰਦੇ ਬਾਰੇ ਬਹੁਪੱਖੀ ਗਿਆਨ ਪ੍ਰਾਪਤ ਕਰ ਕੇ ਆਪਣੀ ਜੀਵਨ ਜੁਗਤਿ ਸੁਆਰਨ ਦੇ ਆਹਰੇ ਲਗੀਏ:---

### ਪ੍ਰਭੂ ਦਾ ਟਿਕਾਣਾ, ਹਿਰਦਾ---

੫੫- **ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥ ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂੰਢੇਹਿ ॥੧੯॥**[੧੩੭੮]

**ਅਰਥ**:--ਹੇ ਫ਼ਰੀਦ ! ਜੰਗਲਾਂ ਵਿਚ ਭੌਂਦੇ ਫਿਰਨ ਦਾ ਕੀ ਲਾਭ ? ਜੰਗਲਾਂ ਵਿਚ ਕੰਡੇ ਕਿਉਂ ਲਤਾੜਦਾ ਫਿਰਦਾ ਹੈਂ ? ਜਿਸ ਨੂੰ ਤੂੰ ਜੰਗਲਾਂ ਵਿਚ ਲੱਭਦਾ ਫਿਰਦਾ ਹੈਂ ਉਹ ਰੱਬ ਤਾਂ ਤੇਰੇ ਹਿਰਦੇ ਵਿਚ ਵੱਸਦਾ ਹੈ । [ਇਹ ਸਲੋਕ ਸ੍ਰਿਸ਼ਟ੍ਰੀ ਸਿਰਜਣਾ ਲੇਖ ਦੇ ੯੧ ਨੰਬਰ ਤੇ ਵੀ ਆਇਆ ਹੈ ]

ਜੰਗਲਾਂ ਵਿਚ ਭਟਕਣਾ ਛੱਡ ਕੇ ਹਿਰਦੇ ਵਿਚੋਂ ਹੀ ਖੋਜੋ:--

੫੬- **ਕਰਹੁ ਬਿਬੇਕੁ ਸੰਤੁ ਜਨ ਭਾਈ, ਖੋਜਿ ਹਿਰਦੈ ਦੇਖਿ ਢੰਢੋਲੀ ॥**
**ਹਰਿ ਹਰਿ ਰੂਪੁ ਸਭ ਜੋਤਿ ਸਬਾਈ ਹਰਿ ਨਿਕਟਿ ਵਸੈ ਹਰਿ ਕੋਲੀ ॥ ੨ ॥**[੧੬੮]-੧-੧੫-੫੩

**ਅਰਥ**:--ਹੇ ਗੁਰਮੁਖ ਜਨ ਭਰਾਵੋ ! ਤੁਸੀ ਆਪਣੇ ਹਿਰਦੇ ਵਿਚ ਖੋਜ-ਭਾਲ ਕਰ ਕੇ ਵੇਖ ਕੇ ਵਿਚਾਰ ਕਰੋ (ਤੁਹਾਨੂੰ ਇਹ ਗੱਲ ਪ੍ਰਤੱਖ ਦਿੱਸ ਪਵੇਗੀ ਕਿ ਇਹ ਸਾਰਾ ਜਗਤ) ਪਰਮਾਤਮਾ ਦਾ ਹੀ ਰੂਪ ਹੈ, ਸਾਰੀ ਸ੍ਰਿਸ਼ਟੀ ਵਿਚ ਪਰਮਾਤਮਾ ਦੀ ਹੀ ਜੋਤਿ ਵੱਸ ਰਹੀ ਹੈ । ਪਰਮਾਤਮਾ ਹਰੇਕ ਜੀਵ ਦੇ ਕੋਲ ਹੀ ਵੱਸ ਰਿਹਾ ਹੈ । ੨ ।

੫੭- **ਦੇਖਹੁ ਅਚਰਜੁ ਭਇਆ ॥ ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ ॥ ਰਹਾਉ ॥** [੬੧੨]-੩-੧੪

**ਅਰਥ:**--ਹੇ ਭਾਈ ! ਵੇਖੋ (ਮੇਰੇ ਅੰਦਰ) ਇਕ ਅਨੋਖਾ ਕੌਤਕ ਵਰਤਿਆ ਹੈ । ਗੁਰੂ ਨੇ (ਮੈਨੂੰ ਮੇਰੇ) ਹਿਰਦੇ ਵਿਚ ਉਹ ਪਰਮਾਤਮਾ (ਵਿਖਾ) ਦਿੱਤਾ ਹੈ ਜਿਸ ਦੀ ਬਾਬਤ ਸੁਣਦੇ ਸਾਂ ਕਿ ਉਹ ਮਨੁੱਖਾ ਸਮਝ ਤੋਂ ਪਰੇ ਹੈ । ਰਹਾਉ ।

੫੮- **ਆਤਮਰਾਮੁ ਸਰਬ ਮਹਿ ਪੇਖੁ ॥ ਪੂਰਨ ਪੂਰਿ ਰਹਿਆ ਪ੍ਰਭ ਏਕੁ ॥**
**ਰਤਨੁ ਅਮੋਲੁ ਰਿਦੇ ਮਹਿ ਜਾਨੁ ॥ ਅਪਨੀ ਵਸਤੁ ਤੂ ਆਪਿ ਪਛਾਨੁ ॥ ੧ ॥** [੮੯੨]-੧੯-੩੦

**ਅਰਥ:**--(ਹੇ ਭਾਈ !) ਸਰਬ-ਵਿਆਪਕ ਪਰਮਾਤਮਾ ਨੂੰ ਸਭ ਜੀਵਾਂ ਵਿਚ (ਵੱਸਦਾ) ਵੇਖ । ਇਕ ਪਰਮਾਤਮਾ ਹੀ ਪੂਰਨ ਤੌਰ ਤੇ ਸਭ ਵਿਚ ਮੌਜੂਦ ਹੈ । ਹੇ ਭਾਈ ! ਹਰਿ-ਨਾਮ ਇਕ ਐਸਾ ਰਤਨ ਹੈ ਜਿਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ, ਉਹ ਰਤਨ **ਤੇਰੇ ਹਿਰਦੇ ਵਿਚ ਵੱਸ** ਰਿਹਾ ਹੈ, ਉਸ ਨਾਲ ਸਾਂਝ ਪਾ । (ਦੁਨੀਆ ਦੇ ਸਾਰੇ ਪਦਾਰਥ ਬਿਗਾਨੇ ਹੋ ਜਾਂਦੇ ਹਨ, ਇਹ ਹਰਿ-ਨਾਮ ਹੀ) ਤੇਰੀ ਆਪਣੀ ਚੀਜ਼ ਹੈ, ਤੂੰ ਆਪ ਇਸ ਚੀਜ਼ ਨੂੰ ਪਛਾਣ । ੧ ।

੫੯- **ਹਠ ਮਝਾਹੂ ਮਾ ਪਿਰੀ ਪਸੇ ਕਿਉ ਦੀਦਾਰ ॥ ਸੰਤ ਸਰਣਾਈ ਲਭਣੇ ਨਾਨਕ ਪ੍ਰਾਣ ਅਧਾਰ ॥ ੧ ॥**[੮੦]-ਛੰਤ-੧

**ਅਰਥ:**--ਮੇਰਾ ਪਿਆਰਾ ਪ੍ਰਭੂ-ਪਤੀ ਮੇਰੇ ਹਿਰਦੇ ਵਿਚ (ਵੱਸਦਾ ਹੈ, ਪਰ ਉਸ ਦਾ) ਦੀਦਾਰ ਕਿਵੇਂ ਹੋਵੇ ? ਹੇ ਨਾਨਕ ! ਉਹ ਪ੍ਰਾਣਾ ਦਾ ਆਸਰਾ ਪ੍ਰਭੂ ਸੰਤ ਜਨਾਂ ਦੀ ਸਰਨ ਪਿਆਂ ਹੀ ਲੱਭਦਾ ਹੈ । ੧ ।

੬੦- **ਹਠ ਮੰਝਾਹੂ ਮੈ ਮਾਣਕੁ ਲਧਾ ॥ ਮੁਲਿ ਨ ਘਿਧਾ ਮੈ ਕੂ ਸਤਿਗੁਰਿ ਦਿਤਾ ॥**
**ਢੂੰਢ ਵਞਾਈ ਥੀਆ ਥਿਤਾ ॥ ਜਨਮੁ ਪਦਾਰਥੁ ਨਾਨਕ ਜਿਤਾ ॥ ੨ ॥** [੯੬੪]-ਵਾਰ-੧੭

**ਅਰਥ:**--ਮੈ ਆਪਣੇ ਹਿਰਦੇ ਵਿਚ ਇੱਕ ਲਾਲ ਲੱਭਾ ਹੈ, (ਪਰ ਮੈਂ ਕਿਸੇ) ਮੁੱਲ ਤੋਂ ਨਹੀਂ ਲਿਆ, (ਇਹ ਲਾਲ ਮੈਨੂੰ ਸਤਿਗੁਰੂ ਨੇ ਦਿੱਤਾ ਹੈ, (ਇਸ ਦੀ ਬਰਕਤਿ ਨਾਲ) ਮੇਰੀ ਭਟਕਣਾ ਮੁੱਕ ਗਈ ਹੈ, ਮੈਂ ਟਿਕ ਗਿਆ ਹਾਂ, ਮੈ ਮਨੁੱਖਾ ਜੀਵਨ-ਰੂਪ ਕੀਮਤੀ ਚੀਜ਼ (ਦਾ ਲਾਭ) ਹਾਸਲ ਕਰ ਲਿਆ ਹੈ । ੨ ।

## ਉਚੇਚਾ ਧਿਆਨ ਦੇਣ ਦੀ ਲੋੜ:--

ਉਪ੍ਰੋਕਤ ਗੁਰੂ ਸ਼ਬਦਾਂ ਵਿਚ ਸਪੱਸ਼ਟ ਤੌਰ ਤੇ ਸਮਝਾਇਆ ਗਿਆ ਹੈ ਕਿ ਸਰਬੱਤ ਮਨੁੱਖਾਂ ਦੇ ਹਿਰਦੇ ਵਿਚ ਪਰਮਾਤਮਾ ਇਕਸਾਰ ਵਿਆਪਕ ਹੈ, ਅਤੇ ਉਸ ਦੀ ਭਾਲ ਬਾਹਰੋਂ ਕਰਨੀ ਵਿਅਰਥ ਦੀ ਖੇਚਲ ਹੈ । ਪਰ ਗੁਰਬਾਣੀ ਅੰਦਰ ਕਈ ਗੁਰੂ ਫ਼ੁਰਮਾਨ ਅਜੇਹੇ ਵੀ ਹਨ ਜਿੰਨ੍ਹਾਂ ਤੋਂ ਇਹ ਵਿਚਾਰ ਬਣਾ ਲਈ ਜਾਂਦੀ ਹੈ ਕਿ ਪ੍ਰਭੂ ਦਾ ਨਿਵਾਸ ਕੇਵਲ ਖ਼ਾਸ ਖ਼ਾਸ ਹਿਰਦਿਆਂ ਵਿਚ ਹੀ ਹੈ । ਪਰ ਅਜੇਹੇ ਸਮਝ ਬੈਠਣਾ, ਗੁਰਮਤਿ ਦੇ ਉਪ੍ਰੋਕਤ ਸਿਧਾਂਤ ਦੀ ਖੰਡਨਾ ਕਰਨ ਦਾ ਪਾਪ ਹੈ । ਆਉ ਹੇਠ ਲਿਖੇ ਗੁਰੂ ਫ਼ੁਰਮਾਨ ਵਿਚਾਰ ਕੇ ਗੁਰਮਤਿ ਦੇ ਇਸ ਪੱਖ ਨੂੰ ਵੀ ਸਮਝਣ ਦਾ ਯਤਨ ਕਰੀਏ:--

੬੧- **ਹਮ ਘਰਿ ਸੂਤੁ ਤਨਹਿ ਨਿਤ ਤਾਨਾ, ਕੰਠਿ ਜਨੇਊ ਤੁਮਾਰੇ ॥ ਤੁਮ੍ ਤਉ ਬੇਦ ਪੜਹੁ ਗਾਇਤ੍ਰੀ**
**ਗੋਬਿੰਦੁ ਰਿਦੈ ਹਮਾਰੇ ॥ ੧ ॥ ਮੇਰੀ ਜਿਹਬਾ ਬਿਸਨੁ, ਨੈਨ ਨਾਰਾਇਨ, ਹਿਰਦੈ ਬਸਹਿ**
**ਗੋਬਿੰਦਾ ॥ ਜਮ ਦੁਆਰਿ ਜਬ ਪੂਛਸਿ ਬਵਰੇ, ਤਬ ਕਿਆ ਕਹਸਿ ਮੁਕੰਦਾ ॥ ੧ ॥ ਰਹਾਉ ॥**[੪੮੨]-੪-੨੬

**ਅਰਥ:**--(ਹੇ ਝੱਲੇ ਬ੍ਰਾਹਮਣ ! ਜੇ ਤੈਨੂੰ ਇਸ ਕਰਕੇ ਆਪਣੀ ਉੱਚੀ ਜ਼ਾਤ ਦਾ ਮਾਣ ਹੈ ਕਿ) ਤੇਰੇ ਗਲ ਵਿਚ ਜਨੇਊ ਹੈ (ਜੋ ਸਾਡੇ ਗਲ ਨਹੀਂ ਹੈ, ਤਾਂ ਵੇਖ, ਉਹੋ ਜਿਹਾ ਹੀ) ਸਾਡੇ ਘਰ (ਬਥੇਰਾ) ਸੂਤਰ ਹੈ (ਜਿਸ ਨਾਲ) ਅਸੀ ਨਿੱਤ ਤਾਣਾ ਤਣਦੇ ਹਾਂ । (ਤੇਰਾ ਵੇਦ ਪੜ੍ਹਨ ਦਾ ਮਾਣ ਵੀ ਕੂੜਾ ਹੈ, ਕਿਉਂਕਿ) ਤੁਸੀਂ ਤਾਂ ਵੇਦ ਤੇ ਗਾਇਤ੍ਰੀ-ਮੰਤ੍ਰ ਨਿਰੇ ਜੀਭ ਨਾਲ ਹੀ ਉਚਾਰਦੇ ਹੋ, ਪਰ ਪਰਮਾਤਮਾ ਮੇਰੇ ਹਿਰਦੇ ਵਿਚ **। ੧ ।** ਹੇ ਕਮਲੇ ਬ੍ਰਾਹਮਣ ! ਪ੍ਰਭੂ ਜੀ ਤਾਂ ਮੇਰੀ ਜੀਭ ਉੱਤੇ, ਮੇਰੀਆਂ ਅੱਖਾਂ ਵਿਚ ਤੇ ਮੇਰੇ ਦਿਲ ਵਿਚ ਵੱਸਦੇ ਹਨ । ਪਰ ਤੈਨੂੰ ਜਦੋਂ ਧਰਮਰਾਜ ਦੀ ਹਜ਼ੂਰੀ ਵਿਚ ਪ੍ਰਭੂ ਵਲੋਂ ਪੁੱਛ ਹੋਵੇਗੀ ਤਾਂ ਕੀ ਉੱਤਰ ਦੇਵੇਂਗਾ (ਕੀ ਕਰਦਾ ਰਿਹਾ ਕਿਥੇ ਸਾਰੀ ਉਮਰ ਗੁਜ਼ਾਰੀ) ? । ੧ । ਰਹਾਉ ।

ਬ੍ਰਾਹਮਣ ਨੂੰ ਸੰਬੋਧਨ ਕਰਕੇ ਸਤਿਗੁਰੂ ਗ੍ਰੰਥ ਸਾਹਿਬ ਜੀ ਨੇ, ਮਨੁੱਖਤਾ ਨੂੰ ਇਕ ਗੁਰਮਤਿ-ਸਿਧਾਂਤ ਇਹ ਦਿੱਤਾ ਹੈ ਕਿ, ਜਬਾਨ ਨਾਲ ਧਰਮ ਪੁਸਤਕਾਂ ਮੰਤ੍ਰ-ਪਾਠ ਕਰੀ ਜਾਣਾ, ਨਿਸਫਲ ਹੈ । ਕਬੀਰ ਸਾਹਿਬ ਜੀ ਦਾ ਇਹ ਫ਼ੁਰਮਾਨ ਕਿ ਧਰਮ ਪੁਸਤਕਾਂ ਦੇ ਪਾਠੀ ਹੋਣ ਦਾ ਮਾਣ ਫੋਕਾ ਹੈ ਕਿਉਂਕਿ ਜਿਸ ਪਰਮਾਤਮਾ ਨੂੰ ਖ਼ੁਸ਼ ਕਰਨ ਲਈ ਤੁਸੀਂ ਪਾਠੀ ਹੋਣ ਦਾ ਪਰਪੰਚ ਰਚਾਇਆ ਹੋਇਆ ਹੈ ਉਹ ਈਸ਼ਵਰ ਤਾਂ ਮੇਰੇ ਹਿਰਦੇ ਵਿਚ ਬੈਠਾ ਹੋਇਆ ਹੈ । ਕੀ, ਕਬੀਰ ਸਾਹਿਬ ਨੇ ਇਹ ਕਿਹਾ ਹੈ ਕਿ ਵੇਦ ਪਾਠੀਆਂ ਦੇ ਹਿਰਦੇ ਵਿਚ ਪਰਮਾਤਮਾ ਦੀ ਮੌਜੂਦਗੀ ਨਹੀਂ ਹੈ ? ਅਤੇ ਫਿਰ ਇਹ ਗੁਰੂ ਫ਼ੁਰਮਾਨ ਵੀ ਹੈ:--

੬੨- **ਜਾ ਕੈ ਰਿਦੈ ਵਸੈ ਭੈ ਭੰਜਨੁ ਤਿਸੁ ਜਾਨੈ ਸਗਲ ਜਹਾਨੁ ॥**
**ਖਿਨੁ ਪਲੁ ਬਿਸਰੁ ਨਹੀ ਮੇਰੇ ਕਰਤੇ ਇਹੁ ਨਾਨਕੁ ਮਾਂਗੈ ਦਾਨੁ ॥ ੨ ॥**[੧੨੨੬]-੯੦-੧੧੩

**ਅਰਥ:**--ਸਾਰੇ ਡਰਾਂ ਦਾ ਨਾਸ ਕਰਨ ਵਾਲਾ ਪਰਮਾਤਮਾ ਜਿਸ ਮਨੁੱਖ ਦੇ ਹਿਰਦੇ ਵਿਚ ਆ ਵਸਿਆ ਹੈ, ਉਸ ਨੂੰ ਸਾਰਾ ਜਗਤ ਜਾਣ ਲੈਂਦਾ ਹੈ (ਭਾਵ, ਸਾਰੇ ਜਗਤ ਵਿਚ ਉਸ ਦੀ ਸੋਭਾ ਖਿੱਲਰ ਜਾਂਦੀ ਹੈ) । (ਉਸ ਪਰਮਾਤਮਾ ਦੇ ਦਰ ਤੋਂ) ਨਾਨਕ ਇਹ ਦਾਨ ਮੰਗਦਾ ਹੈ ਕਿ ਹੇ ਮੇਰੇ ਕਰਤਾਰ ! (ਮੇਰੇ ਮਨ ਤੋਂ ਕਦੇ) ਇਕ ਖਿਨ ਵਾਸਤੇ ਇਕ ਪਲ ਵਾਸਤੇ ਵੀ ਨਾ ਵਿੱਸਰ । ੧ ।

ਇਸ ਤੋਂ ਵੀ ਏਹੀ ਸਮਝ ਪੈਂਦੀ ਹੈ ਕਿ ਪ੍ਰਭੂ ਦਾ ਵਾਸਾ ਸਾਰਿਆਂ ਦੇ ਹਿਰਦੇ ਵਿਚ ਨਹੀਂ ਹੈ, ਸਗੋਂ ਵਿਰਲੇ ਕਰਮਾਂ ਵਾਲਿਆਂ ਦੇ ਹਿਰਦੇ ਵਿਚ ਹੀ ਉਸ ਦਾ ਨਿਵਾਸ ਹੈ--

੬੩- **ਸੈਨੁ ਨਾਈ ਬੁਤਕਾਰੀਆ, ਓਹੁ ਘਰਿ ਘਰਿ ਸੁਨਿਆ ॥**
**ਹਿਰਦੇ ਵਸਿਆ ਪਰਬ੍ਰਹਮੁ, ਭਗਤਾ ਮਹਿ ਗਨਿਆ ॥ ੩ ॥** [੪੮੭]-੨

**ਅਰਥ:**--ਸੈਣ (ਜ਼ਾਤਿ ਦਾ) ਨਾਈ ਲੋਕਾਂ ਦੀਆਂ ਬੁੱਤੀਆਂ ਕਢੱਣ ਵਾਲਾ ਸੀ, ਉਸ ਦੀ ਘਰ ਘਰ ਸੋਭਾ ਹੋ ਤੁਰੀ, ਉਸ ਦੇ ਹਿਰਦੇ ਵਿਚ ਪਰਮਾਤਮਾ ਵੱਸ ਪਿਆ ਤੇ ਉਹ ਭਗਤਾਂ ਵਿਚ ਗਿਣਿਆਂ ਜਾਣ ਲੱਗ ਪਿਆ । ੩ ।

ਭਗਤ ਸੈਨ ਜੀ ਦੀ ਸੋਭਾ ਤਦੋਂ ਹੀ ਖਿਲਰੀ ਜਦੋਂ ਉਨ੍ਹਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਵਾਸਾ ਹੋ ਗਿਆ ਸੀ। ਭਾਵ, ਪਹਿਲਾਂ ਉਨ੍ਹਾਂ ਦਾ ਹਿਰਦਾ-ਘਰ ਵੀ ਸੁੰਞਾਂ ਹੀ ਸੀ। ਫਿਰ ਕੀ, ਇਹ ਸਮਝਿਆ ਜਾਵੇ ਕਿ, ਸਾਰਿਆਂ ਦੇ ਹਿਰਦਿਆਂ ਵਿਚ ਪ੍ਰਭੂ ਦੀ ਵਿਆਪਕਤਾ ਵਾਲਾ ਗੁਰਮਤਿ ਸਿਧਾਂਤ, ਗੁਰਬਾਣੀ ਨੇ ਆਪ ਹੀ ਖੰਡਨ ਕਰ ਦਿੱਤਾ ? ਅਜੇਹਾ ਵਿਚਾਰ ਮਨ ਵਿਚ ਆਉਣ ਦੇਣਾ ਵੱਡੀ ਬਦਕਿਸਮਤੀ ਦੀ ਨਿਸ਼ਾਨੀ ਹੈ। ਅਸਲੀਅਤ ਉਹੀ ਹੈ ਜੋ ' **ਸਭ ਮਹਿ ਜੋਤਿ ਜੋਤਿ ਹੈ ਸੋਇ** ਅਤੇ--- **ਏਕ ਜੋਤਿ ਦੋਇ ਮੂਰਤੀ**- ਦਾ ਹੈ । ਜਿਵੇਂ **ਜੋਤਿ** ਨੂੰ ਪ੍ਰਗਟ ਕਰਨ ਦਾ ਸਿਧਾਂਤ ਹੈ ਓਵੇਂ ਹੀ ਹਿਰਦੇ ਕੌਲ ਵਿਚ ਪ੍ਰਭੂ **ਦੇ ਪਰਕਾਸ਼-ਮਾਨ ਹੋਣ ਹੁੰਦਾਂ ਹੈ**। ਅੰਦਰ ਬੈਠੇ ਪਰਮਾਤਮਾਂ ਦੀ ਹਜ਼ੂਰੀ ਵਿਚ ਹਾਜ਼ਰ ਹੋਣ ਦਾ, ਹਿਰਦੇ ਵਿਚ ਬੈਠੇ ਪਰਮਾਤਮਾਂ ਦੇ ਆਤਮਕ ਦਰਸ਼ਨ ਕਰਨ ਦਾ, ਹਿਰਦਾ-ਸੇਜ ਨੂੰ ਪ੍ਰਭੂ-ਪਤੀ ਲਈ ਤਿਆਰ ਕਰਨ ਦਾ ਅਤੇ ਪ੍ਰਭੂ ਨਾਲ ਇੱਕ ਮਿੱਕ ਹੋਣ ਦਾ ਗੁਰਮਤਿ ਸਿਧਾਂਤ ਸਪੱਸ਼ਟ ਸਮਝਾਇਆ ਗਿਆ ਹੈ। ਆਪੇ ਦੀ ਪਛਾਣ ਹੀ ਪ੍ਰਭੂ ਦੀ ਪਛਾਣ ਹੈ । ਅੰਦਰ ਬੈਠੇ ਪ੍ਰਭੂ ਦੇ ਅਤੇ ਜੀਵ ਦੇ ਵਿਚਕਾਰ ਕੂੜ ਦੀ ਅਥਵਾ ਹਉਮੈ ਦੀ ਜੋ ਕੰਧ ਹੈ, ਜੋ ਪੜਦਾ ਹੈ, ਉਸ ਨੂੰ ਹਟਾ ਕੇ ਹਿਰਦੇ ਵਿਚ ਨਿਵਾਸ ਕਰੀ ਬੈਠੇ " ਸਰਬ-ਨਿਵਾਸੀ, ਘਟਿ-ਘਟਿ ਵਾਸੀ " ਪ੍ਰਭੂ ਨਾਲ ਇੱਕ-ਮਿੱਕ ਹੋਣਾ ਹੈ । ਪਰ ਅੰਦਰ ਬੈਠੇ ਪ੍ਰਭੂ ਦੀ ਅਜੇਹੀ ਜਾਣ-ਪਛਾਣ ਵੀ ਸਤਿਗੁਰੂ ਜੀ ਆਪ ਹੀ ਕਰਵਾਉਂਦੇ ਹਨ:--

੬੪- **ਪੂਰੇ ਗੁਰ ਤੇ ਆਪੁ ਪਛਾਤਾ ਸਬਦਿ ਸਚੈ ਵੀਚਾਰਾ ॥ ਹਿਰਦੈ ਜਗਜੀਵਨੁ ਸਦ ਵਸਿਆ,**
**ਤਜਿ ਕਾਮੁ ਕ੍ਰੋਧੁ ਅਹੰਕਾਰਾ ॥ ਸਦਾ ਹਜੂਰਿ ਰਵਿਆ ਸਭ ਠਾਈ ਹਿਰਦੈ ਨਾਮੁ ਅਪਾਰਾ ॥**
**ਜੁਗਿ ਜੁਗਿ ਬਾਣੀ ਸਬਦਿ ਪਛਾਣੀ ਨਾਉ ਮੀਠਾ ਮਨਹਿ ਪਿਆਰਾ ॥ ੨ ॥**[੬੦੨]-੭

**ਅਰਥ:**--ਜਿਸ ਮਨੁੱਖ ਨੇ ਪੂਰੇ ਗੁਰੂ ਦੀ ਰਾਹੀਂ ਆਪਣੇ ਆਤਮਕ ਜੀਵਨ ਨੂੰ ਪੜਤਾਲਣਾ ਸ਼ੁਰੂ ਕਰ ਦਿੱਤਾ, ਉਸ ਨੇ ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਦੇ ਸ਼ਬਦ ਵਿਚ ਜੁੜ ਕੇ ਪ੍ਰਭੂ ਦੇ ਗੁਣਾਂ ਨੂੰ ਵਿਚਾਰਨਾ ਸ਼ੁਰੂ ਕਰ ਦਿੱਤਾ । ਕਾਮ ਕ੍ਰੋਧ ਹੰਕਾਰ (ਆਦਿਕ ਵਿਕਾਰ) ਤਿਆਗਣ ਨਾਲ ਉਸ ਦੇ ਹਿਰਦੇ ਵਿਚ ਜਗਤ ਦਾ ਜੀਵਨ ਪ੍ਰਭੂ ਸਦਾ ਲਈ ਆ ਵੱਸਿਆ । ਬੇਅੰਤ ਪ੍ਰਭੂ ਦਾ ਨਾਮ ਉਸ ਦੇ ਹਿਰਦੇ ਵਿਚ ਆ ਵੱਸਣ ਕਰਕੇ ਪ੍ਰਭੂ ਉਸ ਨੂੰ ਹਰ ਵੇਲੇ ਅੰਗ-ਸੰਗ ਵੱਸਦਾ ਅਤੇ ਸਭ ਥਾਵਾਂ ਵਿਚ ਵਿਆਪਕ ਦਿੱਸ ਪਿਆ । ਗੁਰੂ ਦੇ ਸ਼ਬਦ ਦੀ ਰਾਹੀਂ ਉਸ ਨੂੰ ਇਹ ਪਛਾਣ ਆ ਗਈ ਕਿ (ਪਰਮਾਤਮਾ ਨਾਲ ਮਿਲਾਪ ਦਾ ਵਸੀਲਾ) ਹਰੇਕ ਜੁਗ ਵਿਚ (ਹਰ ਹਾਲਤ ਵਿਚ) ਗੁਰੂ ਦੀ ਬਾਣੀ ਹੀ ਹੈ, ਪਰਮਾਤਮਾ ਦਾ ਨਾਮ ਉਸ ਨੂੰ ਆਪਣੇ ਮਨ ਵਿਚ ਪਿਆਰਾ ਲੱਗਣ ਲੱਗ ਪਿਆ । ੨ ।

੬੫- **ਵਡਭਾਗੀ ਹਰਿ ਨਾਮੁ ਬੀਚਾਰਾ ॥ ਛੂਟੈ ਰਾਮ ਨਾਮਿ ਦੁਖੁ ਸਾਰਾ ॥**
**ਹਿਰਦੈ ਵਸਿਆ ਸੁ ਬਾਹਰਿ ਪਾਸਾਰਾ ॥ ਨਾਨਕ ਜਾਣੈ ਸਭੁ ਉਪਾਵਣਹਾਰਾ ॥ ੪ ॥**[੧੧੭੬]-੧੨

**ਅਰਥ:**--ਜਿਹੜਾ ਭਾਗਾਂ ਵਾਲਾ ਮਨੁੱਖ ਪਰਮਾਤਮਾ ਦੇ ਨਾਮ ਨੂੰ ਆਪਣੇ ਸੋਚ-ਮੰਡਲ ਵਿਚ ਵਸਾਉਂਦਾ ਹੈ, ਨਾਮ ਦੀ ਬਰਕਤਿ ਨਾਲ ਉਸ ਦਾ ਸਾਰਾ ਦੁੱਖ ਮੁੱਕ ਜਾਂਦਾ ਹੈ । ਹੇ ਨਾਨਕ ! ਉਹ ਮਨੁੱਖ ਹਰ ਥਾਂ ਸਿਰਜਣਹਾਰ ਨੂੰ ਵੱਸਦਾ ਸਮਝਦਾ ਹੈ (ਉਹ ਵੀ ਉਹੀ ਹੈ ਕਿ ਜਿਹੜਾ ਪ੍ਰਭੂ) ਹਿਰਦੇ ਵਿਚ ਵੱਸ ਰਿਹਾ ਹੈ, ਬਾਹਰ ਜਗਤ ਵਿਚ ਵੀ ਉਹੀ ਪਸਾਰਿਆ ਹੋਇਆ ਹੈ । ੪ ।

੬੬- **ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ ॥ ਜਾ ਹਿਰਦੈ ਵਸਿਆ ਸਚੁ ਸੋਇ ॥**
**ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ ॥ ਹੁਕਮੁ ਪਛਾਣੈ ਬੂਝੈ ਸਚੁ ਸੋਇ ॥ ੪ ॥**[੨੩੨]-੭

**ਅਰਥ:**--ਜਦੋਂ ਮਨੁੱਖ ਦੇ ਹਿਰਦੇ ਵਿਚ ਉਹ ਸਦਾ ਥਿਰ ਰਹਿਣ ਵਾਲਾ ਪਰਮਾਤਮਾ ਆ ਵੱਸਦਾ ਹੈ, ਤਾਂ ਉਸ ਦਾ ਆਪਣੇ ਪਰਵਾਰ ਨਾਲ (ਉਹ) ਮੋਹ-ਪਿਆਰ ਨਹੀਂ ਰਹਿੰਦਾ (ਜੋ ਤ੍ਰੈਗੁਣੀ ਮਾਇਆ ਵਿਚ ਫਸਾਉਂਦਾ ਹੈ) । ਗੁਰੂ ਦੀ ਸਰਨ ਪੈ ਕੇ ਜਿਸ ਮਨੁੱਖ ਦਾ ਮਨ (ਪਰਮਾਤਮਾ ਦੀ ਯਾਦ ਵਿਚ) ਵਿੱਝ ਕੇ ਅਡੋਲ ਹੋ ਜਾਂਦਾ ਹੈ, ਉਹ ਮਨੁੱਖ ਪਰਮਾਤਮਾ ਦੀ ਰਜ਼ਾ ਨੂੰ ਪਛਾਣਦਾ ਹੈ (ਪਰਮਾਤਮਾ ਦੇ ਸੁਭਾਵ ਨਾਲ ਆਪਣਾ ਸੁਭਾਉ ਮਿਲਾ ਲੈਂਦਾ ਹੈ) ਉਹ ਮਨੁੱਖ ਉਸ ਸਦਾ-ਥਿਰ ਪ੍ਰਭੂ ਨੂੰ ਸਮਝ ਲੈਂਦਾ ਹੈ । ੪ ।

ਗੁਰਬਾਣੀ ਦੇ ਸਮੁੱਚੇ ਸਿਧਾਂਤ ਨੂੰ ਸਮਝ ਕੇ ਉਸ ਦੇ ਅਨੁਸਾਰ ਗੁਰੂ-ਹੁਕਮਾਂ ਦੇ ਅਸਲ ਭਾਵ ਨੂੰ ਸਮਝਣ ਦੀ ਲੋੜ ਮੁਕਾਈ ਬੈਠੇ, ਕਥਾਕਾਰ ਸੱਜਣ ਅਥਵਾ ਪਰਚਾਰਕ ਵੀਰ, ਆਪ ਖੁੰਝੇ ਹੋਏ ਹੋਣ ਕਰਕੇ ਸਰੋਤਿਆਂ ਦੇ ਮਨਾਂ ਅੰਦਰ ਵੀ ਗੁਰਬਾਣੀ ਬਾਰੇ ਭੁਲੇਖੇ ਪਾ ਰਹੇ ਹੁੰਦੇ ਹਨ । ਇਸ ਅਵੱਗਿਆ ਤੋਂ ਬਚਨ ਲਈ ਬੜੀ ਸਾਵਧਾਨੀ ਦੀ ਲੋੜ ਹੈ । ਗੁਰਮਤਿ-ਸਿਧਾਂਤ ਦੇ ਹਰ ਪੱਖ ਨੂੰ ਠੀਕ ਤਰ੍ਹਾਂ ਧਿਆਨ ਵਿਚ ਰੱਖ ਕੇ ਗੁਰੂਬਾਣੀ ਦੇ ਅਰਥ ਸਮਝਣੇ ਸਮਝਾਉਣੇ ਚਾਹੀਦੇ ਹਨ ।

ਮਾਇਆ ਦੇ ਭੁੱਖੇ ਤ੍ਰਿਸ਼ਨਾਲੂ ਆਦਿ-ਪ੍ਰੋਹਿਤ ਨੇ ਆਪਣੇ ਸੁਆਰਥ ਨੂੰ ਮੁਖ ਰੱਖ ਕੇ ਅੰਦਰ ਹੀ ਬੈਠੇ ਈਸ਼ਵਰ ਨੂੰ ਜੰਗਲਾਂ ਪਹਾੜਾਂ ਦਾ ਵਾਸੀ ਬਣਾ ਦਿੱਤਾ । ਕਈ ਰਾਜਿਆ ਮਹਾਰਾਜਿਆਂ, ਧਨਾਡਾਂ ਨੂੰ ਉਸ ਦੀ ਭਾਲ ਵਿਚ ਜੰਗਲਾਂ ਬਨਾਂ ਵਿਚ ਭੇਜ ਦਿੱਤਾ ਅਤੇ ਉਨ੍ਹਾਂ ਦਾ ਮਾਲ ਧਨ ਦਾਨ ਦੀ ਸ਼ਕਲ ਵਿਚ ਆਪ ਸਾਂਭ ਲਿਆ। ਉਸ ਦੇ ਇਸ ਮਾਇਆ ਜਾਲ ਨੇ ਅਜੇਹਾ ਸੱਚ ਦਾ ਰੂਪ ਧਾਰਿਆ ਕਿ ਲੋਕਾਂ ਦੇ ਮਨਾਂ ਵਿਚ ਪੱਕਾ ਵਿਸ਼ਵਾਸ਼ ਬਣ ਗਿਆ ਕਿ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਜੰਗਲਾਂ ਬੀਆਬਾਨਾਂ ਵਿਚੋਂ ਹੈ। ਗ੍ਰਿਹਸਤੀ ਲਈ ਪ੍ਰਭੂ-ਭਗਤੀ ਅਸੰਭਵ ਬਣ ਗਈ। ਪੂਰੇ ਸਤਿਗੁਰੂ ਨਾਨਕ ਸਾਹਿਬ ਜੀ ਨੇ ਬ੍ਰਾਹਮਣ ਦੇ ਇਸ ਪਖੰਡ ਨੂੰ ਨੰਗਾ ਕਰਕੇ, ਮਨੁੱਖ ਨੂੰ ਉਸ ਦੇ ਹਿਰਦੇ ਵਿਚ ਹੀ ਬੈਠੇ ਸਿਜਣਹਾਰ ਦੇ ਦਰਸ਼ਨ ਕਰਾ ਦਿੱਤੇ।

੬੭- **ਅਧਰੰ ਧਰੰ ਧਾਰਣਹ ਨਿਧਨੰ ਧਨ ਨਾਮ ਨਰਹਰਹ ॥**
**ਅਨਾਥ ਨਾਥ ਗੋਬਿੰਦਹ ਬਲਹੀਣ ਬਲ ਕੇਸਵਹ ॥**
**ਸਰਬਭੂਤ ਦਯਾਲ ਅਚੁਤ ਦੀਨ ਬਾਂਧਵ ਦਾਮੋਦਰਹ ॥**
**ਸਰਬਗੵ ਪੂਰਨ ਪੁਰਖ ਭਗਵਾਨਹ, ਭਗਤਿ ਵਛਲ ਕਰੁਣਾ ਮਯਹ ॥**
**ਘਟਿ ਘਟਿ ਬਸੰਤ ਬਾਸੁਦੇਵਹ ਪਾਰਬ੍ਰਹਮ ਪਰਮੇਸੁਰਹ ॥**
**ਜਾਚੰਤਿ ਨਾਨਕ ਕ੍ਰਿਪਾਲ ਪ੍ਰਸਾਦੰ ਨਹ ਬਿਸਰੰਤਿ ਮਨ**
**ਬਿਸਰੰਤ ਨਾਰਾਇਣਹ ॥ ੨੧ ॥** [੧੩੫੬]

੯

## ਹਿਰਦੇ ਕਮਲੁ ਪਰਗਾਸਿਆ ॥

ਆਤਮਕ ਜੀਵਨ ਦੀ ਸੋਝੀ ਆ ਜਾਣੀ, ਹਿਰਦੇ ਵਿਚ ਪਰਮਾਤਮਾ ਦੇ ਪ੍ਰਗਟ ਹੋ ਜਾਣ ਦੀ ਨਿਸ਼ਾਨੀ ਹੈ:--

੬੮- **ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥**
**ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥ ੧ ॥**
**ਐਸੀ ਦ੍ਰਿੜਤਾ ਤਾ ਕੈ ਹੋਇ ॥ ਜਾ ਕਉ ਦਇਆ ਮਇਆ ਪ੍ਰਭ ਸੋਇ ॥ ੧ ॥ ਰਹਾਉ ॥**[੨੩੭]-੩

**ਅਰਥ:**--ਜਿਸ ਮਨੁੱਖ ਉਤੇ ਉਸ ਪਰਮਾਤਮਾ ਦੀ ਦਇਆ ਅਥਵਾ ਕਿਰਪਾ ਹੁੰਦੀ ਹੈ, ਉਸ ਮਨੁੱਖ ਦੇ ਹਿਰਦੇ ਵਿਚ ਅਜੇਹਾ ਆਤਮਕ ਬਲ ਪੈਦਾ ਹੁੰਦਾ ਹੈ (ਕਿ) ।੧।ਰਹਾਉ। ਉਹ ਮਨੁੱਖ ਆਪਣੇ ਹਿਰਦੇ ਵਿਚ ਗੁਰੂ ਦਾ ਸਬਦ-ਗਿਆਨ ਵਸਾ ਕੇ ਕਾਮਾਦਿਕ ਪੰਜਾਂ ਵਿਕਾਰਾਂ ਨਾਲੋਂ ਆਪਣਾ ਸਾਥ ਹਟਾ ਲੈਂਦਾ ਹੈ, ਦਸਾਂ ਹੀ ਇੰਦ੍ਰੀਆਂ ਨੂੰ ਆਪਣੇ ਕਾਬੂ ਵਿਚ ਕਰ ਲੈਂਦਾ ਹੈ ਤੇ ਉਸ ਤੇ ਆਤਮਾ ਵਿਚ ਚਾਨਣ ਹੋ ਜਾਂਦਾ ਹੈ (ਉਸ ਨੂੰ ਆਤਮਕ ਜੀਵਨ ਦੀ ਸੂਝ ਆ ਜਾਂਦੀ ਹੈ) । ੧ । -

੬੯- **ਹਿਰਦੇ ਪ੍ਰਗਾਸੁ, ਗਿਆਨ ਗੁਰ ਗੰਮਿਤ, ਗਗਨ ਮੰਡਲ ਮਹਿ ਧਿਆਨਾਨਾਂ ॥**
**ਬਿਖੈ ਰੋਗ ਭੈ ਬੰਧਨ ਭਾਗੇ, ਮਨ ਨਿਜ ਘਰਿ ਸੁਖੁ ਜਾਨਾਨਾ ॥ ੧ ॥**[੩੩੯]-੨੩-੭੪

**ਅਰਥ:**--ਜਦੋਂ ਦੀ ਸਤਿਗੁਰੂ ਨੇ ਉੱਚੀ ਸੂਝ ਬਖ਼ਸ਼ੀ ਹੈ, ਮੇਰੇ ਹਿਰਦੇ ਵਿਚ (ਮਾਨੋ) ਚਾਨਣ ਹੋ ਗਿਆ ਹੈ, ਤੇ ਮੇਰਾ ਧਿਆਨ ਉੱਚੇ ਮੰਡਲਾਂ ਵਿਚ (ਭਾਵ, ਪ੍ਰਭੂ-ਚਰਨਾਂ ਵਿਚ) ਟਿਕਿਆ ਰਹਿੰਦਾ ਹੈ। ਵਿਸ਼ੇ ਵਿਕਾਰ ਆਦਿਕ ਆਤਮਕ ਰੋਗਾਂ ਤੇ ਸਹਿਮਾਂ ਦੇ ਜ਼ੰਜੀਰ ਟੁੱਟ ਗਏ ਹਨ, ਮੇਰੇ ਮਨ ਨੇ ਅੰਦਰ ਹੀ ਸੁਖ ਲੱਭ ਲਿਆ ਹੈ । ੧ ।

੭੦- **ਗੁਰਮੁਖਿ ਭਗਤਿ ਕਰਹੁ ਸਦ ਪ੍ਰਾਣੀ ॥**
**ਹਿਰਦੈ ਪ੍ਰਗਾਸੁ ਹੋਵੈ ਲਿਵ ਲਾਗੈ ਗੁਰਮਤਿ ਹਰਿ ਹਰਿ ਨਾਮਿ ਸਮਾਣੀ ॥ ੧ ॥ ਰਹਾਉ ॥**[੮੮੦]-੧

**ਅਰਥ:**--ਹੇ ਪ੍ਰਾਣੀ ! ਗੁਰਮੁਖ ਵਾਂਗ (ਭਾਵ, ਗੁਰੂ ਦੇ ਦੱਸੇ ਹੋਏ ਜੀਵਨ-ਰਾਹ ਤੇ ਤੁਰ ਕੇ) ਸਦਾ ਪਰਮਾਤਮਾ ਦੀ ਭਗਤੀ ਕੀਤਿਆਂ ਹਿਰਦੇ ਵਿਚ (ਉੱਚੇ ਆਤਮਕ ਜੀਵਨ ਦਾ) ਚਾਨਣਾ ਹੋ ਜਾਂਦਾ ਹੈ, (ਅਤੇ ਪਰਮਾਤਮਾ ਦੇ ਚਰਨਾਂ ਵਿਚ) ਸੁਰਤਿ ਜੁੜ ਜਾਂਦੀ ਹੈ, ਅਥਵਾ ਗੁਰੂ ਦੇ ਉਪਦੇਸ਼ ਨਾਲ ਪਰਮਾਤਮਾ ਦੇ ਨਾਮ ਵਿਚ ਲੀਨਤਾ ਹੋ ਜਾਂਦੀ ਹੈ ।੧। ਰਹਾਉ ।

੭੧- **ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥ ਅੰਤਰਿ ਹਰਿ ਰਸੁ**
**ਰਵਿ ਰਹਿਆ ਚੂਕਾ ਮਨਿ ਅਭਿਮਾਨੁ ॥ ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ**
**ਧਿਆਨੁ ॥ ਮਨੁ ਨਿਰਮਲੁ ਹਰਿ ਰਵਿ ਰਹਿਆ ਪਾਇਆ ਦਰਗਹਿ ਮਾਨੁ ॥ ੨ ॥**[੨੬]-੧-੩੪

**ਅਰਥ:**--ਜਿੰਨ੍ਹਾਂ ਬੰਦਿਆਂ ਨੇ ਸਤਿਗੁਰੂ ਦੀ ਸਰਨ ਲਈ ਹੈ, ਉਨ੍ਹਾਂ ਨੇ( ਸਭ ਪਦਾਰਥਾਂ ਦਾ (ਨਾਮ-ਰਸ ਰਚ ਗਿਆ ਹੈ, ਉਨ੍ਹਾਂ ਦੇ ਮਨ ਵਿਚੋਂ ਹੰਕਾਰ ਦੂਰ ਹੋ ਗਿਆ ਅਤੇ ਹਿਰਦੇ ਦਾ ਕੌਲ-ਫੁੱਲ ਖਿੜ ਪਿਆ ਹੈ, ਉਨ੍ਹਾਂ ਦੀ ਸੁਰਤਿ ਆਤਮਕ ਅਡੋਲਤਾ ਵਿਚ ਲੱਗ ਗਈ ਹੈ । ਉਨ੍ਹਾਂ ਦਾ ਪਵਿਤ੍ਰ (ਹੋ ਚੁੱਕਾ) ਮਨ ਹਰ ਵੇਲੇਪਰਮਾਤਮਾ ਦਾ ਨਾਮ ਸਿਮਰਦਾ ਹੈ ਉਨ੍ਹਾਂ ਨੂੰ ਪਰਮਾਤਮਾ ਦੀ ਹਜ਼ੂਰੀ ਵਿਚ ਆਦਰ ਮਿਲਦਾ ਹੈ । ੨ ।

੭੨- **ਹਿਰਦੈ ਸੁਖੁ ਭਇਆ ਪਰਗਾਸੁ ॥ ਗੁਰਮੁਖਿ ਗਾਵਹਿ ਸਚੁ ਗੁਣਤਾਸੁ ॥**
**ਦਾਸਨਿ ਦਾਸ ਨਿਤ ਹੋਵਹਿ ਦਾਸੁ ॥ ਗ੍ਰਿਹ ਕੁਟੰਬ ਮਹਿ ਸਦਾ ਉਦਾਸੁ ॥ ੨ ॥**[੨੩੨]-੭

੭੩- **ਸਤਿਗੁਰ ਵਿਚਿ ਅੰਮ੍ਰਿਤੁ ਨਾਮੁ ਹੈ ਅੰਮ੍ਰਿਤੁ ਕਹੈ ਕਹਾਇ ॥ ਗੁਰਮਤੀ ਨਾਮੁ**
**ਨਿਰਮਲੋ ਨਿਰਮਲ ਨਾਮੁ ਧਿਆਇ ॥ ਅੰਮ੍ਰਿਤ ਬਾਣੀ ਤਤੁ ਹੈ ਗੁਰਮਖਿ ਵਸੈ**
**ਮਨਿ ਆਇ ॥ ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ ॥**
**ਨਾਨਕ ਸਤਿਗੁਰੁ ਤਿਨ ਕਉ ਮੇਲਿਓਨੁ ਜਿਨ ਧੁਰਿ ਮਸਤਕਿ ਭਾਗੁ ਲਿਖਾਇ ॥ ੨੫ ॥** [੧੪੨੪]

੧੦

## ਘਟ ਘਟਿ ਘਟੁ

ਗੁਰਬਾਣੀ ਵਿਚ ਹਿਰਦੇ ਦੇ ਥਾਂ " ਘਟ " ਪਦ ਵੀ ਆਇਆ ਹੈ:--

੭੪- **ਬੇਦ ਪੜਹਿ ਪੜਿ ਬਾਦੁ ਵਖਾਣਹਿ ॥ ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ ॥**
**ਗੁਰਮੁਖਿ ਹੋਵੈ ਸੁ ਤਤੁ ਬਿਲੋਵੈ ਰਸਨਾ ਹਰਿ ਰਸੁ ਤਾਹਾ ਹੇ ॥ ੧੧ ॥**[੧੦੫੮]-੫

**ਅਰਥ**:--(ਪੰਡਤ ਲੋਕ) ਵੇਦ (ਆਦਿਕ ਧਰਮ-ਪੁਸਤਕ) ਪੜ੍ਹਦੇ ਹਨ, (ਇਨ੍ਹਾਂ ਨੂੰ) ਪੜ੍ਹ ਕੇ ਨਿਰੀ ਚਰਚਾ ਦਾ ਸਿਲਸਿਲਾ ਛੇੜੀ ਰੱਖਦੇ ਹਨ, ਜਿਹੜਾ ਪਰਮਾਤਮਾ **ਹਿਰਦੇ ਵਿਚ** ਵੱਸ ਰਿਹਾ ਹੈ, ਉਸ ਨਾਲ-ਗੁਰੂ-ਸ਼ਬਦ ਦੀ ਰਾਹੀ-ਸਾਂਝ ਨਹੀਂ ਪਾਉਂਦੇ । ਪਰ ਹੇ ਭਾਈ ! ਜਿਹੜਾ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ, ਉਹ ਤੱਤ ਨੂੰ ਵਿਚਾਰਦਾ ਹੈ, ਉਸ ਦੀ ਰਸਨਾ ਤੇ ਹਰਿ-ਨਾਮ ਦਾ ਸੁਆਦ ਟਿਕਿਆ ਰਹਿੰਦਾ ਹੈ । ੧੧ ।

ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਅਜੇਹਾ ਉਪਦੇਸ਼ ਕੇਵਲ ਵੇਦ-ਪਾਠੀ ਬ੍ਰਾਹਮਣਾ ਲਈ ਹੀ ਹੈ । ਧਰਮ ਪੁਸਤਕਾਂ ਦਾ ਕੇਵਲ ਪਾਠ-ਮਾਤ੍ਰ ਕਰਕੇ ਧਰਮੀ ਬਣੇ ਫਿਰਦੇ ਮੁੱਲਾਂ ਅਥਵਾ ਸਿੱਖਾਂ ਲਈ ਵੀ ਹੈ । " **ਸਾਝੀ ਸਗਲ ਜਹਾਨੈ** " ਗੁਰਬਾਣੀ ਦਾ ਉਪਦੇਸ਼ ਸਾਰੇ ਜਹਾਨ ਲਈ ਸਾਂਝਾ ਹੈ । ਅੱਜ ਅਸੀਂ ਜੋ ਅਖੰਡਪਾਠ ਸਹਿਜਪਾਠ (ਗੁਰੂ ਬਾਣੀ ਦੇ ਮੰਤ੍ਰਪਾਠ) ਨੂੰ ਧਰਮ ਮੰਨ ਬੈਠੇ ਹੋਏ ਹਾਂ, ਉਪ੍ਰੋਕਤ ਗੁਰੂ-ਸ਼ਬਦ ਦੀ ਖੰਡਨਾ ਹੈ।

੭੫- **ਇਹੀ ਤੇਰਾ ਅਉਸਰੁ, ਏਹੀ ਤੇਰੀ ਬਾਰ ॥ ਘਟ ਭੀਤਰਿ ਤੂ ਦੇਖੁ ਬੀਚਾਰਿ ॥**
**ਕਹਤ ਕਬੀਰ ਜੀਤਿ ਕੈ ਹਾਰ ॥ ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥ ੫ ॥**[੧੧੫੯]-੧-੯

**ਅਰਥ**:--ਕਬੀਰ (ਜੀ ਫ਼ੁਰਮਾਨ ਕਰਦੇ ਹਨ)--ਹੇ ਭਾਈ ! ਮੈਂ ਤੈਨੂੰ ਕਈ ਤਰੀਕਿਆਂ ਨਾਲ ਕੂਕ ਕੂਕ ਕੇ ਦੱਸ ਰਿਹਾ ਹਾਂ, (ਤੇਰੀ ਮਰਜ਼ੀ ਹੈ ਕਿ ਮਨੁੱਖਾ ਜਨਮ ਦੀ ਬਾਜ਼ੀ) ਜਿੱਤ ਕੇ ਜਾਹ ਚਾਹੇ ਹਾਰ ਕੇ ਜਾਹ । ਤੂੰ ਆਪਣੇ ਹਿਰਦੇ ਵਿਚ ਵਿਚਾਰ ਕੇ ਵੇਖ ਲੈ, (ਪ੍ਰਭੂ ਨੂੰ ਮਿਲਣ ਦਾ) ਇਹ ਮਨੁੱਖਾ - ਹੀ ਮੌਕਾ ਹੈ, ਇਹੀ ਵਾਰੀ ਹੈ (ਏਥੋਂ ਖੁੰਝ ਕੇ ਫਿਰ ਸਮਾ ਨਹੀਂ ਮਿਲਣਾ)। । ੫ ।

੭੬- **ਮਨੁ ਤਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ॥**
**ਘਟ ਹੀ ਭੀਤਰਿ ਸੋ ਸਹੁ ਤੋਲੀ ਇਨੁ ਬਿਧਿ ਚਿਤੁ ਰਹਾਵਾ ॥ ੨ ॥**[੭੩੦]-੨-੯

**ਅਰਥ**:--ਹੇ ਪ੍ਰਭੂ ! ਜੇ ਮੇਰਾ ਮਨ ਤੱਕੜੀ ਬਣ ਜਾਏ, ਜੇ ਮੇਰਾ ਚਿੱਤ ਤੋਲਣ ਵਾਲਾ ਵੱਟਾ ਬਣ ਜਾਏ,ਜੇ ਮੈਂ ਤੇਰੀ ਸੇਵਾ ਕਰ ਸਕਾਂ, (ਜੇ ਇਹ ਸੇਵਾ ਸਿਮਰਨ ਮੇਰੇ ਵਾਸਤੇ) ਸਰਾਫ਼ ਬਣ ਜਾਏ (ਤੇਰੇ ਗੁਣਾਂ ਦਾ ਮੈਂ ਅੰਤ ਤਾਂ ਨਹੀਂ ਪਾ ਸਕਦਾ, ਪਰ) ਇਨ੍ਹਾਂ ਤਰੀਕਿਆਂ ਨਾਲ ਮੈਂ ਆਪਣੇ ਚਿੱਤ ਨੂੰ ਤੇਰੇ ਚਰਨਾਂ ਵਿਚ ਟਿਕਾ ਕੇ ਰੱਖ ਸਕਾਂਗਾ । ਮੈਂ ਆਪਣੇ **ਹਿਰਦ ਵਿਚ ਹੀ** ਉਸ ਖਸਮ-ਪ੍ਰਭੂ ਨੂੰ ਬੈਠਾ ਜਾਚ ਸਕਾਂਗਾ । **੨ ।**

**੭੭- ਪ੍ਰਗਟ ਭਏ ਸੰਸਾਰ ਮਹਿ ਫਿਰਤੇ ਪਹਨਮ ॥ ਨਾਨਕ ਤਿਸੁ ਸਰਣਾਗਤੀ ਘਟ ਘਟ ਸਭ ਜਾਨ ॥ ੨ ॥**[੯੧੯]-੧੨-੭੬

[ਇਹ ਪਾਵਨ ਪੰਗਤੀ, ਪੰਜਵੇਂ ਭਾਗ ਦੇ ਪੰਜਵੇਂ ਹੀ ਕਾਂਡ ਵਿਚ ਜਨਮਿਆ ਕਿ ਪ੍ਰਗਟ ਹੋਇਆ ਲੇਖ ਦੇ ਪੰਜਵੇਂ ਨੰਬਰ ਤੇ ਅਰਥਾਂ ਸਮੇਤ ਲਿਖੀ ਹੈ ]

੭੮- **ਕੀਏ ਉਪਾਵ ਮੁਕਤਿ ਕੇ ਕਾਰਨਿ ਦਹਦਿਸਿ ਕਉ ਉਠਿ ਧਾਇਆ ॥**
**ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ ॥ ੨ ॥**[੭੦੩]-੨

੭੯- **ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥**
**ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥੧ ॥** [੫੫੪]-ਵਾ-੧੪

**ਅਰਥ**:--(ਪੰਚਮ ਗੁਰੂ ਨਾਨਕ ਪਾਤਸ਼ਾਹ ਜੀ ਦਾ ਫ਼ੁਰਮਾਨ)--(ਜਿਸ ਮਨੁੱਖਾ ਦੇਹੀ ਦਾ ਸਦਕਾ) ਹਿਰਦੇ ਵਿਚ ਪ੍ਰਭੂ ਦੇ ਚਰਨ-ਕਮਲ ਵੱਸਦੇ ਹਨ ਤੇ ਰਸਨਾ ਹਰੀ ਦਾ ਨਾਮ ਜਪਦੀ ਹੈ, ਉਸ ਸਰੀਰ-ਦਰਹ ਦੀ ਪਾਲਣਾ ਕਰਨੀ ਚਾਹੀਦੀ ਹੈ । ੧ ।

ਇਸ ਗੁਰੂ ਫ਼ੁਰਮਾਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਜਪਾਂ, ਤਪਾਂ, ਵਰਤਾਂ ਆਦਿ ਨਾਲ ਸਰੀਰ ਨੂੰ ਸੁਕਾਉਣਾ ਜਾਂ ਕਮਜ਼ੋਰ ਕਰਨਾ ਗੁਰਮਤਿ ਨਹੀਂ ਹੈ । ਅਰੋਗਤਾ ਦੇ ਨਿਯਮਾ ਤੇ ਚਲ ਕੇ ਸਰੀਰ ਤੰਦਰੁਸਤ ਰੱਖਣਾ ਵੀ ਗੁਰਮਤਿ ਹੈ । ਏਹੀ ਗੁਰੂ ਫ਼ੁਰਮਾਨ ਖੁੱਦ-ਕੁਸ਼ੀ ਕਰਨ ਵਾਲਿਆਂ ਨੂੰ ਵੀ ਮਨਮੁੱਖ ਕਹਿ ਰਿਹਾ ਹੈ ।

੮੦- ਮਨੁ ਮਾਇਆ ਬੰਧਿਓ ਸਰ ਜਾਲਿ ॥ ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥
ਜੋ ਅਾਂਜੈ ਸੋ ਦੀਸੈ ਕਾਲਿ ॥ ਕਾਰਜੁ ਸੀਧੋ ਰਿਦੈ ਸਮਾਲਿ ॥ ੪ ॥ [੮੩੧]-੧

**ਅਰਥ**:--ਮਾਇਆ ਨੇ (ਜੀਵਾਂ ਦੇ) ਮਨ ਨੂੰ ਮੋਹ ਦੇ ਤੀਰਾਂ ਦੇ ਜਾਲ ਵਿਚ ਬੰਨ੍ਹਿਆ ਹੋਇਆ ਹੈ । (ਭਾਵੇਂ ਪਰਮਾਤਮਾ) ਹਰੇਕ ਸਰੀਰ ਵਿਚ ਵਿਆਪਕ ਹੈ, ਪਰ (ਮਾਇਆ ਦੇ ਮੋਹ ਦਾ) ਜ਼ਹਿਰ ਵੀ ਹਰੇਕ ਦੇ ਅੰਦਰ ਹੀ ਹੈ, (ਇਸ ਵਾਸਤੇ) ਜੋ ਵੀ (ਜਗਤ ਵਿਚ) ਜੰਮਦਾ ਹੈ ਉਹ ਆਤਮਕ ਮੌਤ ਦੇ ਵੱਸ ਵਿਚ ਦਿੱਸ ਰਿਹਾ ਹੈ । ਪਰਮਾਤਮਾ ਨੂੰ ਹਿਰਦੇ ਵਿਚ ਯਾਦ ਕਰਨ ਨਾਲ ਹੀ (ਮਨੁੱਖਾ ਜੀਵਨ ਵਿਚ) ਕਰਨ-ਜੋਗ ਕੰਮ ਸਿਰੇ ਚੜ੍ਹਦਾ ਹੈ । ੪ ।

**' ਘਟ '** = ਦਿਲ, ਮਨ, ਅੰਤਹਕਰਣ --

੮੧- **ਦਹਦਿਸ ਛਤ੍ਰ ਮੇਘ ਘਟਾ, ਘਟ ਦਾਮਨਿ ਚਮਕਿ ਡਰਾਇਓ ॥**
**ਸੇਜ ਇਕੇਲੀ ਨੀਦ ਨਹੁ ਨੈਨਹੁ ਪਿਰੁ ਪਰਦੇਸਿ ਸਿਧਾਇਓ ॥ ੧ ॥**[੬੨੪]-੧੧-੬੧

**ਅਰਥ**:--(ਜਦੋਂ) ਬੱਦਲਾਂ ਦੀਆਂ ਘਟਾ ਛਤਰੀ ਵਾਂਗ ਦਸੀਂ ਪਾਸੀਂ (ਪਸਰੀਆਂ ਹੁੰਦੀਆਂ ਹਨ), ਬਿਜਲੀ ਚਮਕ ਚਮਕ ਕੇ **ਦਿਲ** ਡਰਾ ਰਹੀ ਹੁੰਦੀ ਹੈ, (ਜਿਸ ਇਸਤ੍ਰੀ ਦਾ) ਪਤੀ ਪਰਦੇਸ ਗਿਆ ਹੁੰਦਾ ਹੈ, (ਉਸ ਦੀ) ਸੇਜ (ਪਤੀ ਤੋਂ ਬਿਨਾ) ਸੁੰਞੀ ਹੁੰਦੀ ਹੈ, (ਉਸ ਦੀਆਂ) ਅੱਖਾਂ ਵਿਚ ਨੀਂਦ ਨਹੀਂ ਆਉਂਦੀ । ੨ ।

**' ਘਟ "**= ਸਰੀਰ, ਦੇਹ--

੮੨- **ਘਟਿ ਘਟਿ ਗੁਪਤੁ ਉਪਾਏ ਵੇਖੇ, ਪਰਗਟੁ ਗੁਰਮੁਖਿ ਸੰਤ ਜਨਾ ॥**
**ਹਰਿ ਹਰਿ ਕਰਹਿ ਸੁ ਹਰਿ ਰੰਗਿ ਭੀਨੇ ਹਰਿ ਜਲੁ ਅੰਮ੍ਰਿਤ ਨਾਮੁ ਮਨਾ ॥ ੩ ॥**[੧੧੭੧]-੪-੧੨

**ਅਰਥ**:--ਜਿਹੜਾ ਪ੍ਰਭੂ ਸਾਰੀ ਸ੍ਰਿਸ਼ਟੀ ਪੈਦਾ ਕਰਦਾ ਹੈ ਤੇ ਉਸ ਦੀ ਸੰਭਾਲ ਕਰਦਾ ਹੈ, ਉਹ ਹਰੇਕ ਸਰੀਰ ਵਿਚ ਲੁਕਿਆ ਬੈਠਾ ਹੈ, ਗੁਰੂ ਦੀ ਸਰਨ ਪੈਣ ਵਾਲੇ ਸੰਤ ਜਨਾਂ ਨੂੰ ਉਹ ਹਰ ਥਾਂ ਪ੍ਰਤੱਖ ਦਿੱਸਣ ਲੱਗ ਪੈਂਦਾ ਹੈ । ਉਹ ਸੰਤ ਜਨ ਸਦਾ ਪ੍ਰਭੂ ਦਾ ਨਾਮ ਜਪਦੇ ਹਨ, ਤੇ ਉਸ ਦੇ ਪਿਆਰ-ਰੰਗ ਵਿਚ ਰਹਿੰਦੇ ਹਨ, ਉਨ੍ਹਾਂ ਦੇ ਮਨ ਵਿਚ ਪ੍ਰਭੂ ਦਾ ਆਤਮਕ ਜਿੰਦਗੀ ਦੇਣ ਵਾਲਾ ਨਾਮ-ਜਲ ਸਦਾ ਵੱਸਦਾ ਰਹਿੰਦਾ ਹੈ । ੩ ।

**੮੩- ਘਟਿ ਘਟਿ ਏਕੁ ਵਖਾਣੀਐ ਕਹਉ ਨ ਦੇਖਿਆ ਜਾਇ ॥ ਖੋਟੋ ਪੂਠੋ ਰਾਲੀਐ ਬਿਨੁ**
**ਨਾਵੈ ਪਤਿ ਜਾਇ ॥ ਜਾ ਤੂ ਮੇਲਹਿ ਤਾ ਮਿਲਿ ਰਹਾ ਜਾਂ ਤੇਰੀ ਹੋਇ ਰਜਾਇ ॥ ੩ ॥**[੧੩੩੦]-੧੦

**ਅਰਥ**:--ਹੇ ਪ੍ਰਭੂ ਇਹ ਕਹਾਵਤ ਬਣ ਚੁੱਕੀ ਹੈ ਕਿ ਤੂੰ ਹਰੇਕ ਸਰੀਰ ਵਿਚ ਵਿਆਪਕ ਹੈ, ਮੈ ਵੀ ਏਹੀ ਕਹਿੰਦਾ ਹਾਂ (ਪਰ ਨਿਰੇ ਆਖਣ ਨਾਲ ਹਰੇਕ ਵਿਚ) ਤੇਰੇ ਦਰਸ਼ਨ ਨਹੀਂ ਹੁੰਦਾ । ਅੰਦਰੋਂ ਖੋਟਾ ਹੋਣ ਕਰਕੇ ਜੀਵ (ਚੌਰਾਸੀ ਦੇ ਗਰਭ-ਜੋਨਿ ਵਿਚ) ਪੁੱਠਾ (ਲਟਕਾ ਕੇ) ਰੋਲਿਆ ਜਾਂਦਾ ਹੈ, ਤੇਰਾ ਨਾਮ ਸਿਮਰਨ ਤੋਂ ਬਿਨਾ ਇਸ ਦੀ ਇੱਜ਼ਤ ਅਬਰੋ ਵੀ ਚਲੀ ਜਾਂਦੀ ਹੈ । ਹੇ ਪ੍ਰਭੂ ! ਜਦੋਂ ਤੂੰ ਆਪ ਮੈਨੂੰ ਆਪਣੇ ਚਰਨਾਂ ਵਿਚ ਜੋੜਦਾ ਹੈਂ, ਜਦੋਂ ਤੇਰੀ ਆਪਣੀ ਮਿਹਰ ਹੁੰਦੀ ਹੈ, ਤਦੋਂ ਹੀ ਮੈ ਤੇਰੀ ਯਾਦ ਵਿਚ ਜੁੜਿਆ ਰਹਿ ਸਕਦਾ ਹਾਂ । ੩ ।

## ਘਟਿ ਅਤੇ ਮਨਿ ?

੮੪- **ਘਟਿ ਘਟਿ ਰਮਈਆ ਮਨਿ ਵਸੈ ਕਿਉ ਪਾਈਐ ਕਿਤੁ ਭਤਿ ॥ ਗੁਰੁ ਪੂਰਾ ਸਤਿਗੁਰੁ**
**ਭੇਟੀਐ ਹਰਿ ਆਇ ਵਸੈ ਮਨਿ ਚਿਤਿ ॥ ਮੈ ਧਰ ਨਾਮੁ ਅਧਾਰੁ ਹੈ ਹਰਿਨਾਮੈ ਤੇ ਗਤਿ ਮਤਿ ॥..... ੫ ॥** [੮੧]-ਵਣਜਾਰਾ

੮੫- **ਪਰਿਵਾ ਪ੍ਰੀਤਮ ਕਰਹੁ ਬੀਚਾਰ ॥ ਘਟ ਮਹਿ ਖੇਲੈ ਅਘਟ ਅਪਾਰ ॥**
**ਕਾਲ ਕਲਪਨਾ ਕਦੇ ਨ ਖਾਇ ॥ ਆਦਿ ਪੁਰਖ ਮਹਿ ਰਹੈ ਸਮਾਇ ॥ ੨ ॥**[੩੪੩]-ਥਿੰਤੀ

**ਅਰਥ**:--ਜੋ ਪਰਮਾਤਮਾ ਸਰੀਰ ਦੀ ਕੈਦ ਵਿਚ ਨਹੀਂ ਆਉਂਦਾ, ਬੇਅੰਤ ਹੈ ਅਤੇ (ਫਿਰ ਵੀ) ਹਰੇਕ ਸਰੀਰ ਵਿਚ ਖੇਡ ਰਿਹਾ ਹੈ (ਹੇ ਭਾਈ !) ਉਸ ਪ੍ਰੀਤਮ (ਦੇ ਗੁਣਾਂ) ਦਾ ਵਿਚਾਰ ਕਰੋ (ਉਸ ਪ੍ਰੀਤਮ ਦੀ ਸਿਫ਼ਤਿ-ਸਾਲਾਹ ਕਰੋ । ਜਿਹੜਾ ਮਨੁੱਖ ਪ੍ਰੀਤਮ -ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦਾ ਹੈ) ਉਸ ਨੂੰ ਕਦੇ ਮੌਤ ਦਾ ਡਰ ਨਹੀਂ ਪੁੰਹਦਾ (ਕਿਉਂਕਿ) ਉਹ ਸਦਾ ਸਭ ਦੇ ਸਿਰਜਣਹਾਰ ਅਕਾਲ-ਪੁਰਖ ਵਿਚ ਜੁੜਿਆ ਰਹਿੰਦਾ ਹੈ । ੨ ।

**ਘਟਿ**=ਸਰੀਰ ਵਿਚ । **ਘਟ**=ਘੜਾ । **ਘਟੁ=**ਘਾਟ, ਪੱਤਣ--ਤਿੰਨਾਂ ਅਰਥ ਵਿਚ **ਘਟ** ਪਦ ਦੀ ਵਰਤੋਂ ਇੱਕ ਸਲੋਕ ਵਿਚਾ ----

੮੬- **ਘਘਾ ਘਟਿ ਘਟਿ ਨਿਮਸੈ ਸੋਈ ॥ ਘਟ ਫੂਟੇ, ਘਟਿ ਕਬਹਿ ਨ ਹੋਈ ॥** [ਅਵਘਟ= **ਬਿਖੜਾ ਥਾਂ, ਖੱਡ**]

**ਤਾ ਘਟ ਮਾਹਿ, ਘਾਟ ਜਉ ਪਾਵਾ ॥ ਸੋ ਘਟੁ ਛਾਡਿ, ਅਵਘਟ ਕਤ ਧਾਵਾ ॥ ੧੦ ॥** [੩੪੦]-ਬਾਵਨਅਖਰੀ ਕਬੀ ਜੀ

**ਅਰਥ**:--ਹਰੇਕ ਸਰੀਰ ਵਿਚ ਉਹ ਪ੍ਰਭੂ ਹੀ ਵੱਸਦਾ ਹੈ । ਜੇ ਕੋਈ ਸਰੀਰ (-ਰੂਪ) ਘੜਾ ਭੱਜ ਜਾਏ ਤਾਂ ਕਦੇ ਪ੍ਰਭੂ ਦੀ ਹੋਂਦ ਵਿਚ ਕੋਈ ਫਰਕ ਨਹੀਂ ਪੈਂਦਾ । ਜਦੋਂ (ਕੋਈ ਜੀਵ) ਇਸ ਸਰੀਰ ਦੇ ਅੰਦਰ ਹੀ (ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਲਈ) ਪੱਤਣ ਨੂੰ ਛੱਡ ਕੇ ਉਹ ਖੱਡਾਂ ਵਿਚ ਨਹੀਂ ਭਟਕਦਾ ਫਿਰਦਾ । ੧੦ ।

੮੭- **ਕਾ ਕੀ ਮਾਤ ਪਿਤਾ ਕਹੁ ਕਾ ਕੋ ਕਵਨ ਪੁਰਖ ਕੀ ਜੋਈ ॥**

**ਘਟ ਫੂਟੇ ਕੋਊ ਬਾਤ ਨ ਪੂਛੈ** ਕਾਢਹੁ ਕਾਢਹੁ ਹੋਈ ॥ ੨ ॥ [੪੭੮]-੯

**ਘਟ**=ਰਸਤਾ । ਅਵਘਟ=ਬਿਖੜਾ

੮੮- **ਘਟ ਅਵਘਟ ਡੂਘਰ ਘਣਾ, ਇਕੁ ਨਿਰਗੁਣੁ ਬੈਲੁ ਹਮਾਰ ॥ ਰਮਈਏ ਸਿਉ ਇਕ ਬੇਨਤੀ,**

**ਮੇਰੀ ਪੂੰਜੀ ਰਾਖੁ ਮੁਰਾਰਿ ॥ ੧ ॥ ਕੋ ਬਨਜਾਰੋ ਰਾਮ ਕੋ, ਮੇਰਾ ਟਾਂਡਾ ਲਾਦਿਆ ਜਾਇ ਰੇ ॥ ੧ ॥ ਰਹਾਉ ॥**[੩੪੬]-੧

**ਅਰਥ**:--(ਜੇ ਪ੍ਰਭੂ ਦੀ ਕਿਰਪਾ ਨਾਲ) ਪ੍ਰਭੂ ਦੇ ਨਾਮ ਦਾ ਵਣਜ ਕਰਨ ਵਾਲਾ ਕੋਈ ਬੰਦਾ ਮਿਲ ਪਏ ਤਾਂ ਮੇਰਾ ਮਾਲ ਵੀ ਲਦਿਆ ਜਾ ਸਕੇ (ਭਾਵ, ਤਾਂ ਉਸ ਗੁਰਮੁਖਿ ਦੀ ਸਹਾਇਤਾ ਨਾਲ ਮੈਂ ਵੀ ਹਰਿ-ਨਾਮ-ਰੂਪ ਮਾਲ ਦਾ ਵਣਜ ਕਰ ਸਕਾਂ) । ੧ । ਰਹਾਉ । (ਜਿਨ੍ਹੀ ਰਾਹੀਂ ਪ੍ਰਭੂ ਦੇ ਨਾਮ ਦਾ ਸੌਦਾ ਲੱਦ ਕੇ ਲੈ ਜਾਣ ਵਾਲਾ ਮੇਰਾ ਟਾਂਡਾ ਲੰਘਣਾ ਹੈ, ਉਹ) ਰਸਤੇ ਬੜੇ ਔਖੇ ਪਹਾੜੀ ਰਸਤੇ ਹਨ, ਤੇ ਮੇਰਾ (ਮਨ-) ਬਲਦ ਮਾੜਾ ਜਿਹਾ ਹੈ, ਪਿਆਰੇ ਪ੍ਰਭੂ ਅੱਗੇ ਹੀ ਮੇਰੀ ਅਰਜ਼ੋਈ ਹੈ--ਹੇ ਪ੍ਰਭੂ ! ਮੇਰੀ ਰਾਸਿ-ਪੂੰਜੀ ਦੀ ਤੂੰ ਆਪ ਰਖਿਆ ਕਰੀਂ ।

**ਘਟ ਅਵਘਟਿ=** ਸੌਖੇ ਔਖੇ ਸਲਰੇ ਥਾਂ, ਚੰਗੇ ਮੰਦੇ ਸਾਰੇ ਸਰੀਰਾਂ ਵਿਚ ?

੮੯- **ਅੰਤਰਿ ਏਕੋ ਬਾਹਰਿ ਏਕੋ ਸਭ ਮਹਿ ਏਕੁ ਸਮਾਈਐ ॥**

**ਘਟਿ ਅਵਘਟਿ ਰਵਿਆ ਸਭ ਠਾਈ ਹਰਿ ਪੂਰਨ ਬ੍ਰਹਮੁ ਦਿਖਾਈਐ ॥ ੧ ॥** [੫੨੮]-੧

**ਅਰਥ**:--ਸਰੀਰਾਂ ਦੇ ਅੰਦਰ ਦੇ ਬਾਹਰ (ਸਾਰੇ ਜਗਤ-ਖਿਲਾਰੇ ਵਿਚ) ਇੱਕ ਪਰਮਾਤਮਾ ਹੀ ਵੱਸ ਰਿਹਾ ਹੈ । ਚੰਗੇ ਮੰਦੇ ਹਰੇਕ ਥਾਂ-ਸਰੀਰ ਵਿਚ ਹਰ ਥਾਂ ਸਰਬ-ਵਿਆਪਕ ਪਰਮਾਤਮਾ ਹੀ ਵੱਸਦਾ ਦਿਸ ਰਿਹਾ ਹੈ । ੧ ।

**ਘਟ**=ਘੜਾ

੯੦- **ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥**

**ਭਰਮ ਲਪਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥ ੩ ॥**[੭੩੬]-੧

**ਅਰਥ**:--ਇਕੋ ਆਕਾਸ਼ (ਪਾਣੀ ਨਾਲ ਭਰੇ ਹੋਏ) ਹਜ਼ਾਰਾਂ ਘੜਿਆਂ ਵਿਚ (ਵਖ ਵਖ ਦਿੱਸਦਾ ਹੈ) । ਜਦੋਂ ਘੜੇ ਟੁੱਟ ਜਾਂਦੇ ਹਨ, ਤਾਂ ਉਹ (ਆਕਾਸ਼) ਹੀ ਦਿੱਸਦਾ ਰਹਿ ਜਾਂਦਾ ਹੈ । ਮਾਇਆ ਦੇ ਭ੍ਰਮ ਦੇ ਕਾਰਨ (ਪਰਮਾਤਮਾ ਦੀ ਅੰਸ ਜੀਵਾਤਮਾ ਵਿਚ) ਭਟਕਣਾ, ਲੋਭ ਮੋਹ ਆਦਿਕ ਵਿਕਾਰ ਉੱਠਦੇ ਹਨ । ਭ੍ਰਮ ਮਿਟ ਜਾਣ ਨਾਲ ਇਕ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ । ੩ ।

**ਘਟ=** ਘਟਣਾ, ਥੁਹੜਾ ਹੋਣਾ---

੯੧- **ਵਧੁ ਸੁਖ ਰੈਨੜੀਏ ਪ੍ਰਿਅ ਪ੍ਰੇਮੁ ਲਗਾ ॥ ਘਟੁ ਦੁਖ ਨੀਦੜੀਏ ਪਰਸਉ ਸਦਾ ਪਗਾ ॥**
**ਪਗ ਧੂਰਿ ਬਾਂਛਉ ਸਦਾ ਜਾਚਉ ਨਾਮ ਰਸਿ ਬੈਰਾਗਨੀ ॥ ਪ੍ਰਿਅ ਰੰਗਿ ਰਾਤੀ ਸਹਜ ਮਾਤੀ**
**ਮਹਾ ਦੁਰਮਤਿ ਤਿਆਗਨੀ ॥ ਗਹਿ ਭੁਜਾ ਲੀਨੀ ਪ੍ਰੇਮ ਭੀਨੀ ਮਿਲਨੁ ਪ੍ਰੀਤਮ ਸਚ ਮਗਾ ॥**
**ਬਿਨਵੰਤਿ ਨਾਨਕ ਧਾਰਿ ਕਿਰਪਾ ਰਹਉ ਚਰਣਹ ਸੰਗਿ ਲਗਾ ॥ ੧ ॥**[੫੪੪]-ਛੰਤ-੧-੩

੧੧

## ਅੰਤਰ, ਅੰਤਰਿ, ਅੰਦਰਿ

ਪਰਮਾਤਮਾ ਦੇ ਵੱਸਣ ਦੀ ਥਾਂ ਦਰਸਾਉਂਣ ਲਈ ਜਿਵੇਂ ' ਹਿਰਦਾ ' ਅਤੇ " ਘਟ " ਪਦਾਂ ਦੀ ਵਰਤੋਂ ਅਸੀਂ ਵੇਖ-ਸਮਝ ਚੁੱਕੇ ਹਾਂ ਉਵੇਂ ਹੀ ਗੁਰਬਾਣੀ ਵਿਚ ਅੰਤਰ (ਅੰਦਰ) ਸ਼ਬਦ ਦੀ ਵਰਤੋਂ ਕੀਤੀ ਵੀ ਮਿਲਦੀ ਹੈ । ਨਿਤਨੇਮ ਕਰਦਿਆਂ ਜਪੁ ਬਾਣੀ ਦੀ ੨੧ਵੀਂ ਪਉੜੀ ਵਿਚ " **ਅੰਤਰਗਤ ਤੀਰਥ** " ਭਾਵ, ਅੰਦਰੇ ਬਣੇ ਤੀਰਥ " ਦੀ ਗੱਲ ਅਸੀਂ ਰੋਜ਼ ਪੜ੍ਹਦੇ ਹਾਂ--" **ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ ॥ ਆਉ ਵੇਖੀਏ ਕਿ ਜਪੁ ਸਾਹਿਬ ਵਿਚਲੇ ਇਸ ਸੰਕੇਤ ਮਾਤਰ " ਅੰਤਰ " ਪਦ ਦੀ ਵਿਆਖਿਆ ਗੁਰਬਾਣੀ ਵਿਚ ਕਿਵੇਂ ਕੀਤੀ ਹੋਈ ਹੈ:--**

੯੨- **ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀਂ ਆਸ ॥ ਤੂ ਸਰਬ ਜੀਆ ਪ੍ਰਤਿਪਾਲਹੀ**

**ਲੇਖੈ ਸਾਸ ਗਿਰਾਸ ॥ ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ ॥ ੧ ॥** [੨੦]-੧੮

੯੩- **ਅੰਤਰਿ ਅਲਖੁ ਨ ਜਾਈ ਲਖਿਆ ॥ ਨਾਮੁ ਰਤਨੁ ਲੈ ਗੁਝਾ ਰਖਿਆ ॥**

**ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ ॥ ੧॥** [੧੩੦]-੧-੩੫

੯੪- **ਅੰਤਰਿ ਅਲਖ ਨ ਜਾਈ ਲਖਿਆ** ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥ ੧ ॥[੨੦੫]-੧-੧੨੨
੯੫- ਰਾਮ ਰਾਮ ਕਰਤਿਆ ਸੁਖੁ ਸਾਂਤਿ ਸਰੀਰ ॥ **ਅੰਤਰਿ ਵਸੈ ਨ ਲਾਗੈ ਜਮ ਪੀਰ** ॥
ਆਪੇ ਸਾਹਿਬੁ ਆਪਿ ਵਜੀਰ ॥ ਨਾਨਕ ਸੇਵਿ ਸਦਾ ਹਰਿ ਗੁਣੀ ਗਹੀਰ ॥ ੪ ॥[੧੫੯]-੬-੨੬
੯੬- **ਅੰਤਰਿ ਵਸਤੁ ਅਨੇਕ** ਮਨਮੁਖਿ ਨਹੀ ਪਾਈਐ ॥ ਹਉਮੈ ਗਰਬੈ ਗਰਬੁ ਆਪਿ ਖੁਆਈਐ ॥ ੩ ॥[੩੬੯]-੧੩-੬੫
੯੭- **ਅੰਤਰਿ ਨਾਵਣੁ** ਸਾਚੁ ਪਛਾਣੈ ॥ **ਅੰਤਰ ਕੀ ਗਤਿ** ਗੁਰਮੁਖਿ ਜਾਣੈ ॥
ਸਾਚ ਸਬਦ ਬਿਨੁ ਮਹਲੁ ਨ ਪਛਾਣੈ ॥ ੩ ॥ [੪੧੪]-੭
੯੮- ਪਿਰੁ ਸੰਗਿ ਕਾਮਣਿ ਜਾਣਿਆ ਗੁਰਿ ਮੇਲਿ ਮਿਲਾਈ ਰਾਮ ॥ **ਅੰਤਰਿ ਸਬਦਿ ਮਿਲੀ** ਸਹਜੇ ਤਪਤਿ ਬੁਝਾਈ ਰਾਮ ॥ ਸਬਦਿ ਤਪਤਿ ਬੁਝਾਈ **ਅੰਤਰਿ ਸਾਂਤਿ ਆਈ** ਸਹਜੇ ਹਰਿ ਰਸੁ ਚਾਖਿਆ ॥ ਮਿਲਿ ਪ੍ਰੀਤਮ ਅਪਣੇ ਸਦਾ ਰੰਗੁ ਮਾਣੇ ਸਚੈ ਸਬਦਿ ਸੁਭਾਖਿਆ ॥ ਪੜਿ ਪੜਿ ਪੰਡਿਤ ਮੋਨੀ ਥਾਕੇ ਭੇਖੀ ਮੁਕਤਿ ਨ ਪਾਈ ॥ ਨਾਨਕ ਬਿਨੁ ਭਗਤੀ ਜਗੁ ਬਉਰਾਨਾ ਸਚੈ ਸਬਦਿ ਮਿਲਾਈ ॥ ੩ ॥ [੪੪੦]-੧-੬
੯੯- ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ ॥ ਅੰਤਰਿ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥ ੩ ॥ [੭੯੧]-ਵਾ-੧੯
੧੦੦- **ਅੰਤਰਿ ਵਸੈ** ਨ ਬਾਹਰਿ ਜਾਇ ॥ ਅੰਮ੍ਰਿਤੁ ਛੋਡਿ ਕਾਹੇ ਬਿਖੁ ਖਾਇ ॥ ੧ ॥[੭੨੮]-੧-੨

## ਅੰਦਰਿ ਅਥਵਾ ਅੰਦਰਹੁ--

੧੦੧- ਜਿਨ ਕਉ ਧੁਰਿ ਲਿਖਿਆ ਤਿਨ ਗੁਰੁ ਮਿਲਿਆ ਤਿਨ ਜਨਮ ਮਰਣ ਭਉ ਭਾਗਾ ॥
**ਅੰਦਰਹੁ ਦੁਰਮਤਿ ਦੂਜੀ ਖੋਈ** ਸੋ ਜਨੁ ਹਰਿ ਲਿਵ ਲਾਗਾ ॥ ... ੨ ॥ [੭੬੮]-੧
੧੦੨- .. **ਅੰਦਰਿ ਕਮਾਣਾ ਸਰਪਰ ਉਘੜੈ** ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ ॥
ਜਨ ਨਾਨਕੁ ਦੇਖਿ ਵਿਗਸਿਆ ਹਰਿ ਕੀ ਵਡਿਆਈ ॥ ੨ ॥[੩੧੬]-ਵਾ-੩੦
੧੦੩- **ਜਿਨਾ ਅੰਦਰਿ ਦੂਜਾ ਭਾਉ** ਹੈ ਤਿਨ੍ਾ ਗੁਰਮੁਖਿ ਪ੍ਰੀਤਿ ਨ ਹੋਇ ॥ ਓਹੁ ਆਵੈ ਜਾਇ ਭਵਾਈਐ ਸੁਪਨੈ ਸੁਖੁ ਨ ਕੋਇ ॥ ਕੂੜੁ ਕਮਾਵੈ ਕੂੜੁ ਉਚਰੈ ਕੂੜਿ ਲਗਿਆ ਕੂੜੁ ਹੋਇ ॥ ਮਾਇਆ ਮੋਹੁ ਸਭੁ ਦੁਖੁ ਹੈ ਦੁਖਿ ਬਿਨਸੈ ਦੁਖੁ ਰੋਇ ॥ ਨਾਨਕ ਧਾਤੁ ਲਿਵੈ ਜੋੜੁ ਨ ਆਵਈ ਜੇ ਲੋਚੈ ਸਭੁ ਕੋਇ ॥ ਜਿਨ ਕਉ ਪੋਤੈ ਪੁੰਨੁ ਪਇਆ ਤਿਨਾ ਗੁਰ ਸਬਦੀ ਸੁਖੁ ਹੋਇ ॥ ੨ ॥ [੩੧੬]-ਵਾ-੩੧
੧੦੪- **ਅੰਦਰਿ ਸਹਸਾ ਦੁਖੁ** ਹੈ ਆਪੈ ਸਿਰਿ ਧੰਧੈ ਮਾਰ ॥ ਦੂਜੈ ਭਾਇ ਸੁਤੇ ਕਬਹਿ ਨ ਜਾਗਹਿ ਮਾਇਆ ਮੋਹ ਪਿਆਰ ॥ ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ ॥ ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ ॥ ੨ ॥[੫੦੯]-ਵਾ-੧

ਅੰਦਰ ਬਾਹਰ, ਦੇਸ਼ ਪ੍ਰਦੇਸ ਸਭ ਥਾਈਂ ਫਿਰਦਿਆਂ, ਸੰਸਾਰ ਦੇ ਕਾਰ ਵਿਹਾਰ ਕਰਦਿਆਂ, ਪਰਮਾਤਮਾ ਦੀ ਯਾਦ ਸਦਾ ਹਿਰਦੇ ਵਿਚ ਟਿਕਾਈ ਰੱਖਣ ਦਾ ਉਪਦੇਸ਼:--

੧੦੫- ਜਿਨ ਪਿਰੀਆ ਸਉ ਨੇਹੁ ਸੇ ਸਜਣ ਮੈ ਨਾਲਿ ॥
**ਅੰਤਰਿ ਬਾਹਰ ਹਉ ਫਿਰਾਂ** ਭੀ ਹਿਰਦੇ ਰਖਾ ਸਮਾਲਿ ॥ ੨੧ ॥ [੧੪੨੩]

੧੨

# ਅੰਤਰ ਕਮਲ ਪ੍ਰਗਾਸਿਆ ॥

੧੦੬- ਚਾਰੇ ਅਗਨਿ ਨਿਵਾਰਿ ਮਰੁ, ਗੁਰਮੁਖਿ ਹਰਿ ਜਲੁ ਪਾਇ ॥ **ਅੰਤਰਿ ਕਮਲੁ ਪ੍ਰਗਾਸਿਆ** ਅੰਮ੍ਰਿਤ ਭਰਿਆ ਅਘਾਇ ॥ ਨਾਨਕ ਸਤਗੁਰੁ ਮੀਤ ਕਰਿ ਸਚੁ ਪਾਵਹਿ ਦਰਗਹ ਜਾਇ ॥ ੪ ॥ [੨੨]-੨੦
[**ਚਾਰੇ ਅਗਨਿ**=ਚਾਰੇ ਅਗਨੀਆ ਭਾਵ, ਹੰਸੁ, ਹੇਤ, ਲੋਭ ਅਤੇ ਕੋਪ ]
੧੦੭- ਜਗੁ ਮੋਹਿ ਬਾਧਾ ਬਹੁਤੀ ਆਸਾ ॥ ਗੁਰਮਤੀ ਇਕਿ ਭਏ ਉਦਾਸਾ ॥
**ਅੰਤਰਿ ਨਾਮੁ ਕਮਲੁ ਪਰਗਾਸਾ** ॥ ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ ॥ ੨ ॥ [੪੧੨]-੨
੧੦੮- ਮੇਰਾ ਹਰਿ ਪ੍ਰਭੁ ਰਾਵਣਿ ਆਈਆ ਹਉਮੈ ਬਿਖੁ ਝਾਗੇ ਰਾਮ ॥ ਗੁਰਮਤਿ ਆਪੁ ਮਿਟਾਇਆ ਹਰਿ ਹਰਿ ਲਿਵ ਲਾਗੇ ਰਾਮ ॥ **ਅੰਤਰਿ ਕਮਲੁ ਪਰਗਾਸਿਆ** ਗੁਰ ਗਿਆਨੀ ਜਾਗੇ ਰਾਮ॥ ਜਨ ਨਾਨਕ ਹਰਿ ਪ੍ਰਭੁ ਪਾਇਆ ਪੂਰੈ ਵਡਭਾਗੇ ਰਾਮ ॥ ੧ ॥[੮੪੫]-ਛੰਤ-੨-੪
੧੦੯- ਗੁਰ ਸੇਵਾ ਤੇ ਹਰਿ ਨਾਮੁ ਧਨੁ ਪਾਵੈ ॥ **ਅੰਤਰਿ ਪਰਗਾਸੁ** ਹਰਿ ਨਾਮੁ ਧਿਆਵੈ ॥ ਰਹਾਉ ॥ [੬੬੪]-੩
੧੧੦- ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ ॥ ਗੁਰਮੁਖਿ ਕਾਰ ਕਮਾਵਣੀ

**ਸਚੁ ਘਟਿ ਪਰਗਟੁ ਹੋਇ ॥ ਅੰਤਰਿ ਜਿਸ ਕੇ ਸਚੁ ਵਸੈ ਸਚੇ ਸਚੀ ਸੋਇ ॥**
**ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜ ਘਰਿ ਵਾਸਾ ਹੋਇ ॥ ੧ ॥[੨੭]-੩-੩੬**

**ਅਰਥ**:--(ਜਿਸ ਦੇਸ਼ ਵਿਚ) ਜਿਸ (ਬਾਦਸ਼ਾਹ) ਦੀ ਹਕੂਮਤ ਹੋਵੇ (ਉਸ ਦੇਸ ਦਾ) ਹਰੇਕ ਜੀਵ ਉਸੇ (ਬਾਦਸ਼ਾਹ) ਦਾ ਹੋ ਕੇ ਰਹਿੰਦਾ ਹੈ (ਏਸੇ ਤਰ੍ਹਾਂ ਜੇ) ਗੁਰੂ ਦੇ ਸਨਮੁਖ ਹੋ ਕੇ ਕਾਰ ਕੀਤੀ ਜਾਏ ਤਾਂ ਸਦਾ ਥਿਰ ਰਹਿਣ ਵਾਲਾ ਪ੍ਰਭੂ ਹਿਰਦੇ ਵਿਚ ਪਰਗਟ ਹੋ ਜਾਂਦਾ ਹੈ । (ਤੇ ਗੁਰੂ ਦੇ ਸਨਮੁਖ ਹੋ ਕੇ) ਜਿਸ ਮਨੁੱਖ ਦੇ ਹਿਰਦੇ ਵਿਚ ਸਦਾ-ਥਿਰ ਪ੍ਰਭੂ ਪਰਗਟ ਹੋ ਜਾਏ ਉਹ ਸਚੇ ਪ੍ਰਭੂ ਦਾ ਰੂਪ ਹੋ ਜਾਂਦਾ ਹੈ, ਤੇ ਉਹ ਸਚੀ ਸੋਭਾ ਪਾਉਂਦਾ ਹੈ । ਜਿਹੜੇ ਸਦਾ-ਥਿਰ ਪ੍ਰਭੂ ਵਿਚ ਜੁੜਦੇ ਹਨ, ਉਹ ਉਸ ਤੋਂ ਮੁੜ ਕਦੇ ਵਿਛੁੜਦੇ ਨਹੀਂ, ਉਨ੍ਹਾਂ ਦਾ ਨਿਵਾਸ ਸਦਾ ਆਪਣੇ ਅੰਤਰ ਆਤਮੇ ਵਿਚ ਰਹਿੰਦਾ ਹੈ । ੧ ।

੧੧੧- **ਗੁਰ ਸਾਖੀ ਅੰਤਰਿ ਜਾਗੀ ॥ ਤਾ ਚੰਚਲ ਮਤਿ ਤਿਆਗੀ ॥**
**ਗੁਰ ਸਾਖੀ ਕਾ ਉਜੀਆਰਾ ॥ ਤਾ ਮਿਟਿਆ ਸਗਲ ਅੰਧ੍ਯਾਰਾ ॥ ੨ ॥ [੫੯੯]-੧-੧੨**

੧੩

## ਅੰਤਰਿ ਵਿਕਾਰਾਂ ਦੀ ਮੈਲ ਹੈ?

੧੧੨- ਭਰਮੈ ਭਾਹਿ ਨ ਵਿਝਵੈ ਜੇ ਭਵੈ ਦਿਸੰਤਰਿ ਦੇਸੁ ॥ **ਅੰਤਰਿ ਮੈਲੁ ਨ ਉਤਰੈ,** ਧ੍ਰਿਗੁ ਜੀਵਣੁ ਧ੍ਰਿਗੁ ਵੇਸੁ ॥ ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸੁ ॥ ੧ ॥[੨੨]-੨੨

੧੧੩- **ਅੰਤਰਿ ਕਪਟੁ** ਭਗਉਤੀ ਕਹਾਏ ॥ ਪਾਖੰਡਿ ਪਾਰਬ੍ਰਹਮ ਕਦੇ ਨ ਪਾਏ ॥ ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥ ਬਾਹਰਿ ਮਲੁ ਧੋਵੈ **ਮਨ ਕੀ ਜੂਠਿ** ਨ ਜਾਏ ॥ ਸਤ ਸੰਗਤਿ ਸਿਉ ਬਾਦੁ ਰਚਾਏ ॥ ਅਨਦਿਨੁ ਦੁਖੀਆ ਦੂਜੈ ਭਾਇ ਰਚਾਏ॥ ਹਰਿ ਨਾਮੁ ਨ ਚੇਤੈ ਬਹੁ ਕਰਮ ਕਮਾਏ ॥ ਪੂਰਬ ਲਿਖਿਆ ਸੁ ਮੇਟਣਾ ਨ ਜਾਏ ॥ ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ ॥ ੩ ॥[੮੮]-ਵਾ-੧੪ -

**੧੧੪-** ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਖੁ ਸੰਚੈ ਅੰਧੁ ਅਗਿਆਨੁ ॥ ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ **ਅੰਤਰਿ ਲਹਰਿ ਲੋਭਾਨੁ ॥ ਅੰਤਰਿ ਲਹਰਿ ਲੋਭਾਨੁ ਪਰਾਨੀ** ਸੋ ਪ੍ਰਭੁ ਚਿਤਿ ਨ ਆਵੈ ॥ ਸਾਧਸੰਗਤਿ ਸਿਉ ਸੰਗੁ ਨ ਕੀਆ ਬਹੁ ਜੋਨੀ ਦੁਖੁ ਪਾਵੈ ॥ ਸਿਰਜਨਹਾਰੁ ਵਿਸਾਰਿਆ ਸੁਆਮੀ ਇਕ ਨਿਮਖ ਨ ਲਗੋ ਧਿਆਨੁ ॥ ਕਹੁ ਨਾਨਕ ਪ੍ਰਾਣੀ ਤੀਜੈ ਪਹਰੈ ਬਿਖੁ ਸੰਚੇ ਅੰਧੁ ਅਗਿਆਨੁ ॥ ੩ ॥[੭੭]-੧-੪

੧੧੫- ਇਹੁ ਮਨੁ ਮੈਲਾ ਇਕੁ ਨ ਧਿਆਏ ॥ **ਅੰਤਰਿ ਮੈਲੁ ਲਾਗੀ** ਬਹੁ ਦੂਜੈ ਭਾਇ ॥ ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥ ੩ ॥[੧੧੬]-੧੧-੧੨ ।

੧੧੬- ਜਗੁ ਕਊਆ ਮੁਖਿ ਚੁੰਚ ਗਿਆਨੁ ॥ **ਅੰਤਰਿ** ਲੋਭੁ ਝੂਠੁ ਅਭਿਮਾਨੁ ॥ ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥ ੧ ॥[੮੩੨]-੧-੩

੧੪

## ਅੰਤਰਿ ਬਾਹਰਿ ਰਵਿ ਰਹਿਆ

੧੧੭- **ਅੰਤਰਿ ਬਾਹਰਿ ਰਵਿ ਰਹਿਆ** ਤਿਸ ਨੋ ਜਾਣੈ ਦੂਰਿ ॥ ਤ੍ਰਿਸਨਾ ਲਾਗੀ ਰਚਿ ਰਹਿਆ ਅੰਤਰਿ ਹਉਮੈ ਕੂਰਿ ॥ ਭਗਤੀ ਨਾਮ ਵਿਹੂਣਿਆ ਆਵਹਿ ਵੰਞਹਿ ਪੂਰ ॥ ੩ ॥[੪੭]-੧੪-੮੪

੧੧੮- ਸਿਮਰਤ ਨਾਮੁ ਦੋਖ ਸਭਿ ਲਾਥੇ ॥ **ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ ॥**
ਭੈ ਭਉ ਭਰਮੁ ਖੋਇਆ ਗੁਰਿ ਪੂਰੈ ਦੇਖਾ ਸਭਨੀ ਜਾਈ ਜੀਉ ॥ ੨ ॥[੧੦੭]-੩੮-੪੫

੧੧੯- **ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ** ਤਾ ਸਿਉ ਨੇਹੁ ਨ ਲਾਵੈ ॥
ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ ॥ ੨ ॥[੨੨੦]-੬

੧੨੦- **ਅੰਤਰਿ ਬਾਹਰਿ ਏਕੋ ਜਾਣੈ** ॥ ਗੁਰ ਕੈ ਸਬਦੇ ਆਪੁ ਪਛਾਣੈ ॥ ਸਾਚੈ ਸਬਦਿ ਦਰਿ ਨੀਸਾਣੈ ॥ ੬ ॥[੨੨੪]-੭

੧੨੧- **ਅੰਤਰਿ ਬਾਹਰਿ ਸੰਗਿ ਸਹਾਈ** ਗਿਆਨ ਜੋਗੁ ॥ ਤਿਸਹਿ ਅਰਾਧਿ ਮਨਾ ਬਿਨਾਸੈ ਸਗਲ ਰੋਗੁ ॥ ੨ ॥[੩੯੮]-੧੦-੧੧੨
[ **ਗਿਆਨ ਜੋਗੁ**=ਜਾਨਣ ਜੋਗ, ਜਿਸ ਨਾਲ ਡੂੰਘੀ ਸਾਂਝ ਪਾਉਣੀ ਮਨੁੱਖਾ ਜਨਮ ਦਾ ਜ਼ਰੂਰੀ ਧਰਮ ਹੈ ]

੧੨੨- **ਅੰਤਰਿ ਬਾਹਰਿ ਤੇਰੀ ਬਾਣੀ** ॥ ਤੁਧੁ ਆਪਿ ਕਥੀ ਤੈ ਆਪਿ ਵਖਾਣੀ ॥
ਗੁਰਿ ਕਹਿਆ ਸਭੁ ਏਕੋ ਏਕੋ ਅਵਰੁ ਨ ਕੋਈ ਹੋਇਗਾ ਜੀਉ ॥ ੩ ॥[੯੯]-੧੦-੧੭

੧੨੩- **ਅੰਤਰਿ ਬਾਹਰਿ ਏਕੁ ਹੈ** ਬਹੁ ਬਿਧਿ ਸ੍ਰਿਸਟਿ ਉਪਾਈ ॥
ਹੁਕਮੇ ਕਾਰ ਕਰਾਇਦਾ ਦੂਜਾ ਕਿਸੁ ਕਹੀਐ ਭਾਈ ॥ ੨ ॥[੪੨੭]-੧੦-੩੨

**ਅਰਥ**:--ਪਰਮਾਤਮਾ ਨੇ ਇਹ ਕਈ ਰੰਗਾ ਦੀ ਦੁਨੀਆ ਪੈਦਾ ਕੀਤੀ ਹੈ, ਹਰੇਕ ਦੇ ਅੰਦਰ ਅਤੇ ਬਾਹਰ (ਸਾਰੀ ਸ੍ਰਿਸ਼ਟੀ ਵਿਚ) ਉਹ ਆਪ ਹੀ ਵੱਸਦਾ ਹੈ। ਪ੍ਰਭੂ ਆਪਣੇ ਹੁਕਮ ਅਨੁਸਾਰ ਸਾਰੇ ਕੰਮ ਕਰਵਾਉਂਦਾ ਹੈ, ਕੋਈ ਹੋਰ ਦੂਜਾ ਅਜੇਹੀ ਸਮਰਥਾ ਵਾਲਾ ਨਹੀਂ ਹੈ । ੨ ।

੧੨੪- ਨਾਨਕ ਜਿਨਿ ਗੁਰ ਪੂਰਾ ਪਾਇਆ ॥ **ਅੰਤਰਿ ਬਾਹਰਿ ਏਕੁ ਦਿਖਾਇਆ** ॥ ੪ ॥੩ ॥ ੫੪ ॥[੩੮੫]

੧੨੫- ਅਕੁਲ ਨਿਰੰਜਨ ਸਿਉ ਮਨੁ ਮਾਨਿਆ ਮਨ ਹੀ ਤੇ ਮਨ ਮੂਆ ॥
ਅੰਤਰਿ ਬਾਹਰਿ ਏਕੋ ਜਾਨਿਆ ਨਾਨਕ ਅਵਰੁ ਨ ਦੂਆ ॥ ੪ ॥ [੧੧੨੭]-੬-੭

੧੨੬- ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥ ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ ਨਾਮ ਨ ਜਪਈ ਖਿਪੁ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥ ੪ ॥[੧੦੧੩]-੭

੧੨੭- ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥ ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥ ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ॥ ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥ ੫ ॥[੯੩੦]-ੴ

੧੨੮- ਜੋਗੈ ਕਾ ਮਾਰਗੁ ਬਿਖਮੁ ਹੈ ਜਿਸ ਨੋ ਨਦਰਿ ਕਰੇ ਸੋ ਪਾਏ ॥
ਅੰਤਰਿ ਬਾਹਰਿ ਏਕੋ ਵੇਖੈ ਵਿਚਹੁ ਭਰਮੁ ਚੁਕਾਏ ॥ ੧੧ ॥ [੯੦੯]-੧-੧੦

੧੨੯- ਅੰਤਰਿ ਬਾਹਰਿ ਸੋ ਪ੍ਰਭੁ ਜਾਣੈ ॥ ਰਹੈ ਅਲਿਪਤੁ ਚਲਤੇ ਘਰਿ ਆਣੈ ॥
ਊਪਰਿ ਆਦਿ ਸਰਬ ਤਿਹੁ ਲੋਈ ਸਚੁ ਨਾਨਕ ਅੰਮ੍ਰਿਤ ਰਸੁ ਪਾਇਆ ॥ ੧੫ ॥[੧੦੪੨]-੪-੨

**ਅਰਥ:**--(ਪਰਮਾਤਮਾ ਦੀ ਸਿਫ਼ਤਿ-ਸਲਾਹ ਕਰਨ ਵਾਲਾ ਮਨੁੱਖ) ਉਸ ਪਰਮਾਤਮਾ ਨੂੰ ਆਪਣੇ ਅੰਦਰ ਤੇ ਬਾਹਰ (ਸਾਰੀ ਸ੍ਰਿਸ਼ਟੀ ਵਿਚ) ਵਿਆਪਕ ਸਮਝਦਾ ਹੈ, ਉਹ ਮਾਇਆ ਦੇ ਮੋਹ ਤੋਂ ਨਿਰਲੇਪ ਰਹਿੰਦਾ ਹੈ (ਮਨ) ਨੂੰ (ਮੋੜ ਕੇ ਆਪਣੇ) ਅੰਦਰ ਹੀ ਲੈ ਆਉਂਦਾ ਹੈ। ਹੇ ਨਾਨਕ ! ਉਸ ਮਨੁੱਖ ਨੂੰ ਸਦਾ-ਥਿਰ ਪਰਮਾਤਮਾ ਸਭ ਜੀਆਂ ਦਾ ਰਾਖਾ ਸਭ ਦਾ ਮੂਲ ਤੇ ਤਿੰਨਾ ਭਵਨਾਂ ਵਿਚ ਵਿਆਪਕ ਦਿੱਸਦਾ ਹੈ। ਉਹ ਮਨੁੱਖ ਆਤਮਕ-ਜੀਵਨ ਵਾਲਾ ਨਾਮ-ਰਸ ਹਾਸਲ ਕਰ ਲੈਂਦਾ ਹੈ । ੧੫ ।

੧੩੦- ਮਨ ਪਿਆਰਿਆ ਜੀਉ ਮਿਤ੍ਰਾ ਕਰਿ ਸੰਤਾ ਸੰਗਿ ਨਿਵਾਸੋ ॥ ਮਨ ਪਿਆਰਿਆ ਜੀਉ ਮਿਤ੍ਰਾ ਹਰਿ ਨਾਮੁ ਜਪਤ ਪਰਗਾਸੋ ॥ ਸਿਮਰਿ ਸੁਆਮੀ ਸੁਖਹ ਗਾਮੀ ਇਛ ਸਗਲੀ ਪੁੰਨੀਆ ॥ ਪੁਰਬੇ ਕਮਾਏ ਸ੍ਰੀਰੰਗ ਪਾਏ ਮਿਲੇ ਚਿਰੀ ਵਿਛੁੰਨਿਆ ॥ ਅੰਤਰਿ ਬਾਹਰਿ ਸਰਬਤਿ ਰਵਿਆ ਮਨਿ ਉਪਜਿਆ ਬਿਸੁਆਸੋ ॥ ਨਾਨਕੁ ਸਿਖ ਦੇਇ ਮਨ ਪ੍ਰੀਤਮ ਕਰਿ ਸੰਤਾ ਸੰਗਿ ਨਿਵਾਸੋ ॥ ੪ ॥[੮੦]-੧-੨੧

ਅਰਥ:--ਹੇ ਮਿੱਤ੍ਰ ਪਿਆਰੇ ਮਨ ! ਗੁਰਮੁਖਾਂ ਦੀ ਸੰਗਤਿ ਵਿਚ ਆਪਣਾ ਬਹਿਣ-ਖਲੋਣ ਬਣਾ । ਗੁਰਮੁਖਾਂ ਦੀ ਸੰਗਤਿ ਵਿਚ) ਪਰਮਾਤਮਾ ਦਾ ਨਾਮ ਜਪਿਆਂ (ਹਿਰਦੇ) ਅੰਦਰ ਆਤਮਕ ਚਾਨਣ ਹੋ ਜਾਂਦਾ ਹੈ। ਸੁਖਾਂ ਦੇ ਦਾਤੇ ਪ੍ਰਭੂ ਨੂੰ ਸਿਮਰਿਆਂ ਸਾਰੀਆਂ ਇੱਛਿਆਂਵਾਂ ਪੂਰੀਆਂ ਹੋ ਜਾਂਦੀਆਂ ਹਨ, ਪਹਿਲੇ ਜਨਮ ਵਿਚ ਕੀਤਰ ਨੇਕ ਕਮਾਈ ਦੇ ਸੰਸਕਾਰਾਂ ਅਨੁਸਾਂਰ ਚਿਰ ਦਾ ਵਿਛੜਿਆ ਲੱਛਮੀ-ਪਤੀ ਰੱਬ (ਫਿਰ) ਮਿਲ ਪੈਂਦਾ ਹੈ। (ਗੁਰਮੁਖਾਂ ਦੀ ਸੰਗਤਿ ਵਿਚ ਕੀਤੀ ਗੁਰੂ-ਸ਼ਬਦ ਦੀ ਵਿਚਾਰ ਤੋਂ) ਇਹ ਨਿਸਚਾ ਬਣ ਜਾਂਦਾ ਹੈ ਕਿ ਪਰਮਾਤਮਾ ਅੰਦਰ ਬਾਹਰ ਹਰ ਥਾਂ (ਇੱਕ ਸਾਰ) ਪਿਆਪਕ ਹੈ । ਹੇ ਪ੍ਰਿਤਮ ਮਨ ! ਨਾਨਕ ਤੈਨੂੰ ਸਿੱਖਿਆ ਦਿੰਦਾ ਹੈਕਿ (ਸਦਾ) ਗੁਰਮੁਖਾਂ ਦੀ ਹੀ ਸੰਗਤਿ ਕਰਿਆ ਕਰ । ੪ ।

ਸਤਿਗੁਰਾਂ ਦੇ ਹਿਰਦੇ ਵਿਚਲੀ ਪਰਮਾਤਮਾ ਦੀ ਮੌਜੂਦਗੀ ਨੂੰ ਜੀਆਂ ਦੇ ਅੰਦਰ ਅਤੇ ਬਾਹਰ ਹਰ ਥਾਂ ਨਿਰੰਤਰ ਦਰਸਾਉਣ ਵਾਲੇ ਹੋਰ ਵੀ ਕਈ ਗੁਰੂ ਸ਼ਬਦ ਹਨ। **ਹੇ ਮੂਰਖ ਮਨ** ! ਜ਼ਰਾ ਵਿਚਾਰ ਕਰ, ਕਿ ਪਰਉਕਾਰੀ ਸਤਿਗੁਰਾਂ ਨੇ ਬਾਰ ਬਾਰ ਅਜੇਹੀ ਚਿਤਾਵਣੀ ਕਿਸ ਕਾਰਨ ਦ੍ਰਿੜ ਕਰਵਾਉਣ ਦੀ ਏਡੀ ਘਾਲਣਾ ਘਾਲੀ ਹੈ। ਹੇ ਮਨ ! ਜ਼ਿਰਾ ਇਕਾਗਰਤਾ ਨਾਲ ਧਿਆਨ ਜੋੜ ਕੇ ਸਮਝ । ਤੈਨੂੰ ਸਤਿਗੁਰਾਂ ਦੇ ਮਨ ਦੀ ਸੱਧਰ, ਮਨੁੱਖ ਨੂੰ ਪਾਪ ਰਹਿਤ ਸੱਚਾ ਸੁੱਚਾ ਅਤੇ ਨਿਆਰੇ ਆਚਰਨ ਵਾਲਾ ਬਣਿਆਂ ਵੇਖਣ ਲਈ ਠਾਠਾਂ ਮਾਰਦੀ ਦਿੱਸ ਆ ਜਾਵੇਗੀ। ਗੁਰਮਤਿ ਦਾ ਸਿਧਾਂਤ ਹੈ ਕਿ, ਜਿਹੜਾ ਮਨੁੱਖ ਪਰਵਪਾਮਾਂ ਦੀ ਇਸ ਨੇੜਤਾ ਤੋਂ ਸੁਚੇਤ ਰਹਿੰਦਾ ਹੋਇਆ, ਸਦਾ ਉਸਦੇ ਨਿਰਮਲ ਭੈ ਵਿਚ ਕਾਰ ਵਿਹਾਰ ਕਰਦਾ ਹੈ ਉਹ ਕਦੇ ਕੋਈ ਬੁਰਾ ਕੰਮ ਕਰਨ ਦੀ ਵਿਚਾਰ ਵੀ ਮਨ ਵਿਚ ਨਹੀਂ ਆਉਣ ਦੇਵੇਗਾ--**ਨਿਕਟਿ ਬੁਝੈ ਸੋ ਬੁਰਾ ਕਿਉ ਕਰੈ ॥**

# ਦੂਜਾ ਕਾਂਡ

੧

## " ਸੁਰਤਿ " ਹੋਵੈ ਪਤਿ ਊਗਵੈ ....॥

ਸਤਿਗੁਰਾਂ ਦੀ ਪਾਵਨ ਬਾਣੀ " ਜਪੁ ਸਾਹਿਬ " ਦੀ ੩੬ਵੀਂ ਪਉੜੀ ਵਿਚ " **ਘੜੀਐ ਸੁਰਤਿ ਮਤਿ ਮਨਿ ਬੁਧਿ** " ਬਚਨ ਆਇਆ ਹੈ । ਸਰਮ ਖੰਡ ਅਥਵਾ ਮਿਹਨਤ ਵਾਲੀ ਅਵਸਥਾ ਵਿਚ ਅਪੜੇ ਮਨੁੱਖ ਦੀ ਸੁਰਤਿ, ਮਤਿ, ਮਨ ਅਤੇ ਬੁਧਿ ਘੜੀ ਜਾਂਦੀ ਹੈ । ਮਨ ਬਾਰੇ ਅਸੀ ਵਿਸਥਾਰ ਨਾਲ ਗੁਰਮਤਿ ਵਿਚਾਰ ਕਰ ਆਏ ਹਾਂ । ਸਤਿਗੁਰਾਂ ਨੇ ਸੁਰਤਿ, ਮਤਿ ਅਤੇ ਬੁੱਧ ਦਾ ਜ਼ਿਕਰ ਕੀਤਾ ਹੈ । ਇਨ੍ਹਾਂ ਤਿੰਨਾਂ ਗੁਣਾ ਦੀ ਅੱਡ ਅੱਡ ਵਰਤੋਂ ਵਾਲੇ ਗੁਰਬਾਣੀ ਸ਼ਬਦ ਵਿਚਾਰ ਕੇ, ਇਨ੍ਹਾਂ ਵਿਚਲੇ ਅੰਤਰ ਨੂੰ ਸਮਝਣ ਦਾ ਯਤਨ ਕਰਨਾ ਹੈ । ਏਥੇ ਪਹਿਲਾਂ " ਸੁਰਤਿ " ਬਾਰੇ ਸਮਝਣਾ ਹੈ ।

**ਮਹਾਨ ਕੋਸ਼** ਦੇ ੨੧੯ ਸਫ਼ੇ ਤੇ ਸੁਰਤਿ ਦੇ ਅਰਥ ਇਸ ਪ੍ਰਕਾਰ ਲਿਖੇ ਹਨ:---ਚਿੱਤ । ਅੰਤਹਕਰਣ ਦਾ ਉਹ ਭੇਦ, ਜਿਸ ਦਾ ਕੰਮ ਚੇਤਾ ਹੈ . "

। ੨ ਧਿਆਨ, ਤਵੱਜੋ। । ੩ ਉੱਤਮ ਪ੍ਰੀਤਿ । ਸ੍ਰੇਸ਼ਟ ਰੀਤ । ੪ ਸ਼ੁਤਿ, ਵੇਦ । ੫ ਸੁਣਨ। ਸ੍ਰਵਣ-ਸ਼ਕਿਤ । ੬ ਕੰਨ, ਸ੍ਰੋਤ੍ਰ ।

**ਅੰਤਹਕਰਣ**--ਅੰਤਰ ਦੀ ਇੰਦ੍ਰੀ ਜਿਸ ਦੇ ਸੰਜੋਗ ਨਾਲ ਬਾਹਰਲੀਆਂ ਇੰਦ੍ਰੀਆਂ ਕਾਰਜ ਕਰਦੀਆਂ ਹਨ। ਇਸ ਦੇ ਚਾਰ ਭੇਦ ਹਨ:--

**੧= ਮਨ,** ਜਿਸ ਕਰਕੇ ਸੰਕਲਪ ਵਿਕਲਪ ਫੁਰਦੇ ਹਨ । **੨=** ਬੁਧਿ, ਜਿਸ ਤੋਂ ਵਿਚਾਰ ਅਤੇ ਨਿਸਚਾ ਹੁੰਦਾ ਹੈ । **੩=** ਚਿੱਤ, ਜਿਸ ਕਰਕੇ ਸਮਰਣ (ਚੇਤਾ) ਹੁੰਦਾ ਹੈ । **੪=** ਅਹੰਕਾਰ, ਜਿਸ ਤੋਂ ਪਦਾਰਥਾਂ ਨਾਲ ਆਪਣਾ ਸੰਬੰਧ ਹੁੰਦਾ ਹੈ । (ਮੈਂ ਮਮਤਾ ਜਾਗਦੀ ਹੈ)

**ਗੁਰਬਾਣੀ**--

੧- **ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ ॥ ਸੁਰਤਿ ਹੋਵੈ ਪਤਿ ਊਗਵੈ** **[**ਸੁਰਤਿ=ਸੋਝੀ**]**

**ਗੁਰ ਬਚਨੀ ਭਉ ਖਾਇ ॥ ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ ॥ ੪ ॥**[੧੮]-੧੦

**ਅਰਥ**:--[ਹੇ ਸਤਿਸੰਗੀਓ ! ਸੁਣੋ, ਜੀਵ ਸ਼ੁਭ ਗੁਣਾਂ ਦੇ ਨਾਲ ਸਤਿ ਪੁਰਖ ਨੂੰ ਮਿਲੇ । ਜਦ) ਸਚੁ (ਸਰੂਪ ਸਤਿਪੁਰਖ ਨੂੰ ਮਿਲੇਗਾ (ਤਦ ਇਸ ਦੇ ਹਿਰਦੇ ਵਿਚ) ਸਚ ਪੈਦਾ ਹੋ ਜਾਵੇਗਾ, (ਤਾਂ ਇਸ ਆਪਣੇ ਪ੍ਰਾਪਤ ਕੀਤੇ) ਸਚੁ ਦੁਆਰਾ ਜੀਵ ਸਚ ਵਿਚ (ਅਰਥਾਤ ਸਤਿ ਸਰੂਪ ਕਰਤਾਰ ਵਿਚ) ਸਮਾ ਜਾਵੇਗਾ । (ਕਾਰਣ ਇਹ ਹੈ ਕਿ) ਗੁਰੂ ਦੇ ਬਚਨਾਂ ਦੁਆਰਾ (ਜੀਵ ਈਸ਼ਵਰ ਦਾ ਨਿਰਮਲ-) ਭੈ ਖਾਏਗਾ (ਜਿਸ ਤੋਂ ਹਰ ਪ੍ਰਕਾਰ ਦੇ ਸੰਸਾਰੀ ਭੈ ਦਾ ਨਾਸ ਹੋ ਜਾਵੇਗਾ ਅਤੇ ਨਿਰਭਉ ਹੋਏ ਜੀਵ ਦੇ ਅੰਦਰ ਈਸ਼ਵਰ ਦੀ ਲਖਤਾ ਦੀ) ਸੁਰਤਿ (=ਸੋਝੀ) ਹੋ ਜਾਵੇਗੀ (ਤਦੋਂ ਜੀਵ ਲਈ ਸਤਿਸੰਗਤਿ ਵਿਚ ਤੇ ਈਸ਼ਵਰ ਦੀ ਦਰਗਾਹ ਵਿਚ) ਪਤਿ ਪੈਦਾ ਹੋ ਜਾਵੇਗੀ । (ਐਉਂ ਆਖਦੇ ਹਨ ਗੁਰੂ) ਨਾਨਕ (ਦੇਵ ਜੀ ਕਿ ਫਿਰ ਅਜੇਹੇ ਜੀਵ ਨੂੰ) ਸਦਾ-ਥਿਰ ਵਾਹਿਗੁਰੂ ਆਪ ਹੀ (ਅਪਣੇ ਨਾਲ) ਮਿਲਾ ਲੈਂਦਾ ਹੈ । ੪ ।

" **ਆਪੇ ਲਏ ਮਿਲਾਏ** ' ਪਰਵਚਨ ਵਿਚਲੇ ਅਰਥ ਭਰਪੂਰ ਸੰਕੇਤ ਨੂੰ ਸਮਝਣਾ ਹੈ । ਸ਼ੁਭ ਗੁਣਾਂ ਨੂੰ ਧਾਰਨ ਕਰਨਾ, ਅਵਗੁਣ ਨੂੰ ਤਿਆਗਣਾ, ਪ੍ਰਭੂ ਦੀ ਸਿਫ਼ਤਿ ਸਲਾਹ ਵਿਚ ਰਚੇ ਰਹਿ ਕੇ ਈਸ਼ਵਰੀ ਗੁਣਾ ਵਿਚ ਸਮਾਉਣਾ (ਗੁਣ ਕਹਿ, ਗੁਣੀ ਸਮਾਉਣਾ)-- ਏਨੀਆਂ ਪ੍ਰਾਪਤੀਆਂ ਨਾਲ ਵੀ ਪ੍ਰਭੂ ਦਾ (ਸਾਖਸ਼ਾਤ) ਮਿਲਾਪ, ਜੀਵ ਦੇ ਆਪਣੇ ਵੱਸ ਵਿਚ ਨਹੀਂ ਹੈ । ਇਹ ਕਰਤਾ ਪੁਰਖ ਦੀ ਆਪਣੀ ਕਿਰਪਾ ਦੇ ਅਧੀਨ ਹੈ । ਜੀਵ ਦਾ ਫ਼ਰਜ਼ ਹੈ ਕਿ ਉਹ ਆਪਾ ਭਾਵ ਗੁਆ ਕੇ ਸਰਬ-ਸਮਰਪਣ ਦੀ ਸ਼ਰਧਾ ਬਣਾਏ । ਫਿਰ ' ਨਦਰੀ ਨਦਰ ਨਿਹਾਲ ' ਕਰ ਦੇਣਾ ਉਸ ਦਾ ਬਿਰਦ ਹੈ । ਅਨੰਤ ਪ੍ਰਭੂ ਅੰਤ ਵਾਲੇ ਜੀਵ ਨੂੰ ਆਪਣੇ ਵਿਚ ਮਿਲਾ ਲੈਂਦਾ ਹੈ **। ਏਸੇ ਹੀ ਆਵਸਥਾ ਬਾਰੇ ਹੈ ਸਤਿਗੁਰਾਂ ਦਾ ਇਹ ਫ਼ੁਰਮਾਨ---" ਬਾਹ ਪਕਰਿ ਪ੍ਰਿਅ ਸੇਜੈ ਆਨੀ ॥ "** [ਨੋਟ:--ਜੀਵ-ਇਸਤ੍ਰੀ ਅਤੇ ਹਿਰਦਾ-ਸੇਜ ਬਾਰੇ ਅਸੀਂ ਪਹਿਲਾਂ ਵਿਸਥਾਰ ਨਾਲ ਵਿਚਾਰ ਕਰ ਚੁਕੇ ਹਾਂ]

੨- **ਫਾਹੀ ਸੁਰਤਿ ਮਲੂਕੀ ਵੇਸੁ ॥ ਹਉ ਠਗਵਾੜਾ ਠਗੀ ਦੇਸੁ ॥** **[ਸੁਰਤਿ=**ਰੁਚੀ**]**

**ਖਰਾ ਸਿਆਣਾ ਬਹੁਤਾ ਭਾਰੁ ॥ ਧਾਣਕ ਰੂਪਿ ਰਹਾ ਕਰਤਾਰ ॥ ੩ ॥**[੨੪]-੨੯

**ਅਰਥ**:--ਮੇਰਾ ਧਿਆਨ (ਸੁਰਤਿ ਤਾਂ) ਇਸ ਪਸੇ ਰਹਿੰਦਾ ਹੈ ਕਿ ਲੋਕਾਂ ਨੂੰ ਕਿਸੇ ਠੱਗੀ ਵਿਚ ਫਸਾਵਾਂ, ਪਰ ਮੈਂ ਲਿਬਾਸ ਫ਼ਕੀਰਾਂ ਵਾਲਾ ਪਾਇਆ ਹੋਇਆ ਹੈ, ਮੈ ਠੱਗੀ ਦਾ ਅੱਡਾ ਬਣਿਆ ਹੋਇਆ ਹਾਂ, ਦੇਸ ਨੂੰ ਠੱਗ ਰਿਹਾ ਹਾਂ । (ਜਿਉ ਜਿਉਂ) ਮੈਂ ਬਹੁਤਾ ਸਿਆਣਾ ਬਣਦਾ ਹਾਂ, ਪਾਪਾਂ ਦਾ ਹੋਰ ਭਾਰ (ਆਪਣੇ ਸਿਰ ਉੱਤੇ ਚੁੱਕਦਾ ਜਾਂਦਾ ਹਾਂ) ।ਹੇ ਕਰਤਾਰ ! ਮੈਂ ਸਾਂਹਸੀਆਂ ਵਾਲਾ ਰੂਪ ਧਾਰੀ ਬੈਠਾ ਹਾਂ । ੩ ।

੩- **ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥** **[ਸੁਰਤਿ=**ਲਿਵ, ਧਿਆਨ**]**

**ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥ ੧ ॥**[੭੨੮]-੧

**ਅਰਥ:**--(ਮੱਖਣ ਦੀ ਪ੍ਰਾਪਤੀ ਲਈ) ਜਿਵੇਂ ਤੁਸੀਂ (ਪਹਿਲਾਂ) ਭਾਂਡਾ ਧੋ ਕੇ, ਬੈਠ ਕੇ (ਉਸ ਭਾਂਡੇ ਨੂੰ) ਧੂਪ ਦੇ ਕੇ ਫਿਰ ਦੁੱਧ ਲੈਣ ਜਾਂਦੇ ਹੋ (ਫਿਰ ਜਾਗ ਲਾ ਕੇ ਉਸ ਨੂੰ ਜਮਾਉਂਦੇ ਹੋ । ਇਸੇ ਤਰ੍ਹਾਂ ਜੇ ਨਾਮ-ਅੰਮ੍ਰਿਤ ਪ੍ਰਾਪਤ ਕਰਨਾ ਹੈ ਤਾਂ) ਹਿਰਦੇ ਨੂੰ ਪਵਿੱਤ੍ਰ ਕਰ ਕੇ ਮਨ ਨੂੰ ਰੋਕੋ---ਇਹੀ ਧੂਪ ਇਸ ਹਿਰਦਾ-ਭਾਂਡੇ ਨੂੰ ਦਿਉ । ਰੋਜ਼ਾਨਾ ਕਿਰਤ-ਕਾਰ ਦੁੱਧ ਹੈ, ਪ੍ਰਭੂ-ਚਰਨਾਂ ਵਿਚ (ਹਰ ਵੇਲੇ) ਸੁਰਤਿ ਜੋੜੀ ਰੱਖਣੀ (ਰੋਜ਼ਾਨਾ ਕਿਰਤ-ਕਾਰ ਵਿਚ) ਜਾਗ ਲਾਣੀ ਹੈ, (ਜੁੜੀ ਸੁਰਤਿ ਦੀ ਬਰਕਤਿ ਨਾਲ) ਦੁਨੀਆਂ ਦੀਆਂ ਆਸਾਂ ਤੋਂ ਉਤਾਂਹ ਉਠੋ-- ਇਸ ਤਰ੍ਹਾਂ ਇਹ ਦੁੱਧ ਜਮਾਵੋ (ਭਾਵ, ਜੁੜੀ ਸੁਰਤਿ ਦੀ ਸਹਾਇਤਾ ਨਾਲ ਰੋਜ਼ਾਨਾ ਕਿਰਤ-ਕਾਰ ਕਰਦਿਆਂ ਵੀ ਮਾਇਆ ਵਲੋਂ ਉਪਰਾਮਤਾ ਰਹੇਗੀ) । ੧ ।

੪- **ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ ਨ ਕੀਅ ॥** **[ਸੁਰਤਿ=**ਸੂਝ**]**

**ਜੇਹੀ ਸੁਰਤਿ ਤੇਹਾ ਤਿਨ ਰਾਹੁ ॥ ਲੇਖਾ ਇਕੋ ਆਵਹੁ ਜਾਹੁ ॥ ੧ ॥**[੨੪]-੩੦

**ਅਰਥ**:--ਜਿਨੇ ਵੀ ਜੀਵ ਹਨ (ਇਨ੍ਹਾਂ ਸਭਨਾਂ ਦੇ ਅੰਦਰ) ਇਕ ਪਰਮਾਤਮਾ ਦੀ ਹੀ ਬਖ਼ਸ਼ੀ ਹੋਈ ਸੁਰਤਿ **(-ਸੂਝ)** ਕੰਮ ਕਰ ਰਹੀ ਹੈ, (ਪਰਮਾਤਮਾ ਨੇ) ਕੋਈ ਵੀ ਐਸਾ ਜੀਵ ਪੈਦਾ ਨਹੀਂ ਕੀਤਾ ਜਿਸ ਨੂੰ ਸੂਝ ਤੋਂ ਵਿਰਵਾ ਰੱਖਿਆ ਹੋਵੇ । (ਕਿਸੇ ਬਿਮਾਰੀ ਦੇ ਕਾਰਨ ਬੇਸੁੱਧ ਹੋ ਜਾਣਾ ਹੋਰ ਗੱਲ ਹੈ, ਪਰ ਥੋਹੜੀ ਜਾਂ ਬਹੁਤੀ ਸੂਝ, ਹਰ ਜੀਵ ਵਿਚ ਹੁੰਦੀ ਹੈ) । ਜਿਹੋ ਜਿਹੀ ਸੁਰਤਿ **(-ਸੂਝ)** (ਪ੍ਰਭੂ ਜੀਵਾਂ ਨੂੰ ਦਿੰਦਾ ਹੈ) ਉਹੋ ਜਿਹਾ ਜੀਵਨ-ਰਸਤਾ ਉਹ ਫੜ ਲੈਂਦੇ ਹਨ । (ਉਸੇ ਮਿਲੀ ਸੂਝ-ਸੁਰਤਿ ਅਨੁਸਾਰ) ਜੀਵ (ਜਗਤ ਵਿਚ) ਆਉਂਦੇ ਹਨ ਤੇ ਇਥੋਂ ਚਲੇ ਜਾਂਦੇ ਹਨ । ਇਹ ਮਰਯਾਦਾ ਤੋਰਨ ਵਾਲਾ ਪ੍ਰਭੂ ਆਪ ਹੀ ਹੈ । ੧ ।

੫- **ਦਰਮਾਦੇ ਠਾਢੇ ਦਰਬਾਰਿ ॥** **[ਸੁਰਤਿ**--ਖ਼ਬਰ ਲੈਣੀ, ਸਹਾਇਤਾ ਕਰਨੀ**]**

**ਤੁਝ ਬਿਨੁ ਸੁਰਤਿ ਕਰੈ ਕੋ ਮੇਰੀ, ਦਰਸਨੁ ਦੀਜੈ ਖੋਲਿ ਕਿਵਾਰ ॥ ਰਹਾਉ ॥** [੮੫੬]-੭

**ਅਰਥ**:-- ਹੇ ਪ੍ਰਭੂ ! ਮੈਂ ਤੇਰੇ ਦਰ ਤੇ ਮੰਗਤਾ ਬਣ ਕੇ ਖੜਾ ਹਾਂ । ਭਲਾ ਤੈਥੋਂ ਬਿਨਾ ਹੋਰ ਕੌਣ ਮੇਰੀ ਖ਼ਬਰਦਾਰੀ (ਸੁਰਤ-ਸੰਭਾਲ) ਕਰ ਸਕਦਾ ਹੈ । ਹੇ ਦਾਤੇ ! ਬੂਹਾ ਖੋਲ੍ਹ ਕੇ ਮੈਨੂੰ ਦੀਦਾਰ ਬਖ਼ਸ਼ । ੧ । ਰਹਾਉ ।

੬- **ਦੇਂਦੇ ਥਾਵਹੁ ਦਿਤਾ ਚੰਗਾ, ਮਨਮੁਖਿ ਐਸਾ ਜਾਣੀਐ ॥ ਸੁਰਤਿ ਮਤਿ ਚਤੁਰਾਈ ਤਾ ਕੀ, ਕਿਆ ਕਰਿ**

**ਆਖਿ ਵਖਾਣੀਐ ॥ . . . . ੨ ॥** [੧੩੮]-ਵਾਰ-੨

**ਅਰਥ**:--ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਇਹੋ ਜਿਹਾ ਸਮਝ ਲਵੋ (ਕਿ ਉਸ ਨੂੰ) ਦੇਣ ਵਾਲੇ (ਪਰਮਾਤਮਾ) ਨਾਲੋਂ ਉਸ ਦਾ ਦਿੱਤਾ ਹੋਇਆ (ਪਦਾਰਥ) ਚੰਗਾ ਲੱਗਦਾ ਹੈ । ਉਸ ਮਨੁੱਖ ਦੀ **ਸੂਝ,** ਅਕਲ ਤੇ ਸਿਆਣਪ (ਅਜੇਹੀ ਨੀਵੀਂ ਹੈ ਕਿ) ਲਫ਼ਜ਼ਾਂ ਨਾਲ ਬਿਆਨ ਨਹੀਂ ਕੀਤੀ ਜਾ ਸਕਦੀ ।

੭- **ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ, ਪਰਮਿਤਿ ਬਾਹਰਿ ਖਿੰਥਾ ॥**

**ਸੁੰਨ ਗੁਫ਼ਾ ਮਹਿ ਆਸਣੁ ਬੈਸਣੁ, ਕਲਪ ਬਿਬਰਜਿਤ ਪੰਥਾ ॥ ੧ ॥**[੩੩੪]-੨-੫੩

**ਅਰਥ:**--ਪ੍ਰਭੂ ਦੇ ਚਰਨਾਂ ਵਿਚ ਸੁਰਤ ਜੋੜਨੀ ਤੇ ਪ੍ਰਭੂ ਦਾ ਨਾਮ ਸਿਮਰਨਾ--ਇਹ ਮਾਨੋਂ, ਮੈਂ ਦੋਹਾਂ ਕੰਨਾ ਵਿਚ ਮੁੰਦਰਾਂ ਪਾਈਆਂ ਹੋਈਆਂ ਹਨ । ਪ੍ਰਭੂ ਦਾ ਯਥਾਰਥ ਗਿਆਨ-(ਪਰਮਿਤ)-ਇਹ ਮੈ ਆਪਣੇ ਤੇ ਗੋਦੜੀ ਲਈ ਹੋਈ ਹੈ । ਅਫੁਰ ਅਵਸਥਾ-ਰੂਪ ਗੁਫ਼ਾ ਵਿਚ ਮੈਂ ਆਸਣ ਲਾਈ ਬੈਠਾ ਹਾਂ (ਭਾਵ, ਮੇਰਾ ਮਨ ਹੀ ਮੇਰੀ ਗੁਫ਼ਾ ਹੈ, ਜਿਥੇ ਮੈਂ ਦੁਨੀਆਂ ਦੇ ਧੰਦਿਆਂ ਵਾਲੇ ਕੋਈ ਫੁਰਨੇ ਨਹੀਂ ਉਠਨ ਦਿੰਦਾ ਤੇ ਇਸ ਤਰ੍ਹਾਂ ਆਪਣੇ ਅੰਦਰ, ਮਾਨੋ ਇਕ ਏਕਾਂਤ ਵਿਚ ਬੈਠਾ ਹੋਇਆ ਹਾਂ) । ਦੁਨੀਆ ਦੀਆਂ ਕਲਪਣਾ ਤਿਆਗ ਦੇਣੀਆ--ਇਹ ਹੈ ਮੇਰਾ (ਜੋਗ-) ਪੰਥ । ੧ ।

**ਸੁਰਤਿ** ਤੋਂ ਹੀ ਲਫ਼ਜ਼ ਸੁਰਤਾ ਬਣਿਆ ਹੈ । **ਚੰਗੀ ਸੁਰਤਿ** ਵਾਲੇ ਪੰਡਿਤ (ਵਿਦਵਾਨ) ਦੇ ਲੱਛਣ:----

੮- **ਪਵਣੈ ਪਾਣੀ ਜਾਣੈ ਜਾਤਿ ॥ ਕਾਇਆਂ ਅਗਨਿ ਕਰੇ ਨਿਭਰਾਂਤਿ ॥**
**ਜੰਮਹਿ ਜੀਅ ਜਾਣੈ ਜੇ ਥਾਉ ॥ ਸੁਰਤਾ ਪੰਡਿਤੁ ਤਾ ਕਾ ਨਾਉ ॥ ੧ ॥** [੧੨੫੬]-੧-੬

**ਅਰਥ:**--ਉਸ ਮਨੁੱਖ ਦਾ ਨਾਮ ਸਿਆਣਾ ਪੰਡਿਤ (ਰਖਿਆ ਜਾ ਸਕਦਾ) ਹੈ, ਜੋ ਹਵਾ ਪਾਣੀ ਆਦਿ ਤੱਤਾਂ ਦੇ ਮੂਲ ਹਰੀ ਨੂੰ ਜਾਣ ਲਏ (ਭਾਵ ਜੋ ਇਹ ਸਮਝ ਲਏ ਕਿ ਸਾਰੇ ਤੱਤਾਂ ਦਾ ਬਣਾਉਣ ਵਾਲਾ ਪਰਮਾਤਮਾ ਆਪ ਹੈ, ਤੇ ਉਸ ਨਾਲ ਡੂੰਘੀ ਸਾਂਝ ਪਾ ਲਏ), ਜੋ ਆਪਣੇ ਸਰੀਰ ਦੀ ਤ੍ਰਿਸ਼ਨਾਂ-ਅੱਗ ਨੂੰ ਨਿਭਰਾਂਤਿ(=ਸ਼ਾਂਤ) ਕਰ ਲਏ, ਜੋ ਉਸ ਪ੍ਰਭੂ ਨਾਲ ਜਾਣ-ਪਛਾਣ ਬਣਾ ਲਏ, ਜਿਸ ਪ੍ਰਭੂ ਤੋਂ ਸਾਰੇ ਜੀਅ ਜੰਤ ਪੈਦਾ ਹੁੰਦੇ ਹਨ । ੧ ।

**" ਸੁਰਤਿ " ਦਾ ਇਕ ਅਰਥ ਇਹ ਵੀ ਹੈ:--**

੯- **ਸਚਾ ਚਉਕਾ ਸੁਰਤਿ ਕੀ ਕਾਰਾ ॥ ਹਰਿਨਾਮੁ ਭੋਜਨੁ ਸਚੁ ਆਧਾਰਾ ॥**
**ਸਦਾ ਤ੍ਰਿਪਤਿ ਪਵਿਤ੍ਰੁ ਹੈ ਪਾਵਨੁ ਜਿਤੁ ਘਟਿ ਹਰਿ ਨਾਮੁ ਨਿਵਾਸੀ ਹੇ ॥ ੫ ॥**[੧੦੪੮]-੫

[ਨੋਟ:--ਇਹ ਗੁਰੂ-ਫ਼ੁਰਮਾਨ ਚੌਥੇ ਭਾਗ ਦੇ ਪਹਿਲੇ ਕਾਂਡ ਦੇ ੩੭ਵੇਂ ਸ਼ਬਦ-ਨੰਬਰ ਤੇ ਅਰਥਾਂ ਸਮੇਤ ਲਿਖਿਆ ਜਾ ਚੁੱਕਾ ਹੈ]

੧੦- **ਸੁਰਤਿ ਮਤਿ ਚਤੁਰਾਈ ਸੋਭਾ ਰੂਪੁ ਰੰਗੁ ਧਨੁ ਮਾਣੁ ॥**
**ਸਰਬ ਸੂਖ ਆਨੰਦ ਨਾਨਕ ਜਪਿ ਰਾਮ ਨਾਮੁ ਕਲਿਆਣੁ ॥ ੨ ॥**[੧੩੨੩]-੬

## ੨

## " ਪਤਿ " ਸਿਉ ਘਰਿ ਜਾਵਉ

**ਸੁਰਤ ਕਾਇਮ ਹੋਵੇ, ਭਾਵ ਸੁਰਤ ਸਤਿਗੁਰਾਂ ਦੀ ਸਿਖਿਆ ਵਿਚ ਰਹਿਣਾ ਸਿੱਖ ਜਾਵੇ, ਸੁਰਤ ਪ੍ਰਭ ਚਰਨਾ ਵਿਚ ਜੁੜੀ ਰਹਿਣਾ ਮੰਨ ਜਾਵੇ ਤਾਂ ਪਤਿ, ਇਜ਼ਤ, ਨਿਰੀ ਬਚੀ ਹੀ ਨਹੀਂ ਰਹਿੰਦੀ ਸਗੋਂ ਦਿਨੋ ਦਿਨ ਮਾਣ ਇੱਜ਼ਤ ਵਧਦੀ ਹੈ। ਪ੍ਰਭੂ ਦਰਬਾਰ ਵਿਚ ਵੀ ਅਜੇਹੇ ਮਨੁੱਖ ਨੂੰ ਆਦਰ ਮਾਣ ਮਿਲਦਾ ਹੈ । ਸਤਿਗੁਰਾਂ ਦਾ ਇਹ ਫ਼ੁਰਮਾਨ--ਸੁਰਤਿ ਹੋਵ ਪਤਿ ਊਗਵੇ ਗੁਰ ਬਚਨੀ ਭਉ ਖਾਇ ॥ "** ਅਸਾਂ ਹੁਣੇ ਹੀ ਉੱਪਰ ਪਹਿਲੇ ਨੰਬਰ ਤੇ ਵਿਚਾਰਿਆ ਹੈ।

**ਮਹਾਨ ਕੋਸ਼** ਦੇ ੭੩੮ ਸਫ਼ੇ ਤੇ **ਪਤ** ਦੇ ਅਰਥ ਇਸ ਪ੍ਰਕਾਰ ਹਨ--੧- ਪ੍ਰਤਿਸ਼ਟਾ, ਵਡਿਆਈ, ਇੱਜ਼ਤ । ੨-ਪਤ੍ਰ, ਪੱਤਾ, " ਪਤ ਪਰਾਪਤਿ ਛਾਵ ਘਣੀ " (ਬਸੰ: ਮ: ੧) ੩--ਪਾਤ੍ਰ, ਤੂੰਬਾ--" ਭਉ ਭਾਉ ਦੁਇ ਪਤ ਲਾਇ, ਇਹ ਸਰੀਰ ਕਰਿ ਡੰਡੀ" ॥ (ਰਾਮ ਅਸ: ਮ: ੩) ੪-ਦੇਖੋ ਪਤਿ ਅਤੇ ਪਤੁ । ੫-ਸਵਾਮੀ ਹੋਣਾ, ਹਕੂਮਤ ਕਰਨਾ ਉੱਡਣਾ ।

ਪਤਿ-- ਪ੍ਰਤਿਸ਼ਟਾ, ਮਾਨ, " **ਪਤਿ ਸੇਤੀ ਅਪਨੇ ਘਰਿ ਜਾਹੀ** " ।(ਬਾਵਨ) **ਪਤਿ ਰਾਖੀ ਗੁਰ ਪਾਰਬ੍ਰਹਮ** " (ਬਾਵਨ) ੨-ਪੰਕਿਤ, ਪਾਂਤਿ । ਖ਼ਾਨਦਾਨ, ਕੁਲ, ਗੋਤ੍ਰ " ਨਾਮੇ ਕੀ ਜਤਿ ਪਤਿ " (ਸ੍ਰੀ ਮ: ੪ ਵਣਜਾਰਾ) ਨਾਮ ਕਰਕੇ ਜਾਤਿ ਅਤੇ ਵੰਸ਼ ਹੈ । ੩-- ਸੰਪਤਿ, ਸੰਪਦਾ,--" ਜਾਤਿ ਨ ਪਤਿ ਨ ਆ ਦਰੋ " । ੪- ਪੱਤਿ ਲਈ ਵੀ ਪਤਿ ਸ਼ਬਦ ਵਰਤਿਆ ਹੈ । ੫- ਪਤ੍ਰੀ, ਬੂਟਾ, ਪੌਧਾ --" ਨਾਇ ਮੰਨਿਐ ਪਤਿ ਊਪਜੈ " (ਵਾਰ ਆਸਾ) ਕਪਾਹ ਦਾ ਬੂਟਾ ਉੱਗਦਾ ਹੈ । ੬--ਪਰਿ ਸ੍ਵਾਮੀ, ਆਕਾ । ੭- ਭਰਤਾ, ਖਾਵੰਦ ।

## ੩

## " ਮਤਿ "

### " ਮਤਿ ਵਿਚਿ ਰਤਨ ਜਵਾਹਰ ਮਾਣਿਕ "

ਮਹਾਨ ਕੋਸ਼ ਵਿਚ " **ਮਤਿ** " ਦੇ ਅਰਥ ਇਸ ਪ੍ਰਕਾਰ ਹਨ--**ਮਤਿ**=ਮੱਤ, ਮਤਵਾਲਾ . " **ਮਾਤੰਗ ਮਤਿ ਅਹੰਕਾਰ** " (ਸਾਰ ਮ: ੫) ੨ ਸੰ . ਮਾਤ੍ਰ, ਮਾਂ " ਮਤਿ ਪਿਤ ਭਰਮੈ . " (ਕਲਕੀ) ੩ ਸੰ . ਮਮਤਾ, ਅਹੰਕਾਰ . ਅੰਤਹਕਰਣ ਦਾ ਚੌਥਾ ਭੇਦ . " **ਘੜੀਐ ਸੁਤਿ ਮਤਿ ਮਨਿ ਬੁਧਿ** " (ਜਪੁ) । ੪ ਮਦਰਾ, ਸ਼ਰਾਬ . " **ਪੀਵਹੁ ਸੰਤ ਸਦਾ ਮਤਿ ਦੁਰਲਭ** " (ਕੇਦਾ ਕਬੀਰ) । ੫ ਮਤਿ, ਬੁੱਧਿ . " **ਮਤਿ ਹੋਦੀ ਹੋਇ ਇਆਣਾ .** " (ਸਾ ਫ਼ਰੀਦ) ੬ ਗਯਾਨ । ੭ ਇੱਛਾ । ੮ ਸਿਮ੍ਰਿਤਿ . ਯਾਦ . ਚੇਤਾ । ੯ ਭਗਤਿ । ੧੦ ਪ੍ਰਾਰਥਨਾ . ਅਰਦਾਸ । ਪੂਜਨ । ੧੨ ਧਯਾਨ । ੧੩ ਨਿਸਚਾ । ੧੪ ਰਾਇ । ੧੫ ਪੰਜਾਬੀ ਵਿਚ ਮਤ ਦੀ ਥਾਂ ਵੀ ਮਤਿ ਆਉਂਦਾ ਹੈ " **ਮਤਿ ਬਸਿ ਪਰਉ ਲੁਹਾਰ ਕੇ** " (ਸ। ਕਬੀਰ) ।

ਮਹਾਨ ਕੋਸ਼ ਦੇ ਕਰਤਾ ਨੇ ਮਤਿ ਦਾ ਪਹਿਲਾ ਅਰਥ ਹਉਮੇ ਵਿਚ ਮਤਵਾਲਾ ਅਥਵਾ ਹੰਕਾਰ ਦੇ ਕਾਰਨ ਮਸਤ ਲਿਖਿਆ ਹੈ । ਇਸ ਅਰਥ ਨੂੰ ਗੁਰਮਤਿ ਅਨਕੂਲ ਸਿੱਧ ਕਰਨ ਲਈ " ਮਾਤੰਗ ਮਤਿ ਅਹੰਕਾਰ " ਗੁਰਬਾਣੀ ਦੀ ਪੰਗਤੀ ਲਿਖੀ ਹੈ । ਸਾਰੰਗ ਰਾਗ ਵਿਚ ਉਚਾਰੇ ਪੰਚਮ ਪਾਤਸ਼ਾਹੀ ਜੀ ਦੇ ਪਾਵਨ ਸ਼ਬਦ ਦੀ ਪੂਰੀ ਤੁਕ ਇਸ ਪ੍ਰਕਾਰ ਹੈ:--

੧੧- **ਬਿਖੁ ਠਗਉਰੀ ਖਾਇ ਮੂਠੋ ਚਿਤਿ ਨ ਸਿਰਜਨਹਾਰ ॥**
**ਗੋਬਿੰਦ ਗੁਪਤ ਹੋਇ ਰਹਿਓ ਨਿਆਰੋ ਮਾਤੰਗ ਮਤਿ ਅਹੰਕਾਰ ॥ ੩ ॥**[੧੨੨੯]-੧-੧੨੯

**ਅਰਥ:**--ਆਤਮਕ ਮੌਤ ਲਿਆਉਣ ਵਾਲੀ ਮਾਇਆ-ਠਗ-ਬੂਟੀ ਖਾ ਕੇ ਮਨੁੱਖ (ਆਤਮਕ ਸਰਮਾਏ ਵਲੋਂ) ਲੁਟਿਆ ਜਾਂਦਾ ਹੈ, ਇਸ ਦੇ ਮਨ ਵਿਚ ਪਰਮਾਤਮਾ ਦੀ ਯਾਦ ਨਹੀਂ ਹੁੰਦੀ, ਹਉਮੈ ਦੀ ਮਤਿ ਦੇ ਕਾਰਨ ਹਾਥੀ ਵਾਂਗ (ਫੁੱਲਿਆ ਰਹਿੰਦਾ ਹੈ, ਇਸ ਦੇ ਅੰਦਰ ਹੀ) ਪਰਮਾਤਮਾ ਛੁਪਿਆ ਬੈਠਾ ਹੈ, ਪਰ ਉਸ ਤੋਂ ਵੱਖਰਾ ਹੀ ਰਹਿੰਦਾ ਹੈ । ੩ ।

ਇਸ ਗੁਰੂ ਫੁਰਮਾਨ ਤੋਂ ਇਹ ਤੱਥ ਵੀ ਸਪੱਸ਼ਟ ਹੋ ਰਿਹਾ ਹੈ ਕਿ ਪ੍ਰਭੂ ਸਾਰਿਆਂ ਜੀਵਾਂ ਦੇ ਵਿਚ ਹੁੰਦਾ ਹੋਇਆ ਹੀ ਹੰਕਾਰ ਗ੍ਰਸੀ ਮਤਿ ਵਾਲੇ ਮਨੁੱਖ ਲਈ ਗੁਪਤ ਰਹਿੰਦਾ ਹੈ। ਪ੍ਰਭੂ ਮਿਲਾਪ ਦੀ ਸਿੱਕ ਲਈ ਵਿਕਾਰਾਂ ਵਿਚ ਫਸੀ ਮਤਿ ਦਾ ਤਿਆਗ ਕਰਨ ਦਾ ਗੁਰੂ-ਫੁਰਮਾਨ:--

੧੨- **ਮਤੜੀ ਕਾਂਢੂ ਕੁਆਹ ਪਾਵ ਧੋਵੰਦੋ ਪੀਵਸਾ ॥** [**ਕੁਆਹ=**ਕੁ-(ਬੁਰਾ), ਆਵਾਹਨ-(ਪੁਕਾਰਨਾ) ਬੁਰਾ ਕਹਿਣਾ, ਖੋਟਾ]
**ਮੂ ਤਨਿ ਪ੍ਰੇਮੁ ਅਥਾਹ ਪਸਣ ਕੂ ਸਚਾ ਧਣੀ ॥ ੩ ॥**[੧੦੯੯]-ਵਾਰ-੧੫

**ਅਰਥ:**--ਸਦਾਕਾਇਮ ਰਹਿਣ ਵਾਲੇ ਮਾਲਕ-ਪ੍ਰਭੂ ਦਾ ਦਰਸ਼ਨ ਕਰਨ ਵਾਸਤੇ ਮੇਰੇ ਹਿਰਦੇ ਵਿਚ ਅਥਾਹ ਪ੍ਰੇਮ ਹੈ (ਪਰ ਮੇਰੀ ਖੋਟੀ ਮਤਿ ਪ੍ਰਭੂ-ਦਰਸ਼ਨ ਦੇ ਰਸਤੇ ਵਿਚ ਰੋਕ ਪਾਉਂਦੀ ਹੈ), ਜਿਹੜਾ ਮਨੁੱਖ ਮੇਰੀ ਇਸ ਖੋਟੀ ਮਤਿ ਨੂੰ (ਮੇਰੇ ਅੰਦਰੋਂ) ਕੱਢ ਦੇਵੇ, ਮੈਂ ਉਸ ਦੇ ਪੈਰ ਧੋ ਧੋ ਕੇ ਪੀਵਾਂਗਾ। ੩।

ਪਿਛਲੇ ਕਰਮਾਂ ਦੀ ਲਿਖਤ ਅਨੁਸਾਰ, ਸਤਿਗੁਰਾਂ ਦੀ ਸਿਖਿਆ ਪ੍ਰਾਪਤ ਹੋਈ ਜਿਸ ਤੋਂ ਜਗਤ ਦੇ ਮੂਲ-ਪ੍ਰਭੂ ਦੀਆਂ ਵਡਿਆਈਆਂ ਦੀ ਵਿਚਾਰ ਦੀ ਸੋਝੀ ਆਈ। ਗੁਰ-ਗਿਆਨ ਦੀ ਬਰਕਤਿ ਨਾਲੋਂ ਨਾਮ ਦੀ ਪ੍ਰਾਪਤੀ ਹੋ ਗਈ। ਸੁਰਿਤ ਨਾਮ ਵਿਚ ਜੁੜ ਗਈ। ਮਾਇਆ ਦੇ ਮੋਹ ਤੋਂ ਛੁਟਕਾਰਾ ਹੋ ਗਿਆ। ਮਲੀਨ ਅਤੇ ਖੋਟੀ ਮਤਿ ਵਿਕਾਰਾਂ ਤੋਂ ਸਾਫ਼ ਹੋ ਗਈ ਅਤੇ ਪ੍ਰਭੂ ਦੀ ਨੇੜਤਾ ਪ੍ਰਾਪਤ ਹੋ ਗਈ :--

੧੩- **ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥ ਮਤਿ ਮਲੀਣ**
**ਪਰਗਟੁ ਭਈ ਜਪਿ ਨਾਮੁ ਮੁਰਾਰਾ ॥ ਸਿਵਿ ਸਕਤਿ ਮਿਟਾਈਆ ਚੂਕਾ**
**ਅੰਧਿਆਰਾ ॥ ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥ ੧ ॥**[੧੬੩]-੧੮-੩੮

੧੪- **ਮਨਿ ਪਰਤੀਤਿ ਬਨੀ ਪ੍ਰਭ ਤੇਰੀ ॥ ਬਿਨਸਿ ਗਈ ਹਉਮੈ ਮਤਿ ਮੇਰੀ ॥**
**ਅੰਗੀਕਾਰੁ ਕੀਆ ਪ੍ਰਭਿ ਅਪਨੈ ਜਗ ਮਹਿ ਸੋਭ ਸੁਹਾਈ ਹੇ ॥ ੧੩ ॥**[੧੦੭੨]-੧

**ਅਰਥ:**--ਹੇ ਪ੍ਰਭੂ ! (ਤੇਰੀ ਮਿਹਰ ਨਾਲ ਗੁਰੂ ਦੀ ਸਿਖਿਆ ਪ੍ਰਾਪਤਿ ਹੋਈ ਹੋਈ ਜਿਸ ਤੋਂ) ਮਨ ਵਿਚ ਤੇਰੀ ਸ਼ਰਧਾ ਬਣ ਗਈ, (ਜਿਸ ਦੀ ਬਰਕਤਿ ਨਾਲ) ਮੇਰੀ ਹਉਮੈ-ਮਮਤਾ ਵਾਲੀ ਮਤਿ ਦੂਰ ਹੋ ਗਈ। ਪ੍ਰਭੂ ਨੇ ਜਿਸ ਮਨੁੱਖ ਦੀ ਸਹਾਇਤਾ ਕੀਤੀ, ਉਸ ਦੀ ਸਾਰੇ ਜਗਤ ਵਿਚ ਸੋਭਾ ਚਮਕ ਪਈ। ੧੩।

੧੫- **ਕਚੀ ਕੰਧ ਕਚਾ ਵਿਚਿ ਰਾਜੁ ॥ ਮਤਿ ਅਲੂਣੀ ਫਿਕਾ ਸਾਦੁ ॥**
**ਨਾਨਕ ਆਣੇ ਆਵੈ ਰਾਸਿ ॥ ਵਿਣੁ ਨਾਵੈ ਨਾਹੀ ਸਾਬਾਸਿ ॥ ੩ ॥**[੨੫]-੩੨

**ਅਰਥ:**--ਜਿਸ ਮਨੁੱਖ ਦੇ ਅੰਦਰ ਅੰਞਾਣ ਮਨ (ਜੀਵਨ-ਉਸਾਰੀ ਕਰਨ ਵਾਲਾ) ਰਾਜ-ਕਾਰੀਗਰ ਹੈ, ਉਸ ਦੀ ਜੀਵਨ-ਉਸਾਰੀ ਦੀ ਕੰਧ ਵੀ ਕੱਚੀ (ਕਮਜ਼ੋਰ) ਹੀ ਬਣਦੀ ਹੈ। ਉਸ ਦੀ ਅਕਲ ਵੀ ਫਿੱਕੀ ਤੇ ਉਸ ਦਾ ਸਾਰਾ ਜੀਵਨ ਵੀ ਫਿੱਕਾ (ਬੇ-ਰਸਾ) ਹੀ ਰਹਿੰਦਾ ਹੈ। (ਪਰ ਜੀਵ ਦੇ ਕੀ ਵੱਸ ?) ਹੇ ਨਾਨਕ ! ਜੇ ਪ੍ਰਭੂ ਆਪ (ਕਿਰਪਾ ਕਰਕੇ) ਜੀਵ ਦੇ ਜੀਵਨ ਨੂੰ ਸੁਧਾਰੇ ਤਦ ਤਾਂ ਹੈ, (ਨਹੀਂ ਤਾਂ) ਪ੍ਰਭੂ ਦੇ ਨਾਮ ਤੋਂ ਵਾਂਜੇ ਰਹਿ ਕੇ ਉਸ ਦੀ ਹਜ਼ੂਰੀ ਵਿਚ ਆਦਰ ਨਹੀਂ ਮਿਲਦਾ। ੩।

## ਮਤਿ ਮਾਤਾ ?

੧੬- **ਗੁਰਮੁਖਿ ਜਿੰਦੂ ਜਪਿ ਨਾਮੁ ਕਰੰਮਾ ॥ ਮਤਿ ਮਾਤਾ ਮਤਿ ਜੀਉ ਨਾਮੁ ਮੁਖਿ ਰਾਮਾ ॥**
**ਸੰਤੋਖੁ ਪਿਤਾ ਕਰਿ ਗੁਰੁ ਪੁਰਖੁ ਅਜਨਮਾ ॥ ਵਡਭਾਗੀ ਮਿਲੁ ਰਾਮਾ ॥ ੧ ॥**[੧੭੨-੭੩]-੧-੨੭

**ਅਰਥ:**--ਹੇ ਮੇਰੀ ਜਿੰਦੇ ! ਗੁਰੂ ਦੀ ਸਰਨੀ ਪੈ ਕੇ (ਪਰਮਾਤਮਾ ਦਾ) ਨਾਮ ਜਪੋ, (ਤੇਰੇ) ਭਾਗ (ਜਾਗ ਪਏ ਹਨ)। (ਹੇ ਜਿੰਦੇ ਗੁਰੂ ਦੀ ਦਿੱਤੀ) ਮਤਿ ਨੂੰ ਆਪਣੀ ਮਾਂ ਬਣਾ, ਤੇ (ਗੁਰੂ ਦੀ) ਮਤਿ ਨੂੰ ਹੀ ਜੀਵਨ (ਦਾ ਆਸਰਾ ਬਣਾ), ਰਾਮ ਦਾ ਨਾਮ ਮੂੰਹ ਨਾਲ ਜਪ (ਹੇ ਜਿੰਦੇ !) ਸੰਤੋਖ ਨੂੰ ਪਿਤਾ ਬਣਾ, ਅਜੂਨੀ ਅਕਾਲ ਪੁਰਖ ਦੇ ਰੂਪ ਗੁਰੂ ਦੀ ਸਰਨ ਪਉ। ਹੇ ਜਿੰਦੇ ! ਮਿਲ ਰਾਮ ਨੂੰ, ਤੇਰੇ ਭਾਗ ਚੰਗੇ ਹੋ ਗਏ ਹਨ। ੧। |

੧੭- **ਪ੍ਰੇਮ ਭਗਤਿ ਪਰਵਾਹ ਪ੍ਰੀਤਿ ਪੁਬਲੀ ਨ ਹੁਟਇ ॥ ਸਤਿਗੁਰ ਸਬਦੁ ਅਥਾਹੁ ਅਮਿਅ ਧਾਰਾ ਰਸੁ ਗੁਟਇ ॥ ਮਤਿ**
**ਮਾਤਾ ਸੰਤੋਖੁ ਪਿਤਾ ਸਰਿ ਸਹਜ ਸਮਾਯਉ ॥ ਆਜੋਨੀ ਸੰਭਵਿਅਉ ਜਗਤੁ ਗੁਰ ਬਚਨਿ ਤਰਾਯਉ ॥ ਅਬਿਗਤ**
**ਅਗੋਚਰੁ ਅਪਰਪਰੁ ਮਨਿ ਗੁਰ ਸਬਦੁ ਵਸਾਇਅਉ ॥ ਗੁਰ ਰਾਮਦਾਸ ਕਲੁਚਰੈ ਤੈ ਜਗਤ ਉਧਾਰਣੁ ਪਾਇਅਉ ॥ ੮ ॥**[੧੩੯੭]

**ਅਰਥ:**--(ਗੁਰ ਰਾਮਦਾਸ ਜੀ ਦੇ ਹਿਰਦੇ ਵਿਚ) ਅਕਾਲਪੁਰਖ ਦੀ ਪਿਆਰ-ਭਰੀ ਭਗਤੀ ਦੇ ਸੋਮੇ ਵਹਿ ਰਹੇ ਹਨ। (ਗੁਰੂ ਰਾਮਦਾਸ ਜੀ ਦੀ ਅਕਾਲਪੁਰਖ ਨਾਲ ਜੋ) ਪੂਰਬਲੀ ਪ੍ਰੀਤ ਹੈ ਉਹ ਮੁੱਕਦੀ ਨਹੀਂ ਹੈ, (ਗੁਰੂ (ਅਮਰਦਾਸ ਜੀ) ਦਾ ਜੋ ਅਥਾਹ ਸ਼ਬਦ (ਹੈ, ਉਸ ਦੁਆਰਾ ਗੁਰੂ ਰਾਮਦਾਸ ਜੀ) ਨਾਮ-ਅੰਮ੍ਰਿਤ ਦੀਆਂ ਧਾਰਾਂ ਦਾ ਸੁਆਦ ਗ਼ਟ ਗਟ ਕਰ ਕੇ ਲੈ ਰਿਹਾ ਹੈ। (ਉਚੀ ਮਤਿ (ਗੁਰੂ ਰਾਮਦਾਸ ਜੀ ਦੀ) ਮਾਤਾ ਹੈ ਤੇ ਸੰਤੋਖ (ਆਪ ਦਾ) ਪਿਤਾ ਹੈ (ਭਾਵ, ਆਪ ਇਨ੍ਹਾਂ ਗੁਣਾਂ ਵਿਚ ਜੰਮੇ-ਪਲੇ ਹਨ, ਆਪ ਉੱਚੀ ਬੁੱਧ ਵਾਲੇ ਅਤੇ ਸੰਤੋਖੀ ਹਨ)। (ਗੁਰੂ ਰਾਮਦਾਸ ਜੀ) ਸਦਾ ਸ਼ਾਂਤੀ ਦੇ ਸਰੋਵਰ ਵਿਚ ਚੁੱਭੀ ਲਾਈ ਰਖਦੇ ਹਨ। (ਗੁਰੂ ਰਾਮਦਾਸ ਜੀ) ਜੂਨਾਂ ਤੋਂ ਰਹਿਤ ਅਤੇ ਸੁਤੇ-ਪ੍ਰਕਾਸ਼ ਹਰੀ ਦਾ ਰੂਪ ਹਨ। ਸੰਸਾਰ ਨੂੰ (ਆਪ ਨੇ) ਸਤਿਗੁਰੂ ਦੇ ਬਚਨ ਨਾਲ ਤਾਰ ਦਿੱਤਾ ਹੈ। (ਗੁਰੂ ਰਾਮਦਾਸ ਜੀ) ਅਦ੍ਰਿਸ਼ਟ ਅਗੋਚਰ ਤੇ ਬੇਅੰਤ ਹਰੀ ਦਾ ਰੂਪ ਹਨ। (ਆਪ ਨੇ ਆਪਣੇ) ਮਨ ਵਿਚ ਸਤਿਗੁਰੂ ਜੀ ਦਾ ਸ਼ਬਦ ਵਸਾਇਆ ਹੈ। ਕਵੀ ਕੱਲਸਹਾਰ ਆਖਦਾ ਹੈ--ਹੇ ਗੁਰੂ ਰਾਮਦਾਸ ! ਤੂੰ ਜਗਤ ਨੂੰ ਤਾਰਨ ਵਾਲਾ ਅਕਾਲਪੁਰਖ ਲੱਭ ਲਿਆ ਹੈ। ੮।

੧੮- **ਮਾਤਾ ਮਤਿ, ਪਿਤਾ ਸੰਤੋਖੁ ॥ ਸਤੁ ਭਾਈ ਕਰਿ ਏਹੁ ਵਿਸੇਖੁ ॥ ੧ ॥**
**ਕਹਿਣਾ ਹੈ ਕਿਛੁ ਕਹਣੁ ਨਾ ਜਾਇ ॥ ਤਉ ਕੁਦਰਤਿ ਕੀਮਤਿ ਨਹੀਂ ਪਾਇ ॥ ੧ ॥ ਰਹਾਉ ॥**[੧੫੧-੫੨]-੩

[ਨੋਟ:--ਇਨ੍ਹਾਂ ਪੰਗਤੀਆਂ ਵਾਲੇ ਪੂਰੇ ਗੁਰੂ ਸ਼ਬਦ ਦੀ ਵਿਆਖਿਆ ਪੁਸਤਕ ਦੇ ਸਤਵੇਂ ਭਾਗ ਦੇ ਸਤਵੇਂ ਕਾਂਡ ਦੇ ੩੩ ਨੰਬਰ ਤੇ ਲਿਖੀ ਜਾ ਚੁੱਕੀ ਹੈ]

ਅਜੇਹੇ ਸਮਰੱਥ ਸਤਿਗੁਰਾਂ ਦੀ ਸਿਖਿਆ ਦੇ ਧਾਰਨੀ ਬਣ ਜਾਣ ਵਾਲੇ ਵਡਭਾਗੀ ਮਨੁੱਖ ਦੀ ਮੱਤਿ ਰਤਨਾ ਜਵਾਹਰਾਂ ਮਾਣਕਾਂ (ਜਿਹੇ ਕੀਮਤੀ ਗੁਣਾਂ) ਦੁਆਰਾ ਭਰਪੂਰ ਹੋ ਜਾਂਦੀ ਹੈ--**ਮਤਿ ਵਿਚਿ ਰਤਨ ਜਵਾਹਰ ਮਾਣਿਕ, ਜੇ ਇਕ ਗੁਰ ਕੀ ਸਿਖ ਸੁਣੀ ॥** ਪੂਰੇ ਅਤੇ ਸਮਰੱਥ ਸਤਿਗੁਰੂ ਜੀ ਦੀ ਸਿੱਖਿਆ ਨੂੰ ਗ੍ਰਹਣ ਕਰ ਲੈਣ ਵਾਲੇ ਗੁਰਮੁਖਿ ਦੇ ਮਨ ਅੰਦਰ ਇੱਕੋ ਮਨੋਰਥ ਇਕੋ ਮੰਗ ਰਹਿ ਜਾਂਦੀ ਹੈ, ਸਮਰੱਥ ਸਤਿਗੁਰੂ ਜੀਓ ! ਮੇਰੀ ਉਸ ਪ੍ਰਭੂ-ਦਾਤਾਰ ਨਾਲ ਪੱਕੀ ਸਾਂਝ ਬਣਾ ਦਿਉ, ਜਿਹੜਾ ਸਾਰੇ ਜੀਵਾਂ ਨੂੰ ਦਾਤਾਂ ਦੇ ਰਿਹਾ ਹੈ--**ਗੁਰਾ ਇਕ ਦੇਹ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ, ਸੋ ਮੈਂ ਵਿਸਰਿ ਨਾ ਜਾਈ ॥ ੬ ॥** [ਜਪੁ ] ਸਤਿਗੁਰਾਂ ਦੀ ਮਿਹਰ ਦਾ ਸਦਕਾ ਗੁਰਸਿੱਖ ਦੀ ਅਵਸਥਾ ਅਜੇਹੀ ਬਣੇ ਜੋ ਹੋਰ ਮਾਇਕ ਮੰਗਾ ਸੱਭ ਭੁੱਲ ਕੇ, ਪ੍ਰਭੂ ਦੇ ਚਰਨਾਂ ਵਿਚ ਸਦਾ ਏਹ ਅਰਦਾਸਾਂ ਕਰਨ ਨੂੰ ਦਿਲ ਲੋਚਦਾ ਰਹੇ -

੧੯- **ਮਤਿ ਦੇਹਿ ਹਰਿ ਪ੍ਰਭ ਅਗਮ ਠਾਕੁਰ ਗੁਰ ਚਰਨ ਮਨੁ ਮੈ ਲਾਇਓ ॥**
**ਹਰਿ ਰਾਮ ਨਾਮੈ ਰਹਉ ਲਾਗੋ ਜਨ ਨਾਨਕ ਨਾਮਿ ਸਮਾਇਓ ॥ ੪ ॥**[੯੮੫]-੩

**ਅਰਥ:**--(ਚੌਥੇ ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ ਕਿ ਫਿਰ ਅਜੇਹਾ ਮਨੁੱਖ ਪ੍ਰਭੂ ਤੋਂ ਇਹ ਮੰਗ ਕਰਦਾ ਹੈ, ਕਿ--) ਹੇ ਹਰੀ ! ਮੈਨੂੰ ਅਜੇਹੀ ਮਤਿ ਦੇਹ ਕਿ ਮੈਂ ਗੁਰੂ ਦੇ ਚਰਨਾਂ ਵਿਚ ਆਪਣਾ ਮਨ ਜੋੜੀ ਰੱਖਾਂ (ਭਾਵ, ਆਪਾ ਭਾਵ ਮਿਟਾ ਕੇ ਸਤਿਗੁਰਾਂ ਦੀ ਮਤਿ ਸਦਾ ਗ੍ਰਹਣ ਕਰਦਾ ਰਹਾਂ, ਅਤੇ ਗੁਰੂ ਦੀ ਕਿਰਪਾ ਨਾਲ) ਮੈਂ ਹਰਿ-ਨਾਮ ਵਿਚ ਜੁੜਿਆ ਰਹਾਂ, ਮੈਂ ਹਰਿ-ਨਾਮ ਵਿਚ ਹੀ ਲੀਨ ਰਹਾਂ । ੩ ।

੨੦- **ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ ॥**
**ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ ॥ ੨ ॥**[੯੯੧]-੬

ਪਦ ਅਰਥ:--ਮਾਂ--ਮੇਰੀ ਮਾਂ, ਮੇਰੀ ਮਤਿ । ਲਾਲੀ--ਦਾਸੀ । ਮਾਂ ਲਾਲੀ--ਤੇਰੇ ਹੁਕਮ ਵਿਚ ਤੁਰਨ ਵਾਲੀ ਮੇਰੀ ਮਤਿ । ਪਿਉ--ਮੇਰਾ ਪਿਉ ,ਸੰਤੋਖ, ਮੇਰੇ ਸੇਵਕ ਜੀਵਨ ਨੂੰ ਜਨਮ ਦੇਣ ਵਾਲਾ ਸੰਤੋਖ । (ਜਿਥੇ ਸੰਤੋਖ ਹੈ ਉਥੇ ਹੀ ਨਿਸ਼ਕਾਮ ਸੇਵਾ ਜਨਮ ਲੈਂਦੀ ਹੈ ]

## ੪
# ਮਤਿ ਪੰਖੇਰੂ ?

ਜਿਵੇਂ ਮਨ ਨੂੰ ਪੰਛੀ ਲਿਖਿਆ ਅਸਾਂ ਪਿਛੇ ਪੜ੍ਹਿਆ ਹੈ ਉਵੇ ਹੀ ਗੁਰਬਾਣੀ ਵਿਚ ਮਤਿ ਨੂੰ ਵੀ ਪੰਖੇਰੂ ਲਿਖਿਆ ਹੈ:--

੨੧- **ਮ: ੧ ॥ ਮਤਿ ਪੰਖੇਰੂ, ਕਿਰਤੁ ਸਾਥਿ ਕਬ ਉਤਮ ਕਬ ਨੀਚ ॥ ਕਬ ਚੰਦਨਿ ਕਬ ਅਕਿ**
**ਡਾਲਿ, ਕਬ ਉਚੀ ਪਰੀਤਿ ॥ ਨਾਨਕ ਹੁਕਮਿ ਚਲਾਈਐ ਸਾਹਿਬ ਲਗੀ ਰੀਤਿ ॥ ੨ ॥**[੧੪੭-੪੮]-ਵਾਰ-੨੧

**ਅਰਥ:**--- (ਮਨੁੱਖ ਦੀ ਮਤਿ (ਮਾਨੋ ਇਕ) ਪੰਛੀ ਹੈ, ਉਸ ਦੇ ਪਿਛਲੇ ਕੀਤੇ ਹੋਏ ਕੰਮਾਂ ਦੇ ਕਾਰਨ ਬਣਿਆ ਹੋਇਆ ਸੁਭਾਵ ਉਸ ਦੇ ਨਾਲ ਸਾਥੀ ਹੈ, (ਇਸ ਸੁਭਾਵ ਦੇ ਸੰਗ ਕਰ ਕੇ ਮਤਿ) ਕਦੇ ਚੰਗੀ ਹੈ ਕਦੇ ਨੀਵੀਂ, ਕਦੇ (ਇਹ ਮਤਿ-ਰੂਪ ਪੰਛੀ) ਚੰਦਨ (ਦੇ ਬੂਟੇ) ਤੇ (ਬੈਠਦਾ ਹੈ) ਕਦੇ ਅੱਕ ਦੀ ਡਾਲੀ ਉਤੇ, ਕਦੇ (ਇਸ ਦੇ ਅੰਦਰ) ਉੱਚੀ (ਪ੍ਰਭੂ ਚਰਨਾਂ ਦੀ) ਪ੍ਰੀਤ ਹੈ । (ਪਰ ਕਿਸੇ ਦੇ ਵੱਸ ਦੀ ਗੱਲ ਨਹੀਂ) ਮਾਲਕ ਦੀ (ਧੁਰੋ) ਰੀਤ ਤੁਰੀ ਆਉਂਦੀਹੈ, ਕਿ ਉਹ (ਸਭ ਜੀਵਾਂ ਨੂੰ ਆਪਣੇ) ਹੁਕਮ ਵਿਚ ਤੋਰ ਰਿਹਾ ਹੈ (ਭਾਵ, ਉਸ ਦੇ ਹੁਕਮ ਅਨੁਸਾਰ ਹੀ ਕੋਈ ਚੰਗੀ ਅਤੇ ਕੋਈ ਮੰਦੀ ਮਤ ਵਾਲਾ ਹੈ) । ੨ ।

ਸਾਰਗ ਕੀ ਵਾਰ ਮਹਲਾ ੪ ॥ ਵਿਚ ਸਤਿਗੁਰਾਂ ਦਾ ਫ਼ੁਰਮਾਨ ਇਸ ਪ੍ਰਕਾਰ ਹੈ:--

੨੨- **ਪਉੜੀ ॥ ਹਰਿ ਕਾ ਨਾਮੁ ਨਿਧਾਨੁ ਹੈ, ਸੇਵਿਐ ਸੁਖੁ ਪਾਈ ॥ ਨਾਮੁ ਨਿਰੰਜਨੁ ਉਚਰਾਂ ਪਤਿ**
**ਸਿਉ ਘਰਿ ਜਾਂਈ ॥ ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥ ਮਤਿ ਪੰਖੇਰੂ ਵਸਿ**
**ਹੋਇ ਸਤਿਗੁਰੂ ਧਿਆਈ ॥ ਨਾਨਕ ਆਪਿ ਦਇਆਲੁ ਹੋਇ ਨਾਮੇ ਲਿਵ ਲਾਈ ॥ ੪ ॥**[੧੨੩੯]

**ਅਰਥ:**--ਪਰਮਾਤਮਾ ਦਾ ਨਾਮ ਸਾਰੇ ਸੁਖਾਂ ਦਾ ਖ਼ਜ਼ਾਨਾ ਹੈ, ਜੇ ਨਾਮ ਸਿਮਰੀਏ ਤਾਂ ਸੁਖ ਮਿਲਦਾ ਹੈ । ਮੈਂ ਮਾਇਆ-ਰਹਿਤ ਪ੍ਰਭੂ ਦਾ ਨਾਮ ਸਿਮਰਾਂ ਤੇ ਇਜ਼ੱਤ ਨਾਲ (ਆਪਣੇ) ਘਰ ਵਿਚ ਜਾਵਾਂ--(ਗੁਰਮੁਖ ਦੀ ਸਦਾ ਇਹੀ ਤਾਂਘ ਹੁੰਦੀ ਹੈ) ਗੁਰਮੁਖ ਸਦਾ ਨਾਮ ਹੀ ਉਚਾਰਦਾ ਹੈ ਤੇ ਨਾਮ ਨੂੰ ਹਿਰਦੇ ਵਿਚ ਵਸਾਉਂਦਾ ਹੈ । (ਜਿਉਂ ਜਿਉਂ) ਗੁਰੂ ਦੀ ਰਾਹੀਂ (ਗੁਰਮੁਖਿ ਨਾਮ ਸਿਮਰਦਾ ਹੈ), ਪੰਛੀ (ਵਾਂਗ ਉਡਾਰੂ ਇਹ) ਮਤਿ (ਉਸ ਦੇ) ਵੱਸ ਵਿਚ ਆ ਜਾਂਦੀ ਹੈ । ਹੇ ਨਾਨਕ ! (ਗੁਰਮੁਖ ਉੱਤੇ) ਪ੍ਰਭੂ ਆਪ ਦਿਆਲ ਹੁੰਦਾ ਹੈ ਤੇ ਉਹ ਨਾਮ ਵਿਚ ਹੀ ਲਿਵ ਲਾਈ ਰੱਖਦਾ ਹੈ । ੪ ।

' ਮਤਿ ' ਦਾ ਇਹ ਪੱਖ ' ਮਨ ' ਦੀ ਚੰਚਲਤਾ ਵਾਲਾ ਹੀ ਹੈ । ਉੱਪਰ ਅਸਾਂ ਪੜ੍ਹਿਆ ਹੈ ਕਿ ਮਹਾਨ ਕੋਸ਼ ਵਿਚ ਸਰੁਤਿ, ਮਤ, ਮਨ, ਬੁੱਧ, ਚਿਤ, ਹੰਕਾਰ ਅਥਵਾ ਮਮਤਾ, ਸਭ, ਅੰਤਹਕਰਣ ਦੀਆਂ ਇੰਦ੍ਰੀਆਂ ਹੀ ਲਿਖਿਆਂ ਹਨ । ਸੋ ਇੱਕ ਦੂਜੇ ਵਿਚ ਰਲੇ-ਮਿਲੇ ਹੋਣ ਕਰਕੇ ' **ਮਤਿ** ' ਅਤੇ ' **ਮਨ** ' ਵਿਚ ਅੰਤਰ ਕਰਨਾ ਆਉਖਾ ਹੋ ਜਾਂਦਾ ਹੈ । ਪਰ ਦੋਹੇਂ ਇਕੋ ਨਹੀਂ ਹਨ। ਅਗਲੇ ਫ਼ੁਰਮਾਨ ਵਿਚ ਸਤਿਗੁਰਾਂ ਨੇ ' ਮਨ ' ਅਤੇ ' ਮਤਿ ' ਦੋਹਾਂ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ:--

੨੩- **ਮਨ ਮੇਰੇ ਸਤਿਗੁਰੁ ਸੇਵਨਿ ਆਪਣਾ ਸੇ ਜਨ ਵਡਭਾਗੀ ਰਾਮ ॥ ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ ॥**
**ਸੇ ਜਨ ਬੈਰਾਗੀ ਸਚਿ ਲਿਵ ਲਾਗੀ ਆਪਣਾ ਆਪੁ ਪਛਾਣਿਆ ॥ ਮਤਿ ਨਿਹਚਲ ਅਤਿ ਗੂੜੀ ਗੁਰਮੁਖਿ ਸਹਜੇ**
**ਨਾਮੁ ਵਖਾਣਿਆ ॥ ਇਕ ਕਾਮਣਿ ਹਿਤਕਾਰੀ ਮਾਇਆ ਮੋਹਿ ਪਿਆਰੀ ਮਨਮੁਖ ਸੋਇ ਰਹੇ ਅਭਾਗੇ ॥**
**ਨਾਨਕ ਸਹਜੇ ਸੇਵਹਿ ਗੁਰੁ ਆਪਣਾ ਸੇ ਪੂਰੇ ਵਡਭਾਗੇ ॥ ੪ ॥**[੫੬੯]-੩

**ਅਰਥ:**--ਹੇ ਮੇਰੇ ਮਨ ! ਉਹ ਮਨੁੱਖ ਬੜੇ ਭਾਗਾਂ ਵਾਲੇ ਹੁੰਦੇ ਹਨ ਜਿਹੜੇ ਆਪਣੇ ਗੁਰੂ ਦੀ ਦੱਸੀ ਸੇਵਾ ਕਰਦੇ ਹਨ, ਜਿਹੜੇ **ਆਪਣੇ ਮਨ ਨੂੰ ਵੱਸ** ਵਿਚ ਰੱਖਦੇ ਹਨ, ਉਹ ਮਨੁੱਖ (ਦੁਨੀਆ ਦੀ ਕਿਰਤ ਕਰਦੇ ਹੋਏ ਵੀ ਮਾਇਆ ਵਲੋਂ) ਨਿਰਮੋਹ ਰਹਿੰਦੇ ਹਨ, ਸਦਾ-ਥਿਰ ਪ੍ਰਭੂ ਵਿਚ ਉਨ੍ਹਾਂ ਦੀ ਸੁਰਤਿ ਜੁੜੀ ਰਹਿੰਦੀ ਹੈ, ਆਪਣੇ ਆਤਮਕ ਜੀਵਨ ਨੂੰ ਉਹ ਸਦਾ ਪੜਤਾਲਦੇ ਰਹਿੰਦੇ ਹਨ, ਗੁਰੂ ਦੀ ਸਰਨ ਪੈ ਕੇ **ਉਨ੍ਹਾਂ ਦੀ ' ਮਤਿ ' (ਮਾਇਆ ਵਲੋਂ) ਅਡੋਲ ਰਹਿੰਦੀ ਹੈ** ਅਤੇ ਪ੍ਰੇਮ-ਰੰਗ ਵਿਚ ਗੂੜ੍ਹੀ ਰੰਗੀ ਰਹਿੰਦੀ ਹੈ, ਆਤਮਕ ਅਡੋਲਤਾ ਵਿਚ ਟਿਕ ਕੇ ਉਹ ਪਰਮਾਤਮਾ ਦਾ ਨਾਮ ਸਿਮਰਦੇ ਰਹਿੰਦੇ ਹਨ । ਪਰ ਕਈ ਐਸੇ ਮੰਦ-ਭਾਗੇ ਵੀ ਹਨ ਜੋ (ਕਾਮ-ਵੱਸ ਹੋ ਕੇ) ਇਸਤ੍ਰੀ ਨਾਲ ਹੀ ਹਿੱਤ ਕਰਦੇ ਹਨ, ਜੋ ਮਾਇਆ ਦੇ ਮੋਹ ਵਿਚ ਹੀ ਮਗਨ ਰਹਿੰਦੇ ਹਨ ਜੋ ਆਪਣੇ ਮਨ ਦੇ ਪਿਛੇ ਤੁਰਦੇ ਹੋਏ (ਗ਼ਫ਼ਲਤ ਦੀ ਨੀਂਦ ਵਿਚ) ਸੁੱਤੇ ਰਹਿੰਦੇ ਹਨ । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਉਹ ਮਨੁੱਖ ਵਡਭਾਗੇ ਹਨ ਜੋ ਆਤਮਕ ਅਡੋਲਤਾ ਵਿਚ ਟਿਕ ਕੇ ਆਪਣੇ ਗੁਰੂ ਦੀ ਦੱਸੀ ਸੇਵਾ ਕਰਦੇ ਰਹਿੰਦੇ ਹਨ । ੩ ।

ਭਾਵ, ਮਨ ਵੱਸ ਵਿਚ ਆ ਗਿਆ ਅਥਵਾ ਮਨ ਵਿਕਾਰਾਂ ਵਲ ਭੱਜਣੋ ਹਟਿਆ ਰਹੇ ਤਾਂ ' ਮਤਿ ' ਦੀ ਭਟਕਣਾ, ਮਤਿ ਦੀ ਸੋਚਣੀ, ਵੀ ਸਥਿਰ ਹੋ ਜਾਂਦੀ ਹੈ । ਭਾਵ, ਮਨ ਦਾ ਮਤਿ ਤੇ ਅਧਿਕਾਰ ਹੈ ਮਤਿ ਮਨ ਦੀਆਂ ਉਮੰਗਾਂ ਪਿਛੇ ਭੱਜਦੀ ਹੈ। ਮਨ ਦੀਆਂ ਕਾਮਨਾਂ ਪੂਰੀਆਂ ਕਰਨ ਲਈ ਮਤਿ ਆਪਣੇ ਘੋੜੇ ਦੌੜਾਂਦੀ ਹੈ । ਮਨ ਵਾਂਗ ਹੀ " ਮਤਿ " ਦੇ ਹੋਰ ਪੱਖ ਸਮਝਣ ਲਈ, ਗੁਰਬਾਣੀ ਸ਼ਬਦਾਂ ਦੀ ਹੋਰ ਵਿਚਾਰ ਕਰਨ ਦੀ ਲੋੜ ਹੈ:--

੫

# ਮਨ-ਮਤਿ

੨੪- **ਭਉ ਮੁਚੁ ਭਾਰਾ, ਵਡਾ ਤੋਲੁ ॥ ਮਨਮਤਿ ਹਉਲੀ, ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥ ਨਦਰੀ ਕਰਮੀ ਗੁਰ ਬੀਚਾਰੁ ॥ ੧ ॥** [੧੫੧]-੧

**ਅਰਥ:**--ਪ੍ਰਭੂ ਦਾ ਡਰ ਬਹੁਤ ਭਾਰਾ ਹੈ ਇਸ ਦਾ ਤੋਲ ਵਡਾ ਹੈ (ਭਾਵ, ਜਿਸ ਮਨੁੱਖ ਦੇ ਅੰਦਰ ਪ੍ਰਭੂ ਦਾ ਡਰ-ਅਦਬ ਵੱਸਦਾ ਹੈ ਉਸਦਾ ਜੀਵਨ ਗਹਿਰਾ ਤੇ ਗੰਭੀਰ ਬਣ ਜਾਂਦਾ ਹੈ), ਜਿਸ ਦੀ ਮਤਿ ਉਸ ਦੇ ਮਨ ਦੇ ਪਿੱਛੇ **ਤੁਰਦੀ** ਹੈ ਉਹ ਹੋਛੀ ਰਹਿੰਦੀ, ਉਹ ਹੋਛਾ ਹੀ ਬਚਨ ਬੋਲਦਾ ਹੈ । ਜੇ ਪ੍ਰਭੂ ਦਾ ਡਰ ਸਿਰ ਉੱਤੇ ਧਰ ਕੇ (ਭਾਵ, ਕਬੂਲ ਕਰਕੇ) ਜੀਵਨ ਗੁਜ਼ਾਰੀਏ, ਅਤੇ ਉਸ ਡਰ ਦਾ ਭਾਰ ਸਹਾਰ ਸਕੀਏ (ਭਾਵ, ਪ੍ਰਭੂ ਦਾ ਡਰ ਅਦਬ ਮਨ ਨੂੰ ਸੁਖਾਵਾਂ ਲੱਗਣ ਲੱਗ ਪਏ) ਤਾਂ ਪ੍ਰਭੂ ਦੀ ਮਿਹਰ ਦੀ ਨਜ਼ਰ ਨਾਲ ਪ੍ਰਭੂ ਦੀ ਬਖ਼ਸ਼ਸ਼ ਨਾਲ (ਮਨੁੱਖਤਾ ਬਾਰੇ) ਗੁਰੂ ਦੀ (ਦੱਸੀ ਹੋਈ) ਵਿਚਾਰ (ਜੀਵਨ ਦਾ ਹਿੱਸਾ ਬਣ ਜਾਂਦੀ ਹੈ) ।

੨੫- **ਹਉਮੈ ਕਰਤਿਆ ਨਹ ਸੁਖੁ ਹੋਇ ॥ ਮਨ ਮਤਿ ਝੂਠੀ ਸਚਾ ਸੋਇ ॥ ਸਗਲ ਬਿਗੂਤੇ ਭਾਵੈ ਦੋਇ ॥ ਸੋ ਕਮਾਵੈ ਧੁਰਿ ਲਿਖਿਆ ਹੋਇ ॥ ੧ ॥**[੨੨੨]-੪

**ਅਰਥ:**--(ਆਪਣੇ ਮਨ ਦੀ ਅਗਵਾਈ ਵਿਚ ਰਹਿ ਕੇ) ਹਰ ਵੇਲੇ ਆਪਣੇ ਹੀ ਵਡੱਪਣ ਤੇ ਸੁਖ ਦੀਆਂ ਗੱਲਾਂ ਕਰਦਿਆਂ ਸੁਖ ਨਹੀਂ ਮਿਲ ਸਕਦਾ । ਮਨ ਦੀ ਸਿਆਣਪ ਨਾਸਵੰਤ ਪਦਾਰਥਾਂ ਵਿਚ (ਜੋੜਦੀ ਹੈ), ਉਹ ਪਰਮਾਤਮਾ ਸਦਾ ਥਿਰ ਰਹਿਣ ਵਾਲਾ ਹੈ (ਤੇ ਸੁਖ ਦਾ ਸੋਮਾ ਹੈ । ' ਮਨ-ਮਤਿ ਤੇ ਪਰਮਾਤਮਾ ਦਾ ਸੁਭਾਵ ਵ ਖ ਵਖ ਹੈ, ਦੋਹਾਂ ਦਾ ਮੇਲ ਨਹੀਂ । ਸੁਖ ਕਿਥੋਂ ਆਵੇ ?) । ਜਿੰਨ੍ਹਾਂ ਨੂੰ (ਨਾਮ ਵਿਸਾਰ ਕੇ) ਮੇਰ-ਤੇਰ ਚੰਗੀ ਲੱਗਦੀ ਹੈ, ਉਹ ਸਾਰੇ ਖ਼ੁਆਰ ਹੀ ਹੁੰਦੇ ਹਨ । (ਪਰ ਜੀਵ ਦੇ ਕੀ ਵੱਸ ?) (ਕੀਤੇ ਕਰਮਾਂ ਅਨੁਸਾਰ ਜੀਵ ਦੇ ਮੱਥੇ ਉਤੇ) ਜੋ ਧੁਰੋਂ ਲੇਖ ਲਿਖਿਆ ਹੁੰਦਾ ਹੈ, ਉਸ ਦੇ ਅਨੁਸਾਰ ਇਥੇ ਕਮਾਈ ਕਰਦਾ ਹੈ (ਨਾਮ-ਸਿਮਰਨ ਛੱਡ ਕੇ ਨਾਸਵੰਤ ਪਦਾਰਥਾਂ ਵਿਚੋਂ ਸੁਖ ਭਾਲਣ ਦੇ ਵਿਅਰਥ ਜਤਨ ਕਰਦਾ ਹੈ) । ੧ ।

੨੬- **ਮਨ ਕੀ ਮਤਿ ਮਤਾਗਲੁ ਮਤਾ ॥ ਜੋ ਕਿਛੁ ਬੋਲੀਐ ਸਭੁ ਖਤੋ ਖਤਾ ॥ ਕਿਆ ਮੁਹੁ ਲੈ ਕੀਚੈ ਅਰਦਾਸਿ ਪਾਪੁ ਪੁੰਨੁ ਦੁਇ ਸਾਖੀ ਪਾਸਿ ॥ ੨ ॥**[੩੫੧]-੯

**ਅਰਥ:**--ਸਾਡਾ ਮਨ ਮਸਤ (ਮਾਤਾ) ਹਾਥੀ (ਮਤਾਗਲੁ) ਬਣਿਆਂ ਪਿਆ ਹੈ (ਇਸ ਹੰਕਾਰੀ ਮਨ ਦੀ ਮਤਿ ਦੇ ਕਹੇ ਲੱਗ ਕੇ) ਜੋ ਕੁਝ ਬੋਲਦੇ ਹਾਂ ਸਭ ਭੈੜ ਹੀ ਭੈੜ ਹੈ । (ਭਾਵ, ਹੰਕਾਰ ਵੱਸ ਹੋ ਕੇ ਭੈੜਾ ਬੋਲਦੇ ਹਾਂ ਭੇੜਾ ਕਰਦੇ ਹਾਂ। ਹੰਕਾਰੀ ਮਨ ਦੀ ਪ੍ਰੇਰਨਾ ਦੇ ਕਾਰਨ ਅਸੀ ਪਾਪ ਪੁੰਨ ਦੀ ਪਛਾਣ ਭੁੱਲ ਕੇ ਸਭ ਪਾਪ ਹੀ ਪਾਪ ਕਮਾਉਂਦੇ ਹਾਂ। ਮਤੀਜਾ- ਅਸੀਂ ਪ੍ਰਭੂ ਦੇ ਦਰ ਤੇ ਅਰਦਾਸ ਕਰਨ ਜੋਗੇ ਵੀ ਨਹੀਂ ਰਹੇ)--ਅਰਦਾਸ ਵੀ ਕਿਸ ਮੂੰਹ ਨਾਲ ਕਰੀਏ ? । ( ਮਸਤ ਹਾਥੀ ਮਨ ਸੇ ਕਹੇ ਲੱਗ ਕੇ ਜੋ ਚੰਗੇ ਮੰਦੇ ਕਰਮਾਂ ਦੇ ਸੰਸਕਾਰ ਅਸਾਂ ਬਣਾ ਲਏ ਉਹ ਸਾਡੇ ਅੰਦਰ ਕਮਜ਼ੋਰੀ ਪੈਦਾ ਕਰ ਰਹੇ ਹਨ) ਸੁਆਰਥੀ ਮਨ ਨਾਲ ਕੀਤੇ ਪੁੰਨ ਅਤੇ ਪਾਪ ਸਾਡੀਆਂ ਕਰਤੂਤਾਂ ਦੇ ਗਵਾਹ ਹਨ ਨਾਲ ਖੇ ਹਨ ।੨।

ਮਤਿ ਤੇ ਮਨ ਦਾ ਪੂਰਾ ਅਧਕਾਰ ਸਪੱਸ਼ਟ ਹੋ ਰਿਹਾ ਹੈ। ਮਨ ਦੇ ਪਿਛੇ ਲੱਗ ਕੇ ਮਨਮਾਨੀ ਕਰਨ ਤੋਂ ਹਟਕਦੇ ਹੋਏ ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ:--

੨੭- **ਅਨਿਕ ਉਪਾਵ ਚਿਤਵੀਅਹਿ ਬਹੁਤੇਰੇ ਸਾ ਹੋਵੈ ਜਿ ਬਾਤ ਹੋਵੈਨੀ ॥ ਅਪਨਾ ਭਲਾ ਸਭੁ ਕੋਈ ਬਾਛੈ ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ ॥ ੨ । ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥ ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥ ੩ ॥ ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ ॥ ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ ਜਿਉ ਭਾਵੈ ਤਿਵੈ ਬੁਲੈਨੀ ॥ ੪ ॥**[੮੦੦]-੫

**ਅਰਥ:**--(ਗੁਰੂ ਪਰਮੇਸਰ ਦਾ ਆਸਰਾ-ਪਰਨਾ ਭੁਲਾ ਕੇ ਆਪਣੀ ਭਲਾਈ ਦੇ) ਅਨੇਕ ਤੇ ਬਥੇਰੇ ਢੰਗ ਹਨ, ਪਰ ਉਹੀ ਗੱਲ ਹੁੰਦੀ ਹੈ ਜੋ (ਰਜ਼ਾ ਅਨੁਸਾਰ) ਜ਼ਰੂਰੀ ਹੋਣੀ ਹੁੰਦੀ ਹੈ । ਹਰੇਕ ਜੀਵ ਆਪਣਾ ਭਲਾ ਲੋੜਦਾ ਹੈ, ਪਰ ਪ੍ਰਭੂ ਉਹ ਕੰਮ ਕਰ ਦਿੰਦਾ ਹੈ ਜੋ ਮੇਰੇ (ਤੁਹਾਡੇ) ਚਿੱਤ ਚੇਤੇ ਵੀ ਨਹੀਂ ਹੁੰਦਾ । ੨ ।ਆਪਣੀ ਮਤਿ (ਭਾਵ, ਮਨ ਦੀ ਮਰਜ਼ੀ ਤੇ ਤੁਰਨਾ) ਛੱਡ ਦਿਉ (ਗੁਰੂ ਦੇ ਹੁਕਮ ਵਿਚ ਤੁਰੋ), ਪਰ ਇਹ ਗੱਲ ਹੈ ਬੜੀ ਔਖੀ । (ਫਿਰ ਵੀ) ਗੁਰੂ ਪਾਤਿਸਾਹ ਦੀ ਮਤਿ ਲੈ ਕੇ ਹਰ ਵੇਲੇ ਪ੍ਰਭੂ ਦੀ ਯਾਦ ਵਿਚ ਜੁੜੇ (ਰਹਿਣਾ ਸਿੱਖੋ) । ੩ ।

੨੮- **ਗੁਰ ਪੂਰਾ ਜਿਸੁ ਭੇਟਿਆ ਤਾ ਕੇ ਸੁਖਿ ਪਰਵੇਸੁ ॥ ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥ ੧ ॥ ਰਹਾਉ ॥**[੮੧੪]-੨੪-੫੪

**ਅਰਥ:**--ਹੇ ਭਾਈ ! ਜਿਸ ਮਨੁੱਖ ਨੂੰ ਪੂਰਾ ਗੁਰੂ ਮਿਲ ਪੈਂਦਾ ਹੈ, (ਯਕੀਨ ਜਾਣੋ ਕਿ) ਉਸ (ਮਨੁੱਖ) ਦੇ ਹਿਰਦੇ ਵਿਚ ਸੁਖ ਨੇ ਪਰਵੇਸ਼ ਕਰ ਲਿਆ। (ਸੋ) ਆਪਣੇ ਮਨਿ ਦੀ ਮਤਿ (ਅਨੁਸਾਰ ਤੁਰਨਾ) ਛੱਡ ਕੇ (ਗੁਰੂ ਦਾ) ਉਪਦੇਸ਼ ਸੁਣਨਾ ਚਾਹੀਦਾ ਹੈ (ਭਾਵ, ਗੁਰੂ ਦੀ ਮਤਿ ਅਨੁਸਾਰ ਤੁਰਨਾ ਚਾਹੀਦਾ ਹੈ) ॥ ੧ । ਰਹਾਉ ।

" **ਮਤਿ** " ਚੰਗੀ ਹੋਣ ਬਾਰੇ, ਮਤਿ ਵਿਚ ਰਤਨਾਂ ਜਵਾਹਰਾਂ ਮਾਣਿਕਾਂ ਵਰਗੇ ਵਡਮੁਲੇ ਵਿਚਾਰ ਆ ਜਾਣ ਬਾਰੇ, ਅਥਵਾ ਮਤਿ ਵਿਚ ਰੱਬੀ ਜੋਤਿ ਦਾ ਪਰਕਾਸ਼ ਹੋ ਜਾਣ ਦੀ ਗੱਲ ਤਾਂ ਹੈ, ਪਰ ਗੁਰਬਾਣੀ ਵਿਚ ' **ਮਨ-ਮਤਿ** " ਨੂੰ ਕਿਸੇ ਥਾਂ ਵੀ ਸਲਾਹਿਆ ਨਹੀਂ ਗਿਆ ਹੈ । ਮਨ ਨੇ ਮਤਿ ਨੂੰ ਸਦਾ ਕਾਮਨਾਂ ਨਾਲ ਹੀ ਜੋੜਿਆ ਹੈ, ਭਾਵ, ਮਨਮਤਿ ਹਉਮੈ ਤੇ ਅਧਾਰਤ ਹੈ । ਹਉਮੈ ਵਾਲੀ ਮਤਿ ਦਾ ' ਗੁਰਮਤਿ ' ਨਾਲ ਜੋੜ ਨਹੀਂ ਹੋ ਸਕਦਾ । ਆਪਾ ਭਾਵ ਗਵਾਉਣ ਤੋਂ ਬਿਨਾ ਗੁਰਿਮਤਿ ਦੀ ਸੋਝੀ ਕਿਵੇਂ ਆਵੇ ? ਸੋ ਮਨ ਦੀ (ਹੰਕਾਰੀ)-ਮਤਿ ਅਥਵਾ ਦੁਰ-ਮਤਿ ਤਿਆਗ ਕੇ ਗੁਰੂ ਦੀ ਸ਼ਰਨ ਆਉਣ ਨਾਲ ਹੀ, ਸੰਸਾਰ-ਸਮੁੰਦਰ ਤੋਂ ਪਾਰ ਲੈ ਜਾਣ ਵਾਲੀ ਗੁਰਮਤਿ ਦੀ ਪ੍ਰਾਪਤੀ ਸੰਭਵ ਹੋ ਸਕਣੀ ਹੈ ।

੬

# " ਦੁਰਮਤਿ " ਦੂਜਾ ਭਾਉ

" ਇਕ " ਸਦਾ-ਥਿਰ ਅਕਾਲ ਪੁਰਖ ਅਤੇ " ਦੂਜਾ " ਨਾਸਵੰਤ ਸੰਸਾਰ-ਪਸਾਰਾ । ਪ੍ਰਭੂ-ਪਿਆਰ ਤੋਂ ਬਿਨਾ, ਹੋਰ ਸਾਰੇ ਮੋਹ " ਦੂਜੇ "ਹਨ । ਦੂਜੇ ਮੋਹ, ਭਾਵ ਨਾਸਵੰਤ ਪਦਾਰਥਾਂ ਦੇ ਮੋਹ ਵਿਚ ਫਸਣਾ " ਦੁਰਮਤਿ " ਹੈ:--

੨੯- **ਸੂਹਵੀਏ ਸੂਹਾ ਸਭੁ ਸੰਸਾਰੁ ਹੈ ਜਿਨ੍ ਦੁਰਮਤਿ ਦੂਜਾ ਭਾਉ ॥**
**ਖਿਨ ਮਹਿ ਝੂਠੁ ਸਭੁ ਬਿਨਸਿ ਜਾਇ ਜਿਉ ਟਿਕੈ ਨ ਬਿਰਖ ਕੀ ਛਾਉ ॥.....॥ ੧ ॥** [੭੮੬]-ਵਾਰ-੩

**ਅਰਥ:**--ਹੇ ਕਸੁੰਭੇ-ਰੰਗ ਨਾਲ ਪਿਆਰ ਕਰਨ ਵਾਲੀਏ ! ਜਿੰਨ੍ਹਾਂ ਦੇ ਅੰਦਰ ਮਾਇਆ-ਮੋਹ ਦੀ ਭੈੜੀ ਮਤਿ ਹੈ ਉਨ੍ਹਾਂ ਨੂੰ ਸੰਸਾਰ ਚੁਹ-ਚੁਹਾ (ਭਾਵ, ਸ਼ੋਖ਼-ਰੰਗ, ਦਿਲ ਨੂੰ ਖਿੱਚ ਪਾਉਣ ਵਾਲਾ) ਜਾਪਦਾ ਹੈ (ਭਾਵ, ਉਨ੍ਹਾਂ ਨੂੰ ਦੁਨੀਆਂ ਦਾ ਮੋਹ ਖਿੱਚ ਪਾਉਂਦਾ ਹੈ) ਪਰ ਇਹ ਕੁਸੁੰਭਾ ਰੰਗ ਝੂਠਾ ਹੈ, ਪਲ ਵਿਚ ਨਾਸ ਹੋ ਜਾਂਦਾ ਹੈ ਜਿਵੇਂ ਰੁੱਖ ਦੀ ਛਾਂ ਨਹੀਂ ਰਹਿੰਦੀ । (ਇਸ ਨਾਮ ਮੋਹ ਪਾਉਣਾ ਦੁਰਮਤਿ ਹੈ) ।

ਅਗਲੇ ਗੁਰੂ ਫ਼ੁਰਮਾਨ ਵਿਚ ਛੇਤੀ ਹੀ ਅਲੋਪ ਹੋ ਜਾਣ ਵਾਲੇ ਰੰਗ ਤਮਾਸ਼ਿਆਂ ਦਾ ਜ਼ਿਕਰ ਹੈ:--

੩੦- **ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥**
**ਦੂਜੀ ਦੁਰਮਤਿ ਦਰਦੁ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥ ੩ ॥** [੮੩੨]-੨

**ਅਰਥ:**--(ਪ੍ਰਭੂ-ਨਾਮ ਤੋਂ ਖੁੰਝ ਕੇ) ਮਨੁੱਖ ਅਨੇਕਾਂ ਕਿਸਮਾਂ ਦੇ ਗੀਤ ਰਾਗ ਤੇ ਤਾਲ ਆਦਿਕਾਂ ਵਿਚ ਮਨ ਪਰਚਾਉਂਦਾ ਹੈ ਪਰ ਇਹ ਸਭ ਝੂਠੇ ਉੱਦਮ ਹਨ (ਕਿਉਂਕਿ ਨਾਮ ਤੋਂ ਬਿਨਾ ਜੀਵ) ਤਿੰਨਾ ਗੁਣਾਂ ਦੇ ਅਸਰ ਹੇਠ ਜੰਮਦਾ ਮਰਦਾ ਰਹਿੰਦਾ ਹੈ ਤੇ (ਪ੍ਰਭੂ-ਚਰਨਾਂ ਤੋਂ) ਵਿਛੜਿਆ ਰਹਿੰਦਾ ਹੈ । (ਇਨ੍ਹਾਂ ਗੀਤਾਂ ਰਾਗਾਂ ਦੀ ਸਹਾਇਤਾ ਨਾਲ ਜੀਵ ਦੀ) ਹੋਰ ਝਾਕ ਵਾਲੀ ਭੈੜੀ ਮਤਿ ਦੂਰ ਨਹੀ ਹੁੰਦੀ, ਆਤਮਕ ਰੋਗ ਨਹੀਂ ਜਾਂਦਾ । (ਇਸ ਦੂਜੀ ਝਾਕ ਵਾਲੀ ਦੁਰਮਤਿ ਤੋਂ ਉਪਜੇ ਆਤਮਕ ਰੋਗ ਤੋਂ ਉਹ ਮਨੁੱਖ) ਖ਼ਲਾਸੀ ਪਾ ਸਕਦਾ ਹੈ ਜੋ ਗੁਰੂ ਦੇ ਸਨਮੁਖ ਹੋ ਕੇ ਪਰਮਾਤਮਾ ਦੇ ਗੁਣ ਗਾਉਂਦਾ ਹੈ (ਇਹ ਸਿਫ਼ਤਿ ਸਾਲਾਹ ਹੀ ਇਨ੍ਹਾਂ ਰੋਗਾਂ ਦਾ) ਦਾਰੂ ਹੈ । ੩ ।

੩੧- **ਰਈਅਤਿ ਰਾਜੇ ਦੁਰਮਤਿ ਦੋਈ ॥ ਬਿਨੁ ਸਤਿਗੁਰ ਸੇਵੇ ਏਕੁ ਨ ਹੋਈ ॥ ਏਕੁ ਧਿਆਇਨਿ ਸਦਾ ਸੁਖੁ ਪਾਇਨਿ ਨਿਹਚਲੁ ਰਾਜੁ ਤਿਨਾਹਾ ਹੇ ॥ ੩ ॥ ...ਖਿਨ ਮਹਿ ਹਸੈ ਖਿਨ ਮਹਿ ਰੋਵੈ ॥ ਦੂਜੀ ਦੁਰਮਤਿ ਕਾਰਜੁ ਨ ਹੋਵੈ ॥ ਸੰਜੋਗੁ ਵਿਜੋਗੁ ਕਰਤੈ ਲਿਖਿ ਪਾਏ ਕਿਰਤੁ ਨ ਚਲੈ ਚਲਾਹਾ ਹੇ ॥ ੮ ॥**[੧੦੫੭]--੫-੧੪

**ਅਰਥ:**-- ਖੋਟੀ ਮਤਿ ਦੇ ਕਾਰਨ ਹਾਕਮ ਤੇ ਪਰਜਾ ਸਭ ਦੁਬਿਧਾ (ਭਾਵ, ਮਾਇਆ ਦੇ ਮੋਹ) ਵਿਚ ਫਸੇ ਰਹਿੰਦੇ ਹਨ । ਗੁਰੂ ਦੀ ਸਰਨ ਪੈਣ ਤੋਂ ਬਿਨਾ ਕਿਸੇ ਦੇ ਅੰਦਰ ਇਕ ਪਰਮਾਤਮਾ ਦਾ ਪਰਕਾਸ਼ ਨਹੀਂ ਹੁੰਦਾ । ਜਿਹੜੇ ਮਨੁੱਖ ਸਿਰਫ਼ ਪਰਮਾਤਮਾ ਨੂੰ ਸਿਮਰਦੇ ਹਨ, ਉਹ ਆਤਮਕ ਆਨੰਦ ਮਾਣਦੇ ਹਨ । ਉਨ੍ਹਾਂ ਨੂੰ ਅਟੱਲ (ਆਤਮਕ) ਰਾਜ ਮਿਲਿਆ ਰਹਿੰਦਾ ਹੈ । **੩ ।** ਪਰਮਾਤਮਾ ਦੇ ਨਾਮ ਤੋਂ ਖੁੰਝਿਆ ਮਨੁੱਖ) ਘੜੀ ਵਿਚ ਹੱਸ ਪੈਂਦਾ ਹੈ ਘੜੀ ਵਿਚ ਰੋ ਪੈਂਦਾ ਹੈ (ਹਰਖ ਸੋਗ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ, ਸੋ) ਮਾਇਆ ਦੇ ਮੋਹ ਵਿਚ ਫਸਾ ਰੱਖਣ ਵਾਲੀ ਖੋਟੀ ਮਤਿ ਦੀ ਰਾਹੀਂ ਜੀਵਨ-ਮਨੋਰਥ ਸਫ਼ਲ ਨਹੀਂ ਹੁੰਦਾ । (ਪਰ, ਜੀਵਾਂ ਦੇ ਕੀ ਵੱਸ ?) (ਹਰ-ਨਾਮ ਵਿਚ) ਜੁੜਨ ਤੇ (ਹਰ-ਨਾਮ ਤੋਂ) ਵਿਛੁੜ ਜਾਣਾ--(ਪਿਛਲੇ ਕੀਤੇ ਕਰਮਾਂ ਅਨੁਸਾਰ) ਕਰਤਾਰ ਨੇ ਆਪ (ਜੀਵਾਂ ਦੇ ਮੱਥੇ ਉਤੇ) ਲਿਖ ਰੱਖੇ ਹਨ, ਇਹ ਪੂਰਬਲੀ ਕਰਮ-ਕਮਾਈ (ਜੀਵ ਪਾਸੋਂ) ਮਿਟਾਇਆਂ ਮਿਟਦੀ ਨਹੀਂ । ੮ ।

੩੨- **ਦੁਬਿਧਾ ਦੁਰਮਤਿ ਅਧੁਲੀ ਕਾਰ ॥ ਮਨਮੁਖਿ ਭਰਮੈ ਮਝਿ ਗੁਬਾਰ ॥ ੧ ॥** [੧੧੯੦]-੬

**ਅਰਥ:**--ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ (ਮਾਇਆ ਦੇ ਮੋਹ ਦੇ) ਹਨੇਰੇ ਵਿਚ ਭਟਕਦਾ ਫਿਰਦਾ ਹੈ (ਠੇਡੇ ਖਾਂਦਾ ਫਿਰਦਾ ਹੈ, ਉਸ ਨੂੰ ਸਹੀ ਜੀਵਨ-ਪੰਧ ਨਹੀਂ ਦਿੱਸਦਾ) । ਉਹ ਪ੍ਰਭੂ ਤੋਂ ਬਿਨਾ ਕਿਸੇ ਹੋਰ ਆਸਰੇ ਦੀ ਝਾਕ ਰੱਖਦਾ ਹੈ, (ਮਾਇਆ ਦੇ ਮੋਹ ਵਿਚ) ਅੰਨ੍ਹੀ ਹੋ ਚੁੱਕੀ ਭੈੜੀ ਮਤਿ ਦੇ ਪਿੱਛੇ ਲੱਗ ਕੇ ਹੀ ਕਾਰ ਕਰਦਾ ਹੈ । ੧ ।

੩੩- **ਦੂਜੀ ਦੁਰਮਤਿ ਆਖੈ ਦੋਇ ॥ ਆਵੈ ਜਾਇ ਮਰਿ ਦੂਜਾ ਹੋਇ ॥ ੨ ॥** [੨੨੩]-੫

**ਅਰਥ:**--ਪਰਮਾਤਮਾ ਤੋਂ ਵਿਥ ਪੈਦਾ ਕਰਨ ਵਾਲੀ (ਮਾਇਆ ਦੇ ਕਾਰਨ ਮਨੁੱਖ ਦੀ) ਭੈੜੀ ਮਤਿ (ਮਨੁੱਖ ਨੂੰ) ਦੱਸਦੀ ਰਹਿੰਦੀ ਹੈ ਕਿ ਮਾਇਆ ਦੀ ਹਸਤੀ ਪ੍ਰਭੂ ਤੋਂ ਵੱਖਰੀ ਹੈ । (ਇਸ ਦੁਰਮਤਿ ਦੇ ਅਸਰ ਹੇਠ) ਜੀਵ ਜੰਮਦਾ ਮਰਦਾ ਹੈ (ਇਸ ਤਰ੍ਹਾਂ ਆਤਮਕ ਮੌਤੇ ਮਰ ਕੇ ਪਰਮਾਤਮਾ ਤੋਂ ਵਿੱਥ ਤੇ ਹੋ ਜਾਂਦਾ ਹੈ । ੨ ।

੩੪- **ਦੂਜੀ ਦੁਰਮਤਿ ਅੰਨ੍ਹੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥**
**ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥ ੧ ॥**[੧੦੨੨]-੩

**ਅਰਥ:**--ਪ੍ਰਭੂ ਤੋਂ ਬਿਨਾ ਕਿਸੇ ਹੋਰ ਆਸਰੇ ਦੀ ਝਾਕ ਐਸੀ ਭੈੜੀ ਮਤਿ ਹੈ ਕਿ ਇਸ ਵਿਚ ਫਸੀ ਹੋਈ ਜੀਵ-ਇਸਤ੍ਰੀ ਅੰਨ੍ਹੀ ਤੇ ਬੋਲੀ ਹੋ ਜਾਂਦੀ ਹੈ (ਨਾ ਉਹ ਅੱਖਾਂ ਨਾਲ ਪਰਮਾਤਮਾ ਨੂੰ ਵੇਖ ਸਕਦੀ ਹੈ, ਨਾ ਉਹ ਕੰਨਾ ਨਾਲ ਪਰਮਾਤਮਾ ਦੀ ਸਿਫ਼ਤਿ ਸਾਲਾਹ ਸੁਣ ਸਕਦੀ ਹੈ) । ਉਸ ਦਾ ਸਰੀਰ ਕਾਮ ਕ੍ਰੋਧ ਆਦਿਕ ਵਿਚ ਗਲਦਾ ਰਹਿੰਦਾ ਹੈ । ਪਤੀ ਪ੍ਰਭੂ ਉਸ ਦੇ ਹਿਰਦੇ-ਘਰ ਵਿਚ ਵੱਸਦਾ ਹੈ, ਪਰ ਉਹ ਅੰਞਾਣ ਜੀਵ-ਇਸਤ੍ਰੀ ਉਸ ਨੂੰ ਪਛਾਣ ਨਹੀਂ ਸਕਦੀ, ਆਤਮਕ ਅਡੋਲਤਾ ਉਸ ਦੇ ਅੰਦਰ ਹੀ ਹੈ ਪਰ ਉਹ ਸਮਝ ਨਹੀਂ ਸਕਦੀ, ਪ੍ਰਭੂ-ਪਤੀ ਤੋਂ ਵਿਛੁੜੀ ਹੋਈ ਨੂੰ ਸ਼ਾਂਤੀ ਨਸੀਬ ਨਹੀਂ ਹੁੰਦੀ ।, ੧ ।

ਖੋਟੀ ਮਤਿ ਤੋਂ ਛੁਟਕਾਰਾ ਪਾ ਕੇ ਪ੍ਰਭੂ-ਪਤੀ ਨਾਲ ਸਾਂਝ ਬਣਾ ਸਕਣ ਦਾ ਗਿਆਨ ਬਖ਼ਸ਼ਸ਼ ਕਰਨ ਦੀ ਕਿਰਪਾਲਤਾ:--

੩੫- **ਜਹ ਦੇਖਾ ਤਹ ਏਕੋ ਸੋਈ ॥ ਦੂਜੀ ਦੁਰਮਤਿ ਸਬਦੇ ਖੋਈ ॥**
**ਏਕਸੁ ਮਹਿ ਪ੍ਰਭੁ ਏਕੁ ਸਮਾਣਾ ਅਪਣੈ ਰੰਗਿ ਸਦ ਰਾਤਾ ਹੇ ॥ ੭ ॥**[੧੦੫੧]-੮

**ਅਰਥ:**--ਹੇ ਭਾਈ ! ਮੈਂ ਜਿੱਧਰ ਵੇਖਦਾ ਹਾਂ, ਉਧਰ ਸਿਰਫ਼ ਉਹ ਪਰਮਾਤਮਾ ਹੀ ਦਿੱਸ ,ਰਿਹਾ ਹੈ । ਪ੍ਰਭੂ ਤੋਂ ਬਿਨਾ ਕਿਸੇ ਹੋਰ ਨੂੰ ਵੇਖਣ ਲਈ ਖੋਟੀ ਮਤਿ ਗੁਰੂ ਦੇ ਸ਼ਬਦ(-ਗਿਆਨ ਅਨੁਸਾਰ ਤੁਰਨ) ਦੀ ਰਾਹੀਂ ਨਾਸ ਹੋ ਜਾਂਦੀ ਹੈ (ਸ਼ਬਦ-ਗਿਆਨ ਦੀ ਬਰਕਤਿ ਨਾਲ ਇਉਂ ਦਿੱਸ ਪੈਂਦਾ ਹੈ ਕਿ) ਆਪਣੇ ਆਪ ਵਿਚ ਪਰਮਾਤਮਾ ਆਪ ਹੀ ਸਮਾਇਆ ਹੋਇਆ ਹੈ, ਉਹ ਸਦਾ ਆਪਣੀ ਮੌਜ ਵਿਚ ਮਸਤ ਰਹਿੰਦਾ ਹੈ । ੭੬ ।

੩੬- **ਸੰਤ ਪਗ ਧੋਈਐ ਹਾਂ ॥ ਦੁਰਮਤਿ ਖੋਈਐ ਹਾਂ ॥ ਦਾਸਨ ਰੇਨੁ ਹੋਇ ਹਾਂ ॥**
**ਬਿਆਪੈ ਦੁਖੁ ਨ ਕੋਇ ਹਾਂ ॥ ਭਗਤਾਂ ਸਰਨਿ ਪਰੁ ਹਾਂ ॥ ਜਨਮਿ ਨ ਕਦੇ ਮਰੁ ਹਾਂ ॥**
**ਅਸਥਿਰੁ ਸੇ ਭਏ ਹਾਂ ॥ ਹਰਿ ਹਰਿ ਜਿਨ੍ ਜਪਿ ਲਏ ਮੇਰੇ ਮਨਾ ॥ ੧ ॥**[੪੧੦]-੫-੧੬੧

੭

# ਦੁਰਮਤਿ ਮਦੁ ਜੋ ਪੀਵਤੇ ....॥

੩੭- **ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿਕਮਲੀ ॥ ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥ ੪ ॥**[੩੯੯]-੧੨-੧੧੪

**ਅਰਥ:**--ਖੋਟੀ ਮਤਿ (ਮਾਨੋ) ਸ਼ਰਾਬ ਹੈ ਜੋ ਮਨੁੱਖ ਇਹ ਸ਼ਰਾਬ ਪੀਣ ਲੱਗ ਪੈਂਦੇ ਹਨ (ਜੋ ਗੁਰੂ ਦਾ ਆਸਰਾ ਛੱਡ ਕੇ ਖੋਟੀ ਮਤਿ ਦੇ ਪਿਛੇ ਤੁਰਨ ਲੱਗ ਪੈਂਦੇ ਹਨ) ਉਹ ਦੁਰਾਚਾਰੀ ਹੋ ਜਾਂਦੇ ਹਨ ਉਹ (ਵਿਕਾਰਾਂ ਵਿਚ) ਝੱਲੇ ਹੋ ਜਾਂਦੇ ਹਨ । ਪਰ ਜਿਹੜੇ ਮਨੁੱਖ ਪਰਮਾਤਮਾ ਦੇ ਨਾਮ ਦੇ ਸ੍ਰੇਸ਼ਟ ਰਸ ਵਿਚ ਮਸਤ ਰਹਿੰਦੇ ਹਨ ਉਨ੍ਹਾਂ ਨੂੰ ਸਦਾ ਥਿਰ ਰਹਿਨ ਵਾਲੇ ਪਰਮਾਤਮਾ ਦੇ ਨਾਮ ਦਾ ਅਮਲ ਲੱਗ ਜਾਂਦਾ ਹੈ । ੪ ।

੩੮- **ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥**

**ਸੋ ਉਬਰੈ ਗੁਰ ਸਬਦੁ ਬੀਚਾਰੈ ॥ ੨ ॥**[੨੨੫]-੧੧

**ਅਰਥ:**--ਸਾਰੇ ਜਗਤ (ਦੇ ਜੀਵਾਂ) ਦਾ ਹਿਰਦਾ-ਕੌਂਵਲ (ਪਰਮਾਤਮਾ ਦੇ ਸਿਮਰਨ ਵਲੋਂ) ਉਲਟਿਆ ਹੋਇਆ ਹੈ, ਇਸ ਭੈੜੀ ਕੋਝੀ ਮਤਿ ਦੀ ਅੱਗ ਸੰਸਾਰ (ਦੇ ਜੀਵਾਂ ਦੇ ਆਤਮਕ ਜੀਵਨ) ਨੂੰ ਚੰਗੀ ਤਰ੍ਹਾਂ ਸਾੜ ਰਹੀ ਹੈ । (ਏਸ ਅੱਗ ਵਿਚੋਂ) ਉਹੀ ਮਨੁੱਖ ਬਚਦਾ ਹੈ ਜਿਹੜਾ ਗੁਰੂ ਦੇ ਸ਼ਬਦ ਨੂੰ ਵਿਚਾਰਦਾ ਹੈ । ੨ ।

੩੯- **ਮਨਮੁਖ ਦੇਹੀ ਭਰਮੁ ਭਤਾਰੋ ॥ ਦੁਰਮਤਿ ਮਰੈ ਨਿਤ ਹੋਇ ਖੁਆਰੋ ॥**

**ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥ ੧੩ ॥**[੧੦੫੮]-੫-੧੪

੪੦- **ਦੁਰਮਤਿ ਝੂਠੀ ਬੁਰੀ ਬੁਰਿਆਰਿ ॥ ਅਉਗਣਿਆਰੀ ਅਉਗਣਿਆਰਿ ॥**

**ਕਚੀ ਮਤਿ ਫੀਕਾ ਮੁਖਿ ਬੋਲੈ ਦੁਰਮਤਿ ਨਾਮੁ ਨ ਪਾਈ ਹੇ ॥ ੫ ॥** [੧੦੪੭]-੪

੪੧- **ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੋੁਭਾਨੁ ॥ ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥**

**ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥ ੧ ॥**[੨੧]-੧੯

੪੨- **ਦੁਰਮਤਿ ਬਾਧਾ, ਸਰਪਨਿ ਖਾਧਾ ॥ ਮਨਮੁਖਿ ਖੋਇਆ, ਗੁਰਮੁਖਿ ਲਾਧਾ ॥**

**ਸਤਿਗੁਰੁ ਮਿਲੈ ਅੰਧੇਰਾ ਜਾਇ ॥ ਨਾਨਕ ਹਉਮੈ ਮੇਟਿ ਸਮਾਇ ॥ ੧੫ ॥**[੯੩੯]

**ਅਰਥ:**--(ਇਹ ਜੀਵ) ਭੈੜੀ ਮਤਿ ਵਿਚ ਇਉਂ ਬੱਝਾ ਪਿਆ ਹੈ ਕਿ ਸਪਣੀ (ਮਾਇਆ ਇਸ ਨੂੰ) ਖਾਈ ਜਾ ਰਹੀ ਹੈ (ਤੇ ਇਨ੍ਹਾਂ ਚਸਕਿਆਂ ਵਿਚੋਂ ਇਸ ਦਾ ਨਿਕਲਣ ਨੂੰ ਜੀ ਨਹੀਂ ਕਰਦਾ) ਮਨ ਦੇ ਪਿੱਛੇ ਲੱਗਣ ਵਾਲੇ ਨੇ (ਜੀਵਨ ਦਾ ਲਾਹਾ) ਗਵਾ ਲਿਆ ਹੈ, ਗੁਰੂ ਦੇ ਹੁਕਮ ਵਿਚ ਤੁਰਨ ਵਾਲੇ ਨੇ ਖੱਟ ਲਿਆ ਹੈ । (ਮਾਇਆ ਦੇ ਚਸਕਿਆਂ ਦਾ) ਹਨੇਰਾ ਤਾਂ ਹੀ ਦੂਰ ਹੁੰਦਾ ਹੈ ਜੇ ਸਤਿਗੁਰੂ ਮਿਲ ਪਏ (ਭਾਵ, ਜੇ ਮਨੁੱਖ ਗੁਰੂ ਦੇ ਦੱਸੇ ਰਸਤੇ ਉਤੇ ਤੁਰਨ ਲੱਗ ਪਏ) । ਹੇ ਨਾਨਕ ! (ਮਨੁੱਖ) ਹਉਮੈ ਮਿਟਾ ਕੇ ਹੀ ਪ੍ਰਭੂ ਵਿਚ ਲੀਨ ਹੋ ਸਕਦਾ ਹੈ । ੧੫ ।

੪੩- **ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ ਰੋਹੈ ॥**

**ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ ॥ ੩ ॥**[੪੯੩]-੨

**ਅਰਥ:**--ਭੈੜੀ ਮਤਿ ਤੇ ਤੁਰਨ ਵਾਲੇ ਬਦ-ਕਿਸਮਤਿ ਹੁੰਦੇ ਹਨ, ਉਨ੍ਹਾਂ ਦੀ ਆਪਣੀ ਅਕਲ ਵੀ ਹੋਲੀ ਹੀ ਰਹਿੰਦੀ ਹੈ, ਪਰਮਾਤਮਾ ਦਾ ਨਾਮ ਸੁਣਦਿਆਂ ਉਨ੍ਹਾਂ ਦੇ ਮਨ ਵਿਚ (ਸਗੋਂ) ਕ੍ਰੋਧ ਆਉਂਦਾ ਹੈ । ਕਾਂ ਅੱਗੇ ਕੋਈ ਸੁਆਦਲਾ ਭੋਜਨ ਰੱਖੀਏ (ਤਾਂ ਉਸ ਨੂੰ ਖਾਣ ਦੇ ਥਾਂ) ਉਹ ਵਿਸ਼ਟਾ ਖਾ ਕੇ ਅਤੇ ਗੋਹੇ ਵਿਚ ਮੂੰਹ ਮਾਰਦਾ ਹੋਇਆ ਖੁਸ਼ ਹੁੰਦਾ ਹੈ । ੩ ।

ਦੁਰਮਤਿ ਵਿਚ ਫਸੇ ਰਹਿਣ ਦੀ ਜਦ ਆਦਤ ਪੱਕ ਜਾਵੇ ਤਾਂ ਉਸ ਨੂੰ ਤਿਆਗਣਾ ਮਨੁੱਖ ਲਈ ਅਸੰਭਵ ਬਣ ਜਾਂਦਾ ਹੈ, ਸੂਫੀ ਫ਼ਕੀਰ ਵਾਰਸ ਸ਼ਾਹ ਦਾ ਕਥਨ ਹੈ -- " ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੀ ਭਾਵੇਂ ਕੱਟੀਏ ਪੋਰੀਆ ਪੋਰੀਆ ਜੀ "-- ਭਾਵੇਂ ਟੋਟੇ ਟੋਟੇ ਕਰ ਦਿੱਤਾ ਜਾਵੇ ਪਰ ਮਨੁੱਖ ਪੱਕੀ ਹੋਈ ਆਪਣੀ ਆਦਤ ਨਹੀਂ ਛੱਡ ਸਕਦਾ । ਪਰ ਵਾਰਸ ਸ਼ਾਹ ਦਾ ਇਹ ਕਹਿਣਾ ਪੂਰਨ ਸੱਚ ਨਹੀਂ ਹੈ । ਭੈੜੀ ਆਦਤ ਤਿਆਗਣੀ ਅਸੰਭਵ ਨਹੀਂ ਮੁਸ਼ਕਲ ਜ਼ਰੂਰ ਹੈ । " **ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥ .. ੨੦ ॥**

੪੪- **ਫਰੀਦਾ ਕੂਕੇਦਿਆਂ ਚਾਂਗੇਦਿਆਂ ਮਤੀ ਦੇਦਿਆ ਨਿਤ ॥**

**ਜੋ ਸੈਤਾਨਿ ਵੰਞਾਇਆ, ਸੇ ਕਿਤ ਫੇਰਹਿ ਚਿਤ ॥ ੧੫ ॥**[੧੩੭੮]-੧੫

**ਅਰਥ:**--ਹੇ ਫ਼ਰੀਦ ! (ਭਾਵੇਂ ਕਿਤਨਾ ਹੀ) ਪੁਕਾਰ ਪੁਕਾਰ ਕੇ ਆਖੀਏ (ਕਿਤਨਾ ਹੀ) ਨਿੱਤ ਮੱਤਾਂ ਦੇਈਏ, ਪਰ ਜਿੰਨ੍ਹਾਂ ਬੰਦਿਆਂ ਨੂੰ (ਮਨ-) ਸ਼ੈਤਾਨ ਨੇ ਵਿਗਾੜਿਆ ਹੋਇਆ ਹੈ, ਉਹ ਕਿਵੇਂ ਚਿਤ ਫੇਰ ਸਕਦੇ ਹਨ ? (ਭੈੜੀ, ਮਤਿ ਦੇ ਕਾਰਨ ਬਣੀ ਭੈੜੀ ਆਦਤ ਤਿਆਗਣੀ ਔਖੀ ਹੋ ਜਾਂਦੀ ਹੈ) । ੧੫ ।

ਕਿਸੇ ਨੂੰ 'ਮਤਿ ' ਦੇਣ ਦੀ ਗਲ ਤਾਂ ਕੀਤੀ ਜਾਂਦੀ ਹੈ, ਪਰ " ਬੁੱਧ " ਦੇਣ ਦੀ ਜਾਂ ਸਿਆਣਪ ਦੇਣ ਦੀ ਗੱਲ ਨਹੀਂ ਕੀਤੀ ਜਾਂਦੀ । ਫ਼ਰੀਦ ਸਾਹਿਬ ਨੇ ਵੀ ਮਤਿ ਦੇਣ ਦੀ ਗੱਲ ਹੀ ਕੀਤੀ ਹੈ । ਮਤਿ ਦੇ ਥਾਂ ' ਅਕਲ ' ਜਾਂ ਸੁਰਤਿ ਸ਼ਬਦ ਵਰਤਨਾਂ ਠੀਕ ਨਹੀਂ ਸਮਝਿਆ ਗਿਆ । ਨਿਸਚੇ ਹੀ ਸੁਰਤਿ ਮਤਿ ਬੁੱਧ ਅੱਡ ਅੱਡ ਇੰਦ੍ਰੇ ਹਨ ।

ਜਿਵੇਂ ਹਿੰਦੂਆਂ ਨੇ ਲੋਕਾਂ ਨੂੰ ਪੁਠੀਆਂ-ਸਿਧੀਆਂ ਮੱਤਾਂ ਦੇਣ ਵਾਲਾ ' **ਨਾਰਦ** " ਮੰਨਿਆਂ ਹੋਇਆ ਹੈ, ਏਸੇ ਤਰ੍ਹਾਂ ਈਸਾਈ ਧਰਮ ਅਤੇ ਇਸਲਾਮੀ ਵਿਸ਼ਵਾਸ਼ ਦੇ ਅਨੁਸਾਰ ' ਸ਼ੈਤਾਨ " ਮਨੁੱਖ ਨੂੰ ਪੁੱਠੇ ਰਾਹ ਲਾ ਕੇ ਰੱਬ ਤੋਂ ਦੂਰ ਕਰਦਾ ਰਹਿੰਦਾ ਹੈ । ਫਰੀਦ ਸਾਹਿਬ ਦਾ ਉਪ੍ਰੋਕਤ ਫ਼ੁਰਮਾਨ, ਉਨ੍ਹਾਂ ਲਈ ਉਪਦੇਸ਼ ਹੈ ਜਿਹੜੇ ਮਨੁੱਖ ਪਰਮਾਤਮਾ ਨੂੰ ਭੁਲਾ ਕੇ ਵਿਕਾਰੀ ਬਣ ਗਏ ਹੋਏ ਹਨ, ਅਥਵਾ ਜੋ ਗੁਰੂ ਦੀ ਮਤਿ ਤਿਆਗ ਕੇ ਬੁਰੇ ਪਾਸੇ ਲੱਗੇ ਹੋਏ ਹਨ ਅਤੇ ਕਿਸੇ ਭਲੇ ਪੁਰਸ਼ ਦੀ ਗੱਲ ਨਹੀਂ ਸੁਣਦੇ । ਇਸ ਦਾ ਇਹ ਅਰਥ ਨਹੀਂ ਹੈ ਕਿ ਬੁਰਾ ਮਨੁੱਖ ਬੁਰਿਆਈ ਤਿਆਗ ਕੇ ਨੇਕੀ ਦੇ ਰਸਤੇ ਤੇ ਆ ਹੀ ਨਹੀਂ ਸਕਦਾ । ਗੁਰੂ ਦੀ ਸ਼ਰਨ ਵਿਚ ਆਇਆ, ਦੁਸ਼ਟ-ਆਤਮਾ ਮਨੁੱਖ ਵੀ ਮਨੁੱਖਤਾ ਦਾ ਸੇਵਾਦਾਰ ਬਣ ਸਕਦਾ ਹੈ । ਸਿੱਖ ਇਤਿਹਾਸ ਵਿਚ, ਸੱਜਣ ਠੱਗ, ਕੌਡਾ ਰਾਕਸ਼, ਭਾਈ ਬਿਧੀ ਚੰਦ ਭੂਮੀਆਂ ਚੋਰ, ਆਦਿ, ਕਈਆਂ ਦਾ ਜ਼ਿਕਰ ਹੈ, ਜਿਹੜੇ ਸਤਿਗੁਰਾਂ ਦੀ ਮਿਹਰ ਦੀ ਨਜ਼ਰ ਪੈਣ ਨਾਲ ਆਪਣੀ ਪਹਿਲੀ ਭੈੜੀ ਵਾਦੀ ਤਿਆਗ ਕੇ, ਉੱਚੀ ਆਤਮਕ ਅਵਸਥਾ ਦੇ ਮਾਲਕ ਬਣ ਗਏ---

੪੫- ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥ ਕਿਸੁ ਜਾਤਿ ਤੇ ਕਿਹ ਪਦਹਿ
ਅਮਰਿਓ, ਰਾਮ ਭਗਤਿ ਬਿਸੇਖ ॥ ੧ ॥ ਰਹਾਉ ॥ ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨ
ਲਾਵੈ ਹੇਤੁ ॥ ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ ॥ ੨ ॥ ਅਜਾਮਲੁ ਪਿੰਗੁਲਾ ਲੁਭਤੁ
ਕੁੰਚਰੁ, ਗਏ ਹਰਿ ਕੈ ਪਾਸ ॥ ਐਸੇ ਦੁਰਮਤਿ ਨਿਸਤਰੇ, ਤੂ ਕਿਉ ਨ ਤਰਹਿ ਰਵਿਦਾਸ ॥ ੩ ॥ [੧੧੨੪]-੧

੪੬- **ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ ॥ ਸਤਿਗੁਰ ਮਿਲਿਐ ਮਤਿ ਊਪਜੈ
ਤਾ ਇਹ ਸੋਝੀ ਪਾਇ ॥ ੧ ॥ ਹਰਿ ਕਥਾ ਤੂੰ ਸੁਣਿ ਰੇ ਮਨ ਸਬਦੁ ਮੰਨਿ ਵਸਾਇ ॥
ਇਹ ਮਤਿ ਤੇਰੀ ਥਿਰੁ ਰਹੈ ਤਾਂ ਭਰਮੁ ਵਿਚਹੁ ਜਾਇ ॥ ੧ ॥ ਰਹਾਉ ॥** [੪੯੧]-੬-੮

## ੮

## ਦੁਰਮਤਿ ਮੈਲ ਗਈ ਭ੍ਰਮ ਭਾਗਾ.. ॥

੪੭- ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ ਨਾਤੇ ॥
**ਦੁਰਮਤਿ ਮੈਲੁ ਗਈ ਸਭ ਤਿਨ ਕੀ** ਜੋ ਰਾਮ ਨਾਮ ਰੰਗਿ ਰਾਤੇ ॥ ੩ ॥ [੧੬੯]-੧੬-੫੪

੪੮- ਗੁਰ ਕੀ ਬਾਣੀ ਨਾਮਿ ਵਜਾਏ ॥ ਨਾਨਕ ਮਹਲੁ ਸਬਦਿ ਘਰੁ ਪਾਏ ॥ ਗੁਰਮਤਿ ਸਤ
ਸਰਿ ਹਰਿ ਜਲਿ ਨਾਇਆ ॥ **ਦੁਰਮਤਿ ਮੈਲੁ ਸਭੁ ਦੁਰਤੁ ਗਵਾਇਆ** ॥ ੪ ॥ [੩੬੨]-੫-੪੪

੪੯- ਹਮਰਾ ਚਿਤੁ ਲੁਭਤ ਮੋਹਿ ਬਿਖਿਆ, **ਬਹੁ ਦੁਰਮਤਿ ਮੈਲੁ ਭਰਾ** ॥ ਤੁਮਰੀ ਸੇਵਾ ਕਰਿ ਨ ਸਕਹ ਪ੍ਰਭ
ਹਮ ਕਿਉਕਰਿ ਮੁਗਧ ਤਰਾ ॥ ੧ ॥. ....ਜਿਨ ਕਉ ਤੁਮ੍ ਹਰਿ ਮੇਲਹੁ ਸੁਆਮੀ ਤੇ ਨ੍ਹਾਏ ਸੰਤੋਖ ਗੁਰ ਸਰਾ ॥
**ਦੁਰਮਤਿ ਮੈਲੁ ਗਈ ਹਰਿ ਭਜਿਆ** ਜਨ ਨਾਨਕ ਪਾਰਿ ਪਰਾ ॥ ੪ ॥ [੭੯੯]-੩

੫੦- ਰਾਮ ਜਨਾ ਮਿਲਿ ਭਇਆ ਅਨੰਦਾ ਹਰਿ ਨੀਕੀ ਕਥਾ ਸੁਨਾਇ ॥ **ਦੁਰਮਤਿ
ਮੈਲੁ ਗਈ ਸਭ ਨੀਕਲਿ** ਸਤਸੰਗਤਿ ਮਿਲਿ **ਬੁਧਿ ਪਾਇ** ॥ ੧ ॥ [੮੮੦]-੨

੫੧- ਵਡਭਾਗੀ ਗੁਰ ਦਰਸਨੁ ਪਾਇਆ ਗੁਰਿ ਮਿਲਿਐ ਹਰਿ ਪ੍ਰਭੁ ਜਾਤਾ ॥
**ਦੁਰਮਤਿ ਮੈਲੁ ਗਈ ਸਭ ਨੀਕਰਿ** ਹਰਿ ਅੰਮ੍ਰਿਤਿ ਹਰਿ ਸਰਿ ਨਾਤਾ ॥ ੧ ॥ [੯੮੪]-੨

੫੨- ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥ **ਦੁਰਮਤਿ ਮੈਲੁ ਹਰੀ** ਅਗਿਆਨੁ
ਅੰਧੇਰੁ ਗਇਆ ॥ ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ ॥
ਜਨਮ ਮਰਣ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ ॥ ..... ੧ ॥ [੧੧੧੬]-ਛੰਤ-੪-੧੦

੫੩- ਸੰਗਤਿ ਸੰਤ ਮਿਲਾਏ ॥ ਹਰਿ ਸਰਿ ਨਿਰਮਲਿ ਨਾਏ ॥ ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ
ਸਰੀਰਾ ॥ **ਦੁਰਮਤਿ ਮੈਲੁ ਗਈ ਭ੍ਰਮੁ ਭਾਗਾ** ਹਉਮੈ ਬਿਨਠੀ ਪੀਰਾ ॥ ਨਦਰਿ ਪ੍ਰਭੂ ਸਤਸੰਗਤਿ
ਪਾਈ ਨਿਜ ਘਰਿ ਹੋਆ ਵਾਸਾ ॥ ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥ ੨ ॥[੭੭੪-੭੫]-੧-੩

੫੪- ਸਰਬ ਧਰਮ ਮਹਿ ਸ੍ਰੇਸ਼ਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ ਸਗਲ
ਕ੍ਰਿਆ ਮਹਿ ਊਤਮ ਕਿਰਿਆ ॥ ਸਾਧ ਸੰਗਿ **ਦੁਰਮਤਿ ਮਲੁ ਹਿਰਿਆ** ॥ ... ॥ ੮ ॥ [੨੬੬]-ਅਸਟ-੩

੫੫- ਦਰਸਨ ਕਉ ਜਾਈਐ ਕੁਰਬਾਨੁ ॥ ਚਰਨ ਕਮਲ ਹਿਰਦੈ ਧਰਿ ਧਿਆਨੁ ॥
ਧੂਰਿ ਸੰਤਨ ਕੀ ਮਸਤਕਿ ਲਾਇ ॥ **ਜਨਮ ਜਨਮ ਕੀ ਦੁਰਮਤਿ ਮਲੁ ਜਾਇ** ॥ ੧ ॥ [੯੯੭]-੩੬-੪੭

## ੯

## ਦੁਰਮਤਿ ਜਾਇ ਪਰਮ ਪਦ ਪਾਏ

੫੬- **ਜਿਸ ਨੋ ਲਾਇ ਲਏ ਸੋ ਲਾਗੈ ॥ ਗਿਆਨ ਰਤਨੁ ਅੰਤਰਿ ਤਿਸੁ ਜਾਗੈ ॥
ਦੁਰਮਤਿ ਜਾਇ ਪਰਮ ਪਦੁ ਪਾਏ** ॥ ਗੁਰ ਪਰਸਾਦੀ ਨਾਮੁ ਧਿਆਏ ॥ ੩ ॥ [੭੩੬]-੨

**ਅਰਥ**:--ਉਹੀ ਮਨੁੱਖ ਪ੍ਰਭੂ (ਦੇ ਪਿਆਰ) ਵਿਚ ਲੀਨ ਹੁੰਦਾ ਹੈ, ਜਿਸ ਨੂੰ ਪ੍ਰਭੂ ਆਪ (ਆਪਣੇ ਪਿਆਰ ਵਿਚ) ਜੋੜਦਾ ਹੈ । ਉਸ ਮਨੁੱਖ ਦੇ ਅੰਦਰ ਰਤਨ (ਵਰਗੀ ਕੀਮਤੀ) ਆਤਮਕ ਜੀਵਨ ਸੂਝ ਉੱਘੜ ਪੈਂਦੀ ਹੈ । (ਉਸ ਮਨੁੱਖ ਦੇ ਅੰਦਰੋਂ) ਖੋਟੀ ਮਤਿ ਦੂਰ ਹੋ ਜਾਂਦੀ ਹੈ, ਉਹ ਉੱਚੀ ਆਤਮਕ ਅਵਸਥਾ ਪ੍ਰਾਪਤ ਕਰ ਲੈਂਦਾ ਹੈ । ਗੁਰੂ ਦੀ ਕਿਰਪਾ ਨਾਲ ਉਹ ਪਰਮਾਤਮਾ ਦਾ ਨਾਮ ਸਿਮਰਦਾ ਰਹਿੰਦਾ ਹੈ । ੩ ।

੫੭- **ਕੁਬੁਧਿ ਮਿਟੈ, ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ ਮੋਖ ਦੁਆਰ ॥
ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥ ਦੁਰਮਤਿ ਵਿਛੁੜਿ ਚੋਟਾ ਖਾਇ ॥
ਮਾਨੈ ਹੁਕਮੁ ਸਭੇ ਗੁਣ ਗਿਆਨ ॥ ਨਾਨਕ, ਦਰਗਹ ਪਾਵੈ ਮਾਨੁ ॥ ੫੬ ॥** [੯੪੪]

੫੮- **ਸਤਿਗੁਰਿ ਮਿਲਿਐ ਫਲੁ ਪਾਇਆ ॥ ਜਿਨਿ, ਵਿਚਹੁ ਅਹਕਰਣੁ ਚੁਕਾਇਆ ॥**

**ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ** ॥ ੧੧ ॥ [੭੨]-੧

੫੯- **ਜਹ ਦੇਖਾ ਤਹ ਏਕੋ ਸੋਈ ॥ ਦੂਜੀ ਦੁਰਮਤਿ ਸਬਦੇ ਖੋਈ ॥**
**ਏਕਸੁ ਮਹਿ ਪ੍ਰਭੁ ਏਕੁ ਸਮਾਣਾ ਅਪਣੈ ਰੰਗਿ ਸਦ ਰਾਤਾ ਹੇ** ॥ ੭ ॥ [੧੦੫੧]-੮

੬੦- **ਰੇਣੁ ਸੰਤਨ ਕੀ ਮੇਰੈ ਮੁਖਿ ਲਾਗੀ ॥ ਦੁਰਮਤਿ ਬਿਨਸੀ ਕੁਬੁਧਿ ਅਭਾਗੀ ॥**
**ਸਚ ਘਰਿ ਬੈਸਿ ਰਹੇ ਗੁਣ ਗਾਏ ਨਾਨਕ ਬਿਨਸੇ ਕੂਰਾ ਜੀਉ** ॥ ੪ ॥ [੯੯]-੧੧-੧੮

੧੦

# " ਗੁਰਮਤਿ "

ਗੁਰੂ ਦਾ ਸਿੱਧ ਕੀਤਾ ਸਿਧਾਂਤ ਗੁਰਮਤਿ ਹੈ । ਗੁਰੂ ਦੀ ਇਛਿਆ ਗੁਰਮਤਿ ਹੈ । ਗੁਰੂ ਦੀ ਨਸੀਹਤ, ਗੁਰੂ ਦਾ ਉਪਦੇਸ਼ ਗੁਰਮਤਿ ਹੈ । ਗੁਰਮਤਿ ਅਨੁਸਾਰ ਚਲਣ ਦੀ ਤਾਕੀਦ ਵਾਲੇ ਕਈ ਤਰ੍ਹਾਂ ਦੇ ਵਡਮੁੱਲੇ ਉਪਦੇਸ਼ ਹਨ । ਸਤਿਗੁਰਾਂ ਦੇ ਫ਼ੁਰਮਾਨਾਂ ਦੀ ਵਿਚਾਰ ਕਰਕੇ, ਜੀਵਨ ਸਫ਼ਲਾ ਕਰ ਸਕਣ ਦੀ ਸਿੱਖਿਆ ਗ੍ਰਹਣ ਕਰੀਏ । ਸਤਿਗੁਰਾਂ ਨੇ " ਪੂਰਨ ਗੁਰੂ " ਅਤੇ " ਗੁਰਮਤਿ ਦੀ ਮਹੱਤਤਾ ਸਮਝਾਉਣ ਲਈ ਅੱਡ ਅੱਡ ਗੁਰਮਤਿ-ਵਿਸ਼ਿਆਂ ਨੂੰ ਸਪੱਸ਼ਟ ਕਰਨ ਕਈ ਗੁਰਬਾਣੀ ਸ਼ਬਦ ਰਚੇ ਹਨ । ਆਓ ਪਹਿਲਾਂ ਸਿੱਖੀ ਸਿਧਾਂਤ ਦੇ ਜਨਮ ਦਾਤੇ ਸਤਿਗੁਰੂ ਨਾਨਕ ਦੇਵ ਜੀ ਦਾ ਉਸ ਵਡਮੁੱਲੇ ਉਪਦੇਸ਼ ਨੂੰ ਯਾਦ ਕਰ ਲਈਏ ਜੋ ਉਨ੍ਹਾਂ ਨੇ ਜਪੁ (ਜੀ ਸਾਹਿਬ) ਬਾਣੀ ਵਿਚ ਫ਼ੁਰਮਾਨ ਕੀਤਾ ਹੈ,---' **ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ** " । ਰਤਨਾਂ ਜਵਾਹਿਰਾਂ, ਮਾਣਿਕਾਂ ਨਾਲੋ ਵੀ ਕਈ ਗੁਣਾ ਵੱਧ ਕੀਮਤੀ ਗੁਰੂ-ਉਪਦੇਸ਼ ਦੀ ਵਿਚਾਰ ਨਾਲ ਜੁੜੀਏ ਅਤੇ ਗੁਰੂ-ਸਿਖਿਆ ਨੂੰ ਦ੍ਰਿੜ ਕਰਕੇ, ਆਓ ! ਆਪਣੀ ਜੀਵਨ ਜੁਗਤ ਸੁਆਰ ਲੈਣ ਦਾ ਉੱਦਮ ਕਰਨਾ ਸਿਖੀਏ । ਗੁਰੂ ਸ਼ਬਦ ਹੈ:--

੬੧- **ਸਚੁ ਕਹਹੁ ਸਚੈ ਘਰਿ ਰਹਣਾ ॥ ਜੀਵਤ ਮਰਹੁ ਭਵਜਲੁ ਜਗੁ ਤਰਣਾ ॥ ਗੁਰੁ ਬੋਹਿਥ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ ॥ ੧ ॥ ਹਉਮੈ ਮਮਤਾ ਲੋਭ ਬਿਨਾਸਨੁ ॥ ਨਉ ਦਰ ਮੁਕਤੇ ਦਸਵੈ ਆਸਨੁ ॥ ਉਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ ॥ ੨ ॥ ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥ ਅਕਲੁ ਗਾਇ ਜਮ ਤੇ ਕਿਆ ਡਰੀਐ ॥ਜਤ ਜਤ ਦੇਖਉ ਤਤ ਤਤ ਤੁਮ ਹੀ ਅਵਰੁ ਨ ਦੁਤੀਆ ਗਾਇਆ ॥ ੩ ॥ ਸਚੁ ਹਰਿ ਨਾਮੁ ਸਚੁ ਹੈ ਸਰਣਾ ॥ ਸਚੁ ਗੁਰ ਸਬਦੁ ਜਿਤੈ ਲਗਿ ਤਰਣਾ ॥ ਅਕਥੁ ਕਥੈ ਦੇਖੈ ਅਪਰੰਪਰੁ ਫੁਨਿ ਗਰਭਿ ਨ ਜੋਨੀ ਜਾਇਆ ॥ ੪ ॥ ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥ ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥ ੫ ॥ ਸਚ ਬਿਨੁ ਭਵਜਲੁ ਜਾਇ ਨ ਤਰਿਆ ॥ ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥ ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ, ਨਿਰਭਉ ਕੈ ਘਰਿ ਪਾਇਆ ॥ ੬ ॥ ਝੂਠੀ ਜਗ ਹਿਤ ਕੀ ਚਤੁਰਾਈ ॥ ਬਿਲਮ ਨ ਲਾਗੈ ਆਵੈ ਜਾਈ ॥ ਨਾਮੁ ਵਿਸਾਰਿ ਚਲਹਿ ਅਭਿਮਾਨੀ ਉਪਜੈ ਬਿਨਸਿ ਖਪਾਇਆ ॥ ਉਪਜਹਿ ਬਿਨਸਹਿ ਬੰਧਨ ਬੰਧੇ ॥ ਹਉਮੈ ਮਾਇਆ ਕੇ ਗਲਿ ਫੰਧੇ ॥ ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ ਸੋ ਜਮ ਪੁਰਿ ਬੰਧਿ ਚਲਾਇਆ ॥ ੮ ॥ ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ॥ ਬਿਨੁ ਗੁਰ ਰਾਮ ਨਾਮੁ ਕਿਉ ਧਿਆਈਐ ॥ ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ ॥ ੯ ॥ ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ ॥ ਗੁਰਮਤਿ ਸਾਇਰਿ ਪਾਹਣ ਤਾਰੇ ॥ ਗੁਰਮਤਿ ਲੇਹੁ ਪਰਮ ਪਦੁ ਪਾਈਐ ਨਾਨਕ ਗੁਰਿ ਭਰਮੁ ਚੁਕਾਇਆ ॥ ੧੦ ॥ ਗੁਰਮਤਿ ਲੇਹੁ ਤਰਹੁ ਸਚੁ ਤਾਰੀ ॥ ਆਤਮ ਚੀਨਹੁ ਰਿਦੈ ਮੁਰਾਰੀ ॥ ਜਮ ਕੇ ਫਾਹੇ ਕਾਟਹਿ ਹਰਿ ਜਪਿ ਅਕੁਲ ਨਿਰੰਜਨੁ ਪਾਇਆ ॥ ੧੧ ॥ ਗੁਰਮਤਿ ਪੰਚ ਸਖੇ ਗੁਰ ਭਾਈ ॥ ਗੁਰਮਤਿ ਅਗਨਿ ਨਿਵਾਰਿ ਸਮਾਈ ॥ ਮਨਿ ਮੁਖਿ ਨਾਮੁ ਜਪਹੁ ਜਗਜੀਵਨ ਰਿਦ ਅੰਤਰਿ ਅਲਖੁ ਲਖਾਇਆ ॥ ੧੨ ॥ ਗੁਰਮੁਖਿ ਬੂਝੈ ਸਬਦਿ ਪਤੀਜੈ ॥ ਉਸਤਤਿ ਨਿੰਦਾ ਕਿਸ ਕੀ ਕੀਜੈ ॥ ਚੀਨਹੁ ਆਪੁ ਜਪਹੁ ਜਗਦੀਸਰੁ ਹਰਿ ਜਗੰਨਾਥੁ ਮਨਿ ਭਾਇਆ ॥ ੧੩ ॥ ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥ ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥ ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ ॥ ੧੪ ॥ ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥ ਗੁਰਮਤਿ ਆਖੀ ਦੇਖਹੁ ਊਚਾ ॥ ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥ ੧੫ ॥** [੧੦੪੧]-੩-੨੦

**ਅਰਥ:**--(ਹੇ ਭਾਈ ਸੱਚੇ (ਸਦਾ ਕਾਇਮ ਰਹਿੰਣ ਵਾਲੇ) ਪ੍ਰਭੂ ਦਾ ਨਾਮ ਸਿਮਰੋ, (ਸਿਮਰਨ ਦੀ ਬਰਕਤਿ ਨਾਲ ਉਸ) ਸਦਾ-ਥਿਰ ਪ੍ਰਭੂ ਦੀ ਹਜ਼ੂਰੀ ਵਿਚ ਥਾਂ ਮਿਲਿ ਰਹੇਗੀ, ਜੀਵਨ-ਸਫ਼ਰ ਵਿਚ ਵਿਕਾਰ ਦੇ ਹੱਲੇ ਤੋਂ (-ਜੀਵਤ ਰਹੁ) ਬਚੇ ਰਹੋਗੇ, ਤੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਵੋਗੇ । ਹੇ ਮਨ ! (ਸੰਸਾਰ ਸਮੁੰਦਰ ਤੋਂ ਪਾਰ ਲੰਘਣ ਲਈ) ਗੁਰੂ ਜਹਾਜ਼ ਹੈ, ਗੁਰੂ ਬੇੜੀ ਹੈ, ਗੁਰੂ ਹੀ ਤੁਲਹਾ ਹੈ, (ਗੁਰੂ ਦੀ ਸਿਖਿਆ ਤੇ ਚਲ ਕੇ) ਹਰਿ-ਨਾਮ ਜਪ ਅਤੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾ **। ੧ ।** ਪਰਮਾਤਮਾ ਦਾ ਨਾਮ ਹਉਮੈ ਮਮਤਾ ਤੇ ਲੋਭ ਦਾ ਨਾਸ ਕਰਨ ਵਾਲਾ ਹੈ, (ਨਾਮ ਸਿਮਰਨ ਦੀ ਬਰਕਤਿ ਨਾਲ) ਸਰੀਰ ਦੀਆਂ ਨੌਂ ਗੋਲਕਾਂ (ਨੌਂ ਕਰਮ ਇੰਦ੍ਰਿਆਂ) ਦੇ ਵਿਸ਼ਿਆਂ ਤੋਂ ਖ਼ਲਾਸੀ ਮਿਲੀ ਰਹਿੰਦੀ ਹੈ, ਸੁਰਤਿ ਦਸਵੇਂ ਦੁਆਰ ਵਿਚ ਟਿਕੀ ਰਹਿੰਦੀ ਹੈ (ਭਾਵ, ਦਸਵੇਂ ਦੁਆਰ ' ਸੋਚ ਮੰਡਲ ' ਦੀ ਰਾਹੀਂ ਪਰਮਾਤਮਾ ਨਾਲ ਸੰਬੰਧ ਬਣਿਆਂ ਰਹਿੰਦਾ ਹੈ) । ਜਿਸ ਪਰਮਾਤਮਾ ਨੇ ਆਪਣੇ ਆਪ ਨੂੰ (ਸ੍ਰਿਸ਼ਟੀ ਦੇ ਰੂਪ ਵਿਚ) ਪਰਗਟ ਕੀਤਾ ਹੈ ਜੋ ਪਰੇ ਤੋਂ ਪਰੇ ਹੈ ਤੇ ਬੇਅੰਤ ਹੈ ਉਹ ਉਸ ਦਸਮ ਦੁਆਰ ਵਿਚ ਪ੍ਰਤੱਖ ਹੋ ਜਾਂਦਾ ਹੈ **। ੨ ।** ਗੁਰੂ ਦੀ ਮਤਿ ਗ੍ਰਹਣਿ ਕਰੋ (ਗੁਰੂ ਦੀ ਮਤਿ ਦੀ ਰਾਹੀਂ) ਪਰਮਾਤਮਾ ਵਿਚ ਸੁਰਤਿ ਜੋੜਿਆਂ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ । (ਇਕ-ਰਸ ਵਿਆਪਕ) ਅਖੰਡ ਪ੍ਰਭੂ ਦੀ ਸਿਫ਼ਤਿ ਸਾਲਾਹ ਕੀਤਿਆਂ ਜਮ ਤੋਂ ਡਰਨ ਦੀ ਲੋੜ ਨਹੀਂ ਰਹਿ ਜਾਂਦੀ । (ਹੇ ਪ੍ਰਭੂ ! ਇਹ ਤੇਰੇ ਸਿਮਰਨ ਦਾ ਸਦਕਾ ਹੀ ਹੈ ਕਿ) ਮੈਂ ਜਿਧਰ ਜਿਧਰ ਵੇਖਦਾ ਹਾਂ ਉਧਰ ਉਧਰ ਤੂੰ ਹੀ ਤੂੰ ਦਿੱਸਦਾ ਹੈ । ਮੈਨੂੰ

ਤੇਰੇ ਵਰਗਾ ਕੋਈ ਹੋਰ ਨਹੀਂ ਦਿੱਸਦਾ, ਮੈਂ ਤੇਰੀ ਹੀ ਸਿਫ਼ਤਿ ਸਾਲਾਹ ਕਰਦਾ ਹਾਂ **।੩।** ਪਰਮਾਤਮਾ ਦਾ ਨਾਮ ਸਦਾ ਕਾਇਮ ਰਹਿੰਣ ਵਾਲਾ ਹੈ, ਉਸ ਦਾ ਆਸਰਾ-ਪਰਨਾ ਵੀ ਅਟੱਲ ਹੈ। ਗੁਰੂ ਦਾ ਸ਼ਬਦ (-ਗਿਆਨ) ਵੀ ਸਦਾ ਥਿਰ ਰਹਿਣ ਵਾਲਾ ਵਸੀਲਾ ਹੈ। (ਇਹ ਅਟੱਲ ਸਚਾਈ ਹੈ ਕਿ ਗੁਰੂ ਦੇ (ਸ਼ਬਦ-ਗਿਆਨ ਅਨੁਸਾਰ ਜੀਵਨ ਢਾਲਿ ਲੈਣ ਨਾਲ) ਹੀ ਸੰਸਾਰ ਸਮੁੰਦਰ ਤੋਂ ਪਾਰ ਲੰਘੀਦਾ ਹੈ। ਅਪਾਰ ਪਰਮਾਤਮਾ ਦੀ ਸਿਫ਼ਤਿ ਸਲਾਹ ਕਰਨ ਵਾਲਾ ਉਸ ਦੇ (ਆਤਮਕ) ਦਰਸ਼ਨ ਕਰ ਲੈਂਦਾ ਹੈ। ਅਜੇਹਾ ਮਨੁੱਖ ਗਰਭ-ਜੋਨ ਵਿਚ ਨਹੀਂ ਆਉਂਦਾ **।੪।** ਸਦਾ-ਥਿਰ ਪ੍ਰਭੂ ਦਾ ਨਾਮ ਸਿਮਰਨ ਤੋਂ ਬਿਨਾ (ਕੋਈ ਮਨੁੱਖ ਦੂਜਿਆਂ ਦੀ) ਸੇਵਾ ਤੇ ਸੰਤੋਖ (ਦਾ ਆਤਮਕ ਗੁਣ) ਪ੍ਰਾਪਤ ਨਹੀਂ ਕਰ ਸਕਦਾ। ਗੁਰੂ ਦੀ ਸਰਨ ਤੋਂ ਬਿਨਾ ਵਿਕਾਰਾਂ ਤੋਂ ਖ਼ਲਾਸੀ ਨਹੀਂ ਮਿਲਦੀ, ਮਨੁੱਖ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਹਰੀ ਦਾ ਨਾਮ ਸਭ ਮੰਤ੍ਰਾਂ ਦਾ ਮੂਲ ਹੈ ਅਤੇ ਸਭ ਰਸਾਂ ਦਾ ਸੋਮਾ ਹੈ। (ਏਸੇ ਵਿਚ) ਪ੍ਰਭੂ ਦੇ ਦਰਸ਼ਨ ਹਨ **।੫।** ਇਹ ਸੰਸਾਰ-ਸਮੁੰਦਰ ਬਹੁਤ ਡੂੰਘਾ ਹੈ ਤੇ ( ਵਿਕਾਰਾਂ ਦੇ) ਜ਼ਹਿਰ ਨਾਲ ਭਰਿਆ ਹੋਇਆ ਹੈ। ਸਦਾ-ਥਿਰ ਪ੍ਰਭੂ ਦਾ ਨਾਮ ਸਿਮਰਨ ਤੋਂ ਬਿਨਾ ਇਸ ਵਿਚੋਂ ਪਾਰ ਨਹੀਂ ਲੱਘ ਸਕੀਦਾ। ਜਿਹੜਾ ਮਨੁੱਖ ਗੁਰੂ ਦੀ ਮਤਿ ਲੈਂਦਾ ਹੈ ਉਹ ਵਿਕਾਰਾਂ ਤੋਂ ਨਿਰਲੇਪ ਰਹਿੰਦਾ ਹੈ ਉਹ ਜ਼ਹਰ-ਭਰੇ ਸਮੁੰਦਰ ਤੋਂ ਉਤਾਂਹ ਉਤਾਂਹ ਰਹਿੰਦਾ ਹੈ, ਉਸ ਨੂੰ ਪਰਮਾਤਮਾ (ਦਾ ਟਿਕਾਣਾ) ਲੱਭ ਪੈਂਦਾ ਹੈ ਅਤੇ ਉਚੀ ਆਤਮ ਅਵਸਥਾ ਹੋ ਜਾਣ ਨਾਲ ਉਹ ਵਿਕਾਰਾਂ ਦੇ ਸਹਿਮ ਤੋਂ ਪਰੇ ਹੋ ਜਾਂਦਾ ਹੈ **।੬।** ਜਗਤ ਦੇ (ਪਦਾਰਥਾਂ ਦੇ) ਮੋਹ ਦੀ ਸਿਆਣਪ ਵਿਅਰਥ ਹੀ ਜਾਂਦੀ ਹੈ ਕਿਉਂਕਿ (ਜਗਤ ਦੀ ਮਾਇਆ ਦਾ ਸਾਥ ਮੁੱਕਦਿਆਂ) ਰਤਾ ਚਿਰ ਨਹੀਂ ਲੱਗਦਾ ਤੇ ਮਨੁੱਖ ਇਸ ਮੋਹ ਦੇ ਕਾਰਨ ਜਨਮ ਮਰਨ ਵਿਚ ਪੈ ਜਾਂਦਾ ਹੈ। ਮਾਇਆ ਦਾ ਮਾਣ ਕਰਨ ਵਾਲੇ ਬੰਦੇ ਪਰਮਾਤਮਾ ਦਾ ਨਾਮ ਭੁਲਾ ਕੇ (ਇਥੋਂ ਖ਼ਾਲੀ ਹੱਥ) ਤੁਰ ਪੈਂਦੇ ਹਨ (ਜੋ ਵੀ ਪ੍ਰਭੂ ਦਾ ਨਾਮ ਸਿਮਰਦਾ ਹੈ ਉਹ) ਜੰਮਦਾ ਹੈ ਮਰਦਾ ਹੈ ਤੇ ਖ਼ੁਆਰ ਹੁੰਦਾ ਹੈ **।੭।** ਜਿੰਨ੍ਹਾਂ ਬੰਦਿਆਂ ਦੇ ਗਲ ਵਿਚ ਹਉਮੈ ਮਾਇਆ ਦੇ ਮੋਹ ਦੇ ਕਾਰਨ ਫਾਹੇ ਪਏ ਰਹਿੰਦੇ ਹਨ, ਉਹ ਇਨ੍ਹਾਂ ਬੰਧਨਾ ਵਿਚ ਬੱਝੇ ਹੋਏ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ। ਜਿਸ ਮਨੁੱਖ ਨੂੰ ਸਤਿਗੁਰੂ ਦੀ ਮਤਿ ਦੀ ਰਾਹੀਂ ਪਰਮਾਤਮਾ ਦਾ ਨਾਮ ਪ੍ਰਾਪਤ ਨਹੀਂ ਹੋਇਆ, ਉਹ ਮੋਹ ਦੇ ਬੰਧਨਾਂ ਵਿਚ ਬੱਝਾ ਆਤਮਕ ਮੌਤ ਸਹੇੜ ਲੈਂਦਾ ਹੈ **।੮।** ਗੁਰੂ ਦੀ ਸਿਖਿਆ ਤੇ ਤੁਰਨ ਤੋਂ ਬਿਨਾਂ ਮਾਇਆ ਦੇ ਬੰਧਨਾਂ ਤੋਂ ਖ਼ਲਾਸੀ ਨਹੀਂ ਮਿਲ ਸਕਦੀ। (ਹੇ ਭਾਈ) ਗੁਰੂ ਦੀ ਮਤਿ ਤੇ ਤੁਰ ਕੇ (ਨਾਮ ਸਿਮਰੋ, ਇਸ ਤਰ੍ਹਾਂ) ਨਾ ਤਰੇ ਜਾਣ ਵਾਲੇ ਸੰਸਾਰ-ਸਮੁੰਦਰ ਤੋਂ ਪਾਰ ਹੋ ਜਾਵੋਗੇ। ਜਿਹੜੇ ਬੰਦੇ ( ਨਾਮ ਸਿਮਰ ਕੇ) ਵਿਕਾਰਾਂ ਵਿਚੋਂ ਬਚ ਨਿਕਲੇ ਉਨ੍ਹਾਂ ਨੂੰ ਆਤਮਕ ਆਨੰਦ ਪ੍ਰਾਪਤ ਹੋ ਗਿਆ **।੯।** ਗੁਰੂ ਦੀ ਮਤਿ ਤੇ ਤੁਰ ਕੇ ਨਾਮ ਸਿਮਿਰਿਆਂ ਬੜੀ ਉੱਚੀ ਆਤਮਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ (ਬੜਾ ਆਤਮਕ ਬਲ ਪ੍ਰਾਪਤ ਹੋ ਜਾਂਦਾ ਹੈ) ਇਸੇ ਗੁਰਮਤਿ ਦੀ ਬਰਕਤਿ ਨਾਲ (ਅਜੇਹੀ ਸ਼ਕਤੀ ਪ੍ਰਾਪਤਿ ਹੋ ਜਾਂਦੀ ਜਿਹੜੀ ਸ਼ਕਤੀ ਦਾ ਵਰਣਨ) ਕ੍ਰਿਸ਼ਨ ਦੇ ਗੋਰਵਰਧਨ ਪਰਬਤ ਚੁੱਕ ਲੈਣ ਵਾਲੀ, ਅਤੇ ਸਮੁੰਦਰ ਵਿਚ ਰਾਮ (ਜੀ) ਦੇ ਪੱਥਰਾਂ ਦੇ ਤਰ ਜਾਣ ਵਾਲੀ (ਪਰਚਾਰੀ ਹੋਈ ਹੈ)। (ਨੋਟ:--ਇਹ ਸਮਝਣਾ ਸਰਾ-ਸਰ ਭੁੱਲ ਹੈ ਅਥਵਾ ਬਿੱਪ੍ਰ-ਵਾਦ ਹੈ, ਕਿ ਇਸ ਤੁਕ ਵਿਚ, ਚੀਚੀ ਤੇ ਗੁਵਧਰਨ ਪਰਬਤ ਚੁੱਕ ਲੈਣ ਵਾਲੀ ਕਥਿਤ ਕ੍ਰਿਸ਼ਨ-ਲੀਲ੍ਹਾ ਦੀ ਅਤੇ ਸੀਤਾ ਜੀ ਦੀ ਬੰਦ-ਖ਼ਲਾਸੀ ਕਰਾਉਣ ਲਈ ਸ੍ਰੀ ਰਾਮ ਜੀ ਵਲੋਂ ਸਮੁੰਦਰ ਤੇ ਪੱਥਰਾਂ ਦਾ ਪੁਲ ਬੰਨਣ ਵਾਲੀ ਮਿਥਿਹਾਸਕ ਕਹਾਣੀ ਦੀ, ਸਤਿਗੁਰਾਂ ਨੇ ਪੁਸ਼ਟੀ ਕੀਤੀ ਹੈ। ਗੱਲ ਕੇਵਲ ਗੁਰਮਤਿ ਅਨੁਸਾਰ ਜੀਵਨ ਬਣਾ ਲੈਣ ਦੀ ਚੱਲ ਰਹੀ ਹੈ। ਗੁਰਮਤਿ ਦੀ ਮਹਿਮਾਂ ਦਰਸਾਉਂਣ ਲਈ ਇਹ ਸਭ ਕੁਝ, ਪਰਥਾਏ ਸਾਖੀ ਦਾ ਉਚਾਰਨ ਮਾਤ੍ਰ ਹੀ ਹੈ)। (ਅੰਤਲੀ ਸਤਰ ਵਿਚ ਸਤਿਗੁਰੂ ਨਾਨਕ ਜੀ ਫ਼ੁਰਮਾਨ ਕਰਦੇ ਹਨ ਕਿ ਜੋ ਵੀ ਮਨੁੱਖ ਗੁਰੂ ਦੀ ਸਰਨ ਵਿਚ ਆਇਆ) ਗੁਰੂ ਨੇ ਉਸ ਦੀ ਭਟਕਣਾ ਮੁਕਾ ਦਿੱਤੀ (ਸ਼ਬਦ ਵਿਚ ਗੁਰ ਅਤੇ ਗੁਰਮਤਿ ਦੀ ਮਹਿਮਾ ਹੈ, ਪੁਰਾਣਕ ਕਹਾਣੀਆਂ ਨਾਲ ਗੁਰਮਤਿ ਦਾ ਦੂਰ ਦਾ ਵਾਸਤਾ ਵੀ ਨਹੀਂ ਹੈ) **।੧੦।** (ਹੇ ਭਾਈ !) ਗੁਰੂ ਦੀ ਮਤਿ ਗ੍ਰਹਣ ਕਰੋ ਤੇ ਸਦਾ-ਥਿਰ ਪ੍ਰਭੂ ਦਾ ਨਾਮ ਸਿਮਰੋ, ਆਪਣੇ ਆਤਮਕ ਜੀਵਨ ਨੂੰ ਗਹੁ ਨਾਲ ਵੇਖੋ ਤੇ ਪਰਮਾਤਮਾ ਨੂੰ ਆਪਣੇ ਹਿਰਦੇ ਵਿਚ ਵਸਾਓ, ਅਜੇਹਾ ਕਰਨ ਨਾਲ ਆਤਮਕ ਮੌਤ ਦਾ ਭੈ ਦੂਰ ਹੋ ਜਾਂਦਾ ਹੈ ਅਤੇ ਨਿਰੰਜਨ ਦਾ ਮਿਲਾਪ ਹੋ ਜਾਂਦਾ ਹੈ **।੧੧।** ਗੁਰੂ ਦੀ ਮਤਿ ਤੇ ਤੁਰਿਆਂ ਸਤ ਸੰਤੋਖ ਆਦਿਕ ਪੰਜੇ ਆਤਮਕ ਸਾਥੀ ਬਣ ਜਾਂਦੇ ਹਨ ਗੁਰੂ-ਭਾਈ ਬਣ ਜਾਂਦੇ ਹਨ। ਗੁਰੂ ਦੀ ਮਤਿ ਤ੍ਰਿਸ਼ਨਾ ਦੀ ਅੱਗ ਨੂੰ ਦੂਰ ਕਰ ਕੇ ਪ੍ਰਭੂ ਦੇ ਨਾਮ ਵਿਚ ਜੋੜ ਦਿੰਦੀ ਹੈ। ਪਰਮਾਤਮਾ ਦੇ ਸਿਮਰਨ ਨਾਲ ਅਦ੍ਰਿਸ਼ਟ ਪ੍ਰਭੂ ਦੇ ਦਰਸ਼ਨ ਹੋ ਜਾਂਦੇ ਹਨ **।੧੨।** ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ (ਇਹ ਜੀਵਨ-ਜੁਗਤਿ) ਸਮਝ ਲੈਂਦਾ ਹੈ ਉਹ ਗੁਰੂ ਦੇ ਸ਼ਬਦ ਵਿਚ ਜੁੜ ਕੇ ਆਤਮਕ ਸ਼ਾਂਤੀ ਹਾਸਲ ਕਰ ਲੈਂਦਾ ਹੈ। ਇਹ ਫਿਰ ਨਾ ਕਿਸੇ ਦੀ ਖ਼ੁਸ਼ਾਮਦ ਕਰਦਾ ਹੈ ਨਾ ਕਿਸੇ ਦੀ ਨਿੰਦਿਆ ਹੀ ਕਰਦਾ ਹੈ। (ਹੇ ਭਾਈ !) ਆਪਣੇ ਆਤਮਕ ਜੀਵਨ ਦੀ ਪੜਤਾਲ ਕਰੋ, ਤੇ ਜਗਤ ਦਾ ਨਾਥ ਹਰੀ ਆਪਣੇ ਮਨ ਵਿਚ ਪਿਆਰਾ ਲੱਗਣ ਲੱਗ ਪੈਂਦਾ ਹੈ।੧੩।

ਜਿਹੜਾ ਪਰਮਾਤਮਾ ਸਾਰੀ ਸ੍ਰਿਸ਼ਟੀ ਵਿਚ ਵੱਸਦਾ ਹੈ ਉਸ ਨੂੰ ਆਪਣੇ ਸਰੀਰ ਵਿਚ ਵੱਸਦਾ ਪਛਾਣੋ। ਗੁਰੂ ਦੀ ਸਰਨ ਪੈ ਕੇ ਇਹ ਭੇਤ ਸਮਝੋ, ਗੁਰੂ ਦੇ ਸ਼ਬਦ ਵਿਚ ਜੁੜ ਕੇ ਇਸ ਅਸਲੀਅਤ ਨੂੰ ਪਛਾਣੋ। ਦੁਨੀਆਂ ਦੇ ਸਾਰੇ ਪਦਾਰਥਾਂ ਨੂੰ ਮਾਣ ਸਕਣ ਵਾਲਾ ਪਰਮਾਤਮਾ ਹਰੇਕ ਸਰੀਰ ਵਿਚ ਵਿਆਪਕ ਹੋ ਕੇ ਸਾਰੇ ਭੋਗ ਭੋਗ ਰਿਹਾ ਹੈ, ਫਿਰ ਵੀ ਸਾਰੀ ਸ੍ਰਿਸ਼ਟੀ ਤੋਂ ਨਿਰਲੇਪ ਰਹਿੰਦਾ ਹੈ **।੧੪।** (ਹੇ ਭਾਈ !) ਗੁਰੂ ਦੀ ਮਤਿ ਦੀ ਰਾਹੀਂ ਪਰਮਾਤਮਾ ਦੀ ਸਿਫ਼ਤਿ ਸਲਾਹ ਕਰੋ ਜੋ ਜੀਵਨ ਨੂੰ ਪਵਿਤ੍ਰ ਬਣਾ ਦਿੰਦੀ ਹੈ। ਗੁਰੂ ਦੀ ਸਿਖਿਆ ਤੇ ਤੁਰ ਕੇ ਉਸ ਸਭ ਤੋਂ ਉੱਚੇ ਪਰਮਾਤਮਾ ਨੂੰ (ਅੰਦਰ ਬਾਹਰ ਹਰ ਥਾਂ) ਵੇਖੋ। ਜਿਹੜਾ ਮਨੁੱਖ ਆਪਣੇ ਕੰਨਾ ਨਾਲ ਪਰਮਾਤਮਾ ਦਾ ਨਾਮ ਸੁਣਦਾ ਹੈ ਪ੍ਰਭੂ ਦੀ ਸਿਫ਼ਤ ਸਾਲਾਹ ਸੁਣਦਾ ਹੈ ਉਹ ਪਰਮਾਤਮਾ ਦੇ ਪ੍ਰੇਮ-ਰੰਗ ਵਿਚ ਰੰਗਿਆ ਜਾਂਦਾ ਹੈ।੧੫।

੬੨- **ਹਰਿ ਹਰਿ ਹਰਿ ਹਰਿ ਹਰਿ ਸਰੁ ਸੇਵਹਿ ਤਿਨ ਦਰਗਹ ਮਾਨੁ ਦਿਵਾਵੈਗੋ ॥**
**ਗੁਰਮਤਿ ਗੁਰਮਤਿ ਗੁਰਮਤਿ ਧਿਆਵਹਿ ਹਰਿ ਗਲਿ ਮਿਲਿ ਮੇਲਿ ਮਿਲਾਵੈਗੋ ॥ ੫ ॥**[੧੩੧੧]-੬-ਛਕਾ ੧

**ਅਰਥ:**--ਜਿਹੜੇ ਮਨੁੱਖ ਸਦਾ ਹੀ ਸਾਧ ਸੰਗਤਿ (-ਹਰਿ ਸਰੁ=ਹਰੀ ਨਾਮ ਦਾ ਸਰੋਵਰ, ਉਹ ਸਰੋਵਰ ਜਿਸ ਵਿਚ ਹਰੀ ਨਾਮ-ਜਲ ਦਾ ਪਰਵਾਹ ਚਲ ਰਿਹਾ ਹੋਵੇ-ਉਸ ਸੰਗਤਿ) ਦਾ ਆਸਰਾ ਲਈ ਰੱਖਦੇ ਹਨ, ਪਰਮਾਤਮਾ ਉਨ੍ਹਾਂ ਨੂੰ ਆਪਣੀ ਹਜ਼ੂਰੀ ਵਿਚ ਇੱਜ਼ਤ ਦਿਵਾਉਂਦਾ ਹੈ। ਜਿਹੜੇ ਮਨੁੱਖ ਸਦਾ ਹੀ ਗੁਰੂ ਦੀ ਸਿਖਿਆ ਉਤੇ ਤੁਰ ਕੇ ਪਰਮਾਤਮਾ ਦਾ ਨਾਮ ਸਿਮਰਦੇ ਹਨ, ਪਰਮਾਤਮਾ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਕੇ ਇੱਕ-ਮਿੱਕ ਕਰ ਲੈਂਦਾ ਹੈ।੫।

ਕੇਵਲ ਗੁਰੂ ਦੀ ਸਿਖਿਆ ਅਨੁਸਾਰ ਜੀਵਨ-ਜੁਗਤ ਢਾਲ ਲੈਣ ਨਾਲ ਹੀ ਪ੍ਰਭੂ ਦੀ ਪਛਾਣ ਆਉਂਦੀ ਹੈ, ਅਤੇ ਵਿਕਾਰਾਂ ਤੋਂ ਖਲਾਸੀ ਮਿਲਦੀ ਹੈ। ਏਹੀ ਕਾਰਨ ਹੈ ਕਿ ਗੁਰੂ-ਬਾਣੀ ਨੇ ਕਈ ਢੰਗਾਂ ਨਾਲ ਸਾਨੂੰ ਬਾਰ ਬਾਰ ਤਾਕੀਦ ਕੀਤੀ ਹੈ ਕਿ, ਗੁਰੂ ਦੀ ਮਤਿ ਅਨੁਸਾਰ ਚਲ ਕੇ ਪ੍ਰਭੂ ਨਾਮ ਦੀ ਯਾਦ ਨੂੰ ਹਿਰਦੇ ਵਿਚ ਵਸਾਈਏ ਅਤੇ ਅਸੀਂ ਆਪਣਾ ਜੀਵਨ ਸਫ਼ਲਾ ਕਰ ਲਈਏ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਸਤਿਗੁਰਾਂ ਦੀ ਪੂਰੀ ਸਿਖਿਆ ਦੀ ਗੱਲ ਹੋ ਰਹੀ ਹੈ। ਸਤਿਗੁਰਾਂ ਦੀ ਸਿਖਿਆ ਕਿਸੇ ਇੱਕ ਤੁਕ ਜਾਂ ਇੱਕ ਸ਼ਬਦ ਤੇ ਹੀ ਖ਼ਤਮ ਨਹੀਂ ਹੋ ਜਾਂਦੀ। ਗੁਰੂ ਗ੍ਰੰਥ ਸਾਹਿਬ ਜੀ ਦਾ ਸਮੁੱਚਾ ਸਰੂਪ, ਸਤਿਗੁਰਾਂ ਦੀ ਸੰਪੂਰਨ ਸਿਖਿਆ ਅਥਵਾ ਗੁਰਮਤਿ ਹੈ। ਇਸ ਪੁਸਤਕ ਦੇ ਲਿਖਣ ਦਾ ਪਰਮੁੱਖ ਮੰਤਵ ਗੁਰਬਾਣੀ ਦੇ ਹਰ ਪੱਖ ਨੂੰ ਗੁਰੂ ਸ਼ਬਦਾਂ ਦੀ ਵਿਚਾਰ ਦੁਆਰਾ ਉਜਾਗਰ ਕਰਨ ਦੇ ਨਾਲ ਨਾਲ ਖ਼ਾਲਸਾ ਜੀ ਨੂੰ ਬਿੱਪ੍ਰਨ ਕੀ ਰੀਤ ਤੋ ਸੁਚੇਤ ਕਰਨਾ ਹੈ। ਕਈ ਵਿਸ਼ੇ ਲਿਖੇ ਜਾ ਚੁੱਕੇ ਹਨ ਅਤੇ ਸਤਿਗੁਰਾਂ ਨੇ ਕਈ ਗੁਰਮਤਿ ਵਿਸ਼ੇ ਹੋਰ ਲਿਖਵਾਉਂਣੇ ਹਨ। ਸਾਰਾ ਲੇਖ ਸੰਗ੍ਰਹ ਸਤਿਗੁਰਾਂ ਦੀ ਸਿਖਿਆ ਨੂੰ ਹੀ ਸਪੱਸ਼ਟ ਕਰਨ ਦਾ ਯਤਨ ਹੈ। ਸੋ ਸਤਿਗੁਰਾਂ ਦੀ ਸਿਖਿਆ ਕੇਵਲ ਕਿਸੇ ਬਾਣੀ ਦਾ ਜਾਪ, ਜਾਂ ਕਿਸੇ ਸ਼ਬਦ ਦਾ ਜਾਪ ਕਰਨ ਦੀ ਦੀਖਿਆ ਮਾੱਤ੍ਰ ਤੇ ਹੀ ਖ਼ਤਮ ਨਹੀਂ ਹੋ ਜਾਂਦੀ। ਗੁਰਮਤਿ ਇੱਕ ਵਿਸ਼ਾਲ ਸਾਗਰ ਹੈ, ਜਿਸ ਦੀ ਪ੍ਰਾਪਤੀ ਲਈ ਮਨੁੱਖ ਆਖ਼ਰੀ ਸੁਆਸਾਂ ਤੱਕ ਵਿਦਿਆਰਥੀ (-ਸਿੱਖ) ਰਹਿਣਾ ਲੋੜੀਏ। ਪ੍ਰਭੂ ਨਾਮ-ਦੀ ਯਾਦ ਇੱਕ ਨਿਮਖ ਲਈ ਨਾ ਵਿਸਾਰਨੀ, ਗੁਰਮਤਿ ਗ੍ਰਿਹਣ ਕਰਨ ਦਾ ਧੁਰਾ ਹੈ। ਅੰਦਰ ਲੱਗੇ ਪ੍ਰਭੂ ਦਰਬਾਰ ਦਾ ਨਿਰਮਲ ਭੈ, ਮਨੁੱਖ ਨੂੰ ਵਿਕਾਰਾਂ ਦੇ ਹੱਲਿਆਂ ਤੋ ਬਚਾਉਂਦਾ ਹੈ। **ਮਨੁੱਖ ਨੂੰ ਮਨੁੱਖਤਾ ਦੇ ਸਰਬ-ਉੱਚ ਗੁਣਾ ਦਾ ਧਾਰਨੀ ਬਣਾਉਣਾ, ਗੁਰਮਤਿ ਦਾ ਨਿਸ਼ਾਨਾ ਹੈ**। ਪਰ ਜੇ--ਮਨੁੱਖ ਗੁਰਮਤਿ ਦਾ ਧਾਰਨੀ ਬਣਨਾ ਛੱਡ ਕੇ ਮਨਮੁਖਤਾ-ਰੋਗ ਸਹੇੜ ਬੈਠੇ ਤਾਂ--

੬੩- **ਗੁਰਮਤਿ ਛੋਡਹਿ ਉਝੜਿ ਜਾਈ ॥ ਮਨਮੁਖਿ ਰਾਮੁ ਨ ਜਪੈ ਅਵਾਈ ॥**
**ਪਚਿ ਪਚਿ ਬੂਡਹਿ ਕੂੜੁ ਕਮਾਵਹਿ ਕੂੜਿ ਕਾਲੁ ਬੈਰਾਈ ਹੇ ॥ ੧੫ ॥**[੧੦੨੪]-੫

੧੧

## ਗੁਰਮਤਿ ਖੋਜਹਿ

੬੪- **ਘਰਿ ਮਹਿ ਵਸਤੁ ਅਗਮ ਅਪਾਰਾ ॥ ਗੁਰਮਤਿ ਖੋਜਹਿ ਸਬਦਿ ਬੀਚਾਰਾ ॥**
**ਨਾਮੁ ਨਵ ਨਿਧਿ ਪਾਈ ਘਰ ਹੀ ਮਾਹਿ ॥ ਸਦਾ ਰੰਗਿ ਰਾਤੇ ਸਚਿ ਸਮਾਹਿ ॥ ੩ ॥**[੧੧੭੫]-੧੧

**ਅਰਥ:**--ਅਪਹੁੰਚ ਅਤੇ ਬੇਅੰਤ ਪਰਮਾਤਮਾ ਦਾ ਨਾਮ ਪਦਾਰਥ (ਮਨੁੱਖ ਦੇ) ਹਿਰਦੇ ਵਿਚ ਹੀ ਵੱਸਦਾ ਹੈ । ਗੁਰੂ ਦੀ ਮਤਿ ਉਤੇ ਤੁਰ ਕੇ ਗੁਰੂ ਦੇ ਸ਼ਬਦ(-ਗਿਆਨ) ਦੇ ਰਾਹੀਂ (ਪਰਮਾਤਮਾ ਦੇ ਗੁਣਾਂ ਦੀ) ਵਿਚਾਰ ਕਰਕੇ (ਜਿਹੜੇ ਮਨੁੱਖ ਪ੍ਰਭੂ ਦੇ ਨਾਮ-ਪਦਾਰਥ ਜੀ) ਖੋਜ-ਭਾਲ ਕਰਦੇ ਹਨ, ਉਨ੍ਹਾਂ ਨੇ (ਧਰਤੀ ਦੇ) ਨੌ ਖ਼ਜ਼ਾਨਿਆਂ ਦੇ ਤੁੱਲ ਹਰਿ-ਨਾਮ ਨੂੰ ਆਪਣੇ ਹਿਰਦੇ ਵਿਚ ਹੀ ਲੱਭ ਲਿਆ । ਉਹ ਮਨੁੱਖ ਸਦਾ ਪ੍ਰੇਮ-ਰੰਗ ਵਿਚ ਰੰਗੇ ਰਹਿੰਦੇ ਹਨ, ਸਦਾ-ਥਿਰ ਹਰਿ-ਨਾਮ ਵਿਚ ਲੀਨ ਰਹਿੰਦੇ ਹਨ । ੩ ।

੬੫- **ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥**
**ਗੁਰਮਤਿ ਖੋਜ ਪਰੈ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥ ੨ ॥** [੧੧੭੮]-੧-੩

**ਅਰਥ:**--(ਮਨੁੱਖ ਦੇ ਇਸ ਸਰੀਰ-) ਨਗਰ ਵਿਚ (ਕਾਮਾਦਿਕ) ਪੰਜ ਚੋਰ ਮਿਲ ਕੇ ਸੰਨ੍ਹ ਲਾਈ ਰੱਖਦੇ ਹਨ, ਅਤੇ (ਮਨੁੱਖ ਦੇ ਅੰਦਰੋਂ) ਪਰਮਾਤਮਾ ਦਾ ਨਾਮ-ਧਨ ਚੁਰਾ ਲੈਂਦੇ ਹਨ । ਜਦੋਂ ਕੋਈ ਮਨੁੱਖ ਗੁਰੂ ਦੀ ਮਤਿ ਲੈ ਕੇ ਇਨ੍ਹਾਂ ਦਾ ਖੁਰਾ ਨਿਸ਼ਾਨ ਲੱਭਦਾ ਹੈ ਤਦੋਂ (ਇਹ ਚੋਰ) ਫੜੇ ਜਾਂਦੇ ਹਨ, ਅਤੇ ਉਸ ਮਨੁੱਖ ਦਾ ਨਾਮ-ਧਨ ਨਾਮ-ਸਰਮਾਇਆ ਸਾਰੇ ਦਾ ਸਾਰਾਂ ਬਚ ਜਾਂਦਾ ਹੈ । ੨ ।

ਗੁਰਮਤਿ ਦਾ ਭਾਵ ਸਪੱਸ਼ਟ ਹੋ ਰਿਹਾ ਹੈ ਕਿ ਮਨੁੱਖ ਵਿਕਾਰਾਂ ਤੋਂ ਰਹਿਤ ਆਚਰਨ ਵਾਲਾ ਹੋਣਾ ਚਾਹੀਦਾ ਹੈ ।

੬੬- **ਰਾਮ ਨਾਮੁ ਗੁਰਬਚਨੀ ਬੋਲਹੁ ॥ ਸੰਤ ਸਭਾ ਮਹਿ ਇਹੁ ਰਸੁ ਟੋਲਹੁ ॥**
**ਗੁਰਮਤਿ ਖੋਜਿ** ਲਹਹੁ ਘਰੁ ਅਪਨਾ ਬਹੁੜਿ ਨ ਗਰਭ ਮਝਾਰਾ ਹੇ ॥ ੪ ॥[੧੦੩੦]-੪-੧੦

੧੨

## ਗੁਰਮਤਿ ਮਨੁ ਪਰਗਾਸੁ--ਗੁਰਮਤੀ ਘਟਿ ਚਾਨਣਾ ॥

੬੭- ਨਾਨਕ ਆਪੇ ਆਪਿ ਆਪਿ ਖੁਆਈਐ ॥ **ਗੁਰਮਤਿ ਮਨਿ ਪਰਗਾਸੁ** ਸਚਾ ਪਾਈਐ ॥ ੪ ॥ [੩੬੯]-੧੩-੬੫

**ਅਰਥ:**--ਗੁਰਦੇਵ ਜੀ ਦਾ ਫ਼ੁਰਮਾਨ--ਮਨਮੁੱਖ ਮਨੁੱਖ ਸਦਾ ਆਪ ਹੀ (ਆਪਣੀ ਹੀ ਮਨਮੁਖਤਾ ਦੇ ਕਾਰਨ) ਪਰਮਾਤਮਾ ਤੋਂ ਵਿਛੜਿਆ ਰਹਿੰਦਾ ਹੈ । ਗੁਰੂ ਦੀ ਮਤਿ ਤੇ ਤੁਰਿਆਂ ਮਨ ਵਿਚ ਚਾਨਣ ਹੋ ਜਾਂਦਾ ਹੈ, ਤੇ ਸਦਾ ਥਿਰ ਰਹਿਣ ਵਾਲਾ ਪਰਮਾਤਮਾ ਮਿਲ ਪੈਂਦਾ ਹੈ । ੪ ।

੬੮- ਹਉ ਵਾਰੀ ਜੀਉ ਵਾਰੀ ਸਤਿਗੁਰ ਕੈ ਬਲਿਹਾਰਣਿਆ ॥
**ਗੁਰਮਤੀ ਪਰਗਾਸੁ ਹੋਆ** ਜੀ ਅਨਦਿਨੁ ਹਰਿ ਗੁਣ ਗਾਵਣਿਆ ॥ ੧ ॥ ਰਹਾਉ ॥ [੧੧੦]-੧-੨

੬੯- ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ॥ **ਗੁਰਮਤੀ ਪਰਗਾਸੁ ਹੋਇ**
ਸਚਿ ਰਹੈ ਲਿਵ ਲਾਇ ॥ ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥ ੬ ॥[੫੫]-੪

੭੦- ਮੇਰੇ ਗੋਬਿਦ ਅਪੁਨੇ ਜਨ ਕਉ ਦੇਹਿ ਵਡਿਆਈ ॥ **ਗੁਰਮਤਿ ਰਾਮ ਨਾਮੁ ਪਰਗਾਸਹੁ** ਸਦਾ ਰਹਹੁ
ਸਰਣਾਈ ॥ ਰਹਾਉ ॥ ਇਹੁ ਸੰਸਾਰੁ ਸਭੁ ਆਵਣ ਜਾਣਾ ਮਨ ਮੂਰਖ ਚੇਤਿ ਅਜਾਣਾ ॥ ਹਰਿ ਜੀਉ
ਕ੍ਰਿਪਾ ਕਰਹੁ ਗੁਰੁ ਮੇਲਹੁ ਤਾ ਹਰਿ ਨਾਮਿ ਸਮਾਣਾ ॥ ੨ ॥ ਜਿਸ ਕੀ ਵਥੁ ਸੋਈ ਪ੍ਰਭੁ ਜਾਣੈ ਜਿਸ ਨੋ
ਦੇਇ ਸੁ ਪਾਏ ॥ ਵਸਤੁ ਅਨੂਪ ਅਤਿ ਅਗਮ ਅਗੋਚਰ ਗੁਰੁ ਪੂਰਾ ਅਲਖੁ ਲਖਾਏ ॥ ੩ ॥[੬੦੭]--੯

੭੧- ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ॥ ਬਹੁ ਜੋਨੀ ਭਉਦਾ ਫਿਰੈ
ਜਿਉ ਸੁੰਞੈ ਘਰਿ ਕਾਉਂ ॥ **ਗੁਰਮਤੀ ਘਟਿ ਚਾਨਣਾ** ਸਬਦਿ ਮਿਲੈ ਹਰਿ ਨਾਉ ॥ ੨ ॥ [੩੦]-੧੦-੪੩

੭੨- ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥ **ਗੁਰਮਤੀ ਘਟਿ ਚਾਨਣਾ** ਹਰਿ ਨਾਮੁ ਪਾਵੈ ਸੋਇ ॥ ੩ ॥ [੪੯੨]-੭-੯

੭੩- ਰਾਤਿ ਦਿਨਸੁ ਉਪਾਇਅਨੁ ਸੰਸਾਰ ਕੀ ਵਰਤਣਿ ॥ **ਗੁਰਮਤੀ ਘਟਿ ਚਾਨਣਾ** ਆਨੇਰੁ
ਬਿਨਾਸਣਿ ॥ ਹੁਕਮੇ ਹੀ ਸਭ ਸਾਜੀਅਨੁ ਰਵਿਆ ਸਭ ਵਣਿ ਤ੍ਰਿਣਿ ॥ ਸਭੁ ਕਿਛੁ ਆਪੇ
ਆਪਿ ਹੈ ਗੁਰਮੁਖਿ ਸਦਾ ਹਰਿ ਭਣਿ ॥ ਸਬਦੇ ਹੀ ਸੋਝੀ ਪਈ ਸਚੈ ਆਪਿ ਬੁਝਾਈ ॥ ੫ ॥[੯੪੯]-ਵਾਰ

੭੪- ਸਾ ਧਨ ਬਾਲੀ ਧੁਰਿ ਮੇਲੀ ਮੇਰੈ ਪ੍ਰਭਿ ਆਪਿ ਮਿਲਾਈ ਰਾਮ ॥ **ਗੁਰਮਤੀ ਘਟਿ ਚਾਨਣੁ** ਹੋਆ ਪ੍ਰਭੁ ਰਵਿ
ਰਹਿਆ ਸਭ ਥਾਈ ਰਾਮ ॥ ਪ੍ਰਭੁ ਰਵਿ ਰਹਿਆ ਸਭ ਥਾਈ ਮੰਨਿ ਵਸਾਈ ਪੂਰਬਿ ਲਿਖਿਆ ਪਾਇਆ ॥
ਸੇਜ ਸੁਖਾਲੀ ਮੇਰੇ ਪ੍ਰਭ ਭਾਣੀ ਸਚੁ ਸੀਗਾਰੁ ਬਣਾਇਆ ॥ ਕਾਮਣਿ ਨਿਰਮਲ ਹਉਮੈ ਮਲੁ ਖੋਈ **ਗੁਰਮਤਿ
ਸਚਿ ਸਮਾਈ** ॥ ਨਾਨਕ ਆਪਿ ਮਿਲਾਈ ਕਰਤੈ ਨਾਮੁ ਨਵੈ ਨਿਧਿ ਪਾਈ ॥ ੪ ॥[੭੭੦]-੩-੪

੭੫- ਸਭਿ ਮਹਿ ਵਸੈ ਪ੍ਰਭੁ ਏਕੋ ਸੋਇ ॥ **ਗੁਰਮਤੀ ਘਟਿ** ਪਰਗਟੁ ਹੋਇ ॥
ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ ॥ ਨਾਨਕ ਨਾਮੁ ਮਿਲੈ ਮਨੁ ਮਾਨਿਆ ॥ ੪ ॥[੬੬੪]-੧

੧੩

## ਗੁਰਮਤੀ ਹਰਿ ਰਸੁ ਚਾਖਿਆ

੭੬- **ਹਰਿ ਜੀਉ ਸਚਾ ਸਚੁ ਹੈ ਸਚੀ ਗੁਰਬਾਣੀ ॥ ਸਤਿਗੁਰ ਤੇ ਸਚੁ ਪਛਾਣੀਐ ਸਚਿ ਸਹਜਿ ਸਮਾਣੀ ॥ ਅਨਦਿਨੁ ਜਾਗਹਿ ਨਾ ਸਵਹਿ ਜਾਗਤ ਰੈਣਿ ਵਿਹਾਣੀ ॥ ਗੁਰਮਤੀ ਹਰਿ ਰਸੁ ਚਾਖਿਆ ਸੇ ਪੁੰਨ ਪਰਾਣੀ ॥ ਬਿਨੁ ਗੁਰ ਕਿਨੈ ਨ ਪਾਇਓ ਪਚਿ ਮੁਏ ਅਜਾਣੀ ॥ ੧੭ ॥**[੫੧੫]-ਵਾਰ

੭੭- **ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿ ਸੰਤਹੁ ਚਾਖਿ ਦਿਖਹੁ ॥ ਗੁਰਮਤਿ ਹਰਿ ਰਸੁ ਮੀਠਾ ਲਾਗਾ ਤਿਨ ਬਿਸਰੇ ਸਭਿ ਬਿਖ ਰਸਹੁ ॥ ੩ ॥**[੮੦੦]-੪

੭੮- **...ਗੁਰਮਤਿ ਹਰਿ ਰਸੁ ਹਰਿ ਫਲੁ ਪਾਇਆ ਹਰਿ ਹਰਿ ਨਾਮੁ ਉਰ ਧਾਰਿ ਜੀਉ ॥ ਜਿਨ੍ ਇਕ ਮਨਿ ਧਿਆਇਆ ਤਿਨ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥ ੨ ॥**[੪੩੮]-੧-੪

੭੯- **ਮੇਰੇ ਮਨ ਭਜੁ ਰਾਮ ਨਾਮੈ ਰਾਮਾ ॥ ਗੁਰਮਤਿ ਹਰਿ ਰਸੁ ਪਾਈਐ ਹੋਰਿ ਤਿਆਗਹੁ ਨਿਹਫਲ ਕਾਮਾ ॥ ੧ ॥ ਰਹਾਉ ॥**[੭੯੯]-੨

੮੦- **ਗੁਰਮਤਿ ਨਾਮੁ ਦਮੋਦਰੁ ਪਾਇਆ ਹਰਿ ਹਰਿ ਨਾਮੁ ਉਰਿ ਧਾਰੇ ॥ ਹਰਿ ਹਰਿ ਕਥਾ ਬਨੀ ਅਤਿ ਮੀਠੀ ਜਿਉ ਗੂੰਗਾ ਗਟਕ ਸਮਾਰੇ ॥ ੪ ॥**[੯੮੦]-੧

੮੧- **ਮੇਰਾ ਹਰਿ ਪ੍ਰਭੁ ਰਾਵਣਿ ਆਈਆ ਹਉਮੈ ਬਿਖੁ ਝਾਗੇ ਰਾਮ ॥ ਗੁਰਮਤਿ ਆਪੁ ਮਿਟਾਇਆ ਹਰਿ ਹਰਿ ਲਿਵ ਲਾਗੇ ਰਾਮ ॥ ਅੰਤਰਿ ਕਮਲੁ ਪਰਗਾਸਿਆ ਗੁਰ ਗਿਆਨੀ ਜਾਗੇ ਰਾਮ ॥ ਜਨ ਨਾਨਕ ਹਰਿ ਪ੍ਰਭੁ ਪਾਇਆ ਪੂਰੈ ਵਡਭਾਗੇ ਰਾਮ ॥ ੧ ॥** [੮੪੫]-੨-੪

੧੪

## ਬੁਧਿ

ਮਹਾਨ ਕੋਸ਼ ਅਨੁਸਾਰ **ਬੁਧਿ** ਦਾ ਅਰਥ==ਅਕਲ, ਸਮਝ, ਵਿਵੇਕ ਸ਼ਕਤੀ " **ਬੁਧਿ ਗਿਆਨੁ ਸਰਬ ਤਹ ਸਿਧਿ** " (ਸੁਖਮਨੀ)

**ਮੰਨੈ ਸੁਰਤਿ ਹੋਵੈ ਮਨਿ ਬੁਧਿ ॥ . . . . ੧੩ ॥ ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ॥ ॥ ੩੬ ॥**[ਜਪੁ]

੮੨- **ਪੜਿ ਪੜਿ ਪੰਡਿਤ ਜੋਤਕੀ ਵਾਦ ਕਰਹਿ ਬੀਚਾਰੁ ॥ ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ ॥ ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ ॥ ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ ॥ ੩ ॥**[੨੭]-੩-੩੬

**ਅਰਥ:**--ਪੰਡਿਤ ਤੇ ਜੋਤਸ਼ੀ ਲੋਕ (ਸ਼ਾਸਤਰ ਤੋਂ ਗ੍ਰੈਹਾਂ ਆਦਿ ਬਾਰੇ) ਪੜ੍ਹ ਪੜ ਕੇ ਬਹਿਸਾਂ ਵਾਲੀਆਂ ਵਿਚਾਰਾਂ ਕਰਦੇ ਹਨ [ **ਵਾਦਾ ਕੀਆ ਕਰਨਿ ਕਹਾਣੀਆ...**(੧੦੯੧)] ਪੜ੍ਹ ਪੜ੍ਹ ਕੇ (ਨਿਰੀਆਂ) ਬਹਿਸਾਂ ਦਾ ਹੀ ਵਿਚਾਰ ਕਰਦੇ ਹਨ, (ਇਨ੍ਹਾਂ ਵਿਚ ਪੈ ਕੇ ਓਨ੍ਹਾਂ ਦੀ) ਬੁੱਧੀ ਭਟਕਦੀ ਹੈ (ਤੇ ਆਪੋ ਆਪਣੇ) ਮਤਿ (ਬਣਾ ਲੈਂਦੇ ਹਨ, ਅਸਲੀਅਤ ਨੂੰ ਉਹ) ਨਹੀਂ ਬੁੱਝਦੇ (ਕਿਉਂਕਿ ਉਨ੍ਹਾਂ ਦੇ ਅੰਦਰ) ਲੋਭ ਦਾ ਵਿਕਾਰ ਹੁੰਦਾ ਹੈ । (ਇਸ ਲਈ ਉਹ) ਚੁਰਾਸੀ ਲੱਖ ਜੂਨਾਂ ਵਿਚ ਭਟਕਦੇ ਰਹਿੰਦੇ ਹਨ ਤੇ ਭਟਕ ਭਟਕ ਕੇ ਪਏ ਖੁਆਰ ਹੁੰਦੇ ਹਨ । (ਇਹ ਉਨ੍ਹਾਂ ਦੇ ਵੀ) ਆਪਣੇ ਪੂਰਬਲੇ (ਕੀਤੇ ਕਰਮਾਂ ਅਨੁਸਾਰ) ਲਿਖਿਆ ਕਮਾਉਣਾ ਹੈ, (ਜਿਸ ਲਿਖੇ ਨੂੰ) ਕੋਈ ਮੇਟਣ ਵਾਲਾ ਨਹੀਂ ਹੈ । ੩ ।

ਏਥੇ ' ਮਤਿ ' ਅਤੇ ' ਬੁਧਿ ' ਦਾ ਅਰਥ ਇਕੋ ਬੁਧੀ ਨਹੀਂ ਜਾਪਦਾ । ਕਿਉਂਕਿ ਬੁੱਧੀ ਫਿਰ ਜਾਣ ਦਾ ਕਾਰਨ ਸਤਿਗੁਰਾਂ ਨੇ ' ਮਤਿ ' ਦੱਸਿਆ ਹੈ । ਜਿਵੇ ਕੋਈ ਬਹਿਸ ਕਰਨ ਸਮੇਂ ਦੋਵੇਂ ਧੜੇ ਆਪਣਾ ਆਪਣਾ ਪੱਖ ਅਥਵਾ ' ਮਤਿ ' ਸਪੱਸ਼ਟ ਕਰ ਰਹੇ ਹੁੰਦੇ ਹਨ । ਏਵੇਂ ਹੀ ਪੰਡਿਤ ਲੋਕ ਗਿਆਨ ਚਰਚਾ ਕਰਨ ਲਈ ਅਥਵਾ ਬਹਿਸਾਂ ਕਰਨ ਲਈ ਆਪਣੀ ਆਪਣੀ " ਮਤਿ " ਅਥਵਾ ਆਪਣੀ ਰਾਏ, ਆਪਣਾ ਨਿੱਜੀ ਟੀਚਾ ਬਣਾ ਲੈਂਦੇ ਹਨ । ਅਤੇ ਉਸ ਆਪਣੇ ' ਮਤੇ ' ਨੂੰ ਠੀਕ ਸਿੱਧ ਕਰਨ ਲਈ ਬਹਿਸਾਂ ਕਰਦੇ ਹਨ । ਅਜੇਹਾ ਕਰਨ ਵਿਚ ਉਨ੍ਹਾਂ ਵਿਦਵਾਨਾਂ ਦਾ ਸੁਆਰਥ ਅਥਵਾ ਲੋਭ ਕੰਮ ਕਰ ਰਿਹਾ ਹੁੰਦਾ ਹੈ, ਜਿਸ ਤੋਂ ਅਸਲੀਅਤ ਤੋਂ ਭਟਕ ਜਾਣ ਨਾਲ ਉਨ੍ਹਾਂ ਦੀ ' ਬੁਧਿ ' ਭੌਂ ਜਾਂਦੀ ਹੈ । ਮਤਿ ਨਾਲ ਹੰਕਾਰ, ਲੋਭ, ਸੁਆਰਥ ਆ ਜੁੜਦੇ ਹਨ, ਜੋ ਬੁਧੀ ਅਥਵਾ ਅਕਲ ਨੂੰ ਟਿਕਾਣੇ ਤੋਂ ਹਿਲਾ ਦਿੰਦੇ ਹਨ ॥

੮੩- **ਮਤਿ ਬੁਧਿ ਸੁਰਤਿ ਨਾਹੀ ਚਤੁਰਾਈ ॥ ਤਾ ਮਿਲੀਐ ਜਾ ਲਏ ਮਿਲਾਈ ॥ ੩ ॥**[੮੦੪]-੪-੯

**ਅਰਥ:**--ਕਿਸੇ ਮਤਿ (ਕਰਮ-ਕਾਂਡੀ ਢੰਗ ਨਾਲ) ਕਿਸੇ ਅਕਲ, ਕਿਸੇ ਧਿਆਨ, ਕਿਸੇ ਚਤੁਰਾਈ ਨਾਲ ਪਰਮਾਤਮਾ ਨਹੀਂ ਮਿਲ ਸਕਦਾ । ਜਦੋਂ ਉਹ ਪ੍ਰਭੂ ਆਪ ਹੀ ਜੀਵ ਨੂੰ ਮਿਲਾਉਂਦਾ ਹੈ ਤਦੋਂ ਹੀ ਉਸ ਨੂੰ ਮਿਲ ਸਕੀਦਾ ਹੈ । ੩ ।

ਇਸ ਗੁਰੂ ਫ਼ੁਰਮਾਨ ਵਿਚ ਮਤਿ ਬੁਧਿ ਦੇ ਨਾਲ ਚਤੁਰਾਈ ਵੀ ਆਈ ਹੈ । ਇਨ੍ਹਾਂ ਪ੍ਰਤੀ ਹੋਰ ਗੁਰੂ ਸ਼ਬਦਾਂ ਦੀ ਵਿਚਾਰ ਕਰਕੇ ਸਮਝਣ ਦਾ ਯਤਨ ਕਰੀਏ ਕਿ ਇਸ ਤਰ੍ਹਾਂ ਮਨੁੱਖਾ ਦੇਹ ਵਿਚਲੀ ਹਰ ਪਰਕਾਰ ਦੀ ਕਿਰਿਆ-ਸ਼ਕਤੀ ਬਾਰੇ ਅੱਡ ਅੱਡ ਗੁਰਬਾਣੀ ਰਚ ਕੇ ਸਤਿਗੁਰਾਂ ਨੇ ਸਾਨੂੰ ਕਿਸ ਨਿਸ਼ਾਨੇ ਤੇ ਪੁਚਾਉਣ ਲਈ ਇਹ ਸਾਰਾ ਯਤਨ ਕੀਤਾ ਹੋਇਆ ਹੈ :--

੮੪- **ਜੋ ਕਿਛੁ ਕਰੇ ਸੁ ਆਪੇ ਆਪੈ ॥ ਬੁਧਿ ਸਿਆਣਪ ਕਿਛੂ ਨ ਜਾਪੈ ॥ ਆਪਣਿਆ ਸੰਤਾ ਨੋ ਆਪਿ ਸਹਾਈ ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ ॥ ੩ ॥**[੧੦੭]-੩੬-੪੩

੮੫- **ਖੇਮ ਸਾਂਤਿ ਰਿਧਿ ਨਵ ਨਿਧਿ ॥ ਬੁਧਿ ਗਿਆਨੁ ਸਰਬ ਤਹ ਸਿਧਿ ॥** [੨੯੫]-ਅਸਟ-੨੪(੬)

੮੬- ..... ਬੁਧਿ ਪਾਠਿ ਨ ਪਾਈਐ ਬਹੁ ਚਤੁਰਾਈਐ ਭਇ ਮਿਲੈ ਮਨਿ ਭਾਣੇ ॥
ਨਾਨਕ ਠਾਕੁਰ ਮੀਤ ਹਮਾਰੇ ਹਮ ਨਾਹੀ ਲੋਕਾਣੇ ॥ ੪ ॥[੪੩੬]-੧

੮੭- ਬੁਧਿ ਗਰੀਬੀ ਖਰਚੁ ਲੈਹੁ ਹਉਮੈ ਬਿਖੁ ਜਾਰਹੁ ॥ ਸਾਚਾ ਹਟੁ ਪੂਰਾ ਸਉਦਾ ਵਖਰੁ ਨਾਮੁ ਵਾਪਾਰਹੁ ॥ ੨ ॥ [੩੯੯]-੧੨-੧੧੪

**ਅਰਥ:**--(ਹੇ ਭਾਈ !) ਨਿਮ੍ਰਤਾ ਵਾਲੀ ਬੁੱਧੀ ਧਾਰਨ ਕਰੋ--ਇਹ ਜੀਵਨ-ਸਫ਼ਰ ਦਾ ਖ਼ਰਚ ਪੱਲੇ ਬੰਨ੍ਹੋ । (ਨਾਮ ਦੀ ਬਰਕਤਿ ਨਾਲ ਆਪਣੇ ਅੰਦਰੋਂ) ਹਉਮੈ ਨੂੰ ਸਾੜ ਦਿਉ (ਜੋ ਆਤਮਕ ਜੀਵਨ ਨੂੰ ਮਾਰ ਮੁਕਾਉਣ ਵਾਲੀ) ਜ਼ਹਰ ਹੈ । (ਹੇ ਭਾਈ ਇਹ ਹਰਿ-ਨਾਮ ਗੁਰੂ ਪਾਸੋਂ ਮਿਲਦਾ ਹੈ, ਗੁਰੂ ਘਰ ਹੀ) ਸਦਾ ਕਾਇਮ ਰਹਿਣ ਵਾਲਾ ਹੱਟ ਹੈ (ਗੁਰੂ ਦਰ ਤੋਂ ਹੀ ਹਰਿ-ਨਾਮ ਦਾ) ਪੂਰਾ ਸੌਦਾ ਮਿਲਦਾ ਹੈ (ਗੁਰੂ-ਦਰ ਤੋਂ) ਨਾਮ-ਸੌਦਾ ਖ਼ਰੀਦੋ । ੨ ।

੧੫

# ਬੁਧਿ ਪ੍ਰਗਾਸ ਭਈ

੮੮- ਬੁਧਿ ਪ੍ਰਗਾਸ ਭਈ ਮਤਿ ਪੂਰੀ ॥ ਤਾ ਤੇ ਬਿਨਸੀ ਦੁਰਮਤਿ ਦੂਰੀ ॥ ੧ ॥
ਐਸੀ ਗੁਰਮਤਿ ਪਾਈਅਲੇ ॥ ਬੂਡਤ ਘੋਰ ਅੰਧ ਕੂਪ ਮਹਿ ਨਿਕਸਿਓ ਮੇਰੇ ਭਾਈ ਰੇ ॥ ੧ ॥ਰਹਾਉ ॥ [੩੭੭]-੨੬

**ਅਰਥ:**--ਮੇਰੇ ਵੀਰ ! ਮੈਂ ਗੁਰੂ ਪਾਸੋਂ ਅਜੇਹੀ ਮਤਿ ਪ੍ਰਾਪਤਿ ਕਰ ਲਈ ਹੈ ਜਿਸ ਦੀ ਸਹਾਇਤਾ ਨਾਲ ਮੈਂ ਮਾਇਆ ਦੇ ਘੁੱਪ ਹਨੇਰੇ ਖੂਹ ਵਿਚੋਂ ਡੁਬਦਾ ਡੁਬਦਾ ਬਚ ਨਿਕਲਿਆ ਹਾਂ । ੧ । ਰਹਾਉ । (ਹੇ ਭਾਈ ! ਗੁਰੂ ਦੀ ਕਿਰਪਾ ਨਾਲ ਮੇਰੀ) ਬੁੱਧ ਵਿਚ (ਆਤਮਕ ਜੀਵਨ ਦਾ) ਚਾਨਣ ਹੋ ਗਿਆ ਹੈ ਮੇਰੀ ਅਕਲ ਉਕਾਈ-ਹੀਣ ਹੋ ਗਈ ਹੈ, ਇਸ ਦੀ ਸਹਾਇਤਾ ਨਾਲ ਮੇਰੀ ਭੈੜੀ ਮਤਿ ਦਾ ਨਾਸ ਹੋ ਗਿਆ ਹੈ, ਮੇਰੀ ਪਰਮਾਤਮਾ ਨਾਲੋਂ ਵਿੱਥ ਮਿਟ ਗਈ ਹੈ । ੧ । ਰਹਾਉ ।

੮੯- ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ ॥
ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ ॥ ੨ ॥ [੮੧੧]-੧੩-੪੩

ਅਰਥ:-(ਗੁਰੂ ਦਰ ਤੋਂ) ਪਰਮਾਤਮਾ ਦੇ ਨਾਮ ਦਾ ਰਸ ਚੱਖਿਆਂ (ਮਾਇਆ ਦੇ ਲਾਲਚ ਵਲੋਂ) ਰੱਜ ਜਾਂਦਾ ਹੈ, ਪਰਮਾਤਮਾ ਦਾ ਨਾਮ-ਰਸ ਮਨ ਵਿਚ ਵਸਾ ਕੇ ਸਦਾ ਖਿੜੇ ਰਹੀਦਾ ਹੈ । ਬੁੱਧੀ ਵਿਚ (ਸਹੀ ਜੀਵਨ ਦਾ) ਚਾਨਣਾ ਹੋ ਜਾਂਦਾ ਹੈ, ਬੁੱਧੀ ਉੱਜਲ ਹੋ ਜਾਂਦੀ ਹੈ । ਹਿਰਦਾ-ਕੌਲ (ਮਾਇਆ ਦੇ ਮੋਹ ਵਲੋਂ) ਪਰਤ ਕੇ ਸਦਾ ਖਿੜਿਆ ਰਹਿੰਦਾ ਹੈ । ੨ ।

੯੦- ਬੁਧਵਾਰਿ ਬੁਧਿ ਕਰੈ ਪ੍ਰਗਾਸ ॥ ਹਿਰਦੈ ਕਮਲ ਮਹਿ ਹਰਿ ਕਾ ਬਾਸ ॥
ਗੁਰ ਮਿਲਿ ਦੋਊ ਏਕ ਸਮ ਧਰੈ ॥ ਉਰਧ ਪੰਕ ਲੈ ਸੂਧਾ ਕਰੈ ॥੪ ॥ [੩੪੪]-੭ ਵਾਰ

੯੧- ਬੁਧਿਵਾਰਿ ਆਪੇ ਬੁਧਿ ਸਾਰੁ ॥ ਗੁਰਮੁਖਿ ਕਰਣੀ ਸਬਦੁ ਵੀਚਾਰੁ ॥ ਨਾਮਿ ਰਤੇ ਮਨੁ ਨਿਰਮਲੁ ਹੋਇ ॥ ਹਰਿ ਗੁਣ ਗਾਵੈ ਹਉਮੈ ਮਲੁ ਖੋਇ ॥ ਦਰਿ ਸਚੈ ਸਦ ਸੋਭਾ ਪਾਏ ॥ ਨਾਮਿ ਰਤੇ ਗੁਰ ਸਬਦਿ ਸੁਹਾਏ ॥ ੪ ॥[੮੪੧]

ਭਟਕਣਾ ਵਿਚ ਪਏ ਜੋਗੀ ਨੂੰ ਉਪਦੇਸ਼:--

੯੨- ਬੁਧਿ ਬਿਭੂਤਿ ਚਢਾਵਉ ਅਪੁਨੀ ਸਿੰਗੀ ਸੁਰਤਿ ਮਿਲਾਈ ॥
ਕਰਿ ਬੈਰਾਗੁ ਫਿਰਉ ਤਨਿ ਨਗਰੀ ਮਨ ਕੀ ਕਿੰਗੁਰੀ ਬਜਾਈ ॥ ੨ ॥[੯੭੦]-੭

ਅਰਥ:--(ਹੇ ਜੋਗੀ !) ਆਪਣੀ ਅਕਲ ਨੂੰ ਮੈਂ (ਉੱਚੇ ਟਿਕਾਣੇ ਪ੍ਰਭੂ-ਚਰਨਾਂ ਵਿਚ) ਚੜ੍ਹਾਈ ਰੱਖਦਾ ਹਾਂ, ਇਹ ਮੈਂ (ਪਿੰਡੇ ਤੇ) ਬਿਭੂਤ ਚੜ੍ਹਾਈ ਹੋਈ ਹੈ (ਭਾਵ, ਸਰੀਰ ਤੇ ਸੁਆਹ ਮਲਣੀ ਤਿਆਗ ਕੇ ਆਪਣੀ ਬੁੱਧਿ ਨੂੰ ਪ੍ਰਭੂ-ਯਾਦ ਵਾਲੇ ਉਚੇ ਟਿਕਾਣੇ ਚੜ੍ਹਾਈ ਰਖਣ ਨੂੰ ਪਿੰਡੇ ਤੇ ਸੁਆਹ ਮਲਣੀ ਬਣਾਉ )'। ਮੈਂ ਆਪਣੇ ਮਨ ਨੂੰ ਪ੍ਰਭੂ ਚਰਨਾਂ ਵਿਚ ਜੋੜਿਆ ਹੋਇਆ ਹੈ, ਇਹ ਮੇਰੀ ਸਿੰਗੀ ਹੈ (ਲੋਕ ਵਿਖਾਵੇ ਲਈ ਸਿੰਗੀਆਂ ਵਜਾਣੀਆਂ ਛੱਡੋ ਅਤੇ ਆਪਣੇ ਭਟਕਦੇ ਮਨ ਨੂੰ ਪ੍ਰਭੂ-ਚਰਨਾਂ ਵਿਚ ਜੋੜਨ ਵਾਲੀ ਸਿੰਗੀ ਧਾਰਨ ਕਰੋ) । ਮਾਇਆ ਵਲੋਂ ਵੈਰਾਗ ਕਰ ਕੇ ਮੈਂ ਵੀ (ਸਾਧੂ ਬਣ ਕੇ) ਫਿਰਦਾ ਹਾਂ, ਪਰ ਮੈਂ ਆਪਣੇ ਹੀ ਸਰੀਰ-ਰੂਪ ਨਗਰ ਵਿਚ ਫਿਰਦਾ ਹਾਂ), ਮੈਂ ਆਪਣੇ ਮਨ ਦੀ ਹੀ ਕਿੰਗ ਵਜਾਉਂਦਾ ਹਾਂ । ( ਭਾਵ, ਜੰਗਲਾ ਵਿਚ ਅਥਵਾ ਨਗਰ ਨਗਰ ਅਤੇ ਘਰ ਘਰ ਭਟਕਣਾ ਛੱਡ ਕੇ ਆਪਣੇ ਅੰਦਰ ਦੀ ਖੋਜ ਕਰਨ ਦੀ ਅਤੇ ਮਨ ਵਿਚ ਸਦਾ ਪ੍ਰਭੂ ਦੀ ਲਗਨ ਲਈ ਰੱਖਣ ਦੀ ਲੋੜ ਹੈ) । ੨ ।

ਬੁਢਾਪੇ ਵਿਚ ਬੁਧ ਸਾਥ ਛੱਡ ਤੁਰਦੀ ਹੈ---

੯੩- ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਸਰਿ ਹੰਸ ਉਲਥੜੇ ਆਇ ॥ ਜੋਬਨੁ ਘਟੈ ਜਰੂਆ ਜਿਣੈ ਵਣਜਾਰਿਆ ਮਿਤ੍ਰਾ ਆਵ ਘਟੈ ਦਿਨੁ ਜਾਇ ॥ ਅੰਤਿ ਕਾਲਿ ਪਛੁਤਾਸੀ ਅੰਧੁਲੇ ਜਾ ਜਮਿ ਪਕੜ ਚਲਾਇਆ ॥ ਸਭੁ ਕਿਛੁ ਅਪੁਨਾ ਕਰਿ ਕਰਿ ਰਾਖਿਆ ਖਿਨ ਮਹਿ ਭਇਆ ਪਰਾਇਆ ॥ ਬੁਧਿ ਵਿਸਰਜੀ ਗਈ ਸਿਆਣਪ ਕਰਿ ਅਵਗਣ ਪਛੁਤਾਇ ॥ ਕਹੁ ਨਾਨਕ ਪ੍ਰਾਣੀ ਤੀਜੈ ਪਹਰੈ ਪ੍ਰਭੁ ਚੇਤਹੁ ਲਿਵ ਲਾਇ ॥ ੩ ॥[੭੫]-ਪਹਰੇ

੧੬

# ਕਬੁਧਿ ਮਿਟੈ

ਸਿੱਧਾਂ ਨਾਲ ਹੋਈ ਚਰਚਾ ਸਮੇ ਸਿੱਧਾਂ ਨੇ ਸਤਿਗੁਰਾਂ ਕੋਲੋਂ ਪੁਛਿਆ:--

੯੪- ਕੁਬੁਧਿ ਚਵਾਵੈ, ਸੋ ਕਿਤੁ ਠਾਇ ॥ ਕਿਉ ਤਤੁ ਨ ਬੂਝੈ ਚੋਟਾ ਖਾਇ ॥ ਜਮ ਦਰਿ ਬਾਧੇ ਕੋਇ ਨ ਰਾਖੈ ॥
ਬਿਨੁ ਸਬਦੈ, ਨਾਹੀ ਪਤਿ ਸਾਖੈ ॥ ਕਿਉਂਕਰਿ ਬੂਝੈ ਪਾਵੈ ਪਾਰੁ ॥ ਨਾਨਕ, ਮਨਮੁਖਿ ਨ ਬੁਝੈ ਗਵਾਰੁ ॥ ਪ੫ ॥[੯੪੪ ॥

**ਅਰਥ:**--ਇਹ ਕਿਥੋਂ ਹੋ ਸਕਦਾ ਹੈ ਕਿ ਮਨੁੱਖ ਆਪਣੀ ਭੈੜੀ ਬੁਧ ਦੂਰ ਕਰ ਲਏ ? ਮਨੁੱਖ ਕਿਉਂ ਅਸਲੀਅਤ ਨਹੀਂ ਸਮਝਦਾ ਤੇ ਦੁਖੀ ਹੁੰਦਾ ਹੈ ਜਮ ਦੇ ਦਰ ਤੇ ਬੱਧੇ ਹੋਏ ਦੀ ਕੋਈ ਸਹੈਤਾ ਨਹੀਂ ਕਰ ਸਕਦਾ, ਸਤਿਗੁਰੂ ਦੇ ਸ਼ਬਦ ਤੋਂ ਬਿਨਾਂ ਇਸ ਦੀ ਕਿਤੇ ਇੱਜ਼ਤ ਨਹੀਂ, ਇਤਬਾਰ ਨਹੀਂ (ਭਾਵ, ਗੁਰੂ ਦੇ ਸ਼ਬਦ ਅਨੁਸਾਰ ਨਾ ਤੁਰਨ ਕਰਕੇ ਮਨੁੱਖ ਲੋਕਾਂ ਵਿਚ ਇਜ਼ੱਤ ਇਤਬਾਰ ਗਵਾ ਲੈਂਦਾ ਹੈ, ਦੁਨੀਆ ਦੀਆਂ ਮੌਜਾਂ ਵਿਚ ਫਸਿਆ ਹੋਣ ਕਰਕੇ ਮੌਤ ਤੋਂ ਵੀ ਹਰ ਵੇਲੇ ਡਰਦਾ ਹੈ ਇਹੋ ਜਿਹੀਆਂ ਸੱਟਾਂ ਖਾਂਦਾ ਰਹਿੰਦਾ ਹੈ, ਦੁਖੀ ਰਹਿੰਦਾ

ਹੈ, ਫਿਰ ਵੀ ਅਸਲੀਅਤ ਨੂੰ ਨਹੀਂ ਸਮਝਦਾ । ਅਜੇਹਾ ਸਭ ਕੁਝ ਕਿਉਂ ਹੈ ?) ਹੇ ਨਾਨਕ ! ਮਨਮੁਖ ਮੂਰਖ ਸਮਝਦਾ ਨਹੀਂ, ਇਹ ਕਿਵੇਂ ਸਮਝੇ ਤੇ ( ਦੁਤੱਰ ਸਾਗਰ ਦੇ) ਪਾਰਲੇ ਕੰਢੇ ਕਿਵੇਂ ਲੱਗੇ ?। ੫ ।

ਸਤਿਗੁਰਾਂ ਦਾ ਉੱਤਰ:---

੯੫- **ਕੁਬੁਧਿ ਮਿਟੈ, ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ ਮੋਖ ਦੁਆਰ ॥ ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥ ਦੁਰਮਤਿ ਵਿਛੁੜਿ ਚੋਟਾ ਖਾਇ ॥ ਮਾਨੈ ਹੁਕਮੁ ਸਭੇ ਗੁਣ ਗਿਆਨ ॥ ਨਾਨਕ, ਦਰਗਹ ਪਾਵੈ ਮਾਨੁ ॥ ੫੬ ॥**[੯੪੪]

**ਅਰਥ:**--ਸਤਿਗੁਰੂ ਦਾ ਸ਼ਬਦ ਵੀਚਾਰਿਆਂ ਭੈੜੀ ਮੱਤ ਦੂਰ ਹੁੰਦੀ ਹੈ । ਜਦੋਂ ਗੁਰੂ ਮਿਲਦਾ ਹੈ, ਤਦੋਂ ਇਸ ਭੈੜੀ ਬੁਧੀ ਤੋਂ ਖ਼ਲਾਸੀ ਦਾ ਰਾਹ ਲੱਭ ਪੈਂਦਾ ਹੈ । (ਪਰ) ਜੋ ਮਨੁੱਖ ਮਨ ਦੇ ਪਿੱਛੇ ਤੁਰਦਾ ਹੈ ਉਹ ਅਸਲੀਅਤ ਨਹੀਂ ਪਛਾਣਦਾ, (ਵਿਕਾਰਾਂ ਵਿਚ) ਸੜਦਾ ਰਹਿੰਦਾ ਹੈ, ਦੁਰਮਤਿ ਦੇ ਕਾਰਨ (ਪ੍ਰਭੂ ਤੋਂ) ਵਿਛੜ ਕੇ ਦੁਖੀ ਹੁੰਦਾ ਹੈ । ਜੋ ਮਨੁੱਖ ਗੁਰੂ ਦਾ ਹੁਕਮ ਮੰਨਦਾ ਹੈ ਉਸ ਵਿਚ ਸਾਰੇ ਗੁਣ ਆ ਜਾਂਦੇ ਹਨ, ਉਸ ਨੂੰ ਸਾਰੀ ਸੂਝ ਪ੍ਰਾਪਤ ਹੋ ਜਾਂਦੀ ਹੈ, ਤੇ, ਉਹ ਪ੍ਰਭੂ ਦੀ ਹਜ਼ੂਰੀ ਵਿਚ ਆਦਰ ਪਾਉਂਦਾ ਹੈ । ੫੬ ।

੯੬- **ਜਿਨ ਅੰਤਰੇ ਰਾਮ ਨਾਮੁ ਵਸੈ ਤਿਨ੍ ਚਿੰਤਾ ਸਭ ਗਵਾਇਆ ਰਾਮ ॥ ਸਭ ਅਰਥਾ ਸਭਿ ਧਰਮ ਮਿਲੇ ਮਨਿ ਚਿੰਦਿਆ ਸੋ ਫਲੁ ਪਾਇਆ ਰਾਮ ॥ ਮਨ ਚਿੰਦਿਆ ਫਲੁ ਪਾਇਆ ਰਾਮਨਾਮੁ ਧਿਆਇਆ ਰਾਮ ਨਾਮ ਗੁਣ ਗਾਏ ॥ ਦੁਰਮਤਿ ਕਬੁਧਿ ਗਈ ਸੁਧਿ ਹੋਈ ਰਾਮ ਨਾਮਿ ਮਨੁ ਲਾਏ ॥ ਸਫਲੁ ਜਨਮੁ ਸਰੀਰੁ ਸਭੁ ਹੋਆ ਜਿਤੁ ਰਾਮ ਨਾਮੁ ਪਰਗਾਸਿਆ ॥ ਨਾਨਕ ਹਰਿ ਭਜੁ ਸਦਾ ਦਿਨੁ ਰਾਤੀ ਗੁਰਮੁਖਿ ਨਿਜ ਘਰਿ ਵਾਸਿਆ ॥ ੬ ॥**[੪੪੩-੪੪]-੨-੯

੯੭- **ਜਬ ਬੁਧਿ ਹੋਤੀ ਤਬ ਬਲੁ ਕੈਸਾ, ਅਬ ਬੁਧਿ ਬਲੁ ਨ ਖਟਾਈ ॥ ਕਹਿ ਕਬੀਰ ਬੁਧਿ ਹਰਿ ਲਈ ਮੇਰੀ, ਬੁਧਿ ਬਦਲੀ ਸਿਧਿ ਪਾਈ ॥ ੨ ॥** [੩੩੯]-੨੧-੭੨

**ਅਰਥ:**--(ਹੇ ਪ੍ਰਭੂ ! ) ਜਿੰਨਾ ਚਿਰ (ਸਾਡੇ) ਵਿਚ ਆਪਣੀ ਬੁੱਧੀ (ਦੀ ਹਉਮੈ) ਹੁੰਦੀ ਹੈ, ਉਨਾ ਚਿਰ ਸਾਡੇ ਵਿਚ ਕੋਈ ਆਤਮਕ ਬਲ ਨਹੀਂ ਹੁੰਦਾ (ਭਾਵ, ਸਹਿਮੇ ਹੀ ਰਹਿੰਦੇ ਹਾਂ), ਪਰ ਹੁਣ (ਜਦੋਂ ਤੂੰ ਆਪ ਸਾਡੇ ਵਿਚ ਆ ਪ੍ਰਗਟਿਆ ਹੈਂ) ਸਾਡੀ ਆਪਣੀ ਬੁੱਧ ਤੇ ਬਲ ਦਾ ਮਾਣ ਨਹੀਂ ਰਿਹਾ । ਕਬੀਰ ਜੀ--(ਹੇ ਪ੍ਰਭੂ !) ਤੂੰ ਮੇਰੀ (ਹਉਮੈ ਵਾਲੀ) ਬੁੱਧੀ ਖੋਹ ਲਈ ਹੈ, ਹੁਣ ਉਹ ਅਕਲ ਬਦਲ ਗਈ ਹੈ (ਭਾਵ, ਮੈਂ ਮੈਂ ਛੱਡ ਕੇ ਤੂੰ ਹੀ ਤੂੰ ਕਰਨ ਵਾਲੀ ਹੋ ਗਈ ਹੈ, ਇਸ ਵਾਸਤੇ ਮਨੁੱਖਾ ਜਨਮ ਦੇ ਮਨੋਰਥ ਦੀ) ਸਿੱਧੀ ਹਾਸਲ ਹੋ ਗਈ ਹੈ । ੨ ।

ਸੰਸਾ ਖੇਡ ਵਿਚ ਰੁੱਝੀ ਹੋਈ ਬੁੱਧ--

੯੮- **ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥ ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥ ੩ ॥**[੧੫੧]-੧

**ਅਰਥ:**--ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਦੀ ਬੁੱਧੀ ਜਗਤ-ਖੇਡ ਵਿਚ ਲੱਗੀ ਰਹਿੰਦੀ ਹੈ, (ਜਗਤ-ਤਮਾਸ਼ਿਆਂ ਦਾ ਹੀ) ਚਾਉ ਉਸ ਦੇ ਅੰਦਰ ਪੈਦਾ ਹੁੰਦਾ ਰਹਿੰਦਾ ਹੈ । (ਅਜੇਹੀ ਬੁੱਧ ਵਾਲਾ ਮਨੁੱਖ ਭਾਵੇਂ) ਹਜ਼ਾਰਾਂ ਸਿਆਣਪਾਂ ਕਰੇ, ਉਸ ਦਾ ਜੀਵਨ ਠੀਕ ਸੱਚੇ ਵਿਚ ਨਹੀਂ ਢਲਦਾ, ਮਨੁੱਖ ਦਾ ਬੇ-ਥਵਾ ਬੋਲ ਹੁੰਦਾ ਹੈ, ਉਹ ਅੰਨ੍ਹਾਂ ਊਲ-ਜਲੂਲ ਗੱਲਾਂ ਹੀ ਕਰਦਾ ਹੈ । ੩ ।

ਆਉ ਅਰਦਾਸ ਕਰੀਏ ਕਿ ਹੇ ਵਾਹਿਗੁਰੂ ਜੀਓ ! ----

੯੯- **ਸਾ ਬੁਧਿ ਦੀਜੈ** ਜਿਤੁ ਵਿਸਰਹਿ ਨਾਹੀ ॥ **ਸਾ ਮਤਿ ਦੀਜੈ,** ਜਿਤੁ ਤੁਧੁ ਧਿਆਈ ॥ ਸਾਸ ਸਾਸ ਤੇਰੇ ਗੁਣ ਗਾਵਾ ਓਟ ਨਾਨਕ ਗੁਰ ਚਰਣਾ ਜੀਉ ॥ ੪ ॥[੧੦੦]-੧੨-੧੯

੧੦੦- **ਅਸਟਮੀ ਅਸਟ ਸਿਧਿ ਨਵ ਨਿਧਿ ॥ ਸਗਲ ਪਦਾਰਥ ਪੂਰਨ ਬੁਧਿ ॥ ਕਵਲ ਪ੍ਗਾਸ ਸਦਾ ਆਨੰਦ ॥ ਨਿਰਮਲ ਰੀਤਿ ਨਿਰੋਧਰ ਮੰਤ ॥ ਸਗਲ ਧਰਮ ਪਵਿਤ੍ਰ ਇਸਨਾਨੁ ॥ ਸਭ ਮਹਿ ਊਚ ਬਿਸੇਖ ਗਿਆਨੁ ॥ ਹੋਰ ਹਰਿ ਭਜਨੁ ਪੂਰੇ ਗੁਰ ਸੰਗਿ ॥ ਜਪਿ ਤਰੀਐ ਨਾਨਕ ਨਾਮ ਹਰਿ ਰੰਗਿ ॥ ੮ ॥** [੨੯੮]

੧੭

## ਅਕਲ

ਮਹਾਨ ਕੋਸ਼ ਦੇ ੩੫ ਸਫ਼ੇ ਤੇ ' ਅਕਲ ' ਸ਼ਬਦ ਦੇ ਅਰਥਇਸ ਪ੍ਰਕਾਰ ਲਿਖੇ ਹਨ:--

ਬੁੱਧਿ । ਅਸਲ ਵਿਚ ਅਕਲ ਦਾ ਅਰਥ ਉੱਠ ਦਾ ਨਿਉਲ ਹੈ, ਜੋ ਨਿਉਲ ਦੀ ਤਰ੍ਹਾਂ ਆਦਮੀ ਦੀ ਵ੍ਰਿੱਤੀ ਨੂੰ ਨਿਯਮਾਂ ਵਿਚ ਲਿਆਵੇ, ਸੋ ਅਕਲ ਹੈ ।

੨ ਸਿਮ੍ਰਿਤਿ, ਯਾਦਦਾਸ਼ਤ । ੩ ਅਖੰਡ " **ਸਦਾ ਅਕਲ ਲਿਵ ਰਹੈ** (ਸਵੈਯੇਮ: ੨ ਕੇ) ੪ ਅਵਯਵ (ਅੰਗ, ਹਿੱਸਾ, ਭਾਗ) ਬਿਨਾ ।

੫ ਕਲਾ ਰਹਿਤ, ਭਾਵ--ਨਿਰਗੁਣ, ' **ਅਕਲ ਕਲਾਧਰ ਸੋਈ** (ਸਿਧਗੋਸਟਿ) । ੬ ਕਰਤਾਰ, " **ਜਿਸ ਗੁਰ ਤੇ ਅਕਲਗਤਿ ਜਾਣੀ** " (ਗਉ ਅ: ਮ: ੫) ੬ ਸਿੰਧੀ ਵਿਚ- ਨਾ ਜਾਣਿਆ ਹੋਇਆ ।

ਗੁਰੂ ਬਾਣੀ ਵਿਚਾਰ:--

੧੦੧- **ਧ੍ਰਿਗੁ ਤਿਨ੍ਾ ਕਾ ਜੀਵਿਆ, ਜਿ ਲਿਖਿ ਲਿਖਿ ਵੇਚਹਿ ਨਾਉ ॥ ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ ॥ ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ ॥ ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ ॥ ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥ ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥ ੧ ॥**[੧੨੪੫]-ਵਾ-੨੦

**ਅਰਥ:**--ਜੋ ਮਨੁੱਖ ਪਰਮਾਤਮਾ ਦਾ ਨਾਮ (ਤਵੀਤ ਤੇ ਜੰਤ੍ਰ-ਮੰਤ੍ਰ ਆਦਿਕ ਦੀ ਸ਼ਕਲ ਵਿਚ) ਵੇਚਦੇ ਹਨ ਉਨ੍ਹਾਂ ਦੇ ਜੀਊਣ ਨੂੰ ਲਾਨ੍ਹਤ ਹੈ ( ਜੇ ਉਹ ਬੰਦਗੀ ਵੀ ਕਰਦੇ ਹਨ ਤਾਂ ਵੀ ਉਨ੍ਹਾਂ ਦੀ ' ਨਾਮ ' ਵਾਲੀ ਫਸਲ ਇਸ ਤਰ੍ਹਾਂ ਨਾਲੋ ਨਾਲ ਹੀ ਉੱਜੜਦੀ ਜਾਂਦੀ ਹੈ, ਤੇ) ਜਿੰਨ੍ਹਾਂ ਦੀ ਫ਼ਸਲ (ਨਾਲੋ ਨਾਲ) ਉਜੜਦੀ ਜਾਏ ਉਨ੍ਹਾਂ ਦਾ ਖਲਵਾੜਾ ਕਿੱਥੇ ਬਣਨਾ ਹੋਇਆ ?

(ਭਾਵ, ਉਸ ਬੰਦਗੀ ਦਾ ਚੰਗਾ ਸਿੱਟਾ ਨਹੀਂ ਨਿਕਲ ਸਕਦਾ, ਕਿਉਂਕਿ ਉਹ ਬੰਦਗੀ ਸਹੀ ਰਾਹ ਤੋਂ ਖੁੰਝੇ ਰਹਿੰਦੇ ਹਨ) । ਸਹੀ ਮਿਹਨਤਿ ਤੋਂ ਬਿਨਾ ਪ੍ਰਭੂ ਦੀ ਹਜ਼ੂਰੀ ਵਿਚ ਵੀ ਉਨ੍ਹਾਂ ਦੀ ਕਦਰ ਨਹੀਂ ਹੁੰਦੀ । (ਪਰਮਾਤਮਾ ਦਾ ਸਿਮਰਨ ਕਰਨਾ ਬੜੀ ਸੁੰਦਰ ਅਕਲ ਦੀ ਗੱਲ ਹੈ, ਪਰ ਤਵੀਤ-ਧਾਗੇ ਬਣਾ ਕੇ ਦੇਣ ਵਿਚ ਰੁੱਝ ਪੈਣ ਨਾਲ ਇਹ) ਅਕਲ ਵਿਅਰਥ ਗਵਾ ਲੈਣਾ--ਇਸ ਨੂੰ ਅਕਲ ਨਹੀਂ ਆਖੀਦਾ ।

ਅਕਲ ਇਹ ਹੈ ਕਿ ਪਰਮਾਤਮਾ ਦਾ ਸਿਮਰਨ ਕਰੀਏ ਤੇ ਇੱਜ਼ਤ ਖਟੀਏ, ਅਕਲ ਇਹ ਹੈ ਕਿ (ਪ੍ਰਭੂ ਦੀ ਸਿਫ਼ਤਿ-ਸਲਾਹ ਵਾਲੀ ਬਾਣੀ) ਪੜ੍ਹੀਏ (ਇਸ ਦੇ ਡੂੰਘੇ ਭੇਤ) ਸਮਝੀਏ ਤੇ ਹੋਰਨਾਂ ਨੂੰ ਸਮਝਾਈਏ । ਗੁਰੂ ਨਾਨਕ ਜੀ ਦਾ ਫ਼ੁਰਮਾਨ--ਜ਼ਿੰਦਗੀ ਦਾ ਸਹੀ ਰਸਤਾ ਸਿਰਫ਼ ਇਹੀ ਹੈ, (ਸਿਮਰਨ ਤੋਂ) ਲਾਂਭ ਦੀਆਂ ਗੱਲਾਂ (ਦੱਸਣ ਵਾਲਾ) ਸ਼ੈਤਾਨ ਹੈ । ੧ ।

੧੦੨- **ਨਿਵਾਜ ਸੋਈ ਜੋ ਨਿਆਉ ਬਿਚਾਰੈ, ਕਲਮਾ ਅਕਲਹਿ ਜਾਨੈ ॥**

**ਪਾਚਹੁ ਮੁਸਿ ਮੁਸਲਾ ਬਿਛਾਵੈ, ਤਬ ਤਉ ਦੀਨੁ ਪਛਾਨੈ ॥ ੩ ॥**[੪੮੦]-੪-੧੭

**ਅਰਥ:**---ਜਿਹੜਾ (ਨਿਮਾਜ਼ੀ) ਨਿਆਂ ਕਰਦਾ ਹੈ ਉਹ (ਮਾਨੋ) ਨਿਮਾਜ਼ ਪੜ੍ਹ ਰਿਹਾ ਹੈ (ਗ਼ਰੀਬਾਂ ਮਜ਼ਲੂਮਾਂ, ਅਥਵਾ ਫ਼ਰਿਆਦੀਆਂ ਨਾਲ ਨਿਆਂ ਕਰਨਾ ਅਸਲੀ ਨਿਮਾਜ਼ ਹੈ) ਤੇ ਜੇ ਅਕਲ ਨਾਲ ਰੱਬ ਦੀ ਪਛਾਣ ਕਰ ਰਿਹਾ ਹੈ ਤਾਂ ਕਲਮਾ ਆਖ ਰਿਹਾ ਹੈ, ਕਾਮਾਦਿਕ ਪੰਜ (ਬਲੀ ਵਿਕਾਰਾਂ) ਨੂੰ ਜੇ ਆਪਣੇ ਵੱਸ ਵਿਚ ਕਰਦਾ ਹੈ ਤਾਂ (ਮਾਨੋ) ਮਸੱਲਾ ਵਿਛਾਉਂਦਾ ਹੈ ਤੇ ਮਜ਼ਹਬ ਨੂੰ ਪਛਾਣਦਾ ਹੈ । ੩ ।

੧੦੩- **ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ ॥ ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ ॥**

**ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ ॥ ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ ॥ ੨ ॥**[੭੮੯]-ਵਾਰ-੧੩

**ਅਰਥ:**--ਰਾਤਾਂ ਕਾਲੀਆਂ ਹੁੰਦੀਆਂ ਹਨ (ਪਰ) ਚਿੱਟੀਆਂ ਚੀਜ਼ਾਂ ਦੇ ਉਹੀ ਚਿੱਟੇ ਰੰਗ ਹੀ ਰਹਿੰਦੇ ਹਨ (ਰਾਤ ਦੀ ਕਾਲਖ ਦਾ ਅਸਰ ਉਨ੍ਹਾਂ ਤੇ ਨਹੀਂ ਪੈਂਦਾ), ਦਿਨ ਚਿੱਟਾ ਹੁੰਦਾ ਹੈ, ਚੰਗਾ ਤਕੜਾ ਚਮਕਦਾ ਹੈ, ਪਰ ਕਾਲੇ ਪਦਾਰਥਾਂ ਦੇ ਰੰਗ ਕਾਲੇ ਹੀ ਰਹਿੰਦੇ ਹਨ (ਦਿਨ ਦੀ ਰੌਸ਼ਨੀ ਦਾ ਅਸਰ ਇਨ੍ਹਾਂ ਕਾਲੀਆਂ ਚੀਜ਼ਾਂ ਤੇ ਨਹੀਂ ਪੈਂਦਾ) । (ਏਸ ਤਰ੍ਹਾਂ) ਜੋ ਮਨੁੱਖ ਅੰਨ੍ਹੇ ਮੂਰਖ ਅਕਲ-ਹੀਣ ਹਨ ਉਨ੍ਹਾਂ ਦੀ ਅੰਨ੍ਹੀ ਹੀ ਅਕਲ ਰਹਿੰਦੀ ਹੈ । ਜਿੰਨ੍ਹਾਂ ਉਤੇ ਪ੍ਰਭੂ ਦੀ ਮਿਹਰ ਦੀ ਨਜ਼ਰ ਨਹੀਂ ਹੋਈ ਉਨ੍ਹਾਂ ਨੂੰ ਕਦੇ (ਨਾਮ ਦੀ ਪ੍ਰਾਪਤੀ ਦਾ) ਮਾਣ ਨਹੀਂ ਮਿਲਦਾ । ੨ ।

ਗੁਰਬਾਣੀ ਵਿਚ " **ਅਕਲ** " ਸ਼ਬਦ ਦੇ ਹੋਰ ਅਰਥ ਵੀ ਹਨ:--

੧੮

## " ਅਕਲ "--ਕਲਾ ਰਹਿਤ, ਅਖੰਡ, ਇੱਕ ਰਸ

੧੦੪- **ਸਦਾ ਅਕਲ ਲਿਵ ਰਹੈ ਕਰਨ ਸਿਉ ਇਛਾ ਚਾਰਹ ॥** [ਅਕਲ--ਕਲਾ (ਅੰਗ) ਰਹਿਤ, ਇਕ ਰਸ, ਸਰਬ ਵਿਆਪਕ, ਪ੍ਰਭੂ]

**ਦ੍ਰੁਮ ਸਪੂਰ ਜਿਉ ਨਿਵੈ ਖਵੈ ਕਸੁ ਬਿਮਲ ਬੀਚਾਰਹ ॥. ੬ ॥** [੧੩੯੨]

**ਅਰਥ:**--(ਹੇ ਗੁਰੂ ਅੰਗਦ ਜੀ !) ਤੇਰੀ ਬ੍ਰਿਤੀ ਸਦਾ ਅਕਾਲਪੁਰਖ ਵਿਚ ਟਿਕੀ ਰਹਿੰਦੀ ਹੈ, ਕਰਣੀ ਵਿਚ ਤੂੰ ਸੁਤੰਤਰ ਹੈਂ (ਭਾਵ, ਤੇਰੇ ਉਤੇ ਮਾਇਆ ਆਦਿਕ ਦਾ ਬਲ ਨਹੀਂ ਪੈ ਸਕਦਾ) । ਜਿਵੇਂ ਫਲ ਵਾਲਾ ਰੁੱਖ ਨਿਊਂਦਾ ਹੈ ਤੇ ਖੇਚਲ ਸਹਾਰਦਾ ਹੈ, ਤਿਵੇਂ (ਤੇਰੀ) ਨਿਰਮਲ ਵਿਚਾਰ ਹੈ, (ਭਾਵ, ਗੁਰੂ ਅੰਗਦ ਜੀ ਵੀ ਇਸੇ ਤਰ੍ਹਾਂ ਨਿਊਂਦੇ ਤੇ ਸੰਸਾਰੀ ਜੀਵਾਂ ਦੀ ਖ਼ਾਤਰ ਖੇਚਲ ਸਹਾਰਦੇ ਹਨ) ।

੧੦੫- **ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ ॥ ਜਿਸੁ ਗੁਰ ਤੇ ਅਕਲ ਗਤਿ ਜਾਣੀ ॥ ੪ ॥** [੨੩੯]-੯

[ਅਕਲ--ਕਲਿ ਰਹਿਤ , ਜਿਸ ਦੇ ਟੋਟੇ ਨਹੀਂ ਹੁੰਦੇ, ਜੋ ਘਟਦਾ ਵਧਦਾ ਨਹੀਂ ਜਿਵੇਂ ਚੰਦ੍ਰਮੇ ਦੀਆਂ ਕਲਾਂ ਘਟਦੀਆਂ ਵਧਦੀਆਂ ਹਨ, ਪਰਮਾਤਮਾ ]

**ਅਰਥ:**--ਜਿਸ ਗੁਰੂ ਪਾਸੋਂ ਮੈ ਉਸ ਪਰਮਾਤਮਾ ਦੀ ਸੂਝ-ਬੂਝ ਪ੍ਰਾਪਤ ਕੀਤੀ ਹੈ ਜਿਹੜਾ ਕਦੇ ਘਟਦਾ ਵਧਦਾ ਨਹੀਂ, ਮੈਂ ਉਸ ਗੁਰੂ ਦੇ ਘਰ ਵਿਚ (ਸਦਾ) ਪਾਣੀ ਢੋਂਦਾ ਹਾਂ । ੪ ।

੧੦੬- **ਨਿਰੰਕਾਰ ਮਹਿ ਆਕਾਰੁ ਸਮਾਵੈ ॥ ਅਕਲ ਕਲਾ ਸਚੁ ਸਾਚਿ ਟਿਕਾਵੈ ॥**

**ਸੋ ਨਰੁ ਗਰਭ ਜੋਨਿ ਨਹੀ ਆਵੈ ॥ ੪ ॥** [੪੧੪]-੭ [ਅਕਲ ਕਲਾ--ਜਿਸ ਦੀ ਕਲਾ ਗਿਣਤੀ ਮਿਣਤੀ ਤੋਂ ਪਰੇ ਹੈ ]

**ਅਰਥ:**--ਜਿਹੜਾ ਮਨੁੱਖ ਦਿੱਸਦੇ ਸੰਸਾਰ ਨੂੰ ਅਦ੍ਰਿਸ਼ਟ ਪ੍ਰਭੂ ਵਿਚ ਲੀਨ ਕਰ ਲੈਂਦਾ ਹੈ (ਭਾਵ, ਆਪਣੀ ਬ੍ਰਿਤੀ ਨੂੰ ਬਾਹਰ ਵਲੋਂ ਰੋਕ ਕੇ ਅੰਦਰ ਲੈ ਆਉਂਦਾ ਹੈ) ਜਿਸ ਪ੍ਰਭੂ ਦੀ ਸੱਤਿਆ ਗਿਣਤੀ-ਮਿਣਤੀ ਤੋਂ ਪਰੇ ਹੈ, ਉਸ ਸਦਾ-ਥਿਰ ਪ੍ਰਭੂ ਨੂੰ ਜਿਹੜਾ ਮਨੁੱਖ ਸਿਮਰਨ ਦੀ ਰਾਹੀਂ ਆਪਣੇ ਹਿਰਦੇ ਵਿਚ ਟਿਕਾਉਂਦਾ ਹੈ, ਉਹ ਮਨੁੱਖ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦਾ । ੪ ।

੧੦੭- **ਅਕਲ ਕਲਾ ਨਹ ਪਾਈਐ ਪ੍ਰਭੁ ਅਲਖ ਅਲੇਖੰ ॥ ਖਟੁ ਦਰਸਨ ਭ੍ਰਮਤੇ ਫਿਰਹਿ ਨਹ ਮਿਲੀਐ ਭੇਖੰ... ੧੩ ॥** [੧੦੯੮]-ਵਾਰ

**ਅਕਲ**--ਸੱਤਾ ਧਾਰੀ ਪ੍ਰਭੂ--

੧੦੮- **ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥** [ਅਕਲ-ਪ੍ਰਭੂ । ਕਲਾ ਧਰ--ਸੱਤਾ ਧਾਰਨ ਵਾਲਾ, ਸੱਤਾ ਧਾਰੀ]

**ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ <u>ਕਲਾ ਧਰ</u> ਸੋਈ ॥.... ੫੯ ॥** [੯੪੪]

**ਅਰਥ:**--(ਜਿਸ ਸ਼ਬਦ ਦੀ ਰਾਹੀਂ ਦੁਤੱਰ ਸਾਗਰ ਤਰੀਦਾ ਹੈ) ਉਸ ਸ਼ਬਦ ਨੂੰ ਇੱਕ-ਰਸ ਥਾਂ (ਮਿਲਿਆ ਹੋਇਆ) ਹੈ (ਭਾਵ, ਉਹ ਸ਼ਬਦ ਹਰ ਥਾਂ ਭਰਪੂਰ ਹੈ), ਸ਼ਬਦ ਅਲੱਖ (ਪ੍ਰਭੂ ਦਾ ਰੂਪ) ਹੈ, ਮੈਂ ਜਿਧਰ ਵੇਖਦਾ ਹਾਂ ਉਹ ਸ਼ਬਦ ਹੀ ਸ਼ਬਦ ਹੈ । ੧੮

੧੯-

## ਅਕੁਲ

**ਅਕੁਲ**--ਕਿਸੇ ਕੁਲ ਤੋਂ ਬਿਨਾ, ਅਜਨਮਾ,

੧੦੯- **ਦੇਵੀ ਦੇਵਾ ਪੂਜਹਿ, ਡੋਲਹਿ, ਪਾਰਬ੍ਰਹਮੁ ਨਹੀ ਜਾਨਾ ॥**

**ਕਹਤ ਕਬੀਰ ਅਕੁਲੁ ਨਹੀ ਚੇਤਿਆ, ਬਿਖਿਆ ਸਿਉ ਲਪਟਾਨਾ ॥ ੪ ॥** [੩੩੨]-੧-੪੫

**ਅਰਥ**:--ਦੇਵੀ ਦੇਵਤਿਆਂ ਨੂੰ ਪੂਜਦੇ ਹਨ ਤੇ ਸਹਿਮੇ (-ਡੋਲਹਿ) ਵੀ ਰਹਿੰਦੇ ਹਨ (ਕਿਉਂਕਿ ਅਸਲ ਸੁੱਖ ਦੇਣ ਵਾਲੇ) ਅਕਾਲ ਪੁਰਖ ਨੂੰ ਉਹ ਜਾਣਦੇ ਹੀ ਨਹੀਂ ਹਨ, ਉਹ ਜਾਤਿ-ਕੁਲ-ਰਹਿਤ ਪ੍ਰਭੂ ਨੂੰ ਨਹੀਂ ਸਿਮਰਦੇ ਉਹ (ਸਦਾ) ਮਾਇਆ ਨਾਲ ਲਪਟੇ ਰਹਿੰਦੇ ਹਨ । ੪

੧੧੦- **ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥**
**ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥ ੨ ॥**[੫੯੭]-੬

੧੧੧- **ਅਕੁਲ ਨਿਰੰਜਨ ਪੁਰਖੁ ਅਗਮੁ ਅਪਾਰੀਐ ॥ ਸਚੋ ਸਚਾ ਸਚੁ ਸਚੁ ਨਿਹਾਰੀਐ ॥.... ੧ ॥** [੫੧੮]-ਵਾਰ

੧੧੨- **ਦੁਤੀਆ ਦੁਹ ਕਰਿ ਜਾਨੈ ਅੰਗ ॥ ਮਾਇਆ ਬ੍ਰਹਮ ਰਮੈ ਸਭ ਸੰਗ ॥**
**ਨਾ ਓਹੁ ਬਢੈ ਨ ਘਟਤਾ ਜਾਇ ॥ ਅਕੁਲ ਨਿਰੰਜਨ ਏਕੈ ਭਾਇ ॥ ੩ ॥** [੩੪੩]-ਥਿਤੀ

੧੧੩- **ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ ॥**
**ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ ਲੋਕਾਨੀ ॥ ੩ ॥**[੧੧੯੭]-੧

੧੧੪- **ਅਕੁਲ ਨਿਰੰਜਨ ਸਿਉ ਮਨੁ ਮਾਨਿਆ ਮਨ ਹੀ ਤੇ ਮਨੁ ਮੂਆ ॥**
**ਅੰਤਰਿ ਬਾਹਰਿ ਏਕੋ ਜਾਨਿਆ ਨਾਨਕ ਅਵਰੁ ਨ ਦੂਆ ॥ ੪ ॥**[੧੧੨੭]-੬-੭

੨੦

# " ਬਿਬੇਕ ਬੁਧਿ " ਸਤਿਗੁਰ ਤੇ ਪਾਈ.. ॥

ਬਿਬੇਕ ਦਾ ਅਰਥ ਹੈ ਠੀਕ ਵਿਚਾਰ, ਨਿਰਣਾਊ ਵਿਚਾਰ, ਖੋਟੇ ਖਰੇ ਦੀ ਪਛਾਣ ਕਰਨ ਵਾਲੀ ਵਿਚਾਰ--**ਕਬੀਰ ਰਾਮੈ ਰਾਮ ਕਹੁ ਕਹਿਬੇ ਮਾਹਿ ਬਿਬੇਕ ॥ ਏਕੁ ਅਨੇਕਹਿ ਮਿਲਿ ਗਇਆ, ਏਕ ਸਮਾਨਾ ਏਕ ॥ ੧੯੧** ।[੧੩੭੪] ਭਾਵ, ਹੇ ਕਬੀਰ ! ਰਾਮ ਦਾ ਨਾਮ ਜਪ, ਪਰ ਜਪਣ ਵੇਲੇ ਇਸ ਪਰਖ ਨੂੰ ਨਹੀਂ ਭੁੱਲਣਾ ਕਿ ਇਕ ਰਾਮ ਤਾਂ ਅਨੇਕਾਂ ਜੀਵਾਂ ਵਿਚ ਵਿਆਪਕ ਹੈ, ਪਰ ਇਕ ਰਾਮ (ਕਥਿਤ ਦਸ਼ਰਥ ਦਾ ਕਥਿਤ ਪੁੱਤ੍ਰ ) ਕੇਵਲ ਇੱਕ ਸਰੀਰ ਵਿਚ ਹੀ ਆਇਆ (ਕਿਹਾ ਜਾਂਦਾ ਹੈ) । ਬੁਧ ਬਿਬੇਕ ਦਾ ਅਰਥ ਹੋਇਆ, ਅਜੇਹੀ ਬੁਧੀ ਜੋ ਖੋਟੇ ਖਰੇ ਦੀ ਪਛਾਣ ਕਰ ਸਕੇ । ਖੋਟ ਵਿਚੋਂ ਤੱਤ ਵਸਤੂ ਦੀ ਚੋਣ ਕਰ ਸਕੇ । ਮਾਇਆ ਮੋਹ ਦੇ ਅੰਧ ਗੁਬਾਰ ਵਿਚੋਂ, ਜਗਤ ਦੇ ਤੱਤ, ਜਗਤ ਦੇ ਮੂਲ, ਪਰਮਾਤਮਾ, ਜੋ ਕਰਨ-ਕਾਰਨ ਹੈ, ਦੀ ਪਛਾਣ ਕਰ ਸਕਣ ਵਾਲੀ ਬੁੱਧ--

੧੧੫- **ਬਿਬੇਕ ਬੁਧ** ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥
ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ ॥ ੪ ॥[੭੧੧]-੧

੧੧੬- **ਕਰਹੁ ਬਿਬੇਕੁ** ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲੀ ॥
ਹਰਿ ਹਰਿ ਰੂਪੁ ਸਭ ਜੋਤਿ ਸਬਾਈ ਹਰਿ ਨਿਕਟਿ ਵਸੈ ਹਰਿ ਕੋਲੀ ॥ ੨ ॥[੧੬੮]-੧-੧੫-੫੩

੧੧੭- ਤੁਮ ਸੁਆਮੀ ਅਗਮ ਅਥਾਹ ਤੂ ਘਟਿ ਘਟਿ ਪੂਰਿ ਰਹਿਆ ॥ ਤੂ ਅਲਖ ਅਭੇਉ ਅਗੰਮੁ ਗੁਰ ਸਤਿਗੁਰ ਬਚਨਿ ਲਹਿਆ ॥ ਧਨੁ ਧੰਨੁ ਤੇ ਜਨ ਪੁਰਖ ਪੂਰੇ ਜਿਨ ਗੁਰ ਸੰਤਸੰਗਤਿ ਮਿਲਿ ਗੁਣ ਰਵੇ ॥ **ਬਿਬੇਕ ਬੁਧਿ** ਬੀਚਾਰਿ ਗੁਰਮੁਖਿ ਗੁਰ ਸਬਦਿ ਖਿਨੁ ਖਿਨੁ ਹਰਿ ਨਿਤ ਚਵੇ ॥ ਜਾ ਬਹਹਿ ਗੁਰਮੁਖਿ ਹਰਿ ਨਾਮੁ ਬੋਲਹਿ ਜਾ ਖੜੇ ਗੁਰਮਖਿ ਹਰਿ ਹਰਿ ਕਹਿਆ ॥ ਤੁਮ ਸੁਆਮੀ ਅਗਮ ਅਥਾਹ ਤੂ ਘਟਿ ਘਟਿ ਪੂਰਿ ਰਹਿਆ ॥ ੨ ।[੧੧੧੪]-੨

੧੧੮- ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸੁ ਪੀਜੈ ॥
ਗੁਰ ਪਰਸਾਦਿ ਪਦਾਰਥੁ ਪਾਇਆ ਸਤਿਗੁਰ ਕਉ ਇਹੁ ਮਨੁ ਦੀਜੈ ॥ ੨ ॥[੧੩੨੫]-੪

੧੧੯- ਗੁਰ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਇਆ ਰਾਮ ॥ ਹਰਿ ਧੂੜਿ ਦੇਵਹੁ ਮੈ ਪੂਰੇ ਗੁਰ ਕੀ ਹਮ ਪਾਪੀ ਮੁਕਤੁ ਕਰਾਇਆ ਰਾਮ ॥ ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ ॥**ਬਿਬੇਕ ਬੁਧੀ** ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥ ਹਰਿ ਹਰਿ ਅਨਦੁ ਭਇਆ ਦਿਨੁ ਰਾਤੀ ਨਾਨਕ ਹਰਿ ਮੀਠ ਲਗਾਏ ॥ ਗੁਰੁ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਏ ॥ ੪ ॥[੭੭੨]-੬-੭-੫-੭-੧੨

੧੨੦- **ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸ ਮਿਲੀਐ ਸੰਕ ਉਤਾਰੇ ॥**
**ਸਤਿਗੁਰ ਮਿਲਿਐ ਪਰਮ ਪਦੁ ਪਾਇਆ ਹਉ ਸਤਿਗੁਰ ਕੈ ਬਲਿਹਾਰੇ ॥ ੩ ॥** [੯੮੧]-੨

੨੧

# ਸਿਆਣਪ

## " ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ " [ਜਪੁ]

ਇਸ ਤੁਕ ਦੇ ਅਰਥ ਲਗ-ਪਗ ਸਾਰੇ ਵਿਦਵਾਨ ਏਹੀ ਕਰਦੇ ਹਨ ਕਿ, ਹਜ਼ਾਰਾਂ ਸਿਆਣਪਾਂ ਹੋਣ ਪਰ ਨਾਲ ਇਕ ਸਿਆਣਪ ਵੀ ਨਹੀਂ ਜਾਂਦੀ । ਪਰ ਮਨੁੱਖਾ ਸਰੀਰ ਵਿਚ ਹੋਰ ਕਈ ਤਰ੍ਹਾਂ ਦੇ ਗਿਆਨ-ਇੰਦ੍ਰੇ ਕਰ-ਇੰਦ੍ਰੇ , ਨਾਲ ਤਾਂ ਉਨ੍ਹਾਂ ਵਿਚੋਂ ਵੀ ਕੋਈ ਨਹੀਂ ਜਾਂਦਾ । ਨਾਲ ਕੇਵਲ ਤਾਂ

ਕਰਮਾਂ ਦੁਆਰਾ ਬਣੇ ਸੰਸਕਾਰ ਹੀ ਜਾਂਦੇ ਹਨ । ਫਿਰ ਕੇਵਲ " ਸਿਆਣਪ ' ਦੇ ਨਾਲ ਨਾ ਜਾਣ ਬਾਰੇ ਹੀ ਲਿਖਣ ਵਿਚ ਕੀ ਭੇਤ ਹੈ ? ਜਪੁ ਸਾਹਿਬ ਦੀ ਪਹਿਲੀ ਪਉੜੀ ਇਸ ਪ੍ਰਕਾਰ ਹੈ:---।

੧੨੧- **ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ ॥**
**ਭੁਖਿਆ ਭੁਖ ਨਾ ਉਤਰੀ, ਜੇ ਬੰਨਾ ਪੁਰੀਆ ਭਾਰ ॥ ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥ ..੧ ॥**

ਲਖਾਂ ਵਾਰੀ ਸਰੀਰ ਧੋ ਧੋ ਕੇ ਸੁੱਚੇ ਬਣਦੇ ਰਹੋ ਇਸ ਤਰ੍ਹਾਂ ਮਨ ਦੀ ਵਿਕਾਰਾਂ ਦੀ ਮੈਲ ਲਹਿ ਕੇ ਮਨ ਸੁੱਚਾ ਕਦੇ ਨਹੀਂ ਬਣਦਾ । ਮੋਨੀ ਹੋ ਕੇ ਲਗਾਤਾਰ ਸਮਾਧੀਆਂ ਲਾਈ ਰੱਖਣ ਨਾਲ ਮਨ ਕਦੇ ਸੁੱਚ ਧਾਰਨ ਨਹੀਂ ਕਰ ਸਕਦਾ, ਭਾਵ, ਚੁੱਪ ਸਾਧੀ ਰਖਿਆਂ ਮਨ ਦੀ ਭਟਕਣਾ ਨਹੀਂ ਹਟਦੀ । ਸਾਰੇ ਸੰਸਾਰ ਦੀ ਮਾਇਆ ਦਾ ਢੇਰ ਲਾ ਲੈਣ ਨਾਲ ਤ੍ਰਿਸ਼ਨਾਂ ਅੱਗ ਕਦੇ ਨਹੀਂ ਬੁੱਝਦੀ---ਜੀਵ ਦੀ ਕਲਿਆਣ ਲਈ ਅਜੇਹੇ ਯਤਨ ਪੁਰਾਤਨ ਕਾਲ ਤੋਂ ਧਰਮ-ਗੁਰੂਆਂ ਨੇ ਅਰੰਭ ਕਰਾਏ ਹੋਏ ਸਨ । ਇਨ੍ਹਾਂ ਕਰਮਕਾਂਡੀ ਯਤਨਾਂ ਨੂੰ ਨਿਸਫਲ ਫੁਰਮਾ ਕੇ ਅਗਲੀ ਪੰਗਤੀ ਵਿਚ ਵੀ ਸਤਿਗੁਰਾਂ ਨੇ ਕੇਵਲ ਸਿਆਣਪ ਦੀ ਗੱਲ ਹੀ ਨਹੀਂ ਕੀਤੀ । ਜ਼ਰੂਰੀ ਅਜੇਹੇ ਧਰਮ-ਕਰਮਾਂ ਵੱਲ ਹੀ ਇਸ਼ਾਰਾ ਕੀਤਾ ਹੈ ਜੋ ਸਿਆਣਪ ਅਥਵਾ ਚਤੁਰਾਈ ਦੁਆਰਾ ਅਰੰਭ ਕੀਤੇ, ਜਾਂ ਅਰੰਭ ਕਰਵਾਏ ਗਏ ਸਨ । ਦਾਸ ਦੇ ਮਨ ਵਿਚ ਉਪਜੀ ਇਸ ਉਤਸੁਕਤਾ ਦੀ ਨਿਵਰਤੀ ਸਤਿਗੁਰਾਂ ਦੇ ਹੀ ਫੁਰਮਾਨ ਤੋਂ ਦੂਰ ਹੋਈ । ਸਤਿਗੁਰਾਂ ਨੇ ਸਪੱਸ਼ਟ ਕੀਤਾ ਹੈ ਕਿ ਸਿਆਣਪ ਦੁਆਰਾ ਕੀਤੇ ਹਠ-ਕਰਮ ਫੋਕਟ ਸਿੱਧ ਹੁੰਦੇ ਹਨ । ਸੋ ਧਰਮ-ਕਰਮ ਕਰਕੇ ਪ੍ਰਭੂ ਪਾ ਲੈਣ ਦੇ ਯਤਨਾਂ ਵਾਲੀਆਂ ਅਜੇਹੀਆਂ ਹਜ਼ਾਰਾਂ ਸਿਆਣਪਾ ਵਿਚੋਂ ਇੱਕ ਵੀ ਜੀਵ ਦੇ ਨਾਲ ਨਹੀਂ ਨਿਭਦੀ । ਗੁਰੂ ਫੁਰਮਾਨ ਇਸ ਪ੍ਰਕਾਰ ਹੈ:--

੧੨੨- **ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ ॥ ਸਹਸ ਸਿਆਣਪ ਕਰਿ**
**ਰਹੇ ਮਨ ਕੋਰੈ ਰੰਗੁ ਨ ਹੋਇ ॥ ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ ॥ ੩ ॥**[੪੦]-੧-੬੫

**ਅਰਥ:**--ਮਨ ਫੇਰ ਹਠ ਨਾਲ (ਕੀਤੇ ਜਪ, ਤਪ ਆਦਿਕ ਸਾਧਨਾਂ ਨਾਲ) ਵਰਗੇ ਯਤਨ ਕਰ ਕਰ ਕੇ ਲੋਕ ਥੱਕ ਜਾਂਦੇ ਹਨ ਪਰ ਕਦੇ ਕਿਸੇ ਨੇ ਪਰਮਾਤਮਾ ਨੂੰ ਨਹੀ ਪਾਇਆ । (ਅਜੇਹੇ ਕਰਮਕਾਂਡੀ ਧਰਮ-ਕਰਮਾਂ ਦੁਆਰਾ ਪ੍ਰਭੂ ਨੂੰ ਪਾ ਲੈਣ ਦੀਆਂ) ਹਜ਼ਾਰਾਂ ਸਿਆਣਪਾਂ ਕਰਨ ਵਾਲੇ ਲੋਕਾਂ ( ਦਾ ਮਨ ਪ੍ਰਭੂ-ਪ੍ਰੇਮ ਵਲੋਂ ਕੋਰਾ ਹੀ ਰਹਿੰਦਾ ਹੈ, ਅਜੇਹੀਆਂ ਸਿਆਣਪਾਂ ਨਿਸਫ਼ਲ ਹੀ ਜਾਂਦੀਆਂ ਹਨ, ਤੇ )ਜੇ ਮਨ (ਪ੍ਰਭੂ-ਪ੍ਰੇਮ ਤੋਂ) ਕੋਰਾ ਰਹੇ ਤਾਂ ਨਾਮ ਰੰਗ ਕਦੇ ਨਹੀਂ ਚੜ੍ਹਦਾ । ਨਾਸਵੰਤ ਮਾਇਆ (=ਕੂੜਿ) ਦੀ ਪਕੜ ਵਿਚ ਆਏ (ਮਨ ਦੇ ਹਠ-ਕਰਮਾਂ ਦੀ) ਠੱਗੀ ਨਾਲ ਕਦੇ ਕਿਸੇ ਨੇ ਪਰਮਾਤਮਾ ਨੂੰ ਨਹੀਂ ਲੱਭਾ । (ਇਹ ਪੱਕਾ ਨੀਯਮ ਹੈ, ਕਿ ਅਜੇਹੀਆਂ ਹਜ਼ਾਰਾਂ ਫੋਕੀਆਂ ਸਿਆਣਪਾਂ ਜੀਵ ਦੇ ਨਾਲ ਨਹੀਂ ਨਿਭਦੀਆਂ ਸਗੋਂ) ਜੋ ਕੁਝ ਕੋਈ ਬੀਜਦਾ ਹੈ ਉਹੀ ਉਹ ਖਾਂਦਾ ਹੈ । ੩ ।

ਧਰਮ-ਕਰਮਾਂ ਦੁਆਰਾ ਠੱਗੀਆਂ ਮਾਰਨ ਦੇ ਯਤਨਾਂ ਵਾਲੀਆਂ ਸਿਆਣਪਾਂ ਦਾ ਜ਼ਿਕਰ ਗੁਰਬਾਣੀ ਵਿਚ ਕਈ ਵਾਰੀ ਆਇਆ ਹੈ ।---**ਸਹਸ ਸਿਆਨਪ ਲਇਆ ਨਾ ਜਾਈਐ ॥ ਨਾਨਕ ਐਸਾ ਗੁਰੁ ਬਡਭਾਗੀ ਪਾਈਐ** ॥ ੩॥ (ਸੁਖਮਨੀ) ਅਤੇ ਫਿਰ---**ਸਹਸ ਸਿਆਣਪ ਕਰਿ ਰਹੇ, ਮਨਿ ਕੋਰੈ ਰੰਗੁ ਨ ਹੋਇ** ॥ [੩੯] ਅਜੇਹੇ ਕੁਝ ਹੋਰ ਗੁਰੂ ਫੁਰਮਾਨ:--

੧੨੩- **ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ ॥ ਬਿਨੁ ਸੰਗਤਿ ਸਾਧ ਨ ਧ੍ਰਾਪੀਆ**
**ਬਿਨੁ ਨਾਵੈ ਦੂਖ ਸੰਤਾਪੁ ॥ ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ ॥ ੩ ॥**[੨੦]-੧੭

੧੨੪- **ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥ ਅਨਿਕ ਜਤਨ ਕਰਿ ਤ੍ਰਿਸਨ ਨ ਧ੍ਰਾਪੈ ॥**
**ਭੇਖ ਅਨੇਕ ਅਗਨਿ ਨਹੀ ਬੁਝੈ ॥ ਕੋਟਿ ਉਪਾਵ ਦਰਗਹ ਨਹੀ ਸਿਝੈ ॥.... ੪ ॥** [੨੬੫-੬੬]-ਅਸਟ-੩

**ਅਰਥ**-(ਰੱਬ ਨੂੰ ਵੱਸ ਵਿਚ ਕਰ ਲੈਣ ਵਾਲੀਆਂ ਅਜੇਹੀਆਂ) ਬਹੁਤੀਆਂ ਸਿਆਣਪਾਂ ਕਰਨ ਨਾਲ ਸਗੋਂ ਜਮਾਂ ਦਾ ਡਰ (ਜੀਵ ਨੂੰ) ਆ ਦਬਾਉਂਦਾ ਹੈ, ਕਿਉਂਕਿ ਅਜੇਹੇ ਯਤਨ ਕੀਤਿਆ (ਮਾਇਆ ਦੀ ਤ੍ਰਿਹ ਨਹੀਂ ਮੁੱਕਦੀ । ਅਨੇਕਾਂ ਧਾਮਿਕ ਭੇਖ ਧਾਰਨ ਕਰਨ (ਵਾਲੀ ਚਤੁਰਾਈ) ਕੀਤਿਆਂ ਤ੍ਰਿਸ਼ਨਾਂ ਦੀ ਅੱਗ ਨਹੀਂ ਬੁੱਝਦੀ, (ਇਹੋ ਜਿਹੇ) ਕ੍ਰੋੜਾਂ ਤਰੀਕੇ (ਵਰਤਿਆਂ ਪ੍ਰਭੂ ਦੀ) ਦਰਗਾਹ ਵਿਚ ਸੁਰਖਰੂ ਨਹੀਂ ਹੋ ਸਕੀਦਾ ।

## ੨੨

# ਤਜਹੁ ਸਿਆਨਪ ਸੁਰਿ ਜਨਹੁ .. ॥

੧੨੫- **ਸਲੋਕ ॥ ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ ॥**
**ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥ ੧ ॥**[੨੮੧]-ਅਸਟ-੧੪

**ਅਰਥ:**--ਹੇ ਭਲੇ ਪੁਰਖੋ ! (ਪਰਮਾਤਮਾ ਨੂੰ ਫ਼ੋਕੇ ਕਰਮਕਾਂਡੀ ਢੰਗਾਂ ਨਾ ਰਿਝਾ ਲੈਣ ਵਾਲੀਆਂ) ਸਿਆਣਪਾਂ ਛੱਡੋ ਤੇ ਅਕਾਲ ਪੁਰਖ ਨੂੰ ਸਿਮਰੋ, ਕੇਵਲ ਪ੍ਰਭੂ ਦੀ ਆਸ ਮਨ ਵਿਚ ਰੱਖੋ । ਹੇ ਨਾਨਕ ! (ਇਸ ਤਰ੍ਹਾਂ) ਦੁੱਖ ਵਹਿਮ ਤੇ ਡਰ ਦੂਰ ਹੋ ਜਾਂਦਾ ਹੈ । ੧ ।

ਯਾਦ ਰਹੇ ਕਿ ਸਤਿਗੁਰਾਂ ਨੇ ਸਿਆਣਪ ਅਥਵਾ ਅਕਲ ਨੂੰ ਬੁਰਾ ਨਹੀਂ ਕਿਹਾ । ਸ਼ੁੱਭ ਕਰਮ, ਨੇਕ ਕਰਮ, ਸ਼ਲਾਘਾ ਜੋਗ ਕਰਮ, ਸਿਆਣਪ ਤੋਂ ਬਿਨਾਂ ਨਹੀਂ ਕੀਤੇ ਜਾ ਸਕਦੇ । ਕਿਸੇ ਕਸੂਤੀ ਮੁਸੀਬਤ ਵਿਚ ਫ਼ਸੇ ਦੁਖਿਆਰੇ ਦੀ ਸਹਾਇਤਾ ਕਰਨ ਲਈ ਕਿਸੇ ਸਿਆਣੇ ਮਨੁੱਖ ਦੀ ਭਾਲ ਕੀਤੀ ਜਾਂਦੀ ਹੈ । ਸੋ ਗੁਰਮਤਿ ਨੇ ਉਸੇ ' ਸਿਆਣਪ ' ਨੂੰ ਨਿਸਫ਼ਲ ਕਿਹਾ ਗਿਆ ਹੈ ਜਿਹੜੀ ਫੋਕਟ ਧਰਮ-ਕਰਮਾਂ ਦੁਆਰਾ ਪ੍ਰਭੂ ਨੂੰ ਖ਼ੁਸ਼ ਕਰਨ ਲਈ ਅਥਵਾ ਲੋਕਾਂ ਵਿਚ ਧਰਮੀ ਪ੍ਰਸਿੱਧ ਹੋਣ ਲਈ ਵਰਤੀ ਜਾਂਦੀ ਹੈ । ਸੁਆਰਥ-ਸਿੱਧੀ ਲਈ ਠੱਗੀਆਂ ਮਾਰਨ ਦੇ ਢੰਗ ਬਣਾਉਂਣ ਵਾਲੀ ਸਿਆਣਪ ਸਤਿਗੁਰਾਂ ਨੂੰ ਨਹੀਂ ਭਾਈ । ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਪ੍ਰਭੂ ਨੂੰ ਖ਼ੁਸ਼ ਕਰਨ ਲਈ ਕਥਿਤ ਵਿਧੀਆਂ ਅਨੁਸਾਰ ਧਰਮ-ਕਰਮ ਕਰਨ ਦੀ ਸਿਆਣਪ ਛੱਡ ਕੇ ਹਿਰਦੇ ਤੋਂ ਪ੍ਰਭੂ ਦਾ ਸਿਮਰਨ ਕਰਨਾ ਗੁਰਮਤਿ ਹੈ । ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਸਚੇ ਨਾਮ ਤੋਂ ਬਿਨਾਂ ਬਾਕੀ ਸਿਆਣਪਾਂ ਦੇ ਸਾਰੇ ਅਡੰਬਰ ਆਦਿ ਸਭ ਨਿਸਫ਼ਲ ਹਨ:--

੧੨੬- **ਤਿਆਗਿ ਸਗਲ ਸਿਆਨਪਾ ਭਜੁ ਪਾਰਬ੍ਰਹਮ ਨਿਰੰਕਾਰੁ ॥ ਏਕ ਸਾਚੇ ਨਾਮ ਬਾਝਹੁ ਸਗਲ ਦੀਸੈ ਛਾਰੁ ॥ ੧ ।**[੪੦੫]-

੧੨੭- ਮਨ ਮੇਰੇ ਕਰਤੇ ਨੋ ਸਾਲਾਹਿ ॥ **ਸਭੇ ਛਡਿ ਸਿਆਣਪਾ** ਗੁਰ ਕੀ ਪੈਰੀ ਪਾਹਿ ॥ ੧ ॥ ਰਹਾਉ ॥[੪੩]-੫-੭੫

੧੨੮- ਗੁਰਮਤਿ ਸਾਚੀ ਹੁਜਤਿ ਦੂਰਿ ॥ ਬਹੁਤੁ **ਸਿਆਣਪ** ਲਾਗੈ ਧੂਰਿ ॥
ਲਾਗੀ ਮੈਲੁ ਮਿਟੈ ਸਚ ਨਾਇ ॥ ਗੁਰ ਪਰਸਾਦਿ ਰਹੈ ਲਿਵ ਲਾਇ ॥ ੧ ॥[੩੫੨]-੧੩

੧੨੯- **ਛਾਡਿ ਸਗਲ ਸਿਆਣਪਾ** ਸਾਧ ਸਰਣੀ ਆਉ ॥ ਪਾਰਬ੍ਰਹਮ ਪਰਮੇਸਰੋ ਪ੍ਰਭੂ ਕੇ ਗੁਣ ਗਾਉ ॥ ੧ ॥[੫੦੧]-੧-੨੭

੧੩੦- **ਸਿਆਨਪ ਕਾਹੂ ਕਾਮਿ ਨ ਆਤ** ॥ ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ ॥ ੧ ॥ ਰਹਾਉ ॥[੪੯੬]-੪-੫

੧੩੧- ਅਮਰੁ ਵੇਪਰਵਾਹੁ ਹੈ ਤਿਸੁ ਨਾਲਿ **ਸਿਆਣਪ** ਨ ਚਲਈ ਨ ਹੁਜਤਿ ਕਰਣੀ ਜਾਇ ॥
ਆਪੁ ਛੋਡਿ ਸਰਣਾਇ ਪਵੈ ਮੰਨਿ ਲਏ ਰਜਾਇ ॥ ਗੁਰਮੁਖਿ ਜਮ ਡੰਡੁ ਨ ਲਗਈ ਹਉਮੈ
ਵਿਚਹੁ ਜਾਇ ॥ ਨਾਨਕ ਸੇਵਕੁ ਸੋਈ ਆਖੀਐ ਜਿ ਸਚਿ ਰਹੈ ਲਿਵ ਲਾਇ ॥ ੧ ॥[੧੨੫੧]-ਵਾ-੩੫

੨੩

# ਚਤੁਰਾਈ

ਜਿਵੇਂ ਗੁਰਮਤਿ ਵਿਚ ਵਿਖਾਵੇ ਵਾਲੇ ਧਰਮ ਕਰਮ ਕਰਕੇ ਪ੍ਰਭੂ ਨੂੰ ਪ੍ਰਸੰਨ ਕਰਨ ਵਿਚ ਵਰਤੀ ਸਿਆਣਪ ਨੂੰ ਥਾਂ ਨਹੀਂ, ਉਸੇ ਹੀ ਅਰਥਾਂ ਵਾਲੀ ਚਤੁਰਾਈ ਵੀ ਸਤਿਗੁਰਾਂ ਨੇ ਪਸੰਦ ਨਹੀਂ ਕੀਤੀ:--

੧੩੨- ....ਬੁਧਿ ਪਾਠਿ ਨ ਪਾਈਐ ਬਹੁ **ਚਤੁਰਾਈਐ** ਭਾਇ ਮਿਲੈ ਮਨਿ ਭਾਣੇ ॥
ਨਾਨਕ ਠਾਕੁਰ ਮੀਤ ਹਮਾਰੇ ਹਮ ਨਾਹੀ ਲੋਕਾਣੇ ॥ ੪ ॥[੪੩੬]-੧

**ਅਰਥ**:--ਪ੍ਰਭੂ ਕਿਸੇ ਚਤੁਰਾਈ ਨਾਲ ਜਾਂ ਬੜੀ ਅਕਲਮੰਦੀ ਨਾਲ (ਬਣਾਏ ਵਿਧੀ ਵਿਧਾਨ ਨਾਲ) ਕੀਤੇ (ਕਿਸੇ ਧਾਰਮਿਕ ਗ੍ਰੰਥਾਂ ਦੇ) ਪਾਠ ਨਾਲ ਨਹੀਂ ਮਿਲਦਾ, ਉਹ ਤਾਂ ਪ੍ਰੇਮ ਦੇ ਰਾਹੀਂ ਮਿਲਦਾ ਹੈ, ਉਸ ਨੂੰ ਮਿਲਦਾ ਹੈ ਜਿਸ ਦੇ ਮਨ ਵਿਚ (ਪ੍ਰਭੂ ਨਾਲ ਸੱਚਾ) ਪਿਆਰ ਹੁੰਦਾ ਹੈ । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ--ਹੇ ਮੇਰੇ ਠਾਕੁਰ ! ਹੇ ਮੇਰੇ ਮਿੱਤਰ ! (ਮਿਹਰ ਕਰ ਮੈਨੂੰ ਆਪਣਾ ਬਣਾਈ ਰੱਖ) ਮੈਂ (ਤੈਥੋਂ ਬਿਨਾ) ਕਿਸੇ ਹੋਰ ਦਾ ਨਾ ਬਣਾਂ । ੪ ।

੧੩੩- ਰੇ ਜਨ, ਮਨੁ ਮਾਧਉ ਸਿਉ ਲਾਈਐ ॥ **ਚਤੁਰਾਈ ਨ ਚਤੁਰਭੁਜੁ ਪਾਈਐ** ॥ ੧ ॥ ਰਹਾਉ ॥[੩੨੪]-੬

੧੩੪- ਜਿਸੁ ਜਲਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥
**ਛੋਡਹੁ ਵੇਸੁ ਭੇਖ ਚਤੁਰਾਈ** ਦੁਬਿਧਾ ਇਹੁ ਫਲੁ ਨਾਹੀ ਜੀਉ ॥ ੧ ॥[੫੯੮]-੯

**ਅਰਥ**:--(ਹੇ ਭਾਈ ! ਜਿਸ ਅੰਮ੍ਰਿਤ ਦੇ ਖ਼ਜ਼ਾਨੇ ਦੀ ਖ਼ਾਤਰ ਤੁਸੀ ਜਗਤ ਵਿਚ ਆਏ ਹੋ ਉਹ ਅੰਮ੍ਰਿਤ ਗੁਰੂ ਪਾਸੋਂ ਮਿਲਦਾ ਹੈ, ਪਰ ਧਾਰਮਿਕ ਭੇਖ ਦਾ ਪਹਿਰਾਵਾ ਛੱਡੋ, ਮਨ ਦੀ ਚਲਾਕੀ ਵੀ ਛੱਡੋ (ਬਾਹਰੋਂ ਸ਼ਕਲ ਧਰਮੀਆਂ ਵਾਲੀ, ਤੇ ਅੰਦਰ ਦੁਨੀਆਂ ਨੂੰ ਠੱਗਣ ਦੀ ਚਲਾਕੀ) ਇਸ ਦੋ-ਰੁਖੀ ਚਾਲ ਵਿਚ ਪਿਆਂ ਇਹ ਅੰਮ੍ਰਿਤ-ਫਲ ਨਹੀਂ ਮਿਲ ਸਕਦਾ । ੧ ।

੧੩੫- ਤੇਰੇ ਲਾਲੇ ਕਿਆ **ਚਤੁਰਾਈ** ॥ ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥ ੧ ॥ ਰਹਾਉ ॥੯੯੧]-੬

**ਅਰਥ**:-(ਹੇ ਪ੍ਰਭੂ !) ਮੈਨੂੰ ਤੇਰੇ ਗੁਲਾਮ (-ਲਾਲੇ) ਨੂੰ ਅਜੇ ਪੂਰੀ ਸਮਝ ਨਹੀਂ ਹੈ, ਮੈਥੋਂ ਹੇ ਸਾਹਿਬ ! ਤੇਰਾ ਹੁਕਮ ਪੂਰੇ ਤੌਰ ਤੇ ਸਿਰੇ ਨਹੀਂ ਚੜ੍ਹਦਾ (ਅਕਲ ਤਾਂ ਇਹ ਚਾਹੀਦੀ ਸੀ ਕਿ ਸੇਵਾ ਹੁਕਮ ਤੋਂ ਵਧੀਕ ਕੀਤੀ ਜਾਏ, ਪਰ ਵਾਧਾ ਕਰਨਾ ਤਾਂ ਕਿਤੇ ਰਿਹਾ, ਪੂਰੀ ਸੇਵਾ ਵੀ ਨਿਬਾਹੀ ਨਹੀਂ ਜਾਂਦੀ) । ੧ । ਰਹਾਉ ।

੧੩੬- ਝੂਠੀ ਦੁਰਮਤਿ ਕੀ **ਚਤੁਰਾਈ** ॥ ਬਿਨਸਤ ਬਾਰ ਨ ਲਾਗੈ ਕਾਈ ॥ ੧ ॥ ਰਹਾਉ ॥[੧੩੪੫]-੭

**ਅਰਥ**:--ਭੈੜੀ ਮਤਿ ਤੋਂ ਪੈਦਾਹੋਈ ਸਿਆਣਪ ਮਨੁੱਖ ਨੂੰ ਨਾਸਵੰਤ ਪਦਾਰਥਾਂ ਵਲ ਹੀ ਪ੍ਰੇਰਦੀ ਹੈ, ਅਜੇਹੀ ਸਿਆਣਪ ਦੇ ਕਾਰਨ ਮਨੁੱਖ ਨੂੰ ਆਤਮਕ ਮੌਤੇ ਮਰਦਿਆਂ ਜ਼ਰਾ ਚਿਰ ਨਹੀਂ ਲੱਗਦਾ ॥ ੧ ॥ ਰਹਾਉ ॥

੧੩੭- ਏ ਮਨ ਚੰਚਲਾ **ਚਤੁਰਾਈ ਕਿਨੈ ਨ ਪਾਇਆ** ॥ **ਚਤੁਰਾਈ ਨ ਪਾਇਆ** ਕਿਨੈ ਤੂ
ਸੁਣਿ ਮੰਨ ਮੇਰਿਆ ॥ ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥ ਮਾਇਆ
ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥ ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ
ਮੋਹੁ ਮੀਠਾ ਲਾਇਆ ॥ **ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ** ॥ ੧੦ ॥ [੯੧੮]

੨੪

# ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥

੧੩੮- ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ **ਇਆਣੇ** ॥ ਧੰਨੁ ਧੰਨੁ ਗੁਰੂ
ਗੁਰੁ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥ ੧ ॥ ਰਹਾਉ ॥[੧੬੮]-੭-੧੩-੫੧

੧੩੯- ਮਹਲਾ ੨ ॥ **ਨਾਲਿ ਇਆਣੇ** ਦੋਸਤੀ ਕਦੇ ਨ ਆਵੈ ਰਾਸਿ ॥ ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ ॥
ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥ ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ ॥
ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥ ੩ ॥ ਮਹਲਾ ੨ ॥ ਨਾਲਿ **ਇਆਣੇ** ਦੋਸਤੀ ਵਡਾਰੂ ਸਿਉ ਨੇਹੁ ॥
ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ ॥ ੪ ॥ਮਹਲਾ ੨॥ ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ ॥
ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ ॥ ੫ ॥[੪੭੪]-ਵਾਰ-੨੨

**ਅਰਥ**:--ਕੋਈ ਵੀ ਮਨੁੱਖ ਪਰਖ ਕੇ ਵੇਖ ਲਏ, ਕਿਸੇ ਅੰਞਾਣੇ ਨਾਲ ਲੱਗੀ ਹੋਈ ਮਿੱਤ੍ਰਤਾ ਕਦੇ ਸਿਰੇ ਨਹੀਂ ਚੜ੍ਹਦੀ, ਕਿਉਂਕਿ ਉਸ ਅੰਞਾਣ ਦਾ ਰਵੱਈਆ ਉਹੋ ਜਿਹਾ ਹੀ ਹੁੰਦਾ ਹੈ ਜਿਹੋ ਜਿਹੀ ਉਸ ਦੀ ਸਮਝ ਹੁੰਦੀ ਹੈ (ਏਸ ਤਰ੍ਹਾਂ ਇਸ ਮੂਰਖ ਮਨ ਦੇ ਕਹੇ ਲੱਗਿਆਂ ਕਦੇ ਲਾਭ ਨਹੀਂ ਹੁੰਦਾ, ਇਹ ਮਨ ਆਪਣੀ ਸਮਝ ਅਨੁਸਾਰ ਵਿਕਾਰਾਂ ਵਲ ਹੀ ਲਈ

ਫਿਰਦਾ ਹੈ) । ਕਿਸੇ ਚੀਜ਼ ਵਿਚ ਕੋਈ ਹੋਰ ਚੀਜ਼ ਤਾਂ ਹੀ ਪੈ ਸਕਦੀ ਹੈ, ਜੇ ਉਸ ਵਿਚੋਂ ਪਹਿਲੀ ਪਈ ਹੋਈ ਚੀਜ਼ ਕੱਢ ਲਈ ਜਾਏ, (ਇਸੇ ਤਰ੍ਹਾਂ ਮਨ ਨੂੰ ਪ੍ਰਭੂ ਵਲ ਜੋੜਨ ਲਈ ਇਹ ਜ਼ਰੂਰੀ ਹੈ ਕਿ ਇਸ ਦਾ ਪਹਿਲਾ ਸੁਭਾਉ ਤਬਦੀਲ ਕੀਤਾ ਜਾਏ) । ਖ਼ਸਮ ਨਾਲ ਹੁਕਮ ਕੀਤਾ ਹੋਇਆ ਸਫ਼ਲ ਨਹੀਂ ਹੋ ਸਕਦਾ, ਉਸ ਦੇ ਅੱਗੇ ਨਿਮ੍ਰਤਾ ਹੀ ਫੱਬਦੀ ਹੈ । (ਮਨ ਦੀ ਹੈਂਕੜ ਪ੍ਰਭੂ ਦਰਬਾਰ ਵਿਚ ਪ੍ਰਵਾਨ ਨਹੀਂ ਹੈ) । ਝੂਠ (ਧੋਖਾ, ਦਗ਼ਾ ਫ਼ਰੇਬ) ਦਾ ਕੰਮ ਕੀਤਿਆਂ ਧੋਖਾ ਹੀ ਹੁੰਦਾ ਹੈ (ਭਾਵ ਜਿੰਨਾ ਚਿਰ ਮਨੁੱਖ ਪ੍ਰਭੂ ਨੂੰ ਵਿਸਾਰ ਕੇ ਦੁਨੀਆਂ ਦੇ ਧੰਦਿਆਂ ਵਿਚ ਲੱਗਾ, ਮਾਇਆ ਕਮਾਉਣ ਲਈ ਪਾਪੜ ਵੇਲਦਾ ਰਹਿੰਦਾ ਹੈ, ਉਨ੍ਹਾਂ ਚਿਰ ਕੋਈ ਨ ਕੋਈ ਚਿੰਤਾ ਮਨ ਨੂੰ ਘੇਰੀ ਰੱਖਦੀ ਹੈ) ਪ੍ਰਭੂ ਦੀ ਸਿਫ਼ਤਿ ਸਲਾਹ ਕੀਤਿਆਂ ਹੀ ਮਨ ਖੇੜੇ ਵਿਚ ਆਉਂਦਾ ਹੈ (ਪ੍ਰੇਸ਼ਾਨੀਆਂ ਦਾ ਖ਼ਾਤਮਾ ਪ੍ਰਭੂ ਦੀ ਯਾਦ ਹੈ) । ੩ । [ਇਸ ਲਈ ਹੇ ਕੱਚੀ ਮਤਿ ਵਾਲੇ ਮਨੁੱਖ ਧਿਆਨ ਨਾਲ ਸੁਣ-- **ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥**[੨੮੮]

ਅੰਞਾਣੇ ਨਾਲ ਮਿੱਤਰਤਾ, ਜਾਂ ਆਪਣੇ ਨਾਲੋਂ ਵੱਡੇ ਨਾਲ ਪਿਆਰ--ਇਹ ਇਉਂ ਹਨ ਜਿਵੇਂ ਪਾਣੀ ਵਿਚ ਲੀਕਾਂ, ਉਸ ਲੀਕ ਦਾ ਕੋਈ ਨਿਸ਼ਾਨ ਨਹੀਂ ਰਹਿੰਦਾ (ਏਸੇ ਤਰ੍ਹਾਂ ਅੰਞਾਣੇ ਨਾਲ ਅਤੇ ਆਪ ਤੋਂ ਵੱਡੇ ਨਾਲ ਮਿੱਤਰਤਾਈ ਦਾ ਖਾਤਮਾ ਹੋਣ ਲੱਗਿਆਂ ਢਿੱਲ ਨਹੀਂ ਲੱਗਦੀ । ੪ ।

ਜੇ ਕੋਈ ਅੰਞਾਣਾ ਹੋਵੇ ਤੇ ਉਹ ਕੋਈ ਕੰਮ ਕਰੇ, ਉਹ ਕੰਮ ਨੂੰ ਸਿਰੇ ਨਹੀਂ ਚਾੜ੍ਹ ਸਕਦਾ, ਜੇ ਭਲਾ ਉਹ ਕਦੇ ਕੋਈ ਮਾੜਾ-ਮੋਟਾ ਕੰਮ ਕਰ ਵੀ ਲਏ, (ਤਾਂ ਇਸ ਦਾ ਭਾਵ ਇਹ ਨਹੀਂ ਕਿ ਉਹ ਮਤਿ ਹੀਨ ਅੰਞਾਣ ਮਨੁੱਖ ਸਾਰੇ ਕੰਮ ਠੀਕ ਕਰਨ ਜੋਗਾ ਹੈ, ਨਹੀਂ ਸਗੋਂ ਉਹ) ਦੂਜਾ ਕੰਮ ਵਿਗਾੜ ਦਏਗਾ ।

੧੪੦- **ਹਮਰੀ ਜਿਹਬਾ ਏਕ ਪ੍ਰਭ ਹਰਿ ਕੇ ਗੁਣ ਅਗਮ ਅਥਾਹ ॥**
**ਹਮ ਕਿਉ ਕਰਿ ਜਪਹ ਇਆਣਿਆ ਹਰਿ ਤੁਮ ਵਡ ਅਗਮ ਅਗਾਹ ..... ੧ ॥** [੧੩੧੪]-ਵਾ-੫

੧੪੧- **ਆਪਣਾ ਖਸਮੁ ਜਨਿ ਆਪਿ ਧਿਆਇਆ ॥ ਇਆਣਾ ਪਾਪੀ ਓਹੁ ਆਪਿ ਪਚਾਇਆ ॥ ੨ ॥** [੧੧੩੭]-੯

੧੪੨ **ਬਲੂਆ ਕੇ ਘਰੂਆ ਮਹਿ ਬਸਤੇ, ਫੁਲਵਤ ਦੇ ਅਇਆਨੇ ॥**
**ਕਹੁ ਕਬੀਰ, ਜਿਹ ਰਾਮੁ ਨ ਚੇਤਿਓ, ਬੂਡੇ ਬਹੁਤੁ ਸਿਆਨੇ ॥ ੪ ॥** [੧੧੨੪]

**ਅਰਥ:**--ਹੇ ਅੰਞਾਣ !(ਇਹ ਤੇਰਾ ਸਰੀਰ ਰੇਤ ਦੇ ਘਰ ਸਮਾਨ ਹੈ) ਤੂੰ ਰੇਤ ਦੇ ਘਰ ਵਿਚ ਵੱਸਦਾ ਹੈਂ, ਤੇ ਇਸ ਸਰੀਰ ਉੱਤੇ ਮਾਣ ਕਰਦਾ ਹੈਂ । ਕਬੀਰ ਸਾਹਿਬ--ਜਿੰਨ੍ਹਾਂ ਬੰਦਿਆਂ ਨੇ ਪ੍ਰਭੂ ਦਾ ਸਿਮਰਨ ਨਹੀਂ ਕੀਤਾ, ਉਹ ਬੜੇ ਬੜੇ ਸਿਆਣੇ ਵੀ (ਸੰਸਾਰ-ਸਮੁੰਦਰ) ਵਿਚ ਡੁੱਬ ਗਏ । ੪ ।

੧੪੩- **ਤੁਮਰੀ ਟੇਕ ਪੂਰੇ ਮੇਰੇ ਸਤਿਗੁਰ ਮਨ ਸਰਨਿ ਤੁਮਾਰੈ ਪਰੀ ॥**
**ਅਚੇਤ ਇਆਨੇ** ਬਾਰਿਕ ਨਾਨਕ ਹਮ ਤੁਮ ਰਾਖਹੁ ਧਾਰਿ ਕਰੀ ॥ ੨ ॥ [੪੯੯]-੯-੧੮

੧੪੪- ਰੂਪਵੰਤੁ ਸੋ ਚਤੁਰੁ **ਸਿਆਣਾ** ॥ ਜਿਨਿ ਜਨਿ ਮਾਨਿਆ ਪ੍ਰਭ ਕਾ ਭਾਣਾ ॥ ੨ ॥ [੧੯੮]-੯੦-੧੫੯

੧੪੫- ਉਕਤਿ ਸਿਆਨਪ ਕਿਛੂ ਨ ਜਾਨਾ ॥ ਦਿਨੁ ਰੈਣਿ ਤੇਰਾ ਨਾਮੁ ਵਖਾਨਾ ॥ ੧ ॥ [੩੮੮]-੧੮-੬੯

੧੪੬- **ਉਦਮੁ ਸਕਤਿ ਸਿਆਣਪ ਤੁਮਰੀ** ਦੇਹਿ ਤ ਨਾਮੁ ਵਖਾਣੀ ॥
ਸੋਈ ਭਗਤ ਭਗਤਿ ਸੇ ਲਾਗੇ ਨਾਨਕ ਜੋ ਪ੍ਰਭ ਭਾਣੀ ॥ ੨ ॥ [੧੨੧੯]-੫੬-੭੯

੧੪੭- ਸੋਈ **ਚਤੁਰੁ ਸਿਆਣਾ** ਪੰਡਿਤੁ ਸੋ ਸੂਰਾ ਸੋ ਦਾਨਾਂ ॥
ਸਾਧ ਸੰਗਿ ਜਿਨਿ ਹਰਿ ਹਰਿ ਜਪਿਓ ਨਾਨਕ ਸੋ ਪਰਵਾਨਾ ॥ ੨ ॥ [੧੨੨੧]-੬੭-੯੦

੧੪੮- **ਇਆਨੜੀਏ** ਮਾਨੜਾ ਕਾਇ ਕਰੇਹਿ ॥ ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥ ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂੰਢੇਹ ॥ ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥ ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥ ੧ ॥ **ਇਆਣੀ ਬਾਲੀ** ਕਿਆ ਕਰੇ ਜਾ ਧਨ ਕੰਤ ਨ ਭਾਵੈ ॥ ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ ॥ ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ॥ ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥ ਇਨੀ ਬਾਤੀ ਸਹੁ ਪਾਈਐ ਨਾਹੀ ਭਈ **ਕਾਮਣਿ ਇਆਣੀ** ॥ ੨ ॥ [੭੨੨]-੨-੪

੨੫

## ਗਿਆਨ

ਜਪ ਸਾਹਿਬ ਵਿਚ ਆਏ ਗਿਆਨ ਲਫ਼ਜ਼ ਦਾ ਵੇਰਵਾ--"**ਸੁਣਿਐ ਸਤੁ ਸੰਤੋਖੁ ਗਿਆਨੁ ॥** [ਜਪੁ ਪਉੜੀ-੧੦] **ਅਸੰਖ ਭਗਤ, ਗੁਣ ਗਿਆਨ ਵੀਚਾਰੁ ॥** [ਜਪੁ-ਪਉੜੀ--੧੭]-**ਅਖਰੀ, ਗਿਆਨੁ ਗੀਤ ਗੁਣ ਗਾਹ ॥**[ਜਪੁ-ਪਉੜੀ-੧੯]--**ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥**[ਜਪੁ-੨੯]--**ਜੋਰੁ ਨ ਸੁਰਤੀ ਗਿਆਨਿ ਵਿਚਾਰਿ ॥**[ਜਪੁ]-੩੩] **ਗਿਆਨ ਖੰਡ ਕਾ ਆਖਹੁ ਕਰਮ ॥**[ਜਪੁ-੩੫]--**ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥** [ਜਪੁ-੩੬]

ਗਿਆਨ ਦੇ ਦੋ ਪੱਖ ਹਨ । ਅਧਿਆਤਮਕ ਗਿਆਨ ਅਤੇ ਸੰਸਾਰਕ ਗਿਆਨ, ਭਾਵ ਮਾਇਕ ਪਦਾਰਥਾਂ ਦਾ ਗਿਆਨ । ਪ੍ਰਭੂ ਦੇ ਪ੍ਰੇਮ-ਰੰਗ ਵਿਚ ਰੰਗੀ ਆਤਮਾ ਤੋਂ ਸਖਣਾ, ਕੇਵਲ ਧਾਰਮਿਕ ਪੁਸਤਕਾਂ ਦਾ ਗਿਆਨੀ, ਆਪਣੀ ਪੂਜਾ ਕਰਵਾਉਣ ਦੀ ਲਾਲਸਾ ਦਾ ਮਾਰਿਆ, ਅੱਡਰਾ ਡੇਰਾ ਸਿਰਜ ਕੇ ਧਰਮ-ਗੁਰੂ ਬਣ ਕੇ ਬੈਠਦਾ ਹੈ। ਪਰ ਅਸਲ, ਗੁਰੂ ਦ੍ਰਿਸ਼ਟਮਾਨ ਦੇਹੁ-ਸਰੀਰ ਨਹੀਂ, ਸਗੋਂ ਮਨੁੱਖ ਦਾ ਗੁਰੂ **ਗਿਆਨ** ਹੁੰਦਾ ਹੈ । ਨਾਸਵੰਤ ਸਰੀਰ ਨੂੰ ਹੀ ਗੁਰੂ ਮੰਨ ਲੈਣਾ ਭੁੱਲ ਹੈ । ਉਹੀ ਮਨੁੱਖ ਜਿਹੜਾ ਅੱਜ ਬੜਾ ਵੱਡਾ ਆਚਾਰੀਆ ਵਡੇ ਆਦਰਮਾਣ ਨਾਲ ਸਤਿਕਾਰਿਆ ਜਾਂਦਾ ਗੁਰੂ ਮੰਨਿਆਂ ਜਾ ਰਿਹਾ ਹੈ, ਜਿਹੜਾ ਰਾਜੇ ਮਹਾਰਾਜਿਆਂ ਲਈ ਵੀ ਪੂਜਨੀਕ ਬਣਿਆਂ ਹੋਇਆ ਹੈ, ਜਿਸ ਦੇ ਦਰਸ਼ਨਾਂ ਲਈ ਲੱਖਾਂ ਲੋਕ ਆ ਜੁੜਦੇ ਹਨ, ਜੇ ਕਿਤੇ ਉਹ ਪਾਗ਼ਲ ਹੋ ਕੇ ਦੂਜਿਆਂ ਲਈ ਖ਼ਤਰਾ ਬਣ ਜਾਏ ਤਾਂ, ਉਸ ਨੂੰ ਪਾਗ਼ਲ ਖਾਨੇ ਬੰਦ ਕਰਨਾ ਪੈ ਜਾਂਦਾ ਹੈ । ਉਹੀ ਸਰੀਰ ਜੋ ਕੱਲ ਪੂਜਨੀਕ ਸੀ ਅੱਜ ਲੋਕਾਂ ਲਈ ਖ਼ਤਰਨਾਕ ਅਤੇ ਡਰਾਉਣਾ ਬਣ ਗਿਆ ?

ਸੰਸਾਰਕ ਵਿਦਿਆ ਮਨੁੱਖ ਨੂੰ ਸਮਾਜ ਵਿਚ ਆਦਰ ਪ੍ਰਾਪਤ ਕਰਨ ਜੋਗਾ ਬਣਾਉਂਦੀ ਹੈ, ਪਰ ਪ੍ਰਭੂ ਦੀ ਸਿਫਤ-ਸਲਾਹ ਦੀ ਬਾਣੀ, ਅਥਵਾ ਬ੍ਰਹਮ ਦਾ ਗਿਆਨ ਜੇ ਕਿਸੇ ਅਪਵਿਤਰ ਸਮਝੇ ਗਏ ਕਾਗ਼ਜ਼ ਤੇ ਵੀ ਲਿਖ ਦਿੱਤਾ ਜਾਵੇ, ਤਾਂ ਉਹ ਕਾਗ਼ਜ਼ ਪੂਜਨੀਕ ਬਣ ਜਾਂਦਾ ਹੈ । ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ, ਨਸ਼ੇ ਵਾਲਾ ਪਾਣੀ ਨਿਕਲਦਾ ਰਹਿਣ ਦੇ ਕਾਰਨ ਤਾੜ ਦੇ ਰੱਖ ਨੂੰ ਅਤੇ ਉਸ ਤੋਂ ਬਣੇ ਕਾਗ਼ਜ਼ ਨੂੰ ਅਪਵਿਤ੍ਰ ਮੰਨਿਆਂ ਜਾਂਦਾ ਹੈ, ਪਰ ਜੇ ਉਸੇ ਕਾਗਜ਼ ਤੇ ਪਰਮਾਤਮਾ ਦੀ ਸੂਝ ਕਰਾਉਣ ਵਾਲੀ ਬਾਣੀ ਅਥਵਾ ਬ੍ਰਹਮ-ਗਿਆਨ ਲਿਖ ਦਿੱਤਾ ਜਾਵੇ ਤਾਂ ਉਹ ਪੂਜਨੀਕ ਬਣ ਜਾਂਦਾ ਹੈ --**ਤਰ ਤਾਰ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ ॥ ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥ ੨ ॥**[੧੨੯੩] ਗਿਆਨ ਹੀਨ ਮਨੁੱਖ ਦਾ ਸਰੀਰ ਭਾਵੇਂ ਕਿੱਡਾ ਵੀ ਸੁੰਦਰ ਅਤੇ ਸਡੌਲ ਹੋਵੇ, ਕੇਵਲ ਏਸੇ ਗੁਣ ਦੇ ਕਾਰਨ ਨਾ ਉਹ ਅਧਿਆਪਕ ਬਣ ਸਕਦਾ ਹੈ ਅਤੇ ਨਾ ਉਹ ਕਿਸੇ ਦਾ ਧਰਮ-ਗੁਰੂ ਹੀ ਬਣ ਸਕਦਾ ਹੈ। ਸੰਸਾਰਕ ਵਿਦਿਆ ਦੇ ਸਿਖਲਾਈ-ਕੇਂਦਰਾਂ ਵਿਚ ਅਥਵਾ ਧਰਮ-ਸ਼ਾਲਾ ਵਿਚ, ਦੋਹੀਂ ਥਾਈਂ ਪ੍ਰਧਾਨਗੀ ਕੇਵਲ **ਗਿਆਨ** ਦੀ ਹੀ ਹੈ । ਸਿੱਧ ਹੈ ਕਿ ਮਨੁੱਖ ਨਹੀਂ, ਸਗੋਂ ਕੇਵਲ ਗਿਆਨ ਹੀ ਗੁਰੂ ਹੈ--" **ਗਿਆਨ ਗੁਰੂ ਆਤਮ ਉਪਦੇਸ਼ਹੁ ਧਿਆਨ ਬਿਭੂਤ ਲਗਾਵਹੁ" ॥** {ਸ਼ਬਦ ਹਜ਼ਾਰੇ} ਅਥਵਾ--**ਕਹੁ ਕਬੀਰ ਮੈ ਸੋ ਗੁਰੁ ਪਾਇਆ ਜਿਸ ਕਾ ਨਾਉ ਬਿਬੇਕੋ** ॥ ੪ ॥ [੭੯੩] ਬਿਬੇਕ ਦਾ ਅਰਥ ਖਰੇ ਖੋਟੇ ਦੀ ਪਛਾਣ ਕਰ ਸਕਣ ਵਾਲਾ ਸ਼ੁੱਧ-ਗਿਆਨ ਹੈ ।

**ਮਹਾਨ ਕੋਸ਼** ਵਿਚ ਗਿਆਨ ਦਾ ਪਹਿਲਾ ਅਰਥ--ਜਾਨਣਾ, ਬੋਧ, ਸਮਝ ਅਤੇ ਇਲਮ, ਲਿਖਿਆ ਹੈ । ਪਰ ਗਿਆਨ ਦਾ ਦੂਜਾ ਅਰਥ " ਪਾਰ-ਬ੍ਰਹਮ ਜੋ ਗਯਾਨਰੂਪ ਹੈ " ਲਿਖਿਆ ਹੈ । ਜਿਥੇ " ਗਿਆਨ " ਗੁਰੂ ਹੈ, ਅਕਾਲਪੁਰਖ, " ਪਰਮ-ਗਿਆਨ " ਹੈ । ਏਹੀ ਕਾਰਨ ਹੈ ਕਿ ਜਿਹੜਾ ਭਾਗਾਂ ਵਾਲਾ ਮਨੁੱਖ ਅਕਾਲ ਪੁਰਖ ਨਾਲ ਅਭੇਤ ਹੋ ਜਾਂਦਾ ਹੈ, ਉਹ ਪਰਮ-ਗਿਆਨੀ ਬਣ ਜਾਂਦਾ ਹੈ । ਗੁਰੂ ਨਾਨਕ ਦੇਵ ਜੀ, ਅਥਵਾ ਬਾਕੀ ਗੁਰੂ ਸਾਹਿਬਾਨ, ਕਿਸੇ ਯੂਨੀਵਰਿਸਟੀ ਵਿਚ ਨਹੀਂ ਸਨ ਪੜ੍ਹੇ ਅਤੇ ਨਾ ਹੀ ਕਬੀਰ ਸਾਹਿਬ, ਨਾਮਦੇਵ ਜੀ ਅਤੇ ਦੂਜੇ ਸਤਿਕਾਰ ਯੋਗ ਭਗਤ ਜਨ ਵੀ ਸਕੂਲਾਂ ਯੂਨੀਵਰਿਸਟੀਆਂ ਵਿਚ ਪੜ੍ਹਦੇ ਰਹੇ ਸਨ । ਪਰ ਉਨ੍ਹਾਂ ਦਾ ਲਿਖਿਆ ਗਿਆਨ ਸਮਝ ਲੈਣ ਵਾਲੇ P H D ਡਿਗਰੀ ਲੈ ਕੇ ਡਾਕਟਰ ਬਣ ਰਹੇ ਹਨ । ਸੋ ਗਿਆਨ-ਰਾਉ ਪ੍ਰਭੂ, ਸਭ ਤਰ੍ਹਾਂ ਦੇ ਗਿਆਨ ਦਾ ਸੋਮਾਂ ਹੈ । ਜਿਸ ਦੇ ਹਿਰਦੇ ਵਿਚ ਪ੍ਰਭੂ ਪ੍ਰਗਟ ਹੋ ਗਿਆ, ਉਹ ਪਰਮ-ਗਿਆਨੀ ਬਣ ਗਿਆ । ਪ੍ਰਭੂ ਨਾਲ ਜੁੜਿਆ ਮਨੁੱਖ--ਸਿਧ, ਪੀਰ, ਸੁਰਿ, ਨਾਥ, ਈਸਰ, ਬਰ੍ਹਮਾ ਇੰਦ੍ਰ ਕਥਿਤ ਦੇਵਤਿਆਂ ਵਾਲੀ ਕਰਾਮਤੀ ਬੁੱਧ-ਗਿਆਨ ਦਾ ਮਾਲਕ ਬਣ ਜਾਂਦਾ ਹੈ । ਅਭੁੱਲ ਗਿਆਨ-ਰਾਉ (ਪਰਮਾਤਮਾਂ) ਵਿਚ ਲੀਨ ਹੋਇਆ ਪ੍ਰਾਣੀ ਅਭੁੱਲ ਗੁਰੂ (ਨਾਨਕ ਸਾਹਿਬ ਜੀ) ਬਣ ਜਾਂਦਾ ਹੈ:--

੧੪੯- **ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥**
**ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥ ੪ ॥**[੩੫੯]-੧-੩੫

ਅਰਥ:--(ਗੁਰੂ ਨਾਨਕ ਜੀ ਫ਼ੁਰਮਾਨ ਕਰਦੇ ਹਨ ਕਿ) ਜੇ ਜੀਵ-ਇਸਤ੍ਰੀ ਆਪਣੇ ਮਨ ਦੇ ਮਹਲ ਵਿਚ ਗਿਆਨ ਦਾ ਦੀਵਾ ਜਗਾਵੇ ਹਿਰਦੇ ਨੂੰ (ਪ੍ਰਭੂ-ਮਿਲਾਪ ਵਾਸਤੇ) ਸੇਜ ਬਣਾਏ, (ਇਸ ਆਤਮਕ ਸ਼ਿੰਗਾਰ ਤੇ ਰੀਝ ਕੇ) ਜਦੋਂ ਗਿਆਨ-ਰਾਜਾ (ਪ੍ਰਭੂ) ਉਸ ਦੀ ਹਿਰਦੇ ਸੇਜ ਉਤੇ ਪਰਗਟ ਹੁੰਦਾ ਹੈ ਤਾਂ ਉਸ (ਜੀਵ) ਨੂੰ ਆਪਣੇ ਵਿਚ ਲੀਨ ਕਰ ਲੈਂਦਾ ਹੈ । ੪ ।

## ਗਿਆਨ ਦੇ ਇਹ ਪੱਖ ---

**(੧)** ਪ੍ਰਭੂ ਨਿਰਅਕਾਰ ਅਤੇ ਅਦ੍ਰਿਸ਼ਟ ਹੈ, ਦ੍ਰਿਸ਼ਟਮਾਨ ਅਕਾਰ ਗਿਆਨ ਦਾ ਵੀ ਕੋਈ ਨਹੀਂ ਹੈ।

(੨) ਪ੍ਰਭੂ ਬੇਅੰਤ ਅਗੰਮ ਅਤੇ ਅਥਾਹ ਹੈ (ਪ੍ਰਭੂ ਵਿਚ ਲੀਨ ਹੋ ਚੁੱਕੇ ਪ੍ਰਭੂ ਦਾ ਰੂਪ ਬਣ ਚੁੱਕੇ ਮਹਾਨ ਆਤਮਾ ਤੋਂ ਬਿਨਾ) ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਪੂਰੇ ਗਿਆਨ ਦੀ ਥਾਹ ਵੀ ਕਦੇ ਕਿਸੇ ਨੇ ਨਹੀਂ ਪਾਈ।

(੩) ਪਰਮਾਤਮਾ ਹੀ ਪਰਮ ਗੁਰੂ ਹੈ, ਪ੍ਰਭੂ ਹੀ ਗਿਆਨ ਦਾ ਦਾਤਾ ਹੈ, ਪਰ ਪ੍ਰਭੂ ਅਜੂਨੀ ਅਤੇ ਨਿਰ-ਆਕਾਰ ਹੋਣ ਕਰਕੇ ਲੋਕਾ ਨੂੰ ਵਿਦਿਆ ਪੜ੍ਹਾਉਣ ਦਾ ਕੰਮ, ਸਿੱਧਾ ਆਪ ਨਹੀਂ ਕਰ ਰਿਹਾ । ਗਿਆਨ ਵੰਡਨ ਦਾ ਕਾਰਜ ਪ੍ਰਭੂ ਮਨੁੱਖ * ਦੁਆਰਾ ਕਰਵਾ ਰਿਹਾ ਹੈ ।

[* Foot note:--ਬ੍ਰਾਹਮਣ ਦੇ ਲਿਖੇ ਪੁਰਾਣਾ ਵਿਚ, ਬ੍ਰਹਮ-ਗਿਆਨ ਦਾ ਉਪਦੇਸ਼, ਅਥਵਾ ਵੇਦਾ ਦੀ ਤਾਲੀਮ ਦੀ ਸਖਲਾਈ, ਪਸ਼ੂ ਪੰਖੀਆਂ ਦੁਆਰਾ ਦਿੱਤੀ ਜਾਂਦੀ ਦਰਸਾਈ ਹੋਈ ਹੈ, ਜੋ ਕੁਦਰਤੀ ਨਿਯਮਾਂ ਦੇ ਵਿਰੁੱਧ ਹੋਣ ਕਰਕੇ, ਕੋਰਾ ਝੂਠ ਹੈ। ਅਭਿਆਸ ਨਾਲ ਸਿਖਲਾਈ ਦਿੰਦੇ ਰਹਿਣ ਨਾਲ ਪਸ਼ੂ ਪੰਖੀ ਕਈ ਕੁਝ ਕਰਨਾ ਅਤੇ ਸਮਝਣਾ ਸਿੱਖ ਜਾਂਦੇ ਹਨ ਪਰ ਉਹ ਗਿਆਨੀ ਕਦੇ ਨਹੀਂ ਬਣ ਸਕਦੇ। ਉਨ੍ਹਾਂ ਦੀ ਸਾਰੀ ਕਿਰਿਆ ਅੱਡੋ ਅੱਡਰੀ ਨਸਲ ਦੇ ਪਸ਼ੂ ਪੰਖੀਆਂ ਵਿਚ ਅਡੋ ਅਡਰੀ ਅਤੇ ਮਸ਼ੀਨੀ ਹੁੰਦੀ ਹੈ, ਜਦ ਕਿ ਮਨੁੱਖ ਆਪਣੇ ਗਿਆਨ ਵਿਚ ਵਾਧਾ ਕਰ ਸਕਦਾ ਹੈ]

(੪) ਸੰਸਾਰ ਵਿਚ ਗਿਆਨ ਸਦਾ ਮਨੁੱਖ ਦੁਆਰਾ ਹੀ ਜਨਮਿਆਂ ਅਤੇ ਫੈਲਿਆ ਹੈ । ਧਰਤੀ ਤੇ ਟਿਕੇ ਰਹਿਣ ਲਈ ਮਨੁੱਖਾ ਸਰੀਰ ਤੋਂ ਛੁੱਟ **ਗਿਆਨ** ਅੱਖਰਾਂ ਦਾ ਕੈਦੀ ਬਣ ਕੇ ਕਿਸੇ (ਪੱਥਰ, ਮਿੱਟੀ, ਧਾਤ, ਲੱਕੜ, ਕਾਗ਼ਜ, ਭੋਜ ਪੱਤਰ ਆਦਿ) ਦ੍ਰਿਸ਼ਟਮਾਨ ਸਰੀਰ ਦਾ ਸਦੀਵੀ ਮੁਥਾਜ ਹੈ ।

(੫) ਗਿਆਨ ' ਮਨ ' ਤੇ ਕਾਬੂ ਪਾ ਸਕਦਾ ਹੈ, । ਪਰ ਚੰਚਲ ਅਤੇ ਅਮੋੜ ' ਮਨ ' ਨੂੰ ਕਾਬੂ ਕਰ ਸਕਣ ਵਾਲੇ ' **ਗਿਆਨ** ' ਦੀ ਪ੍ਰਾਪਤੀ ਸਤਿਗੁਰਾਂ ਤੋਂ ਹੀ ਸੰਭਵ ਹੈ--**ਗਿਆਨ ਕਾ ਬਧਾ ਮਨੁ ਰਹੈ, ਗੁਰ ਬਿਨੁ ਗਿਆਨੁ ਨ ਹੋਇ ॥ ੫ ॥** [੪੬੯]

(੬) ' **ਗਿਆਨ** " ਤੋਂ ਬਿਨਾ **ਧਰਮ** ਅਉਝੜੇ ਪੈ ਜਾਂਦਾ ਹੈ। ਜਿਨ੍ਹਾਂ ਸਿਧਾਂਤਾ ਦੇ ਕਾਰਨ ਕੋਈ ਧਰਮ ਹਰਮਨ ਪਿਆਰਾ ਬਣਿਆਂ ਹੋਵੇ ਉਨ੍ਹਾਂ ਤੋਂ ਅਗਿਆਨੀ ਹੋ ਜਾਣ ਨਾਲ ਧਰਮ ਦੀ ਨੁਹਾਰ ਵਿਗੜ ਜਾਂਦੀ ਹੈ ਅਤੇ ਵਡੇ ਤੋਂ ਵਡਾ ਧਰਮ ਵੀ ਠੱਗ-ਵੈਰੀਆਂ ਦੇ ਕਾਬੂ ਆ ਕੇ ਆਪਣਾ ਗੌਰਵ ਗੁਆ ਬੈਠਦਾ ਹੈ ।

(੭) ਲੋਕਾਂ ਦੀ ਕਮਾਈ ਤੋਂ ਆਪ ਧਨੀ ਬਣਨ ਗਿੱਝਾ ਧਰਮ-ਆਗੂ (ਜਥੇਦਾਰ, ਗ੍ਰੰਥੀ, ਰਾਗੀ, ਭੇਖੀ ਸੰਤ, ਅਖੌਤੀ ਮਹਾਂਪੁਰਖ, ਡੇਰੇ-ਦਾਰ ਆਦਿ) ਚੰਗੀ ਤਰ੍ਹਾਂ ਸਮਝਦਾ ਹੈ ਕਿ ਉਸ ਦੀ ਸਾਰੀ ਖੱਟੀ ਕਮਾਈ ਲੋਕਾਂ ਦੀ ਅਗਿਆਨਤਾਂ ਵਿਚ ਹੀ ਹੈ । ਇਸ ਲਈ ਇਹ ਭੱਦਰ ਪੁਰਸ਼ ਲੋਕਾਂ ਨੂੰ ਧਰਮ ਦੇ ਤੱਤ ਗਿਆਨ ਤੋਂ ਕੋਰੇ ਰੱਖ ਕੇ ਸਦਾ ਵੱਧ ਤੋਂ ਵੱਧ ਭਰਮੀ ਬਣਾਈ ਰੱਖਣ ਵਿਚ ਹੀ ਆਪਣੀ ਭਲਾਈ ਸਮਝਦੇ ਹਨ। ਅਗਿਆਨੀ ਮਨੁੱਖ ਹੀ ਸਦਾ ਭਰਮ ਵਿਚ ਫਸਦਾ ਹੈ--**ਭਰਮਿ ਭੂਲੇ ਅਗਿਆਨੀ ਅੰਧੁਲੇ ....**॥[੧੨੬੪]

## **ਗੁਰਮਤਿ-ਗਿਆਨ** --

ਅਗਿਆਨਤਾ ਦੇ ਕਾਰਨ ਹੀ ਅੱਜ ਸ੍ਰੀ ਗੁਰੂ ਨਾਨਕ ਜੀ ਦੇ ਨਿਰਮਲ ਧਰਮ ਦੀ ਰੂਪ ਰੇਖਾ ਪੈਰੋ ਪੈਰ ਵਿਗੜਦੀ ਜਾ ਰਹੀ ਹੈ । ਸੰਸਾਰੀ ਗੂੜ੍ਹ-ਗਿਆਨ ਤੋਂ ਅਨਜਾਣ ਹੋਣਾ ਬਹੁਤੀ ਦੁਖਦਾਈ ਗੱਲ ਨਹੀਂ ਹੈ, ਪਰ ਗੁਰੂ ਦੇ ਗਿਆਨ ਨੂੰ ਸਮਝਣ ਦੀ ਲੋੜ ਤਿਆਗ ਬੈਠਣਾ, ਵੱਡੀ ਬਦਕਿਸਮਤੀ ਵਾਲੀ ਹਾਲਤ ਹੈ । ਖ਼ਾਲਸਾ ਜੀ ਦੀ ਚੜ੍ਹਦੀ ਕਲਾ ਤੋਂ ਸਾੜਾ ਖਾ ਕੇ ਬਣੇ ਵੈਰੀਆਂ ਨੇ, ਅਥਵਾ ਖ਼ਾਲਸਾ ਜੀ ਦੀ ਅੰਦਰਲੀ ਦੁਖਦਾਈ ਫੁੱਟ ਨੇ, ਕੌਮ ਨੂੰ ਬੜੇ ਤਕੜੇ ਅਤੇ ਲੰਮੇ ਸੰਘਰਸ਼ ਵਿਚ ਉਲਝਾ ਦਿੱਤਾ । ਜਿਸ ਦਾ ਹੀ ਕਾਰਨ ਹੈ ਕਿ (ਉਂਗਲਾਂ ਤੇ ਗਿਣੇ ਜਾਣ ਵਾਲੇ ਗੁਰਮੁਖਿ ਸਿੰਘਾਂ ਤੋਂ ਛੁੱਟ, ਬਾਕੀ ਸਾਰਾ) ਸਿੱਖ-ਜਗਤ ਤੱਤ ਗੁਰਮਤਿ-ਗਿਆਨ ਤੋਂ ਕੋਰਾ ਰਹਿ ਗਿਆ। ਏਹੀ ਕਾਰਨ ਹੈ ਕਿ, ਅੱਜ ਜਿੰਨੇ ਭੇਖੀ ਸਾਧ ਸੰਤ ਕਥਿਤ ਮਹਾਂਪੁਰਖ-ਡੇਰੇਦਾਰਾਂ ਨੇ ਇਸ ਛੋਟੇ ਜਿਹੇ ਪੰਥ ਵਿਚ ਪ੍ਰਗਟ ਹੋ ਕੇ ਇਸ ਨੂੰ ਘੇਰਾ ਪਾ ਲਿਆ ਹੈ, ਏਨੀ ਅਨੁਪਾਤ ਨਾਲ ਕਿਸੇ ਵੀ ਹੋਰ ਧਰਮ ਵਿਚ ਏਨੇ ਸਾਧਾਂ ਦੇ ਡੇਰੇ ਨਹੀਂ ਹਨ। ਅਵੱਲ ਤਾਂ ਇਹ ਲੋਕ ਆਪ ਵੀ ਗੁਰਮਤਿ ਗਿਆਨ ਤੋਂ ਕੋਰੇ ਹਨ, ਉਂਜ ਵੀ ਇਹ ਡੇਰੇਦਾਰ ਭੇਖੀ, " ਬਾਨਾਰਸ ਕੇ ਠੱਗ " ਚੰਗੀ ਤਰ੍ਹਾਂ ਜਾਣਦੇ ਹਨ ਕਿ ਗੁਰਮਤਿ ਗਿਆਨ ਤੋਂ ਵਾਂਜੇ ਰਹਿ ਕੇ ਜਿਨੇ ਵੱਧ ਲੋਕੀ ਭਰਮੀ ਬਣਨਗੇ, ਇਨ੍ਹਾਂ ਪਖੰਡੀਆਂ ਦੀਆਂ ਜੇਬਾਂ ਵਿਚ ਮਾਇਆ ਦੀ ਰੌਣਕ ਉਨੀ ਵੱਧ ਵਾਧੇ ਤੇ ਰਹੇਗੀ । ਇਨ੍ਹਾਂ ਕਥਿਤ ਮਹਾਂ ਪੁਰਖਾਂ ਆਦਿ ਧਰਮ-ਆਗੂਆਂ ਨੇ ਬ੍ਰਾਹਮਣੀ ਨੀਤੀ ਅਪਣਾ ਕੇ, ਅਗਿਆਨਤਾ ਦਾ ਹਨੇਰਾ ਹੋਰ ਗੂੜ੍ਹਾ ਕਰਨ ਲਈ, ਬੇਦਲੀਲਾ ਕੋਰਾ ਝੂਠ ਸਚੁ ਦੇ ਰੂਪ ਵਿਚ ਪਰਚਾਰਨਾ ਅਰੰਭ ਕਰ ਦਿੱਤਾ ਕਿ--(੧) ਗੁਰਬਾਣੀ ਦੇ ਅਰਥ ਕਰਨੇ ਸਤਿਗੁਰਾਂ ਨੂੰ ਨੰਗਾ ਕਰਨ ਦਾ ਪਾਪ ਹੈ । ਇਸ ਲਈ ਗੁਰਬਾਣੀ ਦੀ ਵਿਚਾਰ ਕਰਨੀ, ਜਾਂ ਗੁਰਬਾਣੀ ਦੇ ਗਿਆਨ ਨੂੰ ਸਮਝਣਾ, ਗੁਰਬਾਣੀ ਦੀ ਅਵੱਗਿਆ ਹੈ । (੩) ਕੁਟਲਨੀਤੀ ਨਾਲ ਘੜੀ ਹੋਈ ਆਪਣੀ ਇਸ ਭੂੰਡੀ ਅਤੇ ਕੱਚੀ ਦਲੀਲ ਨੂੰ ਗੁਰਮਤਿ ਸਿੱਧ ਕਰਨ ਲਈ, ਗੁਰਬਾਣੀ ਦੀ ਇਹ ਪੰਗਤੀ ਵਰਤਣੀ ਅਰੰਭ ਕੀਤੀ ਹੋਈ ਹੈ--**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥**[੯੩੫] ਅਖੇ ਇਸ ਬਾਣੀ ਨੂੰ ਕੇਵਲ ਉਹੀ ਵਿਚਾਰ ਸਕਦਾ ਹੈ ਜਿਹੜਾ ਗੁਰੂ ਨਾਨਕ ਸਾਹਿਬ ਜੀ ਦੀ ਅਵਸਥਾ ਤੇ ਪੁਜਿਆ ਹੋਇਆ ਹੋਵੇ । ਹਾਲਾਂ ਕਿ ਇਹ ਪੰਗਤੀ ਰਾਮਕਲੀ ਦੱਖਣੀ ਓਅੰਕਾਰ ਬਾਣੀ ਵਿਚੋਂ ਹੈ, ਜਿਸ ਵਿਚ ਸਤਿਗੁਰਾਂ ਨੇ ਬ੍ਰਾਹਮਣ ਨੂੰ ਸੰਬੋਧਨ ਕਰਕੇ ਗੁਰਮਤਿ ਗਿਆਨ ਸਮਝਾਇਆ ਹੈ। ਇਸ ਮਹਾਂਵਾਕ ਦੇ ਅਰਥ ਵਿਸਥਾਰ ਨਾਲ ਲਿਖੇ ਜਾ ਚੁੱਕੇ ਹਨ । ਸੰਖੇਪ ਵਿਚ ਇਸ ਦਾ ਭਾਵ, ਇਉਂ ਹੈ-- " ਜਿਵੇ ਸਚਿਆਰ ਅਤੇ ਭਲੇ ਮਨੁੱਖ ਬੜੇ ਵਿਰਲੇ ਹਨ, ਏਵੇ ਹੀ ਸਤਿਗੁਰਾਂ ਦੀ ਬਾਣੀ ਦੀ ਵਿਚਾਰ ਨਾਲ ਜੁੜਨ ਵਾਲੇ, ਗੁਰਬਾਣੀ ਦੀ ਸਿਖਿਆ ਅਨੁਸਾਰ ਆਪਣੀ ਜੀਵਨ ਜੁਗਤ ਬਣਾ ਲੈਣ ਵਾਲੇ ਗੁਰਮੁੱਖ ਵੀ ਵਿਰਲੇ ਹੀ ਹਨ। ਇਸ ਗੁਰੂ ਫ਼ੁਰਮਾਨ ਤੋਂ ਗੁਰਬਾਣੀ ਦਾ ਭਾਵ ਸਮਝਣ ਦਾ ਉਤਸ਼ਾਹ ਮਿਲਦਾ ਹੈ । ਪਰ ਸਾਡੇ ਮਹਾਂਪੁਰਖ ਗੁਰਬਾਣੀ ਦੇ ਅਰਥ ਸਮਝ ਸਕਣੇ, ਮਨੁੱਖ ਦੇ ਵੱਸ ਤੋਂ ਬਾਹਰ ਦੀ ਗੱਲ ਦੱਸ ਕੇ ਲੋਕਾਂ ਦੇ ਅੰਦਰੋਂ ਗੁਰਮਤਿ ਗਿਆਨ ਨੂੰ ਸਮਝਣ ਦੀ ਇੱਛਾ ਹੀ ਮੁਕਾ ਰਹੇ ਹਨ।

ਇਨ੍ਹਾਂ ਕੁਟਲ-ਨੀਤ ਲਾਲਚੀ ਧਰਮ ਆਗੂਆਂ ਨੇ ਗੁਰਬਾਣੀ ਦੇ ਮੰਤ੍ਰ-ਪਾਠ ਵਿਧੀ ਪੂਰਬਕ ਕਰੀ ਜਾਣ ਨਾਲ ਸਰਬ-ਫਲਾਂ ਦੀ ਪ੍ਰਾਪਤੀ ਹੋ ਸਕਣ ਦਾ ਭਰਮ ਪੱਕਾ ਕਰ ਦਿੱਤਾ । ਡੇਰੇ-ਦਾਰ ਸਾਧਾਂ ਦੀ ਕਿਰਪਾ ਨਾਲ, ਅੱਜ ਸਿੱਖਾਂ ਦੀ ਬਹੁ-ਗਿਣਤੀ ਗੁਰਮਤਿ-ਗਿਆਨ ਨੂੰ ਸਮਝਣ ਦੀ ਲੋੜ ਮੁਕਾ ਬੈਠੀ ਹੋਈ ਹੈ । ਮੰਤ੍ਰ-ਪਾਠ, ਕਥਾ ਕੀਰਤਨ, ਦਾਨ ਪੁੰਨ, ਸਰੋਵਰਾਂ ਦੇ ਤੀਰਥ-ਇਸ਼ਨਾਨ ਆਦਿ, ਸਭ ਕੁਝ ਨਿਰੋਲ ਕਰਮਕਾਂਡੀ ਰੂਪ ਧਾਰਨ ਕਰ ਬੈਠਾ ਹੋਇਆ ਹੈ- **" ਝੂਠੀ ਦੁਰਮਤਿ ਕੀ ਚਤੁਰਾਈ "**--ਵਾਲੀ ਹਾਲਤ ਬਣ ਰਹੀ ਹੈ । ਆਪਣੇ ਆਪ ਵਿਚ ਬਣੇ ਬੈਠੇ, ਨਿਆਰੇ-ਖ਼ਾਲਸਾ ਜੀ ਸਤਿਗੁਰਾਂ ਦੇ ਇਸ ਮੁਖ-ਵਾਕ ਦੇ ਭਾਵ ਨੂੰ ਸਮਝਣ ਦੀ ਲੋੜ ਤੋਂ ਕੋਹਾਂ ਦੂਰ ਹੁੰਦੇ ਚਲੇ ਗਏ ਹਨ--**ਅੰਤਰਿ ਗਿਆਨ ਨਾ ਆਇਓ ਮਿਰਤਕੁ ਹੈ ਸੰਸਾਰਿ ॥**[੮੮]

## **ਇਸ ਘਰ ਕੋ ਆਗ ਲਗੀ**------?

ਅਗਿਆਨੀ ਮਨੁੱਖ, **ਭਰਮੀ** ਹੋਣ ਦੇ ਨਾਲ ਪਰਲੇ ਦਰਜੇ ਦਾ **ਹੰਕਾਰੀ** ਵੀ ਹੁੰਦਾ ਹੈ । ਲਗ-ਪਗ ਸਾਰੇ ਗੁਰਦੁਆਰਿਆਂ ਵਿਚ ਅੱਜ ਚੌਧਰ ਦੀ ਕੁਰਸੀ ਬਹੁਤਾ ਕਰਕੇ ਗੁਰਮਤਿ ਤੋਂ ਅਗਿਆਨੀ ਅਤੇ ਸੁਆਰਥੀ ਮਨੁੱਖਾਂ ਦੇ ਹਥ ਵਿਚ ਹੈ। ਜਿਹੜਾ ਖ਼ਾਲਸਾ-ਪੰਥ ਸਭ ਪ੍ਰਕਾਰ ਦੇ ਭਰਮਾਂ ਭੁਲੇਖਿਆਂ ਨੂੰ ਦੂਰ ਕਰਨ ਲਈ ਪ੍ਰਗਟ ਹੋਇਆ ਸੀ, (ਮਾਇਆ ਉਗ੍ਰਾਹੁਣ ਦੇ ਭੁੱਖੇ, ਡੇਰੇਦਾਰ ਕਥਿਤ ਸਾਧ-ਮਹਾਂਪੁਰਖ ਅਤੇ ਮਾਇਆ ਦੇ ਮੋਹ ਦੇ ਮਾਰੇ ਗੁਰੂ ਬਾਣੀ ਨੂੰ ਵਰਤ ਕੇ ਮਾਇਆ ਉਗ੍ਰਾਹੁਣ ਲਈ ਬਣੇ ਰਾਗੀ ਪ੍ਰਚਾਰਕ, ਅੱਡ ਅੱਡ ਤਰ੍ਹਾਂ ਦੇ ਬਾਨਿਆਂ ਵਾਲੇ ਕਈ ਹੋਰ ਭੱਦਰ-ਪੁਰਸ਼),ਅੱਜ ਉਸੇ ਨਿਰਮਲ ਪੰਥ ਵਿਚ, ਕਈ ਬਿੱਪ੍ਰੀ-ਭਰਮ ਨਿਰੰਤਰ ਵਾੜਦੇ ਤੁਰੇ ਜਾ ਰਿਹੇ ਹਨ । ਸਤਿਗੁਰਾਂ ਦੀ ਬਖ਼ਸ਼ੀ ਹੋਈ ਨਿਆਰੀ ਅਤੇ ਨਿਰਮਲ ਮਰਯਾਦਾ, ਜਿਸ ਦਾ ਧਾਰਨੀ ਬਣ ਕੇ, ਗੁਰੂ ਦਾ ਸਿੱਖ ਮਨੁੱਖਤਾ ਦੇ ਉੱਚ ਗੁਣਾ ਦਾ ਭੰਡਾਰ ਬਣ ਗਿਆ ਸੀ, ਗੁਰਮਤਿ-ਗਿਆਨ ਤੋਂ ਅਗਿਆਨਤਾ ਦੇ ਕਾਰਨ, ਉਹੀ ਪਾਵਨ ਗੁਰਮਤਿ-ਮਰਯਾਦਾ ਅੱਜ ਦਿਨੋਂ ਦਿਨ ਦੂਸ਼ਤ ਹੁੰਦੀ ਤੁਰੀ ਜਾ ਰਹੀ ਹੈ । ਜਿਸ ਮਰਯਾਦਾ ਦਾ ਧਾਰਨੀ ਬਣ ਕੇ ਖ਼ਾਲਸਾ, ਸੰਸਾਰ ਵਿਚ " ਸਰਘੀ ਦੇ ਤਾਰੇ " ਵਾਂਗ ਚਮਕ ਪਿਆ ਸੀ, ਅੱਜ ਗੁਰੂ ਦਾ ਸਿੱਖ ਉਸ ਨਿਆਰੀ ਪਾਵਨ ਅਤੇ ਅਨੂਪਮ ਮਰਯਾਦਾ ਤੋਂ ਦੂਰ ਤੋਂ ਦੂਰ ਹੁੰਦਾ ਜਾ ਰਿਹਾ ਹੈ । ਗਿਆਨ-ਹੀਣ ਭਰਮੀ ਗੁਰਸਿੱਖਾਂ ਨੇ ਆਪਣੇ ਨਰਮਲ-ਪੰਥ ਨੂੰ ਆਪ ਹੀ ਮੈਲਾ ਕਰਨਾ ਅਰੰਭ ਕਰ ਦਿੱਤਾ ਹੋਇਆ ਹੈ । ਗੁਰੂ ਨਾਨਕ ਜੀ ਦੇ ਆਮ ਸਿੱਖ ਦੀ ਅੱਜ ਹਾਲਤ ਇਹ ਬਣ ਚੁੱਕੀ ਹੈ--**" ਗਿਆਨ ਹੀਣੰ ਅਗਿਆਨ ਪੂਜਾ ॥ ਅੰਧ ਵਰਤਾਵਾ ਭਾਉ ਦੂਜਾ ॥ ੨੨ ॥**[੧੪੧੨] ਆਤਮਕ ਗਿਆਨ ਦੀ ਸਿਖਲਾਈ ਲਈ ਬਣੀ ਗੁਰੂ ਨਾਨਕ ਸਾਹਿਬ ਜੀ ਦੀ " ਧਰਮਸ਼ਾਲਾ " ਅੱਜ ਗੁਰਦੁਆਰਾ, ਗੁਰੂ ਘਰ ਬਣ ਚੁੱਕਾ ਹੈ । ਭਾਵ ਗੁਰੂ ਦੀ ਪੂਜਾ ਕਰਕੇ ਗੁਰੂ ਕੋਲੋਂ ਸੰਸਾਰੀ ਲੋੜਾਂ ਪੂਰੀਆਂ ਕਰਨ ਵਾਲਾ ਦੇਵ-ਮੰਦਰ ਬਣ ਚੁੱਕਾ ਹੈ । ਖ਼ਾਲਸਾ ਜੀ ਇਸ ਸਚਾਈ ਨੂੰ ਭੁੱਲਦੇ ਜਾ ਰਹੇ ਹਨ ਕਿ, ਗਿਆਨ ਤੋਂ ਬਿਨਾਂ ਧਰਮ ਦੀ ਹੋਂਦ ਖ਼ਤਰੇ ਵਿਚ ਪੈ ਜਾਂਦੀ ਹੈ--**ਕਬੀਰਾ ਜਹਾ ਗਿਆਨੁ ਤਹ ਧਰਮੁ ਹੈ.....॥ ੧੫੫ ॥** [੧੩੭੨] ਭਾਵ, ਗਿਆਨ ਤੋਂ ਬਿਨਾ ਧਰਮ ਦਾ ਰਹਿਣਾ ਅਸੰਭਵ ਬਣ ਜਾਂਦਾ ਹੈ ।

### **ਵੱਡੀ ਬਦ-ਕਿਸਮਤੀ ਦਾ ਜ਼ਰੂਰੀ ਪੱਖ**--

ਸਤਿਗੁਰਾਂ ਨੇ ਖ਼ਾਲਸਾ ਪੰਥ ਦੀ ਆਭਾ ਚਮਕਾਈ ਰੱਖਣ ਲਈ ਜਥੇਦਾਰ ਅਤੇ ਸਰਬ ਉੱਚ ਜਥੇਦਾਰੀ ਦੀ ਮਰਯਾਦਾ ਬਣਾਈ ਸੀ। ਜਥੇਦਾਰੀ ਨੇ ਧਿਆਨ ਰੱਖਣਾ ਸੀ ਕਿ ਬੜੀ ਕਰੜੀਆਂ ਅਤੇ ਵੱਡੀਆਂ ਘਾਲਣਾ ਨਾਲ ਅਤੇ ਸਖ਼ਤ ਤਸੀਹਿਆਂ ਭਰੀਆਂ, ਲਾਮਿਸਾਲ ਕੁਰਬਾਨੀਆਂ ਦੇ ਕੇ ਪ੍ਰਵਾਨ ਚੜ੍ਹਾਇਆ ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਖ਼ਾਲਸਾ ਜੀ, ਕਿਤੇ ਸਤਿਗੁਰਾਂ ਦੇ ਗਿਆਨ ਨੂੰ ਭੁੱਲ ਕੇ, ਗੁਰਮਤਿ ਮਰਯਾਦਾ ਵਾਲੇ ਗ਼ਾਡੀ ਰਾਹੋਂ ਨਾ ਉੱਖੜ ਜਾਵੇ--ਸੰਤ-ਸੁਭਾ ਅਤੇ ਨਿਸ਼ਕਪਟ-ਸੂਰਮਾ ਬਣ ਚੁਕਿਆ ਸਿੰਘ, ਕਿਤੇ ਵੈਰੀਆਂ ਦੇ ਜਾਲ ਵਿਚ ਫਸ ਕੇ ਬ੍ਰਾਹਮਣੀ ਮਤਿ ਨਾਲ ਨਾ ਜਾ ਜੁੜੇ--ਕਿਤੇ ਆਪਸੀ ਫੁੱਟ ਦਾ ਸ਼ਿਕਾਰ ਨਾ ਹੋ ਜਾਵੇ-- ਪਰ ਹੁੰਦਾ ਆਇਆ ਸਭ ਕੁਝ ਸਤਿਗੁਰੂ ਜੀ ਦੀ ਆਸਾਂ ਉਮੀਦਾਂ ਤੇ ਪਾਣੀ ਫੇਰਨ ਵਾਲਾ ? ਨਿਰਸੰਦੇਹ ਅਰੰਭਕ ਜਥੇਦਾਰ ਜੀ ਸਤਿਗੁਰਾਂ ਦਾ ਹੀ ਰੂਪ ਬਣ ਚੁੱਕੇ ਸਨ। ਪਰ ੧੭੦੮ ਤੋਂ ਹੀ ਕੌਮੀ ਵਿਕਾਰ ਅਤੇ ਕੌਮ ਦੇ ਕੀਮਤੀ ਸਰਮਾਏ ਦੀ ਰਖਿਆ ਲਈ ਜਥੇਦਾਰ ਜੀ ਨੂੰ ਜੰਗਾਂ ਜੁੱਧਾਂ ਵਿਚ ਉਲਝ ਕੇ ਘਰ ਘਾਟ ਤਿਆਗਣਾ ਪੈ ਗਿਆ। ਖ਼ਾਲਸਾ ਜੀ ਦੇ ਧਰਮ ਅਸਥਾਨ ਵਿਰੋਧੀਆਂ ਦੇ ਕਬਜ਼ੇ ਵਿਚ ਆ ਗਏ। ੧੭੯੯ ਵਿਚ ਸੂਰਬੀਰ ਜਥੇਦਾਰ ਜੀ ਨੇ ਲਾਹੌਰ ਤੇ ਖ਼ਾਲਸਈ ਨਿਸ਼ਾਨ ਝੁਲਾ ਕੇ ਸਾਰੇ ਸੰਸਾਰ ਦੀਆਂ ਅੱਖੀਆਂ ਚੁੰਧਿਆ ਦਿੱਤੀਆਂ। ਖਾਲਸਾ ਜੀ ਲਈ ਤਾਜ਼ੇ ਪ੍ਰਾਪਤ ਕੀਤੇ ਰਾਜ ਨੂੰ ਸਥਿਰ ਅਤੇ ਸ਼ਕਤੀ ਸ਼ਾਲੀ ਬਨਾਉਣਾ ਜ਼ਰੂਰੀ ਬਣ ਗਿਆ। ਫਿਰ ਰਾਜ ਭਾਗ ਦਾ ਨਸ਼ਾ ਅਜੇਹਾ ਗੂੜ੍ਹਾ ਹੁੰਦਾ ਗਿਆ ਗਿਆ ਕਿ, ਖ਼ਾਲਸਾ-ਸਰਕਾਰ ਗੁਰੂ ਬਾਣੀ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਫ਼ੁਰਮਾਨ ਨੂੰ ਲਗ-ਪਗ ਵਿਸਾਰ ਬੈਠੇ--" **ਹਉ ਵਾਰੀ ਜੀਉ ਵਾਰੀ, ਪੜਿ ਬੁਝਿ ਮੰਨਿ ਵਸਾਵਣਿਆ ॥ ਗੁਰਮਖਿ ਪੜਹਿ ਹਰਿ ਨਾਮੁ ਸਲਾਹਹਿ ਦਰਿ ਸਚੈ ਸੋਭਾ ਪਾਵਣਿਆ ॥ ੧ ॥**"ਜੇ ਸਤਿਗੁਰਾਂ ਦੇ ਇਸ ਪਾਵਨ ਫ਼ੁਰਮਾਨ ਦੀ ਰਮਜ਼ ਸਮਝੀ ਹੁੰਦੀ ਤਾਂ ਵਡੀਆਂ ਬਰਕਤਾਂ ਵਾਲੇ ਖ਼ਾਲਸਾ ਰਾਜ ਦੇ ਸਮੇ ਗੁਰਬਾਣੀ ਪੜ੍ਹਨ ਅਤੇ ਸਮਝਣ ਅਮਝਾਉਣ ਲਈ ਟੈਕਸਲਾ, ਬਨਾਰਸ ਨਾਲੋਂ ਵੀ ਵਧੀਆਂ ਵਿਦਿਆ ਕੇਂਦਰ ਬਣ ਜਾਂਦਾ। ਪੰਥ ਦੇ ਬੱਚੀ ਬੱਚੇ ਗੁਰਬਾਣੀ ਗਿਆਨ ਦੇ ਵਡੇ ਗਿਆਤਾ ਬਣਾ ਲੈਣ ਦੇ ਨਾਲ ਸਾਰੇ ਸੰਸਾਰ ਨੂੰ ਗੁਰਮਤਿ ਗਿਆਨ ਤੋਂ ਜਾਣੂੰ ਕਰਵਾਉਣ ਦੇ ਵਿਸ਼ਾਲ ਪ੍ਰਬੰਧ ਬਣ ਜਾਣੇ ਸਨ। ਪਰ ਹੋਇਆ ਉਲਟ । ਸਾਰੇ ਦੇ ਸਾਰੇ ਇਤਿਹਾਸਕ ਗੁਰਦੁਆਰੇ ਅਤੇ ਕੇਂਦ੍ਰੀ ਧਰਮ ਅਸਥਾਨ ਮਹੰਤ-ਉਦਾਸੀ-ਨਿਰਮਲਾ-ਸੰਪ੍ਰਦਾਈ-ਡੇਰਾਵਾਦ-**ਰੂਪ** ਬਿੱਪ੍ਰਾਂ ਦੇ ਕਬਜ਼ੇ ਵਿਚ ਚਲੇ ਗਏ। ਬ੍ਰਾਹਮਣੀ ਮਤਿ ਹੀ ਗੁਰਮਤਿ ਬਣਦੀ ਗਈ। ਧਰਮ ਅਸਥਾਨਾਂ ਵਿਚ ਕਈ ਪ੍ਰਕਾਰ ਦੇ ਸ਼ਰਮਨਾਕ ਉਪੱਦਰ ਹੋਣ ਲੱਗ ਪਏ।

ਥੱਕ ਹਾਰ ਕੇ ਗੂੜ੍ਹੀ ਨੀਂਦ ਸੁੱਤੇ ਸੂਰਬੀਰ ਖ਼ਾਲਸਾ ਜੀ ਨੂੰ ੧੯੨੧ ਵਿਚ ਜਾਗ ਆਈ। ਸੂਰਬੀਰ ਖ਼ਾਲਸਾ ਜੀ ਇੱਕ ਫੇਰ ਕੁਰਬਾਨੀਆਂ ਦੀਆਂ ਝੜੀਆਂ ਲਾ ਦਿੱਤੀਆਂ । ਜਿਨ੍ਹਾਂ ਮਹੰਤਾਂ ਦੀ ਪਿੱਠ ਤੇ ਸ਼ਕਤੀਸ਼ਾਲੀ ਅੰਗ੍ਰੇਜ਼-ਸਰਕਾਰ ਆ ਖਲੋਤੀ ਹੋਈ ਸੀ, ਉਨ੍ਹਾਂ ਜ਼ਾਲਮ ਅਤੇ ਮੂਜ਼ੀ ਮਹੰਤਾਂ ਕੋਲੋਂ ਗੁਰੂ ਦਾਆਰੇ ਆਜ਼ਾਦ ਕਰਵਾ ਲਏ। ਪਰ ਗੁਰਮਤਿ ਗਿਆਨ ਦੀ ਸੋਝੀ ਕਰਨ ਦੀ ਅਥਵਾ ਸੋਝੀ ਕਰਵਾਉਣ ਦੀ ਜਾਂ ਬ੍ਰਾਹਮਣੀ ਮਰਯਾਦਾ ਹਟਾਉਣ ਦੀ ਗੱਲ ਖਾਲਸਾ ਜੀ ਦੀ ਸਮਝ ਵਿਚ ਨਾ ਆਈ। ਸਗੋਂ **ਏਡਾ ਠੇਡਾ ਖਾਧਾ** ਕਿ ਪੰਥਕ ਜਥੇਦਾਰੀ (ਫੁੱਟ ਅਤੇ ਆਚਰਨਹੀਣਤਾ ਫੈਲਾਉਣ ਦਾ ਮੂਲ-) **ਚੋਣਾ** ਦੀ ਝੋਲੀ ਜਾ ਪਈ । ਗੁਰੂ ਦੁਆਰਿਆਂ ਨੂੰ ਸਿਆਸੀ ਅਖਾੜੇ ਦਾ ਰੂਪ ਮਿਲਣਾ ਅਰੰਭ ਹੋ ਗਿਆ। ਆਖ਼ਰ ਸਿੰਘ ਸਭਾ ਦੇ ਰੂਪ ਵਿਚ ਖ਼ਾਲਸਾ ਜੀ ਦਾ ਵਿਦਵਾਨ ਅੰਗ ਕਮਰਬੰਦ ਹੋਇਆ ਅਤੇ ਮਰਯਾਦਾ ਵਿਚ ਕਾਫ਼ੀ ਸੁਧਾਰ ਲਿਆਂਦਾ । ਗੁਰੂਬਾਣੀ ਦੇ ਵਡਮੁੱਲੇ ਸਿਧਾਂਤਾਂ ਨੂੰ ਸਮਝਣ ਸਮਝਾਉਣ ਦੇ ਪਰਬੰਧ ਕਰਵਾਉਣ ਲਈ ਜ਼ੋਰਦਾਰ ਸੰਘਰਸ਼ ਅਰੰਭਣ ਕਰਨ **ਦੀ ਲੋੜ**-- ਸ਼ਾਇਦ ਉਦੋਂ ਤੱਕ ਉਂਜ ਹੀ ਮੁੱਕ ਚੁੱਕੀ ਹੋਵੇ ?

**ਭਿਆਨਕ ਖ਼ਤਰੇ ਦਾ ਘੜਿਆਲ**--

ਸ਼੍ਰੋਮਣੀ ਕਮੇਟੀ ਨੇ ਡੇਰੇਦਾਰ-ਸਾਧ ਨਾਲ ਵਪਾਰਕ ਸਾਂਝ ਪਾ ਲਈ। ਜੀ ਆਈ ਮਾਇਆ ਸਾਧ ਕੋਲੋਂ ਸ਼੍ਰੋਮਣੀ ਜਥੇਦਾਰ ਜੀ ਨੇ ਪਹਿਲਾਂ ਲੈ ਲੈਣੀ ਅਤੇ ਇਤਿਹਾਸਕ ਗੁਰੂਦੁਆਰਿਆਂ ਦੀ ਉਸਾਰੀ ਦਾ ਕਾਰਜ ਕਥਿਤ-ਸਾਧ ਡੇਰੇਦਾਰ ਨੂੰ ਸੌਂਪਣਾ ਅਰੰਭ ਕਰ ਦਿੱਤਾ । ਸਾਰੇ ਪੰਥ ਵਿਚ ਸਾਧ ਟੋਲੇ ਦੀ ਜੈ-ਜੈਕਾਰ ਹੋਣ ਲੱਗ ਪਈ। ਧੰਨ ਧੰਨ ਬਾਬਾ ਟੋਕਰੀ ਵਾਲਾ--ਧੰਨ ਬਾਬਾ ਤੀਰ ਵਾਲਾ--ਧੰਨ ਧੰਨ ਬਾਬਾ ਕੰਬਲੀ ਵਾਲਾ--ਗੁਰੂਦੁਆਰੇ ਦੀ ਇਮਾਰਤ ਦੀ ਉਸਾਰੀ ਦੀ ਸੇਵਾ ਵਿਚ ਰੁਝੀ ਸੰਗਤ ਨੇ ਸਤਿਗੁਰੂ ਜੀ ਦੀ ਜੈ ਘੱਟ ਅਤੇ ਸੇਵਾ ਕਰਵਾ ਰਹੇ ਸਾਧ-ਬਾਬੇ ਦੀ ਧੰਨ ਧੰਨ ਵਧ ਗਾਉਣੀ ਅਰੰਭ ਕਰ ਦਿਤੀ। ਸ਼੍ਰੋਮਣੀ ਕਮੇਟੀ ਦੀ ਸਰਪ੍ਰਸਤੀ ਵਿਚ ਇਸ ਦੂਲੇ ਪੰਥ ਨੂੰ ਸਾਧਾਂ ਦੇ ਰੂਪ ਵਿਚ ਬਹੁਰੂਪੀਏ-ਬਿੱਪਰ ਨੇ ਘੇਰਾ ਪਾ ਲਿਆ। ਪੰਥਕ ਮਰਯਾਦਾ ਦੇ ਥਾਂ ਸਾਧ-ਮਰਯਾਦਾ ਦਾ ਬੋਲ ਬਾਲਾ ਹੁੰਦਾ ਗਿਆ। ਗੁਰਮਤਿ ਗਿਆਨ ਨੂੰ ਸਮਝਣ ਦੀ ਲੋੜ ਮੰਨਣ ਤੋਂ, ਲਗ-ਪਗ ਸਾਰਾ ਪੰਥ ਵਿਹਲਾ ਕਰ ਦਿੱਤਾ । ਕਈ ਤਰ੍ਹਾਂ ਦੇ ਭਰਮਾਂ ਭੁਲੇਖਿਆਂ ਨੇ ਸਾਡੇ ਤੇ ਕਬਜ਼ਾ ਆ ਕੀਤਾ। ਸਾਧਾਂ ਦੇ ਡੇਰਿਆਂ ਤੇ ਮਾਇਆ ਸੇ ਢੇਰਾ ਉੱਚੇ ਹੋਣ ਲੱਗ ਪਏ।

ਸਾਧਾਂ ਦੀ ਕੁਟਲ-ਨੀਤੀ ਦੀ ਅਸਲੀਅਤ ਪਰਦਾ ਹੋਲੀ ਹੋਲੀ ਪਾਟਣਾ ਅਰੰਭ ਹੋਇਆ ਅਤੇ ਅਜੇ ਪੰਥ ਵਿਚ ਜਾਗਰਤੀ ਆਉਣੀ ਸ਼ੁਰੂ ਹੋਈ ਹੀ ਸੀ ਕਿ, ਸ੍ਰੀ ਅਕਾਲ ਤਾਖ਼ਤ ਸਾਹਿਬ ਜੀ ਦੀ ਜਥੇਦਾਰੀ ਦੀ ਸਰਬ ਉੱਚ ਪਦਵੀ ਤੇ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਨੂੰ ਸਸ਼ੋਭਤ ਕਰ ਦਿੱਤਾ ਗਿਆ। ਜਥੇਦਾਰ ਜੀ (ਰੇਡੀਓ ਤੇ ਵੀ) ਲੋਕਾਂ ਨੂੰ ਗੁਰਬਾਣੀ ਸਮਝਾਉਂਦੇ ਹੋਏ ਫ਼ੁਰਮਾਉਂਦੇ ਸੁਣੇ ਜਾਣ ਲੱਗ ਪਏ--ਅਖੇ -" **ਇਹ ਪਰਮਾਤਮਾ ਦੀ ਮਰਯਾਦਾ ਹੈ--ਜਿਥੇ ਜੂਠ ਹੋਵੇਗੀ ਉਥੇ ਝੂਠ ਹੋਵੇਗਾ ਜਿਥੇ ਸੁੱਚ ਹੋਵੇਗੀ ਉਥੇ ਸਚੁ ਹੋਵੇ ਗਾ ਤੇ ਮਹਾਰਾਜ ਕਹਿੰਦੇ ਨੇ--ਸਚੁ ਮਿਲਿਆ ਤਿਨ ਸੋਫੀਆਂ ਰਾਖਣ ਕਉ ਦਰਵਾਰ ॥** " । ਫਿਰ ਮਿਤੀ ੧੭ ਨਵੰਬਰ (੧੯੯੮) ਦੇ ਹਵਾਲੇ ਨਾਲ ਛਪੀ ਅਖਬਾਰ ਵਿਚ ਇਹ ਖ਼ਬਰ ਪੜ੍ਹ ਲਿਆ ਕਿ, ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਤ ਸਮਾਜ ਦੇ ਮੁਖੀਆਂ ਨਾਲ ਹੋਈ ਮੀਟਿੰਗ ਤੋਂ ਵਿਹਲੇ ਹੋ ਕੇ ਬਾਹਰ ਆਏ ਸ੍ਰੀ ਗੁਰਚਰਨ ਸਿੰਘ ਟੋਹੜਾ ਸਾਹਿਬ ਜੀ ਨੇ ਪੱਤਰ ਕਾਰਾਂ ਨੂੰ ਇਹ ਵੀ ਦੱਸਿਆ ਕਿ, --" **ਉਨ੍ਹਾਂ ਦੀ ਹਾਜ਼ਰੀ ਵਿਚ ਜਥੇਦਾਰ ਅਕਾਲਤਖ਼ਤ ਨੇ ਬਾਬਾ ਸਰਬਜੋਤ ਸਿੰਘ ਬੇਦੀ, ਬਾਬਾ** ਠਾਕੁਰ ਸਿੰਘ, ਸੰਤ ਮਾਨ ਸਿੰਘ ਪਹੇਵਾ, ਬਾਬਾ ਦਇਆ ਸਿੰਘ ਸੁਰ ਸਿੰਘ, ਸੰਤ ਹਰੀ ਸਿੰਘ ਸਤੇ ਸੰਤ ਮੱਖਣ ਸਿੰਘ ਨੂੰ ਸਿਰੋਪਾਉ ਬਖ਼ਸ਼ਿਸ਼ ਕੀਤੇ ਹਨ "। ਕੁਝ ਦਿਨਾਂ ਪਿੱਛੋਂ ਇਹ ਵੀ ਸੁਣ ਲਿਆ ਕਿ, ਖ਼ਾਲਸਾ ਜੀ ਦੇ ੩੦੦ ਸਾਲਾ ਜਨਮ ਦਿਨ ਤੇ ਹੋ ਰਹੇ ਪੰਥਕ ਸਮਾਗਮਾ ਵਿਚ ਜਥੇਦਾਰ ਜੀ ਸ਼ਾਮਲ ਨਹੀਂ ਹੋਣਗੇ ਉਹ ਆਪਣੇ ਸੰਤ ਸਮਾਜ ਨਾਲ ਅੱਡਰੇ ਤੌਰ ਤੇ ਇਹ ਦਿਹਾੜਾ ਮਨਾਉਣਗੇ। ਇਹ ਵੀ ਸੁਣ ਲਿਆ ਕਿ, ਸਮਾਗਮ ਦਾ ਪ੍ਰਬੰਧ ਕਰਾਉਣ ਵਾਲੀ ਸੰਤ-ਸਮਾਜ ਕਮੇਟੀ ਦੇ ਮੁਖੀ, ਸੰਤ ਮਾਨ ਸਿੰਘ ਜੀ ਨੂੰ ਥਾਪਿਆ ਗਿਆ ਹੈ। ਉਂਜ ਤਾਂ ਸੰਤ ਸਮਾਜ ਦੇ ਲਗ-ਪਗ ਸਾਰੇ ਪਰਚਾਰਕ ਗੁਰੂ ਦਰਬਾਰ ਵਿਚ ਗੁਰਮਤਿ ਵਿਰੋਧੀ ਅਣਹੋਣੀਆਂ ਸਾਖੀਆਂ ਸੁਨਾਉਣਾ ਆਪਣਾ ਹੱਕ ਮੰਨਦੇ ਹਨ ਪਰ ਸੰਤ ਮਾਨ ਸਿੰਘ ਜੀ ਇਨ੍ਹਾਂ ਸਾਰਿਆਂ ਨੂੰ ਪਿੱਛੇ

ਛੱਡ ਤੁਰੇ ਹੋਏ ਸਿੱਧ ਹੋ ਰਹੇ ਹੁੰਦੇ ਹਨ, ਭਿਅੰਕਰ ਝੂਠ ਦਾ ਵਣਗੀ ਮਾਤ੍ਰ ਨਮੂੰਨਾ ਇਸ ਪ੍ਰਕਾਰ ਹੈ । ਵੀਡੀਓ ਟੇਪ ਹੈ ਜਿਸ ਵਿਚ ਉਨ੍ਹਾਂ ਨੇ ਇਹ ਮਨਘੜਤ-ਸਾਖੀ, ਕਿ, "

**ਸ੍ਰੀ ਦਸ਼ਮੇਸ਼ ਜੀ ਨੇ ਇੱਕ ਵਾਰੀ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ ਅਤੇ ਸਮਾਧੀ ਅਸਥਿਤ ਹੋ ਕੇ ਪਾਠ ਸੁਣ ਰਹੇ ਸਨ। ਉਨ੍ਹਾਂ ਦੀ ਸਮਾਧੀ ਟੁੱਟੀ ਤਾਂ ਉਨ੍ਹਾਂ ਵੇਖਿਆ ਕਿ ਕੋਲ ਬੈਠੇ ਪਿਆਰੇ ਉਤਾਹਾਂ ਨੂੰ ਉਡਦੇ ਜਾ ਰਹੇ ਸਨ। ਸਤਿਗੁਰਾਂ ਨੇ ਆਖਿਆ--ਓ ਦਇਆ ਸਿੰਘਾ ! ਕਿੱਧਰ ਉੱਡੇ ਜਾਂਦੇ ਹੋ ? ਤਾਂ ਦਇਆ ਸਿੰਘ ਨੇ ਆਖਿਆ ਮਹਾਰਾਜ ਧੁਰ ਕੀ ਬਾਣੀ ਸਾਨੂ ਧੁਰ ਵੱਲ ਨੂੰ ਖਿੱਚੀ ਲਈ ਜਾ ਰਹੀ ਹੈ** "---ਅਜੇਹੇ ਯਕੀਨ ਭਰੇ ਅੰਦਾਜ਼ ਵਿਚ ਸੁਣਾਈ ਕਿ ਅਗਿਆਨੀ ਸਰੋਤਿਆਂ ਵਿਚੋਂ ਜੈਕਾਰੇ ਬੁਲਾਏ ਜਾ ਰਹੇ ਹੁੰਦੇ ਹਨ। ਅਗਿਆਨਤਾ ਅਤੇ ਭਰਮ: ਭੁਲੇਖਿਆ ਦੇ ਘੁੱਪ ਹਨੇਰੇ ਨੂੰ ਹੋਰ ਵੀ ਕਈ ਗੁਣਾ ਵੱਧ ਗਾੜ੍ਹਾ ਕਰ ਦੇਨ ਦਾ ਪਰਬੰਧ ਹੋ ਚੁੱਕਾ ਹੈ। ਵੱਡੇ ਦੁੱਖ ਦੀ ਗੱਲ ਇਹ ਹੈ ਕਿ ਅਗਿਆਨਤਾ ਦੀ ਧੁੰਧ ਦੀ ਸਿਆਹ ਕਾਲੀ ਘਟਾ ਉੌਨ੍ਹਾਂ ਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤ ਦੇ ਸਦੀਵੀ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਪਣੇ ਦਰਬਾਰ ਵਿਚੋਂ ਅਸਮਾਨੀ ਚੜ੍ਹ ਰਹੀ ਹੈ ਜਿਨ੍ਹੈ ਬਾਰੇ ਭਾਈ ਗੁਰਦਾਸ ਜੀ ਨੇ ਕਦੇ ਇਉ ਬਚਨ ਕਹੇ ਸਨ--**ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ** " ਉਰਦੂ ਦੇ ਸ਼ਾਇਰ ਦਾ ਇਹ ਕਥਨ ਸਤਿਗੁਰਾਂ ਦੇ ਦੂਲੇ ਪੰਥ ਲਈ ਭਵਿਖ ਬਾਣੀ ਸਿੱਧ ਹੋ ਰਿਆ ਹੈ--**ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ**-"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀਓ ! ਮਿਹਰ ਕਰੋ ਅਤੇ--" **ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ ॥** " [੧੦੦] " **ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ ॥** " [੬੭੭-੭੮] ਅਗਿਆਨਤਾਂ ਦੇ ਅੰਧਕਾਰ ਵਿਚ ਗੁਰੂ ਦਾ ਉਪਦੇਸ਼ ਹੀ ਚਾਨਣ-ਮੁਨਾਰਾ ਹੈ " **ਅੰਧਕਾਰ ਮਹਿ ਗੁਰ ਮੰਤ੍ਰ ਉਜਾਰਾ ॥** " ਅਤੇ ਫਿਰ ਕਿਉਂਕਿ ਆਤਮਕ ਜੀਵਨ ਦਾ ਉਪਦੇਸ਼ ਕੇਵਲ ਸਤਿਗੁਰਾਂ ਕੋਲੋਂ ਹੀ ਮਿਲਦਾ ਹੈ--" **ਬਿਨੁ ਗੁਰ ਦੀਖਿਆ ਕੈਸੇ ਗਿਆਨ** ॥ " [੧੧੪੦] ਤਾਂ ਤੇ ਫਿਰ ਆਉ ਗੁਰੂ-ਸ਼ਬਦ ਦੀ ਵਿਚਾਰ ਨਾਲ ਜੁੜੀਏ,---

੧੫੦- **ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰੁ ਗੋਪਾਲੁ ਪੁਰਖੁ ਭਗਵਾਨੁ ॥**
**ਗੁਰ ਕੀ ਸਰਣਿ ਰਹਉ ਕਰ ਜੋਰਿ ॥ ਗੁਰੂ ਬਿਨਾ ਮੈਂ ਨਾਹੀ ਹੋਰੁ ॥ ੨ ॥**[੮੬੪]-੭-੯

ਗੁਰਮਤਿ ਤੱਤ ਗਿਆਨ ਦੀ ਪ੍ਰਾਪਤੀ ਦੇ ਅਭਿਲਾਖੀਆਂ ਲਈ ਸਤਿਗੁਰੂ ਨਾਨਕ ਨਿਰੰਕਾਰੀ ਜੀ ਦਾ ਫ਼ੁਰਮਾਨ ਹੈ:--

੧੫੧- **ਨਾਨਕ ਗੁਰੁ ਸੰਤੋਖੁ ਰੁਖੁ, ਧਰਮੁ ਫੁਲੁ, ਫਲ ਗਿਆਨੁ ॥ ਰਸਿ ਰਸਿਆ ਹਰਿਆ**
**ਸਦਾ, ਪਕੈ ਕਰਮਿ ਧਿਆਨਿ ॥ ਪਤਿ ਕੇ ਸਾਦ ਖਾਦਾ ਲਹੈ, ਦਾਨਾ ਕੈ ਸਿਰਿ ਦਾਨੁ ॥ ੧ ॥**[੧੪੭]-ਵਾ-੨੦

**ਅਰਥ:**--(ਪੂਰਨ) ਸੰਤੋਖ (-ਸਰੂਪ) ਗੁਰੂ (ਮਾਨੋ, ਇੱਕ) ਰੁੱਖ ਹੈ (ਜਿਸ ਨੂੰ) ਧਰਮ (-ਰੂਪ) ਫੁੱਲ (ਲੱਗਦਾ) ਹੈ ਤੇ ਗਿਆਨ (-ਰੂਪ) ਫਲ (ਲੱਗਦੇ ਹਨ, ਪ੍ਰੇਮ-ਜਲ ਨਾਲ ਰਸਿਆ ਹੋਇਆ (ਇਹ ਰੁੱਖ) ਸਦਾ ਹਰਾ ਰਹਿੰਦਾ ਹੈ । (ਪਰਮਾਤਮਾ ਦੀ) ਬਖ਼ਸ਼ਸ਼ ਨਾਲ) (ਪ੍ਰਭੂ-ਚਰਨਾਂ ਵਿਚ) ਧਿਆਨ ਜੋੜਨਾ ਇਹ (ਗਿਆਨ-ਫਲ) ਪੱਕਦਾ ਹੈ (ਭਾਵ, ਜੋ ਮਨੁੱਖ ਪ੍ਰਭੂ ਦੀ ਮਿਹਰ ਨਾਲ ਪ੍ਰਭੂ-ਚਰਨਾਂ ਵਿਚ ਸੁਰਤਿ ਜੋੜਦਾ ਹੈ ਉਸ ਨੂੰ ਪੂਰਨ ਗਿਆਨ ਪ੍ਰਾਪਤਿ ਹੁੰਦਾ ਹੈ) । (ਇਸ ਗਿਆਨ-ਫਲ ਨੂੰ) ਖਾਣ ਵਾਲਾ ਮਨੁੱਖ ਪ੍ਰਭੂ-ਮੇਲ ਦੇ ਆਨੰਦ ਮਾਣਦਾ ਹੈ, (ਮਨੁੱਖ ਲਈ ਪ੍ਰਭੂ-ਦਰ ਤੋਂ) ਇਹ ਸਭ ਤੋਂ ਵੱਡੀ ਬਖ਼ਸ਼ਸ਼ ਹੈ । ੧ ।

੧੫੨- **ਬਾਵਰੇ, ਤੈ ਗਿਆਨ ਬੀਚਾਰੁ ਨ ਪਾਇਆ ॥ ਬਿਰਥਾ ਜਨਮੁ ਗਵਾਇਆ ॥ ੧ ॥ ਰਹਾਉ ॥**[੭੯੩]-੪

**ਅਰਥ:**--ਹੇ ਕਮਲੇ ਮਨੁੱਖ ! ਤੂੰ ਸਾਰੀ ਉਮਰ ਵਿਅਰਥ ਗੁਆ ਲਈ ਹੈ, ਤੂੰ (ਪਰਮਾਤਮਾ ਨਾਲ) ਜਾਣ-ਪਛਾਣ ਕਰਨ ਦੀ ਸੂਝ (ਗਿਆਨ) ਪ੍ਰਾਪਤ ਹੀ ਨਹੀਂ ਕੀਤੀ ।੧। ਰਹਾਉ ।

੧੫੩- **ਐਸਾ ਗਿਆਨੁ ਬੀਚਾਰੈ ਕੋਈ ॥ ਤਿਸ ਤੇ ਮੁਕਤਿ ਪਰਮਗਤਿ ਹੋਈ ॥ ੧ ॥ ਰਹਾਉ ॥** [੮੭੮]-੯

**ਅਰਥ:**--ਉਸ (ਸਰਬ-ਸਿਰਜਣਹਾਰ ਤੇ ਸਰਬ-ਵਿਆਪਕ ਪ੍ਰਭੂ ਦੀ ਸਿਫ਼ਤਿ ਸਾਲਾਹ) ਦੀ ਬਰਕਤਿ ਨਾਲ ਮਨੁੱਖ ਨੂੰ ਵਿਕਾਰਾਂ ਤੋਂ ਖ਼ਲਾਸੀ ਪ੍ਰਾਪਤਿ ਹੁੰਦੀ ਹੈ ਤੇ ਸਭ ਤੋਂ ਉੱਚੀ ਆਤਮਕ ਅਵਸਥਾ ਹਾਸਲ ਹੁੰਦੀ ਹੈ--ਅਜੇਹਾ ਗਿਆਨ ਕੋਈ ਵਿਰਲਾ (ਗੁਰਮੁਖਿ) ਵਿਚਾਰਦਾ ਹੈ । ੧ । ਰਹਾਉ ।

ਜਿਸ ਨੇ ਗੁਰਮਤਿ-ਗਿਆਨ ਵਿਚਾਰ ਦੀ ਲੋੜ ਮੁਕਾ ਦਿੱਤੀ ਉਹ ਪੈਦਾ ਹੀ ਕਿਉਂ ਹੋਇਆ:---

੧੫੪- **ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥ ਬਿਧਵਾ ਕਸ ਨ ਭਈ ਮਹਤਾਰੀ ॥ ੧ ॥**[੩੨੮]-੨੫

**ਅਰਥ:**--ਜਿਸ ਕੁਲ ਵਿਚ (ਬ੍ਰਹਮ ਦੇ) ਗਿਆਨ ਦੀ ਵਿਚਾਰ ਕਰਨ ਵਾਲਾ (ਕੋਈ) ਪੁੱਤਰ ਨਹੀਂ (ਜੰਮਿਆ) ਉਸ ਦੀ ਮਾਂ ਰੰਡੀ ਕਿਉਂ ਨਾ ਹੋ ਗਈ । ੧ ।

੧੫੫- **ਕਬੀਰਾ ਜਹਾ ਗਿਆਨੁ ਤਹ ਧਰਮੁ ਹੈ, ਜਹਾ ਝੂਠੁ ਤਹ ਪਾਪੁ ॥**
**ਜਹਾ ਲੋਭੁ ਤਹ ਕਾਲੁ ਹੈ, ਜਹਾ ਖਿਮਾ ਤਹ ਆਪਿ ॥ ੧੫੫ ॥**[੧੩੭੨]

੧੫੬- **ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥**
**ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥ ੧ ॥**[੧੧੮੬]-੩

**ਅਰਥ:**--(ਗੁਰੂ ਦੀ ਕਿਰਪਾ ਨਾਲ ਮੇਰੇ ਅੰਦਰ) ਸੁੱਧ-ਸਰੂਪ ਪਰਮਾਤਮਾ ਨਾਲ ਡੂੰਘੀ ਸਾਂਝ ਬਣ ਗਈ ਹੈ (ਜਿਸ ਕਰਕੇ) ਮੇਰੇ ਸਰੀਰ ਵਿਚੋਂ ਮਾਇਆ ਜੋੜਨ ਦੀ ਲਾਲਸਾ ਦੂਰ ਹੋ ਗਈ ਹੈ । (ਜਦੋਂ ਤੋਂ ਮੈਂ) ਭਗਵਾਨ ਦੀ ਭਗਤੀ ਹਿਰਦੇ ਵਿਚ ਵਸਾਈ ਹੈ ਲੋਭ ਅਤੇ ਮੋਹ ਮੇਰੇ ਉਤੇ ਜ਼ੋਰ

੧੫੭- **ਬਾਵਨ ਅਖਰ ਜੋਰੇ ਆਨਿ ॥ ਸਕਿਆ ਨ ਅਖਰੁ ਏਕੁ ਪਛਾਨਿ ॥ ਸਤ ਕਾ ਸਬਦੁ ਕਬੀਰਾ ਕਹੈ ॥**
**ਪੰਡਿਤ ਹੋਇ ਸੁ ਅਨਭੈ ਰਹੈ ॥ ਪੰਡਤੁ ਲੋਗਹ ਕਉ ਬਿਉਹਾਰ ॥ ਗਿਆਨਵੰਤ ਕਉ ਤਤੁ ਬੀਚਾਰ ॥**
**ਜਾ ਕੈ ਜੀਅ ਜੈਸੀ ਬੁਧਿ ਹੋਈ ॥ ਕਹਿ ਕਬੀਰ ਜਾਨੈਗਾ ਸੋਈ ॥ ੪੫ ॥**[੩੪੩]

**ਅਰਥ:**--ਜਗਤ ਨੇ) ਬਵੰਜਾ ਅੱਖਰ ਵਰਤ ਕੇ ਪੁਸਤਕਾਂ ਤਾਂ ਲਿਖ ਦਿੱਤੀਆਂ ਹਨ ਪਰ(ਇਹ ਜਗਤ ਇਨ੍ਹਾਂ ਪੁਸਤਕਾਂ ਦੀ ਰਾਹੀਂ) ਉਸ ਇੱਕ ਪ੍ਰਭੂ ਨੂੰ ਨਹੀਂ ਪਛਾਣ ਸਕਿਆ, ਜੋ ਅਖਰ (ਨਾਸ-ਰਹਿਤ) ਹੈ । ਹੇ ਕਬੀਰ ! ਜੋ ਮਨੁੱਖ (ਇਨ੍ਹਾਂ ਅੱਖਰਾਂ ਦੀ ਰਾਹੀਂ) ਪ੍ਰਭੂ ਦੀ ਸਿਫ਼ਤਿ ਸਲਾਹ ਕਰਦਾ ਹੈ, ਉਹੀ ਹੈ ਪੰਡਿਤ ਤੇ ਉਹ ਹੈ ਜੋ ਗਿਆਨ-ਅਵਸਥਾ ਵਿਚ ਟਿਕਿਆ ਹੋਇਆ ਹੈ । ਪਰ ਪੰਡਿਤ ਲੋਕਾਂ ਨੂੰ ਤਾਂ ਇਹ ਵਿਹਾਰ ਲੱਭਾ ਹੋਇਆ ਹੈ (ਕਿ ਅੱਖਰ ਜੋੜ ਕੇ ਹੋਰਨਾਂ ਨੂੰ ਸੁਣਾ ਦੇਂਦੇ ਹਨ), ਗਿਆਨ-ਵਾਨ ਲੋਕਾਂ ਲਈ (ਇਹ ਅੱਖਰ ਤੱਤ

ਦੇ ਵਿਚਾਰਨ ਦਾ ਵਸੀਲਾ ਹਨ । ਕਬੀਰ ਆਖਦਾ ਹੈ--ਜਿਸ ਜੀਵ ਦੇ ਅੰਦਰ ਜਿਹੋ ਜਿਹੀ ਅਕਲ ਹੁੰਦੀ ਹੈ, ਉਹ (ਇਨ੍ਹਾਂ ਅੱਖਰਾਂ: ਦੀ ਰਾਹੀਂ ਵੀ) ਉਹੀ ਕੁਝ ਸਮਝੇਗਾ (ਭਾਵ, ਪੁਸਤਕਾਂ ਲਿਖ ਪੜ੍ਹ ਕੇ ਆਤਮਕ ਜੀਵਨ ਦਾ ਜਾਣਨ ਵਾਲਾ ਹੋ ਜਾਣਾ ਜ਼ਰੂਰੀ ਨਹੀਂ ਹੈ । ੪੫ ।

੨੬

## ਗਿਆਨ ਅੰਜਨ

੧੫੮ **ਸਲੋਕ ॥ ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥**

**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥ ੧ ॥**[੨੯੩]-ਅਸ-੨੩

**ਅਰਥ:**--(ਜਿਸ ਮਨੁੱਖ ਨੂੰ) ਸਤਿਗੁਰੂ ਨੇ ਗਿਆਨ ਦਾ ਸੁਰਮਾ ਬਖ਼ਸ਼ਿਆ ਹੈ ਉਸ ਦੇ ਅਗਿਆਨ (ਰੂਪ) ਹਨੇਰੇ ਦਾ ਨਾਸ ਹੋ ਜਾਂਦਾ ਹੈ । ਜੋ ਮਨੁੱਖ ਅਕਾਲਪੁਰਖ ਦੀ ਮਿਹਰ ਨਾਲ ਗੁਰੂ ਨੂੰ ਮਿਲਿਆ ਹੈ, ਉਸ ਦੇ ਮਨ ਵਿਚ (ਗਿਆਨ ਦਾ) ਚਾਨਣ ਹੋ ਜਾਂਦਾ ਹੈ । ੧ ।

੧੫੯- **ਸਦਾ ਸਦਾ ਸਤਿਗੁਰ ਨਮਸਕਾਰ ॥ ਗੁਰ ਕਿਰਪਾ ਤੇ ਗੁਨ ਗਾਇ ਅਪਾਰ ॥**

**ਮਨ ਭੀਤਰਿ ਹੋਵੈ ਪਰਗਾਸੁ ॥ ਗਿਆਨ ਅੰਜਨੁ ਅਗਿਆਨ ਬਿਨਾਸੁ ॥ ੧ ॥** [੧੨੩੫]-੧-੨-੨-੩-੭॥

੧੬੦- **ਜਲਿ ਥਲਿ ਮਹੀਅਲਿ ਸੁਆਮੀ ਸੋਈ ॥ ਅਵਰੁ ਨ ਕਹੀਐ ਦੂਜਾ ਕੋਈ ॥**

**ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ, ਅਵਰੁ ਨ ਦੀਸੈ ਏਕ ਬਿਨਾ ॥ ੧੨ ॥**[੧੦੭੯]-੧-੮

**ਅਰਥ:**--ਉਹੀ ਮਾਲਕ-ਪ੍ਰਭੂ ਜਲ, ਧਰਤੀ ਆਕਾਸ਼ ਸਭ ਥਾਈਂ ਵੱਸਦਾ ਹੈ, ਉਸ ਤੋਂ ਬਿਨਾ ਦੂਜਾ ਦੱਸਿਆ ਹੀ ਨਹੀਂ ਜਾ ਸਕਦਾ । ਹੇ ਭਾਈ ! ਗੁਰੂ ਦੇ ਗਿਆਨ ਦੇ ਸੁਰਮੇ ਨੇ (ਜਿਸ ਮਨੁੱਖ ਦੀਆਂ ਅੱਖਾਂ ਦਾ) ਸਾਰਾ ਭਰਮ (-ਜਾਲ) ਕੱਟ ਦਿੱਤਾ, ਉਸ ਨੂੰ ਇਕ ਪਰਮਾਤਮਾ ਤੋਂ ਬਿਨਾ (ਕਿਤੇ ਕੋਈ) ਹੋਰ ਨਹੀਂ ਦਿੱਸਦਾ । ੧੨ ।

੧੬੧- **ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥ ਗੁਪਤੁ ਪ੍ਰਗਟੁ ਸਭ ਜਾਣੀਐ**

**ਜੇ ਮਨੁ ਰਾਖੈ ਠਾਇ ॥ ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ ॥ ੩ ॥**[੫੭]-੭

੧੬੨- **ਗਿਆਨ ਅੰਜਨੁ ਸਤਿਗੁਰ ਤੇ ਹੋਇ ॥ ਰਾਮਨਾਮੁ ਰਵਿ ਰਹਿਆ ਤਿਹੁ ਲੋਇ ॥ ੩ ॥**[੧੧੩੦]-੧੦

**ਅਰਥ:**--ਆਤਮਕ ਜੀਵਨ ਦੇਣ ਵਾਲਾ (ਗਿਆਨ-) ਸੁਰਮਾ ਜਿਸ ਮਨੁੱਖ ਨੂੰ ਗੁਰੂ ਪਾਸੋਂ ਮਿਲ ਗਿਆ, ਉਸ ਨੂੰ ਸਾਰੇ ਜਗਤ ਵਿਚ ਪਰਮਾਤਮਾ ਦਾ ਨਾਮ ਹੀ ਵਿਆਪਕ ਦਿੱਸਦਾ ਹੈ।

੧੬੩- **ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥**
**ਗੁਰ ਗਿਆਨ ਅੰਜਨ ਪ੍ਰਭ ਜਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥ ਇਕ ਨਿਮਖ ਜਾ ਕੈ**
**ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥ ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ**
**ਭੰਜਨਾ ॥ ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ੨ ॥**[੪੫੬]-ਛੰਤ-੩-੬

ਇਨ੍ਹਾਂ ਗੁਰੂ ਸ਼ਬਦਾਂ ਦੀ ਵਿਚਾਰ ਤੋਂ ਸਪੱਸ਼ਟ ਹੋਇਆ ਹੈ ਕਿ ਗਿਆਨ ਅੰਜਨ ਦਾ ਅਰਥ ਹੈ, ਕਿ, ਪ੍ਰਭੂ ਦੀ ਸਰਬ ਵਿਆਪਕਤਾ ਦੀ ਸੋਝੀ ਆ ਜਾਣੀ । ਅਜੇਹੀ ਨਜ਼ਰ ਮਿਲ ਜਾਣੀ ਜੋ ਹਰ ਥਾਂ ਪ੍ਰਭੂ ਹੀ ਪ੍ਰਭੂ ਵੱਸਦਾ ਵੇਖੇ, ਅਤੇ ਪ੍ਰਭੂ-ਛੋਹ ਤੋਂ ਉਪਜਦੇ ਦੈਵੀ ਅਨੰਦ ਨਾਲ ਅਜੇਹੇ ਭਾਗਾਂ ਵਾਲੇ ਮਨੁੱਖ ਦਾ ਹਿਰਦਾ-ਕੌਲ-ਫੁੱਲ ਸਦਾ ਖਿੜਿਆ ਰਹੇ ।

੨੭

## ਗੁਰੂ-ਮਤਿ ਗਿਆਨ ਦੀ ਮਹਿਮਾ

੧੬੪- **ਮਨ ਕੁੰਚਰੁ ਪੀਲਕੁ ਗੁਰੂ, ਗਿਆਨੁ ਕੁੰਡਾ, ਜਹ ਖਿੰਚੇ ਤਹ ਜਾਇ ॥**

**ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ ॥ ੨ ॥**[੫੧੬]-ਵਾਰ-੨੦

[ਮਨ ਦੀ ਪਸ਼ੂ ਬਿਰਤੀ ਵਾਲੇ ਲੇਖ ਵਿਚ ਇਸ ਸਲੋਕ ਦੇ ਅਰਥ ਲਿਖੇ ਜਾ ਚੁੱਕੇ ਹਨ]

੧੬੫- **ਜੀਅਰੇ, ਰਾਮ ਜਪਤ ਮਨੁ ਮਾਨੁ ॥ ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ ॥ ੧ ॥ ਰਹਾਉ ॥** [੨੧]-੧੮

੧੬੬- **ਗੁਰ ਗਿਆਨੁ ਮਨਿ ਦ੍ਰਿੜਾਏ ਰਹਸਾਏ, ਨਹੀ ਆਏ, ਸਹਜਾਏ, ਮਨਿ ਨਿਧਾਨੁ ਪਾਏ ॥**
**ਸਭ ਤਜੀ ਮਨੈ ਕੀ ਕਾਮ ਕਰਾ ॥ ਚਿਰੁ ਚਿਰੁ ਚਿਰੁ ਚਿਰੁ ਭਇਆ ਮਨਿ ਬਹੁਤੁ ਪਿਆਸ ਲਾਗੀ ॥**
**ਹਰਿ ਦਰਸਨੋ ਦਿਖਾਵਹੁ ਮੋਹਿ ਤੁਮ ਬਤਾਵਹੁ ॥ ਨਾਨਕ ਦੀਨ ਸਰਣਿ ਆਏ ਗਲਿ ਲਾਏ ॥ ੨ ॥**[੪੦੮]-੨-੧੫੩

੧੬੭- **ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥ ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥**

**ਜੋ ਸਚਿ ਰਾਤੇ ਤਿਨ੍ ਬਹੁੜਿ ਨ ਫੇਰਾ ॥ ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥ ੪ ॥**[੭੯੮]-੫

੧੬੮- **ਜਿਨਿ ਏਹੁ ਚਾਖਿਆ ਰਾਮ ਰਸਾਇਣੁ ਤਿਨ ਕੀ ਸੰਗਤਿ ਖੋਜੁ ਭਇਆ ॥**

**ਰਿਧਿ ਸਿਧਿ ਬੁਧਿ ਗਿਆਨੁ ਗੁਰੂ ਤੇ ਪਾਇਆ ਮੁਕਤਿ ਪਦਾਰਥੁ ਸਰਣਿ ਪਇਆ ॥ ੧੧ ॥**[੯੦੬]-੭

੧੬੯- **ਰਾਮ ਹਰਿ ਅੰਮ੍ਰਿਤਸਰਿ ਨਾਵਾਰੇ ॥ ਸਤਿਗੁਰਿ ਗਿਆਨੁ ਮਜਨੁ ਹੈ ਨੀਕੋ ਮਿਲਿ ਕਲਮਲ ਪਾਪ ਉਤਾਰੇ ॥੧॥ਰਹਾਉ॥**[੯੮੧]-੩

੧੭੦- **ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥**

**ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ ॥ ੨ ॥**[੨੦੯]-੧੫-੧੩੬

੧੭੧- **ਸਤਿਗੁਰ ਤੇ ਗੁਣ ਊਪਜੈ ਜਾ ਪ੍ਰਭੁ ਮੇਲੈ ਸੋਇ ॥**
**ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ ॥ ੧ ॥**[੪੨੮]-੧੩-੩੫

੨੮

## ਗੁਰੂ-ਗਿਆਨ ' ਤੀਰਥ '

ਹਿਰਦੇ ਦੇ ਅੰਦਰ ਬਣ ਜਾਣ ਵਾਲੇ ਪਵਿਤ੍ਰ ਤੀਰਥ ਦੀ ਸੋਝੀ, ਸਤਿਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਕਰਾ ਦਿੱਤੀ ਸੀ-- **ਸੁਣਿਆ ਮੰਨਿਆ, ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥ, ਮਲਿ ਨਾਉ ॥** ਇਸ ਸਿਧਾਂਤ ਨੂੰ ਗੁਰਬਾਣੀ ਵਿਚ ਕਈ ਥਾਈ ਸਪੱਸ਼ਟ ਕੀਤਾ ਗਿਆ ਹੈ । ਇਸ ਵਿਸ਼ੇ ਬਾਰੇ ਪੁਸਤਕ ਦੇ ਤੀਜੇ ਭਾਗ ਵਿਚ " **ਤੀਰਥ ਯਾਤਰਾ ਅਤੇ ਗੁਰਮਤਿ** "-- ਲੇਖ ਵਿਚ ਵਿਸਥਾਰ ਨਾਲ ਵਿਚਾਰਿਆ ਗਿਆ ਹੋਇਆ ਹੈ । ਏਥੇ ਅਸਾਂ ਗੁਰੂ ਬਾਣੀ ਦੇ ਉਹ ਪਾਵਨ ਵਾਕ ਵਿਚਾਰ ਅਧੀਨ ਲਿਆਉਣੇ ਹਨ ਜਿਨ੍ਹਾਂ ਵਿਚ ਹਿਰਦੇ ਵਿਚ ਵੱਸੇ ਗੁਰੂ-ਗਿਆਨ ਨੂੰ ਤੀਰਥ ਫੁਰਮਾਨ ਕੀਤਾ ਹੈ:--

੧੭੨- **ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ .... ੧ ॥** [੬੮੭]-੧

੧੭੩- **ਅੰਤਰਿ ਗਿਆਨੁ ਮਹਾ ਰਸੁ ਸਾਰਾ ॥ ਤੀਰਥ ਮਜਨੁ ਗੁਰ ਵੀਚਾਰਾ ॥**
**ਅੰਤਰਿ ਪੂਜਾ ਥਾਨੁ ਮੁਰਾਰਾ ॥ ਜੋਤੀ ਜੋਤਿ ਮਿਲਾਵਣਹਾਰਾ ॥ ੫ ॥** [੪੧੧]-੧

**ਅਰਥ:**-ਜਿਸ ਮਨੁੱਖ ਨੇ ਆਪਣੇ ਅੰਦਰ ਆਤਮਕ ਗਿਆਨ ਵਸਾ ਲਿਆ (ਭਾਵ, ਪਰਮਾਤਮਾ ਦੀਆਂ ਵਡਿਆਈਆਂ ਦੀ ਸੂਝ ਆ ਜਾਣ ਤੇ ਪ੍ਰਭੂ ਨਾਲ ਡੂੰਘੀ ਸਾਂਝ ਪਾ ਲਈ, ਅਥਵਾ), ਜੋ ਸਦਾ ਸ੍ਰੇਸ਼ਟ ਨਾਮ ਮਹਾ ਰਸ ਪੀ ਰਿਹਾ ਹੈ, ਜਿਸ ਨੇ ਸਤਿਗੁਰੂ ਦੀ ਬਾਣੀ ਦੀ ਵਿਚਾਰ ਨੂੰ ਅਠਾਹਠ ਤੀਰਥਾਂ ਦਾ ਇਸ਼ਨਾਨ ਬਣਾ ਲਿਆ ਹੈ, ਜਿਸ ਨੇ ਆਪਣੇ ਹਿਰਦੇ ਨੂੰ ਪਰਮਾਤਮਾ ਦੇ ਰਹਿਣ ਲਈ ਮੰਦਰ ਬਣਾਇਆ ਹੈ, ਤੇ ਅੰਤਰ ਆਤਮੇ ਉਸ ਦੀ ਪੂਜਾ ਕਰਦਾ ਹੈ, ਉਹ ਆਪਣੀ ਜੋਤਿ ਨੂੰ ਪਰਮਾਤਮਾ ਦੀ ਜੋਤਿ ਵਿਚ ਮਿਲਾ ਲੈਂਦਾ ਹੈ।

੧੭੪- **ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥ ਚਿੰਤਾ ਮੂਲਿ ਨ ਹੋਵਈ**
**ਅਚਿੰਤੁ ਵਸੈ ਮਨਿ ਆਇ ॥ ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥ ..... ੨॥** [੫੮੭]-ਵਾ-੪

[ਇਸ ਪੂਰੇ ਸਲੋਕ ਦੇ ਅਰਥ "ਤੀਰਥ ਯਾਤਰਾ ਅਤੇ ਗੁਰਬਾਣੀ" ਲੇਖ ਵਿਚ ਵਿਸਥਾਰ ਨਾਲ ਲਿਖੇ ਗਏ ਹਨ]

### ਗੁਰ ਗਿਆਨ ਅੰਮ੍ਰਿਤ

੧੭੫- **ਜਗਤ ਉਧਾਰਣੁ ਨਵ ਨਿਧਾਨੁ ਭਵ ਤਾਰਣੁ ॥ ਅੰਮ੍ਰਿਤ ਬੂੰਦ ਹਰਿ ਨਾਮੁ ਬਿਸੁ ਕੀ ਬਿਖੈ ਨਿਵਾਰਣੁ ॥**
**ਸਹਜ ਤਰੋਵਰ ਫਲਿਓ, ਗਿਆਨ ਅੰਮ੍ਰਿਤ ਫਲ ਲਾਗੇ ॥ ਗੁਰਪ੍ਰਸਾਦਿ ਪਾਈਅਹਿ, ਧੰਨਿ ਤੇ ਜਨ**
**ਬਡ ਭਾਗੇ॥ ਗੁਰਪ੍ਰਸਾਦਿ ਪਾਈਅਹਿ ਧੰਨਿ ਤਰ ਜਨ ਬਡਭਾਗੇ ॥ ਤੇ ਮੁਕਤੇ ਸਤਿਗੁਰ ਸਬਦਿ ਮਨਿ**
**ਗੁਰ ਪਰਚਾ ਪਾਇਉ ॥ ਗੁਰ ਰਾਮਦਾਸ ਕਲ੍ਹਚਰੈ ਤੈ ਸਬਦ ਨੀਸਾਨੁ ਬਜਾਇਅਉ ॥ ੯ ॥**[੧੩੯੭]

੧੭੬- **ਸਾਚਾ ਹਰਖੁ ਨਾਹੀ ਤਿਸੁ ਸੋਗੁ ॥ ਅੰਮ੍ਰਿਤੁ ਗਿਆਨੁ ਮਹਾਰਸੁ ਭੋਗੁ ॥ ਪੰਚ ਸਮਾਈ ਸੁਖੀ ਸਭੁ ਲੋਗੁ ॥ ੩ ॥** [੪੧੪]-੬

### ਗੁਰ ਗਿਆਨ ਦੀਪਕ

੧੭੭- **ਗੁਰੁ ਪਰਮੇਸਰੁ ਗੁਰੁ ਗੋਬਿੰਦੁ ॥ ਗੁਰੁ ਕਰਤਾ ਗੁਰੁ ਸਦ ਬਖਸੰਦੁ ॥**
**ਗੁਰ ਜਪੁ ਜਾਪਿ ਜਪਤ ਫਲੁ ਪਾਇਆ ਗਿਆਨ ਦੀਪਕੁ ਸੰਤ ਸੰਗਨਾ ॥ ੧੨ ॥** [੧੦੮੦]-੨-੯

੨੯

## ਗੁਰੂ-ਗਿਆਨ ਰਤਨ

੧੭੮ **ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥**
**ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥ ੪ ॥**[੫੯੭]-੮

**ਅਰਥ:**--ਹੇ ਸਤਿਗੁਰੂ ! ਮਾਇਆ ਦੇ ਬੰਧਨ ਤੋੜ ਕੇ ਜਿਨ੍ਹਾਂ ਬੰਦਿਆਂ ਨੂੰ ਤੂੰ ਮਾਇਆ ਤੋਂ ਨਿਰਲੇਪ ਕਰ ਦਿੰਦਾ ਹੈਂ, ਉਹ ਮੁੜ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦਾ । (ਗੁਰੂ ਦੀ ਕਿਰਪਾ ਨਾਲ ਜਿਨ੍ਹਾਂ ਦੇ ਅੰਦਰ ਪਰਮਾਤਮਾ ਦੇ) ਗਿਆਨ ਦਾ ਰਤਨ ਚਮਕ ਪੈਂਦਾ ਹੈ, ਉਨ੍ਹਾਂ ਦੇ ਮਨ ਵਿਚ ਹਰੀ ਨਿਰੰਕਾਰ (ਆਪ) ਆ ਵੱਸਦਾ ਹੈ । ੪ ।

੧੭੯- **ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥ ਏਹ ਵਡਿਆਈ ਗੁਰ ਤੇ ਪਾਈ**
**ਸਤਿਗੁਰ ਕਉ ਸਦ ਬਲਿ ਜਾਈ ਹੇ ॥ ੯ ॥ ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ**
**ਮਿਟਿਆ ਗੁਰ ਰਤਨਿ ਅਪਾਰਾ॥ ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥**[੧੦੬੯]-੧

੧੮੦- **ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨੁ ਰਤਨਿ ਮਨੁ**
**ਮਾਜੀਐ ਬਹੁੜਿ ਨ ਮੈਲਾ ਹੋਇ ॥ ਜਬ ਲਗੁ ਸਾਹਿਬੁ ਮਨਿ ਵਸੈਤਬ ਲਗੁ**
**ਬਿਘਨੁ ਨ ਹੋਇ ॥ ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥ ੪ ॥**[੯੯੨]-੧੦

੧੮੧- **ਬਾਬਾ ਮਾਇਆ ਮੋਹ ਹਿਤੁ ਕੀਨ੍ਹ ॥ ਜਿਨਿ ਗਿਆਨੁ ਰਤਨੁ ਹਿਰਿ ਲੀਨ੍ਹ ॥ ੧ ॥ ਰਹਾਉ ॥** [੪੮੨]-੫-੨੭

੧੮੨- **ਇਸੁ ਤਨ ਮਨ ਮਧੇ ਮਦਨ ਚੋਰ ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥**
**ਮੈ ਅਨਾਥੁ, ਪ੍ਰਭ ਕਹਉ ਕਾਹਿ ॥ ਕੋ ਕੋ ਨ ਬਿਗੂਤੋ, ਮੈ ਕੋ ਆਹਿ ॥ ੧ ॥**[੧੧੯੪]-੫

੩੦

## ਗੁਰੂ-ਗਿਆਨ ਪਦਾਰਥ

੧੮੩- ਸਚਾ ਨੇਹੁ ਨ ਤੁਟਈ ਜੇ ਸਤਿਗੁਰੁ ਭੇਟੈ ਸੋਇ ॥ **ਗਿਆਨ ਪਦਾਰਥੁ** ਪਾਈਐ ਤ੍ਰਿਭਵਣ ਸੋਝੀ ਹੋਇ ॥ ਨਿਰਮਲੁ ਨਾਮੁ ਨ ਵੀਸਰੈ ਜੇ ਗੁਣ ਕਾ ਗਾਹਕੁ ਹੋਇ ॥ ੭ ॥[੫੯]-੧੧

੧੮੪- ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥ **ਗਿਆਨ ਪਦਾਰਥੁ** ਖੋਇਆ ਠਗਿਆ ਮੁਠਾ ਜਾਇ ॥ ੧ ॥[੬੦]-੧੨

੧੮੫- ਗੁਰ **ਗਿਆਨੁ ਪਦਾਰਥੁ** ਨਾਮੁ ਹੈ ਹਰਿਨਾਮੋ ਦੇਇ ਦ੍ਰਿੜਾਇ ॥ ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥ ੧੦ ॥[੭੫੯]-੧-੨-੧

੧੮੬- ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥ ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥ ਬਲਿਆ **ਗੁਰ ਗਿਆਨੁ** ਅੰਧੇਰਾ ਬਿਨਸਿਆ ਹਰਿ **ਰਤਨੁ ਪਦਾਰਥੁ** ਲਾਧਾ ॥ ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥ ੨ ॥[੭੮]-੧

**ਨੋਟ:**--ਪਾਠਕਾਂ ਦੀ ਯਾਦ ਤਾਜ਼ਾ ਕਰਾ ਦਿਆਂ, ਇਸ ਪਾਵਨ ਗੁਰੂ ਫ਼ੁਰਮਾਨ ਦੇ ਠੀਕ ਅਰਥ ਕੀ ਹਨ, ਸਤਿਗੁਰਾਂ ਦਾ ਇਹ ਫ਼ੁਰਮਾਨ ਕਿਸ ਮੰਤਵ ਲਈ ਉਚਾਰ ਹੋਇਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਗਿਆ ਸੀ ਅਤੇ ਅਸੀਂ--" **ਵਾਹੁ ਵਾਹੁ ਬਾਣੀ ਨਿਰੰਕਾਰ ਹੈ** " ਪ੍ਰਤੀ ਸ਼ਰਧਾ ਦੀਆਂ ਸਾਰੀਆਂ ਗੱਲਾਂ ਅਤੇ ਸਤਿਗੁਰਾਂ ਦੇ ਸਤਿਕਾਰ ਨੂੰ ਭੁੱਲ ਭੁਲਾ ਕੇ ਇਸ ਗੁਰੂ ਬਾਣੀ ਫ਼ੁਰਮਾਨ ਦੀ ਜਿਵੇਂ ਅਯੋਗ ਵਰਤੋਂ ਕਰ ਰਹੇ ਹਾਂ, ਉਸ ਬਾਰੇ ਵਿਸਥਾਰ ਨਾਲ ਵਿਚਾਰ ਸਤਵੇਂ ਭਾਗ ਦੇ ਸਤਵੇਂ ਹੀ ਕਾਂਡ ਦੇ ੩੪ ਨੰਬਰ ਤੇ ਲਿਖੀ ਹੋਈ ਹੈ।

੧੮੭- ਹੋਵੈ ਸੁਖੁ ਘਣਾ ਦਯਿ ਧਿਆਇਐ ॥ ਵੰਞੈ ਰੋਗਾ ਘਾਣਿ ਹਰਿ ਗੁਣ ਗਾਇਐ ॥ ਅੰਦਰਿ ਵਰਤੈ ਠਾਢਿ ਪ੍ਰਭਿ ਚਿਤਿ ਆਇਐ ਪੂਰਨ ਹੋਵੈ ਆਸ ਨਾਇ ਮੰਨਿ ਵਸਾਇਐ ॥ ਕੋਇ ਨ ਲਗੈ ਬਿਘਨੁ ਆਪੁ ਗਵਾਇਐ ॥ **ਗਿਆਨ ਪਦਾਰਥੁ ਮਤਿ** ਗੁਰ ਤੇ ਪਾਇਐ ॥ ਤਿਨਿ ਪਾਏ ਸਭੇ ਥੋਕ ਜਿਸੁ ਆਪਿ ਦਿਵਾਇਐ ॥ ਤੂੰ ਸਭਨਾ ਕਾ ਖਸਮੁ ਸਭ ਤੇਰੀ ਛਾਇਆ ॥ ੮ ॥[੫੨੦]-ਵਾਰ

**ਪਰਮਾਤਮਾ** ਦਾ ਮਿਲਾਪ, ਪਰਮ ਪਦਾਰਥ ਹੈ:--

੧੮੮- ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥ **ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ** ॥ ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥ ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥ ੪ ॥[੭੯੮]-੫

### ਬ੍ਰਹਮ ਗਿਆਨ--

ਗੁਰਮਤਿ ਗਿਆਨ ਦਾ ਅਰਥ ਹੈ ਹੀ ਆਤਮ ਜੀਵਨ ਦੀ ਸੂਝ ਅਥਵਾ ਬ੍ਰਹਮ ਨਾਲ ਜਾਣ ਪਛਾਣ ਦਾ ਗਿਆਨ। ਫਿਰ ਵੀ " ਬ੍ਰਹਮ ਗਿਆਨ " ਪਦ ਦੀ ਵਰਤੋਂ ਵਾਲੇ ਗੁਰੂ ਸ਼ਬਦ ਇਸ ਪ੍ਰਕਾਰ ਹਨ:---

੧੮੯- ਪੋਥੀ ਪਰਮੇਸਰ ਕਾ ਥਾਨੁ ॥ ਸਾਧ ਸੰਗਿ ਗਾਵਹਿ ਗੁਣ ਗੋਬਿੰਦ ਪੂਰਨ **ਬ੍ਰਹਮ ਗਿਆਨੁ** ॥ ੧ ॥ ਰਹਾਉ ॥[੧੨੨੬]-੯੦-੧੧੩

**ਅਰਥ:**--(ਪੋਥੀ=ਉਹ ਪੁਸਤਕ ਜਿਸ ਵਿਚ ਪਰਮਾਤਮਾ ਦੀ ਸਿਫ਼ਤਿ ਸਾਲਾਹ ਲਿਖੀ ਹੋਈ ਹੈ, ਗੁਰਬਾਣੀ, ਸੋ ਹੇ ਭਾਈ !) ਗੁਰਬਾਣੀ ਹੀ ਪਰਮਾਤਮਾ ਦੇ ਮਿਲਾਪ ਦੀ ਥਾਂ ਹੈ। ਜਿਹੜੇ ਮਨੁੱਖ ਗੁਰੂ ਦੀ ਸੰਗਤਿ ਵਿਚ ਰਹਿ ਕੇ ਪਰਮਾਤਮਾ ਦੇ ਗੁਣ ਗਾਉਂਦੇ ਰਹਿੰਦੇ ਹਨ, ਉਹ ਮਨੁੱਖ ਸਰਬ-ਵਿਆਪਕ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਲੈਂਦੇ ਹਨ।

੧੯੦- ਕਬੀਰ ਮਨੁ ਸੀਤਲੁ ਭਇਆ, ਪਾਇਆ **ਬ੍ਰਹਮ ਗਿਆਨੁ** ॥ ਜਿਨਿ ਜੁਆਲਾ ਜਗੁ ਜਾਰਿਆ, ਸੁ ਜਨ ਕੇ ਉਦਕ ਸਮਾਨਿ ॥ ੧੭੫ ॥[੧੩੭੩

**ਅਰਥ:**--ਹੇ ਕਬੀਰ ! ਜਦੋਂ ਮਨੁੱਖ ਪਰਮਾਤਮਾ ਨਾਲ (ਗੁਰੂ ਦੇ ਉਪਦੇਸ਼ ਰਾਹੀਂ) ਜਾਣ-ਪਛਾਣ ਬਣਾ ਲੈਂਦਾ ਹੈ ਤਾਂ (ਸੰਸਾਰ ਦੇ ਕਾਰ-ਵਿਹਾਰ ਕਰਦਿਆਂ ਵੀ) ਉਸ ਦਾ ਮਨ ਠੰਡਾ-ਠਾਰ ਰਹਿੰਦਾ ਹੈ। ਜਿਸ (ਮਾਇਆ ਦੀ ਮਲਕੀਅਤ ਦੀ) ਅੱਗ ਨੇ ਸਾਰਾ ਸੰਸਾਰ ਸਾੜ ਦਿੱਤਾ ਹੈ, ਪ੍ਰਭੂ ਦੇ ਜਨ (ਭਾਵ, ਬੰਦਗੀ ਕਰਨ ਵਾਲੇ ਮਨੁੱਖ) ਵਾਸਤੇ ਉਹ ਪਾਣੀ (ਵਰਗੀ ਠੰਢੀ) ਰਹਿੰਦੀ ਹੈ। ੧੭੫।

੩੧

## ਗੁਰੂ-ਗਿਆਨ ਖੜਗ

੧੯੧- ਗੁਰ ਤੇ ਗਿਆਨੁ ਪਾਇਆ ਅਤਿ **ਖੜਗੁ ਕਰਾਰਾ** ॥ ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ ॥ ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ ॥ ਸਚ ਸੰਜਮਿ ਮਤਿ ਊਤਮਾ ਹਰਿ ਲਗਾ ਪਿਆਰਾ ॥ ਸਭੁ ਸਚੋ ਸਚੁ ਵਰਤਦਾ ਸਚੁ ਸਿਰਜਣਹਾਰਾ ॥ ੧ ॥[੧੦੮੭]-ਵਾ-੧

੧੯੨- ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥ **ਗਿਆਨ ਖੜਗੁ** ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥ ੩ ॥[੧੦੨੨]-੧੬-੩

੧੯੩- ਹਰਿ ਕਾ ਨਾਮੁ ਕੋਟਿ ਲਖ ਬਾਹਾ ॥ ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ ॥ **ਗਿਆਨ ਖੜਗੁ** ਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ ਧਾਈ ਹੇ ॥ ੯ ॥[੧੦੭੨]-੧

੧੯੪- ਚੰਦਨ ਵਾਸੁ ਭੁਇਅੰਗਮ ਵੇੜੀ ਕਿਵ ਮਿਲਿਐ ਚੰਦਨੁ ਲੀਜੈ ॥
**ਕਾਢਿ ਖੜਗੁ ਗੁਰ ਗਿਆਨੁ ਕਰਾਰਾ** ਬਿਖੁ ਛੇਦਿ ਛੇਦਿ ਰਸੁ ਪੀਜੈ ॥ ੩ ॥ [੧੩੨੪]-੨

੧੯੫- ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥ ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ **ਗਿਆਨ ਖੜਗ** ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥ ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮ ਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥ ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥ ੧੪ ॥[੧੪੧੪]

੩੨

## ਗੁਰੂ-ਗਿਆਨ ਵਿਹੂਣੇ

੧੯੬- **ਗਿਆਨ ਵਿਹੂਣੀ** ਪਿਰ ਮੁਤੀਆ ਪਿਰਮੁ ਨ ਪਾਇਆ ਜਾਇ ॥ ਅਗਿਆਨ ਮਤੀ ਅੰਧੇਰੁ ਹੈ, ਬਿਨੁ ਪਿਰ ਦੇਖੇ, ਭੁਖ ਨ ਜਾਇ ॥ ਆਵਹੁ ਮਿਲਹੁ ਸਹੇਲੀਹੋ ਮੈ ਪਿਰੁ ਦੇਹੁ ਮਿਲਾਇ ॥ ਪੂਰੈ ਭਾਗਿ ਸਤਿਗੁਰੁ ਮਿਲੈ ਪਿਰੁ ਪਾਇਆ ਸਚਿ ਸਮਾਇ ॥ ੩ ॥[੩੯]-੨੮-੬੧

੧੯੭- ... ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥
**ਨਾਨਕ ਮੁਸੈ ਗਿਆਨ ਵਿਹੂਣੀ** ਖਾਇ ਗਇਆ ਜਮਕਾਲੁ ॥ ੧ ॥ [੪੬੫]-ਵਾਰ-੫

੧੯੮- ... ਹਉਮੈ ਬੂਝੈ ਤਾ ਦਰੁ ਸੂਝੈ ॥ **ਗਿਆਨ ਵਿਹੂਣਾ** ਕਥਿ ਕਥਿ ਲੂਝੈ ॥
ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥ ੧ ॥[੪੬੬]-੭

੧੯੯- **ਗਿਆਨ ਵਿਹੂਣੀ** ਭਵੈ ਸਬਾਈ ॥ ਸਾਚਾ ਰਵਿ ਰਹਿਆ ਲਿਵ ਲਾਈ ॥
ਨਿਰਭਉ ਸਬਦੁ ਗੁਰੂ ਸਚੁ ਜਾਤਾ ਜੋਤੀ ਜੋਤਿ ਮਿਲਾਇਦਾ ॥ ੮ ॥[੧੦੩੪]-੨-੧੪

੨੦੦- **ਗਿਆਨ ਵਿਹੂਣਾ** ਗਾਵੈ ਗੀਤ ॥ ਭੁਖੇ ਮੁਲਾਂ ਘਰੇ ਮਸੀਤਿ ॥
ਮਖਟੂ ਹੋਇ ਕੈ ਕੰਨ ਪੜਾਏ ॥ ਫਕਰੁ ਕਰੇ ਹੋਰੁ ਜਾਤਿ ਗਵਾਏ ॥ ... ੧ ॥ [੧੨੪੫]-ਵਾਰ-੨੨

੨੦੧- ਗੁਰ ਬਿਨੁ ਗਿਆਨੁ, ਧਰਮ ਬਿਨੁ ਧਿਆਨੁ ॥ ਸਚ ਬਿਨੁ ਸਾਖੀ ਮੂਲੋ ਨ ਬਾਕੀ ॥ ੨੩ ॥[੧੪੧੨]

੨੦੨- ਅੰਜਨੁ ਦੇਇ ਸਭੈ ਕੋਈ, ਟੁਕੁ ਚਾਹਨ ਮਾਹਿ ਬਿਡਾਨੁ ॥ [ਟੁਕੁ--ਰਤਾ । ਚਾਹਨ--ਭਾਵਨਾ, ਨੀਅਤ]
**ਗਿਆਨ ਅੰਜਨੁ** ਜਿਹ ਪਾਇਆ ਤੇ ਲੋਇਨ ਪਰਵਾਨੁ ॥ ੩ ॥[੧੧੦੩]-੨

**ਅਰਥ:**-- (ਅੱਖੀਆਂ ਵਿਚ) ਸੁਰਮਾ ਤਾਂ ਹਰਿ ਕੋਈ ਪਾ ਲੈਂਦਾ ਹੈ, ਪਰ (ਸੁਰਮਾ ਪਾਉਂਣ ਵਾਲਿਆਂ ਦੀ) ਨੀਅਤ ਵਿਚ ਫ਼ਰਕ ਹੋਇਆ ਕਰਦਾ ਹੈ (ਭਾਵ, ਕੋਈ ਸਰੁਮਾ ਪਾਉਂਦਾ ਹੈ ਵਿਕਾਰਾਂ ਲਈ, ਤੇ ਕੋਈ ਅੱਖਾਂ ਦੀ ਨਜ਼ਰ ਚੰਗੀ ਰੱਖਣ ਲਈ , ਤਿਵੇਂ, ਮਾਇਆ ਦੇ ਬੰਧਨਾਂ ਤੋਂ ਨਿਕਲਣ ਲਈ ਉੱਦਮ ਕਰਨ ਦੀ ਲੋੜ ਹੈ ਪਰ ਉੱਦਮ ਉੱਦਮ ਵਿਚ ਫ਼ਰਕ ਹੈ) ਉਹੀ ਅੱਖਾਂ (ਪ੍ਰਭੂ ਦੀ ਨਜ਼ਰ ਵਿਚ) ਕਬੂਲ ਹਨ ਜਿਨ੍ਹਾਂ (ਗੁਰੂ ਦੇ) ਗਿਆਨ ਦਾ ਸੁਰਮਾ ਪਾਇਆ ਹੈ । ੩ ।

੩੩

## ਅਗਿਆਨ

ਗਿਆਨ ਦਾ ਅਭਾਵ ਅਗਿਆਨ ਹੈ । ਸਕੂਲਾਂ ਕਾਲਜਾਂ ਵਿਚੋ ਮਿਲਦੀ ਕੇਵਲ ਅੱਖਰੀ ਵਿਦਿਆ ਹੀ ' ਗਿਆਨ ' ਨਹੀਂ ਹੈ । ਅੱਖਰ-ਬੋਧ ਤੋਂ ਕੋਰੇ, ਕੇਵਲ ਅੰਗੂਠਾ ਲਾਉਣ ਵਾਲੇ ਵੀ ਬੜੇ ਗਿਆਨਵਾਨ ਅਤੇ ਬੜੀ ਉਘੀ ਹਸਤੀ ਦੇ ਮਾਲਕ ਹੋਏ ਹਨ । ਸ਼ਹਿਨਸ਼ਾਹ ਅਕਬਰ ਕੋਰਾ ਅਨਪੜ੍ਹ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਵੀ ਸਕੂਲੀ ਵਿਦਿਆ ਤੋਂ ਕੋਰਾ ਸੀ । ਆਉ ਵੇਖੀਏ ਸਤਿਗੁਰਾਂ ਨੇ ' ਅਗਿਆਨਤਾ ' ਕਿਸ ਨੂੰ ਮੰਨਿਆਂ ਹੈ :---

੨੦੩- ਮਨਮੁਖ ਹਰਿ ਨਾਮੁ ਨ ਸੇਵਿਆ ਦੁਖੁ ਲਗਾ ਬਹੁਤਾ ਆਇ ॥ ਅੰਤਰਿ **ਅਗਿਆਨੁ ਅੰਧੇਰੁ** ਹੈ ਸੁਧਿ ਨ ਕਾਈ ਪਾਇ ॥ ਮਨ ਹਠਿ ਸਹਜਿ ਨ ਬੀਜਿਓ ਭੁਖਾ ਕਿ ਅਗੈ ਖਾਇ ॥ ਨਾਮੁ ਨਿਧਾਨੁ ਵਿਸਾਰਿਆ ਦੂਜੈ ਲਗਾ ਜਾਇ ॥ ਨਾਨਕ ਗੁਰਮੁਖਿ ਮਿਲਹਿ ਵਡਿਆਈਆ ਜੇ ਆਪੇ ਮੇਲਿ ਮਿਲਾਇ ॥ ੨ ॥[੬੪੭]-ਵਾ-੧੩

**ਅਰਥ:**--ਮਨਮੁਖ ਨੇ ਹਰੀ ਦਾ ਨਾਮ ਨਹੀਂ ਸਿਮਰਿਆ, ਇਸ ਕਰਕੇ ਬਹੁਤਾ ਦੁਖੀ ਹੁੰਦਾ ਹੈ ।, ਉਸ ਦੇ ਹਿਰਦੇ ਵਿਚ ਅਗਿਆਨ (-ਰੂਪ) ਹਨੇਰਾ ਹੁੰਦਾ ਹੈ (ਇਸ ਲਈ) ਉਸ ਨੂੰ ਕੋਈ ਸੂਝ ਨਹੀਂ ਪੈਂਦੀ, ਮਨ ਦੇ ਹਠ ਕਰਕੇ ਉਹ ਅਡੋਲ ਅਵਸਥਾ ਵਿਚ ਕੁਝ ਨਹੀਂ ਬੀਜਦਾ (ਨਾਮ ਨਹੀਂ ਜਪਦਾ), (ਇਸ ਆਤਮਕ ਖ਼ੁਰਾਕ ਤੋਂ ਸੱਖਣਾ) ਭੁੱਖਾ ਅੱਗੇ ਕੀ ਖਾਏਗਾ ? (ਮਨੁਮੁਖ) ਨਾਮ-ਖ਼ਜ਼ਾਨਾ ਵਿਸਾਰ ਕੇ ਮਾਇਆ ਵਿਚ ਜਾ ਲੱਗਦਾ ਹੈ । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ--ਜੇ ਹਰੀ ਆਪ (ਕਿਰਪਾ ਕਰਕੇ) ਸੰਗਤਿ ਵਿਚ ਮਿਲਾ ਲਏ ਤਾਂ ਸਤਿਗੁਰੂ ਦੇ ਸਨਮੁਖ ਹੋਏ ਮਨੁਖਾਂ ਨੂੰ ਵਡਿਆਈ ਮਿਲਦੀ ਹੈ । ੨ ।

੨੦੪- ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ ॥
**ਅਗਿਆਨਿ ਅੰਧੇਰੈ** ਸੂਝਸਿ ਨਾਹੀ, ਬਹੁੜਿ ਬਹੁੜਿ ਭਰਮਾਤਾ ॥ ੩ ॥ [੬੧੦]-੬

੨੦੫- ਬੈਸਨੋ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ ॥
ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ **ਅਗਿਆਨ** ॥ ੧ ॥[੧੨੦੩]-੨

**ਅਰਥ:**--(ਜਿਹੜੇ ਮਨੁੱਖ) ਆਪਣੇ ਆਪ ਨੂੰ ਵੈਸ਼ਨੌ ਅਖਵਾਉਂਦੇ ਹਨ, (ਸ਼ਾਸਤ੍ਰਾਂ ਦੇ ਦੱਸੇ ਹੋਏ) ਛੇ ਕਰਮ ਕਰਦੇ ਹਨ, (ਪਰ ਜੇ ਉਨ੍ਹਾਂ ਦੇ) ਅੰਦਰ (ਮਨ ਨੂੰ) ਮੈਲਾ ਕਰਨ ਵਾਲਾ ਲੋਭ ਵੱਸ ਰਿਹਾ ਹੈ ਜੋ, ਜੇ ਉਹ ਸਾਧ ਸੰਗਤਿ ਦੀ ਨਿੰਦਾ ਕਰਦੇ ਹਨ (ਤਾਂ ਉਹ ਸਾਰੇ ਮਨੁੱਖ) ਆਤਮਕ ਜੀਵਨ ਵਲੋਂ ਬੇਸਮਝੀ ਦੇ ਕਾਰਨ (ਸੰਸਾਰ-ਸਮੁੰਦਰ ਦੀਆਂ ਵਿਕਾਰ-ਲਹਿਰਾਂ) ਵਿਚ ਡੁੱਬ ਜਾਂਦੇ ਹਨ । ੧ ।

੨੦੬- **ਮਨ ਆਵਣ ਜਾਣੁ ਨ ਸੁਝਈ ਨਾ ਸੁਝੈ ਦਰਬਾਰੁ ॥ ਮਾਇਆ ਮੋਹਿ ਪਲੇਟਿਆ ਅੰਤਰਿ ਅਗਿਆਨੁ ਗੁਬਾਰੁ ॥**
**ਤਬ ਨਰੁ ਸੁਤਾ ਜਾਗਿਆ ਸਿਰਿ ਡੰਡੁ ਲਗਾ ਬਹੁ ਭਾਰੁ ॥ ਗੁਰਮੁਖਾਂ ਕਰਾਂ ਉਪਰਿ ਹਰਿ ਚੇਤਿਆ ਸੇ ਪਾਇਨਿ**
**ਮੋਖ ਦੁਆਰੁ ॥ ਨਾਨਕ ਆਪਿ ਓਹਿ ਉਧਰੇ ਸਭ ਕੁਟੰਬ ਤਰੇ ਪਰਵਾਰ ॥ ੪੨ ॥**[੧੪੧੮]

**ਅਰਥ:**--ਹੇ ਮਨ ! ਤੈਨੂੰ ਇਹ ਖ਼ਿਆਲ ਨਹੀਂ ਆਉਂਦਾ ਕਿ ਜਨਮ ਮਰਨ ਦੇ ਗੇੜ ਵਿਚ ਪੈਣਾ ਪਏਗਾ), ਤੈਨੂੰ ਪ੍ਰਭੂ ਦੀ ਹਜ਼ੂਰੀ ਵੀ ਯਾਦ ਨਹੀਂ ਆਉਂਦੀ । ਤੂੰ ਸਦਾ ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈਂ, ਤੇਰੇ ਅੰਦਰ ਆਤਮਕ-ਜੀਵਨ ਵਲੋਂ ਬੇ-ਸਮਝੀ ਹੈ, ਆਤਮਕ ਜੀਵਨ ਵਲੋਂ ਘੁੱਪ ਹਨੇਰਾ ਹੈ । ਮਾਇਆ ਦੇ ਮੋਹ ਵਿਚ ਪਿਆ ਮਨੁੱਖ ਤਦੋਂ ਹੀ ਹੋਸ਼ ਕਰਦਾ ਹੈ ਜਦੋਂ ਇਸ ਦੇ ਸਿਰ ਤੇ (ਮੌਤ) ਦਾ ਕਰਾਰਾ ਡੰਡਾ ਆ ਵੱਜਦਾ ਹੈ ।

ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਹਰ ਵੇਲੇ ਪਰਮਾਤਮਾ ਨੂੰ ਸਿਮਰਦੇ ਰਹਿੰਦੇ ਹਨ, ਉਹ ਮਾਇਆ ਦੇ ਮੋਹ ਤੋਂ ਖਲਾਸੀ ਦਾ ਰਸਤਾ ਲੱਭ ਲੈਂਦੇ ਹਨ ਅਤੇ ਆਪ ਵੀ (ਵਿਕਾਰਾਂ ਵਿਚ ਗਲਣੋਂ) ਬਚ ਜਾਂਦੇ ਹਨ, ਉਨ੍ਹਾਂ ਦੇ ਪਰਵਾਰ---ਕੁਟੰਬ ਅਤੇ ਸਾਰੇ ਸਾਥੀ ਵੀ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਂਦੇ ਹਨ । ੪੨ ।

੨੦੭- **ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ ॥**
**ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸੂ ਸਮਾਨਾ ॥ ੨ ॥**[੧੧੩੮]-੧-੧੪

**ਅਰਥ:**--ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਮਾਇਆ (ਠਾਕੁਰ ਦੀ ਦਾਸੀ) ਦੇ ਮੋਹ ਵਿਚ ਅੰਨ੍ਹੇ ਹੋ ਚੁੱਕੇ ਮਨੁੱਖ, ਆਤਮਕ ਜੀਵਨ ਦੀ ਸੂਝ ਤੋਂ ਸੱਖਣੇ ਮਨੁੱਖ ਮਾਲਕ-ਪ੍ਰਭੂ ਨੂੰ ਛੱਡ ਕੇ ਉਸ ਦੀ ਦਾਸੀ (ਮਾਇਆ) ਨੂੰ ਹੀ ਹਰ ਵੇਲੇ ਚੇਤੇ ਰੱਖਦੇ ਹਨ । ਅਜਿਹੇ ਨਿਗੁਰੇ ਮਨੁੱਖ, ਪਸ਼ੂਆਂ ਵਰਗੇ ਜੀਵਨ ਵਾਲੇ ਮਨੁੱਖ ਉਨ੍ਹਾਂ ਬੰਦਿਆਂ ਨੂੰ ਨਿੰਦਦੇ ਹਨ ਜਿਹੜੇ ਪਰਮਾਤਮਾ ਦੀ ਭਗਤੀ ਕਰਦੇ ਹਨ ।

ਉਪਰ ਕੀਤੀ ਸ਼ਬਦ ਵਿਚਾਰ ਤੋਂ ਅਸਾਂ ਵੇਖਿਆ ਹੈ ਕਿ ਗੁਰਮਤਿ ਤੋਂ ਅਗਿਆਨਤਾ ਦਾ ਹਨੇਰਾ ਵਿਸ਼ੇਸ਼ ਕਰਕੇ ਮਨੁਮੁਖ ਦੇ ਮਨ ਅੰਦਰ ਹੀ ਹੁੰਦਾ ਹੈ । ਕਿਉਂਕਿ ਮਨਮੁੱਖ ਗੁਰੂ ਦੀ ਮਤਿ ਤੇ ਤੁਰਨ ਦੇ ਥਾਂ ਆਪਣੀ ਮਤਿ ਤੇ ਤੁਰਦਾ ਹੈ । ਭਾਵ, ਮਨਮੁਖਤਾ, ਅਗਿਆਨਤਾ ਦਾ ਮੂਲ ਹੈ । ਅਤੇ ਅਗਿਆਨਤਾ ਹੰਕਾਰ ਦੀ ਜਨਮ ਦਾਤੀ ਹੈ । ਹੰਕਾਰੀ ਮਨੁੱਖ ਪਰਮਾਤਮਾ ਦੇ ਨਾਮ ਦੀ ਪ੍ਰਾਪਤੀ ਨਹੀਂ ਕਰ ਸਕਦਾ । ਸਾਨੂੰ ਚਾਹੀਦਾ ਹੈ ਮਨਮੁਖਤਾਈ ਨੂੰ ਸਦਾ ਲਈ ਤਿਲਾਂਜਲੀ ਦੇ ਕੇ, ਗੁਰੂ ਦੀ ਮਤਿ ਤੇ ਚਲਦੇ ਹੋਏ ਸਦਾ ਗੁਰਮੁਖਿ ਬਣੇ ਰਹੀਏ । ਗੁਰੂ ਦੀ ਮਤਿ ਅਨੁਸਾਰ ਤੁਰਿਆਂ ਪਰਮਾਤਮਾ ਦੀ ਮਿਹਰ ਦੇ ਪਾਤਰ ਬਣ ਜਾਈਦਾ ਹੈ । ਪਰਮਾਤਮਾ ਦੀ ਮਿਹਰ ਨਾਲ ਅਗਿਆਨਤਾ ਦਾ ਹਨੇਰਾ ਕਟਿਆ ਜਾਂਦਾ ਹੈ:--

੨੦੮- **ਹਰਿ ਪ੍ਰਭੁ ਹਰਿ ਮਨਿ ਭਾਇਆ ਹਰਿ ਨਾਮਿ ਵਧਾਈ ਰਾਮ ॥ ਗੁਰਿ ਪੂਰੈ ਪ੍ਰਭੁ ਪਾਇਆ**
**ਹਰਿ ਹਰਿ ਲਿਵ ਲਾਈ ਰਾਮ ॥ ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿਆਈ ਰਾਮ ॥**
**ਜਨ ਨਾਨਕ ਨਾਮੁ ਅਧਾਰੁ ਹੈ ਹਰਿ ਨਾਮਿ ਸਮਾਈ ਰਾਮ ॥ ੨ ॥**[੮੪੫]-ਛੰਤ-੨-੪

**ਅਰਥ:**--(ਪੂਰੇ ਗੁਰੂ ਦੀ ਰਾਹੀਂ ਜਿਸ ਮਨੁੱਖ ਦੇ) ਮਨ ਵਿਚ ਹਰੀ-ਪ੍ਰਭੂ ਪਿਆਰਾ ਲੱਗਣ ਲੱਗ ਪੈਂਦਾ ਹੈ, ਹਰਿ-ਨਾਮ ਦੀ ਬਰਕਤਿ ਨਾਲ( ਉਸ ਦੇ ਅੰਦਰ) ਚੜ੍ਹਦੀ ਕਲਾ ਬਣੀ ਰਹਿੰਦੀ ਹੈ । ਪੂਰੇ ਗੁਰੂ ਦੀ ਰਾਹੀਂ ਜਿਸ ਨੂੰ ਪ੍ਰਭੂ ਮਿਲ ਪਿਆ, ਉਹ ਹਰ ਵੇਲੇ ਪਰਮਾਤਮਾ ਵਿਚ ਸੁਰਤਿ ਜੋੜੀ ਰੱਖਦਾ ਹੈ । (ਉਸ ਦੇ ਅੰਦਰੋਂ) ਆਤਮਕ ਜੀਵਨ ਵਲੋਂ ਬੇ-ਸਮਝੀ ਦਾ ਹਨੇਰਾ ਕੱਟਿਆ ਜਾਂਦਾ ਹੈ, (ਉਸ ਦੇ ਅੰਦਰ) ਰੱਬੀ ਜੋਤਿ ਜਗ ਪੈਂਦੀ ਹੈ । ਉਸ ਮਨੁੱਖ ਲਈ ਪਰਮਾਤਮਾ ਦਾ ਨਾਮ ਜਿੰਦਗੀ ਦਾ ਆਸਰਾ ਬਣ ਜਾਂਦਾ ਹੈ, ਪਰਮਾਤਮਾ ਦੇ ਨਾਮ ਵਿਚ ਉਸ ਦੀ ਲੀਨਤਾ ਬਣੀ ਰਹਿੰਦੀ ਹੈ । ੨ ।

੨੦੯- **ਵਡਿਆਈ ਸਚੇ ਨਾਮ ਕੀ ਹਉ ਜੀਵਾ ਸੁਣਿ ਸੁਣੇ ॥ ਪਸੂ ਪਰੇਤ ਅਗਿਆਨ ਉਧਾਰੇ ਇਕ ਖਣੇ ॥**
**ਦਿਨਸੁ ਰੈਣਿ ਤੇਰਾ ਨਾਉ ਸਦਾ ਸਦ ਜਾਪੀਐ ॥ ਤ੍ਰਿਸਨਾ ਭੁਖ ਵਿਕਰਾਲ ਨਾਇ ਤੇਰੈ ਧ੍ਰਾਪੀਐ ॥**
**ਰੋਗੁ ਸੋਗੁ ਦੁਖੁ ਵੰਞੈ ਜਿਸੁ ਨਾਉ ਮਨਿ ਵਸੈ ॥ ਤਿਸਹਿ ਪਰਾਪਤਿ ਲਾਲੁ ਜੋ ਗੁਰ ਸਬਦੀ ਰਸੈ ॥**
**ਖੰਡ ਬ੍ਰਹਮੰਡ ਬੇਅੰਤ ਉਧਾਰਣ ਹਾਰਿਆ ॥ ਤੇਰੀ ਸੋਭਾ ਤੁਧੁ ਸਚੇ ਮੇਰੇ ਪਿਆਰਿਆ ॥ ੧੨ ॥**[੯੬੩]-ਵਾਰ

ਅਰਥ:--ਪ੍ਰਭੂ ਦੇ ਸੱਚੇ ਨਾਮ ਦੀਆਂ ਸਿਫ਼ਤਾਂ (ਕਰ ਕੇ ਤੇ) ਸੁਣ ਸੁਣ ਕੇ ਮੇਰੇ ਅੰਦਰ ਜਿੰਦ ਪੈਂਦੀ ਹੈ (ਮੈਨੂੰ ਆਤਮਕ ਜੀਵਨ ਪ੍ਰਾਪਤ ਹੁੰਦਾ ਹੈ), (ਪ੍ਰਭੂ ਦਾ ਨਾਮ) ਪਸ਼ੂ-ਬਿਰਤੀ, ਪ੍ਰੇਤ-ਸੁਭਾਵ ਤੇ ਗਿਆਨ-ਹੀਨਾਂ ਨੂੰ ਇਕ ਖਿਨ ਵਿਚ ਤਾਰ ਲੈਂਦਾ ਹੈ । ਹੇ ਪ੍ਰਭੂ ! ਦਿਨ ਰਾਤ ਸਦਾ ਹੀ ਤੇਰਾ ਨਾਮ ਜਪਣਾ ਚਾਹੀਦਾ ਹੈ, ਤੇਰੇ ਨਾਮ ਦੀ ਰਾਹੀਂ (ਮਾਇਆ ਦੀ) ਡਰਾਉਣੀ ਭੁੱਖ ਤ੍ਰੇਹ ਮਿਟ ਜਾਂਦੀ ਹੈ । ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਦਾ ਨਾਮ ਵੱਸ ਗਿਆ ਉਸ ਦੇ ਮਨ ਵਿਚੋਂ (ਵਿਕਾਰ-) ਰੋਗ ਸਹਸਾ, ਤੇ ਦੁੱਖ ਦੂਰ ਹੋ ਜਾਂਦਾ ਹੈ । ਪਰ ਇਹ ਨਾਮ-ਹੀਰਾ ਉਸ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ ਜਿਹੜਾ ਗੁਰੂ ਦੇ ਸ਼ਬਦ ਵਿਚ ਰਚ-ਮਿਚ ਜਾਂਦਾ ਹੈ । ਹੇ ਖੰਡਾਂ ਬ੍ਰਹਮੰਡਾਂ ਦੇ ਬੇਅੰਤ ਜੀਵਾਂ ਨੂੰ ਤਾਰਨ ਵਾਲੇ ਪ੍ਰਭੂ ! ਹੇ ਸਦਾ ਥਿਰ ਰਹਿਣ ਵਾਲੇ ਮੇਰੇ ਪਿਆਰੇ ! ਤੇਰੀ ਸੋਭਾ ਤੈਨੂੰ ਹੀ ਫੱਬਦੀ ਹੈ (ਆਪਣੀ ਵਡਿਆਈ ਤੂੰ ਆਪ ਹੀ ਜਾਣਦਾ ਹੈਂ) । ੧੨ ।

## ੩੪

# ਗਿਆਨੀ

**"ਹਉਮੈ ਮੇਟਿ ਸਬਦਿ ਸੁਖੁ ਹੋਈ ॥ ਆਪੁ ਵੀਚਾਰੇ ਗਿਆਨੀ ਸੋਈ ॥"**[੧੦੪੦]

ਗਿਆਨੀ ਦਾ ਅਰਥ ਹੈ ਜਾਣਨ ਵਾਲਾ, ਗਿਆਤਾ, ਵਿਦਵਾਨ । ਪਰ ਸਿੱਖ ਜਗਤ ਵਿਚ ਜਿਵੇਂ ਖ਼ਾਸ ਵੇਸ ਵਾਲੇ ਨੂੰ ਅਥਵਾ ਉਚੇਚੀ " ਡਿੱਠ " ਵਾਲੇ ਨੂੰ, ਸੰਤ ਮਹਾਂਪੁਰਖ ਸਮਝਿਆ ਅਤੇ ਮੰਨਿਆਂ ਜਾਂਦਾ ਹੈ, ਏਸੇ ਤਰ੍ਹਾਂ ਖ਼ਾਸ ਪਹਿਰਾਵੇ ਨਾਲ 'ਗਿਆਨੀ "ਸ਼ਬਦ ਜੁੜ ਗਿਆ ਹੈ । ਸਿਖ ਧਰਮ ਵਿਚਲੇ ਪਰਚਾਰਾਕਾਂ, ਰਾਗ਼ੀਆਂ, ਢਾਡੀਆਂ, ਕਥਾਕਾਰਾਂ, ਗ੍ਰੰਥੀਆਂ ਦੇ ਦਸਤਾਰੇ ਅਤੇ ਪੁਸ਼ਾਕੇ ਵਿਚ ਆਮ ਲੋਕਾਂ ਨਾਲੋਂ ਥੁਹੜੀ ਬਹੁਤੀ ਵਿਲਖਣਤਾ ਜ਼ਰੂਰ ਹੁੰਦੀ ਹੈ, ਜਿਸ ਤੋਂ ਉਨ੍ਹਾਂ ਨੂੰ ਆਪਣੇ ਆਪ ਹੀ " ਗਿਆਨੀ " ਲਕਬ ਮਿਲ ਜਾਂਦਾ ਹੈ, ਅਥਵਾ ਉਨ੍ਹਾਂ ਨੂੰ " ਗਿਆਨੀ ਜੀ ' ਕਹਿ ਕੇ ਬੁਲਾਇਆ ਜਾਂਦਾ ਹੈ । ਨੀਲੇ, ਕਾਲੇ ਪੀਲੇ ਅਥਵਾ ਚਿੱਟੇ ਰੰਗ ਦੇ ਗੋਲ ਦਸਤਾਰੇ ਵਾਲੇ ਸਹਿਜ ਹੀ " ਗਿਆਨੀ ਜੀ " ਲਕਬ ਵਾਲੇ ਬਣ ਜਾਂਦੇ ਹਨ । ਭਾਸ਼ਾ ਵਿਭਾਗ ਵਾਲਿਆਂ ਨੇ " ਗਿਆਨੀ " ਇੱਕ ਡਿਗਰੀ ਮਿਥੀ ਹੋਈ ਹੈ । ਅਜੇਹੀ ਡਿਗਰੀ ਵਾਲਾ " ਗਿਆਨੀ ਜੀ " ਬਹੁਤਾ ਕਰਕੇ ਅਧਿਆਪਕ ਬਣ ਕੇ ਆਪਣਾ

ਗੁਜ਼ਾਰਾ ਤੋਰ ਲੈਂਦਾ ਹੈ । ਏਥੇ ਅਸਾਂ ਵੇਖਣਾ ਹੈ ਕਿ ਸਤਿਗੁਰਾਂ ਨੇ ਗਿਆਨੀ ਕਿਸ ਨੂੰ ਸਮਝਿਆ ਹੈ । ਆਉ ਗੁਰਬਾਣੀ ਸ਼ਬਦ-ਵਿਚਾਰ ਤੋਂ ਗੁਰਮਤਿ ਦੇ ਗਿਆਨ ਤੋਂ ਜਾਣੂ ਹੋਈਏ ਅਤੇ ਆਪਣੇ ਅੰਦਰ ਝਾਤੀ ਮਾਰੀਏ ਕਿ, ਕੀ ਕਦੇ ਅਸੀਂ ਗੁਰਮਤਿ ਦੇ " ਗਿਆਨੀ " ਦੀ ਭਾਲ ਕੀਤੀ ਹੈ ? ਕੀ ਵਾਕਿਆ ਹੀ ਅਸੀਂ, ਗਿਆਨੀ ਅਖਵਾਉਣ ਦੇ ਹੱਕਦਾਰ ਹਾਂ ?

੨੧੦- **ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥**
**ਗੁਰ ਪਰਸਾਦਿ ਕਰੇ ਬੀਚਾਰੁ ॥ ਸੋ ਗਿਆਨੀ ਦਰਗਹ ਪਰਵਾਣੁ ॥ ੪ ॥**[੨੪]-੩੦

**ਅਰਥ:**-- ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ ਕਿ ਅਸਲੀ ਵਿਦਵਾਨ ਮਨੁੱਖ ਉਹ ਹੈ ਜੋ ਆਪਣੇ ਅਸਲੇ ਨੂੰ ਪਛਾਣਦਾ ਹੈ, ਜੋ ਉਸ ਪਰਮਾਤਮਾ ਨੂੰ ਹੀ (ਅਕਲ ਦਾਤਾ) ਸਮਝਦਾ ਹੈ, ਜੋ ਗੁਰੂ ਦੀ ਮਿਹਰ ਨਾਲ (ਆਪਣੀ ਚਤੁਰਾਈ ਨੂੰ ਛੱਡ ਕੇ ਅਕਲ-ਦਾਤੇ ਪ੍ਰਭੂ ਦੇ ਗੁਣਾਂ ਦਾ) ਵਿਚਾਰ ਕਰਦਾ ਹੈ । ਅਜੇਹਾ ਗਿਆਨਵਾਨ ਮਨੁੱਖ ਪ੍ਰਭੂ ਦੀ ਹਜ਼ੂਰੀ ਵਿਚ ਕਬੂਲ ਹੋ ਜਾਂਦਾ ਹੈ । ੪ ।

੨੧੧- **ਹਉਮੈ ਮੇਟਿ ਸਬਦਿ ਸੁਖੁ ਹੋਈ ॥ ਆਪੁ ਵੀਚਾਰੇ ਗਿਆਨੀ ਸੋਈ ॥**
**ਨਾਨਕ ਹਰਿ ਜਸੁ ਹਰਿ ਗੁਣ ਲਾਹਾ ਸਤ ਸੰਗਤਿ ਸਚੁ ਫਲੁ ਪਾਇਆ ॥ ੧੫ ॥**[੧੦੩੯]-੨-੧੯

**ਅਰਥ:**--ਜਿਹੜਾ ਮਨੁੱਖ ਆਪਣੇ ਆਤਮਕ ਜੀਵਨ ਨੂੰ ਪੜਤਾਲਦਾ ਰਹਿੰਦਾ ਹੈ ਉਹੀ ਅਸਲ ਗਿਆਨ-ਵਾਨ ਹੈ, ਉਹ ਮਨੁੱਖ ਹਉਮੈ ਦੂਰ ਕਰ ਕੇ ਗੁਰੂ ਦੇ ਸ਼ਬਦ ਵਿਚ ਜੁੜਦਾ ਹੈ ਤੇ ਇਸ ਤਰ੍ਹਾਂ ਉਸ ਨੂੰ ਆਤਮਕ ਆਨੰਦ ਪ੍ਰਾਪਤ ਹੁੰਦਾ ਹੈ । ਹੇ ਨਾਨਕ ! ਪਰਮਾਤਮਾ ਦੀ ਸਿਫ਼ਤਿ ਸਾਲਾਹ ਕਰਨੀ ਪਰਮਾਤਮਾ ਦੇ ਗੁਣ ਗਾਉਣੇ--(ਜਗਤ ਵਿਚ ਏਹੀ ਅਸਲ) ਖੱਟੀ ਹੈ । ਜਿਹੜਾ ਮਨੁੱਖ ਸਾਧ (ਗੁਰੂ-ਗ੍ਰੰਥ ਸਾਹਿਬ ਜੀ ਦੀ) ਸੰਗਤਿ ਵਿਚ ਆਉਂਦਾ ਹੈ ਇਹ ਸਦਾ ਕਾਇਮ ਰਹਿਣ ਵਾਲਾ (ਨਾਮ-) ਫਲ ਪਾ ਲੈਂਦਾ ਹੈ । ੧੫ ।

੨੧੨- **ਸੋਈ ਗਿਆਨੀ ਜਿ ਸਿਮਰੈ ਏਕ ॥ ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥**
**ਸੋ ਕੁਲਵੰਤਾ ਜਿ ਸਿਮਰੈ ਸੁਆਮੀ ਸੋ ਪਤਿਵੰਤਾ ਜਿ ਆਪੁ ਪਛਾਨੀ ॥ ੨ ॥**[੧੧੫੦]-੩੫-੪੮

੨੧੩- **ਕਈ ਬੈਕੁੰਠ ਨਾਹੀ ਲਵੈ ਲਾਗੇ ॥ ਮੁਕਤਿ* ਬਪੁੜੀ ਭੀ ਗਿਆਨੀ ਤਿਆਗੇ ॥**
**ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ ॥ ੮ ॥**[੧੦੭੮]-੨-੭

**ਅਰਥ:**--ਅਨੇਕਾਂ ਬੈਕੁੰਠ (ਗੁਰੂ ਦੇ ਦਰਸ਼ਨ ਦੀ) ਬਰਾਬਰੀ ਨਹੀਂ ਕਰ ਸਕਦੇ । ਜਿਹੜਾ ਮਨੁੱਖ ਗਿਆਨੀ ਹੈ (ਭਾਵ, ਜਿਹੜਾ ਮਨੁੱਖ ਗੁਰੂ ਦੀ ਰਾਹੀਂ ਪਰਮਾਤਮਾ ਨਾਲ ਸਾਂਝ ਪਾਉਂਦਾ ਹੈ) ਉਹ ਮੁਕਤੀ ਨੂੰ ਵੀ ਇਕ ਨਿਮਾਣੀ ਜਿਹੀ ਚੀਜ਼ ਸਮਝ ਕੇ (ਇਸ ਦੀ ਲਾਲਸਾ ਨਹੀਂ ) ਤਿਆਗ ਦਿੰਦਾ ਹੈ । ਗੁਰੂ ਦੀ ਰਾਹੀਂ ਹੀ ਪਰਮਾਤਮਾ ਨਾਲ ਮਿਲਾਪ ਹੁੰਦਾ ਹੈ । ਮੈਂ ਤਾਂ ਗੁਰੂ ਦੇ ਦਰਸ਼ਨ ਤੋਂ ਸਦਾ ਸਦਕੇ ਹਾਂ । ੮ । { * Foot Note:--ਏਥੇ ਉਸ ਮੁਕਤੀ ਦਾ ਜ਼ਿਕਰ ਹੈ, ਜੋ ਕਥਿਤ ਤੌਰ ਤੇ ਮੌਤ ਉਪ੍ਰੰਤ ਮਿਲਦੀ ਹੈ ਅਤੇ ਜਿਸ ਦੀ ਪ੍ਰਾਪਤੀ ਦਾ ਮਨਮੋਹਣਾ ਝਾਂਸਾ ਪੁਰਾਣਕ ਗੰਥਾਂ ਦੁਆਰਾ ਬ੍ਰਾਹਮਣ ਨੇ ਲੋਕਾਂ ਦੇ ਮਨਾਂ ਵਿਚ ਵਸਾਇਆ ਹੋਇਆ ਹੈ । ਮਰਨ ਉਪ੍ਰੰਤ ਮਿਲਣ ਵਾਲੀ ਅਜੇਹੀ ਕਿਸੇ ਮੁਕਤੀ ਨੂੰ ਗੁਰਮਤਿ ਮਾਨਤਾ ਨਹੀਂ ਦਿੰਦੀ । ਪੜ੍ਹੋ ਲੇਖ " ਮੁਕਤੀ ਅਤੇ ਗੁਰਮਤਿ " ]

੨੧੪- **ਦੁਖੁ ਸੁਖੁ ਏ ਬਾਧੇ ਜਿਹ ਨਾਹਿਨ ਤਿਹ ਤੁਮ ਜਾਨਉ ਗਿਆਨੀ ॥**
**ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥ ੩ ॥** [੨੨੦]-੭

ਕਰਮਕਾਂਡਾਂ ਦੀ ਬੰਦਸ਼ ਨੂੰ ਹੀ ਧਰਮ ਸਮਝਣ ਵਾਲੇ ਧਰਮ-ਆਗੂਆਂ (ਬ੍ਰਾਹਮਣ, ਮੌਲਵੀ ਅਤੇ ਹੁਣ ਦੇ ਡੇਰੇ-ਦਾਰ ਕਥਿਤ ਸਾਧ-ਸੰਤਾਂ) ਨੂੰ ਸੰਬੋਧਨ ਕਰਕੇ ਗੁਰੂ-ਫ਼ੁਰਮਾਨ ਹੈ ਕਿ:--

੨੧੫- **ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥ ਹਿੰਦੂ ਪੂਜੈ ਦੇਹੁਰਾ,**
**ਮੁਸਲਮਾਣੁ ਮਸੀਤਿ ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥ ੪ ॥*** [੮੭੪]-੩-੭

[* Foot Not:-ਗੁਰੂ ਗ੍ਰੰਥ ਸਾਹਿਬ ਜੀ ਦੇ ਜ਼ਿਸ ਪਾਵਨ ਸ਼ਬਦ ਦੀ ਪੰਗਤੀ ਹੈ ਉਸ ਪੂਰੇ ਗੁਰੂ-ਸ਼ਬਦ ਦੇ ਸ-ਵਿਸਥਾਰ ਵਿਚਾਰ ਪੁਸਤਕ ਦੇ ਪਹਿਲੇ ਭਾਗ ਦੇ " ਦੇਵੀ ਦੇਵਤੇ ਅਤੇ ਗੁਰਮਤਿ " ਲੇਖ ਵਿਚ ਲਿਖੀ ਜਾ ਚੁੱਕੀ ਹੈ ]

੨੧੬- **ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ ॥** [ਖ਼ਾਲਸੇ--ਆਜ਼ਾਦ]
**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥ ੪ ॥**[੬੫੫]-੩

**ਅਰਥ:**--ਸਾਰੇ ਜਗਤ ਉੱਤੇ ਕਾਲ ਦਾ ਸਹਿਮ ਪਿਆ ਹੋਇਆ ਹੈ, ਭਰਮੀ ਗਿਆਨੀ ਵੀ ਉਸੇ ਹੀ ਲੇਖੇ ਵਿਚ ਲਿਖੇ ਗਏ ਹਨ (ਉਹ ਵੀ ਮੌਤ ਦੇ ਸਹਿਮ ਵਿਚ ਹੀ ਹਨ) । ਹੇ ਕਬੀਰ ! ਆਖ--ਜਿੰਨ੍ਹਾਂ ਮਨੁੱਖਾਂ ਨੇ ਪ੍ਰੇਮ-ਭਗਤੀ ਕਰਨੀ ਸਮਝ ਲਈ ਹੈ ਉਹ (ਮੌਤ ਦੇ ਸਹਿਮ ਤੋਂ) ਆਜ਼ਾਦ ਹੋ ਗਏ ਹਨ (ਭਾਵ, ਮੌਤ ਤੋਂ ਨਿਰਭੈ ਹੋ ਗਏ ਹਨ)। ੪ ।

੨੧੭- **ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥ ੧੬ ॥** [੧੪੨੭]

੩੪

# ਬੂਝਹੁ ਗਿਆਨੀ ਸਬਦ ਬੀਚਾਰਿ ॥

੨੧੮- **ਅਮਾਵਸਿਆ ਚੰਦੁ ਗੁਪਤੁ ਗੈਣਾਰਿ ॥ ਬੂਝਹੁ ਗਿਆਨੀ ਸਬਦੁ ਬੀਚਾਰਿ ॥ ਸਸੀਅਰੁ ਗਗਨਿ ਜੋਤਿ ਤਿਹੁ ਲੋਈ ॥**
**ਕਰਿ ਕਰਿ ਵੇਖੈ ਕਰਤਾ ਸੋਈ ॥ ਗੁਰ ਤੇ ਦੀਸੈ ਸੋ ਤਿਸ ਹੀ ਮਾਹਿ ॥ ਮਨਮੁਖਿ ਭੂਲੇ ਆਵਹਿ ਜਾਹਿ ॥੧੯ ॥**[੮੪੦]

**ਅਰਥ:**--ਜਿਵੇਂ ਮੱਸਿਆ ਨੂੰ ਚੰਦ ਆਕਾਸ਼ ਵਿਚ ਗੁਪਤ ਰਹਿੰਦਾ ਹੈ (ਤਿਵੇਂ ਪਰਮਾਤਮਾ ਹਰੇਕ ਹਿਰਦੇ ਵਿਚ ਗੁਪਤ ਵੱਸ ਰਿਹਾ ਹੈ) । ਹੇ ਆਤਮਕ ਜੀਵਨ ਦੀ ਸੂਝ ਦੇ ਖੋਜੀ ਮਨੁੱਖ !(-ਹੇ ਗਿਆਨੀ ਗਿਆਨੀ !) ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾ ਕੇ (ਹੀ ਇਸ ਭੇਤ ਨੂੰ) ਸਮਝ ਸਕੇਂਗਾ । (ਜਿਵੇਂ ਚੰਦ੍ਰਮਾ ਆਕਾਸ਼ ਵਿਚ (ਹਰ ਪਾਸੇ ਚਾਨਣ ਦੇ ਰਿਹਾ ਹੈ, ਤਿਵੇਂ ਪਰਮਾਤਮਾ ਦੀ) ਜੋਤਿ ਸਾਰੇ ਸੰਸਾਰ ਵਿਚ (ਜੀਵਨ-ਸੱਤਾ ਦੇ ਰਹੀ ਹੈ । ਉਹ ਕਰਤਾਰ ਆਪ ਹੀ (ਸਭ ਜੀਵਾਂ ਨੂੰ) ਪੈਦਾ ਕਰ ਕੇ (ਸਭ ਦੀ) ਸੰਭਾਲ ਕਰ ਰਿਹਾ ਹੈ । ਜਿਸ ਮਨੁੱਖ ਨੂੰ ਗੁਰੂ ਪਾਸੋਂ ਇਹ ਸੂਝ ਮਿਲ ਜਾਂਦੀ ਹੈ, ਉਹ ਮਨੁੱਖ ਉਸ ਪਰਮਾਤਮਾ ਵਿਚ ਹੀ ਸਦਾ ਲੀਨ ਰਹਿੰਦਾ ਹੈ । ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਕੁਰਾਹਰੇ ਪੈ ਕੇ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ । ੧੯ ।

੨੧੯- ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥ ਮਾਟੀ ਮਾਟੀ
ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ ॥ ੧ ॥ ਕਉਨੁ ਮੂਆ ਰੇ ਕਉਨੁ ਮੂਆ ॥
**ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ** ਇਹੁ ਤਉ ਚਲਤੁ ਭਇਆ ॥ ੧ ॥ ਰਹਾਉ ॥[੮੮੫]-੧੦
[ " ਆਤਮਾ " ਲੇਖ ਵਿਚ ਵਿਚਾਰ ਹੋ ਚੁੱਕੀ ਹੈ]

੨੨੦- ਏਕੁ ਬੁਰਾ ਭਲਾ ਸਚੁ ਏਕੈ ॥ **ਬੂਝੁ ਗਿਆਨੀ ਸਤਗੁਰ ਕੀ ਟੇਕੈ** ॥ ਗੁਰਮੁਖਿ ਵਿਰਲੀ ਏਕੋ ਜਾਣਿਆ ॥
ਅਵਣੁ ਜਾਣਾ ਮੇਟਿ ਸਮਾਣਿਆ ॥ ੮ ॥ ਜਿਨ ਕੈ ਹਿਰਦੈ ਏਕੰਕਾਰੁ ॥ ਸਰਬ ਗੁਣੀ ਸਾਚਾ ਬੀਚਾਰੁ ॥
ਗੁਰ ਕੈ ਭਾਣੈ ਕਰਮ ਕਮਾਵੈ ॥ ਨਾਨਕ ਸਾਚੇ ਸਾਚਿ ਸਮਾਵੈ ॥ ੯ ॥[੯੦੪]-੪

੨੨੧- ਬਿਨੁ ਗੁਰ ਦਾਤੇ ਕਿਨੈ ਨ ਪਾਇਆ ॥ ਮਨਮੁਖ ਲੋਭਿ ਦੂਜੈ ਲੋਭਾਇਆ ॥
**ਐਸੇ ਗਿਆਨੀ ਬੂਝਹੁ ਕੋਇ** ॥ ਬਿਨੁ ਗੁਰ ਭੇਟੇ ਮੁਕਤਿ ਨ ਹੋਇ ॥ ੪ ॥[੧੨੭੭]-੧-੩-੫-੮

੨੨੨- ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ ॥ ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ ॥
ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥ ਸਾਕਤ ਸਿਉ ਐਸੀ ਪ੍ਰੀਤਿ ਹੈ **ਬੂਝਹੁ ਗਿਆਨੀ ਰੰਗਿ** ॥
ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ ॥ ਨਿਰਮਲੁ ਨਾਵ੍ਣੁ ਨਾਨਕਾ ਗੁਰੁ ਤੀਰਥੁ ਦਰੀਆਉ ॥ ੧੦ ॥[੧੪੧੧]

੨੨੩- ਗੁਰ ਬਿਨੁ ਸਹਜੁ ਨ ਊਪਜੈ ਭਾਈ **ਪੂਛਹੁ ਗਿਆਨੀਆ** ਜਾਇ ॥
ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ ॥ ੫ ॥[੬੩੮]-੨

**ਅਰਥ:**--ਹੇ ਭਾਈ ! ਆਤਮਕ ਜੀਵਨ ਦੀ ਸੂਝ ਵਾਲੇ ਮਨੁੱਖਾਂ ਨੂੰ ਜਾ ਕੇ ਪੁੱਛ ਲਵੋ, (ਇਹੀ ਉੱਤਰ ਮਿਲੇਗਾ ਕਿ) ਗੁਰੂ ਦੀ ਸਰਨ ਪੈਣ ਤੋਂ ਬਿਨਾ (ਮਨਮੁੱਖ ਦੇ ਅੰਦਰ) ਆਤਮਕ ਅਡੋਲਤਾ ਪੈਦਾ ਨਹੀਂ ਹੋ ਸਕਦੀ । (ਇਸ ਵਾਸਤੇ), ਹੇ ਭਾਈ ! ਤੂੰ ਵੀ (ਆਪਣੇ) ਅੰਦਰੋਂ ਆਪਾ-ਭਾਵ ਦੂਰ ਕਰ ਕੇ ਸਦਾ ਗੁਰੂ ਦੀ ਸੇਵਾ ਕਰਿਆ ਕਰ । ੫ ।

੩੫

## ਬ੍ਰਹਮਗਿਆਨੀ ਪ੍ਰਭੂ ਆਪ

ਪਰਮਾਤਮਾ ਬਾਰੇ ਗਿਆਨ ਰੱਖਣ ਵਾਲੇ ਨੂੰ, ਬ੍ਰਹਮ-ਗਿਆਨੀ ਕਿਹਾ ਜਾਂਦਾ ਹੈ--**ਬ੍ਰਹਮਗਿਆਨੀ ਬ੍ਰਹਮ ਕਾ ਬੇਤਾ ॥** ਪ੍ਰਿੰ: ਸਾਹਿਬ ਸਿੰਘ ਜੀ ਨੇ ਬ੍ਰਹਮ-ਗਿਆਨੀ ਉਸ ਨੂੰ ਕਿਹਾ ਹੈ ਜਿਹੜਾ ਪ੍ਰਭੂ ਨਾਲ ਡੂੰਘੀ ਸਾਂਝ ਬਣਾ ਲੈਂਦਾ ਹੈ । ਸੁਖਮਨੀ ਸਾਹਿਬ ਦੀ ਅਠਵੀਂ ਅਸਟਪਦੀ ਵਿਚ ਬ੍ਰਹਮ ਗਿਆਨੀ ਦੇ ਲਛਣਾ ਬਾਰੇ ਜਾਣਕਾਰੀ ਦਿੱਤੀ ਹੋਈ ਹੈ । ਪਰ ਅੰਤਲੇ ਪਦੇ ਵਿਚ ਇਉਂ ਅਨੁਭਵ ਹੁੰਦਾ ਹੈ ਕਿ ਸਤਿਗੁਰਾਂ ਨੂੰ ਅਕਾਲ ਪੁਰਖ ਜੀ ਹੀ ਬ੍ਰਹਮ ਗਿਆਨੀ ਹੋ ਦਿੱਸੇ ਹਨ । ਅਸਟਪਦੀ ਦੇ ਅਰੰਭ ਵਾਲਾ ਸਲੋਕ ਹੈ--

੨੨੪- ਸਲੋਕੁ ॥ ਮਨਿ ਸਾਚਾ ਮੁਖਿ ਸਾਚਾ ਸੋਇ ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ **ਬ੍ਰਹਮਗਿਆਨੀ** ਹੋਇ ॥ ੧ ॥

**ਅਰਥ:**--(ਜਿਸ ਮਨੁੱਖ ਦੇ) ਮਨ ਵਿਚ ਸਦਾ ਥਿਰ ਰਹਿਣ ਵਾਲਾ ਪ੍ਰਭੂ (ਵੱਸਦਾ ਹੈ), ਜੋ ਮੂਹੋਂ ਵੀ ਉਸੇ ਪ੍ਰਭੂ ਨੂੰ (ਜਪਦਾ ਹੈ), (ਜੋ ਮਨੁੱਖ) ਇਕ ਅਕਾਲ ਪੁਰਖ ਤੋਂ ਬਿਨਾ (ਕਿਤੇ ਵੀ) ਕਿਸੇ ਹੋਰ ਨੂੰ ਨਹੀਂ ਵੇਖਦਾ, ਇਨ੍ਹਾਂ ਗੁਣਾ ਵਾਲਾ ਮਨੁੱਖ ਬ੍ਰਹਮ ਗਿਆਨੀ ਹੋ ਜਾਂਦਾ ਹੈ (ਇਹ ਹਨ ਲਛਣ ਬ੍ਰਹਮ ਗਿਆਨੀ ਮਨੁੱਖ ਦੇ ) । ੧ ।

ਅਸਟਪਦੀ ॥ ਬ੍ਰਹਮਗਿਆਨੀ ਸਦਾ ਨਿਰਲੇਪ ॥ ਜੈਸੇ ਜਲ ਮਹਿ ਕਮਲ ਅਲੇਪ ॥ ਬ੍ਰਹਮਗਿਆਨੀ ਸਦਾ ਨਿਰਦੋਖ ॥
ਜੈਸੇ ਸੂਰ ਸਰਬ ਕਉ ਸੋਖ ॥ ਬ੍ਰਹਮਗਿਆਨੀ ਕੈ ਦ੍ਰਿਸਟਿ ਸਮਾਨਿ ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥
ਬ੍ਰਹਮਗਿਆਨੀ ਕੈ ਧੀਰਜੁ ਏਕ ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥ ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥
ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥ ੧ ॥[੨੭੨] ....

**ਅਰਥ:**--(ਬ੍ਰਹਮ ਗਿਆਨੀ (ਮਨੁੱਖ ਵਿਕਾਰਾਂ ਵਲੋਂ) ਸਦਾ ਬੇ-ਦਾਗ਼ ਰਹਿੰਦੇ ਹਨ, ਜਿਵੇਂ ਪਾਣੀ ਵਿਚ (ਉੱਗੇ ਹੋਏ) ਕਉਲ ਫੁੱਲ (ਚਿੱਕੜ ਤੋਂ) ਸਾਫ਼ ਹੁੰਦੇ ਹਨ । ਜਿਵੇਂ ਸੂਰਜ ਸਾਰੇ (ਰਸਾਂ) ਨੂੰ ਸੁਕਾ ਦਿੰਦਾ ਹੈ (ਤਿਵੇਂ) ਬ੍ਰਹਮਗਿਆਨੀ (ਮਨੁੱਖ, ਸਾਰੇ ਪਾਪਾਂ ਨੂੰ ਸਾੜ ਦਿੰਦੇ ਹਨ ਅਤੇ) ਪਾਪਾਂ ਤੋਂ ਬਚੇ ਰਹਿੰਦੇ ਹਨ । ਜਿਵੇਂ ਹਵਾ, ਰਾਜੇ ਤੇ ਕੰਗਾਲ ਨੂੰ ਇਕੋ ਜਿਹੀ ਲੱਗਦੀ ਹੈ (ਤਿਵੇਂ ਬ੍ਰਹਮਗਿਆਨੀ ਦੇ ਅੰਦਰ (ਸਭ ਵਲ) ਇਕੋ ਜਿਹੀ ਨਜ਼ਰ (ਨਾਲ ਤੱਕਣ ਦਾ ਸੁਭਾਉ ਹੁੰਦਾ) ਹੈ । (ਕੋਈ ਭਲਾ ਕਹੇ ਭਾਵੇਂ ਬੁਰਾ) ਬ੍ਰਹਮਗਿਆਨੀ ਮਨੁੱਖਾਂ ਦੇ ਅੰਦਰ ਇਕ ਤਾਰ ਧੀਰਜ (-ਹੌਸਲਾ, ਕਾਇਮ ਰਹਿੰਦਾ) ਹੈ, ਜਿਵੇਂ ਧਰਤੀ ਨੂੰ ਕੋਈ ਖੋਤਰਦਾ ਹੈ, ਤੇ ਕੋਈ ਚੰਦਨ ਦੇ ਲੇਪਣ ਕਰਦਾ ਹੈ (ਪਰ ਧਰਤੀ ਨੂੰ ਪਰਵਾਹ ਨਹੀਂ)।, ਜਿਵੇਂ ਅੱਗ ਦਾ ਕੁਦਰਤੀ ਸਭਾਉ ਹੈ (ਹਰੇਕ ਚੀਜ਼ ਦੀ ਮੈਲ ਸਾੜ ਦੇਣੀ) ਤਿਵੇਂ ਬ੍ਰਹਮਗਿਆਨੀ ਮਨੁੱਖਾਂ ਦਾ ਵੀ ਇਹੀ ਗੁਣ ਹੈ । ੧ । [ਪ੍ਰੋ:ਸਾਹਿਬ ਸਿੰਘ ਜੀ]

ਏਸੇ ਤਰ੍ਹਾਂ ਹੀ ਅਗਲੇ ਛੇ ਪਦਿਆਂ ਵਿਚ ਵੀ ਸਤਿਗੁਰਾਂ ਨੇ ਮਨੁੱਖ-ਬ੍ਰਹਮ ਗਿਆਨੀ ਦੇ ਲੱਛਣ ਹੀ ਕਥਨ ਕੀਤੇ ਹਨ । ਪਰ ਸਤਵੇ ਪਦੇ ਤੋਂ ਸਤਿਗੁਰਾਂ ਦੀ ਸੁਰਤਿ, ਸਿੱਧੀ ਅਕਾਲਪੁਰਖ ਵਿਚ ਜੁੜਦੀ ਜਾ ਰਹੀ ਅਨੁਭਵ ਹੋਣ ਲੱਗ ਪੈਂਦੀ ਹੈ । ਸਤਿਗੁਰਾਂ ਨੇ ਬ੍ਰਹਮ ਦਾ ਭੇਤ ਕੇਵਲ ਬ੍ਰਹਮ ਤੱਕ ਹੀ ਸੀਮਤ ਵੇਖਿ ਲਿਆ ਲਗਦਾ ਹੈ । ਅਥਾਹ ਅਗੰਮ ਅਗੋਚਰ ਪ੍ਰਭੂ ਦੀ ਸਰਬੱਗਤਾ ਦਾ ਪੂਰਾ ਗਿਆਨ ਪਰਮਾਤਮਾ ਤੋਂ ਬਿਨਾ ਹੋਰ ਕਿਸ ਨੂੰ ਹੋ ਸਕਦਾ ਹੈ ? ਬ੍ਰਹਮ ਦੀ ਯਾਦ ਵਿਚ ਜੁੜ ਕੇ ਬ੍ਰਹਮ ਹੋ ਚੁੱਕੇ ਸਾਧਕ ਦੀ ਵਡਿਆਈ ਦਾ ਜ਼ਿਕਰ ਕਰਦਿਆਂ ਹੋਇਆਂ, ਨਾਲ ਹੀ ਇਹ ਵਿਚਾਰ ਆ ਗਿਆ ਲੱਗਦਾ ਹੈ ਕਿ ਕਿਤੇ ਮਨੁੱਖ ਦਾ ਮਨ ਹੰਕਾਰੀ ਹੀ ਨਾ ਹੋ ਜਾਵੇ ? ਅਠਵਾਂ ਪਦਾ ਬਿਲਕੁਲ ਵਿਲੱਖਣ ਹੈ :--

ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥ ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ ॥ ਬ੍ਰਹਮ ਗਿਆਨੀ ਕਾ ਕਉਨ ਜਾਨੈ
ਭੇਦੁ ॥ ਬ੍ਰਹਮ ਗਿਆਨੀ ਕਉ ਸਦਾ ਆਦੇਸੁ ॥ ਬ੍ਰਹਮ ਗਿਆਨੀ ਕਾ ਕਥਿਆ ਨਾ ਜਾਇ ਅਧਾਖ੍ਰੁ ॥ ਬ੍ਰਹਮ ਗਿਆਨੀ
ਸਰਬ ਕਾ ਠਾਕੁਰੁ ॥ ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥ ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ
ਜਾਨੈ ॥ ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥ ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ ॥ ੭ ॥

**ਅਰਥ:**--ਬ੍ਰਹਮ ਗਿਆਨੀ ਦੇ ਗੁਣਾ ਦਾ ਮੁੱਲ ਨਹੀਂ ਪੈ ਸਕਦਾ, ਸਾਰੇ ਹੀ ਗੁਣ ਬ੍ਰਹਮਗਿਆਨੀ ਦੇ ਅੰਦਰ ਹਨ । ਕਿਹੜਾ ਮਨੁੱਖ ਬ੍ਰਹਮਗਿਆਨੀ (ਦੀ ਉੱਚੀ ਜ਼ਿੰਦਗੀ) ਦਾ ਭੇਤ ਪਾ ਸਕਦਾ ਹੈ ? ਬ੍ਰਹਮਗਿਆਨੀ ਦੇ ਅੱਗੇ ਸਦਾ ਨਿਊਣਾ ਹੀ ਫੱਬਦਾ ਹੈ । ਬ੍ਰਹਮਗਿਆਨੀ (ਦੀ ਮਹਿਮਾ) ਦਾ ਅੱਧਾ ਅੱਖਰ ਵੀ ਨਹੀਂ ਕਿਹਾ ਜਾ ਸਕਦਾ, ਬ੍ਰਹਮਗਿਆਨੀ ਸਾਰੇ ਜੀਵਾਂ ਦਾ ਪੂਜਯ ਹੈ । ਬ੍ਰਹਮਗਿਆਨੀ (ਦੀ ਉੱਚੀ ਜ਼ਿੰਦਗੀ) ਦਾ ਅੰਦਾਜ਼ਾ ਕੌਣ ਲਾ ਸਕਦਾ ਹੈ ? ਉਸ ਦੀ ਹਾਲਤ ਉਸ ਵਰਗਾ ਬ੍ਰਹਮਗਿਆਨੀ ਹੀ ਜਾਣ ਸਕਦਾ ਹੈ । ਬ੍ਰਹਮਗਿਆਨੀ (ਦੇ ਗੁਣਾਂ ਦੇ ਸਮੁੰਦਰ) ਦਾ ਕੋਈ ਹੱਦ ਬੰਨਾ ਨਹੀਂ, ਹੇ ਨਾਨਕ ! ਸਦਾ ਬ੍ਰਹਮ ਗਿਆਨੀ ਦੇ ਚਰਨਾਂ ਤੇ ਪਿਆ ਰਹੁ । ੭ ।

ਭਾਵੇਂ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਨੇ ਇਸ ਸਾਰੀ ਅਸਟਪਦੀ ਵਿਚ ਮਨੁੱਖ-ਬ੍ਰਹਮ ਗਿਆਨੀ ਦਾ ਜ਼ਿਕਰ ਹੀ ਮੰਨਿਆਂ ਹੈ, ਪਰ (ਸਤਿਗੁਰੂ ਗੁਰੂ ਨਾਨਕ ਜੀ ਖਿਮਾ ਕਰਨ) ਮਨੁੱਖਾ ਸਰੀਰ, ਹੱਦ ਬੰਨੇ ਵਾਲਾ ਹੈ, ਮਨੁੱਖ ਦੇ ਗੁਣ ਪਰਮਾਤਮਾ ਵਾਂਗ ਅਥਾਹ ਨਹੀਂ ਹੋ ਸਕਦੇ । ਅਥਾਹ ਅਤੇ ਅਗੰਮ ਕੇਵਲ ਗੁਰੂ-ਪਰਮੇਸ਼ਰ ਆਪ ਹੀ ਹੈ । ਸਤਵੇ ਪਦੇ ਨਾਲੋਂ ਅਠਵੇਂ ਪਦੇ ਵਿਚ ਸਤਿਗੁਰਾਂ ਦੇ ਬਚਨ ਹੋਰ ਵੀ ਸਪੱਸ਼ਟ ਹੋ ਗਏ ਹਨ:--

੨੨੫- **ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥ ਬ੍ਰਹਮਗਿਆਨੀ ਸਦ ਜੀਵੈ ਨਹੀ ਮਰਤਾ ॥ ਬ੍ਰਹਮਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥ ਬ੍ਰਹਮਗਿਆਨੀ ਪੂਰਨ ਪੁਰਖ ਬਿਧਾਤਾ ॥ ਬ੍ਰਹਮਗਿਆਨੀ ਅਨਾਥ ਕਾ ਨਾਥੁ ॥ ਬ੍ਰਹਮਗਿਆਨੀ ਕਾ ਸਭ ਊਪਰਿ ਹਾਥੁ ॥ ਬ੍ਰਹਮਗਿਆਨੀ ਕਾ ਸਗਲ ਅਕਾਰੁ ॥ ਬ੍ਰਹਮਗਿਆਨੀ ਆਪਿ ਨਿਰੰਕਾਰੁ ॥ ਬ੍ਰਹਮਗਿਆਨੀ ਕੀ ਸੋਭਾ ਬ੍ਰਹਮਗਿਆਨੀ ਬਨੀ ॥ ਨਾਨਕ ਬ੍ਰਹਮਗਿਆਨੀ ਸਰਬ ਕਾ ਧਨੀ ॥ ੮ ॥**[੨੭੨-੭੪]

ਭਾਵੇਂ ਏਥੇ ਵੀ ਵਿਦਵਾਨਾਂ ਨੇ ਅਰਥ ' ਮਨੁੱਖ ਬ੍ਰਹਮ ਗਿਆਨੀ ਨਾਲ ਹੀ ਜੋੜੇ ਹਨ ਪਰ ਦਾਸ ਦਾ ਮਨ ਪੁਕਾਰ ਰਿਹਾ ਹੈ ਅਜੇਹੇ ਅਰਥ ਕਰਨ ਵਿਚ ਅਸੀਂ ਗੰਭੀਰ ਟਪਲਾ ਖਾ ਰਹੇ ਹੋਵਾਂਗੇ । ਕੀ ਏਥੋ ਸਤਿਗੁਰਾਂ ਨੇ ਸਾਰੀ ਸ੍ਰਿਸ਼ਟੀ ਦਾ ਕਰਣ-ਹਾਰ ਜਾਂ ਰਚਨ-ਹਾਰ, ਕਿਸੇ ਮਨੁੱਖ ਨੂੰ ਮੰਨਿਆਂ ਹੋਵੇਗਾ ? ਵਿਦਵਾਨਾਂ ਦੇ ਲਿਖੇ ਅਰਥ ਪੜ੍ਹੇ ਅਤੇ ਸੁਣੇ । ਉਨ੍ਹਾਂ ਸਭ ਤੋਂ ਸਿੱਧ ਏਹੀ ਹੁੰਦਾ ਹੈ ਕਿ, ਸਤਿਗੁਰਾਂ ਨੇ ਉੱਚੀ ਆਤਮਕ ਅਵਸਥਾ ਵਾਲੇ ਮਹਾਂਪੁਰਖ ਨੂੰ ਹੀ, ਸ੍ਰਿਸ਼ਟੀ ਦਾ ਕਰਤਾ, ਕਦੇ ਨਾ ਮਰਨ ਵਾਲਾ, ' ਸਦ ਜੀਵਾ ', ਅਤੇ ਪੁਰਖ ਬਿਧਾਤਾ ਆਦਿ ਫ਼ੁਰਮਾਨ ਕੀਤਾ ਹੈ । ਸ਼ੰਕਾ ਇਹ ਪੈਦਾ ਹੁੰਦਾ ਹੈ ਕਿ ਜਿਸ ਪੰਚਮ ਪਾਤਿਸ਼ਾਹ ਹੀ ਨੇ ਸੁਖਮਨੀ ਸਾਹਿਬ ਵਿਚ ਹੀ ਲਿਖਿਆ ਹੈ ਕਿ--**ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥** [੨੭੬] ਭਾਵ, ਜਗਤ ਦਾ (ਮੂਲ-) ਕਾਰਣ (ਬਣਾਉਣ ਵਾਲਾ ਕੇਵਲ) ਇੱਕ ਅਕਾਲਪੁਰਖ ਹੀ ਹੈ, ਕੋਈ ਦੂਜਾ ਨਹੀਂ ਹੋ ਸਕਦਾ । ਫਿਰ ਪੰਚਮ ਪਾਤਿਸ਼ਾਹ ਜੀ ਆਪ ਹੀ ਕਿਸੇ ਮਨੁੱਖ ਨੂੰ ਸ੍ਰਿਸ਼ਟੀ ਦਾ ਕਰਤਾ ਕਿਵੇਂ ਮੰਨ ਸਕਦੇ ਹਨ ? ਅਤੇ ਫਿਰ--**ਤੂ ਕਰਣ ਕਾਰਣ ਸਮਰਥੁ ਹੈ ਦੂਜਾ ਕੋ ਨਾਹੀ ॥** [੩੦੧] ਅਤੇ--**ਸਭੁ ਜਗੁ ਜਿਨਹਿ ਉਪਾਇਆ ਭਾਈ ਕਰਣ ਕਾਰਣ ਸਮਰਥੁ ॥**[੬੩੯] ਅਤੇ--**ਕਰਿ ਕਿਰਪਾ ਪ੍ਰਭ ਰਾਖਿ ਲੇਹੁ ਹੋਰੁ ਨਾਹੀ ਕਰਣ ਕਰੇਣ ॥** [੧੩੬] ਅਤੇ--**ਕਾਰਨ ਕਰਨਾ ਧਾਰਨ ਧਰਨਾ ਏਕੈ ਏਕੈ ਸੋਹਿਨਾ ॥ ੨ ॥**[੪੦੭] ਜਿਹੜੇ ਸਤਿਗੁਰੂ ਜੀ ਇਹ ਗੱਲ ਕਹਿਣ ਤੋਂ ਥੱਕਦੇ ਹੀ ਨਹੀਂ, ਕਿ, ਸ੍ਰਿਸ਼ਟੀ ਦਾ ਕਰਤਾ-ਧਰਤਾ ਕੇਵਲ ਅਤੇ ਕੇਵਲ ਅਕਾਲ ਪੁਰਖ ਆਪ ਹੀ ਹੈ, ਉਹੀ ਸਮਰਥ ਅਤੇ ਅਭੁੱਲ ਗੁਰਦੇਵ ਜੀ ਕਿਸੇ ਮਨੁੱਖਾ ਸਰੀਰ ਵਿਚ ਉਹੀ ਸ਼ਕਤੀ ਅਥਵਾ ਸਮਰਥਾ ਹੋਣ ਬਾਰੇ ਕਿਵੇਂ ਲਿਖ ਸਕਦੇ ਹਨ ? ਕਈ ਦਿਨਾਂ ਦੀ ਸੋਚ ਵਿਚਾਰ ਉਪ੍ਰੰਤ ਦਾਸ ਨੂੰ ਵੱਜੇ ਝਲਕਾਰੇ ਦਾ ਸੰਖੇਪ ਇਸ ਪ੍ਰਕਾਰ ਹੈ:--

ਸਤਿਗੁਰਾਂ ਨੇ ਬ੍ਰਹਮ ਗਿਆਨੀ ਉਸ ਨੂੰ ਮੰਨਿਆਂ ਹੈ ਜਿਹੜਾ **ਤੂੰ ਤੂੰ** ਕਰਦਾ ਹੋਇਆ ਆਪ ਵੀ **ਤੂੰ** ਹੋ ਗਿਆ ਹੈ । ਜਿਸ ਦਾ **ਆਪਾ-ਪਰਕਾ** ਮਿੱਟ ਗਿਆ ਹੈ । ਜੋ ਉਸ ਅਨੰਤ ਸ਼ਕਤੀ ਵਿਚ ਸਮਾ ਕੇ ਉਸ ਪਰਮ ਸ਼ਕਤੀ ਦਾ ਹਿੱਸਾ ਬਣ ਚੁੱਕਾ ਹੈ । ਜਿਸ ਦੀ ਜੋਤਿ ਪਰਮ ਜੋਤਿ ਵਿਚ ਮਿਲ ਕੇ ਅਭੇਦ ਹੋ ਗਈ, ਭਾਵ, ਜੋ " ਜੋਤੀ ਜੋਤਿ ਸਮਾ " ਚੁੱਕਾ ਹੈ । ' **ਜਿਉਂ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥** [੨੭੮] ਜਦੋਂ ਦਰਿਆ ਸਮੁੰਦਰ ਵਿਚ ਜਾ ਮਿਲੇ, ਤਾਂ ਫਿਰ ਦਰਿਆ ਦੀ ਆਪਣੀ ਪਛਾਣ ਖ਼ਤਮ ਹੋ ਜਾਂਦੀ ਹੈ । ਹਰ ਪਾਸੇ " ਸਮੁੰਦਰ ਹੀ ਸਮੁੰਦਰ, ਸਾਗਰ ਆਪ ਹੀ ਆਪ " ਹੋ ਦਿਸਦਾ ਹੈ । ਅਠਵੀਂ ਅਸ਼ਟਪਦੀ ਦੇ ਅਠਵੇਂ ਪਦੇ ਵਾਲਾ ਬ੍ਰਹਮਗਿਆਨੀ ਕੋਈ ਮਨੁੱਖ ਸਰੀਰ ਵਾਲਾ ਵਿਅਕਤੀ ਨਹੀਂ ਰਹਿ ਗਿਆ ਹੋਇਆ । ਸੁਖਮਨੀ ਸਾਹਿਬ ਦੇ ਇਸ ਪਦੇ ਵਾਲਾ ਬ੍ਰਹਮ ਗਿਆਨੀ, ਅੱਡਰੀ ਡਿੱਠ ਵਾਲਾ ਮਨੁੱਖ ਨਹੀਂ ਸਗੋਂ " **ਆਪਿ ਨਿਰੰਕਾਰ ਹੈ** " । " **ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ ॥**[੧੭] ਅਤੇ ਫਿਰ ਇਹੀ ਗੁਰੂ ਜੋ ਸਰੋਵਰ ਹੈ, ਜੋ ਗੁਰ-ਦਰਿਆ, ਸਾਗਰ ਵਿਚ ਮਿਲ ਕੇ ਸਾਗਰ ਬਣ ਚੁਕਾ ਹੈ, ਮਨੁੱਖਾ ਸਰੀਰ ਦੀਆਂ ਹੱਦਾਂ ਬੰਨੇ ਟੱਪ ਕੇ, ਪੰਚਮ ਪਾਤਿਸ਼ਾਹ ਜੀ ਨੇ ਉਸੇ-ਗੁਰ-ਪਰਮੇਸ਼ਰ ਨੂੰ ਬ੍ਰਹਮ-ਗਿਆਨੀ ਚਿਤਵਿਆ ਹੈ । ਅੰਤਲੇ ਪਦੇ ਵਿਚ ਸਤਿਗੁਰਾਂ ਨੇ ਉਸੇ ਬ੍ਰਹਮਗਿਆਨੀ ਦਾ ਜ਼ਿਕਰ ਕੀਤਾ ਹੈ ਜਿਸ ਨੂੰ-**ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ** " ਫ਼ੁਰਮਾਨ ਕੀਤਾ ਹੈ । ਪਰਮਾਤਮਾ ਵਿਚ ਸਮਾ ਕੇ ਰੱਬ ਬਣ ਚੁੱਕੇ ਪੰਚਮ ਪਾਤਿਸ਼ਾਹ ਜੀ ਨੇ ਸਾਨੂੰ ਉਸੇ ਬ੍ਰਹਮਗਿਆਨੀ-ਰੱਬ ਦੇ ਦਰਸ਼ਨ ਕਰਾਏ ਹਨ ਜੋ:--

੨੨੬- " **ਸੂਰਜ ਕਿਰਣਿ ਮਿਲੇ ਜਲ ਕਾ ਜਲ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥ ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥ ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥ ੪ ॥**[੮੪੬]-੨

ਸੋ ਪਿਆਰੇ ਪਾਠਕ ਸੱਜਣ ਜੀਓ ! ਇਹ ਭੁਲੇਖਾ ਨਾ ਖਾਉ ਕਿ ਅਠਵੇਂ ਪਦੇ ਵਿਚ ਸਤਿਗੁਰਾਂ ਨੇ ਬ੍ਰਹਮ ਦੇ ਗਿਆਤਾ ਕਿਸੇ ਵਿਦਵਾਨ ਬ੍ਰਹਮਗਿਆਨੀ ਨੂੰ ਅਥਵਾ ਉੱਚੀ ਆਤਮਕ ਅਵਸਥਾ ਵਾਲੇ ਕਿਸੇ ਵਿਅਕਤੀ ਨੂੰ ਸ੍ਰਿਸ਼ਟੀ ਦਾ ਕਰਤਾ, ਪਰਮੇਸ਼ਰ ਜਾਂ ਨਿਰੰਕਾਰ ਕਿਹਾ ਹੈ । ਸਤਿਗੁਰਾਂ ਨੇ, ਉਸ ਪਰਮੇਸ਼ਰ ਨੂੰ ਹੀ, ਬ੍ਰਹਮਗਿਆਨੀ ਦੇ ਰੂਪ ਵਿਚ ਚਿਤਵਿਆ ਹੈ ਜੋ ਕਰਨ ਕਾਰਨ ਹੈ, ਜੋ ਸਤਿ ਹੈ, ਜੋ ਜਨਮ ਮਰਨ ਤੋਂ ਪਰੇ ਹੈ, ਜੋ ਅਗੰਮ ਹੈ, ਜੋ ਅਥਾਹ ਹੈ, ਜੋ ਨਿਰਅਕਾਰ ਹੈ ਅਥਵਾ ਜੋ ਸਰਬ-ਵਿਆਪਕ ਹੈ, ਜੋ ਸਭ ਦਾ ਪਾਲਣਹਾਰ ਹੈ ਅਤੇ ਸਰਬ ਜੀਵਾਂ ਵਿਚ ਵਿਆਪਕ ਹੋ ਕੇ ਸਰਬ ਰਸਾਂ ਦਾ ਭੋਗਣਹਾਰ ਹੈ ।

੨੨੭- **ਧਨੁ ਧਨੁ ਸਤਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥ ਧਨੁ ਧਨੁ ਸਤਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥ ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ ॥ ਧਨੁਧਨੁ ਹਰਿ ਗਿਆਨੀ ਸਤਿਗੁਰੂ**

**ਹਮਾਰਾ ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮ ਦ੍ਰਿਸ਼ਟਿ ਦਿਖਾਈ ॥.੧੯ ॥**[੫੯੪]-ਵਾਰ

੨੨੮- **ਗਿਆਨੀਆ ਨੋ ਸਭੁ ਸਚੁ ਹੈ ਸਚੁ ਸੋਝੀ ਹੋਈ ॥**

**ਓਇ ਭੁਲਾਏ ਕਿਸੈ ਦੇ ਨ ਭੁਲਨ੍ਹੀ ਸਚੁ ਜਾਣਨਿ ਸੋਈ ॥ ੭ ॥**[੪੨੫]-੫-੨੭

੨੨੯- **ਸੂਰ ਮੁਕਤਾ ਸਸੀ ਮੁਕਤਾ ਬ੍ਰਹਮਗਿਆਨੀ ਅਲਿਪਾਇ ॥**

**ਸੁਭਾਵਤ ਜੈਸੇ ਬੈਸੰਤਰ ਅਲਿਪਤ ਸਦਾ ਨਿਰਮਲਾਇ ॥ ੪ ॥**[੧੦੦੧]-੧੧

**ਅਰਥ:**--ਜਿਹੜਾ ਮਨੁੱਖ ਪ੍ਰਭੂ ਨਾਲ ਡੂੰਘੀ ਸਾਂਝ ਪਾਈ ਰੱਖਦਾ ਹੈ ਉਹ ਮਾਇਆ ਤੋਂ ਇਉਂ ਨਿਰਲੇਪ ਰਹਿੰਦਾ ਹੈ ਜਿਵੇਂ ਸੂਰਜ (ਚੰਗੇ ਮੰਦੇ ਹਰੇਕ ਥਾਂ ਆਪਣੀ ਰੌਸ਼ਨੀ ਦੇ ਕੇ) ਮੈਲ ਆਦਿਕ ਤੋਂ ਸਾਫ਼ ਹੈ, ਜਿਵੇਂ ਚੰਦ੍ਰਮਾ ਵੀ (ਇਸੇ ਤਰ੍ਹਾਂ) ਸਾਫ਼ ਹੈ । ਬ੍ਰਹਮ ਨਾਲ ਜਾਣ-ਪਛਾਣ ਰੱਖਣ ਵਾਲਾ ਇਉਂ ਸੋਹਣਾ ਲੱਗਦਾ ਹੈ ਜਿਵੇਂ (ਹਰੇਕ ਕਿਸਮ ਦੀ ਮੈਲ ਨੂੰ ਸਾੜ ਕੇ ਵੀ) ਅੱਗ (ਮੈਲ ਤੋਂ) ਨਿਰਲੇਪ ਹੈ ਅਤੇ ਸਦਾ ਨਿਰਮਲ ਹੈ । ੪ ।

੨੩੦- **ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥**

**ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ ॥ ੩ ॥** [੧੩੨੯]-੮

**ਅਰਥ:**--ਉਸ ਮਨੁੱਖ ਦੀ ਨਿਗਾਹ ਵਿਚ ਚਾਨਣ ਹੋਇਆ ਹੈ (ਭਾਵ, ਉਸ ਮਨੁੱਖ ਨੂੰ ਜੀਵਨ-ਜੁਗਤਿ ਦੀ ਸਹੀ ਸਮਝ ਪਈ ਹੈ) ਜਿਸ ਨੇ (ਜਗਤ ਦੇ ਰਚਨਹਾਰ) ਕਰਤਾਰ ਦੇ ਚਰਨਾਂ ਵਿਚ ਸੁਰਤਿ ਜੋੜਨ ਦੇ ਰਸਤੇ ਤੇ ਤੁਰ ਕੇ ਆਪਣੀ ਸੁਰਤਿ ਮਾਇਆ ਦੇ ਮੋਹ ਵਲੋਂ ਹਟਾਈ ਹੈ । ਹੇ ਪਰਮਾਤਮਾ ਨਾਲ ਸਾਂਝ ਪਾਉਣ ਦਾ ਯਤਨ ਕਰਨ ਵਾਲੇ ! ਆਪਣੇ ਮਨ ਵਿਚ ਸੋਚ ਕੇ (ਅੱਖਾਂ ਖੋਲ੍ਹ ਕੇ) ਵੇਖ (ਜੇ ਸੁਰਤਿ ਟਿਕਾਣੇ ਤੇ ਨਹੀਂ ਹੈ, ਤਾਂ) ਨਾ ਹੀ ਗ੍ਰਿਹਸਤੀ ਜੀਵਨ-ਸਫ਼ਰ ਵਿਚ ਠੀਕ ਰਾਹੇ ਤੁਰ ਰਿਹਾ ਹੈ ਨਾ ਹੀ (ਉਹ ਮਨੁੱਖ ਜੋ ਆਪਣੇ ਆਪ ਨੂੰ) ਵਿਰਕਤ (ਸਮਝਦਾ ਹੈ) । ੩ ।

੨੩੧- **ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ ॥ ਗੁਰਮੁਖਿ ਗਿਆਨੀ ਗੁਰਮੁਖਿ ਬਕਤਾ ॥**

**ਧੰਨੁ ਗਿਰਹੀ ਉਦਾਸੀ ਗੁਰਮੁਖਿ ਗੁਰਮੁਖਿ ਕੀਮਤਿ ਪਾਏ ਜੀਉ ॥ ੫ ॥**[੧੩੧]-੨-੩੬

**ਅਰਥ:**--ਗੁਰਮੁਖਿ (=ਗੁਰੂ ਦੇ ਦੱਸੇ ਰਾਹ ਤੇ ਤੁਰਨ ਵਾਲਾ) ਮਨੁੱਖ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਰਹਿੰਦਾ ਹੈ ਤੇ ਪਰਮਾਤਮਾ ਦੀ ਯਾਦ ਵਿਚ ਜੁੜਿਆ ਰਹਿੰਦਾ ਹੈ । ਗੁਰੂ ਦੀ ਸਰਨ ਵਿਚ ਰਹਿਣ ਵਾਲਾ ਮਨੁੱਖ ਹੀ ਗਿਆਨੀ (=ਪਰਮਾਤਮਾ ਨਾਲ ਡੂੰਘੀ ਸਾਂਝ ਪਾਉਂਦਾ) ਹੈ ਤੇ ਬਕਤਾ (=ਪ੍ਰਭੂ ਦੀ ਸਿਫ਼ਤਿ-ਸਲਾਹ ਕਰਦਾ) ਹੈ । ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਹੀ ਭਾਗਾਂ ਵਾਲਾ ਗ੍ਰਿਹਸਤੀ ਹੈ, ਉਹ ਦੁਨੀਆ ਦੀ ਕਿਰਤ-ਕਾਰ ਕਰਦਾ ਹੋਇਆ ਵੀ ਨਿਰਲੇਪ ਰਹਿੰਦਾ ਹੈ । ਉਹੀ ਮਨੁੱਖਾ ਜਨਮ ਦੀ ਕਦਰ ਸਮਝਦਾ ਹੈ । ੫ ।

## ੩੬
## ਕਪਟੀ-ਗਿਆਨੀ

ਚਤੁਰਾਈ ਅਥਵਾ ਸਿਆਣਪ ਤੋਂ ਬਿਨਾਂ ਲੋਕਾਂ ਨੂੰ ਠਗਿਆ ਵੀ ਨਹੀਂ ਜਾ ਸਕਦਾ । ਗਿਆਨ ਤੋਂ ਬਿਨਾਂ ਧਰਮ ਔਝੜੇ ਪੈ ਜਾਂਦਾ ਹੈ ਪਰ ਧਰਮ ਤੋਂ ਬਿਨਾਂ ਗਿਆਨ ਸੰਸਾਰ ਘਾਤਕ ਬਣ ਜਾਂਦਾ ਹੈ । ਘਾਤਕ ਗੈਸਾਂ, ਐਟਮ ਬੰਬ ਅਥਵਾ ਹਾਈਡਰੋਜਨ ਬੰਬ ਆਦਿ ਜੀਵ ਘਾਤਕ ਸ਼ਸਤਰ ਅਗਿਆਨੀਆਂ ਨੇ ਨਹੀਂ ਬਣਾਏ । ਇਹ ਸਾਰਾ ਕੁਝ ਉਨਾਂ ਵਿਦਵਾਨਾਂ ਦੀ ਦੇਣ ਹੈ ਜਿਨ੍ਹਾਂ ਨੇ ਧਰਮ ਦਾ ਕੁੰਡਾ ਸਿਰੋਂ ਵਗਾਹ ਮਾਰਿਆ ਹੈ । ਅਧਰਮੀ ਵਿਦਵਾਨਾਂ ਨੇ ਅਥਵਾ ਰੱਬ ਤੋਂ ਟੁੱਟੇ ਗਿਆਨ-ਵਾਨਾਂ ਦੀ ਦੇਣ ਹੀ ਹੈ:--

੨੩੨- **ਹਿਰਦੈ ਕਪਟੁ ਮੁਖ ਗਿਆਨੀ ॥ ਝੂਠੇ ਕਹਾ ਬਿਲੋਵਸਿ ਪਾਨੀ ॥**

**ਕਾਂਇਆ ਮਾਂਜਸਿ ਕਉਨ ਗੁਨਾਂ ॥ ਜਉ ਘਟ ਭੀਤਰਿ ਹੈ ਮਲਨਾਂ ॥ ੧ ॥ ਰਹਾਉ ॥**[੬੫੬]-੮

**ਅਰਥ:**--(ਹੇ ਝੂਠੇ ਜੇ ਤੇਰੇ ਹਿਰਦੇ ਵਿਚ (ਕਪਟ ਦੀ ) ਮੈਲ ਹੈ ਤਾਂ ਇਸ ਗੱਲ ਦਾ ਕੋਈ ਫ਼ਾਇਦਾ ਨਹੀਂ ਕਿ ਤੂੰ ਆਪਣਾ ਸਰੀਰ ਮਾਂਜਦਾ ਫਿਰਦਾ ਹੈਂ (ਬਾਹਰੋਂ ਸੁੱਚ ਤੇ ਪਵਿੱਤਰਤਾ ਰੱਖਦਾ ਹੈਂ) । ੧ । ਰਹਾਉ । ਹੇ ਪਖੰਡੀ ਮਨੁੱਖ ! ਤੇਰੇ ਮਨ ਵਿਚ ਤਾਂ ਠੱਗੀ ਹੈ, ਪਰ ਤੂੰ ਮੂੰਹੋਂ (ਬ੍ਰਹਮ) ਗਿਆਨ ਦੀਆਂ ਗੱਲਾਂ ਕਰ ਰਿਹਾ ਹੈਂ । ਤੈਨੂੰ ਇਸ ਪਾਣੀ ਰਿੜਕਣ ਤੋਂ ਕੋਈ ਲਾਭ ਨਹੀਂ ਹੋ ਸਕਦਾ । ੧ ।

੨੩੩- **ਗਿਆਨੀ ਧਿਆਨੀ ਬਹੁ ਉਪਦੇਸੀ, ਇਹੁ ਜਗੁ ਸਗਲੋ ਧੰਧਾ ॥**

**ਕਹਿ ਕਬੀਰ ਇਕ ਰਾਮ ਨਾਮ ਬਿਨੁ, ਇਆ ਜਗੁ ਮਾਇਆ ਅੰਧਾ ॥ ੨ ॥**[੩੩੮]-੧੬-੬੭

**ਅਰਥ:**--ਕੋਈ ਗਿਆਨ-ਚਰਚਾ ਕਰ ਰਿਹਾ ਹੈ, ਕੋਈ ਸਮਾਧੀ ਲਾਈ ਬੈਠਾ ਹੈ, ਕੋਈ ਹੋਰਨਾਂ ਨੂੰ ਉਪਦੇਸ਼ ਕਰ ਰਿਹਾ ਹੈ (ਪਰ ਅਸਲ ਵਿਚ) ਸਾਰਾ ਜਗਤ ਮਾਇਆ ਦਾ ਜੰਜਾਲ ਹੀ ਹੈ (ਭਾਵ, ਮਾਇਆ ਦੇ ਜੰਜਾਲ ਵਿਚ ਹੀ ਇਹ ਜੀਵ ਗ੍ਰਸੇ ਹੋਏ ਹਨ) । ਕਬੀਰ ਸਾਹਿਬ--ਪਰਮਾਤਮਾ ਦਾ ਨਾਮ ਸਿਮਰਨ ਤੋ ਬਿਨਾ ਇਹ ਜਗਤ ਮਾਇਆ ਵਿਚ ਅੰਨ੍ਹਾਂ ਹੋਇਆ ਪਿਆ ਹੈ । ੨ ।

੨੩੪- **ਜਜਾ ਜਾਨੈ ਹਉ ਕਛੁ ਹੂਆ ॥ ਬਾਧਿਓ ਜਿਉ ਨਲਿਨੀ ਭ੍ਰਮਿ ਸੂਆ ॥ ਜਉ ਜਾਨੈ ਹਉ ਭਗਤੁ ਗਿਆਨੀ ॥**

**ਆਗੈ ਠਾਕੁਰਿ ਤਿਲੁ ਨਹੀ ਮਾਨੀ ॥ ..... ੨੪ ॥** [੨੫੫] ਬਾਵਨ ਅਖਰੀ

**ਅਰਥ:**--ਜਿਹੜਾ ਮਨੁੱਖ ਇਹ ਸਮਝਣ ਲੱਗ ਪੈਂਦਾ ਹੈ ਕਿ ਮੈਂ ਵਡਾ ਬਣ ਗਿਆ ਹਾਂ ਉਹ ਇਸ ਹਉਮੈ ਵਿਚ ਇਉਂ ਬੱਝ ਜਾਂਦਾ ਹੈ ਜਿਵੇਂ (ਚੋਗੇ ਦੇ) ਭੁਲੇਖੇ ਵਿਚ ਨਲਿਨੀ ਨਾਲ ਫੜਿਆ ਜਾਂਦਾ ਹੈ । ਜਦੋਂ ਮਨੁੱਖ ਇਹ ਸਮਝਦਾ ਹੈ ਕਿ ਮੈਂ ਭਗਤ ਅਥਵਾ ਗਿਆਨ ਵਾਨ ਹੋ ਗਿਆ ਹਾਂ, ਤਾਂ ਅਗਾਂਹ ਪ੍ਰਭੂ ਨੇ ਉਸ ਦੀ ਇਸ ਹਉਮੈ ਦਾ ਮੁੱਲ ਰਤਾ ਵੀ ਨਹੀਂ ਪਾਉਣਾ ਹੁੰਦਾ ।

## ੩੭
## ਅਗਿਆਨੀ

੨੩੫- **ਬਾਝੁ ਗੁਰੂ ਹੈ ਅੰਧ ਗੁਬਾਰਾ ॥ ਅਗਿਆਨੀ ਅੰਧਾ ਅੰਧੁ ਅੰਧਾਰਾ ॥**

**ਬਿਸਟਾ ਕੇ ਕੀੜੇ ਬਿਸਟਾ ਕਮਾਵਹਿ ਫਿਰਿ ਬਿਸਟਾ ਮਾਹਿ ਪਚਾਵਣਿਆ ॥ ੫ ॥**[੧੧੬][-੧੧-੧੨

੨੩੬- **ਧ੍ਰਿਗੁ ਤਿਨ੍ਹਾ ਦਾ ਜੀਵਿਆ ਜੋ ਹਰਿ ਸੁਖੁ ਪਰਹਰਿ ਤਿਆਗਦੇ ਦੁਖੁ ਹਉਮੈ ਪਾਪ ਕਮਾਇ ॥ਮਨਮੁਖ**

**ਅਗਿਆਨੀ ਮਾਇਆ ਮੋਹਿ ਵਿਆਪੇ** ਤਿਨ੍ ਬੂਝ ਨ ਕਾਈ ਪਾਇ ॥ ਹਲਤਿ ਪਲਤਿ ਓਇ ਸੁਖੁ ਨ ਪਾਵਹਿ ਅੰਤਿ ਗਏ ਪਛੁਤਾਇ ॥ ਗੁਰ ਪਰਸਾਦੀ ਕੋ ਨਾਮੁ ਧਿਆਏ ਤਿਸੁ ਹਉਮੈ ਵਿਚਹੁ ਜਾਇ ॥ ਨਾਨਕ ਜਿਸੁ ਪੂਰਬਿ ਹੋਵੈ ਲਿਖਿਆ ਸੋ ਗੁਰ ਚਰਣੀ ਆਇ ਪਾਇ ॥ ੧ ॥[੫੧੧]-੮

੨੩੭- **ਜਗਤੁ ਅਗਿਆਨੀ ਅੰਧੁ ਹੈ** ਦੂਜੈ ਭਾਇ ਕਰਮ ਕਮਾਇ ॥ ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ ॥ ਗੁਰਪਰਸਾਦੀ ਸੁਖੁ ਊਪਜੈ ਜਾ ਗੁਰ ਕਾ ਸਬਦੁ ਕਮਾਇ ॥ ਸਚੀ ਬਾਣੀ ਕਰਮ ਕਰੇ ਅਨਦਿਨੁ ਨਾਮੁ ਧਿਆਇ ॥ ਨਾਨਕ ਜਿਤੁ ਆਪੇ ਲਾਏ ਤਿਤੁ ਲਗੇ ਕਹਣਾ ਕਿਛੂ ਨ ਜਾਇ ॥ ੧ ॥[੫੯੩]-ਵਾਰ-੧੮

੨੩੮- ਆਪੇ ਕਰਤਾ ਕਰਿ ਕਰਿ ਵੇਖੈ ॥ ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ ॥
ਗੁਰਮੁਖਿ ਗਿਆਨੁ ਤਿਸੁ ਸਭੁ ਕਿਛੁ ਸੂਝੈ **ਅਗਿਆਨੀ ਅੰਧੁ ਕਮਾਈ** ਹੇ ॥ ੨ ॥ [੧੦੪੭]-੪

੨੩੯- **ਅਗਿਆਨੀ ਅੰਧੇ ਦੂਜੈ ਲਾਗੇ** ॥ ਬਿਨੁ ਪਾਣੀ ਡੁਬਿ ਮੂਏ ਅਭਾਗੇ ॥
ਚਲਦਿਆ ਘਰੁ ਦਰੁ ਨਦਰਿ ਨ ਆਵੈ ਜਮ ਦਰਿ ਬਾਧਾ ਦੁਖੁ ਪਾਇਦਾ ॥ ੧੩ ॥[੧੦੬੩]-੫-੧੯

੨੪੦- **ਅਗਿਆਨੀ ਅੰਧਾ ਬਹੁ ਕਰਮ ਦ੍ਰਿੜਾਏ** ॥ ਮਨ ਹਠਿ ਕਰਮ ਫਿਰਿ ਜੋਨੀ ਪਾਏ ॥
ਬਿਖਿਆ ਕਾਰਣਿ ਲਬੁ ਲੋਭੁ ਕਮਾਵਹਿ ਦੁਰਮਤਿ ਕਾ ਦੋਰਾਹਾ ਹੇ ॥ ੯ ॥[੧੦੫੫]-੩-੧੨

੨੪੧- ਬਜਰ ਕਪਾਟ ਕਾਇਆ ਗੜ੍ ਭੀਤਰਿ ਕੂੜੁ ਕੁਸਤੁ ਅਭਿਮਾਨੀ ॥ ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ **ਅਗਿਆਨੀ** ॥ ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ॥ ਗੁਰ ਸਬਦੀ ਖੋਲਈਅਨ੍ਹਿ ਹਰਿ ਨਾਮੁ ਜਪਾਨੀ ॥ ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ ਪੀਆ ਤੇ ਤ੍ਰਿਪਤਾਨੀ ॥ ੧੪ ॥[੫੧੪]-ਵਾਰ

੩੮

# ਮੂਰਖ

ਆਮ ਬੋਲੀ ਵਿਚ ਅਸੀਂ, ਅਕਲੋਂ ਹੌਲੇ ਭੁੱਲੜ ਨੂੰ ਮੂਰਖ ਕਹਿੰਦੇ ਹਾਂ । ਏਥੇ ਅਸਾਂ ਇਹ ਸਮਝਣਾ ਹੈ ਕਿ, ਗੁਰਮਤਿ ਅਨੁਸਾਰ ਮੂਰਖ ਕੌਣ ਹੈ । ਜਪੁ ਸਾਹਿਬ ਦੀ ੨੫ਵੀ ਪਉੜੀ ਵਿਚ ਫ਼ੁਰਮਾਨ ਹੈ--**ਕੇਤੇ ਮੂਰਖ ਖਾਹੀ ਖਾਹਿ ॥** ਭਾਵ, ਜਗਤ ਵਿਚ ਅਜੇਹੇ ਬੇਅੰਤ ਮਨੁੱਖ ਹਨ ਜਿਹੜੇ ਪ੍ਰਭੂ ਦੀ ਬਖ਼ਸ਼ਸ਼ ਤੋਂ ਮਿਲਦੇ ਬੇਅੰਤ ਪਦਾਰਥ ਖਾਈ ਜਾਂਦੇ ਹਨ, ਅਥਵਾ ਬੇਅੰਤ ਪਦਾਰਥਾਂ ਦਾ ਸੁਖ ਭੋਗੀ ਜਾ ਰਹੇ ਹਨ, ਪਰ ਉਹ ਮੂਰਖ-ਲੋਕ ਦਾਤਾਂ ਦੇਣ ਵਾਲੇ ਦਾਤਾਰ ਦਾ ਸ਼ੁਕਰਾਨਾ ਨਹੀਂ ਕਰਦੇ, ਪ੍ਰਭੂ-ਨਾਮ ਦਾ ਸਿਮਰਨ ਨਹੀਂ ਕਰਦੇ । ਏਸੇ ਤਰ੍ਹਾਂ, ਗੁਰਬਾਣੀ ਵਿਚ ਮਨੁੱਖ ਨੂੰ ' ਮੂਰਖ ' ਕਈ ਥਾਈਂ ਕਿਹਾ ਹੈ । ਆਉ ਸ਼ਬਦ ਵਿਚਾਰ ਤੋਂ ਸਮਝੀਏ ਕਿ ਸਤਿਗੁਰਾਂ ਨੇ ਸਾਡੀ ਕਿਹੜੀ ਕਿਹੜੀ ਭੁੱਲ ਦੇ ਕਾਰਨ ਸਾਨੂੰ ' **ਮੂਰਖ** ' ਫ਼ੁਰਮਾਨ ਕੀਤਾ ਹੈ । ਅਤੇ ਯਤਨ ਕਰੀਏ ਕਿ ਅਜੇਹੀ ਮੂਰਖਤਾਈ ਨਾ ਕਰਕੇ ਆਪਣੇ ਸਤਿਗੁਰਾਂ ਦੀ ਪ੍ਰਸੰਨਤਾ ਦੇ ਪਾਤਰ ਬਣੀਏ-

੨੪੨- **ਸੁਣਿ ਸਾਸਤ੍ ਤੂੰ ਨ ਬੂਝਹੀ ਤਾ ਫਿਰਹਿ ਬਾਰੋ ਬਾਰ ॥**
**ਸੋ ਮੂਰਖੁ ਜੋ ਆਪੁ ਨ ਪਛਾਣਈ ਸਚਿ ਨ ਧਰੇ ਪਿਆਰੁ ॥ ੪ ॥**[੪੯੨]-੭-੯

**ਅਰਥ:**--(ਹੇ ਪੰਡਿਤ) ਸ਼ਾਸਤ੍ਰਾਂ ਨੂੰ ਸੁਣ ਕੇ (ਅਥਵਾ, ਹੇ ਗੁਰ-ਸਿੱਖ ਗੁਰਬਾਣੀ ਸੁਣ ਕੇ) ਵੀ ਤੂੰ (ਆਤਮਕ ਜੀਵਨ ਨੂੰ) ਨਹੀਂ ਸਮਝਦਾ, ਤਾਹੀਏਂ ਤੂੰ ਮੁੜ ਮੁੜ ਭਟਕਦਾ ਫਿਰਦਾ ਹੈਂ । ਜਿਹੜਾ ਮਨੁੱਖ ਆਪਣੇ (ਆਤਮਕ ਜੀਵਨ) ਨੂੰ ਨਹੀਂ ਪੜਤਾਲਦਾ ਉਹ ਧਰਮ-ਗ੍ਰੰਥਾਂ ਨੂੰ ਪੜ੍ਹ ਕੇ ਵੀ) ਮੂਰਖ ਹੀ ਹੈ । ਉਹ ਮਨੁੱਖ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਵਿਚ ਕਦੇ ਪਿਆਰ ਨਹੀਂ ਪਾ ਸਕਦਾ । ੪ ।

ਗੁਰੂ ਗ੍ਰੰਥ ਸਾਹਿਬ ਜੀ ਦੇ ਵਿਧੀ ਪੂਰਬਕ ਮੰਤ੍ਰ ਪਾਠ ਕਰਵਾਈ ਰੱਖਣ ਵਾਲੇ ਗੁਰੂ ਦੇ ਸਿੱਖ, ਜੇ ਆਪਣਾ ਜੀਵਨ ਗੁਰੂ ਦੀ ਮਤਿ ਅਨੁਸਾਰ ਨਹੀਂ ਬਣਾਉਂਦੇ, ਭਾਵ ਜੇ ਉਹ ਆਪਣੇ ਸਤਿਗੁਰਾਂ ਦਾ ਉਪਦੇਸ਼ ਨਹੀਂ ਮੰਨਦੇ ਤਾਂ ਉਹ ਵਡੇ ਮੂਰਖ ਹਨ--**ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥** [੧੦੧੫]ਅਜੇਹੇ ਮੂਰਖ ਮਨੁੱਖ, ਸਤਿਗੁਰਾਂ ਦੇ ਬਚਨ ਸੁਣਨੇ ਛੱਡ ਕੇ, ਆਪਣੇ ਜਿਹੇ ਮੂਰਖਾਂ ਦੀ ਗੱਲ ਹੀ ਸੁਣਦੇ ਹਨ । ਸਤਿਗਰਾਂ ਨੇ ਮੂਰਖ ਦੇ ਲੱਛਣ ਸਮਝਾਉਂਦਿਆਂ ਫ਼ੁਰਮਾਨ ਕੀਤਾ ਹੈ:---

੨੪੩- **ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ ॥ ਮੂਰਖ ਕੇ ਕਿਆ ਲਖਣ ਹੈ ਕਿਆ ਮੂਰਖ ਕਾ ਕਰਣਾ ॥ ਮੂਰਖੁ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ॥ ਏਤੁ ਕਮਾਣੈ ਸਦਾ ਦੁਖੁ ਦੁਖ ਹੀ ਮਹਿ ਰਹਣਾ॥ ਅਤਿ ਪਿਆਰਾ ਪਵੈ ਖੂਹਿ ਕਿਹੁ ਸੰਜਮੁ ਕਰਣਾ ॥ ਗੁਰਮੁਖਿ ਹੋਇ ਸੁ ਕਰੇ ਵੀਚਾਰੁ ਓਸੁ ਅਲਿਪਤੋ ਰਹਣਾ ॥ ਹਰਿ ਨਾਮੁ ਜਪੈ ਆਪਿ ਉਧਰੈ ਓਸੁ ਪਿਛੈ ਡੁਬਦੇ ਵੀ ਤਰਣਾ ॥ ਨਾਨਕ ਜੋ ਤਿਸੁ ਭਾਵੈ ਸੋ ਕਰੇ ਜੋ ਦੇਇ ਸੁ ਸਹਿਣਾ ॥ ੧ ॥**[੯੫੩]-ਵਾਰ-੧੩

**ਅਰਥ:**--ਮੂਰਖ ਦਾ ਕਹਿਆ ਉਹੀ ਸੁਣਦਾ ਹੈ (ਭਾਵ, ਮੂਰਖ ਦੇ ਕਹੇ ਉਹੀ ਲੱਗਦਾ ਹੈ) ਜੋ ਮੂਰਖ ਹੋਵੇ । ਮੂਰਖ ਦੇ ਲੱਛਣ ਕੀ ਹਨ ? ਮੂਰਖ ਦੀ ਕਰਤੂਤ ਕੈਸੀ ਹੁੰਦੀ ਹੈ ? ਜੋ ਮਨੁੱਖ ਮਾਇਆ ਦਾ ਠਗਿਆ ਹੋਇਆ ਹੋਵੇ ਤੇ ਜੋ ਹੰਕਾਰ ਵਿਚ ਆਤਮਕ ਮੌਤੇ ਮਰਿਆ ਹੋਇਆ ਹੋਵੇ, ਉਸ ਨੂੰ ਮੂਰਖ ਕਹੀਦਾ ਹੈ । ਮਾਇਆ ਦੀ ਮਸਤੀ ਤੇ ਹੰਕਾਰ ਵਿਚ ਜੋ ਕੁਝ ਕਰੀਏ ਉਸ ਨਾਲ ਸਦਾ ਦੁੱਖ ਪ੍ਰਾਪਤ ਹੁੰਦਾ ਹੈ, ਸਦਾ ਦੁਖੀ ਰਹੀਦਾ ਹੈ ।

ਮਾਇਆ ਨਾਲ ਬਹੁਤ ਪਿਆਰ ਕਰਨ ਵਾਲਾ (ਮੂਰਖ-) ਮਨੁੱਖ (ਮਾਇਆ ਦੇ ਮੋਹ ਦੇ ) ਖੂਹ ਵਿਚ ਡਿੱਗਾ ਰਹਿੰਦਾ ਹੈ। ਉਸ ਦੇ ਬਚਾਉ ਦਾ ਕਿਹੜਾ ਉੱਦਮ ਕੀਤਾ ਜਾ ਸਕਦਾ ਹੈ ? ਜਿਹੜਾ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ ਤੇ (ਮਾਇਆ ਦੇ ਮੋਹ-ਰੂਪ ਖੂਹ ਤੋਂ) ਵੱਖਰਾ ਹਿੰਦਾ ਹੈ, ਉਹ ਪ੍ਰਭੂ ਦਾ ਨਾਮ ਜਪਦਾ ਹੈ, (ਨਾਮ ਦੀ ਬਰਕਤਿ ਨਾਲ) ਉਹ ਆਪ ਬਚਦਾਂ ਹੈ ਤੇ ਉਸ ਦੇ ਪੂਰਨਿਆਂ ਤੇ ਤੁਰ ਕੇ ਡੁੱਬਦਾ ਸਾਥੀ ਵੀ ਬਚ ਨਿਕਲਦਾ ਹੈ ।

(ਦੁਖਿਆਰਿਆਂ ਦੇ ਦਰਦ ਸਮਝਣ ਵਾਲੇ ਸਤਿਗੁਰੂ ਜੀ ਦੀ ਰੱਬ ਅਗੇ ਜੋਦੜੀ-) ਹੇ ਨਾਨਕ ! ਜੋ ਕੁਝ ਪ੍ਰਭੂ (ਤੈਨੂੰ) ਭਾਉਂਦਾ ਹੈ ਉਹੀ ਕਰਦਾ ਹੈਂ ( ਮਾਇਆ ਦੇ ਮੋਹ ਵਿਚ ਪੈ ਕੇ ਦੁੱਖ ਜਾਂ ਇਸ ਤੋਂ ਨਿਰਲੇਪ ਰਹਿ ਕੇ ਸੁਖ) ਜੋ ਪ੍ਰਭੂ ਦਿੰਦਾ ਹੈ ਉਹੀ ਜੀਵ ਸਹਾਰਦਾ ਹੈ। ੧ ।

ਸਤਿਗੁਰਾਂ ਦਾ ਉਪਦੇਸ਼ ਹੈ ਕਿ ਮੂਰਖ ਨਾਲ ਕਦੇ ਵੀ ਵਾਦ-ਵਿਵਾਦ ਵਿਚ ਨਹੀਂ ਪੈਣਾ ਚਾਹੀਦਾ--"**ਮੂਰਖੈ ਨਾਲਿ ਨ ਲੁਝੀਐ** "। ਅਕਲੋਂ ਖਾਲੀ ਮੂਰਖ ਨਾਲ ਵਰਤਣ ਦਾ ਢੰਗ ਦੱਸਦਿਆਂ ਸਤਿਗੁਰੂ ਨਾਨਕ ਸਾਹਿਬ ਜੀ ਨੇ ਫ਼ੁਰਮਾਨ ਕੀਤਾ ਹੈ--**ਮੂਰਖ ਗੰਢੁ ਪਵੈ ਮੁਹਿ ਮਾਰ ॥** [੧੪੩] ਅਤੇ ਸਕੂਲੀ ਵਿਦਿਆ ਦੀ ਪੜ੍ਹਾਈ ਵਿਚ ਕਈ ਡਿਗਰੀਆਂ ਲੈ ਕੇ ਚੋਟੀ ਦਾ ਵਿਦਵਾਨ ਸਮਝਿਆ ਜਾਣ ਵਾਲਾ ਮਨੁੱਖ ਵੀ, ਸਤਿਗੁਰਾਂ ਦੀ ਨਜ਼ਰ ਵਿਚ "ਮੂਰਖ' ਹੈ, ਜੇ ਉਸ ਦੇ ਅੰਦਰ ਮਾਇਆ ਦਾ ਲੋਭ ਹੈ ਅਤੇ ਜਾਂ ਕਿਸੇ ਵੀ ਪ੍ਰਕਾਰ ਦਾ ਹੰਕਾਰ ਹੈ---' **ਪੜਿਆ ਮੂਰਖੁ ਆਖੀਐ, ਜਿਸੁ ਲਬੁ ਲੋਭੁ ਅਹੰਕਾਰਾ** " ॥ [੧੪੦] ਬੜੇ ਵੱਡੇ ਵਿਦਵਾਨ ਨੇ ਜੇ ਸਤਿਗੁਰਾਂ ਦੀ ਸਰਨ ਵਿਚ ਆ ਕੇ ਸਚੁ ਦੀ ਪ੍ਰਾਪਤੀ ਨਹੀਂ ਕੀਤੀ, ਜੇ ਉਸ ਨੂੰ ਪ੍ਰਭੂ ਦੀ ਪਛਾਣ ਨਹੀਂ ਆਈ, ਜੇ ਉਸ ਨੇ ਸਿਰਜਣਹਾਰ ਨਾਲ ਸਾਂਝ ਨਹੀਂ ਪਾਈ, ਸਮਝੋ ਤਾਂ ਉਸ 'ਮੂਰਖ' ਮਨਮੁਖ ਨੇ ਆਪਣਾ ਮਨੁੱਖਾ ਜਨਮ ਅਜਾਈ ਗੁਆ ਲਿਆ-**ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮੁ ਗਵਾਇਆ** ॥ [੪੬੭] ਅੱਖੀ ਵੇਖ ਕੇ ਵੀ ਮੂਰਖ ਮਨੁੱਖ ਸੁਰਤਿ ਨਹੀਂ ਫੜਦਾ:---

੨੪੪- **ਮੂਰਖੁ ਹੋਇ ਨ ਆਖੀ ਸੂਝੈ ॥ ਜਿਹਵਾ ਰਸੁ ਨਹੀਂ ਕਹਿਆ ਬੂਝੈ ॥ ਬਿਖੁ ਕਾ ਮਾਤਾ ਜਗ ਸਿਉ ਲੂਝੈ ॥ ੬ ॥**[੪੧੩]-੫

**ਅਰਥ:**--(ਸਤਿਗੁਰੂ ਜੀ ਬਾਰ ਬਾਰ ਸਮਝਾ ਰਹੇ ਹਨ ਕਿ ਪਰਮਾਤਮਾ ਸਾਰੀ ਸ੍ਰਿਸ਼ਟੀ ਵਿਚ ਰਮਿਆ ਹੋਇਆ ਹੈ। ਨਾ ਸਮਝਣ ਵਾਲਾ ਅਜੇਹਾ) ਮਨੁੱਖ ਮੂਰਖ ਹੈ ਜਿਸ ਨੂੰ (ਕੁਦਰਤ ਵਿਚ ਵੱਸਦਾ ਪ੍ਰਤੱਖ ਪ੍ਰਭੂ) ਅਖੀਆਂ ਨਾਲ ਨਹੀਂ ਦਿਸਦਾ, ਜਿਸ ਦੀ ਜੀਭ ਵਿਚ (ਪ੍ਰਭੂ ਦਾ) ਨਾਮ-ਰਸ ਨਹੀਂ ਆਇਆ, ਜੋ ਗੁਰੂ ਦੇ ਦੱਸੇ ਉਪਦੇਸ਼ ਨੂੰ ਨਹੀਂ ਸਮਝਦਾ। ਉਹ ਮਨੁੱਖ ਵਿਹੁਲੀ ਮਾਇਆ ਵਿਚ ਮਸਤ ਹੋ ਕੇ ਜਗਤ ਨਾਲ ਝਗੜੇ ਸਹੇੜੀ ਰੱਖਦਾ ਹੈ। ੬।

ਅਜੇਹੇ ਧਰਮ-ਕਰਮੀ ਨੂੰ ਸਤਿਗੁਰਾਂ ਨੇ ਪਤਿ ਹੀਨ ਮੂਰਖ ਅਤੇ ਅੰਨ੍ਹਾਂ ਫ਼ੁਰਮਾਨ ਕੀਤਾ ਹੈ:--

੨੪੫- **ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥ ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥ ਸਹੁ ਵੇ ਜੀਆ ਅਪਣਾ ਕੀਆ ॥ ਅੰਨੁ ਨ ਖਾਇਆ ਸਾਦੁ ਗਵਾਇਆ ॥ ਬਹੁ ਦੁਖੁ ਪਾਇਆ ਦੂਜਾ ਭਾਇਆ ॥ ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥ ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥ ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥ ਅਲੁ ਮਲੁ ਖਾਈ ਸਿਰਿ ਛਾਈ ਪਾਈ ॥ ਮੂਰਖਿ ਅੰਧੈ ਪਤਿ ਗਵਾਈ ॥ ਵਿਣੁ ਨਾਵੈ ਕਿਛੁ ਥਾਇ ਨ ਪਾਈ ॥ ਰਹੈ ਬੇਬਾਣੀ ਮੜੀ ਮਸਾਣੀ ॥ ਅੰਧੁ ਨ ਜਾਣੈ ਫਿਰਿ ਪਛੁਤਾਣੀ ॥ ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਨਾਨਕ ਨਦਰਿ ਕਰੇ ਸੋ ਪਾਏ ॥ ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥ ੨ ॥** [੪੬੭]-ਵਾ-੯

੨੪੬- **ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ, ਸਰਬ ਜੀਆ ਕਾ ਦਾਤਾ ਰੇ ॥**
**ਪ੍ਰਤਿਪਾਲੈ ਨਿਤ ਸਾਰਿ ਸਮਾਲੈ, ਇਕੁ ਗੁਨੁ ਨਹੀਂ ਮੂਰਖਿ ਜਾਤਾ ਰੇ ॥ ੧ ॥** [੬੧੨]-੨-੧੩

੨੪੭- **ਮਇਆ ਵੇਖਿ ਨ ਭੁਲੁ ਤੂ ਮਨਮੁਖ ਮੂਰਖਾ ॥ ਚਲਦਿਆ ਨਾਲਿ ਨ ਚਲਈ ਸਭੁ ਝੂਠੁ ਦਰਬੁ ਲਖਾ ॥ ਅਗਿਆਨੀ ਅੰਧੁ ਨ ਬੁਝਈ ਸਿਰ ਉਪਰਿ ਜਮ ਖੜਗੁ ਕਲਖਾ ॥ ਗੁਰਪਰਸਾਦੀ ਉਬਰੇ ਜਿਨ ਹਰਿ ਰਸੁ ਚਖਾ ॥ ਆਪਿ ਕਰਾਏ ਕਰੇ ਆਪਿ ਆਪੇ ਹਰਿ ਰਖਾ ॥ ੩ ॥** [੧੦੮੭]-ਵਾਰ

੨੪੮- **ਮੂਰਖ ਮਨ ਸਮਝਾਇ ਆਖਉ ਕੇਤੜਾ ॥ ਗੁਰਮੁਖਿ ਹਰਿ ਗੁਣ ਗਾਇ ਰੰਗਿ ਰੰਗੇਤੜਾ ॥ ੪ ॥** [੭੫੨]-੧-੩

੨੪੯- **ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥ ੧ ॥ ਰਹਾਉ ॥**[੧੧੨੭-੨੮]-੧

## ੩੯

## ਮੂੜ, ਮੂੜਾ, ਮੂੜ੍ਹ, ਮੂਢ

੨੫੦- **ਜਜੈ ਜੋਤਿ ਹਿਰਿ ਲਈ ਤੇਰੀ ਮੂੜੇ, ਅੰਤਿ ਗਇਆ ਪਛੁਤਾਵਹਿਗਾ ॥**
**ਏਕੁ ਸਬਦੁ ਤੂੰ ਚੀਨ੍ਹਹਿ ਨਾਹੀ, ਫਿਰਿ ਫਿਰਿ ਜੂਨੀ ਆਵਹਿਗਾ ॥ ੪ ॥**[੪੩੪]

**ਅਰਥ:**--ਹੇ ਮੂਰਖ ! (ਨਿਰੇ ਮਾਇਕ ਲੇਖੇ ਪੜ੍ਹੇ ਨੇ ਆਤਮਕ ਜੀਵਨ ਸਿਖਲਾਉਣ ਵਾਲੀ) ਤੇਰੀ ਅਕਲ ਖੋਹ ਲਈ ਹੈ, ਅਖ਼ੀਰ ਵੇਲੇ ਜਦੋਂ ਏਥੋਂ ਤੁਰਨ ਲਗੇਂਗਾ, ਤਾਂ ਅਫ਼ਸੋਸ ਕਰੇਂਗਾ। (ਹੁਣ ਇਸ ਵੇਲੇ) ਤੂੰ ਪ੍ਰਭੂ ਦੀ ਸਿਫ਼ਤਿ ਸਲਾਹ ਦੀ ਬਾਣੀ ਨਾਲ ਸਾਂਝ ਨਹੀਂ ਪਾਉਂਦਾ, (ਸਿੱਟਾ ਇਹ ਨਿਕਲੇਗਾ ਕਿ) ਮੁੜ ਮੁੜ ਜੂਨਾਂ ਵਿਚ ਪਿਆ ਰਹੇਂਗਾ। ੪।

੨੫੧- **ਸਸੈ ਸੰਜਮੁ ਗਇਓ ਮੂੜੇ, ਏਕੁ ਦਾਨੁ ਤੁਧੁ ਕੁਥਾਇ ਲਇਆ ॥**
**ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ, ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥ ੬ ॥**[੪੩੫]

੨੫੨- **ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ ਤੋਟੇ ਕਉ ਬੇਗਿ ਧਾਇਆ ॥** [ਰੇਨਾਇਆ--ਰਿਣ ਨਾਲ, ਕਰਜ਼ੇ ਨਾਲ]
**ਸਸਤ ਵਖਰੁ ਤੂੰ ਘਿੰਨਹਿ ਨਾਹੀ ਪਾਪੀ ਬਾਧਾ ਰੇਨਾਇਆ ॥ ੧ ॥**[੪੦੨]-੩-੧੨੫

**ਅਰਥ**--ਹੇ ਮੂਰਖ ! (ਆਤਮਕ ਜੀਵਨ ਦੇ) ਲਾਭ ਵਲੋਂ ਤੂੰ ਬਹੁਤ ਆਲਸੀ ਹੈਂ ਪਰ (ਆਤਮਕ ਜੀਵਨ ਦੀ ਰਾਸਿ ਦੇ)( ਘਾਟੇ ਵਾਸਤੇ ਤੂੰ ਛੇਤੀ ਉੱਠ ਦੌੜਦਾ ਹੈਂ ! ਹੇ ਪਾਪੀ ! ਤੂੰ ਸਸਤਾ ਸੌਦਾ ਨਹੀਂ ਲੈਂਦਾ, (ਵਿਕਾਰਾਂ ਦੇ) ਕਰਜ਼ੇ ਨਾਲ ਬੱਝਾ ਪਿਆ ਹੈਂ। ੧ ।

੨੫੩- **ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥ ਮਨਮੁਖ ਅੰਧੇ ਫਿਰਹਿ ਬੇਤਾਲੇ ॥**
**ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ ॥ ੭ ॥**[੧੧੭]-੧੩-੧੪

੨੫੪- **ਗੁਰ ਕਾ ਸਬਦੁ ਸਮਾਲਿ ਤੂੰ ਮੂੜੇ ਗਤਿ ਮਤਿ ਸਬਦੇ ਪਾਏ ॥**
**ਨਾਨਕ ਸਤਿਗੁਰੁ ਤਦ ਹੀ ਪਾਏ ਜਾਂ ਵਿਚਹੁ ਆਪੁ ਗਵਾਏ ॥ ੨ ॥**[੫੪੯]-ਵਾਰ-੪

**ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥ ਕਾਲੁ ਨ ਆਵੈ ਮੂੜੇ ਚੀਤਿ ॥** [੨੬੭]

## ੪੦

## ਮੁਗਧ

੨੫੫- **ਨਿਰਗੁਣੁ ਮੁਗਧੁ ਅਜਾਣੁ ਅਗਿਆਨੀ ਕਰਮ ਧਰਮ ਨਹੀ ਜਾਣਾ ॥**
**ਦਇਆ ਕਰਹੁ ਨਾਨਕੁ ਗੁਣ ਗਾਵੈ ਮਿਠਾ ਲਗੈ ਤੇਰਾ ਭਾਣਾ ॥ ੪ ॥**[੭੪੮]-੬-੫੩

੨੫੬- **ਕਿਸੁ ਭਰਵਾਸੈ ਬਿਚਰਹਿ ਭਵਨ ॥ ਮੂੜ ਮੁਗਧ ਤੇਰਾ ਸੰਗੀ ਕਵਨ ॥**
**ਰਾਮੁ ਸੰਗੀ ਤਿਸੁ ਗਤਿ ਨਹੀ ਜਾਨਹਿ ॥ ਪੰਚ ਬਟਵਾਰੇ ਸੇ ਮੀਤ ਕਰਿ ਮਾਨਹਿ ॥ ੧ ॥**[੮੯੮]-੩੭-੪੮

੨੫੭- ਲਾਹਾ **ਨਾਮੁ ਰਤਨੁ ਜਪਿ ਸਾਰੁ ॥ ਲਬੁ ਲੋਭੁ ਬੁਰਾ ਅਹੰਕਾਰੁ ॥ ਲਾੜੀ ਚਾੜੀ ਲਾਇਤਬਾਰੁ ॥ ਮਨਮੁਖੁ**
**ਅੰਧਾ ਮੁਗਧੁ ਗਵਾਰੁ ॥ ਲਾਹੇ ਕਾਰਣਿ ਆਇਆ ਜਗਿ ॥ ਹੋਇ ਮਜੂਰੁ, ਗਇਆ ਠਗਾਇ ਠਗਿ ॥**
**ਲਾਹਾ ਨਾਮੁ ਪੂੰਜੀ ਵੇਸਾਹੁ ॥ ਨਾਨਕ ਸਚੀ ਪਤਿ ਸਚਾ ਪਾਤਿਸਾਹੁ ॥ ੧੩ ॥**[੯੩੧]

੨੫੮- **ਹਮਰਾ ਚਿਤੁ ਲੁਭਤ ਮੋਹਿ ਬਿਖਿਆ, ਬਹੁ ਦੁਰਮਤਿ ਮੈਲੁ ਭਰਾ ॥**
**ਤੁਮਰੀ ਸੇਵਾ ਕਰਿ ਨ ਸਕਹ ਪ੍ਰਭ, ਹਮ ਕਿਉਕਰਿ ਮੁਗਧ ਤਰਾ ॥ ੧ ॥** [੭੯੯]-੩

੨੫੯- **ਮਹਾ ਮੁਗਧ ਅਜਾਨ ਅਗਿਆਨੀ ਰਾਖੇ ਧਾਰਿ ਦਏ ॥ ਕਹੁ ਨਾਨਕ ਗੁਰੁ ਪੂਰਾ ਭੇਟਿਓ ਆਵਨ ਜਾਨ ਰਹੇ ॥ ੨ ॥**[੮੨੯]-੧-੧੨੬

੨੬੦- **ਰਾਜ ਤੇ ਕੀਟ ਕੀਟ ਤੇ ਸੁਰਪਤਿ ਕਰਿ ਦੋਖ ਜਠਰ ਕਉ ਭਰਤੇ ॥ ਕ੍ਰਿਪਾ ਨਿਧਿ ਛੋਡਿ ਆਨ ਕਉ ਪੂਜਹਿ**
**ਆਤਮ ਘਾਤੀ ਹਰਤੇ ॥ ੧ ॥ ਹਰਿ ਬਿਸਰਤ ਤੇ ਦੁਖਿ ਦੁਖਿ ਮਰਤੇ ॥ ਅਨਿਕ ਬਾਰ ਭ੍ਰਮਹਿ ਬਹੁ ਜੋਨੀ**
**ਟੇਕ ਨ ਕਾਹੂ ਧਰਤੇ ॥ ੧ ॥ ਰਹਾਉ ॥ ਤਿਆਗਿ ਸੁਆਮੀ ਆਨ ਕਉ ਚਿਤਵਤ ਮੂੜ ਮੁਗਧ ਖਲ ਖਰ ।**
**ਤੇ ॥ ਕਾਗਰ ਨਾਵ ਲੰਘਹਿ ਕਤ ਸਾਗਰੁ ਬ੍ਰਿਥਾ ਕਥਤ ਹਮ ਤਰਤੇ ॥ ੨ ॥**[੧੨੬੭]-੪

੨੬੧- **ਜਾ ਕੀ ਟਹਲ ਪਾਵੈ ਦਰਗਹ ਮਾਨੁ ॥ ਤਿਸਹਿ ਬਿਸਾਰੈ ਮੁਗਧੁ ਅਜਾਨੁ ॥** [੨੬੭]

ਸੰਸਾਰ ਨੇ ਤਾਂ ਪ੍ਰਭੂ ਨਾਲ ਇੱਕ ਮਿੱਕ ਹੋਏ ਮਹਾਂਪੁਰਖਾਂ ਸਮਾਜ ਲਈ ਖ਼ਤਰਾ ਘੋਸ਼ਤ ਕਰਕੇ ਸੂਲੀ ਤੇ ਚਾੜ੍ਹਿਆ, ਵੱਟੇ ਮਾਰ ਕੇ ਮਾਰ ਦਿੱਤਾ, ਤੱਤੀ ਲੋਹ ਤੇ ਬਿਠਾ ਕੈ ਗਰਮ ਰੇਤੇ ਨਾਲ ਸਰੀਰ ਭੁੜਤਾ ਕਰ ਦਿੱਤਾ ਪਰ ਸਤਿਗੁਰੂ ਨਾਨਕ ਜੀ ਨੇ ਆਪਣੇ ਤਜਰਬੇ ਦੇ ਅਧਾਰ ਤੇ ਇਉਂ ਵੀ ਫ਼ੁਰਮਾਨ ਕੀਤਾ ਹੈ ਕਿ:---ਨਿਰਾ ਮੂਰਖ ਹੀ ਨਹੀਂ ਸਗੋਂ ਭੂਤਨਾ ਅਤੇ ਬੇਤਾਲਾ ਵੀ ਆਖਿਆ ਹੈ:--

**੨੬੨-** **ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥ ੧ ॥ ਭਇਆ ਦਿਵਾਨਾ**
**ਸਾਹ ਕਾ ਨਾਨਕੁ ਬਉਰਾਨਾ ॥ ਹਉ ਹਰਿ ਬਿਨੁ ਅਵਰੁ ਨ ਜਾਨਾ ॥ ੧ ॥ ਰਹਾਉ ॥ ਤਉ ਦੇਵਾਨਾ**
**ਜਾਣੀਐ ਜਾ ਭੈ ਦੇਵਾਨਾ ਹੋਇ ॥ ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ ॥੨॥ ਤਉ ਦੇਵਾਨਾ**
**ਜਾਣੀਐ ਜਾ ਏਕਾ ਕਾਰ ਕਮਾਇ ॥ ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥ ੩ ॥**
**ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥ ਮੰਦਾ ਜਾਣੈ ਕਉ ਅਵਰੁ ਭਲਾ ਸੰਸਾਰੁ ॥ ੪ ॥ਮਾਰੂ ਮਹਲਾ ੧ ॥**[੯੯੧]-੭

ਲੋਕਾਂ ਨੇ ਉਸ ਨੂੰ ਮੂਰਖ ਅਥਵਾ ਬੇਤਾਲਾ ਕਹਿ ਦਿੱਤਾ ਜਿਹੜਾ ਮਹਾਂ ਪੁਰਖ ਪ੍ਰਭੂ ਦੇ ਪਿਆਰ ਰੰਗ ਵਿਚ ਰੰਗਿਆ ਹੋਇਆ ਸੀ। ਸਤਿਗੁਰੂ ਜੀ ਦਾ ਫ਼ੁਰਮਾਨ ਹੈ ਕਿ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਦੇ ਐਬ ਵੇਖੇ ਅਤੇ ਲੋਕਾਂ ਨੂੰ ਆਪਣੇ ਨਾਲੋਂ ਚੰਗਾ ਸਮਝੇ।

## ੪੧

## ਗਾਵਾਰ

੨੬੩- **ਜੇਵਡੁ ਭਾਵੈ, ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥**
**ਜੇ ਕੋ ਆਖੈ ਬੋਲੁ ਵਿਗਾੜੁ ॥ ਤਾ ਲਿਖੀਐ, ਸਿਰਿ ਗਾਵਾਰਾ ਗਾਵਾਰੁ ॥ ੨੬ ॥** [ਜਪੁ]

**ਅਰਥ**:--ਗੁਰੂ ਨਾਨਕ ਜੀ ਦਾ ਫ਼ੁਰਮਾਨ---ਪਰਮਾਤਮਾ ਜਿੰਨਾ ਚਾਹੁੰਦਾ ਹੈ ਓਨਾ ਹੀ ਵੱਡਾ ਹੋ ਜਾਂਦਾ ਹੈ (ਆਪਣੀ ਕੁਦਰਤ ਵਧਾ ਲੈਂਦਾ ਹੈ) । ਉਹ ਸਦਾ ਥਿਰ ਰਹਿਣ ਵਾਲਾ ਹਰੀ ਆਪ ਹੀ ਜਾਣਦਾ ਹੈ (ਕਿ ਉਹ ਕਿਡਾ ਵੱਡਾ ਹੈ) । ਜੇ ਕੋਈ ਬੜਬੋਲਾ (-ਬੋਲ ਵਿਗਾੜ) ਮਨੁੱਖ ਦੱਸਣ ਲੱਗੇ (ਕਿ ਪਰਮਾਤਮਾ ਕਿਤਨਾ ਵੱਡਾ ਹੈ) ਤਾਂ ਉਹ ਮਨੁੱਖ ਮੂਰਖਾਂ-ਸਿਰ-ਮੂਰਖ ਗਿਣਿਆ ਜਾਂਦਾ ਹੈ । ੨੬ ।

੨੬੪- **ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ ॥ ਫਿਰਿ ਓਇ ਕਿਥਹੁ ਪਾਇਨਿ ਮੋਖ**
**ਦੁਆਰਾ ॥ ਮਰਿ ਮਰਿ ਜੰਮਹਿ ਫਿਰਿ ਫਿਰਿ ਆਵਹਿ ਜਮ ਦਰਿ ਚੋਟਾ ਖਾਵਣਿਆ ॥ ੪ ॥**[੧੧੫]-੧੦-੧੧

੨੬੫- **ਥਥਾ ਥਿਰੁ ਕੋਊ ਨਹੀ ਕਾਇ ਪਸਾਰਹੁ ਪਾਵ ॥ ਅਨਿਕ ਬੰਚ ਬਲ ਛਲ ਕਰਹੁ ਮਾਇਆ ਏਕ ਉਪਾਵ ॥**
**ਥੈਲੀ ਸੰਚਹੁ ਸ੍ਰਮੁ ਕਰਹੁ ਥਾਕਿ ਪਰਹੁ ਗਾਵਾਰ ॥ ਮਨ ਕੈ ਕਾਮਿ ਨ ਆਵਈ ਅੰਤੇ ਅਉਸਰ ਬਾਰ ॥...੩੩ ॥** [੨੫੭]

**ਅਰਥ**:--ਹੇ ਮੂਰਖ ! ਕਿਸੇ ਨੇ ਵੀ ਏਥੇ ਸਦਾ ਬੈਠ ਨਹੀਂ ਰਹਿਣਾ, ਕਿਉਂ ਪੈਰ ਪਸਾਰ ਰਿਹਾ ਹੈਂ ? (ਕਿਉਂ ਮਾਇਆ ਦੇ ਖਿਲਾਰੇ ਖਿਲਾਰ ਰਿਹਾ ਹੈ ? ਤੂੰ ਸਿਰਫ਼ ਮਾਇਆ ਵਾਸਤੇ ਹੀ ਕਈ ਵਲ-ਛਲ ਅਤੇ ਅਨੇਕਾਂ ਠੱਗੀਆਂ-ਫ਼ਰੇਬ ਕਰ ਰਿਹਾ ਹੈਂ । ਹੇ ਮੂਰਖ ਤੂੰ ਧਨ ਜੋੜਿ ਰਿਹਾ ਹੈਂ, (ਧਨ ਦੀ ਖ਼ਾਤਰ) ਦੌੜ-ਭੱਜ ਕਰਦਾ ਹੈਂ, ਤੇ ਥੱਕ-ਟੁੱਟ ਜਾਂਦਾ ਹੈਂ, ਪਰ ਅੰਤ ਸਮੇਂ ਇਹ ਧਨ ਤੇਰੀ ਜਿੰਦ ਦੇ ਕੰਮ ਤਾਂ ਨਹੀਂ ਆਵੇਗਾ ॥

੨੬੬- **ਜਿਨਿ ਕੀਆ ਤਿਸੁ ਸਿਮਰਿ ਪਰਾਨੀ ਜੀਉ ਪ੍ਰਾਨ ਜਿਨਿ ਧਾਰਾ ॥**
**ਤਿਸਹਿ ਤਿਆਗਿ ਅਵਰ ਲਪਟਾਵਹਿ ਮਰਿ ਜਨਮਹਿ ਮੁਗਧ ਗਵਾਰਾ ॥ ੧ ॥** [੫੩੦]-੧੧

੨੬੭- **ਏਹੁ ਸਭੁ ਕਿਛੁ ਆਵਣ ਜਾਣੁ ਹੈ ਜੇਤਾ ਹੈ ਆਕਾਰੁ ॥ ਜਿਨਿ ਏਹੁ ਲੇਖਾ ਲਿਖਿਆ**
**ਸੋ ਹੋਆ ਪਰਵਾਣੁ ॥ ਨਾਨਕ ਜੇ ਕੋ ਆਪੁ ਗਣਾਇਦਾ ਸੋ ਮੂਰਖੁ ਗਾਵਾਰੁ ॥ ੧ ॥** [੫੧੬]-ਵਾਰ-੨੦

**ਅਰਥ:**--ਜਿੰਨਾ ਵੀ ਇਹ ਜਗਤ (-ਆਕਾਰ) ਦਿੱਸ ਰਿਹਾ ਹੈ ਇਹ ਸਾਰਾ ਆਉਣ ਜਾਣ ਵਾਲਾ ਹੈ (ਭਾਵ, ਕਦੇ ਇਕੋ ਹਾਲਤ ਨਹੀਂ ਰਹਿੰਦੀ, ਸੋ ਕਿਸੇ ਰਾਜ ਧਨ ਮਿਲਖ ਆਦਿਕ ਤੇ ਮਾਣ ਕਰਨਾ੧੨੮੭]- ਮੂਰਖਤਾ ਹੈ) ਜਿਸ ਮਨੁੱਖ ਨੇ ਇਹ ਗੱਲ ਸਮਝ ਲਈ ਉਹ (ਪ੍ਰਭੂ ਦੀ ਹਜ਼ੂਰੀ ਵਿਚ) ਕਬੂਲ ਹੁੰਦਾ ਹੈ, ਜੋ (ਇਸ ' ਆਕਾਰ ' ਦੇ ਆਸਰੇ) ਆਪਣੇ ਆਪ ਨੂੰ ਵੱਡਾ ਅਖਵਾਉਂਦਾ ਹੈ (ਭਾਵ, ਮਾਣ ਕਰਦਾ ਹੈ) ਉਹ ਮੂਰਖ ਹੈ ਉਹ ਗਵਾਰ ਹੈ । ੧ ।

੨੬੮- **ਕਹਿ ਕਬੀਰ ਚੇਤੈ ਨਹੀ, ਮੂਰਖੁ ਮੁਗਧੁ ਗਵਾਰੁ ॥ ਰਾਮੁ ਨਾਮੁ ਜਾਨਿਓ ਨਹੀ, ਕੈਸੇ ਉਤਰਸਿ ਪਾਰਿ ॥ ੪ ॥**[੧੧੦੫]-੧

੨੬੯- **ਤਿਲੁ ਤਿਲੁ ਪਲੁ ਪਲੁ ਅਉਧ ਫੁਨਿ ਘਾਟੈ ਬੂਝਿ ਨ ਸਕੈ ਗਵਾਰੁ ॥**
**ਸੋ ਕਿਛੁ ਕਰੈ ਜਿ ਸਾਥਿ ਨ ਚਾਲੈ ਇਹੁ ਸਾਕਤ ਕਾ ਆਚਾਰੁ ॥ ੨ ॥**[੧੨੦੦]-੬

੨੭੦- **ਆਦਿ ਅੰਤਿ ਜੋ ਰਾਖਨਹਾਰੁ ॥ ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ ॥ ਜਾ ਕੀ ਸੇਵਾ ਨਵ**
**ਨਿਧਿ ਪਾਵੈ ॥ ਤਾ ਸਿਉ ਮੂੜਾ ਮਨੁ ਨਹੀ ਲਾਵੈ ॥ ਜੋ ਠਾਕੁਰੁ ਸਦ ਸਦਾ ਹਜੂਰੇ ॥ ਤਾ ਕਉ**
**ਅੰਧਾ ਜਾਨਤ ਦੂਰੇ ॥ ਜਾ ਕੀ ਟਹਲ ਪਾਵੈ ਦਰਗਹ ਮਾਨੁ ॥ ਤਿਸਹਿ ਬਿਸਾਰੈ ਮੁਗਧੁ ਅਜਾਨੁ ॥**
**ਸਦਾ ਸਦਾ ਇਹੁ ਭੂਲਨਹਾਰੁ ॥ ਨਾਨਕ ਰਾਖਨਹਾਰੁ ਅਪਾਰੁ ॥ ੩ ॥**[੨੬੭]-੪

## ੪੨- ਅੰਧਾ (ਅੰਨ੍ਹਾ)

ਸਤਿਗੁਰਾਂ ਨੇ ਨੇਤ੍ਰ-ਹੀਨ ਨੂੰ,' ਅੰਧਾ ' ਨਹੀਂ ਕਿਹਾ, ਗੁਰਦੇਵ ਜੀ ਨੇ ਉਸ ਮਨੁੱਖ ਨੂੰ ਅੰਨ੍ਹਾਂ ਨਹੀਂ ਮੰਨਿਆਂ ਜਿਸ ਦੀਆਂ ਦੋਵੇਂ ਅਖੀਆਂ ਬੰਦ ਹਨ । ਅੱਖਾਂ ਤੋਂ ਬਿਨਾ ਪੈਦਾ ਹੋਏ ਨੂੰ ਗੁਰਮਤਿ ਨੇ ਅੰਨ੍ਹਾਂ ਘੋਸ਼ਤ ਨਹੀਂ ਕੀਤਾ । ਫਿਰ ਗੁਰਮਤਿ ਨੇ ਅੰਧਾ ਭਾਵ, ਅੰਨ੍ਹਾਂ ਕਿਸ ਨੂੰ ਮੰਨਿਆਂ ਹੈ ? ਆਉ ਗੁਰਬਾਣੀ-ਵਿਚਾਰ ਤੋਂ ਸਮਝੀਏ ਕਿ ਕਿਤੇ ਅਸੀਂ ਸਾਰੇ ਹੀ ਸਤਿਗੁਰਾਂ ਦੀ ਨਜ਼ਰ ਵਿਚ ਅੰਨ੍ਹੇ ਤਾਂ ਨਹੀਂ ਬਣ ਚੁੱਕੇ ਹੋਏ :---

੨੭੧- **ਅੰਧੇ ਕੈ ਰਾਹਿ ਦਸਿਐ, ਅੰਧਾ ਹੋਇ ਸੁ ਜਾਇ ॥ ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥**
**ਅੰਧੇ ਏਹਿ ਨ ਆਖੀਅਨਿ, ਜਿਨ ਮੁਖਿ ਲੋਇਣ ਨਾਹਿ ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥੧॥** [੯੫੪]-ਵਾ-੧੬

**ਅਰਥ:**--ਜੇ ਕੋਈ ਅੰਨ੍ਹਾ ਮਨੁੱਖ (ਕਿਸੇ ਹੋਰ ਨੂੰ) ਰਾਹ ਦੱਸੇ ਤਾਂ (ਉਸ ਰਾਹ ਉਤੇ) ਉਹੀ ਤੁਰਦਾ ਹੈ ਜੋ ਆਪ ਅੰਨ੍ਹਾ ਹੋਵੇ । ਸੁਜਾਖਾ ਮਨੁੱਖ (ਅੰਨ੍ਹੇ ਦੇ ਆਖੇ) ਕੁਰਾਹੇ ਨਹੀਂ ਪੈਂਦਾ । ਪਰ (ਅਸਲ ਵਿਚ) ਅੰਨ੍ਹੇ ਉਨ੍ਹਾਂ ਨੂੰ ਨਹੀਂ ਕਹਿਣਾ ਚਾਹੀਦਾ ਜਿਨ੍ਹਾਂ ਦੇ ਮੂੰਹ ਤੇ ਅੱਖਾਂ ਨਹੀਂ ਹਨ, ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ, ਅੰਨ੍ਹੇ ਉਹ ਹਨ ਜੋ ਮਾਲਕ-ਪ੍ਰਭੂ ਤੋਂ ਖੁੰਝੇ ਜਾ ਰਹੇ ਹਨ ।

੨੭੨- **ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ ॥ ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ ॥ ੩ ॥**[੯੫੪]-ਵਾ-੧੬

**ਅਰਥ:**--ਜੋ ਮਨੁੱਖ ਪ੍ਰਭੂ ਦੀ ਰਜ਼ਾ ਵਿਚ ਨੇਤ੍ਰ-ਹੀਣ ਹੋ ਗਿਆ, ਅਸੀਂ ਉਸ ਨੂੰ ਅੰਨ੍ਹਾਂ ਨਹੀਂ ਆਖਦੇ । (ਅਸਲੀ) ਅੰਨ੍ਹਾਂ ਉਹ ਮਨੁੱਖ ਹੈ ਜੋ (ਪ੍ਰਭੂ ਦੀ) ਰਜ਼ਾ ਨੂੰ ਨਹੀਂ ਸਮਝਦਾ ।

੨੭੩- **ਡਾਲੀ ਲਾਗੈ ਨਿਹਫਲੁ ਜਾਇ ॥ ਅੰਧੀ ਕੰਮੀ ਅੰਧ ਸਜਾਇ ॥**
**ਮਨਮੁਖੁ ਅੰਧਾ ਠਉਰ ਨ ਪਾਇ ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਪਚਾਇ ॥ ੨ ॥**[੩੬੨]-੫-੪੪

੨੭੪- **ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ, ਬਿਨੁ ਗੁਰ ਮਗੁ ਨ ਪਾਏ ॥**
**ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ, ਘਰੈ ਅੰਦਰਿ ਸਚੁ ਪਾਏ ॥ ੪ ॥**[੬੦੩]-੧੦

ਹੁਕਮ ਦੀ ਪਛਾਣ ਤੋਂ ਕੋਰਾ, ਆਪ-ਹੁਦਰਾ ਹੰਕਾਰੀ ਮਨਮੁਖ ਅੰਨ੍ਹਾਂ ਹੀ ਹੁੰਦਾ ਹੈ । ਧਾਰਮਿਕ ਭੇਖ ਵਿਚ ਪੂਰੇ ਪਰ ਆਚਰਨ ਦੇ ਢਿੱਲੇ, ਪੱਤ੍ਰੀ ਵਾਚ ਕੇ ਸ਼ੁੱਭ ਮਹੂਰਤ ਦੱਸ ਕੇ ਲੋਕਾਂ ਦੇ ਵਿਆਹ ਕਰਨ ਵਾਲੇ ਸਿਆਣੇ, ਮਹਾਂ ਵਿਦਵਾਨ ਅਤੇ ਬੜੇ ਸੁਜਾਨ ਬਣੀ ਬੈਠੇ, ਪਰ **ਮਨ ਦੇ ਅੰਨ੍ਹੇ** ਬ੍ਰਾਹਮਣ ਗੁਰੂ ਨੂੰ, ਸਤਿਗੁਰਾਂ ਨੇ ਵਿਦਵਾਨ ਜਾਂ ਸਿਆਣਾ ਨਹੀਂ ਮੰਨਿਆਂ-----

੨੭੫- **ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਭਲਕੇ ਥੁਕ ਪਵੈ ਨਿਤ ਦਾੜੀ ॥ ਤਗੁ ਨ ਪੈਰੀ ਤਗੁ ਨ ਹਥੀ ॥ ਤਗੁ ਨ**
**ਜਿਹਵਾ ਤਗੁ ਨ ਅਖੀ ॥ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥ ਲੈ ਭਾੜਿ ਕਰੇ ਵੀਆਹੁ ॥ਕਢਿ**
**ਕਾਗਲੁ ਦਸੇ ਰਾਹੁ ॥ ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥ ੪ ॥** [੪੭੧]-ਵਾਰ-੧੫

ਅਕਲ ਦੇ ਅੰਨ੍ਹੇ, ਅਥਵਾ ਮਾਇਆ ਦੇ ਮੋਹ ਵਿਚ ਅੰਨ੍ਹੇ, ਗੁਰੂ ਤੋਂ, ਲੋਕਾਂ ਦੇ ਮਨ ਦਾ ਭਰਮ ਨਹੀਂ ਜਾ ਸਕਦਾ:--

੨੭੬- **ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੇ ਭਾਈ ॥ ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥ ੩ ॥**[੨੩੨]-੬

**ਅਰਥ:**--(ਮਾਇਆ ਦੇ ਮੋਹ ਵਿਚ ਆਪ) ਅੰਨ੍ਹੇ ਹੋਏ ਹੋਏ ਗੁਰੂ ਪਾਸੋਂ (ਸਰਨ ਆਏ ਸੇਵਕ ਦੇ ਮਨ ਦੀ) ਭਟਕਣਾ ਦੂਰ ਨਹੀਂ ਹੋ ਸਕਦੀ । (ਅਜੇਹੇ ਗੁਰੂ ਦੀ ਸਰਨ ਪੈ ਕੇ ਤਾਂ ਮਨੁੱਖ ਸਗੋਂ) ਜਗਤ ਦੇ ਮੂਲ-ਕਰਤਾਰ ਨੂੰ ਛੱਡ ਕੇ ਮਾਇਆ ਦੇ ਮੋਹ ਵਿਚ ਫਸਦੇ ਹਨ । (ਆਤਮਕ ਮੌਤ ਪੈਦਾ ਕਰਨ ਵਾਲੀ ਮਾਇਆ ਦੇ) ਜ਼ਹਿਰ ਵਿਚ ਮਸਤ ਹੋਇਆ ਮਨੁੱਖ ਉਸ ਜ਼ਹਰ ਵਿਚ ਹੀ ਮਗਨ ਰਹਿੰਦਾ ਹੈ । ੩ ।

੨੭੭- **ਗੁਰਮੁਖਿ ਚਿਤੁ ਨ ਲਾਇਓ, ਅੰਤਿ ਦੁਖੁ ਪਹੁਤਾ ਆਇ ॥**
**ਅੰਦਰਹੁ ਬਾਹਰਹੁ ਅੰਧਿਆਂ ਸੁਧਿ ਨ ਕਾਈ ਪਾਇ ॥...੨ ॥** [੬੪੭]-ਵਾਰ-੧੨

੨੭੮- **ਅੰਧੇ ਖਾਵਹਿ ਬਿਸੂ ਕੇ ਗਟਾਕ ॥ ਨੈਨ ਸ੍ਰਵਨ ਸਰੀਰੁ ਸਭੁ ਹੁਟਿਓ ਸਾਸੁ ਗਇਓ**

ਤਤ ਘਾਟ ॥ ੧ ॥ ਰਹਾਉ ॥ ਅਨਾਥ ਰਵਾਨਿ ਉਦਰੁ ਲੇ ਪੋਖਹਿ ਮਾਇਆ ਗਈਆ
ਹਾਟਿ ॥ ਕਿਲਬਿਖ ਕਰਤ ਕਰਤ ਪਛੁਤਾਵਹਿ ਕਬਹੁ ਨ ਸਾਕਹਿ ਛਾਂਟਿ ॥ ੧ ॥[੧੨੨੪]-੮੨-੧੦੫

**ਅਰਥ:**--(ਮਾਇਆ ਦੇ ਮੋਹ ਵਿਚ) ਅੰਨ੍ਹੇ ਹੋ ਚੁੱਕੇ ਮਨੁੱਖ (ਆਤਮਕ ਮੌਤ ਲਿਆਉਣ ਵਾਲੇ) ਮਾਇਆ-ਜਹਰ-ਪਦਾਰਥ ਖ਼ੁਸ਼ੀ ਨਾਲ ਸੁਆਦ ਲਾ ਲਾ ਕੇ ਖਾਂਦੇ ਰਹਿੰਦੇ ਹਨ (ਭਾਵ, ਕਈ ਤਰ੍ਹਾਂ ਦੇ ਭੋਗ ਭੋਗਦੇ ਰਹਿੰਦੇ ਹਨ ਆਖ਼ਰ ਮੌਤ ਸਿਰ ਤੇ ਆ ਜਾਂਦੀ ਹੈ), ਅੱਖਾਂ, ਕੰਨ, ਸਰੀਰ--ਹਰੇਕ ਅੰਗ ਕੰਮ ਕਰਨੋਂ ਰਹਿ ਜਾਂਦਾ ਹੈ, ਤੇ ਸਾਹ ਵੀ ਖ਼ਤਮ ਹੋ ਜਾਂਦਾ ਹੈ । ੧ । ਰਹਾਉ । (ਮਾਇਆ ਦੇ ਮੋਹ ਵਿਚ ਅੰਨ੍ਹੇ ਹੋਏ ਮਨੁੱਖ) ਕਮਜ਼ੋਰਾਂ, ਬੇ-ਆਸਰਿਆਂ ਨੂੰ ਦੁੱਖ ਦੇ ਕੇ ਆਪਣਾ ਪੇਟ ਪਾਲਦੇ ਹਨ (ਪਰ ਮੌਤ ਆਉਣ ਤੇ) ਉਹ ਮਾਇਆ ਵੀ ਸਾਥ ਛੱਡ ਜਾਂਦੀ ਹੈ । ਅਜਿਹੇ ਮਨੁੱਖ ਪਾਪ ਕਰਦਿਆਂ ਪਛਤਾਉਂਦੇ ਵੀ ਹਨ, (ਪਰ ਇਨ੍ਹਾਂ ਪਾਪ-ਕਰਮਾਂ ਨੂੰ) ਛੱਡ ਨਹੀਂ ਸਕਦੇ । ੧ ।

੨੭੯- ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥ ਮਨਮੁਖਿ ਅੰਧਾ ਸਬਦੁ ਨਾ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥[੬੦੪]-੧੨

੨੮੦- ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧ ॥
ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ ॥ ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ ॥ ੩ ॥[੧੨੮੭]-ਵਾਰ-੨੧

੨੮੧- ਸਲੋਕ ਮ: ੨ ॥ ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ ॥ ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ ॥ ੧ ॥
ਮ: ੨ ॥ ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ ॥ ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ ॥ ਜਿਨ ਗੁਣੁ ਪਲੈ
ਨਾਨਕਾ ਮਾਣਕ ਵਣਜਹਿ ਸੇਇ ॥ ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ ॥ ੨ ॥ [੯੫੪]-ਵਾ-੧੫

**ਅਰਥ:**--ਜੋ ਮਨੁੱਖ ਆਪ ਅੰਨ੍ਹਾ ਹੋਵੇ ਤੇ ਤੁਰ ਪਏ ਰਤਨ ਪਰਖਣ, ਉਹ ਰਤਨਾਂ ਦੀ ਕਦਰ (ਪਛਾਣ) ਤਾਂ ਜਾਣਦਾ ਨਹੀਂ, ਪਰ ਆਪਣਾ ਆਪ ਨਸ਼ਰ ਕਰ ਆਉਂਦਾ ਹੈ {ਭਾਵ, ਲੋਕਾਂ ਨੂੰ ਇਹ ਦੱਸ ਆਉਂਦਾ ਹੈ ਕਿ ਮੈਂ ਅੰਨ੍ਹਾ ਹਾਂ] । ੧ । ਪ੍ਰਭੂ ਦੇ ਗੁਣਾਂ-ਰੂਪ ਰਤਨਾਂ ਦੀ ਥੈਲੀ ਸਤਿਗੁਰੂ ਨੇ ਆ ਕੇ ਖੋਹਲੀ ਹੈ, ਇਹ ਗੁੱਥੀ ਵੇਚਣ ਵਾਲੇ ਸਤਿਗੁਰੂ ਅਤੇ ਵਿਹਾਜਣ ਵਾਲੇ ਗੁਰਮੁਖ ਦੋਹਾਂ ਦੇ ਹਿਰਦੇ ਵਿਚ ਟਿਕ ਰਹੀ ਹੈ (ਭਾਵ, ਦੋਹਾਂ ਨੂੰ ਇਹ ਗੁਣ ਪਿਆਰੇ ਲੱਗ ਰਹੇ ਹਨ) । ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦੀ ਸਿਫ਼ਤ-ਸਲਾਹ ਦਾ ਗੁਣ ਆ ਵਸਿਆ ਹੈ, ਉਹੀ ਮਨੁੱਖ ਨਾਮ-ਰਤਨ ਵਿਹਾਜਦੇ ਹਨ, ਪਰ ਜੋ ਇਨ੍ਹਾਂ ਰਤਨਾਂ ਦੀ ਕਦਰ ਨਹੀਂ ਜਾਣਦੇ ਉਹ ਅੰਨ੍ਹਿਆਂ ਵਾਂਗ ਜਗਤ ਵਿਚ ਫਿਰਦੇ ਹਨ । ੨ ।

੨੮੨- ਅੰਧੇ ਚਾਨਣੁ ਤਾ ਥੀਐ ਜਾ ਸਤਿਗੁਰੁ ਮਿਲੈ ਰਜਾਇ ॥ ਬੰਧਨ ਤੋੜੈ ਸਚਿ ਵਸੈ ਅਗਿਆਨੁ ਅੰਧੇਰਾ ਜਾਇ ॥ ਸਭੁ
ਕਿਛੁ ਦੇਖੈ ਤਿਸੈ ਕਾ ਜਿਨਿ ਕੀਆ ਤਨੁ ਸਾਜਿ ॥ ਨਾਨਕ ਸਰਣਿ ਕਰਤਾਰ ਕੀ ਕਰਤਾ ਰਾਖੈ ਲਾਜ ॥ ੨ ॥[੫੫੧]-ਵਾਰ-੭

੨੮੩- ਅੰਧੋ ਬੋਲੋ ਮੁਗਧੁ ਗਵਾਰੁ ॥ ਜੀਣੋ ਨੀਚੁ ਬੁਰੋ ਬੁਰਿਆਰੁ ॥
ਨੀਧਨ ਕੌ ਧਨੁ ਨਾਮ ਪਿਆਰੁ ॥ ਇਹੁ ਧਨੁ ਸਾਰੁ ਹੋਰੁ ਬਿਖਿਆ ਛਾਰੁ ॥ ੪ ॥[੧੩੩੦]-੧੨

**ਅਰਥ:**--ਮਾਇਆ ਦੇ ਮੋਹ ਵਿਚ ਅੰਨ੍ਹਾਂ ਹੋਇਆ, ਪ੍ਰਭੂ ਦੀ ਸਿਫ਼ਤਿ ਸਾਲਾਹ ਤੋਂ ਕੰਨ ਬੰਦ ਰੱਖਣ ਵਾਲਾ ਮਨੁੱਖ ਮੂਰਖ ਹੈ, ਆਤਮਕ ਜੀਵਨ ਤੋਂ ਸੱਖਣਾ ਹੈ, ਨੀਵੇਂ ਪਾਸੇ ਜਾ ਰਿਹਾ ਉਹ ਮੰਦੇ ਤੋਂ ਮੰਦਾ ਹੈ। ਪਰਮਾਤਮਾ ਦਾ ਨਾਮ ਤੇ ਉਸ ਦੇ ਚਰਨਾਂ ਦਾ ਪਿਆਰ (ਆਤਮਕ ਜੀਵਨ ਵਲੋਂ) ਕੰਗਾਲਾਂ ਵਾਸਤੇ ਧਨ ਹੈ। ਇਹੀ ਧਨ ਸ੍ਰੇਸ਼ਟ ਧਨ ਹੈ, ਇਸ ਤੋਂ ਬਿਨਾ ਦੁਨੀਆਂ ਦੀ ਮਾਇਆ ਸੁਆਹ ਹੈ । ੪ ।

੨੮੪- ਕਬੀਰ ਸਾਚਾ ਸਤਿਗੁਰੁ ਕਿਆ ਕਰੈ, ਜਉ ਸਿਖਾ ਮਹਿ ਚੂਕ ॥
ਅੰਧੇ ਏਕੁ ਨ ਲਾਗਈ, ਜਿਉ ਬਾਂਸੁ ਬਜਾਈਐ ਫੂਕ ॥ ੧੫੮ ॥ [੧੩੭੨]

੨੮੫- ਮਾਧੋ, ਅਬਿਦਿਆ ਹਿਤ ਕੀਨ ॥ ਬਿਬੇਕ ਦੀਪ ਮਲੀਨ ॥ ੧ ॥ ਰਹਾਉ ॥[੪੮੬]-੧

੪੩

# ਸਤਿਗੁਰਾਂ ਦਾ ਨਿਆਰਾ ਉਪਦੇਸ਼-ਢੰਗ

ਮਨੁੱਖ ਵਿਚ ਨਿਮਰਤਾ-ਗੁਣ ਨਾਲੋ ਨਾਲ ਭਰਦੇ ਰਹਿਣ ਲਈ, ਸਾਰੇ ਔਗਣ, ਸਾਰੀਆਂ ਕਮੀਆਂ ਆਪਣੇ ਆਪ ਵਿਚ ਦਰਸਾਉਣੀਆਂ, ਗੁਰਦੇਵ ਜੀ ਦਾ ਬੜਾ ਮਿੱਠਾ ਅਤੇ ਨਿਆਰਾ ਉਪਦੇਸ਼-ਢੰਗ ਹੈ । ਸਾਡੇ ਲਈ ਜ਼ਰੂਰੀ ਬਣਦਾ ਹੈ ਕਿ ਅਸੀਂ ਸਤਿਗੁਰਾਂ ਦੇ ਇਸ ਉਪਕਾਰ ਤੋਂ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਦੇ ਰਹੀਏ :---

੨੮੬- ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ ॥
ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ ॥ ੨ ॥[੧੨]-੩

੨੮੭- ਮੇਰੇ ਸਤਿਗੁਰਾ, ਮੈਂ ਤੁਝ ਬਿਨੁ ਅਵਰੁ ਨ ਕੋਇ ॥ ਹਮ ਮੂਰਖ ਮੁਗਧ
ਸਰਣਾਗਤੀ ਕਰਿ ਕਿਰਪਾ ਮੇਲੇ ਹਰਿ ਸੋਇ ॥ ੧ ॥ ਰਹਾਉ ॥[੩੯]-੧-੬੫

੨੮੮- ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ॥ ਹਮ ਮੂੜ ਮੁਗਧ ਅਸੁਧ
ਮਤਿ ਹੋਤੇ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ ॥ ੧ ॥ ਰਹਾਉ ॥[੧੬੯]-੪-੧੮-੫੬

੨੮੯- ...ਮੂਰਖ ਮੁਗਧ ਅਨਾਥ ਚੰਚਲ ਬਲਹੀਨ ਨੀਚ ਅਜਾਣਾ ॥
ਬਿਨਵੰਤਿ ਨਾਨਕ ਸਰਣਿ ਤੇਰੀ ਰਖਿ ਲੇਹੁ ਆਵਣ ਜਾਣਾ ॥ ੧ ॥[੫੪੩]-ਛੰਤ-੩

੨੯੦- ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥ ੪ ॥[੬੧੨]-੨-੧੩

੨੯੧- ਹਮ ਮੂਰਖ ਮੂਰਖਮਨ ਮਾਹਿ ॥ ਹਉਮੈ ਵਿਚਿ ਸਭ ਕਾਰ ਕਮਾਹਿ ॥

ਗੁਰ ਪਰਸਾਦੀ ਹੰਉਮੈ ਜਾਇ ॥ ਆਪੇ ਬਖਸੇ ਲਏ ਮਿਲਾਇ ॥ ੨ ॥[੬੬੬]-੮

੨੯੨- **ਹਮ ਮੂਰਖ ਮੁਗਧ** ਸਰਣਾਗਤੀ ਮਿਲੁ ਗੋਵਿੰਦ ਰੰਗਾ ਰਾਮ ਰਾਜੇ ॥ ਗੁਰਿ ਪੂਰੈ ਹਰਿ ਪਾਇਆ ਹਰਿ ਭਗਤਿ ਇਕ ਮੰਗਾ ॥ ਮੇਰਾ ਮਨੁ ਤਨੁ ਸਬਦਿ ਵਿਗਾਸਿਆ ਜਪਿ ਅਨਤ ਤਰੰਗਾ ॥ ਮਿਲਿ ਸੰਤ ਜਨਾ ਹਰਿ ਪਾਇਆ ਨਾਨਕ ਸਤਸੰਗਾ ॥ ੩ ॥[੪੪੮]-ਛੰਤ-੮

੨੯੩- ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ **ਮੂਰਖੁ ਮੁਗਧੁ** ਨੀਚਾਣੁ ॥ ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ ॥[੭੩੬]-੪-੧੫-੨੪।

੨੯੪- **ਹਮ ਮੂਰਖ ਮੁਗਧ ਅਗਿਆਨ ਮਤੀ,** ਸਰਣਾਗਤਿ ਪੁਰਖ ਅਜਨਮਾ ॥ ਕਰਿ ਕਿਰਪਾ ਰਖਿ ਲੇਵਹੁ ਮੇਰੇ ਠਾਕੁਰ ਹਮ ਪਾਥਰ ਹੀਨ ਅਕਰਮਾ ॥ ੧ ॥[੭੯੯]-੨

੨੯੫- **ਮਾਰੂ ਮਹਲਾ ੧ ॥ ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ ॥ ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ ॥ ੧ ॥ ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥ ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ ॥ ੧ ॥ ਰਹਾਉ ॥ ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ ॥ ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥ ੨ ॥ ਗੁਰ ਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ ॥ ਸਤਿਗੁਰ ਕੈ ਭਾਣੈ ਮਨਿ ਵਸੈ ਤਾ ਅਹਿਨਿਸਿ ਰਹੈ ਲਿਵ ਲਾਇ ॥੩ ॥ ਰਾਜੰ ਰੰਗੰ ਰੂਪੰ ਮਾਲੰ ਜੋਬਨੁ ਤੇ ਜੂਆਰੀ ॥ ਹੁਕਮੀ ਬਾਧੇ ਪਾਸੈ ਖੇਲਹਿ ਚਉਪੜਿ ਏਕਾ ਸਾਰੀ ॥ ੪ ॥ ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ ॥ ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ ॥੫॥ ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ ॥ ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ ॥ ੬ ॥ ਰਯਤਿ ਰਾਜੇ ਕਹਾ ਸਬਾਏ ਦੁਹੁ ਅੰਤਰਿ ਸੋ ਜਾਸੀ ॥ ਕਹਤ ਨਾਨਕੁ ਗੁਰ ਸਚੇ ਕੀ ਪਉੜੀ ਰਹਸੀ ਅਲਖੁ ਨਿਵਾਸੀ ॥ ੭ ॥** [੧੦੧੫]-੩-੧੧

# ਤੀਜਾ ਕਾਂਡ

## ੧

## ਮਾਇਆ

ਹਿੰਦੂ ਧਰਮ ਗ੍ਰੰਥਾਂ ਦਾ ਕਥਨ ਹੈ ਕਿ ਪਰਮਾਤਮਾ ਨੇ ਯੋਗ ਮਾਇਆ ਤੋਂ ਸ੍ਰਿਸ਼ਟੀ ਸਿਰਜੀ ਹੈ । ਪੁਸਤਕਾਂ ਵਿਚ ਅਤੇ " ਕ੍ਰਿਸ਼ਨਾ " ਨਾਮਕ ਫਿਲਮ (Documentary movie) ਵਿਚ ਯੋਗ ਮਾਇਆ ਇੱਕ ਦੇਵ ਦੇ ਰੂਪ ਵਿਚ ਭਗਵਾਨ ਵਿਸ਼ਨੂੰ ਦੇ ਹੁਕਮਾਂ ਦੀ ਪਾਲਣਾ ਕਰਦੀ ਦਰਸਾਈ ਹੋਈ ਹੈ। ਮਾਇਆ ਤੋਂ ਭਾਵ ? ਸੰਸਾਰ ਸਿਰਜਣਾ ਸਭ ਮਾਇਆ ਹੀ ਹੈ । ਜੋ ਦਿੱਸ ਰਿਹਾ ਹੈ ਸਭ ਮਾਇਆ ਦੇ ਅੱਡ ਅੱਡ ਰੂਪ ਹਨ । ਪ੍ਰਭੂ ਤੋਂ ਬਿਨਾ, ਹੋਰ ਦਿਸਦਾ ਅਣਦਿਸਦਾ ਸੰਸਾਰ, ਸਭ ਕੁਝ ਮਾਇਆ ਦਾ ਹੀ ਪਸਾਰਾ ਹੈ । ਇਸਤ੍ਰੀ, ਧੀਆਂ, ਪੁੱਤਰ, ਰਿਸ਼ਤੇ, ਨਾਤੇ, ਧੰਨ ਦੌਲਤ, ਰਾਜ-ਭਾਗ, ਰਾਗ-ਰੰਗ, ਖੇਲ-ਤਮਾਸ਼ੇ, ਨਾਚ-ਗਾਣੇ, ਰੂਪ, ਜਵਾਨੀ, ਬਾਲਪਨ-ਬੁਢਾਪਾ, ਹਾਰ-ਸ਼ਿੰਗਾਰ, ਅਥਵਾ ਸਾਰੇ ਦ੍ਰਿਸ਼ਟਮਾਨ ਸੰਸਾਰ ਤੋਂ ਛੁੱਟ, ਕਾਮ ਕ੍ਰੋਧ, ਲੋਭ, ਮੋਹ, ਹੰਕਾਰ, ਝੂਠ, ਨਿੰਦਾ, ਪਾਪ, ਪੁੰਨ, ਸੁਰਗ, ਨਰਕ, ਰਿਧੀ ਸਿਧੀ, (ਕਰਾਮਾਤ) ਸੱਜਣ-ਤਾਈ, ਦੁਸ਼ਮਣੀ, ਲਾਲਚ, ਤ੍ਰਿਸ਼ਨਾਂ, ਸੁਆਦ, ਬੇ-ਸੁਆਦੀ, ਖ਼ੁਸੀ, ਗ਼ਮੀ, ਰੋਣਾ, ਪਿੱਟਣਾ, ਦੁਖ, ਸੁਖ, ਨੀਂਦ, ਆਲਸ, ਸੋਭਾ, ਵਡਿਆਈ, ਮਮਤਾ, ਮੇਰ-ਤੇਰ, ਭੁੱਖ ਪਿਆਸ, ਆਦਿ ਸਭ ਕੁਝ ਮਾਇਆ ਦੇ ਹੀ ਅੱਡ ਅੱਡ ਰੂਪ ਹਨ । ਸ੍ਰਿਸ਼ਟੀ ਸਿਰਜਣਾ ਵਾਲਾ ਇਹ ਸਾਰਾ ਖੇਲ-ਤਮਾਸ਼ਾ ਪ੍ਰਭੂ ਦੀ ਮਾਇਆ ਹੈ। ਇਸ ਵਿਚ ਜੀਵਾਂ ਨੂੰ ਫ਼ਸਾਇਆ ਵੀ ਪ੍ਰਭੂ ਨੇ ਆਪ ਹੀ ਹੈ, ਅਤੇ ਇਸ ਮਾਇਆ-ਜਾਲ ਤੋਂ ਖ਼ਲਾਸੀ ਵੀ ਪਰਮਾਤਮਾ ਦੀ ਮਿਹਰ ਨਾਲ ਹੀ ਹੁੰਦੀ ਹੈ :---

੧- **ਮਾਇਆ ਮਮਤਾ ਕਰਤੈ ਲਾਈ** ॥ ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥ ਗੁਰ ਪਰਸਾਦੀ ਬੂਝਹੁ ਭਾਈ ॥ ਸਦਾ ਰਹਹੁ ਹਰਿ ਕੀ ਸਰਣਾਈ ॥ ੨ ॥[੧੨੬੧]-੧-੧੦

**ਅਰਥ:**--ਕਰਤਾਰ ਨੇ (ਆਪ ਹੀ ਇਸ ਮਨ ਨੂੰ) ਮਾਇਆ ਦੀ ਮਮਤਾ ਚੰਬੋੜੀ ਹੋਈ ਹੈ । (ਕਰਤਾਰ ਨੇ ਮਾਇਆ ਦੀ ਮਮਤਾ ਦਾ) ਇਹ ਹੁਕਮ ਦੇ ਕੇ ਹੀ ਜਗਤ ਪੈਦਾ ਕੀਤਾ ਹੋਇਆ ਹੈ । ਹੇ ਭਾਈ ! ਗੁਰੂ ਦੀ ਕਿਰਪਾ ਨਾਲ (ਇਸ ਗੱਲ ਨੂੰ) ਸਮਝ ਅਤੇ ਸਦਾ ਪਰਮਾਤਮਾ ਦੀ ਸਰਨ ਪਿਆ ਰਹੁ (ਤਾ ਕਿ ਮਾਇਆ ਦੀ ਮਮਤਾ ਤੇਰੇ ਉੱਤੇ ਆਪਣਾ ਜ਼ੋਰ ਨਾ ਪਾ ਸਕੇ । ੨ ।

ਇਹ ਮਾਇਆ ਜੀਵਾ ਨੂੰ ਕਈ ਤਰੀਕਿਆਂ ਨਾਲ ਵਾਪਰਦੀ ਹੈ ਅਥਵਾ ਆਪਣੇ ਪ੍ਰਭਾਵ ਹੇਠ ਲੈ ਆਉਂਦੀ ਹੈ:--

੨- **ਬਿਆਪਤ ਹਰਖ ਸੋਗ ਬਿਸਥਾਰ ॥ ਬਿਆਪਤ ਸੁਰਗ ਨਰਕ ਅਵਤਾਰ ॥ ਬਿਆਪਤ ਧਨ ਨਿਰਧਨ ਪੇਖਿ ਸੋਭਾ ॥ ਮੂਲੁ ਬਿਆਧੀ ਬਿਆਪਸਿ ਲੋਭਾ ॥ ੧ ॥ ਮਾਇਆ ਬਿਆਪਤ ਬਹੁ ਪਰਕਾਰੀ ॥ ਸੰਤ ਜੀਵਹਿ ਪ੍ਰਭ ਓਟ ਤੁਮਾਰੀ ॥ ੧ ॥ ਰਹਾਉ ॥ ਬਿਆਪਤ ਅਹੰਬੁਧਿ ਕਾ ਮਾਤਾ ॥ ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ ॥ ਬਿਆਪਤਿ ਹਸਤਿ ਘੋੜੇ ਅਰੁ ਬਸਤਾ ॥ ਬਿਆਪਤ ਰੂਪ ਜੋਬਨ ਮਦ ਮਸਤਾ ॥ ੨ ॥ ਬਿਆਪਤ ਭੂਮਿ ਰੰਕ ਅਰੁ ਰੰਗਾ ॥ ਬਿਆਪਤ**

**ਗੀਤ ਨਾਦ ਸੁਣਿ ਸੰਗਾ ॥ ਬਿਆਪਤ ਸੇਜ ਮਹਲ ਸੀਗਾਰ ॥ ਪੰਚ ਦੂਤ ਬਿਆਪਤ ਅੰਧਿਆਰ ॥ ੩ ॥ ਬਿਆਪਤ ਕਰਮ ਕਰੈ ਹਉ ਫਾਸਾ ॥ ਬਿਆਪਤ ਗਿਰਸਤ ਬਿਆਪਤ ਉਦਾਸਾ ॥ ਆਚਾਰ ਬਿਉਹਾਰ ਬਿਆਪਤ ਇਹ ਜਾਤਿ ॥ ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ ॥ ੪ ॥ ਸੰਤਨ ਕੇ ਬੰਧਨ ਕਾਟੇ ਹਰਿ ਰਾਇ ॥ ਤਾ ਕਉ ਕਹਾ ਬਿਆਪੈ ਮਾਇ ॥ ਕਹੁ ਨਾਨਕ ਜਿਨਿ ਧੂਰਿ ਸੰਤ ਪਾਈ ॥ ਤਾ ਕੈ ਨਿਕਟਿ ਨਾ ਆਵੈ ਮਾਈ ॥ ੫ ॥**[੧੮੨]-੮੮-੧੯

**ਅਰਥ:**--ਹੇ ਪ੍ਰਭ (ਤੇਰੀ ਰਚੀ) ਅਨੇਕ ਤਰੀਕਿਆਂ ਨਾਲ (ਜੀਵਾਂ ਉਤੇ) ਪ੍ਰਭਾਵ ਪਾਈ ਰੱਖਦੀ ਹੈ (ਤੇ ਆਤਮਕ ਮੌਤੇ ਜੀਵਾਂ ਨੂੰ ਮਾਰ ਦਿੰਦੀ ਹੈ), ਤੇਰੇ ਸੰਤ ਤੇਰੇ ਆਸਰੇ ਆਤਮਕ ਜੀਵਨ ਮਾਣਦੇ ਹਨ । ੧ । ਰਹਾਉ ।

ਕਿਤੇ ਗ਼ਮੀ ਖ਼ੁਸ਼ੀ ਦਾ ਖਿਲਾਰਾ ਹੈ, ਕਿਤੇ ਜੀਵ ਨਰਕਾਂ ਵਿਚ ਪੈਂਦੇ ਹਨ, ਕਿਤੇ ਸੁਰਗਾਂ ਵਿਚ ਪਹੁੰਚਦੇ ਹਨ, (ਭਾਵ, ਸੁਰਗ ਨਰਕ ਵੀ ਮਾਇਆ ਦਾ ਹੀ ਇੱਕ ਰੂਪ ਹੈ ਅਤੇ ਸੁਰਗਾਂ ਵਿਚ ਜਾਣ ਦੀ ਲਾਲਸਾ ਅਤੇ ਨਰਕਾਂ ਵਿਚ ਪੈਣ ਦਾ ਭੈ ਵੀ ਮਾਇਆ ਦਾ ਹੀ ਪ੍ਰਭਾਵ ਹੈ), ਕਿਤੇ ਕੰਗਾਲ ਹਨ, ਕਿਤੇ ਕੋਈ ਆਪਣੀ ਸੋਭਾ ਹੁੰਦੀ ਵੇਖ ਕੇ (ਖ਼ੁਸ਼ ਹਨ)--ਇਨ੍ਹਾਂ ਅਨੇਕਾਂ ਤਰੀਕਿਆਂ ਨਾਲ ਮਾਇਆ ਜੀਵਾਂ ਉਤੇ ਪ੍ਰਭਾਵ ਪਾ ਰਹੀ ਹੈ **। ੧ ।** ਕਿਤੇ ਕੋਈ ' ਹਉ ਹਉ, ਮੈਂਮੈਂ ' ਦੀ ਅਕਲ ਵਿਚ ਮਸਤ ਹੈ, ਕਿਤੇ ਕੋਈ ਪੁੱਤਰ ਇਸਤ੍ਰੀ ਦੇ ਮੋਹ ਵਿਚ ਰੰਗਿਆ ਪਿਆ ਹੈ, ਕਿਤੇ ਹਾਥੀ ਘੋੜਿਆਂ (ਸੁੰਦਰ) ਕੱਪੜਿਆਂ (ਦੀ ਲਗਨ ਲੱਗ ਰਹੀ ਹੈ), ਕਿਤੇ ਕੋਈ ਰੂਪ ਤੇ ਜਵਾਨੀ ਦੇ ਨਸ਼ੇ ਵਿਚ ਮਸਤ ਹੈ--ਇਨ੍ਹਾਂ ਅਨੇਕਾਂ ਤਰੀਕਿਆਂ ਨਾਲ ਮਾਇਆ ਆਪਣਾ ਜ਼ੋਰ ਪਾ ਰਹੀ ਹੈ **। ੨ ।** ਕਿਤੇ ਜ਼ਮੀਨ ਦੀ ਮਾਲਕੀ ਹੈ, ਕਿਤੇ ਕੰਗਾਲ ਹਨ, ਕਿਤੇ ਅਮੀਰ ਹਨ, ਕਿਤੇ ਮੰਡਲੀਆਂ ਵਿਚ ਗੀਤ ਨਾਦ ਸੁਣ ਕੇ (ਖ਼ੁਸ਼ ਹੋ ਰਹੇ ਹਨ), ਕਿਤੇ (ਸੋਹਣੀ) ਸੇਜ, ਹਾਰ-ਸ਼ਿੰਗਾਰ ਤੇ ਮਹਲ-ਮਾੜੀਆਂ (ਦੀ ਲਾਲਸਾ), ਕਿਤੇ ਮੋਹ ਦੇ ਹਨੇਰੇ ਵਿਚ ਕਾਮਾਦਿਕ ਪੰਜੇ ਦੂਤ ਬਣ ਕੇ, ਮਾਇਆ ਆਪਣਾ ਜ਼ੋਰ ਪਾ ਰਹੀ ਹੈ **। ੩ ।** ਕਿਤੇ ਕੋਈ ਹਉਮੈ ਵਿਚ ਫਸਿਆ ਹੋਇਆ (ਆਪਣੇ ਵਲੋਂ ਧਾਰਮਿਕ) ਕੰਮ ਕਰ ਰਿਹਾ ਹੈ, ਕੋਈ ਗ੍ਰਿਹਸਤ ਵਿਚ ਪ੍ਰਵਿਰਤ ਹੈ, ਕੋਈ ਉਦਾਸੀ ਰੂਪ ਵਿਚ ਹੈ, ਕਿਤੇ ਕੋਈ ਧਾਰਮਿਕ ਰਸਮਾਂ ਵਿਚ ਪ੍ਰਵਿਰਤ ਹੈ, ਕੋਈ (ਉੱਚੀ) ਜ਼ਾਤਿ ਦੇ ਮਾਣ ਵਿਚ ਹੈ--ਪਰਮਾਤਮਾ ਦੇ ਪ੍ਰੇਮ ਵਿਚ ਮਗਨ ਹੋਣ ਤੋਂ ਵਾਂਜੇ ਰਹਿ ਕੇ ਇਹ ਸਭ ਕੁਝ ਮਾਇਆ ਦਾ ਪ੍ਰਭਾਵ ਹੀ ਹੈ । ੪ ।

ਸੰਤ ਜਨਾਂ (ਭਾਵ, ਪ੍ਰਭੂ ਦੇ ਨਿਰਮਲ-ਭੈ ਵਿਚ ਜਿੰਦਗੀ ਬਤੀਤ ਕਰਦੇ ਹੋਏ, ਸਦਾ ਦੂਜਿਆਂ ਦਾ ਭਲਾ ਚਾਹੁਣ ਵਾਲੇ, ਨੇਕ ਮਨੁੱਖਾਂ) ਦੇ ਮਾਇਆ ਦੇ ਬੰਧਨ ਕੱਟ ਦਿੰਦਾ ਹੈ । ਉਨ੍ਹਾਂ ਉੱਤੇ ਮਾਇਆ ਆਪਣਾ ਜ਼ੋਰ ਨਹੀਂ ਪਾ ਸਕਦੀ । ਗੁਰਦੇਵ ਜੀ ਦਾ ਫ਼ੁਰਮਾਨ--ਜਿਸ ਮਨੁੱਖ ਨੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਪ੍ਰਾਪਤ ਕਰ ਲਈ ਹੈ (ਭਾਵ, ਜਿਸ ਨੇ ਆਪਾ ਭਾਵ ਮਿਟਾ ਕੇ, ਸੰਤ-ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਅਨੁਸਾਰ ਆਪਣੀ ਜੀਵਨ ਜੁਗਤ ਸੁਆਰਨੀ ਅਰੰਭ ਕਰ ਦਿੱਤੀ) ਮਾਇਆ ਉਸ ਮਨੁੱਖ ਦੇ ਨੇੜੇ ਨਹੀਂ ਢੁੱਕ ਸਕਦੀ । ੪ ।

੩- **ਮਤਾ ਕਰਉ ਸੋ ਪਕਨਿ ਨ ਦੇਈ ॥ ਸੀਲ ਸੰਜਮ ਕੈ ਨਿਕਟਿ ਖਲੋਈ ॥ ਵੇਸ ਕਰੇ ਬਹੁ ਰੂਪ ਦਿਖਾਵੈ ॥ ਗ੍ਰਿਹਿ ਬਸਨਿ ਨ ਦੇਈ ਵਖਿ ਵਖਿ ਭਰਮਾਵੈ ॥ ੧ ॥ ਘਰ ਕੀ ਨਾਇਕਿ ਘਰ ਵਾਸੁ ਨ ਦੇਵੈ ॥ ਜਤਨ ਕਰਉ ਉਰਝਾਇ ਪਰੇਵੈ ॥ ੧ ॥ ਰਹਾਉ ॥ ਧੁਰ ਕੀ ਭੇਜੀ ਆਈ ਆਮਰਿ ॥ ਨਉ ਖੰਡ ਜੀਤੇ ਸਭਿ ਥਾਨ ਥਨੰਤਰ ॥ ਤਟਿ ਤੀਰਥਿ ਨ ਛੋਡੈ ਜੋਗ ਸੰਨਿਆਸ ॥ ਪੜਿ ਥਾਕੇ ਸਿੰਮ੍ਰਿਤਿ ਬੇਦ ਅਭਿਆਸ ॥ ੨ ॥ ਜਹ ਬੈਸਉ ਤਹ ਨਾਲੇ ਬੈਸੈ ॥ ਸਗਲ ਭਵਨ ਮਹਿ ਸਬਲ ਪ੍ਰਵੇਸੈ ॥ ਹੋਛੀ ਸਰਣਿ ਪਇਆ ਰਹਣੁ ਨ ਪਾਈ ॥ ਕਹੁ ਮੀਤਾ ਹਉ ਕੈ ਪਹਿ ਜਾਈ ॥ ੩ ॥ ਸੁਣਿ ਉਪਦੇਸੁ ਸਤਿਗੁਰ ਪਹਿ ਆਇਆ ॥ ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰੁ ਦ੍ਰਿੜਾਇਆ ॥ ਨਿਜ ਘਰਿ ਵਸਿਆ ਗੁਣ ਗਾਇ ਅਨੰਤਾ ॥ ਪ੍ਰਭੁ ਮਿਲਿਓ ਨਾਨਕ, ਭਏ ਅਚਿੰਤਾ ॥ ੪ ॥ ਘਰੁ ਮੇਰਾ ਇਹ ਨਾਇਕਿ ਹਮਾਰੀ ॥ ਇਹ ਆਮਰਿ ਹਮ ਗੁਰਿ ਕੀਏ ਦਰਬਾਰੀ ॥ ੧ ॥ ਰਹਾਉ ਦੂਜਾ ॥**[੩੭੧]-੪

**ਅਰਥ**:--(ਇਹ ਮਾਇਆ ਮੇਰੇ) ਹਿਰਦੇ-ਘਰ ਦੀ ਮਾਲਕ ਬਣ ਬੈਠੀ ਹੈ, ਮੈਨੂੰ ਘਰ ਦਾ ਵਸੇਬਾ ਦਿੰਦੀ ਹੀ ਨਹੀਂ (ਮੈਨੂੰ ਆਤਮਕ ਅਡੋਲਤਾ ਨਹੀਂ ਮਿਲਣ ਦਿੰਦੀ) । ਜੇ ਮੈਂ (ਆਤਮਕ ਅਡੋਲਤਾ ਲਈ) ਜਤਨ ਕਰਦਾ ਹਾਂ, ਤਾਂ ਸਗੋਂ ਵਧੀਕ ਉਲਝਣਾਂ ਪਾ ਦਿੰਦੀ ਹੈ (ਭਾਵ, ਜਦੋਂ ਵੀ ਸਬਰ ਸੰਤੋਖ ਨਾਲ ਮਨ ਨੂੰ ਨਚਿੱਲਾ ਬਠਾਉਣ ਦਾ ਯਤਨ ਕੀਤਾ, ਮਾਇਆ ਦਾ ਪ੍ਰਭਾਵ ਸਗੋਂ, ਮਨ ਵਿਚ ਹੋਰ ਕਈ ਤਰ੍ਹਾਂ ਦੀਆਂ ਲਾਲਸਾਂ ਪੈਦਾ ਕਰ ਦਿੰਦਾ ਹੈ) । ੧ । ਰਹਾਉ ।

(ਆਤਮਕ ਅਡੋਲਤਾ ਵਾਸਤੇ) ਮੈਂ ਜਿਹੜੀ ਵੀ ਸਲਾਹ ਕਰਦਾ ਹਾਂ ਉਸ ਨੂੰ (ਇਹ ਮਾਇਆ) ਸਿਰੇ ਨਹੀਂ ਚੜ੍ਹਨ ਦਿੰਦੀ, ਮਿੱਠੇ ਸੁਭਾਉ ਅਤੇ ਸੰਜਮ ਦੇ ਇਹ ਹਰ ਵੇਲੇ ਨੇੜੇ (ਰਾਖੀ ਬਣ ਕੇ) ਖਲੋਤੀ ਰਹਿੰਦੀ ਹੈ (ਇਸ ਵਾਸਤੇ ਮੈਂ ਨਾ ਸੀਲ ਅਤੇ ਨਾ ਹੀ ਸੰਜਮ ਪ੍ਰਾਪਤ ਕਰ ਸਕਿਆ ਹਾਂ) । ਇਹ ਮਾਇਆ ਅਨੇਕਾਂ ਵੇਸ ਕਰਦੀ ਹੈ ਅਤੇ ਅਨੇਕਾਂ ਰੂਪ ਵਿਖਾਉਂਦੀ ਹੈ, ਕਈ ਤਰੀਕਿਆਂ ਨਾਲ ਭਟਕਾਉਂਦੀ ਫਿਰਦੀ ਹੈ, ਅਤੇ ਹਿਰਦੇ-ਘਰ ਵਿਚ ਮੈਨੂੰ ਟਿਕਣ ਨਹੀਂ ਦਿੰਦੀ **। ੧ ।** (ਇਹ ਮਾਇਆ) ਧੁਰ ਦਰਗਾਹ ਤੋਂ ਤਾਂ ਸੇਵਕ ਬਣਾ ਕੇ ਭੇਜੀ ਹੋਈ (ਜਗਤ ਵਿਚ) ਆਈ ਹੈ, (ਪਰ ਏਥੇ ਆ ਕੇ ਇਸ ਨੇ) ਨੌ ਖੰਡਾਂ ਵਾਲੀ ਸਾਰੀ ਧਰਤੀ ਜਿੱਤ ਲਈ ਹੈ (ਭਾਵ, ਜੀਵਨ ਨਿਰਬਾਹ ਚਲਾਉਣ ਲਈ ਮਾਇਆ ਨੂੰ ਦਾਸੀ ਦੇ ਰੂਪ ਵਿਚ ਰੱਖ ਕੇ ਇਸ ਦੀ ਵਰਤੋਂ ਕਰਨੀ ਸੀ, ਪਰ ਇਸ ਦਾ ਪ੍ਰਭਾਵ ਅਜੇਹਾ ਕਬੂਲਿਆ, ਕਿ ਮਾਇਆ-ਮੋਹ-ਜਾਲ ਵਿਚ ਫ਼ਸ ਕੇ, ਸਾਰੇ ਸੰਸਾਰ ਦਾ ਮਨੁੱਖ-ਮਾਤ੍ਰ ਇਸ ਮਾਇਆ ਦਾ ਗ਼ੁਲਾਮ ਬਣ ਚੁੱਕਾ ਹੈ) । ਨਦੀਆਂ ਦੇ ਕੰਢਿਆਂ ਉਤੇ ਬੈਠੇ ਜੋਗ-ਸਾਧਨਾ ਵਾਲੇ ਤੇ ਸੰਨਿਆਸ ਧਾਰਨ ਵਾਲੇ ਵੀ (ਇਸ ਮਾਇਆ ਨੇ) ਨਹੀਂ ਛੱਡੇ । ਸਿੰਮ੍ਰਿਤੀਆਂ ਪੜ੍ਹ ਪੜ੍ਹ ਕੇ, ਤੇ ਵੇਦਾਂ ਦੇ (ਪਾਠਾਂ ਦੇ) ਅਭਿਆਸ ਕਰ ਕਰ ਕੇ ਪੰਡਿਤ ਲੋਕ ਵੀ (ਇਸ ਦੇ ਸਾਹਮਣੇ) ਹਾਰ ਗਏ (ਅੱਜ ਏਹੀ ਹਾਲ, ਅਖੰਡਪਾਠੀਆਂ ਦਾ ਅਥਵਾ ਨਿਤਨੇਮੀਆਂ, ਦਾ, ਉਪਦੇਸ਼ਕਾਂ, ਕਥਾਕਾਰਾਂ, ਰਾਗੀਆਂ ਢਾਡੀ,ਆਂ ਗ੍ਰੰਥੀਆਂ, ਡੇਰੇ ਦਾਰ ਸਾਧ-ਸੰਤਾਂ, ਅਥਵਾ ਸਿੱਖ ਜਗਤ ਦੇ ਲਗ-ਪਗ ਸਮੂਹ ਧਾਰਮਿਕ ਆਗੂ ਦਾ, ਬਣ ਚੁਕਿਆ ਹੈ) **। ੨ ।** ਮੈਂ ਜਿੱਥੇ ਵੀ (ਜਾ ਕੇ) ਬੈਠਦਾ ਹਾਂ (ਇਹ ਮਾਇਆ) ਮੇਰੇ ਨਾਲ ਹੀ ਆ ਬੈਠਦੀ ਹੈ, ਇਹ ਬੜੇ ਬਲ ਵਾਲੀ ਹੈ, ਸਭ ਥਾਵਾਂ ਤੇ ਇਸ ਦੀ ਪੁਹੰਚ ਹੈ । (ਬੜੀ ਨਿਮਰਤਾ ਧਾਰਨ ਕਰਦਿਆਂ ਹੋਇਆ ਭਾਵੇਂ) ਕਿਸੇ ਕਮਜ਼ੋਰ ਦੀ ਸਰਨ ਵਿਚ ਜਾ ਪਵਾਂ ਪਰ ਇਹ ਮਾਇਆ ਮੈਥੋਂ ਪਰੇ ਨਹੀਂ ਹੱਟਦੀ (ਭਾਵ, ਕਿਸੇ ਯਤਨ ਨਾਲ ਵੀ ਮਾਇਆ ਦਾ ਮੋਹ ਮਨੁੱਖ ਦੇ ਮਨ ਵਿਚੋਂ ਨਹੀਂ ਨਿਕਲਦਾ) । ਸੋ ਹੇ ਮਿੱਤ੍ਰ ! ਦੱਸ (ਇਸ ਮਾਇਆ ਤੋਂ ਖਹਿੜਾ ਛੁਡਾਉਣ ਲਈ) ਮੈਂ ਕਿਸ ਦੇ ਜਾਵਾਂ । ੩ ।

(ਸਤਸੰਗੀ ਮਿੱਤਰ ਪਾਸੋਂ) ਉਪਦੇਸ਼ ਸੁਣ ਕੇ ਮੈਂ ਗੁਰੂ ਦੇ ਪਾਸ ਆਇਆ, ਗੁਰੂ ਨੇ ਪਰਮਾਤਮਾ ਦਾ ਨਾਮ-ਮੰਤ੍ਰ ਮੈਨੂੰ (ਮੇਰੇ ਹਿਰਦੇ ਵਿਚ) ਪੱਕਾ ਕਰਾ ਦਿੱਤਾ । (ਉਸ ਨਾਮ-ਮੰਤ੍ਰ ਦੀ ਬਰਕਤਿ ਨਾਲ) ਬੇਅੰਤ ਪ੍ਰਭੂ ਦੇ ਗੁਣ ਗਾ ਗਾ ਕੇ ਮੈਂ ਹੁਣ ਆਪਣੇ ਹਿਰਦੇ ਵਿਚ ਆ ਵੱਸਿਆ ਹਾਂ । ਪਰਮਾਤਮਾ ਮਿਲ ਪਿਆ ਹੈ, ਤੇ ਮੈਂ (ਮਾਇਆ ਦੇ ਹਲਿਆਂ ਵਲੋਂ) ਬੇ-ਫ਼ਿਕਰ ਹੋ ਗਿਆ ਹਾਂ । ੪ । (ਹੁਣ ਇਹ ਹਿਰਦਾ-ਘਰ) ਮੇਰਾ ਆਪਣਾ ਘਰ ਬਣ ਗਿਆ ਹੈ, (ਇਹ ਮਾਇਆ) ਮਾਲਕ ਵੀ ਮੇਰੀ (ਦਾਸੀ) ਬਣ ਗਈ ਹੈ, ਗੁਰੂ ਨੇ ਇਸ ਨੂੰ ਮੇਰੀ ਸੇਵਕਾ ਬਣਾ ਕੇ ਮੈਨੂੰ ਪ੍ਰਭੂ ਦੀ ਹਜ਼ੂਰੀ ਵਿਚ ਰਹਿਣ ਵਾਲਾ ਬਣਾ ਦਿੱਤਾ ਹੈ । ੧ ।

ਵਿਖਾਵੇ ਵਾਲੇ ਧਰਮ-ਕਰਮ ਕਰਨ ਵਾਲਾ ਮਨੁੱਖ ਹੰਕਾਰੀ ਹੋ ਜਾਂਦਾ ਹੈ । ਹੰਕਾਰ ਅਤੇ ਪ੍ਰਭੂ ਦਾ ਜੋੜ ਨਹੀਂ । ਹੰਕਾਰ ਦੇ ਕਾਰਨ ਪ੍ਰਭੂ ਤੋਂ ਦੂਰੀ ਹੋ ਜਾਂਦੀ ਹੈ ਅਤੇ ਮਨੁੱਖ ਮਾਇਆ ਦਾ ਗੁਲਾਮ ਬਣ ਜਾਂਦਾ ਹੈ । ਗੁਰੂ ਦੇ ਉਪਦੇਸ਼ ਅਨੁਸਾਰ ਆਪਾ ਭਾਵ ਗੁਆ ਕੇ ਪ੍ਰਭੂ ਦੀ ਸਦੀਵੀ ਯਾਦ, ਹੀ ਬਹੁਰੰਗੀ ਮਾਇਆ ਤੋਂ ਖ਼ਲਾਸੀ ਦਾ ਕੇਵਲ ਮਾਤ੍ਰ ਸਾਧਨ ਹੈ ।

**ਮਾਇਆ ਦੇ ਹੋਰ ਰੂਪ:**---

੪- **ਗਹੁ ਕਰਿ ਪਕਰੀ ਨ ਆਈ ਹਾਥਿ ॥ ਪ੍ਰੀਤਿ ਕਰੀ ਚਾਲੀ ਨਹੀ ਸਾਥਿ ॥ ਕਹੁ ਨਾਨਕ ਜਉ ਤਿਆਗਿ ਦਈ ॥ ਤਬ ਓਹ ਚਰਣੀ ਆਇ ਪਈ ॥੧॥ ਸੁਣਿ ਸੰਤਹੁ ਨਿਰਮਲ ਬੀਚਾਰ ॥ ਰਾਮ ਨਾਮ ਬਿਨੁ ਗਤਿ ਨਹੀ ਕਾਈ ਗੁਰੁ ਪੂਰਾ ਭੇਟਤ ਉਧਾਰ ॥ ੧ ॥ ਰਹਾਉ ॥ ਜਬ ਉਸ ਕਉ ਕੋਈ ਦੇਵੈ ਮਾਨੁ ॥ ਤਬ ਆਪਸ ਊਪਰਿ ਰਖੈ ਗੁਮਾਨੁ ॥ ਜਬ ਉਸ ਕਉ ਕੋਈ ਮਨਿ ਪਰਹਰੈ ॥ ਤਬ ਓਹ ਸੇਵਕਿ ਸੇਵਾ ਕਰੈ ॥ ੨ ॥ ਮੁਖਿ ਬੇਰਾਵੈ ਅੰਤਿ ਠਗਾਵੈ ॥ ਇਕਤੁ ਠਉਰ ਓਹ ਕਹੀ ਨ ਸਮਾਵੈ ॥ ਉਨਿ ਮੋਹੇ ਬਹੁਤੇ ਬ੍ਰਹਮੰਡ ॥ ਰਾਮ ਜਨੀ ਕੀਨੀ ਖੰਡ ਖੰਡ ॥ ੩ ॥ ਜੋ ਮਾਗੈ ਸੋ ਭੂਖਾ ਰਹੈ ॥ ਇਸੁ ਸੰਗਿ ਰਾਚੈ ਸੁ ਕਛੂ ਨ ਲਹੈ ॥ ਇਸਹਿ ਤਿਆਗ ਸਤਸੰਗਤਿ ਕਰੈ ॥ ਵਡਭਾਗੀ ਨਾਨਕ ਓਹੁ ਤਰੈ ॥ ੪ ॥**[੮੯੧]-੧੮-੨੯

**ਅਰਥ:**--ਹੇ ਸੰਤ ਜਨੋ ! ਜੀਵਨ ਨੂੰ ਪਵਿੱਤ੍ਰ ਕਰਨ ਵਾਲੀ ਇਹ ਵਿਚਾਰ ਸੁਣੋ--ਪਰਮਾਤਮਾ ਦੇ ਨਾਮ ਤੋਂ ਬਿਨਾ ਉੱਚੀ ਆਤਮਕ ਅਵਸਥਾ ਰਤਾ ਵੀ ਨਹੀਂ ਹੁੰਦੀ, (ਪਰ ' ਨਾਮ ' ਗੁਰੂ ਪਾਸੋਂ ਮਿਲਦਾ ਹੈ) ਪੂਰਾ ਗੁਰੂ ਮਿਲਿਆਂ (ਮਾਇਆ ਦੇ ਮੋਹ ਤੋਂ ਖਲਾਸੀ ਹੋ ਕੇ) ਪਾਰ-ਉਤਾਰਾ ਹੋ ਜਾਂਦਾ ਹੈ । ੧ । ਰ ਹਾਉ ।

(ਜਿਸ ਮਨੁੱਖ ਨੇ ਇਸ ਮਾਇਆ ਨੂੰ) ਬੜੇ ਧਿਆਨ ਨਾਲ ਵੀ ਫੜਿਆ, ਇਹ ਉਸ ਦੇ ਹੱਥ ਵਿਚ ਵੀ ਨਾ ਆਈ, ਜਿਸ ਨੇ (ਇਸ ਨਾਲ) ਬੜਾ ਪਿਆਰ ਵੀ ਪਾਇਆ, ਉਸ ਦੇ ਨਾਲ ਰਲ ਕੇ ਵੀ ਇਹ ਨਾ ਤੁਰੀ (ਭਾਵ ਉਸ ਦਾ ਸਾਥ, ਨਾ ਨਿਬਾਹ ਸਕੀ) । (ਪੰਚਮ ਪਾਤਿਸ਼ਾਹ ਜੀ ਦਾ ਫ਼ੁਰਮਾਨ ਹੈ, ਕਿ), ਜਦੋਂ ਕਿਸੇ ਮਨੁੱਖ ਨੇ ਇਸ ਨੂੰ (ਮਨੋਂ) ਛੱਡ ਦਿੱਤਾ, ਤਾਂ ਇਹ ਆ ਕੇ ਉਸ ਦੀ ਚਰਨੀਂ ਪੈ ਗਈ । (ਭਾਵ, ਨਿਸ਼ਕਾਮ ਸੰਤੋਖੀ ਮਨੁੱਖ ਦੀ, ਇਹ ਮਾਇਆ ਦਾਸੀ ਆ ਬਣਦੀ ਹੈ) **। ੧ ।** ਜਦੋਂ ਕੋਈ ਮਨੁੱਖ ਉਸ (ਮਾਇਆ) ਨੂੰ ਆਦਰ ਦਿੰਦਾ ਹੈ (ਸਾਂਭ ਸਾਂਭ ਕੇ ਰੱਖਣ ਦਾ ਜਤਨ ਕਰਦਾ ਹੈ) ਤਾਂ ਉਹ ਆਪਣੇ ਉੱਤੇ ਬੜਾ ਮਾਣ ਕਰਦੀ ਹੈ (ਭਾਵ, ਰੁੱਸ ਕੇ ਨੱਸ ਜਾਣ ਦਾ ਜਤਨ ਕਰਦੀ ਹੈ) । ਪਰ ਜਦੋਂ ਕੋਈ ਮਨੁੱਖ ਉਸ ਨੂੰ ਆਪਣੇ ਮਨ ਤੋਂ ਲਾਹ ਦਿੰਦਾ ਹੈ, ਤਾਂ ਉਹ ਉਸ ਦੀ ਦਾਸੀ ਬਣ ਕੇ ਸੇਵਾ ਕਰਦੀ ਹੈ **। ੨ ।** (ਮਾਇਆ ਹਰੇਕ ਪ੍ਰਾਣੀ ਨੂੰ ਮੂੰਹ ਨਾਲ ਪਰਚਾਉਂਦੀ ਹੈ, ਪਰ ਆਖ਼ਰ ਧੋਖਾ ਦੇ ਜਾਂਦੀ ਹੈ, ਕਿਸੇ ਇੱਕ ਥਾਂ ਤੇ ਉਹ ਕਦੇ ਵੀ ਨਹੀਂ ਟਿਕਦੀ । ਉਸ ਮਾਇਆ ਨੇ ਕਈ ਬ੍ਰਹਮੰਡਾਂ ਨੂੰ (ਭਾਵ, ਸਾਰੀ ਸ੍ਰਿਸ਼ਟੀ ਦੇ ਜੀਵਾਂ ਨੂੰ ) ਆਪਣੇ ਮੋਹ ਵਿਚ ਫ਼ਸਾਇਆ ਹੋਇਆ ਹੈ । ਪਰ ਸੰਤ ਜਨਾਂ ਨੇ (ਉਸ ਦੇ ਮੋਹ ਨੂੰ) ਟੋਟੇ ਟੋਟੇ ਕਰ ਦਿੱਤਾ ਹੈ **। ੩ ।** ਜਿਹੜਾ ਮਨੁੱਖ (ਹਰ ਵੇਲੇ ਮਾਇਆ ਦੀ ਮੰਗ ਹੀ) ਮੰਗਦਾ ਰਹਿੰਦਾ ਹੈ, ਉਹ ਨਹੀਂ ਰੱਜਦਾ (ਉਸ ਦੀ ਤ੍ਰਿਸਨਾ ਕਦੇ ਨਹੀਂ ਮੁੱਕਦੀ), ਜਿਹੜਾ ਮਨੁੱਖ ਇਸ ਮਾਇਆ (ਦੇ ਮੋਹ) ਵਿਚ ਹੀ ਮਸਤ ਰਹਿੰਦਾ ਹੈ, ਉਸ ਨੂੰ (ਆਤਮਕ ਜੀਵਨ ਦੇ ਧਨ ਵਿਚੋਂ) ਕੁਝ ਨਹੀਂ ਮਿਲਦਾ । ਪਰ ਇਸ (ਮਾਇਆ ਦੇ ਮੋਹ) ਨੂੰ ਛੱਡ ਕੇ ਜਿਹੜਾ ਮਨੁੱਖ ਭਲਿਆਂ ਦੀ ਸੰਗਤਿ ਕਰਦਾ ਹੈ, ਉਹ ਵਡੇ ਭਾਗਾਂ ਵਾਲਾ ਮਨੁੱਖ (ਮਾਇਆ-ਮੋਹ ਦੀਆਂ ਠਿਲ੍ਹਾਂ ਤੋਂ) ਪਾਰ ਲੰਘ ਜਾਂਦਾ ਹੈ । ੪ ।

੫- **ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥ ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥ ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥ ੫ ॥ ਮਾਇਆ ਕਿਸ ਨੋ ਆਖੀਐ, ਕਿਆ ਮਾਇਆ ਕਰਮ ਕਮਾਇ ॥ ਦੁਖਿ ਸੁਖਿ ਏਹੁ ਜੀਉ ਬਧੁ ਹੈ, ਹਉਮੈ ਕਰਮ ਕਮਾਇ ॥ ਬਿਨੁ ਸਬਦੈ ਭਰਮੁ ਨਾ ਚੂਕਈ ਨਾ ਵਿਚਹੁ ਹਉਮੈ ਜਾਇ ॥ ੬ ॥**[੬੬]-੪-੨੧

**ਅਰਥ:**--(ਸਾਧਾਰਨ ਬੰਦੇ ਤਾਂ ਕਿਤੇ ਰਹੇ, ਜੋਗ-ਸਾਧਨਾਂ ਵਿਚ) ਪੁੱਗੇ ਹੋਏ ਜੋਗੀ ਵੀ ਮਾਇਆ ਦੇ ਪ੍ਰਭਾਵ ਹੇਠ ਕੁਰਾਹੇ ਪਏ ਫਿਰਦੇ ਹਨ, ਪ੍ਰਭੂ-ਪ੍ਰੇਮ ਵਿਚ ਉਨ੍ਹਾਂ ਦੀ ਸੁਰਤਿ ਨਹੀਂ ਜੁੜਦੀ । ਇਹ ਮਾਇਆ ਤਿੰਨਾਂ ਭਵਨਾਂ ਵਿਚ ਗ਼ਲਬਾ ਪਾ ਰਹੀ ਹੈ, (ਸਭ ਜੀਵਾਂ ਨੂੰ ਹੀ) ਬਹੁਤ ਚੰਬੜੀ ਹੋਈ ਹੈ । (ਹੇ ਭਾਈ !) ਗੁਰੂ ਦੀ ਸਰਨ ਤੋਂ ਬਿਨਾ (ਮਾਇਆ ਤੋਂ ਖ਼ਲਾਸੀ ਨਹੀਂ ਮਿਲ ਸਕਦੀ, **ਮਾਇਆ ਦੇ ਪ੍ਰਭਾਵ ਦੇ ਕਾਰਨ ਪੈਦਾ ਹੋਇਆ ਵਿਤਕਰਾ ਬੀ ਦੂਰ ਨਹੀਂ ਹੁੰਦਾ** । ੫ । (ਜੇ ਪੁੱਛੋ ਕਿ) ਮਾਇਆ ਕਿਸ ਚੀਜ਼ ਦਾ ਨਾਮ ਹੈ ? (ਮਾਇਆ ਦਾ ਕੀ ਸਰੂਪ ਹੈ ? ਜੀਵਾਂ ਉੱਤੇ ਪ੍ਰਭਾਵ ਪਾ ਕੇ ਉਨ੍ਹਾਂ ਦੇ ਰਾਹੀਂ) ਮਾਇਆ ਕਿਹੜੇ ਕੰਮ ਕਰਦੀ ਹੈ ? (ਤਾਂ ਉੱਤਰ ਇਹ ਹੈ ਕਿ ਮਾਇਆ ਦੇ ਪ੍ਰਭਾਵ ਹੇਠ) ਇਹ ਜੀਵ ਦੁਖ (ਦੀ ਨਿਵਿਰਤੀ) ਵਿਚ ਤੇ ਸੁਖ (ਦੀ ਲਾਲਸਾ) ਵਿਚ ਬੱਝਾ ਰਹਿੰਦਾ ਹੈ, ਤੇ ਮੈਂ ਵਡਾ ਹਾਂ, ਮੈ ਵਡਾ ਬਣ ਜਾਵਾਂ ' ਦੀ ਪ੍ਰੇਰਨਾ ਵਿਚ ਸਾਰੇ ਕੰਮ ਕਰਦਾ ਹੈ । ਗੁਰੂ ਦੇ ਸ਼ਬਦ ਤੋਂ ਬਿਨਾ ਜੀਵ ਦੀ ਇਹ ਸਾਰੀ ਭਟਕਣਾ ਮੁੱਕਦੀ ਨਹੀਂ, ਨਾ ਹੀ ਇਸ ਦੇ ਅੰਦਰ ਮੈਂ ਮੇਰੀ ਦੀ ਪ੍ਰੇਰਨਾ ਦੂਰ ਹੁੰਦੀ ਹੈ । ੬ ।

੬- **ਸਲੋਕ ॥ ਥਾਕੇ ਬਹੁ ਬਿਧਿ ਘਾਲਤੇ ਤ੍ਰਿਪਤਿ ਨ ਤ੍ਰਿਸਨਾ ਲਾਥ ॥ ਸੰਚਿ ਸੰਚਿ ਸਾਕਤ ਮੂਏ ਨਾਨਕ ਮਾਇਆ ਨ ਸਾਥ ॥੧॥ ਪਉੜੀ ॥ ਥਥਾ ਥਿਰੁ ਕੋਊ ਨਹੀ ਕਾਇ ਪਸਾਰਹੁ ਪਾਵ ॥ ਅਨਿਕ ਬੰਚ ਬਲ ਛਲ ਕਰਹੁ ਮਾਇਆ ਏਕ ਉਪਾਵ ॥ ਥੈਲੀ ਸੰਚਹੁ ਸ੍ਰਮੁ ਕਰਹੁ ਥਾਕਿ ਪਰਹੁ ਗਾਵਾਰ ॥ ਮਨ ਕੈ ਕਾਮਿ ਨ ਆਵਈ ਅੰਤੇ ਅਉਸਰ ਬਾਰ ॥ ਥਿਤਿ ਪਾਵਹੁ ਗੋਬਿੰਦ ਭਜਹੁ ਸੰਤਹ ਕੀ ਸਿਖ ਲੇਹੁ ॥ ਪ੍ਰੀਤਿ ਕਰਹੁ ਸਦ ਏਕ ਸਿਉ ਇਆ ਸਾਚਾ ਅਸਨੇਹੁ ॥ ਕਾਰਨ ਕਰਨ ਕਰਾਵਨੋ ਸਭ ਬਿਧਿ ਏਕੈ ਹਾਥ ॥ ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਨਾਨਕ ਜੰਤ ਅਨਾਥ ॥ ੩੩ ॥**[੨੫੭]

**ਅਰਥ:**--ਹੇ ਨਾਨਕ ! ਮਾਇਆ-ਗ੍ਰਸੇ ਜੀਵ ਮਾਇਆ ਦੀ ਖ਼ਾਤਰ ਕਈ ਤਰ੍ਹਾਂ ਦੀ ਦੌੜ-ਭੱਜ ਕਰਦੇ ਹਨ, ਪਰ ਰੱਜਦੇ ਨਹੀਂ, ਮਾਇਆ ਜੋੜ ਜੋੜ ਕੇ ਆਤਮਕ ਮੌਤ ਸਹੇੜ ਲੈਂਦੇ ਹਨ, ਮਾਇਆ ਵ੍ਹੀ ਨਾਲ ਨਹੀਂ ਨਿਭਦੀ । ੧ ।

**ਪਦ ਅਰਥ:**--ਬੰਚ--ਠੱਗੀ । ਬਲ ਛਲ--ਵਲ-ਛਲ, ਫ਼ਰੇਬ । ਸ੍ਰਮੁ--ਮਿਹਨਤ । ਗਾਵਾਰ--ਹੇ ਮੂਰਖ ! ਅਉਸਰ--ਸਮਾ । ਥਿਤਿ--ਸ਼ਾਂਤੀ, ਟਿਕਾਉ । ਸਿਖ--ਸਿੱਖਿਆ । ਅਸਨੇਹ--ਨੇਹੁ, ਪਿਆਰ । ੩੩ ।

## ਮਾਇਆ ਇਸਤ੍ਰੀ ਦੇ ਲੱਛਣ:--

੭- **ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ॥ ਬੋਲੈ ਕਉੜਾ ਜਿਹਬਾ ਕੀ ਫੂੜਿ ॥ ਸਦਾ ਭੂਖੀ ਪਿਰੁ ਜਾਨੈ ਦੂਰਿ ॥ ੧ ॥ ਐਸੀ ਇਸਤ੍ਰੀ ਇਕ ਰਾਮਿ ਉਪਾਈ ॥ ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ ॥ ਰਹਾਉ ॥ ਪਾਇ ਠਗਉਲੀ ਸਭੁ ਜਗੁ ਜੋਹਿਆ ॥ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥ ਗੁਰਮੁਖਿ ਨਾਮਿ ਲਗੇ ਸੇ ਸੋਹਿਆ ॥ ਵਰਤ ਨੇਮ ਕਰਿ ਥਾਕੇ ਪੁਨਹਚਰਨਾ ॥ ਤਟ ਤੀਰਥ ਭਵੇ ਸਭ ਧਰਨਾ ॥ ਸੇ ਉਬਰੇ ਜਿ ਸਤਿਗੁਰ ਕੀ ਸਰਨਾ ॥ ੩ ॥ ਮਾਇਆ ਮੋਹਿ ਸਭੋ ਜਗੁ ਬਾਧਾ ॥ ਹਉਮੈ ਪਚੈ ਮਨਮੁਖ ਮੂਰਾਖਾ ॥ ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥ ੪ ॥**[੩੯੪]-੨-੯੬

**ਅਰਥ:**--ਹੇ ਮੇਰੇ ਵੀਰ ! ਪਰਮਾਤਮਾ ਨੇ (ਮਾਇਆ) ਇਕ ਅਜੇਹੀ ਇਸਤ੍ਰੀ ਪੈਦਾ ਕੀਤੀ ਹੋਈ ਹੈ ਕਿ ਉਸ ਨੇ ਸਾਰੇ ਜਗਤ ਨੂੰ ਖਾ ਲਿਆ ਹੈ (ਆਪਣੇ ਕਾਬੂ ਵਿਚ ਕੀਤਾ ਹੋਇਆ ਹੈ), ਮੈਨੂੰ ਤਾਂ ਗੁਰੂ ਨੇ (ਉਸ ਮਾਇਆ-ਇਸਤ੍ਰੀ ਤੋਂ) ਬਚਾ ਰੱਖਿਆ ਹੈ । ੧ । ਰਹਾਉ ।

ਉਸ ਮਾਇਆ-ਇਸਤ੍ਰੀ ਦੇ) ਮੱਥੇ ਉਤੇ ਤਿਊੜੀ (ਪਈ ਰਹਿੰਦੀ) ਉਸ ਦੀ ਨਿਗਾਹ ਗੁੱਸੇ ਨਾਲ ਭਰੀ ਰਹਿੰਦੀ ਹੈ ਉਹ (ਸਦਾ) ਕੌੜਾ ਬੋਲਦੀ ਹੈ, ਜ਼ਬਾਨ ਏਡੀ ਖਰਵੀ ਹੈ (ਸਾਰੇ ਜਗਤ ਦੇ ਆਤਮਕ ਜੀਵਨ ਨੂੰ ਹੜੱਪ ਕਰ ਕੇ ਵੀ) ਉਹ ਭੁੱਖੀ ਰਹਿੰਦੀ ਹੈ), ਉਹ (ਮਾਇਆ ਇਸਤ੍ਰੀ) ਪ੍ਰਭੂ-ਪਤੀ ਨੂੰ ਕਿਤੇ ਦੂਰ-ਵੱਸਦਾ ਸਮਝਦੀ ਹੈ **। ੧ ।** (ਮਾਇਆ-ਇਸਤ੍ਰੀ ਨੇ) ਠਗਬੂਟੀ ਖਵਾ ਕੇ ਸਾਰੇ ਜਗਤ ਨੂੰ ਆਪਣੀ ਤੱਕ ਵਿੱਚ ਰਖਿਆ ਹੋਇਆ ਹੈ । ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਨੂੰ ਵੀ ਆਪਣੇ ਮੋਹ ਵਿਚ ਫਸਾਇਆ ਹੋਇਆ ਹੈ (ਬ੍ਰਹਮਾ ਵਿਸ਼ਨੂੰ, ਸ਼ਿਵ ਜਿਨ੍ਹਾਂ ਨੂੰ ਸ੍ਰਿਸ਼ਟੀ ਦੇ ਸਿਜਣਹਾਰ, ਪਾਲਣ-ਹਾਰ ਅਤੇ ਖੈ ਕਰਨਹਾਰ, ਭਗਵਾਨ ਸਮਝ ਕੇ ਲੋਕ ਪੂਜਦੇ ਹਨ, ਉਨ੍ਹਾਂ ਤਿੰਨਾਂ ਨੂੰ ਸਤਿਗੁਰਾਂ ਨੇ ਮਨੁੱਖਾਂ ਅਤੇ ਹੋਰ ਮਾਮੂਲੀ ਜੀਵਾਂ ਵਾਂਗ ਮਾਇਆ-ਜਾਲ ਵਿਚ ਫ਼ਸੇ ਹੋਏ ਦਰਸਾ ਕੇ ਉਨ੍ਹਾਂ ਪ੍ਰਤੀ ਉਚੇਚੀ ਸ਼ਰਧਾ ਬਣਾ ਲੈਣ ਦੀ ਖੰਡਨਾ ਕੀਤੀ ਹੈ) ਜਿਹੜੇ ਮਨੁੱਖ ਗੁਰੂ ਦੀ ਸਰਨ ਪੈ ਕੇ

ਪਰਮਾਤਮਾ ਦੇ ਨਾਮ ਵਿਚ ਜੁੜੇ ਰਹਿੰਦੇ ਹਨ (ਉਸ ਤੋਂ ਬਚ ਕੇ) ਸੋਹਣੇ ਆਤਮਕ ਜੀਵਨ ਵਾਲੇ ਬਣੇ ਰਹਿੰਦੇ ਹਨ **। ੨ ।** (ਅਨੇਕਾਂ ਲੋਕ) ਵਰਤ ਰੱਖ ਰੱਖ ਕੇ ਧਾਰਮਿਕ ਨੇਮ ਨਿਬਾਹ ਕੇ ਤੇ (ਕੀਤੇ ਪਾਪਾਂ ਦਾ ਪ੍ਰਭਾਵ ਮਿਟਾਉਣ ਲਈ) ਪਛੁਤਾਵੇ ਵਜੋਂ ਧਾਰਮਿਕ ਰਸਮਾਂ ਕਰ ਕਰ ਕੇ ਥੱਕ ਗਏ, ਅਨੇਕਾਂ ਤੀਰਥਾਂ ਉਤੇ ਸਾਰੀ ਧਰਤੀ ਉਤੇ ਭਉਂ ਚੁਕੇ (ਪਰ ਇਸ ਮਾਇਆ-ਇਸਤ੍ਰੀ ਤੋਂ ਨਾ ਬਚ ਸਕੇ) । (ਹੇ ਭਾਈ !) ਸਿਰਫ਼ ਉਹੀ ਬੰਦੇ ਬਚਦੇ ਹਨ ਜਿਹੜੇ ਗੁਰੂ ਦੀ ਸਰਨ ਪੈਂਦੇ ਹਨ **। ੩ ।** ਸਾਰਾ ਜਗਤ ਮਾਇਆ ਦੇ ਮੋਹ ਵਿਚ ਬੱਝਾ ਪਿਆ ਹੈ, ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮੂਰਖ ਹਉਮੈ ਵਿਚ ਖੁਆਰ ਹੁੰਦਾ ਰਹਿੰਦਾ ਹੈ । (ਗੁਰਦੇਵ ਜੀ ਦਾ ਫ਼ੁਰਮਾਨ--) ਹੇ ਗੁਰੂ !ਮੈਨੂੰ ਤੂੰ ਹੀ ਮੇਰੀ ਬਾਂ ਫੜ ਕੇ (ਇਸ ਮਾਇਆ ਦੇ ਪੰਜੇ ਤੋਂ) ਬਚਾਇਆ ਹੈ । (ਕਿੱਡੇ ਮਿੱਠੀ ਬੋਲੀ ਦੁਆਰਾ ਸਤਿਗੁਰਾਂ ਨੇ ਮਨੁੱਖ ਨੂੰ ਸਮਝਾਇਆ ਹੈ ਕਿ ਸਤਿਗੁਰਾਂ ਦੇ ਹੁਕਮ ਵਿਚ ਚੱਲ ਕੇ ਜੀਵਨ-ਜੁਗਤ ਸੁਧਾਰ ਲੈਣੀ ਹੀ ਮਾਇਆ-ਮੋਹ ਰੋਗ ਤੋਂ ਬਚਨ ਦਾ ਕਾਰੀ ਦਾਰੂ ਹੈ) । ੪ ।

ਮਾਇਆ-ਇਸਤ੍ਰੀ ਤੋਂ ਭਾਵ ਹੈ ਮਾਇਆ-ਧਾਰੀ ਮਨੁੱਖ । ਮਾਇਆ ਦੇ ਆ ਜਾਣ ਨਾਲ ਮਨੁੱਖ ਹੰਕਾਰੀ ਹੋ ਜਾਂਦਾ ਹੈ ਨਿਰਧਨਾਂ ਨੂੰ ਵੇਖ ਕੇ ਮੱਥੇ ਤੇ ਤਿਊੜੀ ਪਾਉਂਦਾ ਹੈ । ਮਾਇਆ ਧਾਰੀ ਮਨੁੱਖ ਪਰਮਾਤਮਾ ਦਾ ਭੈ ਵਿਸਾਰ ਬੈਠਦਾ ਹੈ । ਮਾਇਆ ਹੀ ਉਸ ਦਾ ਸੱਭ ਕੁਝ ਬਣ ਜਾਂਦੀ ਹੈ । ਮਾਇਆ-ਧਾਰੀ ਧਨਵਾਨ ਮਨੁੱਖ ਗ਼ਰੀਬ ਨੂੰ ਆਉਂਦਾ ਵੇਖ ਕੇ ਮੂੰਹ ਫੇਰ ਲੈਂਦਾ ਹੈ ਅਤੇ ਕਈ ਵਾਰੀ ਨਿਰਧਨ ਵਲ ਉਂਜ ਹੀ ਪਿੱਠ ਕਰ ਲੈਂਦਾ ਹੈ। ਪਰ ਗ਼ਰੀਬ ਆਦਮੀ ਧਨਵਾਨ ਨੂੰ ਸਦਾ ਆਦਰ ਦਿੰਦਾ ਹੈ । ਇੱਕ ਪ੍ਰਭੂ-ਪਿਤਾ ਦੇ ਪੁੱਤਰ ਹੋਣ ਕਾਰਨ ਦੋਂਵੇਂ ਭਰਾ ਹਨ, ਪਰ ਮਾਇਆ ਦਾ ਹੰਕਾਰ, ਮਨੁੱਖ ਦਾ ਅਜੇਹਾ ਸਿਰ ਫੇਰ ਦਿੰਦਾ ਹੈ, ਕਿ ਉਹ ਗ਼ਰੀਬ ਭਰਾ ਤੋਂ ਘਿਰਣਾ ਕਰਨ ਲੱਗ ਪੈਂਦਾ ਹੈ । ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ ਕਿ ਅਸਲੀ ਨਿਰਧਨ ਉਹ ਹੈ ਜਿਸ ਦਾ ਹਿਰਦਾ ਪ੍ਰਭੂ ਦੇ ਨਾਮ ਤੋਂ ਸੱਖਣਾ ਹੈ :--

੮- **ਨਿਰਧਨ ਆਦਰੁ ਕੋਈ ਨ ਦੇਇ ॥ ਲਾਖ ਜਤਨ ਕਰੈ, ਓਹੁ ਚਿਤਿ ਨ ਧਰੇਇ ॥ ੧ ॥ ਰਹਾਉ ॥**
**ਜਉ ਨਿਰਧਨੁ ਸਰਧਨ ਕੈ ਜਾਇ ॥ ਆਗੇ ਬੈਠਾ ਪੀਠਿ ਫਿਰਾਇ ॥ ੧ ॥ ਜਉ ਸਰਧਨੁ ਨਿਰਧਨ ਕੈ ਜਾਇ ॥**
**ਦੀਆ ਆਦਰੁ ਲੀਆ ਬੁਲਾਇ ॥ ੨ ॥ ਨਿਰਧਨੁ ਸਰਧਨੁ ਦੋਨਉ ਭਾਈ ॥ ਪ੍ਰਭ ਕੀ ਕਲਾ ਨ ਮੇਟੀ ਜਾਈ ॥ ੩ ॥**
**ਕਹਿ ਕਬੀਰ, ਨਿਰਧਨੁ ਹੈ ਸੋਈ ॥ ਜਾ ਕੈ ਹਿਰਦੈ ਨਾਮੁ ਨ ਹੋਈ ॥ ੪ ॥** [੧੧੫੯]-੮

੯- **ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ ॥ ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁਦਿਖਾਇਆ ॥ ਭਾਈ ਮੀਤ ਕੁਟੰਬ ਦੇਖਿ ਬਿਬਾਦੇ ॥ ਹਮ ਆਈ ਵਸਗਤਿ ਗੁਰ ਪਰਸਾਦੇ ॥ ੧ ॥ ਐਸਾ ਦੇਖਿ ਬਿਮੋਹਿਤ ਹੋਏ ॥ ਸਾਧਿਕ ਸਿਧ ਸੁਰਦੇਵ ਮਨੁਖਾ ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ ॥ ੧ ॥ ਰਹਾਉ ॥ ਇਕਿ ਫਿਰਹਿ ਉਦਾਸੀ ਤਿਨ੍ ਕਾਮਿ ਵਿਆਪੈ ॥ ਇਕ ਸੰਚਹਿ ਗਿਰਹੀ ਤਿਨ੍ ਹੋਇ ਨ ਆਪੈ ॥ ਇਕਿ ਸਤੀ ਕਹਾਵਹਿ ਤਿਨ੍ ਬਹੁਤੁ ਕਲਪਾਵੈ ॥ ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ ॥ ੨ ॥ ਤਪੁ ਕਰਤੇ ਤਪਸੀ ਭੂਲਾਏ ॥ ਪੰਡਿਤ ਮੋਹੇ ਲੋਭਿ ਸਬਾਏ ॥ ਤ੍ਰੈ ਗੁਣ ਮੋਹੇ ਮੋਹਿਆ ਆਕਾਸੁ ॥ ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥ ੩ ॥ ਗਿਆਨੀ ਕੀ ਹੋਇ ਵਰਤੀ ਦਾਸਿ ॥ ਕਰ ਜੋੜੇ ਸੇਵਾ ਕਰੇ ਅਰਦਾਸਿ ॥ ਜੋ ਤੂੰ ਕਹਹਿ ਸੁ ਕਾਰ ਕਮਾਵਾ ॥ ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥ ੪ ॥**[੩੭੦]-੧

**ਪਦ ਅਰਥ**:--ਖਾਇਆ--ਖਾਧਾ ਜਾਂਦਾ ਹੈ । ਬਿਬਾਦੇ--ਝਗੜਦੇ ਹਨ । ੧ । ਬਿਮੋਹਿਤ--ਮਸਤ । ਸਾਧਿਕ--ਸਾਧਨਾ ਕਰਨ ਵਾਲੇ । ਸੁਰ--ਦੇਵਤੇ । ਸਿਧ--ਸਾਧਨਾਂ ਵਿਚ ਪੁੱਗੇ ਹੋਏ ਜੋਗੀ । ਸਾਧੂ--ਗੁਰੂ । ਧ੍ਰੋਹਨਿ--ਠਗੁ ਮਾਇਆ ਨੇ । ਧ੍ਰੋਹੇ--ਠੱਗ ਲਏ । ੧ । ਰਹਾਉ । ਕਾਮਿ ਬਿਆਪੈ--ਕਾਮ ਵਾਸਨਾ ਦੇ ਰਾਹੀ ਕਾਬੂ ਕਰ ਲੈਂਦੀ ਹੈ (ਕਾਮ ਵੀ ਮਾਇਆ ਹੀ ਹੈ) । ਸੰਚਹਿ--ਇੱਕਠੀ ਕਰਦੇ ਹਨ । ਆਪੈ--ਆਪਣੀ । ਸਤੀ--ਦਾਨੀ । ਕਲਪਾਵੈ--ਦੁਖੀ ਕਰਦੀ ਹੈ । ਪਾਵੈ--ਪੈਰੀਂ । ੨ । ਸਬਾਏ--ਸਾਰੇ । ਆਕਾਸੁ--(ਭਾਵ, ਆਕਾਸ਼ ਵਾਸੀ ਦੇਵਤੇ । ੩ ।

੧੦- **ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ ॥ ਜਗ ਇਸਨਾਨ ਤਾਪ ਥਾਨ ਖੰਡੇ ਕਿਆ ਇਹੁ ਜੰਤੁ ਵਿਚਾਰਾ ॥ ੧ ॥ ਪ੍ਰਭ ਕੀ ਓਟ ਗਹੀ ਤਉ ਛੂਟੋ ॥ ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ ਬਿਖੈ ਬਿਆਧਿ ਤਬ ਹੂਟੋ ॥ ੧ ॥ ਰਹਾਉ ॥ ਨਹ ਸੁਣੀਐ ਨਹ ਮੁਖ ਤੇ ਬਕੀਐ ਨਹ ਮੋਹੈ ਉਹ ਡੀਠੀ ॥ ਐਸੀ ਠਗਉਰੀ ਪਾਇ ਭੁਲਾਵੈ ਮਨਿ ਸਭ ਕੈ ਲਾਗੈ ਮੀਠੀ ॥ ੨ ॥ ਮਾਇ ਬਾਪ ਪੂਤ ਹਿਤ ਭ੍ਾਤਾ ਉਨਿ ਘਰਿ ਘਰਿ ਮੇਲਿਓ ਦੂਆ ॥ ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ ॥ ੩ ॥ ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਇਹੁ ਚਲਤੁ ਦਿਖਾਇਆ ॥ ਗੂਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥ ੪ ॥ ਸੰਤ ਪ੍ਰਸਾਦਿ ਮਹਾ ਸੁਖੁ ਪਾਇਆ ਸਗਲੇ ਬੰਧਨ ਕਾਟੇ ॥ ਹਰਿ ਹਰਿ ਨਾਮੁ ਨਾਨਕ ਧਨੁ ਪਾਇਆ ਅਪੁਨੈ ਘਰਿ ਲੈ ਆਇਆ ਖਾਟੇ ॥ ੫ ॥**[੬੭੩]-੧੧

**ਅਰਥ**:--ਜਦੋਂ ਮਨੁੱਖ ਨੇ ਪਰਮਾਤਮਾ ਦਾ ਪੱਲਾ ਫੜਿਆ, ਤਾਂ ਉਹ (ਮਾਇਆ ਦੇ ਪੰਜੇ ਵਿਚੋਂ) ਬਚ ਗਿਆ । ਜਦੋਂ ਗੁਰੂ ਦੀ ਕਿਰਪਾ ਨਾਲ ਮਨੁੱਖ ਨੇ ਪਰਮਾਤਮਾ ਦੀ ਸਿਫ਼ਤਿ ਸਾਲਾਹ ਦੇ ਗੀਤ ਗਾਉਣੇ ਸ਼ੁਰੂ ਕੀਤੇ, ਤਾਂ ਵਿਕਾਰਾਂ ਦਾ ਰੋਗ (ਉਸ ਦੇ ਅੰਦਰੋਂ) ਮੁੱਕ ਗਿਆ । ੧ । ਰਹਾਉ ।

ਜਿਸ ਮਾਇਆ ਨੇ ਸਾਰੇ ਤ੍ਰੈ-ਗੁਣੀ ਸੰਸਾਰ ਨੂੰ ਸਾਰੇ ਚਾਰ-ਕੂਟ ਜਗਤ ਨੂੰ, ਆਪਣੇ ਵੱਸ ਵਿਚ ਕੀਤਾ ਹੋਇਆ ਹੈ, ਜਿਸ ਨੇ ਜੱਗ ਕਰਨ ਵਾਲੇ, ਇਸ਼ਨਾਨ ਕਰਨ ਵਾਲੇ, ਤਪ ਕਰਨ ਵਾਲੇ ਸਾਰੇ ਥਾਂ ਭੰਨ ਕੇ ਰੱਖ ਦਿੱਤੇ ਹਨ, ਇਸ ਜੀਵ ਵਿਚਾਰੇ ਦੀ ਕੀ ਪਾਂਇਆਂ ਹੈ (ਕਿ, ਉਸ ਦਾ ਟਾਕਰਾ ਕਰ ਸਕੇ) ? (ਭਾਵ, ਜਿਸ ਮਾਇਆ ਨੇ ਵਡੇ ਵੱਡੇ ਤੀਰਥਾਂ ਦੇ ਵਾਸੀ ਪੁਜਾਰੀਆਂ ਨੂੰ, ਵਡੇ ਜਪੀਆਂ ਤਪੀਆਂ ਨੂੰ ਖੱਜਲ ਖੁਆਰ ਕਰ ਦਿੱਤਾ, ਜਿਸ ਮਾਇਆ ਨੇ ਉਨ੍ਹਾਂ ਧਾਰਮਿਕ ਆਗੂਆਂ ਨੂੰ ਆਤਮਕ ਮੌਤੇ ਮਾਰ ਦਿੱਤਾ, ਉਸ ਮਾਇਆ ਦਾ ਟਾਕਰਾ ਆਮ ਸਾਧਾਰਨ ਮਨੁੱਖ ਨੇ ਕੀ ਕਰਨਾ ਹੋਇਆ ) **। ੧ ।** ਮਾਇਆ ਜਦੋਂ ਮਨੁੱਖ ਨੂੰ ਆ ਕੇ ਭਰਮਾਉਂਦੀ ਹੈ ਤਾਂ ਨਾ ਉਸ (ਦੇ ਆਉਣ) ਦੀ ਆਵਾਜ਼ ਸੁਣਦੀ ਹੈ, ਨਾ ਉਹ ਮੂੰਹੋਂ ਹੀ ਬੋਲਦੀ ਹੈ, ਅਤੇ ਨਾ ਉਹ ਅੱਖੀਂ ਹੀ ਦਿਸਦੀ ਹੈ । ਕੋਈ ਅਜੇਹੀ ਨਸ਼ੀਲੀ ਚੀਜ਼ ਮਨੁੱਖ ਨੂੰ ਖੁਆ ਕੇ ਮਨੁੱਖ ਨੂੰ ਕੁਰਾਹੇ ਪਾ ਦਿੰਦੀ ਹੈ ਕਿ ਸਭਨਾਂ ਦੇ ਮਨ ਵਿਚ ਪਿਆਰੀ ਪਈ ਲੱਗਦੀ ਹੈ **। ੨ ।** ਮਾਂ ਪਿਉ, ਪੁੱਤਰ, ਮਿੱਤਰ, ਭਰਾ--ਉਸ ਮਾਇਆ ਨੇ ਹਰੇਕ ਦੇ ਹਿਰਦੇ ਵਿਚ ਵਿਤਕਰਾ ਪਾ ਰੱਖਿਆ ਹੈ । ਕਿਸੇ ਪਾਸ (ਮਾਇਆ) ਬਹੁਤੀ ਹੈ, ਕਿਸੇ ਪਾਸ ਥੋੜੀ ਹੈ (ਬੱਸ, ਇਸੇ ਗੱਲੇ) ਸਾਰੇ (ਆਪੋ ਵਿਚ) ਲੜ ਲੜ ਕੇ ਪਏ ਖਪਦੇ ਹਨ **। ੩ ।** ਮੈਂ ਤਾਂ ਆਪਣੇ ਗੁਰੂ ਤੋਂ ਕੁਰਬਾਨ ਜਾਂਦਾ ਹਾਂ, ਜਿਸ ਨੇ ਮੈਨੂੰ (ਮਾਇਆ ਦਾ) ਇਹ ਤਮਾਸ਼ਾ (ਅੱਖੀਂ) ਵਿਖਾ ਦਿੱਤਾ ਹੈ । ( ਮੈਂ ਵੇਖ ਲਿਆ ਹੈ ਕਿ ਮਾਇਆ ਦੀ ਇਸ) ਲੁਕੀ ਹੋਈ ਅੱਗ ਨਾਲ ਸਾਰਾ ਜਗਤ ਸੜ ਰਿਹਾ ਹੈ । ਪਰਮਾਤਮਾ ਦੀ ਭਗਤੀ ਕਰਨ ਵਾਲੇ ਮਨੁੱਖ ਉੱਤੇ ਮਾਇਆ (ਆਪਣਾ) ਜ਼ੋਰ ਨਹੀਂ ਪਾ ਸਕਦੀ **। ੪ ।** ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ, ਗੁਰੂ ਦੀ ਕਿਰਪਾ ਨਾਲ (ਜਿਸ ਮਨੁੱਖ ਨੇ) ਪਰਮਾਤਮਾ ਦਾ ਨਾਮ-ਧਨ ਲੱਭ ਲਿਆ ਹੈ, ਤੇ ਇਹ ਧਨ ਖੱਟ-ਕਮਾ ਕੇ ਆਪਣੇ ਹਿਰਦੇ-ਘਰ ਵਿਚ ਲੈ ਆਂਦਾ ਹੈ, ਉਹ ਬੜਾ ਆਤਮਕ ਆਨੰਦ ਮਾਣਦਾ ਹੈ, ਉਸ ਦੇ (ਮਾਇਆ ਵਾਲੇ) ਸਾਰੇ ਬੰਧਨ ਕੱਟੇ ਜਾਂਦੇ ਹਨ । ੫ ।

੧੧- **ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥ ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥ ੩ ॥** [੪੧੭]-੧੨

੨

## ਮਾਇਆ ਬਿਖਿਆ (ਜ਼ਹਿਰ)

ਸਤਿਗੁਰਾਂ ਨੇ ਮਾਇਆ ਨੂੰ ਬਿਖਿਆ, ਭਾਵ, ਜ਼ਹਰ ਫ਼ੁਰਮਾਨ ਕੀਤਾ ਹੈ:---

੧੨- **ਜੀਵਤ ਛਾਡਿ ਜਾਹਿ ਦੇਵਾਨੇ ॥ ਮੁਇਆ ਉਨ ਤੇ ਕੋ ਵਰਸਾਂਨੇ ॥੧॥ ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ ॥ ਕਾਹੂ ਕਾਜ ਨ ਆਵਤ ਬਿਖਿਆ ॥ ੧ ॥ ਰਹਾਉ ॥ ਬਿਖੈ ਠਗਉਰੀ ਜਿਨਿ ਜਿਨਿ ਖਾਈ ॥ ਤਾ ਕੀ ਤ੍ਰਿਸਨਾ ਕਬਹੂੰ ਨ ਜਾਈ ॥ ੨ ॥ ਦਾਰਨ ਦੁਖ ਦੁਤਰ ਸੰਸਾਰੁ ॥ ਰਾਮ ਨਾਮ ਬਿਨੁ ਕੈਸੇ ਉਤਰਸਿ ਪਾਰਿ ॥੩॥ ਸਾਧ ਸੰਗਿ ਮਿਲਿ ਦੁਇ ਕੁਲ ਸਾਧਿ ॥ ਰਾਮ ਨਾਮ ਨਾਨਕ ਆਰਾਧਿ ॥ ੪ ॥**[੧੯੯]-੯੭-੧੬੬

**ਪਦ ਅਰਥ:**–ਜੀਵਤ--ਜੀਊਂਦਿਆਂ ਹੀ । ਦੇਵਾਨੇ--ਹੇ ਕਮਲੇ ਮਨੁੱਖ ! ਕੋ ਵਰਸਾਨੇ--ਕੌਣ ਲਾਭ ਲੈ ਸਕਦਾ ਹੈ ? ੧ ।ਧੁਰਿ--ਧੁਰ ਤੋਂ । ਲਿਖਿਆ--ਉਕਰਿਆ ਹੋਇਆ । ਬਿਖਿਆ--ਮਾਇਆ । ੧ । ਰਹਾਉ । ਠਗਉਰੀ--ਠਗ-ਬੂਟੀ, ਉਹ ਬੂਟੀ ਜਿਹੜੀ ਖੁਆ ਕੇ ਠੱਗ ਭੋਲੇ ਲੋਕਾਂ ਨੂੰ ਠੱਗ ਲੈਂਦੇ ਹਨ । ਬਿਖੈ ਠਗਉਰੀ--ਵਿਸ਼ਿਆਂ ਦੀ ਠੱਗ-ਬੂਟੀ । ੨ । ਦਾਰਨ--ਭਿਆਨਕ ॥ ਦੁਤਰ--ਜਿਸ ਤੋਂ ਪਾਰ ਲੰਘਣਾ ਔਖਾ ਹੈ । ਉਤਰਸਿ--ਤੂੰ ਪਾਰ ਲੰਘੇਂਗਾ । ੩ । ਦੁਇ ਕੁਲ--ਇਹ ਲੋਕ ਤੇ ਪਰਲੋਕ । ਸਾਧਿ--ਸੰਵਾਰ ਲੈ । ਆਰਾਧਿ--ਸਿਮਰ । ੪ ।

੧੩- **ਕਾਏਂ ਰੇ ਮਨ ਬਿਖਿਆ ਬਨ ਜਾਇ ॥ ਭੂਲੌ ਰੇ ਠਗ ਮੂਰੀ ਖਾਇ ॥ ੧ ॥ ਰਹਾਉ ॥ ਜੈਸੇ ਮੀਨੁ ਪਾਨੀ ਮਹਿ ਰਹੈ ॥ ਕਾਲ ਜਾਲ ਕੀ ਸੁਧਿ ਨਹੀ ਲਹੈ ॥ ਜਿਹਬਾ ਸੁਆਦੀ ਲੀਲਿਤ ਲੋਹ ॥ ਐਸੇ ਕਨਿਕ ਕਾਮਨੀ ਬਾਧਿਓ ਮੋਹ ॥ ੧ ॥ ਜਿਉ ਮਧੁ ਮਾਖੀ ਸੰਚੈ ਅਪਾਰ ॥ ਮਧੁ ਲੀਨੋ ਮੁਖਿ ਦੀਨੀ ਛਾਰੁ ॥ ਗਊ ਬਾਛ ਕਉ ਸੰਚੈ ਖੀਰੁ ॥ ਗਲਾ ਬਾਂਧਿ ਦੁਹਿ ਲੇਇ ਅਹੀਰੁ ॥ ੨ ॥ ਮਾਇਆ ਕਾਰਨ ਸ੍ਰਮੁ ਅਤਿ ਕਰੈ ॥ ਸੋ ਮਾਇਆ ਲੈ ਗਾਡੈ ਧਰੈ ॥ ਅਤਿ ਸੰਚੈ ਸਮਝੈ ਨਹੀ ਮੂੜ੍ਹ ॥ ਧਨੁ ਧਰਤੀ, ਤਨੁ ਹੋਇ ਗਇਓ ਧੂੜਿ ॥ ੩ ॥ ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ ॥ ਸਾਧ ਸੰਗਤਿ ਕਬਹੂ ਨਹੀ ਕਰੈ ॥ ਕਹਤ ਨਾਮਦੇਉ ਤਾ ਚੀ ਆਣਿ ॥ ਨਿਰਭੈ ਹੋਇ ਭਜੀਐ ਭਗਵਾਨ ॥ ੪ ॥**[੧੨੫੨]-੧

**ਅਰਥ:**--ਹੇ ਮਨ ! ਤੂੰ ਮਾਇਆ-ਜੰਗਲ ਵਿਚ ਕਿਉਂ ਜਾ ਫਸਿਆ ਹੈਂ ? ਤੂੰ ਤਾਂ ਭੁਲੇਖੇ ਵਿਚ ਪੈ ਕੇ ਠਗ-ਬੂਟੀ ਖਾਈ ਜਾ ਰਿਹਾ ਹੈ । ੧ । ਰਹਾਉ ।

ਜਿਵੇਂ ਮੱਛੀ ਪਾਣੀ ਵਿਚ (ਬੇ-ਫਿਕਰ ਹੋ ਕੇ) ਰਹਿੰਦੀ ਮੌਤ-ਜਾਲ ਦੀ ਸੋਝੀ ਨਹੀਂ ਲੈਂਦੀ (ਭਾਵ, ਇਹ ਨਹੀਂ ਸਮਝਿਆ ਕਿ ਇਹ ਜਾਲ ਮੇਰੀ ਮੌਤ ਦਾ ਕਾਰਨ ਬਣੇਗਾ) ਜੀਭ ਦੇ ਸੁਆਦ ਪਿੱਛੇ ਲੋਹੇ ਦੀ ਕੁੰਡੀ ਨਿਗਲ ਲੈਂਦੀ ਹੈ (ਤੇ ਪਕੜੀ ਜਾਂਦੀ ਹੈ), ਤਿਵੇਂ ਹੀ (ਹੇ ਭਾਈ ! ) ਤੂੰ ਸੋਨੇ ਤੇ ਇਸਤ੍ਰੀ ਦੇ ਮੋਹ ਵਿਚ ਬੱਝਾ ਪਿਆ ਹੈ (ਤੇ ਆਪਣੀ ਆਤਮਕ ਮੌਤ ਸਹੇੜ ਰਿਹਾ ਹੈਂ ) **। ੧ ।** (ਜਿਵੇਂ ਮੱਖੀ ਬਹੁਤ ਸ਼ਹਿਦ ਇਕੱਠਾ ਕਰਦੀ ਹੈ, ਪਰ ਮਨੁੱਖ (ਆ ਕੇ) ਸ਼ਹਿਦ ਲੈ ਲੈਂਦਾ ਹੈ ਤੇ ਉਸ ਮੱਖੀ ਦੇ ਮੂੰਹ ਵਿਚ ਸੁਆਹ ਪਾਉਂਦਾ ਹੈ (ਭਾਵ, ਉਸ ਮੱਖੀ ਨੂੰ ਅੱਗ-ਧੂੰ ਆਦਿ ਤੋਂ ਛੁੱਟ ਹੋਰ ਕੁਝ ਵੀ ਨਹੀਂ ਦਿੰਦਾ), ਜਿਵੇਂ ਗਊ ਆਪਣੇ ਵੱਛੇ ਲਈ ਦੁੱਧ (ਬਣਾ ਕੇ) ਇਕੱਠਾ ਕਰਦੀ ਹੈ, ਪਰ ਗੁੱਜਰ ਗਲਾਵਾਂ ਪਾ ਕੇ ਦੁੱਧ ਚੋ ਲੈਂਦਾ ਹੈ **। ੨ ।** ਤਿਵੇਂ ਮੂਰਖ ਮਨੁੱਖ ਮਾਇਆ ਦੀ ਖ਼ਾਤਰ ਬੜੀ ਮਿਹਨਤ ਕਰਦਾ ਹੈ, ਉਸ ਨੂੰ ਕਮਾ ਕੇ ਧਰਤੀ ਵਿਚ ਨੱਪ ਰੱਖਦਾ ਹੈ, ਮੂਰਖ ਬੜੀ (ਮਾਇਆ) ਇੱਕਠੀ ਕਰੀ ਜਾਂਦਾ ਹੈ, ਪਰ ਸਮਝਦਾ ਨਹੀਂ ਕਿ (ਉਸ ਦਾ ਇਹ) ਧਨ ਜ਼ਮੀਨ ਵਿਚ ਹੀ ਦੱਬਿਆ ਰਹਿੰਦਾ ਹੈ ਤੇ ( ਮੌਤ ਆਇਆਂ) ਸਰੀਰ ਮਿੱਟੀ ਹੋ ਜਾਂਦਾ ਹੈ **। ੩ ।** (ਨੋਟ:--ਪਹਿਲੇ ਸਮਿਆਂ ਵਿਚ ਲੋਕ ਆਪਣੇ ਧਨ ਨੂੰ ਧਰਤੀ ਵਿਚ ਦੱਬੀ ਰੱਖ ਕੇ ਚੋਰਾਂ ਆਦਿ ਕੋਲੋਂ ਬਚਾਉਂਦੇ ਸਨ) । (ਮੂਰਖ ਮਨੁੱਖ) ਕਾਮ ਕ੍ਰੋਧ ਅਤੇ ਤ੍ਰਿਸ਼ਨਾ ਵਿਚ ਬਹੁਤ ਖਿੱਝਦਾ ਹੈ, ਕਦੇ ਵੀ ਸਾਧ-ਸੰਗਤਿ ਵਿਚ ਨਹੀਂ ਬੈਠਦਾ । (ਹੇ ਭਾਈ !) ਉਸ ਪ੍ਰਭੂ ਦੀ ਓਟ ਲੈ (ਜੋ ਸਦਾ ਨਾਲ ਨਿਭਣ ਵਾਲਾ ਹੈ) ਨਿਡਰ ਹੋ ਕੇ ਭਗਵਾਨ ਦਾ ਸਿਮਰਨ ਕਰਨਾ ਚਾਹੀਦਾ ਹੈ । ੪ ।

੧੪- **ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ ॥ ਭਾਈ ਮੀਤ ਸੁਰਿਦ ਕੀਏ ਬਿਖਿਆ ਰਚਿਆ ਬਾਦੁ ॥ ਜਾਂਦੇ ਬਿਲਮ ਨ ਹੋਵਈ ਵਿਣੁ ਨਾਵੈ ਬਿਸਮਾਦੁ ॥ ੧ ॥ ਮੇਰੇ ਮਨ, ਸਤਗੁਰ ਕੀ ਸੇਵਾ ਲਾਗੁ ॥ ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ ॥ ੧ ॥ ਰਹਾਉ ॥ ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥ ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥ ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥ ੨ ॥ ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥ ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥ ਜਿਨਿ ਕੀਤਾ ਤਿਸਹਿ ਨ ਜਾਣਈ ਫਿਰਿ ਫਿਰਿ ਆਵੈ ਜਾਇ ॥ ੩ ॥ ਅਨਿਕ ਪ੍ਰਕਾਰੀ ਮੋਹਿਆ ਬਹੁ ਬਿਧਿ ਇਹੁ ਸੰਸਾਰੁ ॥ ਜਿਸ ਨੋ ਰਖੈ ਸੋ ਰਹੈ ਸੰਮ੍ਰਿਥੁ ਪੁਰਖੁ ਅਪਾਰੁ ॥ ਹਰਿ ਜਨ ਹਰਿ ਲਿਵ ਉਧਰੇ ਨਾਨਕ ਸਦ ਬਲਿਹਾਰੁ ॥੪॥**[੫੦]-੨੧-੯੧

**ਅਰਥ:**--ਹੇ ਮੇਰੇ ਮਨ ! ਗੁਰੂ ਦੀ ਦੱਸੀ ਹੋਈ) ਸੇਵਾ ਵਿਚ ਰੁੱਝਾ ਰਹੁ । (ਹੇ ਭਾਈ !) ਆਪਣੇ ਮਨ ਦੇ ਪਿੱਛੇ ਤੁਰਨਾ ਛੱਡ ਦੇ ਤੇ ਦੁਨੀਆ ਦੇ ਪਦਾਰਥਾਂ ਦਾ ਮੋਹ ਤਿਆਗ, ਕਿਉਂਕਿ) ਜੋ ਕੁਝ ਦਿੱਸ ਰਿਹਾ ਹੈ ਸਭ ਨਾਸਵੰਤ ਹੈ **। ੧ । ਰਹਾਉ ।** ਜੀਵ ਦੁਨੀਆ ਦੇ ਪਦਾਰਥਾਂ ਨੂੰ ਸੁਆਦਲੇ ਜਾਣ ਕੇ ਖਾਂਦਾ ਵਰਤਦਾ ਹੈ, ਪਰ ਇਨ੍ਹਾਂ (ਭੋਗਾਂ) ਦਾ ਸੁਆਦ (ਅੰਤ ਵਿਚ) ਕੌੜਾ (ਦੁਖਦਾਈ) ਸਾਬਤ ਹੁੰਦਾ ਹੈ (ਵਿਕਾਰ ਤੇ ਰੋਗ ਪੈਦਾ ਹੁੰਦੇ ਹਨ) । ਮਨੁੱਖ (ਜਗਤ ਵਿਚ) ਭਰਾ ਮਿੱਤਰ ਦੋਸਤ (ਆਦਿਕ) ਬਣਾਉਂਦਾ ਹੈ, ਤੇ (ਇਹ) ਮਾਇਆ ਦਾ ਝਗੜਾ ਖੜਾ ਹੀ ਰੱਖਦਾ ਹੈ । ਪਰ ਅਸਚਰਜ ਗੱਲ ਇਹ ਹੈ ਕਿ ਪਰਮਾਤਮਾ ਦੇ ਨਾਮ ਤੋਂ ਬਿਨਾ ਕਿਸੇ ਵੀ ਚੀਜ਼ ਨੂੰ ਨਾਸ ਹੁੰਦਿਆਂ ਚਿਰ ਨਹੀਂ ਲੱਗਦਾ (ਤੇ ਮਨੁੱਖ ਇਨ੍ਹਾਂ ਨਾਸਵੰਤ ਪਦਾਰਥਾਂ ਦੇ ਮੋਹ ਵਿਚ ਫਸਿਆ ਹੀ ਜਿੰਦਗੀ ਗੁਜ਼ਾਰ ਦਿੰਦਾ ਹੈ)**। ੧ ।** ਜਿਵੇਂ ਹਲਕਾਇਆ ਕੁੱਤਾ ਦੌੜਦਾ ਹੈ ਤੇ ਹਰ ਪਾਸੇ ਵਲ ਭੱਜਦਾ ਹੈ, (ਤਿਵੇਂ) ਲੋਭੀ ਜੀਵ ਨੂੰ ਵੀ ਕੁਝ ਨਹੀਂ ਸੁੱਝਦਾ, ਚੰਗੀ ਮੰਦੀ ਚੀਜ਼ ਖਾ ਲੈਂਦਾ ਹੈ । ਕਾਮ, ਕ੍ਰੋਧ ਦੇ ਨਸ਼ੇ ਵਿਚ ਫਸਿਆ ਮਨੁੱਖ ਮੁੜ ਮੁੜ ਜੂਨਾਂ ਵਿਚ ਪੈਂਦਾ ਰਹਿੰਦਾ ਹੈ **। ੨ ।** ਮਾਇਆ-ਜਾਲ ਖਿਲਾਰ ਕੇ ਉਸ ਵਿਚ ਵਿਸ਼ਿਆਂ ਦਾ ਚੋਗਾ ਪਾਇਆ ਹੋਇਆ ਹੈ । ਮਾਇਆ ਦੀ ਤ੍ਰਿਸ਼ਨਾਂ ਨੇ ਜੀਵ-ਪੰਖੀ ਨੂੰ ਅਜੇਹਾ ਫਸਾਇਆ ਹੋਇਆ ਹੈ ਕਿ ਉਸ ਮਾਇਆ (-ਜਾਲ) ਵਿਚੋਂ ਨਿਕਲਿਆ ਨਹੀਂ ਜਾਂਦਾ । (ਕਾਰਨ ਇਹ ਹੈ ਕਿ) ਜਿਸ ਕਰਤਾਰ ਨੇ (ਇਹ ਸਭ ਕੁਝ) ਪੈਦਾ ਕੀਤਾ ਹੈ, (ਜੀਵ) ਉਸ ਨਾਲ ਸਾਂਝ ਨਹੀਂ ਪਾਉਂਦਾ, ਤੇ ਮੁੜ ਮੁੜ ਜੰਮਦਾ ਮਰਦਾ ਰਹਿੰਦਾ ਹੈ । [ **ਨੋਟ**--ਇਸ ਤੁਕ ਵਿਚ ਆਏ " ਮਾਇ " ਪਦ ਦੇ ਅਰਥ ਕਈਆਂ ਨੇ " ਹੇ ਮੇਰੀ ਮਾਤਾਂ ! " ਲਿਖੇ ਹਨ । ਗੁਰਬਾਣੀ ਵਿਚ ' ਮਾਇ ' ਦਾ ਅਰਥ ਮਾਇਆ ਵੀ ਸਪੱਸ਼ਟ ਹੈ-ਜਿਵੇਂ-- **" ਤਾ ਕਉ ਕਹਾ ਬਿਆਪੈ ਮਾਇ "** ॥ [੧੯੨] ਉਪ੍ਰੋਕਤ ਤੁਕ ਵਿਚ ਵੀ ਮਾਇ ਦਾ ਅਰਥ ਮਾਇਆ ਹੀ ਹੈ]

ਇਸ ਜਗਤ ਨੂੰ (ਮਾਇਆ ਨੇ) ਅਨੇਕਾਂ ਕਿਸਮਾਂ ਦੇ ਰੂਪਾਂ ਰੰਗਾਂ ਵਿਚ ਕਈ ਤਰੀਕਿਆਂ ਨਾਲ ਮੋਹ ਰੱਖਿਆ ਹੈ । ਜਿਸ ਵਿਚੋ ਉਹੀ ਬਚ ਸਕਦਾ ਹੈ, ਜਿਸ ਨੂੰ ਸਭ ਸਮਰਥਾ ਵਾਲਾ ਬੇਅੰਤ ਅਕਾਲਪੁਰਖ ਆਪ ਬਚਾਏ । (ਪਰਮਾਤਮਾ ਦੀ ਮਿਹਰ ਨਾਲ) ਪਰਮਾਤਮਾ ਦੇ ਭਗਤ ਹੀ ਪਰਮਾਤਮਾ (ਦੇ ਚਰਨਾਂ) ਵਿਚ ਸੁਰਤਿ ਜੋੜ ਕੇ ਬਚਦੇ ਹਨ । ਹੇ ਨਾਨਕ ! ਤੂੰ ਸਦਾ ਉਸ ਪਰਮਾਤਮਾ ਦੇ ਸਦਕੇ ਹੋ । ੪ ।

੧੫- **ਬਿਖਿਆ ਕਾ ਸਭੁ ਧੰਧੁ ਪਸਾਰੁ ॥ ਵਿਰਲੈ ਕੀਨੋ ਨਾਮ ਅਧਾਰੁ ॥ ੧ ॥ ਰਹਾਉ ॥ ਤ੍ਰਿਬਿਧਿ ਮਾਇਆ ਰਹੀ ਬਿਆਪਿ ॥**

**ਜੋ ਲਪਟਾਨੋ ਤਿਸੁ ਦੂਖ ਸੰਤਾਪ ॥ ਸੁਖੁ ਨਾਹੀ ਬਿਨੁ ਨਾਮ ਧਿਆਏ ॥ ਨਾਮ ਨਿਧਾਨੁ ਬਡਭਾਗੀ ਪਾਏ ॥ ੨ ॥**[੧੧੪੫]-੨੦-੩੩

ਅਗਲੇ ਗੁਰੂ ਸ਼ਬਦ ਵਿਚ ਉਚੇਚੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਦੇਵਤਿਆਂ ਨੂੰ ਵੀ ਮਨੁੱਖਾਂ ਵਾਂਗ ਹੀ ਮਾਇਆ ਮੋਹ ਵਿਚ ਫਸੇ ਹੋਏ ਖੱਜਲ ਖ਼ੁਆਰ ਹੁੰਦੇ ਦਰਸਾਇਆ ਹੈ:--

੧੬- **ਬਿਖਿਆ ਬਿਆਪਿਆ ਸਗਲ ਸੰਸਾਰੁ ॥ ਬਿਖਿਆ ਲੈ ਡੂਬੀ ਪਰਵਾਰੁ ॥ ੧ ॥ ਰੇ ਨਰ, ਨਾਵ ਚਉੜਿ ਕਤ ਬੋੜੀ ॥ ਹਰਿ ਸਿਉ ਤੋੜਿ ਬਿਖਿਆ ਸੰਗਿ ਜੋੜੀ ॥ ੧ ॥ ਰਹਾਉ ॥ ਸੁਰ ਨਰ ਦਾਧੇ ਲਾਗੀ ਆਗਿ ॥ ਨਿਕਟਿ ਨੀਰੁ, ਪਸੁ ਪੀਵਤ ਝਾਗਿ ॥ ੨ ॥ ਚੇਤਤ ਚੇਤਤ ਨਿਕਸਿਓ ਨੀਰੁ ॥ ਸੋ ਜਲੁ ਨਿਰਮਲੁ ਕਥਤ ਕਬੀਰੁ ॥ ੩ ॥**[੩੨੮]-੨੪

**ਅਰਥ:**--ਸਾਰਾ ਜਹਾਨ ਹੀ ਮਾਇਆ (ਦੇ ਪ੍ਰਭਾਵ) ਨਾਲ ਨੱਪਿਆ ਹੋਇਆ ਹੈ, ਮਾਇਆ ਸਾਰੇ ਹੀ ਕੁਟੰਬ ਨੂੰ ( ਸਾਰੇ ਹੀ ਜੀਵਾਂ ਨੂੰ) ਡੋਬੀ ਬੈਠੀ ਹੈ । ੧ । ਹੇ ਮਨੁੱਖ ! ਤੂੰ (ਆਪਣੀ ਜ਼ਿੰਦਗੀ ਦੀ) ਬੇੜੀ ਕਿਉ ਰੜੇ ਥਾਂ ਤੇ (-ਚਉੜਿ=ਰੜੇ ਥਾਂ ਹੀ, ਖੁੱਲ੍ਹੇ ਮੈਦਾਨ ਵਿਚ) ਹੀ ਡੋਬ ਲਈ ਹੈ ? (ਕਿਉਂਕਿ ਤੂੰ) ਪ੍ਰਭੂ ਨਾਲੋਂ ਪ੍ਰੀਤ ਤੋੜ ਕੇ ਮਾਇਆ ਨਾਲ ਗੰਢੀ ਬੈਠਾ ਹੈਂ । ੧ । ਰਹਾਉ । (ਸਾਰੇ ਜਗਤ ਵਿਚ ਮਾਇਆ ਦੀ ਤ੍ਰਿਸ਼ਨਾ ਦੀ) ਅੱਗ ਲੱਗੀ ਹੋਈ ਹੈ (ਜਿਸ ਵਿਚ) **ਦੇਵਤੇ** ਤੇ ਮਨੁੱਖ ਸੜ ਰਹੇ ਹਨ। (ਇਸ ਅੱਗ ਨੂੰ ਸ਼ਾਂਤਿ ਕਰਨ ਲਈ ਨਾਮ-ਰੂਪ) ਪਾਣੀ ਵੀ ਨੇੜੇ ਹੀ ਹੈ, ਪਰ ਇਹ ਪਸ਼ੂ (ਜੀਵ) ਉੱਦਮ ਕਰ ਕੇ ਪੀਂਦਾ ਨਹੀਂ ਹੈ । ੨ । ਕਬੀਰ ਆਖਦਾ ਹੈ--(ਉਹ ਨਾਮ-ਰੂਪ) ਪਾਣੀ ਸਿਮਰਨ ਕਰਦਿਆਂ ਕਰਦਿਆਂ ਹੀ (ਮਨੁੱਖ ਦੇ ਹਿਰਦੇ ਵਿਚ) ਪਰਗਟ ਹੁੰਦਾ ਹੈ, ਤੇ ਉਹ (ਅੰਮ੍ਰਿਤ) ਜਲ ਪਵਿਤਰ ਹੁੰਦਾ ਹੈ, (ਤ੍ਰਿਸ਼ਨਾ ਦੀ ਅੱਗ ਉਸੇ ਨਾਲ ਬੁਝ ਸਕਦੀ ਹੈ) । ੩ ।

ਸਤਿਗੁਰਾਂ ਦਾ ਫ਼ੁਰਮਾਨ ਹੇ ਕਿ, ਜੇ ਸਾਡੀ ਜੀਭ ਸਦਾ ਪਰਮਾਤਮਾ ਦੇ ਗੁਣ ਗਾਉਣ ਗਿੱਝ ਜਾਵੇ ਅਥਵਾ ਹਿਰਦਾ ਪ੍ਰਮਾਤਮਾਂ ਦੀ ਸਦੀਵੀ ਯਾਦ ਨਾਲ ਜੁੜ ਜਾਵੇ ਤਾਂ ਸਾਰੇ ਦੁਖਾਂ ਦਾ ਨਾਸ ਹੋ ਜਾਂਦਾ ਹੈ--**ਰਸਨਾ ਗੁਣ ਗੋਪਾਲ ਨਿਧਿ ਗਾਇਣ ॥ ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ ॥ ੧ ॥ ਰਹਾਉ ॥**

੧੭- **ਸਲੋਕ ॥ ਰਾਜ ਕਪਟੰ ਰੂਪ ਕਪਟੰ ਧਨ ਕਪਟੰ ਗਰਬਤਹ ॥ ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਲਤੇ ॥ ੧ ॥ ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ ॥ ਅਢੁ ਨ ਲਹਦੜੋ ਮਮਲੁ ਨਾਨਕ ਸਾਥਿ ਨ ਜੁਲਈ ਮਾਇਆ ॥ ੨ ॥**[੭੦੮]-ਵਾ-੧੦

**ਅਰਥ:**--ਹੇ ਨਾਨਕ ! ਇਹ ਰਾਜ ਰੂਪ ਧਨ ਤੇ (ਉੱਚੀ) ਕੁਲ ਦਾ ਮਾਣ--ਸਭ ਛਲ-ਰੂਪ ਹੈ। ਜੀਵ ਛਲ ਕਰਕੇ ਦੂਜਿਆਂ ਤੇ ਦੂਸ਼ਆਣ ਲਾ ਲਾ ਕੇ (ਕਈ ਢੰਗਾਂ ਨਾਲ) ਮਾਇਆ ਜੋੜਦੇ ਹਨ, ਪਰ ਪ੍ਰਭੂ ਦੇ ਨਾਮ ਤੋਂ ਬਿਨਾ ਕੋਈ ਵੀ ਚੀਜ਼ ਏਥੋਂ ਨਾਲ ਨਹੀਂ ਜਾਂਦੀ । ੧ । ਤੁੰਮਾ ਵੇਖਣ ਨੂੰ ਮੈਨੂੰ ਸੋਹਣਾ ਦਿੱਸਿਆ। ਕੀ ਇਹ ਉਕਾਈ ਲੱਗ ਗਈ ? ਇਸ ਦਾ ਤਾਂ ਅੱਧੀ ਕੌਡੀ ਵੀ ਮੁੱਲ ਨਹੀਂ ਮਿਲਦਾ। (ਇਹ ਹਾਲ ਮਨਮੋਹਣੀ-ਮਾਇਆ ਦਾ ਹੈ, ਜੀਵ ਲਈ ਤਾਂ ਇਹ ਵੀ ਕੌਡੀ ਮੁੱਲ ਦੀ ਵੀ ਸਿੱਧ ਨਹੀਂ ਹੁੰਦੀ, ਕਿਉਂਕਿ ਜਹਾਨੋਂ ਤੁਰਨ ਲੱਗਿਆਂ) ਇਹ ਮਾਇਆ ਜੀਵ ਦੇ ਨਾਲ ਨਹੀਂ ਤੁਰਦੀ। ੨ ।

## ੩

## ਮਾਇਆ ਨਾਗਨੀ (ਸਰਪਨੀ, ਭੁਇਅੰਗ)

੧੭- **ਮਾਇਆ ਹੋਈ ਨਾਗਨੀ** ਜਗਤਿ ਰਹੀ ਲਪਟਾਇ ॥ ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥ ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ ॥ ਨਾਨਕ ਸੋਈ ਉਬਰੇ ਜਿ ਸਚਿ ਰਹੇ ਲਿਵ ਲਾਇ ॥ ੨॥[੫੧੦]-ਵਾ-੫

੧੮- **ਸਰਪਨੀ** ਤੇ ਊਪਰਿ ਨਹੀ ਬਲੀਆ ॥ ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥ ੧ ॥ ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥ ਜਿਨਿ ਤ੍ਰਿਭਵਣੁ ਡਸੀਅਲੇ, ਗੁਰ ਪ੍ਰਸਾਦਿ ਡੀਠੀ ॥ ੧ ॥ ਰਹਾਉ ॥**ਸ੍ਰਪਨੀ ਸ੍ਰਪਨੀ** ਕਿਆ ਕਹਹੁ ਭਾਈ ॥ ਜਿਨਿ ਸਾਚੁ ਪਛਾਨਿਆ ਤਿਨਿ **ਸ੍ਰਪਨੀ** ਖਾਈ ॥ ੨ ॥ **ਸ੍ਰਪਨੀ** ਤੇ ਆਨ ਛੂਛ ਨਹੀ ਅਵਰਾ ॥ **ਸ੍ਰਪਨੀ** ਜੀਤੀ, ਕਹਾ ਕਰੈ ਜਮਰਾ ॥ ੩ ॥ ਇਹ **ਸ੍ਰਪਨੀ** ਤਾ ਕੀ ਕੀਤੀ ਹੋਈ ॥ ਬਲੁ ਅਬਲੁ ਕਿਆ ਇਸ ਤੇ ਹੋਈ ॥ ੪ ॥ ਇਹ ਬਸਤੀ ਤਾ ਬਸਤ ਸਰੀਰਾ ॥ ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ ॥ ੫ ॥[੪੮੦]-੬-੧੯

੧੯- ਮਾਇਆ **ਭੁਇਅੰਗਮੁ ਸਰਪੁ ਹੈ** ਜਗੁ ਘੇਰਿਆ ਬਿਖੁ ਮਾਇ ॥ ਬਿਖੁ ਕਾ ਮਾਰਣੁ ਹਰਿ ਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਪਾਇ ॥ ਜਿਨ ਕਉ ਪੂਰਬਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ ॥ ਮਿਲਿ ਸਤਿਗੁਰ ਨਿਰਮਲੁ ਹੋਇਆ ਬਿਖੁ ਹਉਮੈ ਗਇਆ ਬਿਲਾਇ ॥ ਗੁਰਮੁਖਾ ਕੇ ਮੁਖ ਉਜਲੇ ਹਰਿ ਦਰਗਹ ਸੋਭਾ ਪਾਇ ॥ ਜਨ ਨਾਨਕੁ ਸਦਾ ਕੁਰਬਾਣੁ ਤਿਨ ਜੋ ਚਾਲਹਿ ਸਤਿਗੁਰ ਭਾਇ ॥ ੨੨ ॥[੧੪੧੫]

੨੦- **ਬਿਸੀਅਰ** ਬਿਸੂ ਭਰੇ ਹੈ ਪੂਰਨ ਗੁਰੁ ਗਰੁੜ ਸਬਦੁ ਮੁਖਿ ਪਾਵੈਗੋ ॥ ਮਾਇਆ ਭੁਇਅੰਗ ਤਿਸੁ ਨੇੜਿ ਨ ਆਵੈ ਬਿਖੁ ਝਾਰਿ ਝਾਰਿ ਲਿਵ ਲਾਵੈਗੋ ॥ ੨ ॥[੧੩੧੦]-੫

੨੧- ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ ਹਰਿ ਰਸਕਿ ਰਸਕਿ ਫਲ ਲਾਗਿਬਾ ॥ ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ ਗੁਰ ਬਚਨੀ ਬਿਸੁ ਹਰਿ ਕਾਢਿਬਾ ॥ ੧ ॥[੬੯੭]-੪

੨੨- ਮਾਇਆ ਬਿਖੁ **ਭੁਇੰਗਮ** ਨਾਲੇ ॥ ਇਨਿ ਦੁਬਿਧਾ ਘਰ ਬਹੁਤੇ ਗਾਲੇ ॥ ਸਤਿਗੁਰ ਬਾਝਹੁ ਪ੍ਰੀਤਿ ਨ ਉਪਜੈ ਭਗਤਿ ਰਤੇ ਪਤੀਆਰਾ ਹੇ ॥ ੧੩ ॥[੧੦੨੮]-੩-੯

੨੨- ਪਾਇਆ ਵੇੜੁ ਮਾਇਆ ਸਰਬ **ਭੁਇਅੰਗਾ** ॥ ਹਉਮੈ ਪਚੇ ਦੀਪਕ ਦੇਖਿ ਪਤੰਗਾ ॥ ਸਗਲ ਸੀਗਾਰ ਕਰੇ ਨਹੀ ਪਾਵੈ ॥ ਜਾ ਹੋਇ ਕ੍ਰਿਪਾਲ ਤਾ ਗੁਰੂ ਮਿਲਾਵੈ ॥ ੩ ॥[੮੦੧]-੧

੨੨- **ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ ॥**
**ਤੇ ਉਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ ॥ ੨ ॥**[੬੯੬]-੨

੪

## ਮਇਆ ਦਾ ਮੋਹ

ਸਤਿਗੁਰਾਂ ਨੇ ਬੇਅੰਤ ਫੁਰਮਾਨ ਦੁਆਰਾ ਸਪੱਸ਼ਟ ਕੀਤਾ ਹੈ ਕਿ ਮਾਇਆ ਅਜੇਹੀ ਜ਼ਹਿਰੀਲੀ ਨਾਗਨ ਹੈ, ਜੋ ਮਨੁੱਖ ਦੇ ਆਤਮਕ ਜੀਵਨ ਵਾਲੇ ਸ਼ੁੱਭ ਗੁਣਾ ਨੂੰ ਨਸ਼ਟ ਕਰ ਦਿੰਦੀ ਹੈ। ਕਿੱਡੀ ਬਦਕਿਸਮਤੀ ਹੈ ਕਿ ਮਨੁੱਖ ਦਾ ਸਭ ਤੋਂ ਵੱਧ ਮੋਹ ਉਸੇ ਮਾਇਆ ਨਾਲ ਹੀ ਹੈ:---

੨੩- **ਮਾਇਆ ਮੋਹਿ ਸਗਲ ਜਗੁ ਛਾਇਆ ॥ ਕਾਮਣਿ ਦੇਖਿ ਕਾਮਿ ਲੋਭਾਇਆ ॥**
**ਸੁਤ ਕੰਚਨ ਸਿਉ ਹੇਤੁ ਵਧਾਇਆ ॥ ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥ ੧ ॥**[੧੩੪੨]-੨

੨੩- **ਮਾਇਆ ਮੋਹ ਅਗਿਆਨੁ ਗੁਬਾਰੁ ॥ ਮਨਮੁਖ ਮੋਹੇ ਮੁਗਧ ਗਵਾਰ ॥**
**ਅਨਦਿਨੁ ਧੰਧਾ ਕਰਤ ਵਿਹਾਇ ॥ ਮਰਿ ਮਰਿ ਜੰਮਹਿ ਮਿਲੈ ਸਜਾਇ ॥ ੨ ॥**[੧੨੬੨]-੩-੧੨

੨੪- **ਕਉਡੀ ਬਦਲੈ ਤਿਆਗੈ ਰਤਨੁ ॥ ਛੋਡਿ ਜਾਇ ਤਾਹੂ ਕਾ ਜਤਨੁ ॥ ਸੋ ਸੰਚੈ ਜੋ ਹੋਛੀ ਬਾਤ ॥ ਮਾਇਆ ਮੋਹਿਆ ਟੇਢਉ ਜਾਤ ॥ ਅਭਾਗੇ ਤੈ ਲਾਜ ਨਾਹੀ ॥ ਸੁਖ ਸਾਗਰ ਪੂਰਨ ਪਰਮੇਸਰੁ ਹਰਿ ਨ ਚੇਤਿਓ ਮਨ ਮਾਹੀ ॥ ੧ ॥**[੮੯੨]-੨੧-੩੨

੨੫- **ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ ॥ ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮ ॥ ੧ ॥**[੧੦੯੩]-ਵਾ-੨੧

ਮਾਇਆ ਵਿਚ ਫਸੇ ਰਹਿਣ ਵਾਲੀ ਮਨ ਦੀ ਇਸ ਹਾਲਤ ਨੂੰ ਦਰਸਾ ਕੇ ਪ੍ਰਭੂ ਦਾ ਚੇਤਾ ਕਰਾਉਣ ਲਈ, ਸਤਿਗੁਰਾਂ ਨੇ ਏਹੀ ਸਲੋਕ ਦੂਜੀ ਵਾਰ, ' ਵਾਰਾਂ ਤੋਂ ਵਧੀਕ ' ਬਾਣੀ ਵਿਚ ਵੀ ਲਿਖਿਆ ਹੈ:-

੨੬- **ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ ॥ ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮਿ ॥ ੧੯ ॥**[੧੪੨੬]

ਇਸ ਮਾਇਆ-ਮੋਹ ਦੀ ਅਸਲੀਅਤ ਦਾ ਪਤਾ ਗੁਰਮੁਖਾਂ ਨੂੰ ਹੀ ਲੱਗਦਾ ਹੈ:--

੨੭- **ਮਾਇਆ ਮੋਹਿ ਨਟਿ ਬਾਜੀ ਪਾਈ ॥**
**ਮਨਮੁਖ ਅੰਧ ਰਹੇ ਲਪਟਾਈ ॥ ਗੁਰਮੁਖਿ ਅਲਿਪਤ ਰਹੇ ਲਿਵ ਲਾਈ ॥ ੫ ॥**[੨੩੦]-੩

**ਅਰਥ:**--(ਜਿਵੇਂ ਜਦੋਂ ਕੋਈ ਨਟ ਬਾਜੀ ਪਾਉਂਦਾ ਹੈ ਤਾਂ ਲੋਕ ਤਮਾਸ਼ਾ ਵੇਖਣ ਆ ਜੁੜਦੇ ਹਨ, ਤਿਵੇਂ) ਪ੍ਰਭੂ ਨਟ ਨੇ ਮਾਇਆ ਦੇ ਮੋਹ ਦੀ ਰਾਹੀਂ ਇਹ (ਜਗਤ ਰਚਨਾ ਦਾ) ਤਮਾਸ਼ਾ ਰਚ ਦਿੱਤਾ ਹੈ, (ਇਸ ਨੂੰ ਵੇਖ ਵੇਖ ਕੇ) ਆਪਣੇ ਮਨ ਦੇ ਪਿੱਛੇ ਤੁਰਨ ਵਾਲੇ (ਮਾਇਆ ਦੇ ਮੋਹ ਵਿਚ) ਅੰਨ੍ਹੇ ਹੋਏ ਮਨੁੱਖ (ਇਸ ਤਮਾਸ਼ੇ ਨਾਲ) ਚੰਬੜ ਰਹੇ ਹਨ, ਪਰ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ (ਪ੍ਰਭੂ-ਚਰਨਾਂ ਵਿਚ) ਸੁਰਤਿ ਜੋੜ ਕੇ (ਇਸ ਤਮਾਸ਼ੇ ਤੋਂ) ਨਿਰਲੇਪ ਰਹਿੰਦੇ ਹਨ । ੫ ।

ਅਜੇਹੇ ਕੀਮਤੀ ਰਤਨ-ਉਪਦੇਸ਼ਾਂ ਨਾਲ ਭਰਪੂਰ ਗੁਰੂ ਗ੍ਰੰਥ ਸਾਹਿਬ ਦੇ ਸਿੱਖਾਂ ਲਈ ਜ਼ਰੂਰੀ ਬਣਦਾ ਸੀ ਕਿ ਉਹ ਆਪਣੇ ਗੁਰੂ ਦੇ ਗਿਆਨ ਦਾ ਸਦਕਾ ਅਜੇਹੇ ਆਚਰਨ ਦਾ ਮਾਲਕ, ਅਥਵਾ ਅਜੇਹੀ ਉੱਚੀ ਸੁੱਚੀ ਜੀਵਨ ਜੁਗਤ ਦਾ ਮਾਲਕ ਬਣ ਜਾਂਦਾ ਕਿ, ਸੰਸਾਰ ਦਾ ਮਨੁੱਖ ਗੁਰੂ ਨਾਨਕ ਜੀ ਦਾ ਸਿੱਖ ਬਣ ਜਾਣ ਲਈ ਕਾਹਲਾ ਪੈ ਜਾਂਦਾ । ਪਰ ਮਾਇਆ ਦੇ ਮੋਹ ਕਾਰਨ ਕਥਿਤ-ਸਿੱਖ ਦੀ ਵਿਗੜੀ ਘਰੋਗੀ ਜੀਵਨ-ਜੁਗਤ ਦਾ ਤਾਂ ਕਹਿਣਾ ਹੀ ਕੀ ਹੈ, ਗੁਰੂ ਦੁਆਰਿਆਂ ਵਿਚ ਮਾਇਆ-ਨਾਗਨੀ ਦਾ ਅਜੇਹਾ ਸ਼ਰਮਨਾਕ, ਨੰਗਾ ਨਾਚ ਹੋ ਰਿਹਾ ਹੁੰਦਾ ਹੈ ਕਿ ਵੇਖ-ਸੁਣ ਕੇ ਲੋਕ, ਸਿੱਖੀ ਨੂੰ ਮਖ਼ੌਲ ਕਰ ਰਹੇ ਹੁੰਦੇ ਹਨ । ਗੁਰਦੁਆਰਾ-ਕਮੇਟੀ ਦੀ **ਚੌਧਰ-ਰੂਪ ਮਾਇਆ** ਤੇ ਜੱਫਾ ਪਾ ਲੈਣ ਦੀ ਭੁੱਖ ਵਿਚ ਅਰੰਭੀਆਂ ਦੋੜਾਂ ਦੇ ਕਾਰਨ, ਸੰਸਾਰ ਦੇ ਲਗ-ਪਗ ਸਾਰੇ ਗੁਰੂ ਘਰਾਂ ਦੀ ਸੰਗਤ, ਆਪਸੀ ਫੁੱਟ ਵਿਚ ਅਜੇਹੀ ਵੰਡੀ ਹੋਈ ਹੈ ਕੇ, ਕਈ ਕਈ ਧੜੇ ਬਣ ਚੁੱਕੇ ਹਨ । ਮਾਇਆ ਦੇ ਹੀ ਮੋਹ ਦੇ ਕਾਰਨ ਅੱਜ ਕਿਸੇ ਵੀ ਗੁਰੂ ਦਰਬਾਰ ਬਾਰੇ ਯਕੀਨ ਨਾਲ ਨਹੀਂ ਕਿਹਾ ਜਾ ਸਕਦਾ ਕਿ ਉਥੇ ਗੁਰੂ ਮਹਾਰਾਂਜ ਦੀ ਹਜ਼ੂਰੀ ਵਿਚ, ਬੋਲ-ਕਬੋਲ, ਹੂਰਾ-ਮੁੱਕੀ ਆਦਿ ਕਦੇ ਨਾ ਹੋਇਆ ਹੋਵੇਗਾ । ਸਤਿਗੁਰਾਂ ਦਾ ਆਦਰ ਸਤਿਕਾਰ ਭੁੱਲ ਕੇ, " **ਇਕ ਦੂਜੇ ਦੀ ਪਿੱਠ ਲਾਉਣ ਵਿਚ ਮੋਹਰੀ ਹੋਣਾ** ", ਗੁਰੂ ਸੰਗਤਿ ਵਲੋਂ ਚੁਣੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ, **ਧਰਮ ਬਣ ਚੁੱਕਾ ਹੈ** । ਮਾਇਆ ਦੇ ਮੋਹ ਨੇ ਉਸ ਗੁਰੂ ਦੇ ਸਿੱਖ ਦਾ ਗਿਆਨ ਰਤਨ ਚੁਰਾ ਲਿਆ ਹੋਇਆ ਹੈ ਜਿਸ ਅਨੂਪਮ ਸਤਿਗੁਰਾਂ ਦਾ ਫੁਰਮਾਨ ਚੇਤਾਵਣੀ ਦੇ ਰਿਹਾ ਹੈ ਕਿ--ਹੇ ਭਾਈ ! ਮਾਇਆ ਦੇ ਮੋਹ ਵਿਚ ਨਾ ਫਸ । ਇਸ ਦੇ ਮੋਹ ਵਿਚ ਫਸ ਕੇ ਤੂੰ ਆਪਣਾ ਗਿਆਨ ਰੂਪੀ ਰਤਨ ਗੁਆ ਕੇ ਪਤੰਗੇ ਪਸ਼ੂ ਵਾਂਗ ਅੱਗ ਵਿਚ ਪੈ ਮਰੇਂਗਾ :----

੨੮- **" ਬਾਬਾ, ਮਾਇਆ ਮੋਹ ਹਿਤੁ ਕੀਨ੍ ॥ ਜਿਨਿ ਗਿਆਨੁ ਰਤਨੁ ਹਿਰਿ ਲੀਨ੍ ॥ ੧ ॥ ਰਹਾਉ ॥**
**ਨੈਨ ਦੇਖਿ ਪਤੰਗੁ ਉਰਝੈ, ਪਸੁ ਨ ਦੇਖੈ ਆਗਿ ॥ ਕਾਲ ਫਾਸ ਨ ਮੁਗਧੁ ਚੇਤੈ, ਕਨਿਕ ਕਾਮਿਨਿ ਲਾਗਿ ॥ ੨ ॥**[੪੮੨]-੫-੨੭

੫

## ਬਾਬਾ ਮਾਇਆ ਸਾਥਿ ਨ ਹੋਇ ॥

ਹਿੰਦੂ ਧਰਮ ਦੇ ਆਦਿ ਗੁਰੂ, ਬਿੱਪ੍ਰ ਜੀ ਨੇ ਮਾਇਆ ਨੂੰ ਵਿਸ਼ਨੂੰ ਭਗਵਾਨ ਦੀ ਘਰਦੀ ਦੱਸ ਕੇ ਇਸ ਦੀ ਪੂਜਾ ਕਰਵਾਉਣੀ ਅਰੰਭ ਕੀਤੀ ਹੋਈ ਹੈ । ਦੀਵਾਲੀ ਵਾਲੇ ਦਿਨ ਮਾਇਆ ਧਾਰੀ ਹਿੰਦੂ ਇਸ ਦੇਵੀ ਦੀ ਉਚੇਚੀ ਪੂਜਾ ਕਰਦਾ ਹੈ । ਜਿੰਨੀ ਮਰਜ਼ੀ ਹੈ ਇਸ ਦੀ ਪੂਜਾ ਕਰੋ ਪਰ ਇਸ ਕਥਿਤ ਲਛਮੀ-ਦੇਵੀ ਨੇ ਸਾਥ ਨਹੀਂ ਨਿਭਾਉਣਾ । ਸਗੋਂ ਜਿਸ ਮਨੁੱਖ ਨੂੰ ਵੀ ਲੋੜ ਤੋਂ ਵੱਧ, ਇਸ " ਮਾਇਆ ਦੇਵੀ " ਦੇ, ਖੁਲ੍ਹੇ ਦਰਸ਼ਨ ਹੋਏ, ਉਹ ਹੰਕਾਰੀ ਅਤੇ ਵਿਕਾਰੀ ਬਣ ਕੇ ਬਦਨਾਮ ਹੋਇਆ ਅਤੇ ਪ੍ਰਭੂ ਦੀ ਨੇੜਤਾ ਪ੍ਰਾਪਤ ਨਾ ਕਰ ਸਕਿਆ । ਸਤਿਗੁਰਾਂ ਦਾ ਫ਼ੁਰਮਾਨ ਹੈ ਕਿ

ਜਿਸ ਮਾਇਆ ਨੇ ਸਾਰੇ ਜਗਤ ਨੂੰ ਆਪਣੇ ਮੋਹ-ਜਾਲ ਵਿਚ ਫਸਾਇਆ ਹੋਇਆ ਹੈ ਉਹ ਕਦੇ ਸਾਥ ਨਹੀਂ ਨਿਭਦੀ--**ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥** [੫੯੫] ਆਉ ਗੁਰਮਤਿ ਦੇ ਇਸ ਸਿਧਾਂਤ ਨੂੰ ਦ੍ਰਿੜ ਕਰ ਕੇ ਗੁਰੂ-ਉਪਦੇਸ਼ ਨੂੰ ਆਪਣੇ ਜੀਵਨ ਵਿਚ ਢਾਲਣ ਜੋਗੇ ਬਣਨ ਦਾ ਯਤਨ ਕਰੀਏ:--

੨੯- **ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥ ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥ ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥ ਬਿਨੁ ਨਾਵੈ ਕਿਛੁ ਸੰਗਿ ਨ ਜਾਨਾ ॥੧॥ ਰਹਾਉ ॥ ਕੀਚਹਿ ਰਸ ਭੋਗ ਖੁਸ਼ੀਆ ਮਨ ਕੇਰੀ ॥ ਧਨੁ ਲੋਕਾਂ ਤਨੁ ਭਸਮੈ ਢੇਰੀ ॥ ਖਾਕੂ ਖਾਕੁ ਰਲੈ ਸਭੁ ਫੈਲੁ ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥ ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ ਦੂਜੀ ਦੁਰਮਤਿ ਦਰਦੁ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥ ੩ ॥ ਧੋਤੀ ਊਜਲ ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਾਟਸਾਲਾ ॥ ਨਾਮ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥ ੪ ॥ ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥ ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥ ੫ ॥ ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥ ਸਾਚੀ ਦਰਗਹ ਪੂਛ ਨ ਹੋਇ ॥ ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥ ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥ ਰਹੈ ਰਜਾਈ ਹੁਕਮੁ ਪਛਾਣੈ ॥ ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥ ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥ ਨਾ ਓਹੁ ਆਵੈ ਨਾ ਓਹੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥। ੮ ॥**[੮੩੨]-੨

**ਪਦ ਅਰਥ:**--ਮਨਸਾ--ਬੁੱਧੀ, ਅਕਲ । ਉਚਰੈ--ਗੱਲਾਂ ਕਰਦਾ ਹੈ । ਮਦਿ--ਮਦ ਵਿਚ, ਨਸ਼ੇ ਵਿਚ । ਮਾਤੇ--ਮਸਤ ਹੋਏ ਨੂੰ । ਮੁਕਤਿ--ਮਾਇਆ-ਮੋਹ ਤੋਂ ਖ਼ਲਾਸੀ। **੧** । ਕਲਤੁ--ਇਸਤ੍ਰੀ । ਅਭਿਮਾਨਾ--ਹੇ ਅਭਿਮਾਨੀ । **ਰਹਾਉ** । ਭਸਮੈ--ਸੁਆਹ ਦੀ । ਖ਼ਾਕੂ--ਮਿੱਟੀ ਵਿਚ । ਫੈਲੁ--ਪਸਾਰਾ । **੨** । ਘਨ--ਬਹੁਤ । ਕੂਰੇ--ਕੂੜੇ, ਝੂਠੇ । ਉਪਜੈ ਬਿਨਸੈ--(ਜੀਵ) ਜੰਮਦਾ ਮਰਦਾ ਹੈ ।ਦੂਜੀ--ਪ੍ਰਭੂ ਤੋਂ ਬਿਨਾ ਹੋਰ ਆਸਰੇ ਦੀ ਝਾਕ। **੩** । ਨਾਟਸਾਲਾ--ਨਾਟ-ਘਰ, ਜਿਥੇ ਨਾਟ ਸਿਖਾਇਆ ਜਾਂਦਾ ਹੈ । ਮਦੁ--ਸ਼ਰਾਬ । **੪** । ਸੂਕਰ--ਸੂਰ । ਸੁਆਨ--ਕੁੱਤੇ । ਗਰਧਭ--ਖੋਤੇ । ਮੰਜਾਰਾ--ਬਿੱਲੇ । **੫** । ਲਹੈ--ਪ੍ਰਾਪਤ ਕਰਦਾ ਹੈ । ਪਦਾਰਥੁ--ਨਾਮ-ਵਸਤੁ । ਕਿਰਤਾਰਥੁ--ਸਫ਼ਲ, ਕਾਮਯਾਬ । ਸੀਝੈ--ਸਫ਼ਲ ਹੁੰਦਾ ਹੈ। **੬** । ਕਾਲ ਬਿਕਾਲ--ਮੌਤ ਤੇ ਜਨਮ, ਜਨਮ ਮਰਨ । **੭** । ਅਤੀਤੁ--ਨਿਰਲੇਪ, ਤਿਆਗੀ । ਤਿਸ ਕਾ--ਉਸ ਪਰਮਾਤਮਾ ਦਾ । ੮ ।

੩੦- **ਨਾ ਤਨੁ ਤੇਰਾ ਨਾ ਮਨੁ ਤੋਹਿ ॥ ਮਾਇਆ ਮੋਹਿ ਬਿਆਪਿਆ ਧੋਹਿ ॥ ਕੁਦਮ ਕਰੈ ਗਾਡਰ ਜਿਉ ਛੇਲ ॥ ਅਚਿੰਤੁ ਜਾਲੁ ਕਾਲੁ ਚਕ੍ਰੁ ਪੇਲ ॥ ੧ ॥ ਹਰਿ ਚਰਨ ਕਮਲ ਸਰਨਾਇ ਮਨਾ ॥ ਰਾਮਨਾਮੁ ਜਪਿ ਸੰਗਿ ਸਹਾਈ ਗੁਰਮੁਖਿ ਪਾਵਹਿ ਸਾਚੁ ਧਨਾ ॥ ੧ ॥ ਰਹਾਉ ॥ ਊਨੇ ਕਾਜ ਨ ਹੋਵਤ ਪੂਰੇ ॥ ਕਾਮਿ ਕ੍ਰੋਧਿ ਮਦਿ ਸਦ ਹੀ ਝੂਰੇ ॥ ਕਰੈ ਬਿਕਾਰ ਜੀਅਰੇ ਕੇ ਤਾਈ ॥ ਗਾਫਲ ਸੰਗਿ ਨ ਤਸੂਆ ਜਾਈ ॥ ੨ ॥ ਧਰਤ ਧੋਹ ਅਨਿਕ ਛਲ ਜਾਨੈ ॥ ਕਉਡੀ ਕਉਡੀ ਕਉ ਖਾਕੁ ਸਿਰਿ ਛਾਨੈ ॥ ਜਿਨਿ ਦੀਆ ਤਿਸੈ ਨ ਚੇਤੈ ਮੂਲਿ ॥ ਮਿਥਿਆ ਲੋਭੁ ਨ ਉਤਰੈ ਸੂਲੁ ॥ ੩ ॥ ਪਾਰਬ੍ਰਹਮ ਜਬ ਭਏ ਦਇਆਲ ॥ ਇਹੁ ਮਨੁ ਹੋਆ ਸਾਧ ਰਵਾਲ ॥ ਹਸਤ ਕਮਲ ਲੜਿ ਲੀਨੋ ਲਾਇ ॥ ਨਾਨਕ ਸਾਚੈ ਸਾਚਿ ਸਮਾਇ ॥ ੪ ॥**[੮੯੯]-੫੧-੫੨

**ਪਦ ਅਰਥ:**--ਤੋਹਿ--ਤੇਰਾ । ਬਿਆਪਿਆ--ਫਸਿਆ ਹੋਇਆ । ਧੋਹਿ--ਠੱਗੀ ਵਿਚ । ਕੁਦਮ--ਕਲੋਲ । ਗਾਡਰ--ਭੇਡ । ਛੇਲ--ਛੇਲਾ । ਅਚਿੰਤ--ਅਚਨਚੇਤ । ਕਾਲ--ਮੌਤ । ਪੇਲ--ਧੱਕ ਦਿੰਦਾ ਹੈ, ਚਲਾ ਦਿੰਦਾ ਹੈ। **੧** । ਤਸੂਆ--ਰਤਾ ਵੀ **੦ ੨** । ਧਰਤ ਧੋਹ--ਠੱਗੀ ਕਰਦਾ ਹੈ । ਮਿਥਿਆ ਲੋਭੁ--ਨਾਸਵੰਤ ਪਦਾਰਥਾਂ ਦਾ ਲੋਭ । ਸੂਲੁ--ਚੋਭ । **੩** । ਸਾਧ ਰਵਾਲ--ਗੁਰੂ ਦੀ ਚਰਨ ਧੂੜ । ਹਸਤ--ਹੱਥ । ਸਮਾਇ--ਲੀਨ ਰਹਿੰਦਾ ਹੈ । ੪ ।

੩੧- **ਪੁਤੁ ਕਲਤ੍ਰੁ ਲਖਿਮੀ ਦੀਸੈ ਇਨ ਮਹਿ ਕਿਛੂ ਨ ਸੰਗਿ ਲੀਆ ॥**
**ਬਿਖੈ ਠਗਉਰੀ ਖਾਇ ਭੁਲਾਨਾ ਮਾਇਆ ਮੰਦਰੁ ਤਿਆਗਿ ਗਇਆ ॥ ੧ ॥**[੯੦੦]-੪੪-੫੫

੩੨- **ਰੂਪ ਰੰਗ ਸੁਗੰਧ ਭੋਗ ਤਿਆਗਿ ਚਲੇ ਮਾਇਆ ਛਲੇ ਕਨਿਕ ਕਾਮਿਨੀ ॥ ੧ ॥ ਰਹਾਉ ॥ ਭੰਡਾਰ ਦਰਬ ਅਰਥ ਖਰਬ ਪੇਖਿ ਲੀਲਾ ਮਨੁ ਸਧਾਰੈ ॥ ਨਹ ਸੰਗਿ ਗਾਮਨੀ ॥ ੧ ॥ ਸੁਤ ਕਲਤ੍ਰ ਭ੍ਰਾਤ ਮੀਤ ਉਰਝਿ ਪਰਿਓ ਭਰਮਿ ਮੋਹਿਓ ਇਹ ਬਿਰਖ ਛਾਮਨੀ ॥ ਚਰਨ ਕਮਲ ਸਰਨ ਨਾਨਕ ਸੁਖੁ ਸੰਤ ਭਾਵਨੀ ॥ ੨ ॥**[੯੦੧]-੨-੬੦

**ਪਦ ਅਰਥ:**--ਕਨਿਕ--ਸੋਨਾ । ਕਾਮਿਨੀ--ਇਸਤ੍ਰੀ । **ਰਹਾਉ** । ਭੰਡਾਰ--ਖ਼ਜ਼ਾਨੇ । ਦਰਬ--ਧਨ । ਅਰਬ ਖਰਬ--ਬੇਅੰਤ । ਪੇਖਿ--ਵੇਖ ਕੇ । ਲੀਲਾ--ਖੇਡ । ਮਨੁ ਸਧਾਰੇ--ਮਨ ਢਾਰਸ ਬਨਾਉਂਦਾ ਹੈ । ਗਾਮਿਨੀ--ਜਾਂਦਾ। **੧** । ਸੁਤ--ਪੁੱਤਰ । ਕਲਤ੍ਰ--ਇਸਤ੍ਰੀ । ਭਰਾਤ--ਭਰਾ । ਉਰਝਿ ਪਰਿਓ--ਉਲਝਿਆ ਪਿਆ ਹੈ, ਫਸਿਆ ਹੋਇਆ ਹੈ । ਬਿਰਖਾ ਛਾਮਨੀ--ਰੁੱਖ ਦੀ ਛਾਂ । ਸੰਤ ਭਾਵਨੀ--ਸੰਤਾਂ ਨੂੰ ਚੰਗਾ ਲੱਗਦਾ ਹੈ । ੨ ।

੩੩- **ਸ੍ਰਿਸਟੇ ਭੇਉ ਨ ਜਾਣੈ ਕੋਇ ॥ ਸ੍ਰਿਸਟਾ ਕਰੈ, ਸੁ ਨਿਹਚਉ ਹੋਇ ॥ ਸੰਪੈ ਕਉ, ਈਸਰੁ ਧਿਆਈਐ ॥**
**ਸੰਪੈ ਪੁਰਬਿ ਲਿਖੇ ਕੀ ਪਾਈਐ ॥ ਸੰਪੈ ਕਾਰਣਿ ਚਾਕਰ ਚੋਰ ॥ ਸੰਪੈ ਸਾਥਿ ਨ ਚਾਲੈ ਹੋਰ ॥**
**ਬਿਨੁ ਸਾਚੇ, ਨਹੀ ਦਰਗਹ ਮਾਨੁ ॥ ਹਰਿ ਰਸੁ ਪੀਵੈ, ਛੁਟੈ ਨਿਦਾਨਿ ॥ ੫੦ ॥**[੯੩੭]-ਓ

**ਅਰਥ:**--ਕੋਈ ਜੀਵ ਸ੍ਰਿਸਟੇ (-ਸਿਰਜਣਹਾਰ-ਪ੍ਰਭੂ) ਦਾ ਭੇਤ ਕੋਈ ਨਹੀਂ ਪਾ ਸਕਦਾ (ਤੇ, ਕੋਈ ਉਸ ਦੀ ਰਜ਼ਾ ਵਿਚ ਦਖ਼ਲ ਨਹੀਂ ਦੇ ਸਕਦਾ, ਕਿਉਂਕਿ ਜਗਤ ਵਿਚ) ਜ਼ਰੂਰ ਉਹੀ ਹੁੰਦਾ ਹੈ ਜੋ ਸਿਰਜਣਹਾਰ-ਕਰਤਾਰ ਕਰਦਾ ਹੈ । (ਸਿਰਜਣਹਾਰ ਦੀ ਇਕ ਅਜਬ ਖੇਡ ਹੈ ਕਿ ਆਮ ਤੌਰ ਤੇ ਮਨੁੱਖ) ਧਨ ਦੀ ਖਾਤਰ ਪਰਮਾਤਮਾ ਨੂੰ ਧਿਆਉਂਦਾ ਹੈ, ਤੇ ਹੁਣ ਤਕ ਦੀ ਕੀਤੀ ਮਿਹਨਤ ਦੇ ਲਿਖੇ ਅਨੁਸਾਰ ਧਨ ਮਿਲ ਜਾਂਦਾ ਹੈ । ਧਨ ਦੀ ਖਾਤਰ ਮਨੁੱਖ ਦੂਜਿਆਂ ਦੇ ਨੌਕਰ ਬਣਦੇ ਹਨ, ਚੋਰ ਵੀ ਬਣਦੇ ਹਨ (ਭਾਵ, ਚੋਰੀ ਵੀ ਕਰਦੇ ਹਨ) । ਪਰ ਧਨ ਕਿਸੇ ਦੇ ਨਾਲ ਨਹੀਂ ਨਿਭਦਾ, (ਮਰਨ ਤੇ) ਹੋਰਨਾ ਦਾ ਬਣ ਜਾਂਦਾ ਹੈ । ਸਦਾ ਥਿਰ ਰਹਿਣ ਵਾਲੇ ਗੋਪਾਲ (ਦੇ ਨਾਮ) ਤੋਂ ਬਿਨਾ ਉਸ ਦੀ ਹਜ਼ੂਰੀ ਵਿਚ ਆਦਰ ਨਹੀਂ ਮਿਲਦਾ । ਜੋ ਮਨੁੱਖ ਪਰਮਾਤਮਾ ਦੇ ਨਾਮ ਦਾ ਰਸ ਪੀਂਦਾ ਹੈ ਉਹ (ਸੰਪੈ-ਧਨ ਦੇ ਮੋਹ ਤੋਂ) ਅੰਤ ਨੂੰ ਬਚ ਜਾਂਦਾ ਹੈ । ੫੦ ।

੩੪- **ਮਿਲਿ ਮਾਤ ਪਿਤਾ ਪਿੰਡੁ ਕਮਾਇਆ ॥ ਤਿਨਿ ਕਰਤੈ ਲੇਖੁ ਲਿਖਾਇਆ ॥ ਲਿਖੁ ਦਾਤਿ ਜੋਤਿ ਵਡਿਆਈ ॥ ਮਿਲਿ ਮਾਇਆ ਸੁਰਤਿ ਗਵਾਈ ॥ ੧ ॥ ਮੂਰਖ ਮਨ ਕਾਹੇ ਕਰਸਹਿ ਮਾਣਾ ॥ ਉਠਿ ਚਲਣਾ ਖਸਮੈ ਭਾਣਾ ॥ ੧ ॥ ਰਹਾਉ ॥ ਤਜਿ ਸਾਦ ਸਹਜ ਸੁਖੁ ਹੋਈ ॥ ਘਰ ਛਡਣੇ ਰਹੈ ਨ ਕੋਈ ॥ ਕਿਛੁ ਖਾਜੈ ਕਿਛੁ ਧਰਿ ਜਾਈਐ ॥ ਜੇ ਬਾਹੁੜਿ ਦੁਨੀਆ ਆਈਐ ॥ ੨ ॥ ਸਜੁ ਕਾਇਆ ਪਟੁ ਹਢਾਏ ॥ ਫੁਰਮਾਇਸਿ ਬਹੁਤੁ ਚਲਾਏ ॥ ਕਰਿ ਸੇਜ ਸੁਖਾਲੀ ਸੋਵੈ ॥ ਹਥੀ ਪਉਦੀ ਕਾਹੇ ਰੋਵੈ ॥ ੩ ॥ ਘਰੁ ਘੁੰਮਣਵਾਣੀ ਭਾਈ ॥ ਪਾਪ ਪਥਰ ਤਰਣੁ ਨ ਜਾਈ ॥ ਭਉ ਬੇੜਾ ਜੀਉ ਚੜਾਉ ॥ ਕਹੁ ਨਾਨਕ ਦੇਵੈ ਕਾਹੂ ॥ ੪ ॥** [੯੨੯]-੨

੩੫- **ਮਾਇਆ ਸਾਥਿ ਨ ਚਲਈ ਕਿਆ ਲਪਟਾਵਹਿ ਅੰਧ ॥**
**ਗੁਰ ਕੇ ਚਰਣ ਧਿਆਇ ਤੂ ਤੂਟਹਿ ਮਾਇਆ ਬੰਧ ॥ ੨ ॥**[੧੦੯੩]-ਵਾ-੨੧

੩੬- **ਕਾਹੇ ਮਾਲੁ ਦਰਬੁ ਦੇਖਿ ਗਰਬਿ ਜਾਹਿ ॥ ਚਲਤੀ ਬਾਰ ਤੇਰੋ ਕਛੂ ਨਾਹਿ ॥ ੪ ॥** [੧੧੮੯]-੫

੩੭- **ਕਬੀਰ ਕਉਡੀ ਕਉਡੀ ਜੋਰਿ ਕੈ, ਜੋਰੇ ਲਾਖ ਕਰੋਰਿ ॥**
**ਚਲਤੀ ਬਾਰ ਨ ਕਛੁ ਮਿਲਿਓ, ਲਈ ਲੰਗੋਟੀ ਤੋਰਿ ॥ ੧੪੪ ॥**[੧੩੭੨]

**ਅਰਥ:**--ਹੇ ਕਬੀਰ !(ਪ੍ਰਭੂ ਨਾਲੋਂ ਟੁੱਟ ਕੇ ਨਿਰੀ ਮਾਇਆ ਜੋੜਨ ਦਾ ਵੀ ਕੀ ਲਾਭ ?) ਜਿਸ ਮਨੁੱਖ ਨੇ ਤਰਲਿਆਂ ਨਾਲ ਜੋੜ ਕੇ ਲੱਖਾਂ ਕਰੋੜਾਂ ਰੁਪਏ ਵੀ ਇਕੱਠੇ ਕਰ ਲਏ ਹੋਣ ਮਰਨ ਵੇਲੇ ਕੁਝ ਪ੍ਰਾਪਤ ਨਹੀਂ ਹੁੰਦਾ (ਉਸ ਦੇ ਸੰਬੰਧੀ) ਉਸ ਦੀ ਲੰਗੋਟੀ ਤੱਕ ਤੋੜ (ਫਰੋਲ) ਲੈਂਦੇ ਹਨ (ਕਿ ਲੰਗੋਟੀ ਵਿਚ ਹੀ ਕੋਈ ਧਨ ਨਾ ਬੱਧਾ ਹੋਇਆ ਹੋਵੇ ?)

੩੮- **ਰੇ ਨਰ ਇਹ ਸਾਚੀ ਜੀਅ ਧਾਰਿ ॥ ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ**
**ਨ ਬਾਰ ॥ ੧ ॥ ਰਹਾਉ ॥ ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ**
**ਚਾਰਿ ॥ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ ॥ ੧ ॥**[੬੩੩]-੮

**ਅਰਥ:**--ਹੇ ਮਨੁੱਖ ਤੂੰ ਆਪਣੇ ਦਿਲ ਵਿਚ ਇਹ ਪੱਕੀ ਗਲ ਟਿਕਾ ਲੈ, (ਕਿ) ਸਾਰਾ ਸੰਸਾਰ ਸੁਪਨੇ ਵਰਗਾ ਹੈ, (ਇਸ ਦੇ) ਨਾਸ ਹੁੰਦਿਆਂ ਚਿਰ ਨਹੀਂ ਲੱਗਦਾ । ੧ । ਰਹਾਉ । ਹੇ ਭਾਈ ! ਰੇਤ ਦੀ ਭੀਤਿ (-ਕੰਧ) ਉਸਾਰ ਕੇ ਪੋਚ ਕੇ ਤਿਆਰ ਕੀਤੀ ਹੋਵੇ, ਪਰ ਉਹ ਕੰਧ ਚਾਰ ਦਿਨ ਵੀ ਟਿਕੀ ਨਹੀਂ ਰਹਿੰਦੀ । ਇਸ ਮਾਇਆ ਦੇ ਸੁਖ ਵੀ ਉਸ (ਰੇਤ ਦੀ ਕੰਧ) ਵਰਗੇ ਹੀ ਹਨ । ਤੂੰ ਇਨ੍ਹਾਂ ਸੁਖਾਂ ਵਿਚ ਕਿਉਂ ਮਸਤ ਹੋ ਰਿਹਾ ਹੈਂ ? ੧ ।

੩੯- **ਧਨੁ ਸੰਪੈ ਮਾਇਆ ਸੰਚੀਐ ਅੰਤੇ ਦੁਖਦਾਈ ॥ ਘਰ ਮੰਦਰ ਮਹਲ ਸਵਾਰੀਅਹਿ ਕਿਛੁ ਸਾਥਿ ਨ ਜਾਈ ॥**
**ਹਰਿ ਰੰਗੀ ਤੁਰੇ ਨਿਤ ਪਾਲੀਅਹਿ ਕਿਤੈ ਕਾਮਿ ਨ ਆਈ ॥ ਜਨ ਲਾਵਹੁ ਚਿਤੁ ਹਰਿ ਨਾਮ ਸਿਉ**
**ਅੰਤਿ ਹੋਇ ਸਖਾਈ ॥ ਜਨ ਨਾਨਕ ਨਾਮੁ ਧਿਆਇਆ ਗੁਰਮੁਖਿ ਸੁਖੁ ਪਾਈ ॥ ੧੫ ॥**[੬੪੮]-ਵਾਰ

੪੦- **ਮਾਈ ਮਾਇਆ ਛਲੁ ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ ॥ ਰਹਾਉ ॥**[੭੧੭]-੭-੨੬

੪੧- **ਕਹਾ ਨਰ ਗਰਬਸਿ ਥੋਰੀ ਬਾਤ ॥ ਮਨ ਦਸ ਨਾਜੁ ਟਕਾ ਚਾਰਿ ਗਾਂਠੀ, ਐਂਡੌ ਟੇਢੌ ਜਾਤੁ ॥ ੧ ॥ ਰਹਾਉ**
**॥ ਬਹੁਤੁ ਪ੍ਰਤਾਪੁ, ਗਾਂਉ ਸਉ ਪਾਏ, ਦੁਇ ਲਖ ਟਕਾ ਬਰਾਤ ॥ ਦਿਵਸ ਚਾਰਿ ਕੀ ਕਰਹੁ ਸਾਹਿਬੀ,**
**ਜੈਸੇ ਬਨਹਰ ਪਾਤ ॥ ੧ ॥ ਨਾ ਕੋਊ ਲੈ ਆਇਓ ਇਹੁ ਧਨੁ, ਨਾ ਕੋਊ ਲੈ ਜਾਤੁ ॥ ਰਾਵਨ ਹੂੰ ਤੇ ਅਧਿਕ**
**ਛਤ੍ਰਪਤਿ, ਖਿਨ ਮਹਿ ਗਏ ਬਿਲਾਤ ॥ ੨ ॥ ਹਰਿ ਕੇ ਸੰਤ ਸਦਾ ਥਿਰੁ ਪੂਜਹੁ, ਜੋ ਹਰਿ ਨਾਮੁ ਜਪਾਤ ॥**
**ਜਿਨ ਕਉ ਕ੍ਰਿਪਾ ਕਰਤ ਹੈ ਗੋਬਿੰਦੁ, ਤੇ ਸਤਸੰਗਿ ਮਿਲਾਤ ॥ ੩ ॥ ਮਾਤ ਪਿਤਾ ਬਨਿਤਾ ਸੁਤ ਸੰਪਤਿ,**
**ਅੰਤਿ ਨ ਚਲਤ ਸੰਗਾਤ ॥ ਕਹਤ ਕਬੀਰੁ ਰਾਮ ਭਜੁ ਬਉਰੇ, ਜਨਮ ਅਕਾਰਥ ਜਾਤ ॥ ੪ ।** [੧੨੫੧]-੧

**ਅਰਥ:**--ਹੇ ਬੰਦੇ ! ਥੋੜੀ ਜਿਹੀ ਗੱਲ ਪਿੱਛੇ (ਭਾਵ, ਇਸ ਥੋਹੜੇ-ਦਿਨਾਂ ਦੀ ਜ਼ਿੰਦਗੀ ਪਿੱਛੇ) ਕਿਉਂ ਮਾਣ ਕਰ ਰਿਹਾ ਹੈਂ ? ਦਸ ਮਣ ਦਾਣੇ ਜਾਂ ਚਾਰ ਟਕੇ ਜੇ ਪੱਲੇ ਹੋ ਗਏ (ਤਾਂ ਕੀ ਹੋਇਆ ! ਕਿਉਂ) ਏਡਾ ਆਕੜ ਕੇ ਤੁਰਦਾ ਹੈਂ ? **੧ । ਰਹਾਉ ।** ਜੇ ਇਸ ਤੋਂ ਵੀ ਵਧੀਕ ਪ੍ਰਤਾਪ ਹੋਇਆ ਤਾਂ ਸੌ ਪਿੰਡਾਂ ਦੀ ਮਾਲਕੀ ਹੋ ਗਈ, ਜਾਂ ਲੱਖ ਦੋ ਲੱਖ ਟਕੇ ਦੀ ਜਾਗੀਰ ਮਿਲ ਗਈ, ਹੇ ਬੰਦੇ ! ਤਾਂ ਵੀ ਚਾਰ ਦਿਨ ਦੀ ਸਰਦਾਰੀ ਕਰ ਲਵੋਗੇ ( ਤੇ ਆਖ਼ਰ ਛੱਡ ਜਾਉਗੇ) ਜਿਵੇਂ ਜੰਗਲ ਦੇ ਹਰੇ ਪੱਤੇ (ਚਾਰ ਦਿਨ ਹੀ ਹਰੇ ਰਹਿੰਦੇ ਹਨ, ਤੇ ਫਿਰ ਸੁੱਕ-ਸੜ ਜਾਂਦੇ ਹਨ) **। ੧ ।** (ਦੁਨੀਆ ਦਾ ਇਹ ਮਾਲ-ਧਨ ਨਾ ਕੋਈ ਬੰਦਾ (ਜੰਮਣ ਵੇਲੇ) ਆਪਣੇ ਨਾਲ ਲੈ ਕੇ ਆਇਆ ਹੈ ਅਤੇ ਨਾ ਕੋਈ (ਮਰਨ ਸਮੇਂ ਕੋਈ ਚੀਜ਼) ਆਪਣੇ ਨਾਲ ਲੈ ਜਾਂਦਾ ਹੈ । (ਕਥਿਤ) ਰਾਵਨ ਤੋਂ ਵੀ ਵਡੇ ਰਾਜੇ ਇਕ ਪਲਕ ਵਿਚ ਏਥੋਂ ਚੱਲ ਬਸੇ **। ੨ ।** (ਹੇ ਬੰਦੇ ! ਜਨਮ-ਮਰਨ ਦਾ ਗੇੜ ਹਰੇਕ ਦੇ ਸਿਰ ਉੱਤੇ ਹੈ, ਸਿਰਫ਼) ਪ੍ਰਭੂ ਦੇ ਸੰਤ ਹੀ ਹਨ ਜੋ ਸਦਾ ਅਟੱਲ ਰਹਿੰਦੇ ਹਨ (ਜੋ ਮੁੜ ਮੁੜ ਮੌਤ ਦਾ ਸ਼ਿਕਾਰ ਨਹੀਂ ਹੁੰਦੇ), ਉਨ੍ਹਾਂ ਦੀ ਸੇਵਾ ਕਰੋ, ਉਹ ਪ੍ਰਭੂ ਦਾ ਨਾਮ (ਆਪ ਸਿਮਰਦੇ ਹਨ ਤੇ ਹੋਰਨਾਂ ਤੋਂ) ਜਪਾਉਂਦੇ ਹਨ । ਪਰਮਾਤਮਾ ਜਿਨ੍ਹਾਂ ਤੇ ਮਿਹਰ ਕਰਦਾ ਹੈ ਉਨ੍ਹਾਂ ਨੂੰ ਐਸੇ ਸੰਤ ਜਨਾਂ ਦੀ ਸੰਗਤ ਮਿਲਾਉਂਦਾ ਹੈ **। ੩ ।** ਕਬੀਰ ਆਖਦਾ ਹੈ-ਹੇ ਕਮਲੇ ! ਮਾਂ ਪਿਉ, ਵਹੁਟੀ, ਪੁੱਤਰ, ਧਨ-- ਕੋਈ ਵੀ ਅਖ਼ੀਰ ਵੇਲੇ ਨਾਲ ਨਹੀਂ ਤੁਰਦਾ । (ਇੱਕ ਪ੍ਰਭੂ ਹੀ ਸਾਥੀ ਹੁੰਦਾ ਹੈ) ਪ੍ਰਭੂ ਦਾ ਨਾਮ, (ਸਿਮਰਨ ਤੋਂ ਬਿਨਾ) ਜੀਵਨ ਵਿਅਰਥ ਜਾ ਰਿਹਾ ਹੈ । ੪ ।

੪੨- **ਫਰੀਦਾ ਕੋਠੇ ਮੰਡਪ ਮਾੜੀਆ, ਉਸਾਰੇਦੇ ਭੀ ਗਏ ॥ ਕੂੜਾ ਸਉਦਾ ਕਰਿ ਗਏ, ਗੋਰੀ ਆਇ ਪਏ ॥ ੪੬ ॥** [੧੩੮੦]

੪੩- **ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥**
**ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥ ੫ ॥** [੧੪੨੬]

## ੬
## ਕਥਿਤ, ਦੇਵੀ ਦੇਵਤੇ ਅਤੇ ' ਮਾਇਆ '

ਸਤਿਗੁਰਾਂ ਦੀ ਪ੍ਰੇਰਨਾਂ ਦਾ ਸਦਕਾ, ਪੁਸਤਕ ਦੇ ਪਹਿਲੇ ਭਾਗ ਵਿਚ ਅਸੀਂ ਦੇਵੀ ਦੇਵਤਿਆਂ ਦੀ ਉਪਜ, ਉਨ੍ਹਾਂ ਦੀ ਮਾਨਤਾ ਦੀ ਅਸਲੀਅਤ ਦਾ ਪੂਰਾ ਵੇਰਵਾ, ਅਤੇ ਗੁਰਬਾਣੀ ਵਿਚ ਉਨ੍ਹਾਂ ਦਾ ਜ਼ਿਕਰ ਆਉਂਣ ਦੇ ਕਾਰਨ ਬਾਰੇ ਵਿਸਥਾਰ ਨਾਲ ਲਿਖ ਚੁੱਕੇ ਹਾਂ । ਏਥੇ ਅਸਾਂ ਉਨ੍ਹਾਂ ਗੁਰਬਾਣੀ ਸ਼ਬਦਾਂ ਦੀ ਵਿਚਾਰ ਕਰਨੀ ਹੈ ਜਿਨ੍ਹਾਂ ਦੁਆਰਾ ਦੇਵੀ ਦੇਵਤਿਆਂ ਨੂੰ ਮਾਇਆ ਦੇ ਹੱਥੋਂ ਖੱਜਲ ਖੁਆਰ ਹੁੰਦੇ ਦਰਸਾ ਕੇ " ਸਾਨੂੰ ਸਮਝਾਇਆ ਗਿਆ ਹੈ "---ਕਿ ਕਥਿਤ ਦੇਵੀ ਦੇਵਤੇ ਮਾਇਆ ਦੇ ਹਥੋਂ ਮਨੁੱਖ ਵਾਂਗ ਹੀ ਆਤੁਰ ਹਨ, ਮਾਇਆ ਤੋਂ ਨਿਰਲੇਪ ਕੇਵਲ ਅਕਾਲਪੁਰਖ ਹੈ । ਇਸ ਲਈ ਪ੍ਰਭੂ ਤੋਂ ਬਿਨਾ ਕਿਸੇ ਹੋਰ ਦਾ ਆਸਰਾ ਨਹੀਂ ਤੱਕਣਾ ਚਾਹੀਦਾ । ਜਿਨ੍ਹਾਂ ਦੇਵੀ ਦੇਵਤਿਆਂ ਅਥਵਾ ਕਥਿਤ ਭਗਵਾਨਾ ਦੀ ਪੂਜਾ ਸੰਸਾਰ ਵਿਚ ਹੋ ਰਹੀ ਹੈ ਇਹ ਮਾਇਆ ਦਾ ਹੀ ਮਨਮੋਹਣਾ ਰੂਪ ਹੈ । ਸੁਆਦਲੀ ਗੱਲ ਇਹ ਹੈ ਕਿ ਸਤਿਗੁਰਾਂ ਦੇ ਫ਼ੁਰਮਾਨ ਅਨੁਸਾਰ, ਮਾਇਆ ਦੇ ਇਸ ਮਨਮੋਹਣੇ ਰੂਪ ਦੀ ਜਨਮ- ਦਾਤੀ ਵੀ ਮਾਇਆ ਹੀ ਹੈ:---

੪੪- **ਕਰਤ ਕੇਲ ਬਿਖੈ ਮੇਲ ਚਣੰਦ੍ਰ ਸੂਰ ਮੋਹੇ ॥ ਉਪਜਤਾ ਬਿਕਾਰ ਦੁੰਦਰ, ਨਉਪਰੀ**

**ਝੁਨੰਤਕਾਰ ਸੁੰਦਰ, ਅਨਿਗ ਭਾਉ ਕਰਤ ਫਿਰਤ, ਬਿਨੁ ਗੋਪਾਲ ਧੋਹੇ ॥ ਰਹਾਉ ॥**[੧੨੩੧]-੧੦-੧੩੯

੪੫- **ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥**

**ਕਾਮੁ ਕ੍ਰੋਧੁ ਪਸਰਿਆ ਸੰਸਾਰੇ , ਆਇ ਜਾਇ ਦੁਖੁ ਪਾਵਣਿਆ ॥ ੨ ॥**[੧੨੯]-੧-੩੨-੩੩

**ਪਦ ਅਰਥ :**-ਦੇਵੀ ਦੇਵਾ ਮੂਲੁ--ਦੇਵੀ ਦੇਵਤਿਆਂ ਦੇ ਰਚੇ ਜਾਣ ਦਾ ਮੁੱਢ । ਮਾਇਆ--ਸੁਖਾਂ ਦੀ ਲਾਲਸਾ ਅਤੇ ਦੁਖਾਂ ਤੋ ਡਰ । ਜਿਨਿ--ਜਿਸ, ਜਿਸ ਮਾਇਆ ਨੇ । ਕਾਮੁ--ਸੁਖਾਂ ਦੀ ਕਾਮਨਾ । ਕ੍ਰੋਧ--(ਦੁਖਾਂ ਦੇ ਵਿਰੁੱਧ) ਗ਼ੁੱਸਾ । ਸੰਸਾਰ--ਸੰਸਾਰ ਵਿੱਚ । ਆਇ--ਜੰਮ ਕੇ । ਜਾਇ--ਮਰਨਾ । ਆਇ ਜਾਇ--ਜਨਮ ਮਰਨ ਦੇ ਗੇੜ ਵਿੱਚ । ਦੁਖਾਂ ਸੁਖਾਂ ਦੀ ਜਨਮ ਦਾਤੀ ਮਾਇਆ ਹੈ, ਇਸ ਤੋਂ ਸਾਫ਼ ਹੋ ਜਾਂਦਾ ਹੈ ਕਿ " ਦੁਖ ਸੁਖ " ਮਾਇਆ ਦਾ ਹੀ ਰੂਪ ਹੈ ।

ਪ੍ਰਭੂ ਦਾ ਆਸਰਾ ਤਿਆਗ ਕੇ ਦੁਖਾਂ ਤੋਂ ਬਚਨ ਲਈ ਕਥਿਤ ਸਾਧ-ਵਰਾਂ ਅਥਵਾ ਸ਼ੁੱਭ-ਅਸੀਸ ਦੀ ਪ੍ਰਾਪਤੀ ਲਈ ਤਰਲੇ, ਦੇਵੀ-ਦੇਵਤੇ ਨੂੰ ਅਥਵਾ ਇਸ਼ਟ ਨੂੰ ਪ੍ਰਸੰਨ ਕਰਨ ਲਈ ਧਰਮ-ਕਰਮ, ਜਪ-ਤਪ, ਆਦਿਕ, ਸਾਰਾ ਕੁਝ ਵੀ **ਮਾਇਆ ਹੀ ਹੈ** । ਉਪ੍ਰੋਕਤ ਗੁਰੂ ਫ਼ੁਰਮਾਨ ਦੇ ਅਰਥ, ਗੁਰਮਤਿ ਦੇ ਗਿਆਤਾ, ਮਹਾਨ ਵਿਦਵਾਨ ਪ੍ਰੋ: ਸਾਹਿਬ ਸਿੰਘ ਜੀ ਨੇ ਇਸ ਪ੍ਰਕਾਰ ਲਿਖੇ ਹਨ:--,

**ਅਰਥ**:--ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਦੇਵੀ ਦੇਵਤੇ ਰਚੇ ਜਾਣ ਦਾ ਅਸਲ ਕਾਰਨ ਦੁਖਾਂ ਦਾ ਭੈ ਅਤੇ ਸੁਖਾਂ ਦੀ ਲਾਲਸਾ ਹੈ । ਸੁਖਾਂ ਦੀ ਪ੍ਰਾਪਤੀ ਅਤੇ ਦੁਖਾਂ ਦੀ ਨਿਵਰਤੀ ਦੀ ਲਾਲਸਾ ਦੇ ਕਾਰਨ ਹੀ ਸਿਮਿਰਤੀਆਂ ਅਤੇ ਸ਼ਾਸਤ੍ਰਾਂ ਆਦਿ ਦੀ ਰਾਹੀਂ ਹੀ ਕਰਮ ਕਾਂਡ ਰਚੇ ਗਏ । ਸਾਰੇ ਸੰਸਾਰ ਵਿੱਚ ਹੀ ਸੁਖਾਂ ਦੀ ਲਾਲਸਾ ਅਤੇ ਦੁਖਾਂ ਤੋਂ ਡਰ ਦਾ ਜਜ਼ਬਾ ਪਸਰ ਰਿਹਾ ਹੈ, ਜਿਸ ਕਰਕੇ ਜੀਵ ਜਨਮ ਮਰਨ ਦੇ ਗੇੜ ਵਿੱਚ ਪੈ ਕੇ ਦੁਖ ਪਾ ਰਹੇ ਹਨ ।੨।

ਸਪੱਸ਼ਟ ਹੈ ਕਿ ਦੇਵੀ ਦੇਵਤੇ ਆਦਿ ਸਭ ਕੁਝ ਮਾਇਆ ਦੇ ਹੀ ਰੂਪ ਹਨ, ਅਤੇ ਇਹ ਮਨੁੱਖ ਦੀ ਲਾਲਸਾ ਤੋਂ ਜਨਮੇ ਹਨ । ਇਸ ਅਦ੍ਰਿਸ਼ਟ ਅਤੇ ਨਿਰ-ਵਜੂਦ ਭਰਮ-ਪਸਾਰੇ ਦੀ ਅਸਲੀਅਤ ਉਸ " ਗੰਧਰਬ-ਨਗਰੀ " ਵਰਗੀ ਹੀ ਹੈ, ਜਿਸ ਨੂੰ ਅੱਜ ਤੱਕ ਕਿਸੇ ਨੇ ਨਾ ਵੇਖਿਆ ਹੇ ਅਤੇ ਨਾ ਹੀ ਉਸ ਦੇ ਟਿਕਾਣੇ ਦਾ ਕਿਸੇ ਨੂੰ ਪਤਾ ਹੈ, ਪਰ ਅਗਿਆਨੀ ਮਨੁੱਖ ਉਸ ਦੀ ਪ੍ਰਾਪਤੀ ਦੀ ਲਾਲਸਾ ਕਰੀ ਜਾ ਰਿਹਾ ਹੈ।

੪੬- **ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥**

**ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥ ੨ ॥**[੭੩੫]-੩-੧੪

**ਅਰਥ:**-- (ਪੁਰਾਣਾ ਦੀਆਂ ਦੱਸੀਆਂ ਕਹਾਣੀਆਂ ਅਨੁਸਾਰ) ਮਾਇਆ ਦੇ ਤਿੰਨ ਗੁਣਾਂ ਦੇ ਪ੍ਰਭਾਵ ਦੇ ਕਾਰਨ (ਵਡੇ ਦੇਵਤੇ) ਬ੍ਰਹਮਾ, ਵਿਸ਼ਨੂੰ, ਸ਼ਿਵ ਵੀ ਰੋਗੀ ਹੀ ਰਹੇ, (ਕਿਉਂਕਿ ਉਨ੍ਹਾਂ ਨੇ ਵੀ) ਹਉਮੈ ਵਿਚ ਹੀ ਕਾਰ ਕੀਤੀ । (ਪੁਰਾਣਾ ਦੀਆਂ ਹੀ ਕਹਾਣੀਆਂ ਅਨੁਸਾਰ) ਉਹ ਵਿਚਾਰੇ ਤਾਂ ਉਸ ਪਰਮਾਤਮਾ ਨੂੰ ਵੀ ਚੇਤੇ ਵਿਚ ਨਾ ਰੱਖ ਸਕੇ, ਜਿਸ ਨੇ ਉਨ੍ਹਾਂ ਨੂੰ ਪੈਦਾ ਕੀਤਾ ਸੀ (ਆਪ ਹੀ ਪ੍ਰਭੂ ਬਣ ਬੈਠੇ) । ਪਰਮਾਤਮਾ ਦੀ ਸੂਝ ਤਾਂ ਗੁਰੂ ਦੀ ਸਰਨ ਪਿਆਂ ਹੀ ਪੈਂਦੀ ਹੈ । ੨ ।

੪੭- **ਬ੍ਰਹਮਾ ਬਿਸਨੁ ਮਹੇਸੁ ਵੀਚਾਰੀ ॥ ਤ੍ਰੈਗੁਣ ਬਧਕ ਮੁਕਤਿ ਨਿਰਾਰੀ ॥ ]**

**ਗੁਰਮੁਖਿ ਗਿਆਨੁ ਏਕੋ ਹੈ ਜਾਤਾ ਅਨਦਿਨੁ ਨਾਮੁ ਰਵੀਜੈ ਹੇ ॥ ੧੩ ॥**[੧੦੪੯-੫੦]-੬

**ਅਰਥ:**--ਹੇ ਭਾਈ ! ਵਿਚਾਰ ਕੇ ਵੇਖ ਲਵੋ--ਬ੍ਰਹਮਾ ਹੋਵੇ, ਵਿਸ਼ਨੂੰ ਹੋਵੇ, ਸ਼ਿਵ ਹੋਵੇ (ਕੋਈ ਵੀ ਹੋਵੇ, ਜਿਹੜੇ ਪ੍ਰਾਣੀ) ਮਾਇਆ ਦੇ ਤਿੰਨ ਗੁਣਾਂ ਵਿਚ ਬੱਝੇ ਹੋਏ ਹਨ (ਆਤਮਕ ਮੌਤ ਤੋਂ) ਖ਼ਲਾਸੀ (ਉਨ੍ਹਾਂ ਤੋਂ) ਲਾਂਭੇ ਰਹਿ ਜਾਂਦੀ ਹੈ । ਕੇਵਲ ਗੁਰਮੁਖਿ (ਆਪਾ ਭਾਵ ਮਿਟਾ ਕੇ ਸਦਾ ਗੁਰੂ ਦੀ ਸਿਖਿਆ ਅਨੁਸਾਰ ਜੀਵਨ ਗੁਜ਼ਾਰਨ ਵਾਲਾ) ਹੀ ਆਤਮਕ ਜੀਵਨ ਦੀ ਏਹ ਸੂਝ ਹਾਸਲ ਕਰਦਾ ਹੈ, ਕਿ ਪਰਮਾਤਮਾ ਨੂੰ ਕਦੇ ਨਾ ਵਿਸਾਰਿਆ ਜਾਵੇ । ੧੩ ।

੪੮- **ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ ॥**

**ਸਾਧ ਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ ॥ ੧ ॥**[੫੦੦]-੧੨-੨੧

**ਅਰਥ**:--( ਬ੍ਰਾਹਮਣ ਦੇ ਆਪਣੇ ਲਿਖੇ ਵੇਦ ਪੁਰਾਣਾ ਆਦਿ ਧਰਮ ਗ੍ਰੰਥਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਮਾਇਆ ਬ੍ਰਹਮਾ ਸ਼ਿਵ ਇੰਦ੍ਰ ਆਦਿਕ ਦੇਵਤਿਆਂ ਉਤੇ ਵੀ ਆਪਣਾ ਪ੍ਰਭਾਵ ਪਾਉਂਦੀ ਰਹੀ ਹੈ, ਇਹ ਮਾਇਆ ਕਥਿਤ) ਬ੍ਰਹਮ-ਪੁਰੀ, ਸ਼ਿਵ-ਪੁਰੀ ਅਤੇ (ਕਥਿਤ) ਇੰਦਰ-ਪੁਰੀ ਤੋਂ ਹੱਲਾ ਕਰ ਕੇ (ਸੰਸਾਰਕ ਜੀਵਾਂ ਵਲ) ਆਈ ਹੈ । ਪਰ ਸਾਧ (ਗੁਰੂ ਗ੍ਰੰਥ ਸਾਹਿਬ) ਦੀ ਸੰਗਤਿ ਵਲ (ਤਾਂ ਇਹ ਮਾਇਆ) ਤੱਕ ਵੀ ਨਹੀਂ ਸਕਦੀ, (ਇਹ ਮਾਇਆ ਸਤਸੰਗੀਆਂ ਦੇ) ਪੈਰ ਮਲ ਮਲ ਕੇ ਧੋਂਦੀ ਹੈ । ੧ ।

੪੯- **ਜਲ ਮਹਿ ਮੀਨ ਮਾਇਆ ਕੇ ਬੇਧੇ ॥ ਦੀਪਕ ਪਤੰਗ ਮਾਇਆ ਕੇ ਛੇਦੇ ॥ ਕਾਮ ਮਾਇਆ ਕੁੰਚਰ ਕਉ ਬਿਆਪੈ ॥**
**ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ ॥ ੧ ॥ ਮਾਇਆ ਐਸੀ ਮੋਹਨੀ, ਭਾਈ ॥ ਜੇਤੇ ਜੀਅ ਤੇਤੇ ਡਹਕਾਈ ॥ ੧ ॥**
**ਰਹਾਉ ॥ ਪੰਖੀ ਮ੍ਰਿਗ ਮਾਇਆ ਮਹਿ ਰਾਤੇ ॥ ਸਾਕਰ ਮਾਖੀ ਅਧਿਕ ਸੰਤਾਪੇ ॥ ਤੁਰੇ ਉਸਟ ਮਾਇਆ ਮਹਿ ਭੇਲਾ ॥**
**ਸਿਧ ਚਉਰਾਸੀਹ ਮਾਇਆ ਮਹਿ ਖੇਲਾ ॥ ੨ ॥ ਛਿਅ ਜਤੀ ਮਾਇਆ ਕੇ ਬੰਦਾ ॥ ਨਵੈ ਨਾਥ ਸੂਰਜ ਅਰੁ ਚੰਦਾ ॥**
**ਤਪੇ ਰਖੀਸਰ ਮਾਇਆ ਮਹਿ ਸੂਤਾ ॥ ਮਾਇਆ ਮਹਿ ਕਾਲੁ ਅਰੁ ਪੰਚ ਦੂਤਾ ॥ ੩ ॥ ਸੁਆਨ ਸਿਆਲ ਮਾਇਆ ਮਹਿ**
**ਰਾਤਾ ॥ ਬੰਤਰ ਚੀਤੇ ਅਰੁ ਸਿੰਘਾਤਾ ॥ ਮਾਂਜਾਰ ਗ਼ਾਡਰ ਅਰੁ ਲੂਬਰਾ ॥ ਬਿਰਖ ਮੂਲ ਮਾਇਆ ਮਹਿ ਪਰਾ ॥ ੪ ॥**
**ਮਾਇਆ ਅੰਤਰਿ ਭੀਨੇ ਦੇਵ ਸਾਗਰ ਇੰਦ੍ਰਾ ਅਰੁ ਧਰਤੇਵ ॥ ਕਹਿ ਕਬੀਰ, ਜਿਸੁ ਉਦਰੁ, ਤਿਸੁ ਮਾਇਆ ॥**
**ਤਬ ਛੂਟੇ, ਜਬ ਸਾਧੂ ਪਾਇਆ ॥ ੫ ॥** [੧੧੬੦]-੫-੧੩

[ਨੋਟ:-- ਇਹ ਪਾਵਨ ਗੁਰੂ ਸ਼ਬਦ ਸ੍ਰਿਸ਼ਟੀ ਸਿਰਜਣਾ ਵਾਲੇ ਛੇਵੇਂ ਭਾਗ ਵਿਚ ਵਿਚਾਰਿਆ ਹੋਇਆ ਹੈ । ਵਿਸ਼ੇਸ਼ ਤੋਰ ਤੇ ਬਾਰ ਬਾਰ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ, ਦੇਵਤੇ ਆਦਿ ਵੀ ਪਸ਼ੂ ਪੰਖੀਆਂ ਦੀ ਪੱਧਰ ਤੇ ਹੀ ਖਲੋਤੇ ਦਰਸਾਏ ਗਏ ਹਨ । ਸਪੱਸ਼ਟ ਹੈ ਕਿ ਦੇਵਤਿਆਂ ਦੀ ਕਿਸੇ ਅੱਡਰੀ ਅਤੇ ਵਿਸ਼ੇਸ਼ ਹਸਤੀ ਨੂੰ ਗੁਰੂ-ਬਾਣੀ, ਮੁਢੋਂ ਹੀ ਕੋਈ ਮਹੱਤਤਾ ਨਹੀਂ ਦਿੰਦੀ । ਮਨ ਲਉ ਜੇ ਕੋਈ ਅਜੇਹੀ ਹਸਤੀ ਹੈ ਵੀ, ਤਾਂ ਉਹ ਕੁੱਤੇ, ਬਾਂਦਰ ਅਥਵਾ ਲੂੰਬੜ ਆਦਿਕ ਪਸ਼ੂਆਂ ਦੀ ਪੱਧਰ ਤੇ ਹੀ ਹੈ । ਗੁਰੂ ਗ੍ਰੰਥ ਸਾਹਿਬ ਜੀ ਦਾ ਸਿੱਖ ਜੇ ਕਸੇ ਦੇਵੀ ਦੇਵਤੇ ਪ੍ਰਤੀ ਕਿਸੇ ਪ੍ਰਕਾਰ ਦੀ ਵੀ ਜੇ ਸ਼ਰਧਾ ਬਣਾਉਂਦਾ ਹੈ ਤਾਂ ਉਹ ਬਿੱਪ੍ਰਨ ਦੀ ਰੀਤ ਦਾ ਧਾਰਨੀ ਹੋਣ ਦਾ ਅਪਰਾਧ ਕਰਦਾ ਹੈ । ਸਤਿਗੁਰਾਂ ਦੀ ਨਜ਼ਰ ਵਿਚ ਉਹ " ਬੇਪ੍ਰਤੀਤਾ " ਹੈ ]

੭

# ਮਾਇਆ ਅਤੇ ਧਾਰਮਿਕ ਆਗੂ ?

ਲੋਕਾਂ ਨੂੰ ਮੱਤਾਂ ਦੇਣ ਵਾਲੇ ਧਾਰਮਿਕ ਪਰਚਾਰਕ, ਡੇਰੇਦਾਰ-ਸਾਧ, ਸਿਧ ਆਦਿ ਸਭ ਦੇ ਸਭ, ਮਾਇਆ ਦੇ ਮੋਹ ਤੋਂ ਖ਼ਲਾਸੀ ਨਹੀਂ ਪਾ ਸਕੇ ਅਤੇ ਮਾਇਆ ਦੇ ਮੋਹ-ਜਾਲ ਵਿਚ ਫ਼ਸੇ ਖ਼ੁਆਰ ਹੋ ਰਹੇ ਹਨ:---

੫੦- **ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ ॥ ਮਾਇਆ ਮੋਹੁ ਅੰਤਰਿ ਮਲੁ**
**ਲਾਗੈ ਮਾਇਆ ਕੇ ਵਾਪਾਰਾ ਰਾਮ ॥ ਮਾਇਆ ਕੇ ਵਾਪਾਰਾ ਜਗਤਿ ਪਿਆਰਾ ਆਵਣਿ ਜਾਣਿ ਦੁਖੁ ਪਾਈ ॥ ਬਿਖੁ ਕਾ ਕੀੜਾ**
**ਬਿਖੁ ਸਿਉ ਲਾਗਾ ਬਿਸ੍ਟਾ ਮਾਹਿ ਸਮਾਈ ॥ ਜੋ ਧੁਰਿ ਲਿਖਿਆ ਸੋਇ ਕਮਾਵੈ ਕੋਇ ਨ ਮੇਟਣਹਾਰਾ ॥ ਨਾਨਕ ਨਾਮਿ**
**ਰਤੇ ਤਿਨ ਸਦਾ ਸੁਖੁ ਪਾਇਆ ਹੋਰਿ ਮੂਰਖ ਕੂਕਿ ਮੁਏ ਗਾਵਾਰਾ ॥ ੩ ॥**[੫੭੧]-੫

**ਅਰਥ**:--ਪੰਡਿਤ ਅਤੇ ਜੋਤਸ਼ੀ ਇਹ ਸਾਰੇ ( ਧਰਮ ਦੀਆਂ ਅਥਵਾ ਜੋਤਸ਼ ਤੀਆਂ ਪੁਸਤਕਾਂ) ਪੜ੍ਹ ਪੜ੍ਹ ਕੇ ਉੱਚੀ ਉੱਚੀ ਹੋਰਨਾਂ ਨੂੰ ਉਪਦੇਸ਼ ਕਰਦੇ ਹਨ, ਪਰ ਇਹ (ਉਪਦੇਸ਼-ਰੂਪੀ ਫੋਕੀ ਕੂਕ ਪੁਕਾਰ) ਕਿਸ ਨੂੰ ਸੁਣਾਉਂਦੇ ਹਨ ? ਇਨ੍ਹਾਂ ਦੇ ਆਪਣੇ ਅੰਦਰ ਤਾਂ ਮਾਇਆ ਦਾ ਮੋਹ (ਠਾਠਾਂ ਮਾਰ) ਰਿਹਾ ਹੈ, (ਇਨ੍ਹਾਂ ਦਾ ਆਪਣੇ ਮਨ ਵਿਚ ਤਾਂ ਮਾਇਆ ਦੀ) ਮੈਲ ਲੱਗੀ ਰਹਿੰਦੀ ਹੈ, (ਇਨ੍ਹਾਂ ਦੇ ਇਹ ਸਾਰੇ ਉਪਦੇਸ਼) ਮਾਇਆ ਦੇ ਹੀ ਵਪਾਰ ਹਨ। (ਅਜੇਹੇ ਮਨੁੱਖ ਨੂੰ) ਜਗਤ ਵਿਚ (ਇਹ ਸਾਰੇ ਧਰਮ-ਉਪਦੇਸ਼) ਮਾਇਆ ਦੇ ਵਪਾਰ (ਵਾਂਗ ਹੀ) ਪਿਆਰੇ ਹਨ, ਹੋਰਨਾਂ ਨੂੰ ਉਪਦੇਸ਼ ਕਰਦਾ ਹੈ, ਪਰ ਆਪ ਅਜੇਹੀ ਕਰਤੂਰ ਕਰ ਰਿਹਾ ਹੈ ਜਿਸ ਤੋ ਸਦਾ) ਜਨਮ ਮਰਨ ਦੇ ਗੇੜ ਵਿਵ ਪਿਆ ਦੁੱਖ ਪਾਉਂਦਾ ਹੈ। (ਅਜੇਹਾ ਮਨੁੱਖ ਸਾਰੀ ਉਮਰ ਆਤਮਕ ਮੌਤ ਲਿਆਉਣ ਵਾਲੇ ਮੋਹ-ਜ਼ਹਿਰ ਦਾ ਕੀੜਾ ਬਣਿਆ ਏਸੇ ਮਾਇਆ-ਜ਼ਹਿਰ ਨੂੰ ਚੰਬੜਿਆ ਰਹਿੰਦਾ ਹੈ ਅਤੇ ਏਸੇ ਗੰਦ ਵਿਚ ਫ਼ਸਿਆ ਆਤਮਕ ਜੀਵਨ ਮੁਕਾ ਲੈਂਦਾ ਹੈ । (ਪਰਮਾਤਮਾ ਨੇ ਅਜੇਹੇ ਮਨੁੱਖ ਦੇ ਆਪਣੇ ਕੀਤੇ ਕਰਮਾ ਦੇ ਅਨੁਸਾਰ) ਜੋ ਕੁਝ ਧੁਰੋਂ ਲਿਖ ਦਿੱਤਾ, ਫਿਰ ਇਹ ਉਹੀ ਕੁਝ ਕਮਾਉਂਦਾ ਰਹਿੰਦਾ ਹੈ। ਕੋਈ ਮਨੁੱਖ (ਉਸ ਦੇ ਇਹ ਲੇਖ) ਮਿਟਾ ਨਹੀਂ ਸਕਦਾ ।

ਹੇ ਨਾਨਕ ! ਜਿਹੜੇ ਮਨੁੱਖ ਪਰਮਾਤਮਾ ਦੇ ਨਾਮ-ਰੰਗ ਵਿਚ ਰੰਗੇ ਰਹਿੰਦੇ ਹਨ ਉਹ ਸਦਾ ਹੀ ਅਨੰਦ ਮਾਣਦੇ ਹਨ, ਬਾਕੀ ਦੇ ਉਹ ਮੂਰਖ ਅਥਵਾ ਗਵਾਰ ਹਨ ਜੋ ਹੋਰਨਾਂ ਨੂੰ ਹੀ ਉਪਦੇਸ਼ ਕਰ ਕਰ ਕੇ ਆਪ ਆਤਮਕ ਮੌਤ ਸਹੇੜ ਲੈਂਦੇ ਹਨ । ੩ ।

ਮਾਇਆ ਦੀ ਖ਼ਾਤਰ ਦੇਸੋਂ ਪਰਦੇਸ ਦੌੜੇ ਫਿਰਦੇ ਇਹ, ਅਖੌਤੀ ਸਾਧ ਸੰਤ, ਰਾਗੀ ਢਾਡੀ, ਪਰਚਾਰਕ, ਸਾਰੇ ਦੂਜਿਆਂ ਨੂੰ ਕਈ ਤਰ੍ਹਾਂ ਦੇ ਭਰਮ-ਜਾਲ ਵਿਚ ਫ਼ਸਾ ਕੇ ਮਾਇਆ ਦੀ ਉਗਰਾਹੀ ਕਰਦੇ ਫਿਰ ਰਹੇ ਹੁੰਦੇ ਹਨ। ਇਨ੍ਹਾਂ ਦੇ ਪਹਿਰਾਵੇ ਤੋਂ ਭੁਲੇਖਾ ਨਹੀਂ ਖਾਣਾ ਚਾਹੀਦਾ ਅਤੇ ਆਪਣੀ ਨੇਕ ਕਮਾਈ ਮਾਇਆ ਠੱਗਣ ਵਾਸਤੇ ਦੌੜੇ ਫਿਰਦੇ ਕਥਿਤ ਧਰਮ-ਆਗੂਆਂ ਦੀਆਂ ਜੇਬਾ ਭਰਨ ਤੇ ਗੁਆਉਣ ਨਾਲੋਂ ਅਜੇਹੇ ਥਾਂ ਖ਼ਰਚਣੀ ਚਾਹੀਦੀ ਹੈ ਜਿਸ ਤੋਂ ਸਤਿਗੁਰਾਂ ਦੇ ਗਿਆਨ ਦਾ ਠੀਕ ਅਤੇ ਯੋਜਨਾਂ ਬੱਧ ਤਰੀਕੇ ਨਾਲ ਪਰਚਾਰ ਕੀਤਾ ਜਾ ਸਕੇ।

੫੧- **ਮੋਹਨੀ ਮੋਹਤ, ਰਹੈ ਨ ਹੋਰੀ ॥ ਸਾਧਿਕ ਸਿਧ ਸਗਲ ਕੀ ਪਿਆਰੀ ॥ ਤੁਟੈ ਨ**
**ਕਾਹੂ ਤੋਰੀ ॥ ੧ ॥ ਰਹਾਉ ॥ ਖਟੁ ਸਾਸਤ੍ਰ ਉਚਰਤ ਰਸਨਾਗਰ ਤੀਰਥ ਗਵਨ ਨ ਥੋਰੀ ॥**
**ਪੂਜਾ ਚਕ੍ਰ ਬਰਤ ਨੇਮ ਤਪੀਆ ਊਹਾ ਗੈਲਿ ਨ ਛੋਰੀ ॥ ੧ ॥ ਅੰਧ ਕੂਪ ਮਹਿ ਪਤਿਤ ਹੋਤ ਜਗੁ**
**ਸੰਤਹੁ ਕਰਹੁ ਪਰਮ ਗਤਿ ਮੋਰੀ ॥ ਸਾਧ ਸੰਗਤਿ ਨਾਨਕੁ ਭਇਓ ਮੁਕਤਾ ਦਰਸਨੁ ਪੇਖਤ ਭੋਰੀ ॥ ੨ ॥**[੧੨੧੬]-੩੭-੬੦

੫੨- **ਪਡੀਆ, ਕਵਨ ਕੁਮਤਿ ਤੁਮ ਲਾਗੇ ॥ ਬੂਡਹੁਗੇ ਪਰਵਾਰ ਸਕਲ ਸਿਉ, ਰਾਮੁ ਨ ਜਪਹੁ ਅਭਾਗੇ ॥**
**੧ ॥ ਰਹਾਉ ॥ ਬੇਦ ਪੁਰਾਨ ਪੜੇ ਕਾ ਕਿਆ ਗੁਨੁ, ਖਰ ਚੰਦਨ ਜਸ ਭਾਰਾ ॥ ਰਾਮ ਨਾਮ ਕੀ ਗਤਿ ਨਹੀ**
**ਜਾਨੀ, ਕੈਸੇ ਉਤਰਸਿ ਪਾਰਾ ॥ ੧ ॥ ਜੀਅ ਬਧਹੁ ਸੁ ਧਰਮੁ ਕਰਿ ਥਾਪਹੁ, ਅਧਰਮੁ ਕਹਹੁ ਕਤ ਭਾਈ ॥**
**ਆਪਸ ਕਉ ਮੁਨਿਵਰ ਕਰਿ ਥਾਪਹੁ, ਕਾ ਕਉ ਕਹਹੁ ਕਸਾਈ ॥ ੨ ॥ ਮਨ ਕੇ ਅੰਧੇ, ਆਪਿ ਨ ਬੂਝਹੁ, ਕਾਹਿ**
**ਬੁਝਾਵਹੁ ਭਾਈ ॥ ਮਾਇਆ ਕਾਰਨ ਬਿਦਿਆ ਬੇਚਹੁ, ਜਨਮੁ ਅਬਿਰਥਾਜਾਈ ॥ ੩ ॥ ਨਾਰਦ ਬਚਨ, ਬਿਆਸੁ**
**ਕਹਤ ਹੈ, ਸੁਕ ਕਉ ਪੂਛਹੁ ਜਾਈ ॥ ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ ॥ ੪ ॥**[੧੧੦੨-੩]-੧

**ਅਰਥ**:--ਹੇ ਪੰਡਿਤ ਜੀ ! ਤੁਸੀ ਲੋਕ ਕਿਹੜੀ ਕੁਮੱਤੇ ਲੱਗੇ ਪਏ ਹੋ ? ਹੇ ਮੰਦ-ਭਾਗੀ ਪਾਂਡੇ ! ਤੁਸੀ ਪ੍ਰਭੂ ਦਾ ਨਾਮ ਨਹੀਂ ਸਿਮਰਦੇ, ਸਾਰੇ ਪਰਵਾਰ ਸਮੇਤ ਹੀ (ਸੰਸਾਰ-ਸਮੁੰਦਰ ਵਿਚ) ਡੁੱਬ ਜਾਉਗੇ **। ੧ । ਰਹਾਉ ।** (ਹੇ ਪਾਂਡੇ !) ਤੂੰ (ਸੰਸਾਰ-ਸਮੁੰਦਰ ਤੋਂ) ਕਿਵੇਂ ਪਾਰ ਲੰਘੇਂਗਾ ? ਇਹ ਤਾਂ ਤੈਨੂੰ ਸਮਝ ਹੀ ਨਹੀਂ ਪਈ ਕਿ ਪਰਮਾਤਮਾ ਦਾ ਨਾਮ ਸਿਮਰਿਆਂ ਕਿਹੋ ਜਿਹੀ ਆਤਮਕ ਅਵਸਥਾ ਬਣਦੀ ਹੈ । (ਤੂੰ ਮਾਣ ਕਰਦਾ ਹੈਂ ਕਿ ਤੂੰ ਵੇਦ ਆਦਿਕ ਧਰਮ-ਪੁਸਤਕਾਂ ਪੜ੍ਹਿਆ ਹੋਇਆ ਹੈਂ, ਪਰ) ਵੇਦ ਪੁਰਾਨ ਪੜ੍ਹਨ ਦਾ ਕੋਈ ਵੀ ਲਾਭ ਨਹੀਂ (ਜੇ ਨਾਮ ਤੋਂ ਸੁੰਞਾ ਰਿਹਾ, ਇਸ ਪੜ੍ਹਾਈ ਦਾ ਤਾਂ ਦਿਮਾਗ਼ ਉੱਤੇ ਭਾਰ ਹੀ ਲੱਦ ਲਿਆ), ਜਿਵੇਂ ਕਿਸੇ ਖੋਤੇ ਉੱਤੇ ਚੰਦਨ ਦਾ ਲੱਦਾ ਲਦ ਲਿਆ **। ੧ ।** (ਹੇ ਪਾਂਡੇ ਤੁਸੀਂ ਮਾਸ ਖਾਣ ਨੂੰ ਨਿੰਦਦੇ ਹੋ, ਪਰ ਜੱਗ ਕਰਨ ਵੇਲੇ ਤੁਸੀਂ ਵੀ) ਜੀਵ ਮਾਰਦੇ ਹੋ ਇਸ ਨੂੰ ਧਰਮ ਦਾ ਕੰਮ ਸਮਝਦੇ ਹੋ । ਫਿਰ ਹੇ ਭਾਈ ! ਦੱਸੋ ਪਾਪ ਕਿਹੜਾ ਹੈ ? (ਜੱਗ ਕਰਨ ਵੇਲੇ, ਕੁਰਬਾਨੀ ਦੇਣ ਲਈ, ਪ੍ਰਸ਼ੂ ਮਾਰ ਕੇ) ਤੁਸੀਂ ਆਪ ਵੀ (ਜੀਵ-ਹਿੰਸਾ ਕਰਦੇ ਹੋ, ਪਰ) ਆਪਣੇ ਆਪ ਨੂੰ ਤੁਸੀ ਸ੍ਰੇਸ਼ਟ ਮਿਥਦੇ ਹੋ । (ਜੇ ਜੀਵ ਮਾਰਨ ਵਾਲੇ ਲੋਕ ਰਿਸ਼ੀ ਹੋ ਸਕਦੇ ਹਨ,) ਤਾਂ ਤੁਸੀ ਕਸਾਈ ਕਿਸ ਨੂੰ ਆਖਦੇ ਹੋ ? (ਭਵ, ਤੁਸੀਂ ਉਨ੍ਹਾਂ ਲੋਕਾਂ ਨੂੰ ਕਸਾਈ ਕਿਸ ਦਲੀਲ ਨਾਲ ਆਖਦੇ ਹੋ ਜੋ ਮਾਸ ਦੇ ਵਪਾਰ ਤੋਂ ਰੋਟੀ ਕਮਾ ਕੇ ਖਾਂਦੇ ਹਨ ?) **। ੨ ।** ਹੇ ਅਗਿਆਨੀ ਪਾਂਡੇ ! ਤੁਹਾਨੂੰ ਆਪ ਨੂੰ (ਜੀਵਨ ਦੇ ਸਹੀ ਰਸਤੇ ਦੀ ਕੋਈ) ਸਮਝ ਨਹੀਂ ਆਈ, ਹੋਰ ਕਿਸ ਨੂੰ ਮੱਤਾਂ ਦੇ ਰਹੇ ਹੋ ? (ਇਸ ਪੜ੍ਹੀ ਹੋਈ ਵਿਦਿਆ ਤੋਂ ਤੁਸੀਂ ਆਪ ਕੋਈ ਲਾਭ ਨਹੀਂ ਉਠਾ ਰਹੇ, ਇਸ) ਵਿਦਿਆ ਨੂੰ ਸਿਰਫ਼ ਮਾਇਆ ਦੀ ਖ਼ਾਤਰ ਵੇਚ ਹੀ ਰਹੇ ਹੋ, ਇਸ ਤਰ੍ਹਾਂ ਜਿੰਦਗੀ ਵਿਅਰਥ ਗੁਜ਼ਰ ਰਹੀ ਹੈ **। ੩ ।** (ਯਾਦ ਰੱਖੋ ! ਦੁਨੀਆ ਦੇ ਬੰਧਨਾਂ ਤੋਂ) ਪ੍ਰਭੂ ਦਾ ਨਾਮ ਸਿਮਰ ਕੇ ਹੀ ਮੁਕਤਿ ਹੋ ਸਕਦੇ ਹੋ, ਨਹੀਂ ਤਾਂ ਆਪਣੇ ਆਪ ਨੂੰ ਡੁੱਬੇ ਸਮਝੋ । (ਜੇ ਮੇਰੀ ਇਸ ਗੱਲ ਉੱਤੇ ਯਕੀਨ ਨਹੀਂ ਤਾਂ ਆਪਣੇ ਹੀ ਪੁਰਾਣੇ ਰਿਸ਼ੀਆਂ ਦੇ ਬਚਨ ਪੜ੍ਹ ਸੁਣ ਕੇ ਵੇਖੋ) ਨਾਰਦ ਰਿਸ਼ੀ ਦੇ ਏਹੀ ਬਚਨ ਹਨ, ਵਿਆਸ ਵੀ ਏਹੀ ਗੱਲ ਆਖਦਾ ਹੈ, ਸੁਖਦੇਵ ਨੂੰ ਵੀ ਜਾ ਕੇ ਪੁੱਛ ਲਵੋ (ਭਾਵ, ਇਨ੍ਹਾਂ ਰਿਸ਼ੀਆਂ ਦੇ ਨਾਮ ਤੇ ਲਿਖੇ ਗ੍ਰੰਥ ਪੜ੍ਹ ਕੇ ਵੇਖ ਲਵੋ, ਉਹ ਵੀ ਏਹੀ ਗੱਲ ਕਹਿੰਦੇ ਮਿਲਣਗੇ, ਕਿ ਨਾਮ ਸਿਮਰਿਆਂ ਪਾਰ-ਉਤਾਰਾ ਹੁੰਦਾ ਹੈ) । ੪ ।

੫੩- **ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥ ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥**
**ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥ ੪ ॥**[੨੩੧]-੪

**ਅਰਥ**:--ਮਾਇਆ ਦਾ ਤ੍ਰਿਸ਼ਨਾਲੂ ਰਹਿੰਦਾ ਹੋਇਆ ਵੀ (ਆਪਣੇ ਆਪ ਨੂੰ) ਪੰਡਿਤ ਅਖਵਾਉਂਦਾ ਹੈ, ਮਾਇਆ ਦੇ ਮੋਹ ਵਿਚ ਫਸਿਆ (ਅੰਤਰ ਆਤਮੇ) ਉਹ ਬਹੁਤ ਦੁੱਖ ਸਹਿੰਦਾ ਰਹਿੰਦਾ ਹੈ, ਉਸ ਦੇ ਗਲ ਵਿਚ ਆਤਮਕ ਮੌਤ ਦਾ ਫਾਹਾ ਪਿਆ ਰਹਿੰਦਾ ਹੈ, ਆਤਮਕ ਮੌਤ ਉਸ ਨੂੰ ਸਦਾ ਦੁਖੀ ਰੱਖਦੀ ਹੈ । ੪ ।

੫੪- **ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ, ਅਵਰਾ ਨੋ ਨ ਸਿਖਾਲਿ ਬਿਖਿਆ ॥ ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ ॥ ੫ ॥ ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ ॥ ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥ ੬ ॥ ਮੰਮੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ ॥ ਅੰਤਰ ਆਤਮੈ ਬ੍ਰਹਮੁ ਨ ਚੀਨਿਆ ਮਾਇਆ ਕਾ ਮੁਹਤਾਜੁ ਭਇਆ ॥ ੭ ॥** [੪੩੫]-ਪਟੀ

੮

# ਮਾਇਆ ਦੇ ਭਿੰਨ ਭਿੰਨ ਰੂਪ

## (ੳ) ਬਹੁ ਰੰਗੀ ਮਾਇਆ--

੫੫- **ਬਹੁ ਰੰਗ ਮਾਇਆ ਬਹੁ ਬਿਧਿ ਪੇਖੀ ॥ ਕਲਮ ਕਾਗਦ ਸਿਆਨਪ ਲੇਖੀ ॥ ਮਹਰ ਮਲੂਕ ਹੋਇ ਦੇਖਿਆ ਖਾਨ ॥ ਤਾ ਤੇ ਨਾਹੀ ਮਨੁ ਤ੍ਰਿਪਤਾਨ ॥ ੧ ॥ ਸੋ ਸੁਖੁ ਮੋ ਕਉ ਸੰਤ ਬਤਾਵਹੁ ॥ ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ ॥ ੧ ॥ ਰਹਾਉ ॥ ਅਸੁ ਪਵਨ ਹਸਤਿ ਅਸਵਾਰੀ ॥ ਚੋਆ ਚੰਦਨੁ ਸੇਜ ਸੁੰਦਰਿ ਨਾਰੀ ॥ ਨਟ ਨਾਟਿਕ ਆਖਾਰੇ ਗਾਇਆ ॥ ਤਾ ਮਹਿ ਮਨਿ ਸੰਤੋਖੁ ਨ ਪਾਇਆ ॥ ੨ ॥ ਤਖਤੁ ਸਭਾ ਮੰਡਨ ਦੋਲੀਚੇ ॥ ਸਗਲ ਮੇਵੇ ਸੁੰਦਰ ਬਾਗੀਚੇ ॥ ਆਖੇੜ ਬਿਰਤਿ ਰਾਜਨ ਕੀ ਲੀਲਾ ॥ ਮਨੁ ਨ ਸੁਹੇਲਾ ਪਰਪੰਚੁ ਹੀਲਾ ॥ ੩ ॥**[੧੭੯]-੧੨-੮੧

## (ਅ) ਸਦਾ ਸੋਹਾਗਨ ਮਾਇਆ ਇਸਤ੍ਰੀ

੫੬- **ਖਸਮੁ ਮਰੈ ਤਉ ਨਾਰਿ ਨ ਰੋਵੈ ॥ ਉਸੁ ਰਖਵਾਲਾ ਅਉਰੋ ਹੋਵੈ ॥ ਰਖਵਾਰੇ ਕਾ ਹੋਇ ਬਿਨਾਸ ॥ ਆਗੈ ਨਰਕੁ, ਈਹਾ ਭੋਗ ਬਿਲਾਸ ॥ ੧ ॥ ਏਕੁ ਸੁਹਾਗਨਿ ਜਗਤ ਪਿਆਰੀ ॥ ਸਗਲੇ ਜੀਅ ਜੰਤ ਕੀ ਨਾਰੀ ॥ ੧ ॥ ਰਹਾਉ ॥ ਸੋਹਾਗਨਿ ਗਲਿ ਸੋਹੈ ਹਾਰੁ ॥ ਸੰਤ ਕਉ ਬਿਖੁ, ਬਿਗਸੈ ਸੰਸਾਰੁ ॥ ਕਰਿ ਸੀਗਾਰੁ ਬਹੈ ਪਖਿਆਰੀ ॥ ਸੰਤ ਕੀ ਠਿਠਕੀ ਫਿਰੈ ਬਿਚਾਰੀ ॥ ੨ ॥ ਸੰਤ ਭਾਗਿ ਓਹ ਪਾਛੈ ਪਰੈ ॥ ਗੁਰ ਪਰਸਾਦੀ ਮਾਰਹੁ ਡਰੈ ॥ ਸਾਕਤ ਕੀ ਓਹ ਪਿੰਡ ਪਰਾਇਣਿ ॥ ਹਮ ਕਉ ਦ੍ਰਿਸਟਿ ਪਰੈ ਤ੍ਰਖਿ ਡਾਇਣਿ ॥ ੩ ॥ ਹਮ ਤਿਸ ਕਾ ਬਹੁ ਜਾਨਿਆ ਭੇਉ ॥ ਜਬ ਹੂਏ ਕ੍ਰਿਪਾਲ ਮਿਲੇ ਗੁਰਦੇਉ ॥ ਕਹੁ ਕਬੀਰ, ਅਬ ਬਾਹਰਿ ਪਰੀ ॥ ਸੰਸਾਰੈ ਕੈ ਅੰਚਲਿ ਲਰੀ ॥ ੪ ॥**[੮੭੧]-੪-੭

## (ੲ) ਗ੍ਰਿਹਸਤੀਆਂ ਲਈ ਲੋੜੀਂਦੀ ਮਾਇਆ-ਸੋਹਾਗਨਿ, ਪਰ .... ?

੫੭- **ਗ੍ਰਿਹਿ ਸੋਭਾ ਜਾ ਕੈ ਰੇ ਨਾਹਿ ॥ ਆਵਤ ਪਹੀਆ ਖੂਧੇ ਜਾਹਿ ॥ ਵਾ ਕੈ ਅੰਤਰਿ ਨਹੀ ਸੰਤੋਖੁ ॥ ਬਿਨੁ ਸੋਹਾਗਨਿ, ਲਾਗੈ ਦੋਖੁ ॥ ੧ ॥ ਧਨੁ ਸੋਹਾਗਨਿ ਮਹਾ ਪਵੀਤ ॥ ਤਪੇ ਤਪੀਸਰ ਡੋਲੈ ਚੀਤ ॥ ੧ ॥ ਰਹਾਉ ॥ ਸੋਹਾਗਨਿ ਕਿਰਪਨ ਕੀ ਪੂਤੀ ॥ ਸੇਵਕ ਤਜਿ, ਜਗਤ ਸਿਉ ਸੂਤੀ ॥ ਸਾਧੂ ਕੈ ਠਾਢੀ ਦਰਬਾਰਿ ॥ ਸਰਨਿ ਤੇਰੀ, ਮੋ ਕਉ ਨਿਸਤਾਰਿ ॥ ੨ ॥ ਸੋਹਾਗਨਿ ਹੈ ਅਤਿ ਸੁੰਦਰੀ ॥ ਪਗ ਨੇਵਰ ਛਨਕ ਛਨਹਰੀ ॥ ਜਉ ਲਗੁ ਪ੍ਰਾਨ ਤਊ ਲਗੁ ਸੰਗੇ ॥ ਨਾਹਿ ਤ ਚਲੀ ਬੇਗਿ ਉਠਿ ਨੰਗੇ ॥ ੩ ॥ ਸੋਹਾਗਨਿ ਭਵਨ ਤ੍ਰੈ ਲੀਆ ॥ ਦਸ ਅਠ ਪੁਰਾਣ ਤੀਰਥ ਰਸ ਕੀਆ ॥ ਬ੍ਰਹਮਾ ਬਿਸਨੁ ਮਹੇਸਰ ਬੇਧੇ ॥ ਬਡੇ ਭੂਪਤਿ ਰਾਜੇ ਹੈ ਛੇਧੇ ॥ ੪ ॥ ਸੋਹਾਗਨਿ ਉਰਵਾਰਿ ਨ ਪਾਰਿ ॥ ਪਾਂਚ ਨਾਰਦ ਕੈ ਸੰਗਿ ਬਿਧ ਵਾਰਿ ॥ ਪਾਂਚ ਨਾਰਦ ਕੇ ਮਿਟਵੇ ਫੂਟੇ ॥ ਕਹੁ ਕਬੀਰ, ਗੁਰ ਕਿਰਪਾ ਛੂਟੇ ॥ ੫ ॥**[੮੭੨]-੫-੮

**ਅਰਥ**:--ਸਦਾ ਮਾਲਕ-ਵਤੀ ਰਹਿਣ ਮਾਲੀ ਮਾਇਆ ਧੰਨ ਹੈ, (ਇਹ ਮਾੜੀ ਨਹੀਂ) ਬੜੀ ਪਵਿੱਤਰ ਹੈ, (ਇਸ ਤੋਂ ਬਿਨਾ) ਵੱਡੇ ਵੱਡੇ ਤਪੀਆਂ ਦੇ ਮਨ ਵੀ ਡੋਲ ਜਾਂਦੇ ਹਨ, (ਭਾਵ, ਸਰੀਰ ਦੇ ਨਿਰਬਾਹ ਲਈ ਮਾਇਆ ਨਾ ਮਿਲੇ ਤਾਂ ਤਪੀ ਵੀ ਘਾਬਰ ਜਾਂਦੇ ਹਨ) **। ਰਹਾਉ ।**

ਹੇ ਭਾਈ ! ਜਿਸ ਮਨੁੱਖ ਦੇ ਘਰ ਵਿਚ (**ਸੋਭਾ**, ਘਰ ਦੀ ਸੁਹੱਪਣ) **ਮਾਇਆ** ਨਹੀਂ ਹੈ ਉਸ ਘਰ ਆਏ ਪਾਂਧੀ ਭੁੱਖੇ ਚਲੇ ਜਾਂਦੇ ਹਨ, ਉਸ ਘਰ ਦੇ ਮਾਲਕ ਦੇ ਹਿਰਦੇ ਵਿਚ ਵੀ ਧਰਵਾਸ ਨਹੀਂ ਬਣਦਾ। ਸੋ ਮਾਇਆ ਤੋਂ ਬਿਨਾ ਗ੍ਰਿਹਸਤੀ ਉੱਤੇ ਗਿਲਾ ਆਉਂਦਾ ਹੈ । (ਭਾਵ, ਕਿਸੇ ਲੋੜਵੰਦ ਦੀ, ਕਿਸੇ ਪਰਦੇਸੀ, ਰਾਹਗੀਰ-ਪਾਂਧੀ ਦੀ ਜਦੋਂ ਕੋਈ ਗ੍ਰਿਹਸਤੀ ਲੋੜ ਪੂਰੀ ਨਾ ਕਰ ਸਕਦਾ ਹੋਵੇ, ਘਰ ਆਏ ਕਿਸੇ ਭੁੱਖੇ ਨੂੰ ਰੋਟੀ ਵੀ ਨਾ ਖੁਆ ਸਕਦਾ ਹੋਵੇ ਤਾਂ ਉਸ ਦੇ ਗ੍ਰਿਹਸਤੀ ਹੋਣ ਨੂੰ ਲਾਜ ਲੱਗਦੀ ਹੈ। ਸਪੱਸ਼ਟ ਹੈ ਕਿ, ਗੁਰਮਤਿ ਅਨੁਸਾਰ ਲੋੜਵੰਦਾਂ ਦੀ ਲੋੜ ਪੂਰੀ ਕਰਨੀ ਭੁੱਖੇ ਨੂੰ ਪਰਸ਼ਾਦਾ ਛਕਾਉਣਾ ਗ੍ਰਿਹਸਤੀ ਜੀਵਨ ਦਾ ਜ਼ਰੂਰੀ ਅੰਗ ਹੈ] । ੧ ।

ਪਰ ਇਹ ਮਾਇਆ ਸ਼ੂਮ ਦੀ ਧੀ ਬਣ ਕੇ ਰਹਿੰਦੀ ਹੈ, (ਭਾ, ਸ਼ੂਮ ਮਾਇਆ ਨੂੰ ਜੋੜਦਾ ਹੀ ਰਹਿੰਦਾ ਹੈ ਪਰ ਵਰਤਦਾ ਨਹੀਂ) ਪ੍ਰਭੂ ਦੇ ਸੇਵਕਾਂ ਤੋਂ ਬਿਨਾ ਹੋਰ ਸਭ ਨੂੰ ਇਸ ਨੇ ਆਪਣੇ ਵੱਸ ਵਿਚ ਕੀਤਾ ਹੋਇਆ ਹੈ। ਭਗਤ-ਜਨ ਦੇ ਦਰ ਤੇ ਖਲੋਤੀ (ਪੁਕਾਰਦੀ ਹੈ ਕਿ) ਮੈਂ ਤੇਰੀ ਸ਼ਰਨ ਆਈ ਹਾਂ, ਮੈਨੂੰ ਬਚਾ **। ੨ ।** ਮਾਇਆ ਬੜੀ ਸੋਹਣੀ ਹੈ। ਇਸ ਦੇ ਪੈਰੀਂ ਮਾਨੋ ਝਾਂਜਰਾਂ ਛਣ-ਛਣ ਕਰ ਰਹੀਆਂ ਹਨ (-ਮਾਇਆ ਦੀਆਂ ਰੌਣਕਾਂ ਨਿਆਰੀਆਂ ਹਨ) । (ਉਂਞ ਜਦ ਤਕ ਮਨੁੱਖ ਦੇ ਅੰਦਰ ਜਿੰਦ ਹੈ ਤਦ ਤਕ ਹੀ ਇਹ ਨਾਲ ਰਹਿੰਦੀ ਹੈ ਨਹੀਂ ਤਾਂ (ਭਾਵ, ਜਿੰਦ ਨਿਕਲਦਿਆਂ ਹੀ) ਇਹ ਵੀ ਨੰਗੇ ਪੈਰੀਂ ਉਠ ਭੱਜਦੀ ਹੈ (ਭਾਵ, ਉਸੇ ਵੇਲੇ ਸਾਥ ਛੱਡ ਜਾਂਦੀ ਹੈ, ਉਸੇ ਵੇਲੇ ਹੀ ਮਾਇਆ ਦਾ ਮਾਲਕ ਕੋਈ ਹੋਰ ਬਣ ਜਾਂਦਾ ਹੈ) **। ੩ ।** ਇਸ ਮਾਇਆ ਨੇ ਸਾਰੇ ਜਗਤ ਦੇ ਜੀਵਾਂ ਨੂੰ ਵੱਸ ਕੀਤਾ ਹੋਇਆ ਹੈ, ਅਠਾਰਾਂ ਪੁਰਾਨ ਪੜ੍ਹਨ ਵਾਲੇ ਤੇ ਤੀਰਥਾਂ ਤੇ ਜਾਣ ਵਾਲਿਆਂ (ਵਡੇ ਵਡੇ ਵਿਦਵਾਨਾਂ ਅਤੇ ਵਡੇ ਧਰਮੀ ਹੋਣ ਦਾ ਵਿਖਾਵਾ ਕਰਨ ਵਾਲੇ ਕਥਿ ਧਰਮ-ਆਗੂਆਂ) ਨੂੰ ਵੀ ਮੋਹ ਲਿਆ ਹੈ, (ਏਥੋਂ ਤੱਕ ਕੇ ਪੁਰਾਣਕ ਗਾਥਵਾਂ ਅਨੁਸਾਰ) ਬ੍ਰਹਮਾ, ਵਿਸ਼ਨੂੰ ਤੇ ਸ਼ਿਵ (ਵਰਗੇ ਕਥਿਤ ਦੇਵਤੇ) ਇਸ (ਮਾਇਆ) ਨੇ ਵਿੰਨ੍ਹ ਰੱਖੇ ਹਨ, ਸਭ ਰਾਜੇ ਰਾਣੇ ਵੀ ਇਸ ਨੇ ਨਕੇਲੇ ਹੋਏ ਹਨ**। ੪ ।** ਇਹ ਮਾਇਆ ਵਡੇ ਪਸਾਰੇ ਵਾਲੀ ਹੈ, ਇਸ ਦਾ ਅੰਤ ਨਹੀਂ ਪੈ ਸਕਦਾ, ਪੰਜਾਂ ਹੀ ਗਿਆਨ-ਇੰਦ੍ਰਿਆਂ ਨਾਲ ਰਲੀ-ਮਿਲੀ ਰਹਿੰਦੀ ਹੈ । ਕਬੀਰ ਜੀ (ਦਾ ਫ਼ੁਰਮਾਨ-) ਮੈ ਸਤਿਗੁਰਾਂ ਦੀ ਕਿਰਪਾ ਨਾਲ ਇਸ (ਦੀ ਮਾਰ) ਤੋਂ ਬਚ ਗਿਆ ਹਾਂ, ਕਿਉਂਕਿ ਮੇਰੇ ਪੰਜੇ ਹੀ ਇੰਦ੍ਰਿਆਂ ਦੇ ਭਾਂਡੇ ਭੱਜ ਗਏ ਹਨ (ਭਾਵ, ਗਿਆ-ਇੰਦ੍ਰਿਆਂ ਉੱਤੇ ਇਸ ਮਾਇਆ ਦਾ ਪ੍ਰਭਾਵ ਨਹੀਂ ਪੈਂਦਾ) ੫ ।

## (ਸ) ਵਿਭਚਾਰਨ ਅਤੇ ਟੂਣਿਆਂਹਾਰੀ ਇਸਤ੍ਰੀ ?

੫੮- **ਮਾਇਆ ਮੋਹੁ ਧਰਕਟੀ ਨਾਰਿ ॥ ਭੂੰਡੀ ਕਾਮਣਿ ਕਾਮਣਿਆਰਿ ॥**
**ਰਾਜੁ ਰੂਪੁ ਝੂਠਾ ਦਿਨ ਚਾਰਿ ॥ ਨਾਮੁ ਮਿਲੈ ਚਾਨਣੁ ਅੰਧਿਆਰਿ ॥ ੨ ॥**[੭੯੬]-੩

## (ਹ) ਮਾਇਆ ਇਸਤ੍ਰੀ, ਨਕ ਵੱਢਾ ਬੈਠੀ ?

ਅਸਾਂ ਵੇਖਿਆ ਹੈ ਕਿ ਮਾਇਆ ਨੂੰ ਗੁਰਬਾਣੀ ਵਿਚ ਘਰ ਦੀ ਸੋਭਾ ਵੀ ਕਿਹਾ ਹੈ । ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਇਸ ਨਾਲ **ਏਡਾ** ਪਰਬਲ ਮੋਹ ਹੋ ਜਾਵੇ ਕਿ ਜੇ ਵਣਜ ਵਿਪਾਰ ਕਰਦੇ ਸਮੇ ਖੱਟੀ ਹੋ ਰਹੀ ਹੋਵੇ, ਅਥਵਾ ਮਾਇਆ ਨੂੰ ਆਉਂਦੀ ਵੇਖੇ ਤਾਂ ਮਨੁੱਖ ਖ਼ੁਸ਼ੀਆਂ ਦੇ ਢੋਲ ਵਜਾ ਦੇਵੇ ਅਤੇ ਜਦ ਇਹ ਮਾਇਆ ਕਿਸੇ ਦੂਜੇ ਵੱਲ ਮੂੰਹ ਕਰ ਲਵੇ, ਆਪ ਨੂੰ ਲਾਭ ਦੇ ਥਾਂ ਘਾਟਾ ਪੈ ਜਾਵੇ ਤਾਂ ਮਰਨੇ ਪੈ ਜਾਵੇ–**ਨਿਤ ਸਉਦਾ ਸੂਦੁ ਕੀਚੈ, ਬਹੁ ਭਾਤਿ ਕਰਿ, ਮਾਇਆ ਕੈ ਤਾਈ ॥ ਜਾ ਲਾਹਾ ਦੇਇ ਤਾ ਸੁਖੁ ਮਨੇ ਤੋਟੈ ਮਰਿ ਜਾਈ ॥.. ੩ ॥**[੧੬੬] ਮਾਇਆ ਦੇ ਨਸ਼ੇ ਵਿਚ ਵਿਕਾਰੀ ਬਣ ਜਾਣ ਵਾਲਿਆਂ ਲਈ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਅਨਮੋਲ ਉਪਦੇਸ਼ ਇਸ ਪਰਕਾਰ ਹੈ:--

੫੯- **ਇਕਤੁ ਪਤਰਿ ਭਰਿ ਉਰਕਟ ਕੁਰਕਟ, ਇਕਤੁ ਪਤਰਿ ਭਰਿ ਪਾਨੀ ॥ ਆਸਿ ਪਾਸਿ ਪੰਚ ਜੋਗੀਆ ਬੈਠੇ, ਬੀਚਿ ਨਕਟ ਦੇ ਰਾਨੀ ॥ ੧ ॥ ਨਕਟੀ ਕੋ ਠਨਗਨੁ ਬਾਡਾ ਡੂੰ ॥ ਕਿਨਹਿ ਬਿਬੇਕੀ ਕਾਟੀ ਤੂੰ ॥ ੧ ॥ ਰਹਾਉ ॥ ਸਗਲ ਮਾਹਿ ਨਕਟੀ ਕਾ ਵਾਸਾ, ਸਗਲ ਮਾਰਿ ਅਉਹੇਰੀ ॥ ਸਗਲਿਆ ਕੀ ਹਉ ਬਹਿਨ ਭਾਨਜੀ, ਜਿਨਹਿ ਬਰੀ ਤਿਸੁ ਚੇਰੀ ॥ ੨ ॥ ਹਮਰੋ ਭਰਤਾ ਬਡੋ ਬਿਬੇਕੀ, ਆਪੇ ਸੰਤੁ ਕਹਾਵੈ ॥ ਓਹੁ ਹਮਾਰੈ ਮਾਥੈ ਕਾਇਮੁ, ਅਉਰੁ ਹਮਰੈ ਨਿਕਟਿ ਨ ਆਵੈ ॥ ੩ ॥ ਨਾਕਹੁ ਕਾਟੀ ਕਾਨਹੁ ਕਾਟੀ, ਕਾਟਿ ਕੂਟਿ ਕੈ ਡਾਰੀ ॥ ਕਹੁ ਕਬੀਰ ਸੰਤਨ ਕੀ ਬੈਰਨਿ, ਤੀਨਿ ਲੋਕ ਕੀ ਪਿਆਰੀ ॥ ੪ ॥**[੪੭੬]-੪

**ਪਦ ਅਰਥ:**--ਇਕਤੁ ਪਤਰਿ--ਇੱਕ ਭਾਂਡੇ ਵਿਚ । ਉਰਕਟ--ਤਿਆਰ ਕੀਤਾ ਹੋਇਆ, ਰਿੰਨ੍ਹਿਆ ਹੋਇਆ । ਕੁਰਕਟ--ਕੁੱਕੜ (ਦਾ ਮਾਸ) । ਭਰਿ--ਭਰ ਕੇ, ਪਾ ਕੇ । ਪਾਨੀ--ਭਾਵ, ਸ਼ਰਾਬ । ਆਸਿ ਪਾਸਿ--(ਇਸ ਮਾਸ ਅਤੇ ਸ਼ਰਾਬ ਦੇ) ਦੁਆਲੇ, ਆਸੇ ਪਾਸੇ । ਪੰਜ ਜੋਗੀਆ--ਪੰਜ ਕਾਮਾਦਿਕਾਂ ਨਾਲ ਮੇਲ ਜੋਲ ਰੱਖਣ ਵਾਲੇ [**ਜੋਗ**=ਮੇਲ ਮਿਲਾਪ] ਭਾਵ, ਵਿਕਾਰੀ ਮਨੁੱਖ । ਬੀਚਿ--(ਇਨ੍ਹਾਂ ਵਿਸ਼ਈ ਬੰਦਿਆਂ ਦੇ) ਅੰਦਰ, ਇਨ੍ਹਾਂ ਵਿਕਾਰੀ ਬੰਦਿਆਂ ਦੇ ਮਨ ਵਿਚ । ਨਕਟ--ਨਕ-ਕੱਟੀ, ਨਿਲੱਜ । ਦੇ ਰਾਨੀ--ਦੇਵ ਰਾਨੀ, ਮਾਇਆ **। ੧ ।** ਨਕਟੀ--ਨਿਲੱਜ ਮਾਇਆ । ਕੋ--ਦਾ । ਬਾਡਾ--ਵਾਜਾ । ਡੂੰ--ਡਹੂ-ਡਹੂ ਕਰਦਾ ਹੈ, ਵੱਜਦਾ ਹੈ । ਠਨਗਨੁ--ਠਨ-ਠਨ ਦੀ ਆਵਾਜ਼ ਕਰ ਕੇ । ਕਿਨਹਿ--ਕਿਸੇ ਵਿਰਲੇ ਨੇ । ਕਿਨਹਿ ਬਿਬੇਕੀ--ਕਿਸੇ ਵਿਰਲੇ ਵਿਚਾਰਵਾਨ ਨੇ । ਤੂੰ--ਤੈਨੂੰ । ਕਾਟੀ--ਕੱਟਿਆ ਹੈ, ਦਬਾਉ ਦੂਰ ਕੀਤਾ ਹੈ **। ੧ । ਰਹਾਉ ।** ਨਕਟੀ ਕਾ ਵਾਸਾ--ਨਿਲੱਜ ਮਾਇਆ ਦਾ ਪ੍ਰਭਾਵ । ਅਉਹੇਰੀ--ਤੱਕਦੀ ਹੈ, ਨੀਝ ਲਾ ਕੇ ਵੇਖਦੀ ਹੈ । (ਕਿ ਕੋਈ ਮੇਰੀ ਮਾਰ ਤੋਂ ਬਚ ਤਾਂ ਨਹੀਂ ਗਿਆ) । ਹਉ--ਮੈਂ । ਬਹਿਨ--ਭੈਣ । ਭਾਨਜੀ--ਭਣੇਵੀਂ । ਬਰੀ--ਵਿਆਹ ਲਿਆ, ਵਰਤਿਆ । ਚੇਰੀ--ਦਾਸੀ **। ੨ ।** ਬਿਬੇਕੀ--ਵਿਚਾਰਵਾਨ ਪੁਰਖ । ਮਾਥੈ ਕਾਇਮ--ਮੇਰੇ ਮੱਥੇ ਉੱਤੇ ਟਿਕਿਆ ਹੋਇਆ, ਮੇਰੇ ਉੱਤੇ ਕਾਬੂ ਰੱਖਣ ਵਾਲਾ । ਅਉਰ--ਕੋਈ ਹੋਰ । ਨਿਕਟਿ--ਨੇੜੇ **। ੩ ।** ਨਾਕਹੁ--ਨੱਕ ਤੋਂ । ਕਾਟੀ--ਵੱਢ ਦਿੱਤਾ । ਕਾਨਹੂ--ਕੰਮ ਤੋਂ । ਕਾਟਿ ਕੂਟ ਕਰਿ--ਚੰਗੀ ਤਰ੍ਹਾਂ ਕੱਟ ਕੇ । ਡਾਰੀ--ਪਰੇ ਸੁੱਟ ਦਿੱਤੀ । ਬੈਰਨਿ--ਵੈਰ ਕਰਨ ਵਾਲੀ । ਤੀਨਿ ਲੋਕ--ਸਾਰਾ ਜਗਤ । ੪ ।

ਨੋਟ:--ਜਗਤ ਵਿਚ ਆਮ ਤੌਰ ਤੇ ' ਨੱਕ " ਰੱਖਣ ਲਈ ਅਤੇ ' ਕੰਨ ' ਨਾਲ ਆਪਣੀ ਵਡਿਆਈ ਸੁਣਨ ਦੇ ਯਤਨ ਹੋ ਰਹੇ ਹੁੰਦੇ ਹਨ । ਭਾਵ ਇਹ ਹੈ ਕਿ ਮਾਇਆ ਦੇ ਆਸਰੇ ਕੀਤੇ ਸਾਡੇ ਕਮਾਂ ਦੇ ਕਰਨ ਪਿੱਛੇ ਆਮ ਤੌਰ ਤੇ ਏਹੀ ਖ਼ਿਆਲ ਪ੍ਰਧਾਨ ਹੁੰਦਾ ਹੈ ਕਿ ਸਾਡਾ ' ਨੱਕ ' ਉਚਾ ਹੋ ਜਾਵੇ, ਸਾਡਾ ਨੱਕ ਰਹਿ ਜਾਵੇ, ਕਿਸੇ ਤਰ੍ਹਾਂ ਸਾਡੀ ਇਜ਼ੱਤ ਵਿਚ ਵਾਧਾ ਹੋਵੇ, ਸਮਾਜ ਵਿਚ ਸਾਡੀ ਠੁੱਕ ਬਣੀ ਰਹੇ ਆਦਿ, ਆਪਣੀ ਸੋਭਾ ਵਧਾਉਣ ਦੀ ਲਾਲਸਾ । ਫਿਰ ਕੰਨ ਲਾ ਕੇ ਸੁਣਦੇ ਹਾਂ ਕਿ ਸਾਡੀ ਫਲਾਣੀ ਕਰਤੂਤ (ਦਾਨ ਪੁੰਨ, ਧਰਮ-ਕਰਮ, ਅਥਵਾ ਪਾਰਟੀਆਂ ਤੇ ਖਰਚ, ਵਿਆਹ-ਸ਼ਾਦੀਆਂ ਵਿਚ ਵੱਧ ਚੜ੍ਹ ਕੇ ਉਚੇਚੇ ਖ਼ਰਚ ਅਤੇ ਕੀਮਤੀ ਤੋਂ ਕੀਮਤੀ, ਦਾਜ ਦੇ ਵਿਖਾਵੇ ਆਦਿ) ਬਾਰੇ ਲੋਕ ਕੀ ਆਖਦੇ ਹਨ ? ਪਰ ਬਿਬੇਕੀ ਪੁਰਸ਼ ਨਾ ਲੋਕ-ਲਾਜ ਦੀ ਖ਼ਾਤਰ ਕੋਈ ਕੰਮ ਕਰਦੇ ਹਨ ਤੇ ਨਾ ਹੀ ਇਸ ਗੱਲ ਦੀ ਪਰਵਾਹ ਕਰਦੇ ਹਨ ਕਿ ਲੋਕ ਸਾਡੇ ਬਾਰੇ ਕੀ ਆਖਦੇ ਹਨ । ਸੋ, ਉਨ੍ਹਾਂ ਨੇ ਮਾਇਆ ਦਾ ' ਨੱਕ ' ਤੇ ' ਕੰਨ ' ਦੋਵੇਂ ਕੱਟ ਦਿੱਤੇ ਹਨ ।---**ਨਾਕਹੁ ਕਾਟੀ ਕਾਨਹੁ ਕਾਟੀ, ਕਾਟਿ ਕੂਟਿ ਕੈ ਡਾਰੀ ॥ ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ ॥ ੪ ॥** [੪੭੬] ਪਰ ਆਪਣੇ ਗਿਰੀਬਾਨ ਵਿਚ ਝਾਤੀ ਮਾਰੀਏ ਤਾਂ ਅੰਦਰੋਂ ਏਹੀ ਸੁਣਦਾ ਹੈ ਕਿ ਅਸੀਂ ਅਜੋਕੇ ਸਿੱਖ ਪੁਕਾਰ ਪੁਕਾਰ ਕੇ ਕਹਿ ਰਹੇ ਹਾਂ ਕਿ--ਹੇ ਗੁਰੂ ਨਾਨਕ ਜੀਓ ! ਤੂੰ ਤਾਂ ਸਾਨੂੰ ਸੂਰਮਤਾਈ ਦੇ ਨਾਲ ਸੰਤ-ਪੁਣਾ ਵੀ ਦੇਣ ਆਇਆ ਸੀ । ਹੇ ਗੁਰੂ ਨਾਨਕ ਸਾਹਿਬ ਜੀਓ ! ਸਾਨੂੰ ਸੰਤ ਬਣਾ ਦੇਣ ਲਈ ਤੁਸਾਂ ਘਾਲ ਵੀ ਬੇਅੰਤ ਘਾਲੀ, ਪਰ ਮਾਇਆ ਮੋਹ ਦੇ ਕਾਰਨ ਅਸਾਂ ਹੰਕਾਰ-ਗ੍ਰਸਿਆਂ ਨੇ, (ਆਪਸ ਵਿਚ ਜਾਂ ਕਿਸੇ ਦੂਜੇ ਦੇ ਗਲ ਪੈ ਕੇ**)** **ਲੜ-ਮਰਨ** ਵਾਲੀ **ਸੂਰਮਤਾਈ** ਤਾਂ ਸਾਂਭ ਲਈ, ਪਰ **ਸੰਤ-ਪੁਣੇ** ਦੇ ਨੇੜੇ ਰਹਿਣਾ, ਸਾਡੇ ਲਈ ਵਾਧੂ ਦਾ ਝੰਜਟ ਬਣ ਚੁੱਕਾ ਹੈ । ਜੇ ਅਸੀਂ (ਲੜਾਈ ਝਗੜਿਆਂ, ਅਤੇ ਬਦੀਆਂ ਨੂੰ ਮਿਟਾਉਣ ਲਈ ਜਾਨਾ ਵਾਰਨ ਵਾਲੇ) ਸੂਰਮੇ ਬਣ ਜਾਣ ਨਾਲ ਸੰਤ-ਸੁਭਾ ਵਾਲੇ ਬਣਦੇ, ਤਾਂ (ਉਪਰੋਕਤ ਫ਼ੁਰਮਾਨ ਅਨੁਸਾਰ), ਅੱਜ ਮਾਇਆ, ਸਾਡੇ ਲਈ ਵੀ ਉਸੇ ਤਰ੍ਹਾਂ ਦੀ ' ਨਕ-ਕੰਨ-ਕਟੀ ਬੈਰਨਿ ' ਹੀ ਹੁੰਦੀ । ਸੱਚੇ ਪਾਤਿਸ਼ਾਹ ਜੀਓ ! ਅਸੀਂ ਤਾਂ ਏਡੇ ਨਿੱਘਰ ਚੁੱਕੇ ਹਾਂ ਕਿ, ਆਪਣਾ ਨੱਕ ਉੱਚਾ ਕਰਨ ਲਈ, ਤੇਰੀ ਜੋਤਿ, ਜੁਗੋ ਜੁਗੋ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੀ ਭਰਪੂਰ ਵਰਤੋਂ ਕਰ ਰਹੇ ਹਾਂ । ਅਖੰਡ ਪਾਠ ਜਾਂ ਸਹਿਜ ਪਾਠ ਦੇ ਬਹਾਨੇ ਬਰਾਦਰੀ ਦਾ ਜੋੜ-ਮੇਲਾ ਕਰਕੇ ਆਪਣਾ ਨੱਕ ਉੱਚਾ ਕਰਨ ਲਈ, ਉਹ ਕਿਹੜੀ ਅਵੱਗਿਆ ਰਹਿ ਜਾਂਦੀ ਹੈ ਜੋ ਤਰੀ ਅਸੀਂ ਨਹੀਂ ਕਰਦੇ ? ਅਸੀਂ ਤੇਰੀ ਬਾਣੀ ਦੀ ਵਿਚਾਰ ਨਾਲ ਜੁੜਨ ਦੇ ਥਾਂ ਉਸੇ ਧੁਰ ਕੀ ਬਾਣੀ ਨੂੰ ਹੀ ਆਪਣੀ ਖੱਟੀ ਦਾ ਸਾਧਨ ਬਣਾ ਲਿਆ ਹੈ ਜਿਹੜੀ ਸਾਡੇ ਸਾਰੇ ਚਿੰਤਾ-ਝੋਰੇ ਮਿਟਾਉਣ ਲਈ ਆਈ ਸੀ । ਨੌਵੇਂ ਸਰੂਪ ਵਿਚ ਸਤਿਗੁਰਾਂ ਨੇ ਸੱਚ ਹੀ ਫ਼ੁਰਮਾਨ ਕੀਤਾ ਹੈ ਕਿ ਮਾਇਆ ਦੇ ਮੋਹ ਵਿਚ ਫਸ ਕੇ ਅਸੀਂ ਅਜੇਹੀ ਕੁਤੇ ਦੀ ਪੂਛ ਬਣ ਚੁੱਕੇ ਹਾਂ, ਜਿਹੜੀ ਕਦੇ ਸਿੱਧੀ ਨਹੀਂ ਹੁੰਦੀ:--

੬੦- **ਯਹ ਮਨੁ ਨੈਕ ਨਾ ਕਹਿਓ ਕਰੈ ॥ ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ ॥ ੧ ॥ ਰਹਾਉ ॥ ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ ॥ ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ ॥ ੧ ॥ ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ । ਕਹੁ ਨਾਨਕ ਭਜੁ ਰਾਮਾਨਮ ਨਿਤ ਜਾ ਤੇ ਕਾਜੁ ਸਰੈ ॥ ੨ ॥**[੫੩੬]-੧

੯

# ਤ੍ਰੈ ਗੁਣੀ ਮਾਇਆ

ਪੁਰਾਤਨ ਭਾਰਤੀ ਵਿਦਵਾਨਾਂ ਨੇ ਮਾਇਆ ਨੂੰ, ਰਜੋ, ਤਮੋ ਅਤੇ ਸਤੋ ਤਿੰਨ ਗੁਣਾ ਵਾਲੀ ਮੰਨਿਆ ਹੈ । ਅਜੇਹਾ ਜ਼ਿਕਰ ਬ੍ਰਾਹਮਣੀ ਗ੍ਰੰਥਾਂ ਵਿਚ ਬਹੁਤ ਮਿਲਦਾ ਹੈ। ਇਨ੍ਹਾਂ ਅੱਡ ਅੱਡ ਤਿੰਨਾਂ ਗੁਣਾਂ ਦਾ ਜ਼ਿਕਰ ਗੁਰਬਾਣੀ ਵਿਚ ਇਸ ਪ੍ਰਕਾਰ ਹੈ--**ਰਜ ਗੁਣ, ਤਮ ਗੁਣ ਸਤ ਗੁਣ ਕਹੀਐ, ਏਹ ਤੇਰੀ ਸਭ ਮਾਇਆ ॥** [੧੧੨੩]-੧

(੧) **ਰਜ ਗੁਣ**--ਮਹਾਨ ਕੋਸ਼ ਵਿਚ ਦੇ ੧੦੧੭ ਸਫ਼ੇ ਤੇ " **ਰਜ** " ਪਦ ਦੇ ਅਰਥ ਇਸ ਪ੍ਰਕਾਰ ਲਿਖੇ ਹਨ--੧- ਇਸਤ੍ਰੀ ਦਾ ਫੁੱਲ, ਰਿਤੁ । ੨- ਧੂਲਿ, ਧੂੜਿ । ੩- ਫੁੱਲ ਦੀ ਰੇਣੁ, ਪਰਾਗ । ੪- ਮਾਯਾ ਦਾ ਤਿੰਨ ਗੁਣਾ ਵਿਚੋਂ ਇੱਕ ਗੁਣ, ਜੋ ਮੋਹ, ਅਹੰਕਾਰ, ਆਦਿ ਦਾ ਕਾਰਨ ਹੈ-- " **ਰਜ ਤਮ ਸਤ ਕਲ ਤੇਰੀ ਛਾਇਆ ॥** " (ਮਾਰੂ ਸੋਲਹੇ ਮ: ੧) ੫- ਆਕਾਸ਼ । ੬- ਪਾਪ । ੭- ਜਲ। ੮- ਬੱਦਲ । ੯- ਵਾਹਿਆ ਹੋਇਆ ਖੇਤ ।

**ਪ੍ਰਿੰ: ਸਾਹਿਬ ਸਿੰਘ** ਜੀ ਨੇ-ਗੁਰੂ ਗ੍ਰੰਥ ਸਾਹਿਬ ਦਰਪਣ " ਦੀ ਅਠਵੀਂ ਪੋਥੀ ਦੇ ੨੩੦ ਸਫ਼ੇ ਤੇ--ਰਜ ਗੁਣ ਦਾ ਅਰਥ ਇਉ ਲਿਖਿਆ ਹੈ-" ਮਾਇਆ ਦਾ ਉਹ ਗੁਣ ਜੋ ਮੋਹ,, ਹਉਮੈ ਆਦਿ ਦਾ ਮੂਲ ਹੈ ।

(੨) **ਤਮ ਗੁਣ**--ਮਹਾਨ ਕੋਸ਼ ਦੇ ੫੭੬ ਸਫ਼ੇ ਤੇ " ਤਮ " ਦੇ ਅਰਥ--ਸਾਹ ਘੁਟੇ ਜਾਣਾ, ਥੱਕ ਜਾਣਾ, ਘਬਰਾਉਣਾ ਸੰਣਗਯਾ--ਤਮੋਗੁਣ, " **ਰਜ ਤਮ ਸਤ ਕਲ ਤੇਰੀ ਛਾਇਆ** " (ਮਾਰੂ ਸੋਲਹੇ ਮ: ੧) । ੨- ਅੰਧਕਾਰ, ਅੰਧੇਰਾ,- - " **ਤਮੁ ਅਗਿਆਨ ਮੋਹਤ ਘੁਪ** " (ਬਿਲਾ ਅ: ਮ: ੧)। ੩- ਪਾਪ " **ਅਗਿਆਨ ਬਿਨਾਸਨ ਤਮ ਹਰਨ,"** (ਮਾਝ ਦਿਨ ਰੈਣ)। ੪- ਕ੍ਰੋਧ । ੫- ਅਗਯਾਨ । ੬--ਨਰਕ । ੭- ਕਾਲਖ, --" ਤਮ ਸੰਸਾਰੁ ਚਰਨ ਲਗਿ ਤਰੀਐ " (ਮੁੰਦਾਵਣੀ ਮ: ੫) ੮- ਪ੍ਰਤਯ--ਅਤਯੰਤ ਹੀ, ਬਹੁਤ ਹੀ, ਇਹ ਪਦਾਂ ਦੇ ਅੰਤ ਵਿਚ ਵਰਤੀਦਾ ਹੈ ।

**ਪ੍ਰਿੰ: ਸਾਹਿਬ ਸਿੰਘ** ਨੇ ਉਪ੍ਰੋਕਤ ਵਰਨਣ ਪੁਸਤਕ ਦੇ ਉਸੇ ਸਫੇ ਤੇ ਹੀ ਤਮ ਗੁਣ ਦਾ ਅਰਥ ਇਉਂ ਲਿਖਿਆ ਹੈ--" ਉਹ ਗੁਣ ਜਿਸ ਤੋਂ ਆਤਮਕ ਜੀਵਨ ਦਾ ਸਾਹ ਘੁਟਿਆ ਜਾਏ । (ਤਮ--ਸਾਹ ਘੁਟਿਆ ਜਾਣਾ)

(੩) **ਸਤ ਗੁਣ**--ਮਹਾਨ ਕੋਸ਼ ਦੇ ੧੪੬ ਸਫ਼ੇ ਤੇ " ਸਤ " ਦੇ ਅਰਥ ਇਸ ਪ੍ਰਕਾਰ ਹਨ-- ਸੱਚ, ਸਤਯ । ੨- ਪਤਿਵ੍ਰਤ-" **ਬਿਨੁ ਸਤ ਸਤੀ ਹੋਇ ਕੈਸੇ ਨਾਰਿ** "(ਗਉ: ਕਬੀਰ) । ੩--ਪਰਮਾਤਮਾ, ਬ੍ਰਹਮ । ੪- ਆਦਰ ਸਨਮਾਨ । ੫- **ਸਤੋ ਗੁਣ**--" **ਰਜ ਤਮ ਸਤ ਕਲ ਤੇਰੀ ਛਾਇਆ** "(ਮਾਰੂ ਮ: ੧)। ੬- ਸਾਧੁ, ਭਲਾ । ੭- ਪੂਜਯ । ੮- ਪ੍ਰਸੰਸਿਤ, ਸਲਾਹਿਆ ਹੋਇਆ । ੯- ਪ੍ਰਤੱਖ, ਵਿਦਯਮਾਨ । ੧੦- ਸਤਯ ਸੰਗਯਾ-ਸਤਯੁਗ । ੧੧- ਸੁਗੰਧ, ਕਸਮ । ੧੨- ਸਿਧਾਂਤ, ਤਾਤਪਰਯ । ੧੩- ਤਪੋ ਲੋਕ ਤੋਂ ਉਪਰਲਾ ਲੋਕ, ਬ੍ਰਹਮ ਲੋਕ । ੧੪- ਸਤ੍ਵ, ਪ੍ਰਾਣ, " ਚੰਤ ਸਤ ਭੇਦਿਆ, ਨਾਦ ਸਤ ਪੂਰਿਆ, ਸੂਰ ਸਤ ਖੋੜਸਾ ਦਤੁ ਕੀਆ " (ਮਾਰੂ ਜੈਦੇਵ) ਚੰਦ੍ਰਮਾ ਨਾੜੀ ਦੁਆਰਾ ਸਵਾਸ ਅੰਦਰ ਕੀਤੇ, ਓਅੰ ਨਾਦ (ਧੁਨ) ਨਾਲ ਪ੍ਰਾਣਾ ਨੂੰ ਠਹਿਰਾਇਆ, ਸੂਰਜ ਦੀ ਨਾੜੀ ਦ੍ਵਾਰਾ ਸੋਲਾਂ ਵਾਰ ਓਅੰ ਧੁਨਿ ਨਾਲ ਬਾਹਰ ਕਢਿਆ, ਅਰਥਾਤ ਪੂਰਕ ਕੁੰਬਕ ਅਤੇ ਰੇਚਕ ਕੀਤਾ । ੧੫- ਜੀਵਾਤਮਾ । ੧੬- ਮਨ । ੧੭- ਬਲ । ੧੮- ਅਰਕ, ਸਾਰ, ਨਿਚੋੜ । ੧੯- ਸੁਭਾਉ । ੨੦- ਉਮਰ । ੨੧- ਧਨ । ੨੨- ਉਤਸ਼ਾਹ । ੨੩--ਧੀਰਜ। ੨੪- ਜੀਵਨ, ਜ਼ਿੰਦਗੀ । ੨੫- ਧਰਮ। ੨੬- ਪੁੰਨ, " ਸਤੀ ਪਾਪ ਕਰਿ ਸਤ ਸਤ ਕਮਾ " (ਵਾਰ ਰਾਮ ੧ ਮ: ੧) । ੨੭- ਸੰ, ਸਾਤ (ਸੱਤ- ੭) " ਪੰਦ੍ਰਹਿ ਥਿਤੀ ਤੈ ਸਤ ਵਾਰ " (ਬਿਲਾ ਮ: ੩ ਵਾਰ ੭)। ੨੮-- ਸ਼ਤ ਸੌ, " ਰੇ ਜਿਹਵਾ ਕਰਉ ਸਤ ਖੰਡ । ਜਾਮਿ ਨ ਉਚਰਹਿ ਸ੍ਰੀ ਗੋਬਿੰਦ ॥ " (ਭੈਰ ਨਾਮਦੇਵ) ਆਦਿ ੩੩ ਅਰਥ ਹਨ।

**ਪ੍ਰਿੰ: ਸਾਹਿਬ ਸਿੰਘ**--ਮਾਇਆ ਦੇ ਗੁਣਾ ਵਿਚੋਂ ਪਹਿਲਾ ਗੁਣ ਜਿਸ ਦਾ ਨਤੀਜਾ ਸ਼ਾਂਤੀ, ਦਇਆ, ਦਾਨ, ਖਿਮਾ, ਪ੍ਰਸੰਨਤਾ ਆਦਿਕ ਹੈ । ਇਸ ਅਵਸਥਾ ਵਿਚ ਮਨੁੱਖ, ਸ਼ਾਂਤੀ ਦਇਆ, ਆਦਿਕ ਕੰਮਾ ਤੇ ਜ਼ੋਰ ਦਿੰਦਾ ਹੈ, ਤੇ ਇਨ੍ਹਾਂ ਦੇ ਕਰਨ ਨਾਲ ਹੀ ਉੱਸ ਨੂੰ ਜੀਵਨ-ਹੁਲਾਰਾ ਆਉਂਦਾ ਹੈ ।

ਸਪੱਸ਼ਟ ਹੈ, ਕਿ ਜਪ ਤਪ ਦਾਨ ਪੁੰਨ ਆਦਿ ਧਰਮ-ਕਰਮ, ਜਿਨ੍ਹਾਂ ਨੂੰ ਕਰਮ-ਕਾਂਡ ਕਿਹਾ ਹੈ, ਇਹ ਸਭ ਮਾਇਆ ਦਾ ਹੀ ਰੂਪ ਹਨ।

## ਤ੍ਰੈਗੁਣੀ ਮਾਇਆ--

੬੧- **ਪਉੜੀ ॥ ਤ੍ਰਿਤੀਆ ਤ੍ਰੈ ਗੁਣ ਬਿਖੈ ਫਲ ਕਬ ਉਤਮ ਕਬ ਨੀਚੁ ॥ ਨਰਕ ਸੁਰਗ ਭ੍ਰਮਤਉ ਘਣੋ ਸਦਾ ਸੰਘਾਰੈ ਮੀਚੁ ॥ ਹਰਖ ਸੋਗੁ ਸਹਸਾ ਸੰਸਾਰੁ ਹਉ ਹਉ ਕਰਤ ਬਿਹਾਇ ॥ ਜਿਨਿ ਕੀਏ ਤਿਸਹਿ ਨ ਜਾਣਨੀ ਚਿਤਵਹਿ ਅਨਿਕ ਉਪਾਇ ॥ ਆਧਿ ਬਿਆਧਿ ਉਪਾਧਿ ਰਸ ਕਬਹੁ ਨ ਤੂਟੈ ਤਾਪ ॥ ਪਾਰਬ੍ਰਹਮ ਪੂਰਨ ਧਨੀ ਨਹ ਬੂਝੈ ਪਰਤਾਪ ॥ ਮੋਹ ਭਰਮ ਬੂਡਤ ਘਣੋ ਮਹਾ ਨਰਕ ਮਹਿ ਵਾਸ ॥ ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਤੇਰੀ ਆਸ ॥ ੩ ॥**[੨੯੭]-ਥਿਤੀ

**ਅਰਥ**:--ਮਾਇਆ ਦੇ ਤਿੰਨਾ ਗੁਣਾਂ ਦੇ ਪ੍ਰਭਾਵ ਹੇਠ ਜੀਵਾਂ ਨੂੰ ਵਿਸ਼ੇ ਵਿਕਾਰ-ਰੂਪ ਫਲ ਹੀ ਮਿਲਦੇ ਹਨ, ਕਦੇ ਕੋਈ (ਥੋੜੇ ਚਿਰ ਲਈ) ਚੰਗੀ ਅਵਸਥਾ ਮਾਣਦੇ ਹਨ, ਕਦੇ ਨੀਵੀਂ ਅਵਸਥਾ ਵਿਚ ਡਿੱਗ ਪੈਂਦੇ ਹਨ । ਜੀਵਾਂ ਨੂੰ ਨਰਕ ਸੁਰਗ (ਦੁੱਖ ਸੁੱਖ ਭੋਗਣੇ ਪੈਂਦੇ ਹਨ) ਬਹੁਤ ਭਟਕਣਾ ਲੱਗੀ ਰਹਿੰਦੀ ਹੈ ਤੇ ਮੌਤ ਦਾ ਸਹਮ ਸਦਾ ਉਨ੍ਹਾਂ ਦੀ ਆਤਮਕ ਮੌਤ ਦਾ ਕਾਰਨ ਬਣਿਆ ਰਹਿੰਦਾ ਹੈ । (ਤਿੰਨ ਗੁਣਾਂ ਦੇ ਅਧੀਨ ਜੀਵਾਂ ਦੀ ਉਮਰ) ਹੰਕਾਰ ਵਿਚ ਬੀਤਦੀ ਹੈ, ਕਦੇ ਖ਼ੁਸ਼ੀ ਕਦੇ ਗ਼ਮੀ ਕਦੇ ਸਹਮ--ਇਹ ਚੱਕਰ (ਉਨ੍ਹਾਂ ਵਾਸਤੇ ਸਦਾ ਬਣਿਆ ਰਹਿੰਦਾ ਹੈ) । ਜਿਸ ਪਰਮਾਤਮਾ ਨੇ ਪੈਦਾ ਕੀਤਾ ਹੈ, ਉਸ ਨਾਲ ਡੂੰਘੀ ਸਾਂਝ ਨਹੀਂ ਪਾਉਂਦੇ ਤੇ (ਤੀਰਥ-ਇਸ਼ਨਾਨ ਆਦਿਕ) ਹੋਰ ਹੋਰ ਧਾਰਮਿਕ ਜਤਨ ਉਹ ਸਦਾ ਸੋਚਦੇ ਰਹਿੰਦੇ ਹਨ । ਦੁਨੀਆ ਦੇ ਰਸਾਂ (ਚਸਕਿਆਂ) ਦੇ ਕਾਰਨ ਜੀਵ ਨੂੰ ਆਧਿ (-ਮਨ ਦੇ ਰੋਗ) ਬਿਆਧਿ (-ਸਰੀਰ ਦੇ ਰੋਗ) ਤੇ ਉਪਾਧਿ (-ਹੋਰ ਝਗੜੇ-ਝੰਬੇਲੇ) ਚੰਬੜੇ ਰਹਿੰਦੇ ਹਨ, ਕਦੇ ਇਸ ਦੇ ਮਨ ਦਾ ਦੁਖ-ਕਲੇਸ਼ ਮਿਟਦਾ ਨਹੀਂ ਹੈ । (ਰਸਾਂ ਵਿਚ ਫਸਿਆਂ ਮਨੁੱਖ) ਪੂਰਨ ਪਾਰਬ੍ਰਹਮ ਮਾਲਕ-ਪ੍ਰਭੂ ਦੇ ਪਰਤਾਪ ਨੂੰ ਨਹੀਂ ਸਮਝਦਾ । ਸੋ ਬੇਅੰਤ ਲੁਕਾਈ ਮਾਇਆ ਦੇ ਮੋਹ ਤੇ ਭਟਕਣਾ ਵਿਚ ਗੋਤੇ ਖਾ ਰਹੀ ਹੈ, ਭਾਰੇ ਨਰਕਾਂ (ਦੁੱਖਾਂ) ਵਿਚ ਦਿਨ ਕੱਟ ਰਹੀ ਹੈ । (ਗੁਰਦੇਵ ਜੀ ਦੀ ਅਰਦਾਸ,-)-- ਹੇ ਪ੍ਰਭੂ ! ਕਿਰਪਾ ਕਰ ਕੇ (ਇਨ੍ਹਾਂ ਦੁਖਿਆਰਿਆਂ ਦੀ) ਰੱਖਿਆ ਕਰ, (ਸਭ ਨੂੰ) ਤੇਰੀ (ਸਹਾਇਤਾ ਦੀ) ਹੀ ਆਸ ਹੈ । ੩ ।

੬੨- **ਮਨੁ ਘਨੈ ਭ੍ਰਮੈ ਬਨੈ ॥ ਉਮਕਿਤ ਰਸਿ ਚਾਲੈ ॥ ਪ੍ਰਭ ਮਿਲਬੇ ਕੀ ਚਾਹ ॥ ੧ ॥ ਰਹਾਉ ॥ ਤ੍ਰੈ ਗੁਨ ਮਾਈ ਮੋਹਿ ਆਈ ਕਹੰਉ ਬੇਦਨ ਕਾਹਿ ॥ ੧ ॥ ਆਨ ਉਪਾਵ ਸਗਰ ਕੀਏ ਨਹਿ ਦੂਖ ਸਾਕਹਿ ਲਾਹਿ ॥ ਭਜੁ ਸਰਨਿ ਸਾਧੂ ਨਾਨਕਾ ਮਿਲੁ ਗੁਨ ਗੋਬਿੰਦਹਿ ਗਾਹਿ ॥ ੨ ॥**[੧੨੭੨]-੨-੨੪

**ਅਰਥ**:--ਹੇ ਭਾਈ ! (ਮਨੁੱਖ ਦਾ) ਮਨ (ਸੰਸਾਰ-ਰੂਪ) ਸੰਘਣੇ ਜੰਗਲ ਵਿਚ (-ਬਨੈ) ਭਟਕਦਾ ਰਹਿੰਦਾ ਹੈ । (ਪਰ ਜਦੋਂ ਇਸ ਦੇ ਅੰਦਰ) ਪਰਮਾਤਮਾ ਨੂੰ ਮਿਲਣ ਦੀ ਤਾਂਘ (ਪੈਦਾ ਹੁੰਦੀ ਹੈ, ਤਦੋਂ ਇਹ) ਉਮਾਹ ਵਿਚ ਆ ਕੇ (ਆਤਮਕ) ਆਨੰਦ ਨਾਲ (ਜੀਵਨ ਚਾਲ) ਚੱਲਦਾ ਹੈ **। ੧ । ਰਹਾਉ ।** ਤਿੰਨਾ ਗੁਣਾ ਵਾਲੀ ਮਾਇਆ ਮੇਰੇ ਉੱਤੇ ਵੀ ਹੱਲਾ ਕਰਦੀ ਹੈ ।

(ਗੁਰੂ ਤੋਂ ਬਿਨਾ) ਮੈ ਕਿਸ ਨੂੰ ਇਹ ਤਕਲੀਫ ਦੱਸਾਂ **? ੧ ।** ਗੁਰਦੇਵ ਜੀ--ਹੇ ਭਾਈ ! ਗੁਰੂ ਦੀ ਸਰਨ ਆਉਣ ਤੋਂ ਬਿਨਾ) ਹੋਰ ਸਾਰੇ ਹੀਲੇ ਕੀਤੇ, ਪਰ ਉਹ ਹੀਲੇ (ਮਾਇਆ ਹੱਥੋਂ ਮਿਲ ਰਹੇ) ਦੁੱਖਾਂ ਨੂੰ ਦੂਰ ਨਹੀਂ ਕਰ ਸਕਦੇ । ਹੇ ਭਾਈ ! ਗੁਰੂ ਦੀ ਸਰਨ ਪਿਆ ਰਹੁ ਅਤੇ ਗੋਬਿੰਦ ਦੇ ਗੁਣਾਂ ਵਿਚ ਚੁੱਭੀ ਲਾ ਕੇ (ਗੋਬਿੰਦ ਵਿਚ) ਮਿਲਿਆ ਰਹੁ । ੨ ।

੬੩- **ਤ੍ਰੈਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟਹਿ ਮੁਕਤਿ ਨ ਪਾਇ ॥ ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥**
**੧ ॥ ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥ ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥ ੧ ॥ ਰਹਾਉ ॥ ਤ੍ਰੈਗੁਣ ਕਾਲੈ**
**ਕੀ ਸਿਰਿ ਕਾਰਾ ॥ ਨਾਮੁ ਨ ਚੇਤਹਿ ਉਪਾਵਣਹਾਰਾ ॥ ਮਰਿ ਜੰਮਹਿ ਫਿਰਿ ਵਾਰੋ ਵਾਰਾ ॥ ੨ ॥**[੨੩੨]-੬

**ਅਰਥ:**--ਜਿਹੜਾ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ, ਉਹ ਆਪਣੇ ਮਨ ਦੀ ਭਟਕਣਾ ਦੂਰ ਕਰ ਲੈਂਦਾ ਹੈ, ਉਸ ਦੇ ਅੰਦਰ ਆਤਮਕ ਅਡੋਲਤਾ ਦੀ ਰੌ ਪੈਦਾ ਹੋ ਜਾਂਦੀ ਹੈ (ਕਿਉਂਕਿ ਗੁਰੂ ਦੀ ਕਿਰਪਾ ਨਾਲ) ਉਹ ਪਰਮਾਤਮਾ ਵਿਚ ਸੁਰਤਿ ਜੋੜੀ ਰੱਖਦਾ ਹੈ **। ੧ । ਰਹਾਉ ।** (ਪਰ, ਹੇ ਭਾਈ !) ਜਿਹੜਾ ਮਨੁੱਖ ਮਾਇਆ ਦੇ ਪਸਾਰੇ ਦੀਆਂ ਗੱਲਾਂ ਵਿਚ ਹੀ ਦਿਲ-ਚਸਪੀ ਰੱਖਦਾ ਹੈ, ਉਸ ਦੇ ਮਨ ਦੀ ਭਟਕਣਾ ਦੂਰ ਨਹੀਂ ਹੋ ਸਕਦੀ, ਉਸ ਦੇ (ਮਾਇਆ ਦੇ ਮੋਹ ਦੇ) ਬੰਧਨ ਨਹੀਂ ਟੁੱਟਦੇ, ਉਸ ਨੂੰ (ਮਾਇਆ ਦੇ ਮੋਹ ਤੋਂ) ਖ਼ਲਾਸੀ ਪ੍ਰਾਪਤ ਨਹੀਂ ਹੁੰਦੀ । (ਹੇ ਭਾਈ !) ਜਗਤ ਵਿਚ ਮਾਇਆ ਦੇ ਮੋਹ ਤੋਂ ਖ਼ਲਾਸੀ ਦੇਣ ਵਾਲਾ (ਸਿਰਫ਼) ਗੁਰੂ ਹੀ ਹੈ **। ੧ ।** ਮਾਇਆ ਦੇ ਪਸਾਰੇ ਵਿਚ ਰੁਚੀ ਰੱਖਣ ਵਾਲਿਆਂ ਦੇ ਸਿਰ ਉਤੇ (ਸਦਾ) ਆਤਮਕ ਮੌਤ ਦਾ ਹੁਕਮ ਚੱਲਦਾ ਹੈ, ਉਹ ਸਿਰਜਣਹਾਰ ਪਰਮਾਤਮਾ ਦਾ ਨਾਮ ਕਦੇ ਯਾਦ ਨਹੀਂ ਕਰਦੇ, ਉਹ ਮੁੜ ਮੁੜ (ਜਗਤ ਵਿਚ) ਜੰਮਦੇ ਹਨ ਮਰਦੇ ਰਹਿੰਦੇ ਹਨ ।

ਅਸਾਂ ਉਪਰ ਮਾਇਆ ਦੇ ਤਿੰਨ ਗੁਣਾ (ਰਜ, ਤਮ, ਸਤ) ਦੇ ਅਰਥ ਪੜ੍ਹੇ ਹਨ । ਮਾਇਆ ਦੇ ਸਤੋ-ਗੁਣ ਦੇ ਅਰਥਾਂ ਵਿਚ ਕਰਮਕਾਂਡੀ ਢੰਗ ਨਾਲ ਮਨ ਦੀ ਸ਼ਾਂਤੀ ਨੂੰ ਲਭਣਾ ਵੀ ਮਾਇਆ ਦਾ ਰੂਪ ਹੀ ਲਿਖਿਆ ਹੈ। ਕਿਸੇ ਪ੍ਰਕਾਰ ਦੀ ਪ੍ਰਾਪਤੀ ਦੀ ਲਾਲਸਾ ਨਾਲ, ਸਰੀਰਕ ਅਭਿਆਸ (ਜਪ, ਤਪ, ਜਲਧਾਰੇ ਆਦਿ ਕਰਨੇ, ਇੱਕ ਲੱਤ ਭਾਰ ਖੜੇ ਰਹਿਣਾ, ਅੰਗ ਸੁਕਾ ਲੈਣੇ ਆਦਿ) ਕਰਨੇ, ਅਥਵਾ ਦਾਨ ਪੁੰਨ ਕਰਨੇ, ਤੀਰਥ ਇਸ਼ਨਾਨ ਆਦਿਕ ਵਿਖਾਵੇ ਵਾਲੇ ਧਰਮ ਕਰਮ ਸਭ ਮਾਇਆ ਦੇ ਹੀ ਰੂਪ ਹਨ। ਇਸ ਸਿਧਾਂਤ ਨੂੰ ਸਤਿਗੁਰਾਂ ਨੇ ਇਸ ਗੁਰੂ ਬਾਣੀ ਸ਼ਬਦ ਵਿਚ ਸਮਝਾਇਆ ਹੈ:--

੬੪- **ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥ ਵਰਤੁ ਤਪਨੁ ਕਰਿ ਮਨੁ ਨਹੀ ਭੀਜੈ ॥ ਰਾਮ ਨਾਮ ਸਰਿ**
**ਅਵਰੁ ਨ ਪੂਜੈ ॥ ੧ ॥ ਗੁਰ ਸੇਵਿ ਮਨਾ ਹਰਿ ਜਨ ਸੰਗੁ ਕੀਜੈ ॥ ਜਮੁ ਜੰਦਾਰੁ ਜੋਹਿ ਨਹੀ ਸਾਕੈ**
**ਸਰਪਨਿ ਡਸਿ ਨ ਸਕੈ ਹਰਿ ਕਾ ਰਸੁ ਪੀਜੈ ॥ ੧ ॥ ਰਹਾਉ ॥ ਵਾਦੁ ਪੜੈ ਰਾਗੀ ਜਗੁ ਭੀਜੈ ॥**
**ਤ੍ਰੈ ਗੁਣ ਬਿਖਿਆ ਜਨਮਿ ਮਰੀਜੈ ॥ ਰਾਮ ਨਾਮ ਬਿਨੁ ਦੂਖੁ ਸਹੀਜੈ ॥ ੨॥ ਚਾੜਸਿ ਪਵਨੁ**
**ਸਿੰਘਾਸਨੁ ਭੀਜੈ ॥ ਨਿਉਲੀ ਕਰਮ ਖਟੁ ਕਰਮ ਕਰੀਜੈ ॥ ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ । ੩ ॥**[੯੦੫]-੫

**ਪਦ ਅਰਥ**:--ਹਠ=ਧੱਕਾ, ਜ਼ੋਰ । ਹਠ ਜੋਗ=ਧੱਕੇ ਨਾਲ ਸਰੀਰ ਨੂੰ ਔਖਿਆਂ ਕਰ ਕੇ ਮਨ ਨੂੰ ਏਕਾਗਰ ਕਰਨ ਦਾ ਜਤਨ । ਨਿਗ੍ਰਹ=ਮਨ ਦੇ ਫੁਰਨਿਆਂ ਨੂੰ ਰੋਕਣ ਦਾ ਜਤਨ । ਛੀਜੈ=ਦੁਖੀ ਹੁੰਦਾ ਹੈ, ਔਖਾ ਹੁੰਦਾ ਹੈ । ਕਰਿ=ਕਰ ਕੇ, ਕਰਨ ਨਾਲ **। ੧ ।** ਹਰਿ ਜਨ ਸੰਗੁ=ਸੰਤ (ਗੁਰੂਗ੍ਰੰਥ ਸਾਹਿਬ) ਦੀ ਸੰਗਤਿ । ਜੰਦਾਰੁ=ਡਰਾਉਣਾ । ਜੋਹਿ ਨਹੀ ਸਾਕੈ=ਪੋਹ ਨਹੀਂ ਸਕਦਾ । ਸਰਪਨਿ= ਮਾਇਆ ਸਪਣੀ**। ੧ । ਰਹਾਉ ।** ਵਾਦੁ=ਧਾਰਮਿਕ ਚਰਚਾ । ਰਾਗੀ=ਰਾਗਾਂ ਵਿਚ, ਰੰਗ-ਤਮਾਸ਼ਿਆਂ ਵਿਚ । ਭੀਜੈ=ਖੁਸ਼ ਰਹਿੰਦਾ ਹੈ **। ੨ ।** ਪਵਨੁ=ਸੁਆਸ । ਭੀਜੈ=(ਮੁੜ੍ਹਕੇ ਨਾਲ) ਭਿੱਜ ਜਾਂਦਾ ਹੈ । ਨਿਉਲੀ ਕਰਮ=ਆਂਦਰਾਂ ਨੂੰ ਚੱਕਰ ਦੇਣ ਦਾ ਕਰਮ ਜਿਸ ਨਾਲ ਪੇਟ ਸਾਫ਼ ਰਹਿੰਦਾ ਹੈ । ਖਟੁ ਕਰਮ= ਹਠ-ਜੋਗ ਦੇ ੬ ਕਰਮ {-ਧੋਤੀ, ਨੇਤ੍ਰੀ, ਨਿਉਲੀ, ਵਸਤੀ, ਤ੍ਰਾਟਕ ਅਤੇ ਕਪਾਲਭਾਤੀ । ਧੋਤੀ=ਕੱਪੜੇ ਦੀ ਲੀਰ ਨਿਗਲ ਕੇ ਮੇਹਦੇ ਵਿਚ ਲੈ ਜਾ ਕੇ ਫਿਰ ਬਾਹਰ ਕੱਢ ਲੈਣੀ । ਨੇਤ੍ਰੀ=ਸੂਤਰ ਦੀ ਡੋਰੀ ਨੱਕ ਦੀ ਨਾਸ ਰਸਤੇ ਲੰਘਾ ਕੇ ਸੰਘ ਵਿਚੋਂ ਦੀ ਕੱਢਣੀ । ਵਸਤੀ=ਬਾਂਸ ਦੀ ਪੋਲੀ ਪੋਰੀ ਗੁਦਾ ਵਿਚ ਰੱਖ ਕੇ ਸੁਆਸਾਂ ਦੇ ਜ਼ੋਰ ਨਾਲ ਪੋਰੀ ਵਿਚੋਂ ਦੀ ਪਾਣੀ ਚੜ੍ਹਾ ਕੇ ਆਂਦਰਾਂ ਸਾਫ਼ ਕਰਨੀਆਂ । ਤ੍ਰਾਟਕ=ਅੱਖਾਂ ਦੀ ਨਜ਼ਰ ਕਿਸੇ ਚੀਜ਼ ਉਤੇ ਟਿਕਾਉਣੀ । ਕਪਾਲਭਾਤੀ=ਲੋਹਾਰ ਦੀ ਧੌਂਕਣੀ ਵਾਂਗ ਸੁਆਸੁ ਛੇਤੀ ਛੇਤੀ ਅੰਦਰ ਬਾਹਰ ਖਿੱਚਣਾ । ਬਿਰਥਾ=ਵਿਅਰਥ। ੩ ।

**ਅਰਥ:**--ਹੇ (ਮੇਰੇ) ਮਨ ! ਗੁਰੂ ਦੀ (ਦੱਸੀ) ਸੇਵਾ ਕਰ, ਤੇ ਸੰਤ ਜਨਾਂ ਦੀ ਸੰਗਤਿ ਕਰ, ਪਰਮਾਤਮਾ ਦੇ ਨਾਮ ਦਾ ਰਸ ਪੀ, (ਇਸ ਤਰ੍ਹਾਂ) ਭਿਆਨਕ ਜਮ ਪੋਹ ਨਹੀਂ ਸਕੇਗਾ ਅਤੇ ਮਾਇਆ-ਸਪਣੀ (ਮੋਹ ਦਾ) ਡੰਗ ਨਹੀਂ ਮਾਰ ਸਕੇਗੀ **। ੧ । ਰਹਾਉ ।** ਵਰਤ ਰੱਖਣ ਨਾਲ, ਤਪ ਤਪਣ ਨਾਲ, ਮਨ ਨੂੰ ਏਕਾਗ੍ਰ ਕਰਨ ਵਾਸਤੇ ਧੱਕੇ ਨਾਲ ਸਰੀਰ ਔਖਿਆਂ ਕੀਤਿਆਂ, ਮਨ ਦੇ ਫੁਰਨਿਆਂ ਨੂੰ ਬਦੋ ਬਦੀ ਰੋਕਣ ਦੇ ਜਤਨ ਕਰਨ ਨਾਲ, ਸਰੀਰ ਹੀ ਦੁਖੀ ਹੁੰਦਾ ਹੈ (ਇਨ੍ਹਾਂ ਕਸ਼ਟਾਂ ਦਾ) ਮਨ ਉਤੇ ਅਸਰ ਨਹੀਂ ਪੈਂਦਾ । (ਹਠ ਨਾਲ ਕੀਤਾ ਹੋਇਆ) ਕੋਈ ਵੀ ਕਰਮ ਪਰਮਾਤਮਾ ਦਾ ਨਾਮ ਸਿਮਰਨ ਦੀ ਬਰਾਬਰੀ ਨਹੀਂ ਕਰ ਸਕਦਾ **। ੧ ।** ਜਗਤ ਧਾਰਮਿਕ ਚਰਚਾ (ਦੇ ਪੁਸਤਕ) ਪੜ੍ਹਦਾ ਹੈ, ਦੁਨੀਆ ਦੇ ਰੰਗ-ਤਮਾਸ਼ਿਆਂ ਵਿਚ ਹੀ ਖ਼ੁਸ਼ ਰਹਿੰਦਾ ਹੈ ਤੇ ਇਸ ਤਰ੍ਹਾਂ ਤ੍ਰੈਗੁਣੀ ਮਾਇਆ ਦੇ ਮੋਹ ਵਿਚ ਫਸ ਕੇ ਜਨਮ ਮਰਨ ਦੇ ਗੇੜ ਵਿਚ ਪੈਂਦਾ ਹੈ (ਉਂਞ ਇਸ ਸਭ ਕੁਝ ਨੂੰ ਧਾਰਮਿਕ ਕਰਮ ਸਮਝਦਾ ਹੈ, ਹੈ ਇਹ ਵੀ ਮਾਇਆ ਦਾ ਮੋਹ ਹੀ) । ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਦੁੱਖ ਹੀ ਸਹਾਰਨਾ ਪੈਂਦਾ ਹੈ **। ੨ ।** ਹਠ-ਜੋਗੀ ਸੁਆਸ (ਦਸਮਦੁਆਰ ਵਿਚ) ਚਾੜ੍ਹਦਾ ਹੈ (ਇਤਨੀ ਮਿਹਨਤ ਕਰਦਾ ਹੈ ਕਿ ਪਸੀਨੇ ਨਾਲ ਉਸ ਦਾ) ਸਿੰਘਾਸਨ ਵੀ ਭਿੱਜ ਜਾਂਦਾ ਹੈ, (ਆਂਦਰਾਂ ਸਾਫ਼ ਰੱਖਣ ਲਈ) ਨਿਉਲੀ ਕਰਮ ਤੇ (ਹਠ ਜੋਗ ਦੇ) ਛੇ ਕਰਮ ਕਰਦਾ ਹੈ, ਪਰ ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਵਿਅਰਥ ਜੀਵਨ ਜੀਊਂਦਾ ਹੈ । ੩ ।

੬੫- **ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥ ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ**
**ਬਿਖਿਆ ਪਿਆਰਿ ॥ ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥ ੨ ॥** [੩੩]-੧੮-੫੧

**ਅਰਥ:**--ਤਿਨਾ ਗੁਣਾ ਦੇ ਅਧੀਨ ਰਹਿ ਕੇ ਕੰਮ ਕਰਨੇ--ਇਹ ਸਾਰਾ ਧਾਤ (--ਮਾਇਆ) ਦਾ ਹੀ ਪ੍ਰਭਾਵ ਹੈ, ਤੇ ਮਾਇਆ ਦਾ ਪਿਆਰ (ਮਨ ਵਿਚ) ਵਿਕਾਰ (ਹੀ) ਪੈਦਾ ਕਰਦਾ ਹੈ। ਮਾਇਆ ਦੇ ਬੰਧਨਾ ਵਿਚ ਮਾਇਆ ਦੇ ਮੋਹ ਦਾ ਬੱਝਾ ਹੋਇਆ ਪੰਡਿਤ (ਧਰਮ-ਪੁਸਤਕਾਂ) ਪੜ੍ਹਦਾ ਹੈ, ਪਰ ਮਾਇਆ ਦੇ ਪਿਆਰ ਵਿਚ (ਫਸਿਆ ਰਹਿਣ ਕਰਕੇ ਉਹ ਜੀਵਨ ਦਾ ਸਹੀ ਰਸਤਾ) ਨਹੀਂ ਸਮਝ ਸਕਦਾ । ਜੇ ਸਤਿਗੁਰੂ ਮਿਲ ਪਏ ਤਾਂ (ਮਾਇਆ-ਮੋਹ ਦੇ ਕਾਰਨ ਪੈਦਾ ਹੋਈ ਅੰਦਰਲੀ) ਖਿਝ ਦੂਰ ਹੋ ਜਾਂਦੀ ਹੈ, ਮਾਇਆ ਦੇ ਤਿੰਨ ਗੁਣਾਂ ਤੋਂ ਉਤਲੇ ਆਤਮਕ ਦਰਜੇ ਵਿਚ (ਪਹੁੰਚਿਆਂ ( ਮਾਇਆ ਦੇ ਮੋਹ ਤੋਂ) ਖ਼ਲਾਸੀ ਦਾ ਦਰਵਾਜ਼ਾ ਲੱਭ ਪੈਂਦਾ ਹੈ। ੨ ।

## ੧੦

## ਤ੍ਰੈ ਗੁਣੀ ਮਾਇਆ ਦੇ ਹੋਰ ਨਾਮ ?-

ਤਿੰਨਾਂ ਗੁਣਾ ਵਾਲੀ ਤ੍ਰੈਗੁਣੀ ਮਾਇਆ ਨੂੰ " ਗੁਰਬਾਣੀ ਵਿਚ- ' ਤੀਨਿ ਗੁਣਾ " ਵੀ ਲਿਖਿਆ ਹੈ, ਜਿਵੇਂ :--

੬੬- **ਤੀਨਿ ਗੁਣਾ ਇਕ ਸਕਤਿ ਉਪਾਇਆ ॥ ਮਹਾ ਮਾਇਆ ਤਾ ਕੀ ਹੈ ਛਾਇਆ ॥**
**ਅਛਲ ਅਛੇਦ ਅਭੇਦ ਦਇਆਲ ॥ ਦੀਨ ਦਇਆਲ ਸਦਾ ਕਿਰਪਾਲ ॥**
**ਤਾ ਕੀ ਗਤਿ ਮਿਤਿ ਕਛੂ ਨ ਪਾਇ ॥ ਨਾਨਕ ਤਾ ਕੈ ਬਲਿ ਬਲਿ ਜਾਇ ॥ ੪ ॥**[੮੬੮]-੧੯-੨੧

**ਅਰਥ**:--ਇਸ ਤਿੰਨਾ ਗੁਣਾ ਵਾਲੀ ਸਕਤਿ (=ਮਾਇਆ) ਜੋ ਬੜੀ ਵੱਡੀ ਮਾਇਆ (-ਮਹਾ ਮਾਇਆ) ਹੈ ਇਹ ਸਾਰੀ ਉਸ ਪ੍ਰਭੂ ਦੀ ਛਾਂ ਮਾਤ੍ਰ ਹੈ (ਭਾਵ, ਇਹ ਸਾਰਾ ਮਾਇਆ ਦਾ ਬੇਅੰਤ ਪਸਾਰਾ, ਇਹ ਸਾਰਾ ਸੰਸਾਰ ਉਸ ਇੱਕ ਪ੍ਰਭੂ ਤੋਂ ਹੀ ਉਪਜਿਆ) ਹੈ । ਉਸ ਪ੍ਰਭੂ ਨੂੰ ਕੋਈ ਵਿਕਾਰ, ਨਾ ਛਲ ਸਕਦਾ ਹੈ ਅਤੇ ਨਾ ਹੀ ਵਿੰਨ੍ਹ ਸਕਦਾ ਹੈ । ਉਸ ਦਾ ਭੇਤ ਨਹੀਂ ਪਾਇਆ ਜਾ ਸਕਦਾ, ਉਹ ਦਇਆ ਦਾ ਘਰ ਹੈ। ਉਹ ਦੀਨਾ ਉਤੇ ਸਦਾ ਦਇਆ ਕਰਨ ਵਾਲਾ ਹੈ ਤੇ ਦਇਆ ਦਾ ਸੋਮਾ ਹੈ । ਉਹ ਪ੍ਰਭੂ ਕਿਹੋ ਜਿਹਾ ਹੈ ਤੇ ਕੇਡਾ ਵਡਾ ਹੈ--ਇਹ ਭੇਤ ਲੱਭਿਆ ਨਹੀਂ ਜਾ ਸਕਦਾ । ਨਾਨਕ ਉਸ ਪ੍ਰਭੂ ਤੋਂ ਸਦਾ ਸਦਕੇ ਜਾਂਦਾ ਹੈ । ੪ ।

੬੭- **ਤੀਨਿ ਗੁਣਾ ਮਹਿ ਬਿਆਪਿਆ ਪੂਰਨ ਹੋਤ ਨ ਕਾਮੁ ॥ ਪਤਿਤ ਉਧਾਰਣੁ ਮਨਿ ਬਸੈ, ਨਾਨਕ, ਛੂਟੈ, ਨਾਮ ॥੧੩॥**[੨੯੯]

**ਅਰਥ**:--ਜਗਤ ਮਾਇਆ ਤੇ ਤਿੰਨਾ ਗੁਣਾ ਦੇ ਵੱਸ ਵਿਚ ਪਿਆ ਰਹਿੰਦਾ ਹੈ, (ਇਸ ਕਾਰਨ ਉਸ ਦੀਆਂ) ਵਾਸਨਾਂ ਪੂਰੀਆਂ ਨਹੀਂ ਹੁੰਦੀਆਂ । ਹੇ ਨਾਨਕ ! ਉਹ ਮਨੁੱਖ (ਇਸ ਮਾਇਆ ਦੇ ਪੰਜੇ ਵਿਚੋਂ) ਖ਼ਲਾਸੀ ਪਾ ਲੈਂਦਾ ਹੈ ਜਿਸ ਦੇ ਮਨ ਵਿਚ, ਉਸ ਪਰਮਾਤਮਾ ਦਾ ਨਾਮ ਵੱਸ ਪੈਂਦਾ ਜਿਹੜਾ ਵਿਕਾਰਾਂ ਤੋਂ ਬਚਾ ਲੈਣ ਦੀ ਸਮਰਥਾ ਰੱਖਦਾ ਹੈ। [ ਧਿਆਨ ਰਹੇ ਕਿ " ਨਾਮ " ਨੂੰ " ਛੂਟੈ " ਲਫ਼ਜ਼ ਨਾਲ ਨਹੀਂ ਜੋੜ ਲੈਣਾ, ਏਥੇ ਨਾਮ ਦਾ ਜੋੜ " ਮਨਿ ਬਸੈ " ਨਾਲ ਕਰਨਾ ਹੈ । ਕਵਿਤਾ ਦਾ ਤੋਲ ਪੂਰਾ ਰੱਖਣ ਲਈ ਲਫ਼ਜ਼ਾਂ ਦੀ ਵਰਤੋਂ ਵਾਰਤਕ ਢੰਗ ਅਨੁਸਾਰ ਨਹੀਂ ਕੀਤੀ ਜਾ ਸਕਦੀ ]

**ਤੀਨਿ ਸੰਙਿਆ**--

੬੮- **ਤੀਨ ਸੰਙਿਆ ਕਰਿ ਦੇਹੀ ਕੀਨੀ ਜਲ ਕੂਕਰ ਭਸਮੇਹੀ ॥**
**ਹੋਇ ਆਮਰੋ ਗ੍ਰਿਹ ਮਹਿ ਬੈਠਾ ਕਰਣ ਕਾਰਣ ਬਿਸਰੋਹੀ ॥ ੨ ॥**[੬੦੯]-੪

**ਅਰਥ**:--ਪਰਮਾਤਮਾ ਨੇ ਮਾਇਆ ਦੇ ਤਿੰਨ ਗੁਣਾਂ ਦੇ ਅਸਰ ਹੇਠ ਰਹਿਣ ਵਾਲਾ ਮਨੁੱਖਾ ਸਰੀਰ ਬਣਾ ਦਿੱਤਾ, (ਇਹ ਅੰਤ ਨੂੰ) ਪਾਣੀ ਦੇ, ਕੁਤਿਆਂ (ਆਦਿ ਪਸ਼ੂ ਪੰਛੀਆਂ ਦੇ ਖਾਣ ਲਈ ਉਨ੍ਹਾਂ) ਗੋਚਰਾ, ਜਾਂ ਮਿੱਟੀ ਦੇ ਹਵਾਲੇ ਹੋ ਜਾਂਦਾ ਹੈ । ਤੂੰ ਸਰੀਰ-ਘਰ ਵਿਚ (ਆਪਣੇ ਆਪ ਨੂੰ) ਅਮਰ ਸਮਝ ਕੇ ਬੈਠਾ ਰਹਿੰਦਾ ਹੈ, ਤੇ ਜਗਤ ਦੇ ਮੂਲ ਪਰਮਾਤਮਾ ਨੂੰ ਭੁਲਾ ਰਿਹਾ ਹੈਂ । ੨ ।

**ਤੀਨ ਛੰਦੇ = ਤ੍ਰਿਗੁਣੀ**

੬੯- **ਤੀਨਿ ਛੰਦੇ ਖੇਲੁ ਆਛੈ ॥ ੧ ॥ ਰਹਾਉ ॥ ਕੁੰਭਾਰ ਕੇ ਘਰ ਹਾਂਡੀ ਆਛੈ, ਰਾਜਾ**
**ਕੈ ਘਰ ਸਾਂਡੀ ਗੋ ॥ ਬਾਮਨ ਕੇ ਘਰ ਰਾਂਡੀ ਆਛੈ, ਰਾਂਡੀ ਸਾਂਡੀ, ਹਾਂਡੀ ਗੋ ॥ ੧ ॥**[੭੧੮]-੩

**ਅਰਥ**:--(ਪਰਮਾਤਮਾ ਦਾ ਰਚਿਆ ਹੋਇਆ ਇਹ ਜਗਤ) ਤ੍ਰਿ-ਗੁਣੀ ਸਾਭਾਉ ਦਾ ਤਮਾਸ਼ਾ ਹੈ । ੧ । ਰਹਾਉ । (ਸਾਧਾਰਨ ਤੌਰ ਤੇ) ਘੁਮਿਆਰ ਦੇ ਘਰ ਹਾਂਡੀ (ਭਾਵ, ਮਿੱਟੀ ਦੇ ਬਣਾਏ ਭਾਂਡੇ, ਰੂਪ ਹਾਂਡੀ) ਮਿਲਦੀ ਹੈ, ਰਾਜੇ ਦੇ ਘਰ ਸਾਂਡੀ (=ਸਾਂਢਨੀ ਭਾਵ, ਊਠ, ਘੋੜੇ, ਹਾਥੀਆਂ ਵਾਲੀ ਫੌਜ ਅਤੇ ਹੋਰ ਧਨ-ਦੌਲਤ ਰੂਪ ਸਾਂਢਨੀ-ਮਾਇਆ) ਹੈ । ਬ੍ਰਾਹਮਣ ਦੇ ਘਰ ਰਾਂਡੀ (=ਪੱਤ੍ਰੀ, ਭਾਵ, ਮਹੂਰਤ ਆਦਿ ਵਿਚਾਰ ਕੇ ਲੋਕਾਂ ਕੋਲੋਂ ਮਾਇਆ ਇੱਕਤ੍ਰ ਦਾ ਯੰਤ੍ਰ-ਪੱਤ੍ਰੀ, ਅਥਵਾ ਪੁਸਤਕ) ਹੈ। ਇਨ੍ਹਾਂ ਘਰਾਂ ਵਿਚ ਭਾਂਡੇ, ਸਾਂਢਨੀ ਪੱਤ੍ਰੀ ਹੀ ਪ੍ਰਧਾਨ ਹਨ, (ਇਨ੍ਹਾਂ ਰੰਗਾਂ ਵਿਚ ਮਾਇਆ ਪਰਧਾਨ ਹੈ) । ੧ ।

**ਤੀਨਿ ਆਵਰਤ=(**ਭਾਵ, ਮਾਇਆ ਦੇ ਤਿੰਨਾ ਗੁਣਾ ਦੀ ਘੁੰਮਣ-ਘੇਰੀ**)**

੭੦- **ਪੰਚ ਸਿੰਘ ਰਾਖੇ ਪ੍ਰਭਿ ਮਾਰਿ ॥ ਦਸ ਬਿਘਿਆੜੀ ਲਈ ਨਿਵਾਰਿ ॥ ਤੀਨਿ ਆਵਰਤ**
**ਕੀ ਚੂਕੀ ਘੇਰ ॥ ਸਾਧ ਸੰਗਿ ਚੂਕੇ ਭੈ ਫੇਰਿ ॥ ੧ ॥ ਸਿਮਰਿ ਸਿਮਰਿ ਜੀਵਾ ਗੋਵਿੰਦ ॥**
**ਕਰਿ ਕਿਰਪਾ ਰਾਖਿਓ ਦਾਸੁ ਅਪਨਾ ਸਦਾ ਸਦਾ ਸਾਚਾ ਬਖਸਿੰਦ ॥ ੧ ॥ ਰਹਾਉ ॥**[੮੯੯]-੪੦-੫੧

**ਅਤਥ**:--ਮੈ ਪਰਮਾਤਾਮ ਦਾ ਨਾਮ ਸਿਮਰਦਾ ਰਹਿ ਕੇ ਆਤਮਕ ਜੀਵਨ ਹਾਸਲ ਕਰਦਾ ਹਾਂ । ਮੈਨੂੰ ਪਰਮਾਤਮਾ ਨੇ ਕਿਰਪਾ ਕਰ ਕੇ (ਆਪ ਹੀ ਕਾਮਾਦਿਕ ਵਿਕਾਰਾਂ ਤੋਂ) ਬਚਾ ਰਖਿਆ ਹੈ । ਸਦਾ ਕਾਇਮ ਰਹਿਣ ਵਾਲਾ ਮਾਲਕ ਸਦਾ ਹੀ ਬਖ਼ਸ਼ਸ਼ਾਂ ਕਰਨ ਵਾਲਾ ਹੈ । ੧ । ਰਹਾਉ । (ਜਿਉਂ ਜਿਉਂ ਮੈਂ ਪ੍ਰਭੂ ਨੂੰ ਸਿਮਰਿਆ ਹੈ) ਪ੍ਰਭੂ ਨੇ (ਮੇਰੇ ਅੰਦਰੋਂ) ਪੰਜ ਕਾਮਾਦਿਕ ਸ਼ੇਰ ਮਾਰ ਮੁਕਾਏ ਹਨ, ਦਸ ਇੰਦ੍ਰੀਆਂ ਦਾ ਦਬਾਉ ਵੀ ਮੇਰੇ ਉਤੋਂ ਦੂਰ ਕਰ ਦਿੱਤਾ ਹੈ । ਮਾਇਆ ਦੇ ਤਿੰਨ ਗੁਣਾ ਦੀ ਘੁੰਮਣ-ਘੇਰੀ ਦਾ ਚੱਕਰ ਵੀ ਮੁੱਕ ਗਿਆ ਹੈ । ਗੁਰੂ ਦੀ ਸੰਗਤਿ ਵਿਚ (ਰਹਿਣ ਕਰਕੇ) ਜਨਮ ਮਰਨ ਦੇ ਗੇੜ (ਵਿਚ ਪੈਣ) ਦੇ ਸਾਰੇ ਡਰ ਖ਼ਤਮ ਹੋ ਗਏ ਹਨ । ੧ ।

**ਤਿਹ ਗੁਣ**:--

੭੧- **ਜਾ ਕੀ ਲੀਲਾ ਕੀ ਮਿਤਿ ਨਾਹਿ ॥ ਸਗਲ ਦੇਵ ਹਾਰੇ ਅਵਗਾਹਿ ॥ ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥**
**ਸਗਲ ਪਰੋਈ ਅਪੁਨੈ ਸੂਤਿ ॥ ਸੁਮਤਿ ਗਿਆਨੁ ਧਿਆਨੁਜਨ ਦੇਇ ॥ ਜਾਨ ਦਾਸ ਨਾਮੁ ਧਿਆਵਹਿ ਸੇਇ ॥**
**ਤਿਹੁ ਗੁਣ ਮਹਿ ਜਾ ਕਉ ਭਰਮਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥ ਊਚ ਨੀਚ ਤਿਸ ਕੇ ਅਸਥਨ ॥**
**ਜੈਸਾ ਜਾਨਾਵੈ ਤੈਸਾ ਨਾਨਕ ਜਾਨ ॥੩ ॥** [੨੮੪]-ਅਸਟ-੧੬

੭੨- **ਜਹ ਆਪਿ ਰਚਿਓ ਪਰਪੰਚੁ ਆਕਾਰੁ ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥ ਪਾਪ ਪੁੰਨ ਤਹ ਭਈ ਕਹਾਵਤ ॥**
**ਕੋਊ ਮਰਕ ਕੋਊ ਸੁਤਗ ਬੰਛਾਵਤ ॥ ਆਲ ਜਾਲ ਮਾਇਆ ਜੰਜਾਲ ॥ ਹਉਮੈ ਮੋਹ ਭਰਮ ਭੈ ਭਾਰ ॥ ਸੁਖ ਦੂਖ ਮਾਨ**
**ਅਪਮਾਨ॥ ਅਨਿਕ ਪ੍ਰਕਾਰ ਕੀਓ ਬਖ੍ਹਾਨ ॥ ਆਪਨ ਖੇਲੁ ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥**

[੨੯੧-੯੨]-ਅਸਟ-੨੧

**ਤਿਹੀ ਗੁਣੀ**--

੭੩- **ਤਿਹੀ ਗੁਣੀ ਤ੍ਰਿਭਵਣੁ ਵਿਆਪਿਆ ਭਾਈ ਗੁਰਮੁਖਿ ਬੂਝ ਬੁਝਾਇ ॥**
**ਰਾਮ ਨਾਮਿ ਲਗਿ ਛੂਟੀਐ ਭਾਈ ਪੂਛਹੁ ਗਿਆਨੀਆ ਜਾਇ ॥ ੧ ॥**[੬੦੩]-੯

੭੪- **...ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥ ਗੁਰ ਕਿਰਪਾ ਤੇ ਸੇ ਜਨ**
**ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥ ਕਹੈ ਨਾਨਕੁ ਸੋ ਤਤੁ ਪਾਏ**
**ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥ ੨੭॥** [੯੨੦]-ਅਨੰਦ

੧੧

## ਤੁਰੀਆ-ਅਵਸਥਾ ਅਥਵਾ ਚੌਥਾ-ਪਦ

ਮਹਾਨ ਕੋਸ਼ ਦੇ ੬੯੮ ਸਫ਼ੇ ਅਨੁਸਾਰ " ਤੁਰੀਆ "= ਤੁਰਯ । ਸੰਗਯ-ਚੌਥੀ ਅਵਸਥਾ। ਉਹ ਹਾਲਤ, ਜੋ ਜਾਗ੍ਰਤ, ਸੁਪਨ ਸੁਖਪਤਿ ਤੋਂ ਪਰੇ ਹੈ। ਲਿਖਿਆ ਹੈ । ਅਤੇ ਉਸੇ ਸਫ਼ੇ ਤੇ --" **ਤੁਰੀਯ** " ਦਾ ਅਰਥ --ਪਾਰਬ੍ਰਹਮ ਵੀ ਲਿਖਿਆ ਹੈ--ਪਾਰਬ੍ਰਹਮ ਪਰਮਾਤਮਾ ਵਿਚ ਪੂਰੀ ਤਰ੍ਹਾਂ ਲੀਨਤਾ ਵਾਲੀ ਅਵਸਥਾ ਦੀ ਪ੍ਰਾਪਤੀ ? ਏਸੇ ਨੂੰ **ਚੌਥੀ ਅਵਸਥਾ** ਕਿਹਾ ਹੈ । ਸਾਧਕ ਦਾ ਅਜੇਹੀ ਅਵਸਥਾ ਤੇ ਅਪੱੜ ਜਾਣਾ, ਜਿਥੇ ਮਾਇਆ ਦੇ ਤਿੰਨਾ (-ਰਜ, ਸਤ, ਤਮ) ਗੁਣਾਂ ਵਿਚੋਂ ਕਿਸੇ ਦਾ ਪ੍ਰਭਾਵ ਨਾ ਪੈ ਸਕਦਾ ਹੋਵੇ, ਚੋਥੀ ਅਵਸਥਾ ਮੰਨੀ ਗਈ ਹੈ । ਭਾਵ, ਪੂਰਨ ਤੌਰ ਤੇ ਅਫੁਰ ਅਵਸਥਾ ਦੀ ਪ੍ਰਾਪਤੀ। ਕਾਮਨਾ ਰਹਿਤ, ਪੂਰਨ ਨਿਰਲੇਪਤਾ ਵਾਲੀ ਆਤਮਕ ਅਵਸਥਾ, ਕਿਸੇ ਵਿਰਲੇ ਗੁਰਮੁਖ ਦੇ ਹਿੱਸੇ ਦਾ ਪਦਾਰਥ ਮੰਨਿਆਂ ਗਿਆ ਹੈ:--

੭੫- **ਸਲੋਕ ॥ ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ ॥**
**ਨਾਨਕ ਸੰਤ ਨਿਰਮਲ ਭਏ ਜਿਨ ਮਨਿ ਵਸਿਆ ਸੋਇ ॥ ੩ ॥**[੨੯੭]

**ਅਰਥ:**--ਹੇ ਨਾਨਕ ! ਜਗਤ (ਦੇ ਜੀਵਾਂ) ਉਤੇ (ਮਾਇਆ ਦੇ) ਤਿੰਨ ਗੁਣ ਆਪਣਾ ਜ਼ੋਰ ਪਾਈ ਰੱਖਦੇ ਹਨ । ਕੋਈ ਵਿਰਲਾ ਮਨੁੱਖ ਉਹ ਚੋਥੀ ਅਵਸਥਾ ਪ੍ਰਾਪਤ ਕਰਦਾ ਹੈ ਜਿੱਥੇ ਉਹ ਪਰਮਾਤਮਾ ਨਾਲ ਜੁੜਿਆ ਰਹਿੰਦਾ ਹੈ । ਜਿੰਨਾਂ ਮਨੁੱਖਾਂ ਦੇ ਮਨ ਵਿਚ, ਪਰਮਾਤਮਾ ਹੀ ਸਦਾ ਵੱਸਦਾ ਹੈ, ਉਹ ਸੰਤ ਜਨ ਪਵਿਤ੍ਰ ਜੀਵਨ ਵਾਲੇ ਹੋ ਜਾਂਦੇ ਹਨ । ੩ ।

੭੬- **ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ ॥**
**ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ ॥ ੪ ॥**[੩੫੫]-੨੨

**ਅਰਥ:**--ਗੁਰੂ ਦੀ ਸਰਨ ਪਿਆਂ (ਗੁਰੂ ਦੇ ਹੁਕਮ ਵਿਚ ਰਹਿਆਂ) ਹੀ ਮਾਇਆ ਵਾਲੀ ਆਸ ਅਤੇ ਲਾਲਸਾ ਮਿਟਦੀਆਂ ਹਨ, ਤ੍ਰਿਗੁਣੀ ਮਾਇਆ ਦੀਆਂ ਆਸਾਂ ਤੋਂ ਨਿਰਲੇਪ ਰਹਿ ਸਕੀਦਾ ਹੈ । ਜਦੋਂ ਸਤਿਸੰਗਤਿ ਦਾ ਆਸਰਾ ਲਈਏ, ਜਦੋਂ ਗੁਰੂ ਦੇ ਦੱਸੇ ਹੋਏ ਰਾਹੇ ਤੁਰੀਏ, ਤਦੋਂ ਹੀ ਉਹ ਆਤਮਕ ਅਵਸਥਾ ਬਣਦੀ ਹੈ ਜਿਥੇ ਮਾਇਆ ਪੋਹ ਨ ਸਕੇ । ੪ ।

੭੭- **ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ॥ ਦੁਤੀਆ ਤਿਆਗੀ ਲੋਗਾ ਰੀਤਿ ॥**
**ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ ॥ ਤੁਰੀਆ ਗੁਣੁ ਮਿਲਿ ਸਾਧ ਪਛਾਨੇ ॥ ੨ ॥** [੩੭੦]-੨

**ਅਰਥ:**--(ਜਦੋਂ ਗੁਰੂ ਦੀ ਕਿਰਪਾ ਨਾਲ ਮੈਨੂੰ ਪ੍ਰਭੂ-ਪਤੀ ਮਿਲਿਆ ਤਾਂ ਸਭ ਤੋਂ) ਪਹਿਲਾਂ ਮੈਂ ਹਉਮੈ ਨੂੰ ਪਿਆਰਨਾ ਛੱਡ ਦਿੱਤਾ, ਫਿਰ ਮੈਂ ਲੋਕਾਚਾਰੀ ਰਸਮਾਂ ਛੱਡੀਆਂ, ਫਿਰ ਮੈਂ ਮਾਇਆ ਦੇ ਤਿੰਨ ਗੁਣ ਛੱਡ ਕੇ ਵੈਰੀ ਤੇ ਮਿੱਤਰ ਇਕੋ ਜਿਹੇ (ਮਿੱਤ੍ਰ ਹੀ) ਸਮਝ ਲਏ । ਗੁਰੂ ਨੂੰ ਮਿਲ ਕੇ ਮੈਂ ਉਸ ਗੁਣ ਨਾਲ ਸਾਂਝ ਪਾ ਲਈ ਜਿਹੜਾ (ਮਾਇਆ ਦੇ ਤਿੰਨਾ ਗੁਣਾਂ ਤੋਂ ਉਤਾਂਹ) ਚੌਥੇ ਆਤਮਕ ਦਰਜੇ ਤੇ ਅਪੜਾਉਂਦਾ ਹੈ । ੨ ।

੭੮- **ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥ ਕਰਿ ਕਿਰਪਾ ਮੇਲਾਇਅਨੁ**
**ਹਰਿਨਾਮੁ ਵਸਿਆ ਮਨਿ ਆਇ ॥ ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ ॥ ੧ ॥**[੩੦]-੧੧-੪੪

**ਅਰਥ:**--(ਜਗਤ ਵਿਚ) ਤ੍ਰਿਗੁਣੀ ਮਾਇਆ ਦਾ ਮੋਹ (ਪਸਰ ਰਿਹਾ) ਹੈ ਪਰ ਗੁਰਮੁਖਿ (-ਜਿਹੜਾ ਮਨੁੱਖ ਗੁਰੂ ਦੇ ਸਨਮੁਖ ਰਹਿ ਕੇ ਗੁਰੂ ਦੀ ਮਤਿ ਅਨੁਸਾਰ ਆਪਣਾ ਜੀਵਨ ਢਾਲਦਾ ਹੈ, ਉਹ) ਉਸ ਆਤਮਕ ਦਰਜੇ ਨੂੰ ਹਾਸਲ ਕਰ ਲੈਂਦਾ ਹੈ ਜਿਥੇ ਮਾਇਆ ਦੇ ਤਿੰਨਾਂ ਗੁਣਾਂ ਦਾ ਜੋਰ ਨਹੀਂ ਪੈਂਦਾ (ਜਿਸ ਨੂੰ ਚੌਥਾ ਪਦ ਕਿਹਾ ਜਾਂਦਾ ਹੈ) । ਪਰਮਾਤਮਾ ਨੇ ਮਿਹਰ ਕਰਕੇ ਜਿੰਨ੍ਹਾਂ ਮਨੁੱਖਾਂ ਨੂੰ ਆਪਣੇ ਚਰਨਾਂ ਵਿਚ ਮਿਲਾਇਆ ਹੈ ਉਨ੍ਹਾਂ ਦੇ ਮਨ ਵਿਚ ਪਰਮਾਤਮਾ ਦਾ ਨਾਮ ਆ ਵੱਸਦਾ ਹੈ । ਜਿੰਨ੍ਹਾਂ ਦੇ ਪੋਤੇ (ਖ਼ਜ਼ਾਨੇ ਵਿਚ, ਭਾਵ, ਭਾਗਾਂ) ਵਿਚ ਨੇਕੀ ਹੈ, ਪਰਮਾਤਮਾ ਉਨ੍ਹਾਂ ਨੂੰ ਸਾਧ ਸੰਗਤਿ ਵਿਚ ਮਿਲਾਉਂਦਾ ਹੈ । ੧ ।

੭੯- **ਜਨਮਿ ਮਰੈ ਤ੍ਰੈ ਗੁਣ ਹਿਤਕਾਰੁ ॥ ਚਾਰੇ ਬੇਦ ਕਥਹਿ ਆਕਾਰੁ ॥**
**ਤੀਨਿ ਅਵਸਥਾ ਕਹਹਿ ਵਖਿਆਨੁ ॥ ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ ॥ ੧ ॥**[੧੫੪]-੧੨

**ਅਰਥ:**--ਚਾਰੇ ਵੇਦ ਜਿਸ ਤ੍ਰੈਗੁਣੀ ਸੰਸਾਰ ਦਾ ਜ਼ਿਕਰ ਕਰਦੇ ਹਨ (ਜੋ ਮਨੁੱਖ ਪ੍ਰਭੂ ਭਗਤੀ ਤੋਂ ਸੱਖਣਾ ਹੈ ਤੇ) ਉਸੇ ਤ੍ਰੈਗੁਣੀ ਸੰਸਾਰ ਨਾਲ ਹਿੱਤ ਕਰਦਾ ਹੈ ਉਹ ਜੰਮਦਾ ਮਰਦਾ ਰਹਿੰਦਾ ਹੈ (ਉਹ ਜਨਮ ਮਰਨ ਦੀ ਘੁੰਮਣ-ਘੇਰੀ ਵਿਚ ਪਿਆ ਰਹਿੰਦਾ ਹੈ) । (ਅਜੇਹੇ ਵੇਦ ਪਾਠੀ ਮਨੁੱਖ) ਜੋ ਵੀ ਵਿਆਖਿਆ ਕਰਦੇ ਹਨ ਮਨ ਦੀਆਂ ਤਿੰਨਾਂ ਅਵਸਥਾਂ ਦਾ ਹੀ ਜ਼ਿਕਰ ਕਰਦੇ ਹਨ (ਭਾਵ, ਜਿਸ ਅਵਸਥਾ ਵਿਚ ਜੀਵਾਤਮਾ ਪਰਮਾਤਮਾ ਨਾਲ ਇੱਕ-ਰੂਪ ਹੋ ਜਾਂਦਾ ਹੈ, ਉਹ ਕਥਨ ਨਹੀਂ ਕੀਤਾ ਜਾ ਸਕਦਾ) । ਗੁਰੂ ਦੀ ਸਰਨ ਪੈ ਕੇ ਪਰਮਾਤਮਾ ਨਾਲ ਡੂੰਘੀ ਜਾਣ-ਪਛਾਣ ਪਾ ਲਵੋ--ਇਹ ਹੈ ਤੁਰੀਆ ਅਵਸਥਾ । ੧ ।

੮੦- **ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥**
**ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥ ੪ ॥** [੬੦੪]-੧੨

੧੨

## ਬਿਪ੍ਰ ਦੇ ਲਿਖੇ ਗ੍ਰੰਥਾਂ ਵਿਚਲੇ ਮਾਇਆ ਦੇ ਨਾਮ, ਅਤੇ ਗੁਰਬਾਣੀ

ਬ੍ਰਾਹਮਣ ਦੇ ਲਿਖੇ ਹਿੰਦੂ ਧਰਮ ਦੇ ਗ੍ਰੰਥਾਂ ਵਿਚ ਮਾਇਆ ਨੂੰ ਅਥਵਾ ਲਛਮੀ ਨੂੰ, ਸਾਇਰ ਦੀ ਪੁਤ੍ਰੀ ਵੀ ਲਿਖਿਆ ਹੈ । ਸਾਇਰ ਦਾ ਭਾਵ ਸਮੁੰਦਰ ਹੈ ਅਤੇ ਲਛਮੀ ਨੂੰ ਪ੍ਰਗਟ ਕਰਨ ਲਈ ਬ੍ਰਾਹਮਣੀ ਕਹਾਣੀ-ਕਲਾ ਨੇ ਜਿਹੜੀ ਅਜੀਬ ਕਹਾਣੀ ਘੜੀ ਸੀ ਉਸ ਦਾ ਜ਼ਿਕਰ ਪਹਿਲਾਂ ਵੀ ਆ ਚੁੱਕਾ ਹੈ । ਕਹਾਣੀ ਅਨੁਸਾਰ ਦੇਵਤਿਆਂ ਅਤੇ ਦੈਂਤਾਂ ਨੇ ਪਹਾੜ ਦੀ ਮਧਾਣੀ ਬਣਾ ਕੇ ਸਮੁੰਦਰ ਨੂੰ ਰਿੜਕਿਆ ਤਾਂ ਜਿਹੜੇ ਕਥਿਤ ੧੪ ਰਤਨ ਨਿਕਲੇ ਸਨ ਉਨ੍ਹਾਂ ਵਿਚ " ਲਛਮੀ " ਭਾਵ ' ਮਾਇਆ ' ਵੀ ਸੀ । ਸੋ ਸਾਇਰ ਭਾਵ, ਸਮੁੰਦਰ ਵਿਚੋਂ ਨਿਕਲੀ ਹੋਣ ਦੇ ਕਾਰਨ, ਲਛਮੀ ਨੂੰ ਸਮੁੰਦਰ ਦੀ ਧੀ ਘੋਸ਼ਤ ਕਰ ਦਿੱਤਾ । ਹਜ਼ਾਰਾਂ ਸਾਲਾਂ ਤੋਂ ਮਿਲੇ ਮਾਇਆ ਦੇ ਇਸ " ਸਾਇਰ ਕੀ ਪੁੱਤ੍ਰੀ " ਨਾ ਨੂੰ ਸਤਿਗੁਰਾਂ ਨੇ ਗੁਰਬਾਣੀ ਵਿਚ ਉਸੇ ਤਰ੍ਹਾਂ ਵਰਤਿਆ ਹੈ, ਜਿਵੇਂ ਉਨ੍ਹਾਂ ਨੂੰ (ਕਲਪਣਾ ਦੀ ਹੀ ਉਪਜ), ਦੇਵੀ ਦੇਵਤਿਆਂ ਦਾ ਜ਼ਿਕਰ ਗੁਰਬਾਣੀ ਵਿਚ ਕਰਨਾ, ਉਸ ਸਮੇਂ ਦੀ ਲੋੜ ਜਾਤਾ ਸੀ ।

੮੧- **ਗੁਰਮੁਖਿ ਜਾਤਿ ਪਤਿ ਨਾਮੇ ਵਡਿਆਈ ॥ ਸਾਇਰ ਕੀ ਪੁਤ੍ਰੀ**
**ਬਿਦਾਰਿ ਗਵਾਈ ॥ ਨਾਨਕ ਬਿਨੁ ਨਾਵੈ ਝੂਠੀ ਚਤੁਰਾਈ ॥ ੮ ॥**[੨੩੦]-੨

**ਅਰਥ:**--ਗੁਰਮੁਖਿ (ਗੁਰੂ ਦੀ ਸਰਨ ਪੈ ਕੇ ਗੁਰੂ ਦੀ ਮਤਿ ਅਨੁਸਾਰ ਚਲਣ ਵਾਲੇ ਮਨੁੱਖ) ਵਾਸਤੇ ਹਰਿ-ਨਾਮ ਹੀ ਉੱਚੀ ਜ਼ਾਤਿ ਹੈ ਤੇ ਉੱਚੀ ਕੁਲ ਹੈ, ਪਰਮਾਤਮਾ ਦੇ ਨਾਮ ਵਿਚ ਉਹ ਆਪਣੀ ਵਡਿਆਈ ਮੰਨਦਾ ਹੈ । ਨਾਮ ਦੀ ਬਰਕਤਿ ਨਾਲ ਹੀ ਉਸ ਨੇ ' ਸਾਇਰ ਦੀ ਪੁੱਤ੍ਰੀ ' (ਮਾਇਆ, ਲਛਮੀ) ਦਾ ਪ੍ਰਭਾਵ (ਆਪਣੇ ਅੰਦਰੋਂ) ਕੱਟ ਕੇ ਪਰੇ ਵਗ਼ਾਹ ਮਾਰੀ । ਗੁਰ ਦੇਵ ਜੀ ਦਾ ਫ਼ੁਰਮਾਨ ਹੈ, ਕਿ, ਪਰਮਾਤਮਾ ਦੇ ਨਾਮ ਤੋਂ ਵਾਂਜੇ ਰਹਿ ਕੇ ਹੋਰ ਹੋਰ ਚਤੁਰਾਈ ਵਿਖਾਉਣੀ ਵਿਅਰਥ ਹੈ । ੮ ।

੮੨- **ਮੇਰਾ ਮਨੋ ਮੇਰਾ ਮਨੁ ਮਾਨਿਆ ਨਾਮੁ ਸਖਾਈ ਰਾਮ॥ ਹਉਮੈ ਮਮਤਾ ਮਾਇਆ, ਸੰਗਿ ਨ ਜਾਈ ਰਾਮ ॥ ਮਾਤਾ ਪਿਤ ਭਾਈ**
**ਸੁਤ ਚਤੁਰਾਈ ਸੰਗਿ ਨ ਸੰਪੈ ਨਾਰੇ ॥ ਸਾਇਰ ਕੀ ਪੁਤ੍ਰੀ ਪਰਹਰਿ ਤਿਆਗੀ, ਚਰਣ ਤਲੈ ਵੀਚਾਰੇ ॥ ਆਦਿ ਪੁਰਖਿ**
**ਇਕੁ ਚਲਤੁ ਦਿਖਾਇਆ ਜਹ ਦੇਖਾ ਤਹ ਸੋਈ ॥ ਨਾਨਕ ਹਰਿ ਕੀ ਭਗਤਿ ਨ ਛੋਡਉ ਸਹਜੇ ਹੋਇ ਸੁ ਹੋਈ ॥੨॥**[੪੩੭]-੩

**ਅਰਥ:**--(ਗੁਰੂ ਦੀ ਸਰਨ ਪੈ ਕੇ) ਮੇਰਾ ਮਨ ਮੰਨ ਚੁਕਾ ਹੈ ਕਿ ਪਰਮਾਤਮਾ ਦਾ ਨਾਮ ਹੀ ਅਸਲ ਸਾਥੀ ਹੈ । ਮਾਇਆ ਦੀ ਮਮਤਾ ਤੇ ਹਉਮੈ ਮਨੁੱਖ ਦੇ ਨਾਲ ਨਹੀਂ ਜਾਂਦੇ, ਮਾਂ, ਪਿਉ, ਭਰਾ, ਪੁੱਤਰ, ਧਨ, ਇਸਤ੍ਰੀ, ਦੁਨੀਆਂ ਵਾਲੀ ਚਤੁਰਾਈ (ਸਦਾ ਲਈ) ਸਾਥੀ ਨਹੀਂ ਬਣ ਸਕਦੇ । (ਇਸ ਵਾਸਤੇ) ਗੁਰੂ ਦੇ ਸ਼ਬਦ ਦੀ ਵਿਚਾਰ ਦੀ ਬਰਕਤਿ ਨਾਲ ਮੈਂ " **ਸਾਇਰ ਕੀ ਪੁਤ੍ਰੀ** " (ਭਾਵ, ਵਿਸ਼ਨੂੰ ਦੀ ਘਰਦੀ ਲਛਮੀ ਦੀ ਪੂਜਾ, ਅਥਵਾ ਮਾਇਆ ) ਦਾ ਮੋਹ ਉੱਕਾ ਹੀ ਤਿਆਗ ਦਿੱਤਾ ਹੈ, ਤੇ ਇਸ (ਸਾਇਰ ਕੀ ਪੁਤ੍ਰੀ) ਨੂੰ ਆਪਣੇ ਪੈਰਾਂ ਹੇਠ ਰੱਖਿਆ ਹੋਇਆ ਹੈ । (ਮੈਨੂ ਇਹ ਨਿਸਚਾ ਬਣ ਗਿਆ ਹੈ ਕਿ) ਆਦਿ ਪੁਰਖ ਨੇ (ਜਗਤ-ਰੂਪ) ਇਕ ਤਮਾਸ਼ਾ ਵਿਖਾਲ ਦਿੱਤਾ ਹੈ, ਮੈਂ ਜਿਧਰ ਵੇਖਦਾ ਹਾਂ, ਉਧਰ ਉਹ ਪਰਮਾਤਮਾ ਹੀ ਮੈਨੂੰ ਦਿੱਸਦਾ ਹੈ । ਮੈ ਪ੍ਰਭੂ ਦੀ ਭਗਤੀ ਕਦੇ ਨਹੀਂ ਵਿਸਾਰਦਾ (ਮੈਨੂੰ ਨਿਸਚਾ ਹੈ ਕਿ) ਜਗਤ ਵਿਚ ਜੋ ਕੁਝ ਹੋ ਰਿਹਾ ਹੈ ਸੁਤੇ ਹੀ ਪ੍ਰਭੂ ਦੀ ਰਜ਼ਾ ਵਿਚ ਹੋ ਰਿਹਾ ਹੈ । ੨ ।

ਇਨ੍ਹਾਂ ਦੋ ਅਤੇ ਅਜੇਹੇ ਹੋਰ ਮਹਾਂ ਵਾਕਾਂ ਤੋਂ ਇਹ ਸਿਖਿਆ ਵੀ ਸਪੱਸ਼ਟ ਸ਼ਬਦਾਂ ਵਿਚ ਮਿਲਦੀ ਹੈ, ਕਿ ਹਿੰਦੂ ਲੋਕ ਜਿਸ ਲਛਮੀ ਦੇਵੀ ਦੀ ਪੂਜਾ ਕਰਦੇ ਹਨ, ਗੁਰੂ ਕਾ ਸਿੱਖ ਸਦਾ ਉਸ ਨੂੰ ਆਪਣੀ ਦਾਸੀ ਮੰਨੇ ਅਤੇ ਉਸ ਦੇ ਮੋਹ-ਜਾਲ ਵਿਚ ਕਦੇ ਨਾ ਫ਼ਸੇ । ਸਾਇਰ ਕੀ ਪੁਤਰੀ ਪੂਜਨੀਕ ਦੇਵੀ ਨਹੀਂ ਸਗੋਂ ਜ਼ਹਿਰੀਲੀ ਨਾਗਨੀ ਹੈ, ਧਰਕਟੀ ਅਤੇ ਕਾਮਣਿਆਰੀ ਨਾਰ ਹੈ । ਇਸ ਦੀ ਪੂਜਾ ਨਹੀਂ ਕਰਨੀ ਸਗੋਂ ਇਸ ਦਾ ਨੱਕ ਵਢੀ ਰੱਖਣਾ ਹੈ । ਗੁਰੂ ਬਾਣੀ ਅਨੁਸਾਰ, ਦੇਵੀ ਦੇਵਤੇ ਹਨ ਹੀ ' ਮਾਇਆ " । ਤੇਤੀ ਕ੍ਰੋੜ ਕਥਿਤ ਦੇਵੀ ਦੇਵਤਿਆਂ ਦੀ ਇਹ ਫੌਜ, ਮਾਇਆ ਦਾ ਬੜਾ ਭਿਆਨਕ ਰੂਪ ਹੈ । ਇਨ੍ਹਾਂ ਦੇਵਤਿਆਂ ਦੀ ਮਾਇਆ ਨੇ ਲੋਕਾਂ ਦੀ ਅਜੇਹੀ ਮਤ ਮਾਰੀ ਕਿ ਅਰਬਾਂ ਖਰਬਾਂ ਦਾ ਧਨ ਕੰਧਾਂ ਕੋਠਿਆਂ ਵਿਚ ਥੱਪ ਦਿੱਤਾ, ਅਥਵਾ ਇਨ੍ਹਾਂ ਦੀ ਕਿਰਪਾ ਦਾ ਹੀ ਸਦਕਾ ਅਰਬਾਂ ਖਰਬਾਂ ਦਾ ਧਨ ਮੰਦਰਾਂ ਰਾਹੀਂ ਬਿਦੇਸ਼ੀਂ ਪੁਜਿਆ । ਇਸ ਮਾਇਆ ਦੇ ਜਾਲ ਵਿਚ ਗੁਰੂ ਨਾਨਕ ਦਾ ਸਿੱਖ ਕਿਉਂ ਫਸੇ ?

**" ਸਕਤਿ "** (ਭਾਵ, **ਮਾਇਆ)**

ਗੋਸਵਾਮੀ ਤੁਲਸੀ ਦਾਸ ਦੇ ਲਿਖੇ " **ਸ੍ਰੀ ਰਾਮ ਚਰਿਤ੍ਰ ਮਾਨਸ** " ਅਥਵਾ " ਸ੍ਰੀ ਤੁਲਸੀ ਰਾਮਾਇਣ " ਗ੍ਰੰਥ ਵਿਚ ਰਾਮਾਇਣ ਗਾਥਾ ਸ਼ਿਵ ਜੀ ਅਤੇ ਪਾਰਬਤੀ ਦੀ ਆਪਸ ਵਿਚ ਹੋਈ ਗਲ ਬਾਤ ਤੇ ਅਧਾਰਤ ਹੈ । ਅਰਥਾਤ ਪਾਰਬਤੀ ਦੇ ਸੁਆਲਾਂ ਦੇ ਉੱਤਰ ਵਿਚ ਜੋ ਕੁਝ ਸ਼ਿਵ ਜੀ ਨੇ ਕਿਹਾ ਉਹ ਗਾਥਾ ਦਸ਼ਰਥ ਪੁੱਤ੍ਰ, ਸ੍ਰੀ ਰਾਮ ਜੀ ਦੀ ਜੀਵਨ ਕਥਾ ਹੈ । ਤੁਲਸੀ ਦਾਸ ਜੀ ਨੇ ਉਸ ਗਾਥਾ ਦਾ ਨਾਮ " **ਉਮਾ ਸੰਭੁ ਸੰਬਾਦ** " ਵੀ ਲਿਖਿਆ ਹੈ । { ਦੇਖੋ--ਦੂਸਰਾ ਅਧਿਆਇ ਦੋਹਿਰਾ--੬੯ } ਪਾਰਬਤੀ ਦੇ ਕਈ ਨਾਵਾਂ ਵਿਚੋਂ ਉਸ ਦਾ ਇੱਕ ਨਾਮ " **ਉਮਾ** " ਵੀ ਹੈ । ਕੇਵਲ ਅਕਾਲਪੁਰਖ ਦੇ ਨਾਮ ਦਾ ਸਿਮਰਨ ਕਰਨ ਦਾ ਉਪਦੇਸ਼ ਦ੍ਰਿੜ ਕਰਾਉਣ ਦਾ ਉਪਦੇਸ਼ ਦੇਣ ਸਮੇ, ਗੁਰਬਾਣੀ ਵਿਚ ਵੀ ਇੱਕ ਥਾਂ ਰਾਮਾਇਣ ਗਾਥਾ ਨੂੰ " **ਸਿਵਾ ਸਕਤਿ ਸੰਬਾਦੰ** " ਲਿਖਿਆ ਹੈ :--

੮੩- **ਸਿਵਾ ਸਕਤਿ ਸੰਬਾਦੰ ॥ ਮਨ ਛੋਡਿ ਛੋਡਿ ਸਗਲ ਭੇਦੰ ॥**
**ਸਿਮਰਿ ਸਿਮਰਿ ਗੋਬਿੰਦੰ ॥ ਭਜੁ ਨਾਮਾ ਤਰਸਿ ਭਵ ਸਿੰਧੰ ॥ ੪ ॥**[੮੭੩]-੧

**ਅਰਥ:**--{ ਜਿਸ ਗੁਰੂ ਸ਼ਬਦ ਦੀ ਉਪ੍ਰੋਕਤ ਤੁਕ ਹੈ ਉਸ ਵਿਚ ਕਈ ਪ੍ਰਕਾਰ ਦੇ ਕਰਮ ਧਰਮਾ ਦਾ ਅਤੇ ਚਾਰੇ ਵੇਦ ਜ਼ਬਾਨੀ ਕੰਠ ਕਰ ਲੈਣ ਵਾਲੇ ਜਤਨਾ ਨੂੰ ਨਿਸਫਲ ਦੱਸਦੇ ਹੋਏ ਏਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ) ਸ਼ਿਵ ਅਤੇ ਪਾਰਬਤੀ ਦੀ ਪਰਸਪਰ ਗਲ ਬਾਤ, (ਭਾਵ, ਰਾਮਾਇਣ) ਦਾ ਪਾਠ--ਹੇ ਮੇਰੇ ਮਨ ! ਇਹ ਸਾਰੇ ਕਰਮ ਛੱਡ ਦੇਹ, ਛੱਡ ਦੇਹ, ਇਹ ਸਭ ਪ੍ਰਭੂ ਨਾਲੋਂ ਵਿੱਥ ਪਾਉਣ ਵਾਲੇ ਹੀ ਹਨ । ਗੋਬਿੰਦ ਦਾ ਭਜਨ ਕਰ, (ਪ੍ਰਭੂ ਦਾ) ਨਾਮ ਸਿਮਰ, (ਨਾਮ ਸਿਮਰਿਆਂ ਹੀ) ਸੰਸਾਰ-ਸਮੁੰਦਰ ਤੋਂ ਪਾਰ ਲੰਘੇਂਗਾ । ੪ ।

ਸਪੱਸ਼ਟ ਹੈ ਕਿ " ਸਕਤਿ " ਵੀ ਉਮਾ ਵਾਂਗ ਪਾਰਬਤੀ ਦਾ ਹੀ ਨਾਮ ਹੈ । ਧਿਆਨ ਦੇਣ ਵਾਲੀ ਗੱਲ ਇਹ ਹੈ ਕਿ, ਗੁਰਬਾਣੀ ਵਿਚ ਹੋਰ ਜਿਥੇ ਵੀ " **ਸਕਤਿ** " ਲਫ਼ਜ਼ ਆਇਆ ਹੈ, ਇਸ ਦਾ ਅਰਥ " ਮਾਇਆ " ਹੈ, ਅਤੇ (ਇਹ ਲਫ਼ਜ਼ ਸਦਾ) ' ਸ਼ਿਵ ' ਦੇ ਨਾਲ ਹੀ ਆਇਆ ਹੈ ।

੮੪-- **ਸਤਿਗਰੁ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥ ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ ॥ਸਿਵਿ ਸਕਤਿ**
**ਮਿਟਾਈਆ ਚੂਕਾ ਅੰਧਿਆਰਾ ॥ ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿਨਾਮੁ ਪਿਆਰਾ ॥ ੧ ॥**[੧੬੩]-੪-੧੮-੩੮

**ਪਦ ਅਰਥ:**--ਤਤੁ--ਅਸਲੀਅਤ । ਬੀਚਾਰਾ--ਵਿਚਾਰੁ । ਪਰਗਟ ਭਈ--ਉੱਘੜ ਪਈ, ਨਿੱਖਰ ਪਈ । ਮੁਰਾਰਿ--(ਮੁਰ ਦੈਂਤ ਦਾ ਵੈਰੀ) ਪਰਮਾਤਮਾ । ਸਕਤਿ--ਸ਼ਕਤੀ, ਮਾਇਆ । ਧੁਰਿ--ਧੁਰੋਂ । ੧ ।

੮੫- **ਆਪੇ ਵਣੁ ਤ੍ਰਿਣੁ ਤ੍ਰਿਭਵਣ ਸਾਰੁ ॥ ਜਾ ਕੈ ਸੂਤਿ ਪਰੋਇਆ ਸੰਸਾਰੁ ॥**
**ਆਪੇ ਸਿਵ ਸਕਤੀ ਸੰਜੋਗੀ ॥ ਆਪੇ ਨਿਰਬਾਣੀ ਆਪੇ ਭੋਗੀ ॥ ੨ ॥** [੧੧੫੦]-੩੭-੫੦

**ਪਦ ਅਰਥ:**--ਵਣੁ--ਜੰਗਲ । ਤ੍ਰਿਣੁ--ਘਾਹ ਦਾ ਤੀਲਾ, ਬਨਾਸਪਤੀ । ਸਾਰੁ--ਤੱਤ, ਮੂਲ । ਜਾ ਕੈ ਸੂਤਿ--ਜਿਸ ਦੇ ਸੂਤ ਵਿਚ, ਜਿਸ ਦੀ ਮਰਯਾਦਾ ਵਿਚ, ਜਿਸ ਦੇ ਹੁਕਮ ਵਿਚ । ਸਿਵ--ਆਤਮਾ । ਸਕਤੀ--ਸ਼ਕਤੀ, ਮਾਇਆ, ਪ੍ਰਕ੍ਰਿਤੀ । ਸੰਜੋਗ--ਮਿਲਾਉਣ ਵਾਲਾ । ਨਿਰਬਾਣੀ--ਵਾਸਨਾ-ਰਹਿਤ, ਨਿਰਲੇਪ । ਭੋਗੀ--ਭੋਗਣ ਵਾਲਾ, ਭੋਗਾਂ ਵਿਚ ਪ੍ਰਵਿਰਤ । ੨ ।

੮੬- **ਸਿੰਚਹਿ ਦਰਬੁ ਦੇਹਿ ਦੁਖੁ ਲੋਗ ॥ ਤੇਰੈ ਕਾਜਿ ਨ ਅਵਰਾ ਜੋਗ ॥ ਕਰਿ ਅਹੰਕਾਰੁ ਹੋਇ**
**ਵਰਤਹਿ ਅੰਧ ॥ ਜਮ ਕੀ ਜੇਵੜੀ ਤੂ ਆਗੈ ਬੰਧ ॥ ੧ ॥ ਛਾਡਿ ਵਿਡਾਣੀ ਤਾਤਿ ਮੂੜੇ ॥**
**ਈਹਾ ਬਸਨਾ ਰਾਤਿ ਮੂੜੇ ॥ ਮਾਇਆ ਕੇ ਮਾਤੇ ਤੈ ਉਠਿ ਚਲਨਾ ॥ ਰਾਚਿ ਰਹਿਓ ਤੂ**

**ਸੰਗਿ ਸੁਪਨਾ ॥ ੧ ॥ ਰਹਾਉ ॥ ਬਾਲ ਬਿਵਸਥਾ ਬਾਰਿਕੁ ਅੰਧ ॥ ਭਰਿ ਜੋਬਨਿ ਲਾਗਾ ਦੁਰਗੰਧ ॥ ਤ੍ਰਿਤੀਅ ਬਿਵਸਥਾ ਸਿੰਚੈ ਮਾਇ ॥ ਬਿਰਧਿ ਭਇਆ ਛੋਡਿ ਚਲਿਓ ਪਛੁਤਾਇ ॥ ੨ ॥ ਚਿਰੰਕਾਲ ਪਾਈ ਦ੍ਰੁਲਭ ਦੇਹ ॥ ਨਾਮ ਬਿਹੂਣੀ ਹੋਈ ਖੇਹ ॥ ਪਸੂ ਪਰੇਤ ਮੁਗਧ ਤੇ ਬੁਰੀ ॥ ਤਿਸਹਿ ਨ ਬੂਝੈ ਜਿਨਿ ਏਹ ਸਿਰੀ ॥ ੩ ॥ ਸੁਣਿ ਕਰਤਾਰ ਗੋਵਿੰਦ ਗੋਪਾਲ ॥ ਦੀਨ ਦਇਆਲ ਸਦਾ ਕਿਰਪਾਲ ॥ ਤੁਮਹਿ ਛਡਾਵਹੁ ਛੁਟਕਹਿ ਬੰਧ ॥ ਬਖਸਿ ਮਿਲਾਵਹੁ ਨਾਨਕ ਜਗ ਅੰਧ ॥ ੪ ॥**[੮੮੯]-੧੨-੨੩

**ਅਰਥ**:---ਹੇ ਮੂਰਖ ਦੂਜਿਆਂ ਨਾਲ ਈਰਖਾ ਕਰਨੀ ਛੱਡ ਦੇ , ਹੇ ਮੂਰਖ ! ਇਸ ਦੁਨੀਆ ਵਿਚ (ਪੰਛੀਆਂ ਵਾਂਗ) ਰਾਤ-ਮਾਤ੍ਰ ਹੀ ਵੱਸਣਾ ਹੈ। ਮਾਇਆ ਵਿਚ ਮਸਤ ਹੋਏ ਹੇ ਮੂਰਖ ! (ਸੰਸਾਰ ਤੋਂ ਆਖ਼ਰ ਤੂੰ) ਉੱਠ ਜਾਣਾ ਹੈ (ਪਰ) ਤੂੰ ( ਇਸ ਜਗਤ-) ਸੁਪਨੇ ਨਾਲ ਰੁੱਝਾ ਪਿਆ ਹੈਂ । ੧ । ਰਹਾਉ ।

(ਹੇ ਮੂਰਖ !) ਤੂੰ ਧਨ ਇਕੱਠਾ ਕਰੀ ਜਾਂਦਾ ਹੈਂ, (ਅਤੇ ਧਨ ਜੋੜਨ ਦੇ ਉੱਦਮ ਵਿਚ) ਲੋਕਾਂ ਨੂੰ ਦੁੱਖ ਦਿੰਦਾ ਹੈਂ । (ਮੌਤ ਆਉਣ ਤੇ ਇਹ ਧਨ) ਤੇਰੇ ਕੰਮ ਨਹੀਂ ਆਵੇਗਾ, ਹੋਰਨਾਂ (ਦੇ ਵਰਤਨ) ਜੋਗਾ ਰਹਿ ਜਾਇਗਾ। (ਹੇ ਮੂਰਖ ! ਇਸ ਧਨ ਦਾ) ਮਾਣ ਕਰ ਕੇ (ਇਸ ਧਨ ਦੇ ਨਸ਼ੇ ਵਿਚ) ਅੰਨ੍ਹਾਂ ਹੋ ਕੇ ਤੂੰ (ਲੋਕਾਂ ਨਾਲ ਭੈੜਾ) ਵਰਤਾਰਾ ਕਰਦਾ ਹੈਂ । (ਅੰਤ ਨੂੰ) ਮੌਤ ਦੀ ਫਾਹੀ (ਵਿਚ) ਬਝਾ ਹੋਇਆ ਤੂੰ ਪਰਲੋਕ ਨੂੰ ਤੁਰ ਜਾਣਗਾ ( ਤੇ ਧਨ ਦੌਲਤ ਏਥੇ ਹੀ ਰਹਿ ਜਾਏਗਾ **। ੧ ।** ਬਾਲ ਉਮਰੇ ਜੀਵ ਬੇ-ਸਮਝ ਬਣਿਆ ਰਹਿੰਦਾ ਹੈ, ਭਰ-ਜੁਆਨੀ ਵੇਲੇ ਵਿਕਾਰਾਂ ਵਿਚ ਲੱਗਾ ਰਹਿੰਦਾ ਹੈਂ, (ਜਵਾਨੀ ਲੰਘ ਜਾਣ ਤੇ) ਤੀਜੀ ਉਮਰੇ ਮਾਇਆ ਜੋੜਨ ਲੱਗ ਪੈਂਦਾ ਹੈਂ (ਆਖ਼ਰ ਜਦੋਂ) ਬੁੱਢਾ ਹੋ ਜਾਂਦਾ ਹੈਂ ਤਾਂ ਅਫ਼ਸੋਸ ਕਰਦਾ (ਜੋੜੀ ਹੋਈ ਮਾਇਆ) ਛੱਡ ਕੇ (ਇਥੋਂ) ਤੁਰ ਪੈਂਦਾ ਹੈ **। ੨ ।** ਬੜੇ ਚਿਰਾਂ ਪਿੱਛੋ ਜੀਵ ਨੂੰ ਇਹ ਦੁਰਲੱਭ ਮਨੁੱਖਾ ਸਰੀਰ ਮਿਲਦਾ ਹੈ, ਪਰ ਨਾਮ ਤੋਂ ਵਾਂਜੇ ਰਹਿ ਕੇ ਇਹ ਸਰੀਰ ਮਿੱਟੀ ਹੋ ਜਾਂਦਾ ਹੈ। (ਨਾਮ ਤੋਂ ਬਿਨਾ, ਵਿਕਾਰਾਂ ਦੇ ਕਾਰਨ) ਮੂਰਖ ਜੀਵ ਦੀ ਇਹ ਦੇਹੀ ਪਸ਼ੂਆਂ ਤੇ ਪਰੇਤਾਂ ਨਾਲੋਂ ਵੀ ਭੈੜੀ (ਸਮਝੋ) । ਜਿਸ ਪਰਮਾਤਮਾ ਨੇ (ਇਸ ਦੀ) ਇਹ ਮਨੁੱਖਾ ਦੇਹੀ ਬਣਾਈ ਉਸ ਨੂੰ ਕਦੇ ਚੇਤੇ ਨਹੀਂ ਕਰਦਾ **। ੩ ।** (ਸਤਿਗੁਰਾਂ ਦੀ ਅਰਦਾਸ)--ਜੀਵ ਵਿਚਾਰੇ ਕੀ ਕਰਨ ?) ਹੇ ਕਰਤਾਰ ! ਹੇ ਗੋਬਿੰਦ ! ਹੇ ਗੋਪਾਲ ! ਹੇ ਦੀਨਾਂ ਉਤੇ ਦਇਆ ਕਰਨ ਵਾਲੇ ! ਹੇ ਸਦਾ ਹੀ ਕਿਰਪਾ ਦੇ ਸੋਮੇਂ ! ਤੂੰ ਆਪ ਹੀ ਜੀਵਾਂ ਦੇ ਮਾਇਆ ਦੇ ਬੰਧਨ ਤੋੜੇਂ ਤਾਂ ਹੀ ਟੁੱਟ ਸਕਦੇ ਹਨ । ਹੇ ਕਰਤਾਰ ! (ਮਾਇਆ ਦੇ ਮੋਹ ਵਿਚ) ਅੰਨੇ, ਹੋਏ ਜਗਤ ਨੂੰ ਤੂੰ ਆਪ ਹੀ ਮਿਹਰ ਕਰਕੇ (ਆਪਣੇ ਚਰਨਾਂ ਵਿਚ) ਜੋੜੀ ਰੱਖ । ੪ ।

੮੭- **ਇਨਿ ਮਾਇਆ ਜਗਦੀਸ ਗੁਸਾਈ ਤੁਮ੍ਹਰੇ ਚਰਨ ਬਿਸਾਰੇ ॥ ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥ ੧ ॥ ਰਹਾਉ ॥ ਧ੍ਰਿਗੁ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ ॥ ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ, ਬਾਂਧੇ ਆਪ ਬਚੰਨੀ ॥ ੧ ॥ ਕਿਆ ਖੇਤੀ ਕਿਆ ਲੇਵਾ ਦੇਈ ਪਰਪੰਚ ਝੂਠੁ** [**ਆਪ ਬਚੰਨੀ**=ਤੇਰੇ ਹੁਕਮ ਅਨੁਸਾਰ] **ਗੁਮਾਨਾ ॥ ਕਹਿ ਕਬੀਰ ਤੇ ਅੰਤਿ ਬਿਗੂਤੇ ਆਇਆ ਕਾਲੁ ਨਿਦਾਨਾ ॥ ੨ ॥**[੮੫੭]-੯

**ਅਰਥ**:--ਹੇ ਜਗਤ ਦੇ ਮਾਲਕ ! (=ਜਗਦੀਸ) ਹੇ ਜਗਤ ਦੇ ਖ਼ਸਮ ! (=ਗੁਸਾਈ) (ਤਰੀ ਪੈਦਾ ਕੀਤੀ ਹੋਈ) ਤ੍ਰਿਸ ਮਾਇਆ ਨੇ (ਅਸਾਂ ਜੀਵਾਂ ਦੇ ਦਿਲਾਂ ਵਿਚੋਂ) ਤੇਰੇ ਚਰਨਾਂ ਦੀ ਯਾਦ ਭੁਲਾ ਦਿੱਤੀ ਹੈ। ਜੀਵ ਵਿਚਾਰੇ ਕੀ ਕਰਨ ? (ਇਸ ਮਾਇਆ ਦੇ ਕਾਰਨ) ਜੀਵਾਂ ਦੇ ਅੰਦਰ (ਤੇਰੇ ਚਰਨਾਂ ਦਾ) ਰਤਾ ਭੀ ਪਿਆਰ ਪੈਦਾ ਨਹੀਂ ਹੁੰਦਾ **। ੧ । ਰਹਾਉ ।** ਲਾਹਨਤ ਹੈ ਇਸ ਸਰੀਰ ਤੇ ਧਨ-ਪਦਾਰਥ ਨੂੰ: ਫਿਟਕਾਰ-ਜੋਗ ਹੈ (ਮਮਨੁੱਖ ਇਹ) ਅਕਲ, ਜੋ ( ਧਨ-ਪਦਾਰਥ ਦੀ ਖ਼ਾਤਰ) ਹੋਰਨਾਂ ਨੂੰ ਧੋਖਾ ਦੇਂਦੀ ਹੈ (-ਫੰਨੀ=ਫੰਧ ਲਾਉਣ ਵਾਲੀ, ਲੋਕਾਂ ਨੂੰ ਧੋਖਾ ਦੇਣ ਵਾਲੀ, ਧੱਗੀਆਂ ਮਾਰਨ ਵਾਲੀ) ਹੇ ਜਗਦੀਸ਼ ! ਤੇਰੇ (ਬਣਾਏ ਪੱਕੇ ਨਿਸ਼ੱਮ ਰੂਪ-) ਹੁਕਮ ਅਨੁਸਾਰ ਹੀ ਇਹ ਮਾਇਆ ਜੀਵਾਂ ਨੂੰ ਆਪਣੇ ਮੋਹ ਵਿਚ ਬੰਨ੍ਹ ਰਹੀ ਹੈ। ਸੋ ਤੂੰ ਆਪ ਹੀ ਇਸ ਨੂੰ ਚੰਗੀ ਤਰ੍ਹਾਂ ਆਪਣੇ ਕਾਬੂ ਵਿਚ ਰੱਖ **। ੧ ।** ਕਬੀਰ ਜੀ--ਕੀ ਖੇਤੀ ਤੇ ਕੀ ਵਪਾਰ ? ਜਗਤ ਦੇ ਇਸ ਪਸਾਰੇ ਦਾ ਮਾਣ ਕੂੜਾ ਹੈ, ਕਿਉਂਕਿ ਜਦੋਂ ਓੜਕ ਨੂੰ ਮੌਤ ਆਉਂਦੀ ਹੈ ਤਾਂ (ਇਸ ਪਸਾਰੇ ਦੇ ਮੋਹ-ਮਾਣ ਵਿਚ ਫਸੇ ਹੋਏ) ਜੀਵ ਆਖ਼ਰ ਹਾਹੁਕੇ ਲੈਂਦੇ ਹਨ । ੨ ।

ਹੇ ਸਿਰਜਣਹਾਰ ਦਾਤਾਰ ਜੀਓ ! ਸੰਸਾਰ ਰੂਪ ਮਾਇਆ ਹੈ ਤਾਂ ਸਾਰਾ ਤੇਰੇ ਹੀ ਹੁਕਮ ਦਾ ਰਚਾਇਆ ਖੇਲ-ਤਮਾਸ਼ਾ। ਤੂੰ ਆਪ ਹੀ ਮਿਹਰਾਂ ਕਰਕੇ ਕਿਸੇ ਗੁਰਮੁਖਿ ਨੂੰ ਮਾਇਆ ਦੀ ਅਸਲੀਯਤ ਦੀ ਸੋਝੀ ਕਰਾ ਕੇ ਉਸ ਦੇ ਮਾਇਆ ਮੋਹ ਦੇ ਬੰਧਨ ਤੋੜ ਕੇ ਉਸ ਦੀ ਲਿਵ ਆਪਣੇ ਵਿਚ ਜੋੜ ਲੈਂਦਾ ਹੈਂ :--

੮੬- **ਸਿਵ ਸਕਤਿ ਆਪਿ ਉਪਾਇ ਕੈ, ਕਰਤਾ ਆਪੇ ਹੁਕਮੁ ਵਰਤਾਏ ॥ ਹੁਕਮੁ ਵਰਤਾਏ ਆਪੇ ਵੇਖੈ, ਗੁਰਮੁਖਿ ਕਿਸੈ ਬੁਝਾਏ ॥ ਤੋੜੇ ਬੰਧਨ ਹੋਵੈ ਮੁਕਤੁ, ਸਬਦੁ ਮੰਨਿ ਵਸਾਏ ॥ ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ, ਏਕਸ ਸਿਉ ਲਿਵ ਲਾਏ॥ ਕਹੈ ਨਾਨਕੁ, ਆਪਿ ਕਰਤਾ ਆਪੇ ਹੁਕਮੁ ਬੁਝਾਏ॥੨੬॥**[੯੨੦]ਅਨੰਦ

[ਨੋਟ-ਮਾਇਆ ਪ੍ਰਤੀ ਹੋਰ ਵੇ ਬੇਅੰਤ ਗੁਰੂ ਸ਼ਬਦ ਹਨ]

੧੩

# ਮਿਥਿਆ ਰਾਜ ਜੋਬਨ ਧਨ ਮਾਲ ॥

ਮਹਾਨ ਕੋਸ਼ ਅਨੁਸਾਰ " ਮਿਥਿਆ " ਪਦ ਦੇ ਅਰਥ ਇਸ ਪ੍ਰਕਾਰ ਹਨ:-- ਅਸਤਯ, ਜੋ ਸਦਾ ਇੱਕਰਸ ਨਹੀਂ । ੨- ਝੂਠ, ਅਨਿਤ " **ਮਿਥਿਆ ਨਾਹੀ ਰਸਨਾ ਪਰਸ** " (ਸੁਖਮਨੀ) ੪- ਨਾਪਾਇਦਾਰ, ਵਿਨਸਨਹਾਰ " **ਮਿਥਿਆ ਰਾਜ ਜੋਬਨ ਧਨ ਮਾਲ** " (ਸੁਖਮਨੀ) । ੫- ਝੂਠੇ ਤੌਰ ਪਰ, ਅਸਤਯਤਾ ਸੇ । ੬- ਮਿਥਣਾ, ਕ੍ਰਿਯਾ ਦਾ ਭੂਤਕਾਲ, ਜਿਵੇਂ--ਉਸ ਨੇ ਆਪਣੇ ਹਿਤ ਲਈ ਇਹ ਮਿਥਿਆ ।

ਪੁਸਤਕ ਦੇ ਤੀਜੇ ਭਾਗ ਦੇ ਪੰਜਵੇਂ ਕਾਂਡ ਦੇ ਛੇਵੀ ਲੇਖ ਵਿਚ ਅਸਾਂ ਗੁਰੂ-ਬਾਣੀ ਦਾ ਇਸ ਬੜੇ ਜ਼ਰੂਰੀ ਪੱਖ ਦੀ----" **ਦ੍ਰਿਸਟਿਮਾਨ ਸਭੁ ਬਿਨਸੀਐ, ਕਿਆ ਲਗਹਿ ਗਵਾਰ** " ॥ ਨਜ਼ਰ ਆਉਣ ਵਾਲਾ ਸਾਰਾ ਕੁਝ ਮਿਥਿਆ ਹੈ, ਝੂਠ ਹੈ, ਨਾਸਵੰਤ ਹੈ---" **ਦ੍ਰਿਸਟਮਾਨ ਹੈ ਸਗਲ**

**ਮਿਥੇਨਾ ॥** ਬੜੇ ਵਿਸਥਾਰ ਨਾਲ ਵਿਚਾਰ ਕਰ ਚੁੱਕੇ ਹਾਂ । ਮਾਇਆ ਨਾਲ ਮੋਹ ਦਾ ਅਰਥ ਝੂਠ ਨਾਲ ਪਿਆਰ ਪਾਉਣ ਦੀ ਮੂਰਖਤਾਈ ਹੈ । ਇਸ ਲੇਖ ਵਿਚ ਅਸਾਂ ਵਿਸ਼ੇਸ਼ ਕਰਕੇ **ਝੂਠ** ਅਥਵਾ **ਕੂੜ** ਬਾਰੇ ਗੁਰਮਤਿ ਵਿਚਾਰ ਕਰਨੀ ਹੈ:--

੮੯- **ਰਾਜ ਕਪਟੰ ਰੂਪ ਕਪਟੰ ਧਨ ਕਪਟੰ** ਕੁਲ ਗਰਬਤਹ ॥ ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ ॥ ੧ ॥ ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ ॥ ਅਢੁ ਨ ਲਹਦੜੋ ਮੁਲੁ ਨਾਨਕ ਸਾਥਿ ਨ ਜੁਲਈ **ਮਾਇਆ** ॥ ੨ ॥ [੭੦੮]-ਵਾ-੧੦

**ਅਰਥ**:--ਹੇ ਨਾਨਕ ! ਇਹ ਰਾਜ ਰੂਪ ਧਨ ਤੇ (ਉੱਚੀ) ਕੁਲ ਦਾ ਮਾਣ--ਸਭ ਛਲ ਰੂਪ ਹੈ। ਜੀਵ ਛਲ ਕਰ ਕੇ ਦੂਜਿਆਂ ਤੇ ਦੂਸ਼ਨ ਲਾ ਲਾ ਕੇ (ਕਈ ਢੰਗਗਾਂ ਨਾਲ) ਮਾਇਆ ਜੋੜਦੇ ਹਨ, ਪਰ ਪ੍ਰਭੂ ਦੇ ਨਾਮ ਤੋਂ ਬਿਨਾ ਕੋਈ ਵੀ ਚੀਜ਼ ਏਥੋਂ ਨਾਲ ਨਹੀਂ ਜਾਂਦੀ । **੧** । ਨਜ਼ਰ ਦੀ ਭੁੱਲ ਸੀ ਜੋ ਵੇਖਨ ਨੂੰ ਤੁੰਮਾ ਮੈਨੂੰ ਸੋਹਣਾ ਦਿੱਸਿਆ । ਇਸ ਦਾ ਤਾਂ ਅੱਧੀ ਕੌਡੀ ਵੀ ਮੁੱਲ ਨਹੀਂ ਮਿਲਦਾ । ਹੇ ਨਾਨਕ ! (ਇਹੀ ਹਾਲ ਮਾਇਆ ਦਾ ਹੈ, ਵੇਖਣ ਨੂੰ ਬੜੀ ਮਨਮੋਹਣੀ ਪਰ ਉਂਞ ਜੀਵ ਦੇ ਭਾ ਦੀ ਹੁੰਦੀ ਇਹ ਕੌਡੀ ਦੀ ਵੀ ਨਹੀਂ, ਕਿਉਂਕਿ ਏਥੋਂ ਤੁਰਨ ਵੇਲੇ) ਇਹ ਮਾਇਆ ਜੀਵ ਦੇ ਨਾਲ ਨਹੀਂ ਜਾਂਦੀ। (ਸਗੋਂ ਝੱਟ ਦੂਜੇ ਦੀ ਬਣ ਜਾਂਦੀ ਹੈ । ੨ ।

੯੦- **ਸੰਗਿ ਨ ਚਾਲਸਿ ਤੇਰੈ ਧਨਾ ॥ ਤੂੰ ਕਿਆ ਲਪਟਾਵਹਿ ਮੂਰਖ ਮਨਾ ॥ ਸੁਤ ਮੀਤ ਕੁਟੰਬ ਅਰੁ ਬਨਿਤਾ ॥ ਇਨ ਤੇ ਕਹਹੁ ਤੁਮ ਸਨਾਥਾ ॥ ਰਾਜ ਰੰਗ ਮਾਇਆ ਬਿਸਥਾਰ ॥ ਇਨ ਤੇ ਕਹਹੁ ਕਵਨ ਛੁਟਕਾਰ ॥ ਅਸੁ ਹਸਤੀ ਰਥ ਅਸਵਾਰੀ ॥ ਝੂਠਾ ਡੰਫੁ ਝੂਠੁ ਪਾਸਾਰੀ ॥ ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ ॥ ਨਾਮੁ ਬਿਸਾਰਿ ਨਾਨਕ ਪਛੁਤਾਨਾ ॥ ੫ ॥**[੨੮੮]-ਅਸਟ-੧੯

੯੧- **ਮਿਥਿਆ** ਤਨੁ ਧਨੁ ਕੁਟੰਬੁ ਸਬਾਇਆ ॥ **ਮਿਥਿਆ** ਹਉਮੈ ਮਮਤਾ ਮਾਇਆ ॥ ਮਿਥਿਆ ਰਾਜ ਜੋਬਨ ਧਨ ਮਾਲ ॥ **ਮਿਥਿਆ** ਕਾਮ ਕ੍ਰੋਧ ਬਿਕਰਾਲ ॥ **ਮਿਥਿਆ** ਰਥ ਹਸਤੀ ਅਸ੍ਵ ਬਸਤ੍ਰਾ ॥ **ਮਿਥਿਆ** ਰੰਗ ਸੰਗਿ ਮਾਇਆ ਪੇਖਿ ਹਸਤਾ ॥ **ਮਿਥਿਆ** ਧ੍ਰੋਹ ਮੋਹ ਅਭਿਮਾਨੁ ॥ **ਮਿਥਿਆ** ਆਪਸ ਊਪਰਿ ਕਰਤ ਗੁਮਾਨੁ ॥ ਅਸਥਿਰੁ ਭਗਤਿ ਸਾਧ ਕੀ ਸਰਨ ॥ ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ ॥ ੪ ॥[੨੬੮]-ਅਸਟ-੫

੯੨- **ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ** ॥ ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥ ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨਣਹਾਰੁ ॥ **ਕੂੜੁ** ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥ **ਕੂੜੁ** ਮੀਆ ਕੂੜੁ ਬੀਬੀ ਖਪਿ ਹੋਇ ਖਾਰੁ ॥ ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥ ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥**ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ** ॥ ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥ ੧ ॥ [੪੬੮]-ਵਾ-੧੦

੯੩- ਜਗ ਰਚਨਾ **ਸਭ ਝੂਠ ਹੈ** ਜਾਨਿ ਲੇਹੁ ਰੇ ਮੀਤ ॥ ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥ ੪੯ ॥[੧੪੨੮]

੯੪- ਕਹਉ ਕਹਾ ਅਪਨੀ ਅਧਮਾਈ ॥ ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤਿ ਪ੍ਰਭ ਗਾਈ ॥ ੧ ॥ ਰਹਾਉ ॥ **ਜਗ ਝੂਠੇ ਕਉ** ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ ॥ ਦੀਨ ਬੰਧੁ ਸਿਮਰਿਓ ਨਹੀ ਕਬਹੂ, ਹੋਤ ਜੁ ਸੰਗਿ ਸਹਾਈ ॥ ੧ ॥ ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨ ਮਨ ਕੀ ਕਾਈ ॥ ਕਹਿ ਨਾਨਕ ਅਬ ਨਾਹਿ ਅਨਤ ਗਤਿ ਬਿਨੁ ਹਰਿ ਕੀ ਸਰਨਾਈ ॥ ੨ ॥[੭੧੮]-੧-੩੧

੯੫- ਜਿਤਨੇ ਸਾਹ ਪਾਤਿਸਾਹ ਉਮਰਾਵ ਸਿਕਦਾਰ ਚਉਧਰੀ **ਸਭਿ ਮਿਥਿਆ ਝੂਠੁ** ਭਾਉ ਦੂਜਾ ਜਾਣੁ ॥ ਹਰਿ ਅਬਿਨਾਸੀ ਸਦਾ ਥਿਰੁ ਨਿਹਚਲੁ ਤਿਸੁ ਮੇਰੇ ਮਨ ਭਜੁ ਪਰਵਾਣੁ ॥ ੧ ॥ ਮੇਰੇ ਮਨ ਨਾਮੁ ਹਰੀ ਭਜੁ ਸਦਾ ਦੀਬਾਣੁ ॥ ਜੋ ਹਰਿ ਮਹਲੁ ਪਾਵੈ ਗੁਰ ਬਚਨੀ ਤਿਸੁ ਜੇਵਡੁ ਅਵਰੁ ਨਾਹੀ ਕਿਸੈ ਦਾ ਤਾਣੁ ॥ ੧ ॥ ਰਹਾਉ ॥ ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ **ਸਭਿ ਬਿਨਸਿ ਜਾਹਿ ਜਿਉ ਰੰਗੁ ਕੁਸੰਭ ਕਚਾਣੁ** ॥ ਹਰਿ ਸਤਿ ਨਿਰੰਜਨੁ ਸਦਾ ਸੇਵਿ ਮਨ ਮੇਰੇ ਜਿਤੁ ਹਰਿ ਦਰਗਹ ਪਾਵਹਿ ਤੂ ਮਾਣੁ ॥ ੨ ॥[੮੬੧]-੪

੧੪

# ਬਿਨੁ ਸਚੇ ਸਭ ਕੂੜੁ ਹੈ... ॥

੯੬- **ਮਨ ਮੇਰੇ, ਸਾਚਾ ਸੇਵਿ ਜਿਚਰੁ ਸਾਸੁ ॥ ਬਿਨੁ ਸਚੇ ਸਭ ਕੂੜੁ ਹੈ ਅੰਤੇ ਹੋਇ ਬਿਨਾਸੁ ॥ ੧ ॥ ਰਹਾਉ ॥** [੪੯]-੧੯-੮੯

**ਅਰਥ**:--ਹੇ ਮੇਰੇ ਮਨ ! ਜਿੰਨਾ ਚਿਰ (ਤੇਰੇ ਸਰੀਰ ਵਿਚ) ਸਾਹ (ਚਲ ਰਿਹਾ) ਹੈ (ਉਨਾ ਚਿਰ) ਸਦਾ ਹੀ ਥਿਰ ਰਹਿਣ ਵਾਲੇ ਪਰਮਾਤਮਾ ਦਾ ਸਿਮਰਨ ਕਰ । ਸਚੇ ਭਾਵ, ਸਦਾ ਥਿਰ ਰਹਿਣ ਵਾਲੇ ਪਰਮਾਤਮਾ ਤੋਂ ਬਿਨਾ ਹੋਰ ਸਾਰਾ ਝੂਠਾ ਪਰਪੰਚ ਹੈ, ਇਹ ਆਖ਼ਰ ਨੂੰ ਨਾਸ ਹੋ ਜਾਣਾ ਹੈ । ੧ । ਰਹਾਉ।

੯੭- ਤੁਧੁ ਭਾਵੈ ਤਾ ਵਾਵਹਿ ਗਾਵਹਿ, ਤੁਧੁ ਭਾਵੈ ਜਲਿ ਨਾਵਹਿ ॥ ਜਾ ਤੁਧੁ ਭਾਵਹਿ ਤਾ ਕਰਹਿ ਬਿਭੂਤਾ, ਸਿੰਙੀ ਨਾਦੁ ਵਜਾਵਹਿ ॥ ਜਾ ਤੁਧੁ ਭਾਵੈ ਤਾ ਪੜਹਿ ਕਤੇਬਾ, ਮੁਲਾ ਸੇਖ ਕਹਾਵਹਿ ॥ ਜਾ ਤੁਧੁ ਭਾਵੈ ਤਾ ਹੋਵਹਿ ਰਾਜੇ, ਰਸ ਕਸ ਬਹੁਤੁ ਕਮਾਵਹਿ ॥ ਜਾ ਤੁਧੁ ਭਾਵੈ ਤੇਗ ਵਗਾਵਹਿ, ਸਿਰ ਮੁੰਡੀ ਕਟਿ ਜਾਵਹਿ ॥ ਜਾ ਤੁਧੁ ਭਾਵੈ ਜਾਹਿ ਦਿਸੰਤਰਿ, ਸੁਣਿ ਗਲਾ ਘਰਿ ਆਵਹਿ ॥ ਜਾ ਤੁਧੁ ਭਾਵੈ ਨਾਇ ਰਚਾਵਹਿ, ਤੁਧੁ ਭਾਣੇ ਤੂੰ ਭਾਵਹਿ ॥ ਨਾਨਕੁ ਏਕ ਕਹੈ ਬੇਨੰਤੀ, **ਹੋਰਿ ਸਗਲੇ ਕੂੜੁ ਕਮਾਵਹਿ** ॥ ੧ ॥ [੧੪੪]-ਵਾ-੧੫

ਭਾਵ ਅਰਥ:--ਪ੍ਰਭੂ ਦੀ ਰਜ਼ਾ ਮੰਨ ਕੇ ਉਸ ਦੇ ਭੈ ਵਿਚ ਕੀਤਾ ਕੰਮ ਸੁਕਰਥਾ ਹੈ ਪਰ ਉਸ ਦੀ ਰਜ਼ਾ ਤੋਂ ਬਾਹਰ ਹੋ ਕੇ ਕੀਤੇ ਸਭ ਕੰਮ ਵਿਰਥ ਦੀਆਂ ਝਖਾਂ ਮਾਰਨ ਵਾਲੀ ਗੱਲ ਹੈ।

੯੮- **ਜਾ ਤੂੰ ਵਡਾ, ਸਭਿ ਵਡਿਆਂਈਆ, ਚੰਗੈ ਚੰਗਾ ਹੋਈ ॥ ਜਾ ਤੂੰ ਸਚਾ, ਤਾ ਸਭੁ ਕੋ ਸਚਾ, ਕੂੜਾ ਕੋਇ ਨ ਕੋਈ ॥**
**ਆਖਣੁ ਵੇਖਣੁ ਬੋਲਣੁ ਚਲਣੁ, ਜੀਵਣੁ ਮਰਣਾ ਧਾਤੁ ॥ ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ॥੨॥**[੧੪੪]-ਵਾ-੧੫

**ਅਰਥ**:-ਜਦੋਂ (ਇਹ ਗੱਲ ਠੀਕ ਹੈ ਕਿ) ਤੂੰ ਵੱਡ )ਪ੍ਰਭੂ ਜਗਤ ਦਾ ਕਰਤਾਰ ਹੈਂ ਤਾਂ ਜਗਤ ਵਿਚ ਜੋ ਲੁਝ ਹੋ ਰਿਹਾ ਹੈ) ਸਭ ਤੇਰੀਆਂ ਹੀ ਵਡਿਆਈਆਂ ਹਨ (ਕਿਉਂਕਿ) ਚੰਗੇ ਤੋਂ ਚੰਗਿਆਈ ਹੀ ਉਤਪੰਨ ਹੁੰਦੀ ਹੈ। (ਜਦੋਂ ਇਹ ਯਕੀਨ ਬੱਝ ਜਾਏ ਕਿ) ਤੂੰ ਪ੍ਰਭੂ ਸਿਰਜਣਹਾਰ ਹੈਂ) ਤਾਂ ਹਰੇਕ ਜੀਵ ਸੱਚਾ (ਦਿੱਸਦਾ ਹੈ ਕਿਉਂਕਿ ਹਰੇਕ ਜੀਵ ਵਿਚ ਤੂੰ ਆਪ ਮੌਜੂਦ ਹੈਂ ਤਾਂ ਫਿਰ ਜਗਤ ਵਿਚ) ਕੋਈ ਕੂੜਾ ਨਹੀਂ ਹੋ ਸਕਦਾ ।

(ਜੋ ਕੁਝ ਬਾਹਰ ਵਿਖਾਵੇ ਮਾਤ੍ਰ ਦਿੱਸ ਰਿਹਾ ਹੈ ਇਹ) ਆਖਣਾ-ਵੇਖਣਾ, ਇਹ ਬੋਲ-ਚਾਲ, ਇਹ ਜੀਊਣਾ ਤੇ ਮਰਨਾ (ਇਹ ਸਭ ਕੁਝ) ਮਾਇਆ-ਰੂਪ ਹੈ (ਅਸਲੀਅਤ ਨਹੀਂ ਹੈ, ਅਸਲੀਤਤ ਪ੍ਰਭੂ ਆਪ ਹੀ ਹ) । ਹੇ ਨਾਨਕ ! ਉਹ ਸਦਾ ਕਾਇਮ ਰਹਿਣ ਵਾਲਾ ਪ੍ਰਭੂ ਆਪ (ਆਪਣੀ) ਹੁਕਮ (-ਰੂਪ ਸੱਤਿਆ), ਰਚ ਕੇ ਸਭ ਜੀਵਾਂ ਨੂੰ ਉਸ ਹੁਕਮ ਵਿਚ ਤੋਰ ਰਿਹਾ ਹੈ। ੨ ।

੯੯- **ਤਨੁ ਧਨੁ ਕਲਤੁ ਮਿਥਿਆ ਬਿਸਥਾਰ ॥ ਹੈਵਰ ਗੈਵਰ ਚਾਲਮਹਾਰ ॥**
**ਰਾਜ ਰੰਗ ਰੂਪ ਸਭਿ ਕੂਰ** ॥ ਨਾਮ ਬਿਨਾ ਹੋਇ ਜਾਸੀ ਧੂਰ ॥ ੨ ॥ [੮੮੮]-੮-੧੯

੧੦੦- **ਸਚੁ ਸੁਹਾਵਾ ਕਾਢੀਐ, ਕੂੜੈ ਕੂੜੀ ਸੋਇ** ॥ ਨਾਨਕ ਵਿਰਲੇ ਜਾਣੀਅਹਿ ਜਿਨ ਸਚੁ ਪਲੈ ਹੋਇ ॥ ੧ ॥ [੧੧੦੦]-ਵਾ-੧੭

੧੦੧- **ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥ ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥ ੧ ॥ ਰਹਾਉ ॥**
ਨਗਜ ਤੇਰੇ ਬੰਦੇ ਦੀਦਾਰੁ ਅਪਾਰੁ ॥ ਨਾਮ ਬਿਨਾ ਸਭ ਦੁਨੀਆ ਛਾਰੁ ॥ ੧ ॥[੧੧੩੭]-੧੦

੧੦੨- **ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥ ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ ॥ ੧ ॥ ਰਹਾਉ ॥** [੧੧੬੬]-੧-੨-੧੧

**੧੦੩- ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ੧ ॥ [ਜਪੁ]**

੧੦੪- **ਸੁਣਿ ਬਾਵਰੇ ਤੂ ਕਾਏ ਦੇਖਿ ਭੁਲਾਨਾ ॥ ਸੁਣਿ ਬਾਵਰੇ ਨੇਹੁ ਕੂੜਾ ਲਾਇਓ ਕੁਸੰਭ ਰੰਗਾਨਾ ॥**
**ਕੂੜੀ ਡੇਖਿ ਭੁਲੋ ਅਢੁ ਲਹੈ ਨ ਮੁਲੋ ਗੋਵਿਦ ਨਾਮੁ ਮਜੀਠਾ ॥ ਥੀਵਹਿ ਲਾਲਾ ਅਤਿ ਗੁਲਾਲਾ**
**ਸਬਦੁ ਚੀਨਿ ਗੁਣ ਮੀਠਾ ॥ ਮਿਥਿਆ ਮੋਹਿ ਮਗਨੁ ਥੀ ਰਹਿਆ ਝੂਠ ਸੰਗਿ ਲਪਟਾਨਾ ॥**
**ਨਾਨਕ ਦੀਨ ਸਰਣਿ ਕਿਰਪਾ ਨਿਧਿ ਰਾਖੁ ਲਾਜੁ ਭਗਤਾਨਾ ॥ ੧ ॥[੭੭੭]-੧**

ਪਦ ਅਰਥ:--ਬਾਵਰੇ=(ਮਾਇਆ ਮੋਹ ਵਿਚ) ਝੱਲੇ ਹੋ ਰਹੇ ਹੇ ਮਨੁੱਖ ! ਕਾਏ=ਕਿਉਂ । ਦੇਖਿ=(ਇਸ ਮਾਇਆ ਨੂੰ) ਵੇਖ ਕੇ। ਭੁਲਾਨਾ=ਜੀਵਨ ਰਾਹ ਤੋਂ ਖੁਝ ਗਿਆ ਹੈਂ । ਕੂੜਾ=ਝੂਠਾ, ਨਾ ਨਿਭ ਸਕਣ ਵਾਲਾ। ਕੁਸੰਭੁ ਰੰਗਾਨਾ=ਕਸੁੰਭੇ ਫੁੱਲ ਦੇ ਰੰਗ (ਜਿਹਾ ਛਿਣਭੰਗਰ)। ਕੂੜੀ=ਨਾਸਵੰਤ। ਡੇਖਿ-ਵੇਖ ਕੇ। ਅਢੁ=ਅੱਧੀ ਕੌਡੀ । ਥੀਵਹਿ=ਹੋ ਜਾਵੇਂਗਾ । ਲਾਲਾ=ਇਕ ਫੁੱਲ ਦਾ ਨਾਮ। ਚੀਨਿ=ਪਛਾਣ ਕੇ।ਕਿਰਪਾ ਨਿਧਿ=ਕਿਰਪਾ ਦੇ ਖ਼ਜ਼ਾਨੇ। ਲਾਜ=ਇੱਜ਼ਤ।੧।

੧੦੫- ਬਿਨੁ ਹਰਿ ਭਜਨ ਰੰਗ ਰਸ ਜੇਤੇ ਸੰਤ ਦਇਆਲ ਜਾਨੇ **ਸਭਿ ਝੂਠੇ** ॥
ਨਾਮ ਰਤਨੁ ਪਾਇਓ ਜਨ ਨਾਨਕ ਨਾਮ ਬਿਹੂਨ ਚਲੇ ਸਭਿ ਮੂਠੇ ॥ ੨ ॥[੭੧੭]-੮-੨੭

੧੦੬- **ਕੂੜਿ ਕਪਟਿ ਬੰਚਿ ਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ ॥**
**ਸਤਿ ਸਤਿ ਸਤਿ ਨਾਨਕਿ ਕਹਿਆ ਅਪਨੈ ਹਿਰਦੈ ਦੇਖੁ ਸਮਾਲੇ ॥ ੪ ॥** [੩੮੧]-੩-੪੨੯੬-

੧੮

## ਕੂੜ - ਝੂਠ, ਕੂੜਾ - ਝੂਠਾ ?

**ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥ ੩੨ ॥** [ਜਪੁ ]

ਸਤਿਗੁਰਾਂ ਨੇ ਝੂਠਾ ਕਿਸ ਨੂ ਨੂੰ ਮੰਨਿਆਂ ਹੈ ?

੧੦੭- ਜਿਨ੍ਹਾ **ਅੰਦਰਿ ਕੂੜੁ ਵਰਤੈ, ਸਚੁ ਨ ਭਾਵਈ ॥ ਜੇ ਕੋ ਬੋਲੈ ਸਚੁ, ਕੂੜਾ ਜਲਿ ਜਾਵਈ ॥**
**ਕੂੜਿਆਰੀ ਰਜੈ ਕੂੜਿ, ਜਿਉ ਵਿਸਟਾ ਕਾਗੁ ਖਾਵਈ ॥ ਜਿਸੁ ਹਰਿ ਹੋਇ ਕ੍ਰਿਪਾਲੁ ਸੋ ਨਾਮੁ**
**ਧਿਆਵਈ ॥ ਹਰਿ ਗੁਰਮੁਖਿ ਨਾਮੁ ਅਰਾਧਿ ਕੂੜੁ ਪਾਪੁ ਲਹਿ ਜਾਵਈ ॥ ੧੦ ॥**[੬੪੬]-ਵਾਰ

**ਅਰਥ:**--ਜਿਨ੍ਹਾਂ ਦੇ ਹਿਰਦੇ ਵਿਚ ਝੂਠ ਵਰਤਦਾ ਹੈ, ਉਨ੍ਹਾਂ ਨੂੰ ਸੱਚ ਚੰਗਾ ਨਹੀਂ ਲੱਗਦਾ, ਜੇ ਕੋਈ ਮਨੁੱਖ ਸੱਚ ਬੋਲੇ ਤਾਂ ਝੂਠਾ (ਸੁਣ ਕੇ) ਸੜ ਬਲ ਜਾਂਦਾ ਹੈ, ਝੂਠ ਦਾ ਵਪਾਰੀ ਝੂਠ ਵਿਚ ਹੀ ਪ੍ਰਸੰਨ ਹੁੰਦਾ ਹੈ, ਜਿਵੇਂ ਕਾਂ ਵਿਸ਼ਟਾ ਖਾ ਕੇ ਪ੍ਰਸੰਨ ਹੁੰਦਾ ਹੈ । ਜਿਸ ਮਨੁੱਖ ਤੇ ਹਰੀ ਦਇਆਲ ਹੋਵੇ ਤਾਂ ਉਹ ਸਤਿਗੁਰੂ (ਗ੍ਰੰਥ ਸਾਹਿਬ ਜੀ) ਦੇ ਸਨਮੁਖ ਰਹਿ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਹੈ ਜਿਸ ਤੋਂ ਝੂਠ (ਚੰਗਾ ਲੱਗਣੋ ਹਟ ਜਾਂਦਾ ਹੈ) ਅਤੇ ਪਾਪ ਲਹਿ ਜਾਂਦੇ ਹਨ । ੧੦ ।

੧੦੮- **ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ ॥**
**ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ ॥ ੧ ॥** [੨੫੨]-ਬਾ-ਅਖਰੀ

**ਅਰਥ**:--ਹੇ ਨਾਨਕ ! ਜੋ ਮਨੁੱਖ ਜੋ ਮਨੁੱਖ ਮਾਇਆ ਦੇ ਮੋਹ ਦੇ ਬੰਧਨਾਂ ਵਿਚ ਫਸ ਜਾਂਦੇ ਹਨ, ਉਨ੍ਹਾਂ ਗਿਆਨ-ਹੀਣ ਮੂਰਖਾਂ ਉਤੇ ਲਾਲਚ ਝੂਠ ਵਿਖਾਰ ਆਦਿਕ ਜ਼ੋਰ ਪਾ ਲੈਂਦੇ ਹਨ, ਤੇ ਉਹ ਮੰਦੇ ਕੰਮਾ ਵਿਚ ਲੱਗੇ ਰਹਿੰਦੇ ਹਨ । ੧ ।

੧੦੯- **ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥ ਰਾਮ ਕਸਉਟੀ ਸੋ ਸਹੈ, ਜੋ ਮਰਿ ਜੀਵਾ ਹੋਇ ॥ ੩੩ ।**[੧੩੬੬]

**ਅਰਥ:**--ਹੇ ਕਬੀਰ ਜੋ ਮਨੁੱਖ ਦੁਨੀਆ ਨਾਲ ਮੋਹ ਕਰਨ ਵਾਲਾ ਹੈ ਉਹ ਉਸ ਕਸੌਟੀ ਉਤੇ ਖਰਾ ਸਾਬਤ ਨਹੀਂ ਹੁੰਦਾ ਜਿਸ ਦੀ ਰਾਹੀਂ ਮਨੁੱਖ ਦੀ ਪ੍ਰਭੂ ਨਾਲ ਸੱਚੀ ਪ੍ਰੀਤਿ ਪਰਖੀ ਜਾਂਦੀ ਹੈ। ਪ੍ਰਭੂ ਨਾਲ ਪ੍ਰੀਤਿ ਦੀ ਪਰਖ ਵਿਚ ਉਹੀ ਮਨੁੱਖ ਪੂਰਾ ਉਤਰਦਾ ਹੈ ਜੋ ਦੁਨੀਆ ਦੇ ਮੋਹ ਵਲੋਂ ਮਰ ਕੇ ਦੀਨ ਦੇ ਪ੍ਰਿ ਵਿਚ ਜੀਊਂਦਾ ਹੈ । ੩ ।

੧੧੦- **ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥ ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥**
**ਕੂੜੂ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ ॥ ਓਇ ਆਪਿ ਡੁਬੇ ਪਰਨਿੰਦਕਾ ਸਗਲੇ ਕੁਲ ਡੋਬੇਨਿ ॥**
**ਨਾਨਕ ਜਿਤੁ ਓਇ ਲਾਏ ਤਿਤੁ ਲਗੇ ਉਇ ਬਪੁੜੇ ਕਿਆ ਕਰੇਨਿ ॥ ੨ ॥**[੯੫੧]-ਵਾ-੧੦

**ਅਰਥ:**--ਜਿਨ੍ਹਾਂ ਮਨੁੱਖਾਂ ਦਾ ਗੁਰੂ (ਆਪੁ) ਅਗਿਆਨੀ ਅੰਨ੍ਹਾਂ ਹੈ ਉਹ ਸਿੱਖ ਵੀ ਅੰਨ੍ਹੇ ਕੰਮ (ਭਾਵ, ਮੰਦੇ ਕੰਮ) ਹੀ ਕਰਦੇ ਹਨ, (ਅੰਨ੍ਹੇ ਗੁਰੂ ਦੇ) ਉ (ਸਿੱਖ) ਆਪਣੇ ਮਨ ਦੇ ਮਗਰ ਲੱਗਦੇ ਹਨ, ਤੇ ਸਦਾ ਝੂਠ ਹੀ ਝੂਠ ਬੋਲਦੇ ਹਨ, ਝੂਠ ਤੇ ਠੱਗੀ ਕਮਾਉਂਦੇ ਹਨ, ਸਦਾ ਦੂਜਿਅ: ਦੀ ਨਿੰਦਿਆ ਕਰਦੇ ਹਨ, ਦੂਜਿਆਂ ਦੀ ਨਿੰਦਾ ਕਰਨ ਵਾਲੇ ਉਹ ਮਨੁੱਖ ਆਪ ਵੀ ਡੱਬਦੇ ਹਨ ਤੇ ਆਪਣੀਆਂ ਸਾਰੀਆਂ ਕੁਲਾਂ ਵੀ ਗ਼ਰਕ ਕਰ ਲੈਂਦੇ ਹਨ। ਹੇ ਨਾਨਕ ! ਉ ਵਿਚਾਰੇ ਕਰਨ ਵੀ ਕੀ ? ਜਿੱਧਰ ਉਨ੍ਹਾਂ ਨੂੰ (ਪ੍ਰਭੂ ਨੇ) ਲਾਇਆ ਹੈ ਉਹ ਓਧਰ ਹੀ ਲੱਗੇ ਹੋਏ ਹਨ । ੨ ।

੧੧੧- **ਜੇ ਸਉ ਕੂੜੀਆ ਕੂੜੁ ਕਬਾੜੁ ॥ ਭਾਵੈ ਸਭੁ ਆਖਉ ਸੰਸਾਰੁ ॥**
**ਤੁਧੁ ਭਾਵੈ ਅਧੀ ਪਰਵਾਣੁ ॥ ਨਾਨਕ ਜਾਣੈ ਜਾਣੁ ਸੁਜਾਣੁ ॥ ੪ ॥** [੬੬੨]-੪-੬

**ਪਦ ਅਰਥ:--ਕੂੜੀਆ=ਝੂਠੀਆਂ ਗੱਲਾਂ । ਕੂੜੁ=ਝੂਠ । ਕਬਾੜੁ=ਕੂੜਾ ਕਰਕਟ, ਟੁੱਟਾ-ਭੱਜਾ ਮਾਲ, ਵਿਆਰਥ ਕੰਮ । ਅਧੀ= [ਧੀ=ਅਕਲ) ਅਕਲ-ਹੀਨ ਮਨੁੱਖ, ਸਿੱਧੜ ਆਦਮੀ। ਜਾਣ=ਜਨਣ ਹਾਰ ਪ੍ਰਭੂ ।**
**ਅਰਥ:--(**ਆਪਣਾ ਇਤਬਾਰ ਜਮਾਉਣ ਲਈ ਚਲਾਕ ਬਣ ਕੇ) ਭਾਵੇਂ ਸਾਰੇ ਸੰਸਾਰ ਨੂੰ ਝੂਠੀਆਂ ਗੱਲਾਂ ਤੇ ਗੱਪਾਂ ਆਖੀ ਜਾਏ (ਪਰ, ਹੇ ਪ੍ਰਭੂ ! ਕੋਈ ਮਨੁੱਖ ਤੈਨੂੰ ਧੋਖਾ ਨਹੀਂ ਦੇ ਸਕਦਾ) । (ਹੇ ਪ੍ਰਭੂ ! ਜੇ ਦਿਲ ਦਾ ਖਰਾ ਹੋਵੇ ਤਾਂ) ਇੱਕ ਸਿੱਧੜ ਮਨੁੱਖ ਬੀ ਤੈਨੂੰ ਪਸੰਦ ਆ ਜਾਂਦਾ ਹੈ, ਤੇਰੇ ਦਰ ਤੇ ਕਬੂਲ ਹੋ ਜਾਂਦਾ ਹੈ। ਹੇ ਨਾਨਕ ! ਘਟ ਘਟ ਦੀ ਜਾਨਣ ਵਾਲਾ ਸੁਜਾਨ ਪ੍ਰਭੂ (ਸਭ ਕੁਝ) ਜਾਣਦਾ ਹੈ । ੪ ।

੧੧੨- **ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨ ਟਿਕੰਨਿ ॥**
**ਓਨ੍ਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ ॥ ੧੮ ॥**[੭੫੫]-੧-੩

# ਚੌਥਾ ਕਾਂਡ

੧

## ਖਸਮੁ ਛੋਡਿ ਦੂਜੈ ਲਗੇ

ਆਸਾ ਜੀ ਦੀ ਵਾਰ ਦੀ ੧੩ਵੀਂ ਪਉੜੀ ਇਸ ਪ੍ਰਕਾਰ ਹੈ:

੧- **ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥ ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥ ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥ ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥ ਕਰਿ ਕਿਰਪਾ ਪਾਰਿ ਉਤਾਰਿਆ ॥ ੧੩ ॥**[੪੭੦]

ਲਗ-ਪਗ ਸਾਰੇ ਵਿਦਵਾਨ ਟੀਕਾਕਾਰਾਂ ਨੇ ਇਸ ਪਉੜੀ ਦੇ ਅਰਥ ਇਸ ਭਾਵ ਦੇ ਲਿਖੇ ਹਨ:--

**ਅਰਥ:**--ਮੈਂ ਆਪਣੇ ਸਤਿਗੁਰੂ ਤੋਂ ਸਦਕੇ ਜਾਂਦਾ ਹਾਂ, ਜਿਸ ਨੂੰ ਮਿਲ ਕੇ ਮੈਂ ਮਾਲਕ-ਪ੍ਰਭੂ ਦੀ ਯਾਦ ਨਾਲ ਜੁੜਿਆ ਹਾਂ ਅਤੇ ਜਿਸ (ਗੁਰੂ ਜੀ) ਨੇ ਉਪਦੇਸ਼-ਰੂਪ ਗਿਆਨ ਦਾ ਸੁਰਮਾ ਮੇਰੀਆਂ ਅੱਖਾਂ ਵਿਚ ਪਾਇਆ ਹੈ ਕਿ (ਜਿਸ ਦੀ ਬਰਕਤਿ ਨਾਲ) ਮੈਨੂੰ ਜਗਤ ਦੀ ਅਸਲੀਅਤ ਨਜ਼ਰ ਆ ਗਈ ਹੈ । ਮੈਂ ਸਮਝ ਲਿਆ ਹੈ ਕਿ ਜਿਹੜੇ ਮਨੁੱਖ ਖ਼ਸਮ-ਪ੍ਰਭੂ ਨੂੰ ਵਿਸਾਰ ਕੇ ਕਿਸੇ ਦੂਜੇ ਵਿਚ, (-ਕਿਸੇ ਹੋਰ ਵਿਚ) ਚਿੱਤ ਜੋੜ ਰਹੇ ਹਨ, ਉਹ ਸੰਸਾਰ ਸਾਗਰ ਵਿਚ ਡੁੱਬ ਗਏ ਹਨ । (ਮੇਰੇ ਸਤਿਗੁਰੂ ਜੀ ਨੇ) ਮਿਹਰ ਕਰਕੇ ਮੈਨੂ (ਇਸ ਸੰਸਾਰ ਸਮੁੰਦਰ ਤੋਂ) ਪਾਰ ਕਰ ਦਿੱਤਾ ਹੈ । ੧੩ ।

੨- **ਏਕੋ ਸੇਵੀ ਸਦਾ ਥਿਰੁ ਸਾਚਾ ॥ ਦੂਜੈ ਲਾਗਾ ਸਭੁ ਜਗੁ ਕਾਚਾ ॥**
**ਗੁਰਮਤੀ ਸਦਾ ਸਚੁ ਸਾਲਾਹੀ ਸਾਚੇ ਹੀ ਸਾਚਿ ਪਤੀਜੈ ਹੇ ॥ ੧ ॥**[੧੦੪੯]-੬

**ਅਰਥ:**--ਮੈਂ ਤਾਂ ਕੇਵਲ ਉਸ ਪਰਮਾਤਮਾ ਦੀ ਸੇਵਾ-ਭਗਤੀ ਕਰਦਾ ਹਾਂ, ਜਪ ਇਕੋ ਹੀ ਸਦਾ ਕਾਇਮ ਰਹਿਣ ਵਾਲਾ ਹੈ। ਜਗਤ (ਉਸ ਪ੍ਰਭੂ ਦੀ ਭਗਤੀ ਛੱਡ ਕੇ) ਮਾਇਆ ਦੇ ਮੋਹ ਵਿਚ ਲੱਗ ਕੇ ਕਮੋਜ਼ੋਰ ਆਤਮਕ ਜੀਵਨ ਵਾਲਾ ਹੋ ਰਿਹਾ ਹੈ। ਮੈ ਗੁਰੂ ਦੀ ਮਤਿ ਦੀ ਬਰਕਤਿ ਨਾਲ ਸਦਾ ਥਿਰ ਪ੍ਰਭੂੀ ਦੀ ਸਿਫ਼ਤਿ-ਸਾਲਾਹ ਕਰਦਾ ਹਾਂ , (ਮੇਰਾ ਮਨ) ਸਦਾ-ਥਿਰ ਪ੍ਰਭੂ (ਦੀ ਯਾਦ) ਵਿਚ ਹੀ ਗਿੱਜਿਆ ਰਹਿੰਦਾ ਹੈ । ੧ ।

੩- **ਮਨਮੁਖੁ ਬਹੁਤੁ ਕਰੇ ਅਭਿਮਾਨੁ ॥ ਦਰਗਹ ਕਬ ਹੀ ਨ ਪਾਵੈ ਮਾਨੁ ॥**
**ਦੂਜੈ ਲਾਗੇ ਜਨਮੁ ਗਵਾਇਆ ਬਿਨੁ ਬੂਝੇ ਦੁਖੁ ਪਾਇਦਾ ॥ ੯ ॥**[੧੦੬੬]-੮-੨੨

**ਅਰਥ:**---ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਬੜਾ ਹੰਕਾਰ ਕਰਦਾ ਹੈ, ਪਰ ਉਹ ਪਰਮਾਤਮਾ ਦੀ ਹਜ਼ੂਰੀ ਵਿਚ ਕਦੇ ਵੀ ਆਦਰ ਨਹੀਂ ਪਾਉਂਦਾ । ਹੋਰ ਹੋਰ ਮੋਹ ਵਿਚ ਲੱਗ ਕੇ ਉਹ ਆਪਣਾ ਮਨੁੱਖਾ ਜੀਵਨ ਗਵਾ ਲੈਂਦਾ ਹੈ, ਸਹੀ ਜੀਵਨ ਦੀ ਸੂਝ ਤੋਂ ਬਿਨਾ ਉਹ ਸਦਾ ਦੁੱਖ ਪਾਉਂਦਾ ਹੈ । ੯ ।

ਖਸਮ ਛੋਡਿ ਦੂਜੈ ਲਗੈ ਦਾ ਅਰਥ ਆਮ ਤੌਰ ਤੇ ਏਹੀ ਕੀਤਾ ਜਾਂਦਾ ਹੈ ਕਿ, ਆਪਣੇ ਮਾਲਕ ਨੂੰ ਤਿਆਗ ਕੇ ਕਿਸੇ ਦੂਜੇ ਇਸ਼ਟ ਨਾਲਪਿਆਰ ਲਾ ਲੈਣਾ । ਉਪਰੋਕਤ ਗੁਰੂ ਫ਼ੁਰਮਾਨਾ ਦੇ ਪਾਠ ਦੇ ਅੱਖਰੀ ਅਰਥਾਂ ਤੋਂ " ਦੂਜੇ ਲਗੇ ' ਦਾ ਠੀਕ ਭਾਵ 'ਸਪੱਸ਼ਟ ਨਹੀਂ ਹੁੰਦਾ । " ਦੂਜਾ ' ਕਿਸੇ ਸਾਧ ਸੰਤ ਨੂੰ ਕਿਹਾ ਹੈ ਕਿ ਜਾਂ ਦੇਹ ਧਾਰੀ ਗੁਰੂ ਵੱਲ ਇਸ਼ਾਰਾ ਹੈ ਕਿ ਜਾਂ ਮਾਇਆ ਦੇ ਮੋਹ ਦਾ ਸੰਕੇਤ ਹੈ ? ਇਸ ਸ਼ੰਕੇ ਨੂੰ ਗੁਰਦੇਵ ਜੀ ਨੇ ਆਸਾ (ਰਾਗ) ਦੀ ਵਾਰ ਦੀ ਪਹਿਲੀ ਪਉੜੀ ਵਿਚ ਨਿਵਿਰਤ ਕਰ ਦਿੱਤਾ ਹੋਇਆ ਹੈ--**ਆਪੀਨੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥** [੪੬੩] ਭਾਵ, ਅਕਾਲਪੁਰਖ ਨੇ ਆਪ ਆਪਣੇ ਆਪ ਨੂੰ ਸਾਜਿਆ ਅਤੇ ਆਪ ਹੀ ਆਪਣਾ ਨਾਮਣਾ ਬਣਾਇਆ । ਫਿਰ, **ਦੂਜੀ** ਉਸ ਨੇ **ਕੁਦਰਤ** ਰਚੀ ਅਤੇ ਉਸ ਵਿਚ ਵਿਆਪਕ ਹੋ ਕੇ ਇਸ ਜਗਤ ਦਾ ਤਮਾਸ਼ਾ (-ਚਾਉ) ਵੇਖਣ ਲੱਗ ਪਿਆ

। ਇਸ ਗੁਰੂ ਫ਼ੁਰਮਾਨ ਤੋਂ " ਦੂਜੈ " ਦਾ ਅਰਥ ਹੈ, ਪ੍ਰਭੂ ਦਾ ਬਣਾਇਆ ਇਹ ਸੰਸਾਰ ਸਪ:ਸ਼ਟ ਹੋ ਗਿਆ ਹੈ। **ਖਸਮੁ ਛੋਡਿ " ਦੂਜੇ ਲੱਗੇ "** ਦਾ ਅਰਥ ਹੈ--ਸੰਸਾਰ ਦੇ ਮੋਹ ਵਿਚ ਫਸ ਕੇ ਪ੍ਰਭੂ ਨੂੰ ਵਿਸਾਰ ਦੇਣਾ। ਹੇਠ ਲਿਖੇ ਗੁਰੂ ਫ਼ੁਰਮਾਨ, ਏਸੇ ਆਸ਼ੇ ਨੂੰ ਸਪੱਸ਼ਟ ਕਰਦੇ ਹਨ:--

੪- **ਸਦਾ ਸਦਾ ਤੂੰ ਏਕੁ ਹੈ, ਤੁਧੁ ਦੂਜਾ ਖੇਲੁ ਰਚਾਇਆ ॥ ਹਉਮੈ ਗ਼ਰਬੁ ਉਪਾਇ ਕੈ,**
**ਲੋਭੁ ਅੰਤਰਿ ਜੰਤਾ ਪਾਇਆ ॥ ਜਿਉ ਭਾਵੈ ਤਿਉ ਰਖੁ ਤੂ, ਸਭ ਕਰੇ ਤੇਰਾ ਕਰਾਇਆ ॥... ੩ ॥** [੧੩੯]-ਵਾਰ

**ਅਰਥ:**---(ਹੇ ਪ੍ਰਭੂ !) ਤੂੰ ਸਦਾ ਤੋਂ ਇਕ (ਆਪ ਹੀ ਆਪ) ਹੈਂ, ਇਹ (ਤੈਥੋਂ) ਵੱਖਰਾ ਦਿੱਸਦਾ ਤਮਾਸ਼ਾ ਤੂੰ ਆਪ ਹੀ ਰਚਿਆ ਹੈ । (ਤੂੰ ਹੀ ਜੀਵਾਂ ਦੇ ਅੰਦਰ) ਹਉਮੈ ਹੰਕਾਰ ਪੈਦਾ ਕਰ ਕੇ ਜੀਵਾਂ ਦੇ ਅੰਦਰ ਲੋਭ ਵੀ ਪਾ ਦਿੱਤਾ ਹੈ । (ਸੋ), ਸਾਰੇ ਜੀਵ ਤੇਰੇ ਹੀ ਪ੍ਰੇਰੇ ਕਾਰ ਕਰ ਰਹੇ ਹਨ । ਜਿਵੇਂ ਤੈਨੂੰ ਭਾਵੇ ਇਨ੍ਹਾਂ ਦੀ ਰੱਖਿਆ ਕਰ ।

੫- **ਤੁਧੁ ਆਪੇ ਆਪੁ ਉਪਾਇਆ ॥ ਦੂਜਾ ਖੇਲੁ ਕਰਿ ਦਿਖਲਾਇਆ ॥**
**ਸਭੁ ਸਚੋ ਸਚੁ ਵਰਤਦਾ ਜਿਸ ਭਾਵੇ ਤਿਸੈ ਬੁਝਾਇ ਜੀਉ ॥ ੧੦ ॥**[੭੩]-੧

**ਅਰਥ**:--ਹੇ ਪ੍ਰਭੂ ! ਤੂੰ ਆਪਣੇ ਆਪ ਨੂੰ ਆਪ ਹੀ ਪ੍ਰਗਟ ਕੀਤਾ ਹੈ। (ਇਹ ਤੈਥੋਂ ਵੱਖਰਾ ਦਿਸਦਾ) ਮਾਇਆ ਦਾ ਜਗਤ-ਤਮਾਸ਼ਾ ਤੂੰ ਆਪ ਹੀ ਬਣਾ ਵਿਖਾਇਆ ਹੈ।
ਹੇ ਭਾਈ ! ਹਰ ਥਾਂ ਸਦਾ-ਥਿਰ ਰਹਿਣ ਵਾਲਾ ਪਰਮਾਤਮਾ ਹੀ ਵਿਆਪਕ ਹੈ। ਜਿਸ ਉਤੇ ਉਹ ਮਿਹਰ ਕਰਦਾ ਹੈ, ਉਸ ਨੂੰ (ਇਹ ਭੇਤ) ਸਮਝਾ ਦਿੰਦਾ ਹੈ। ੨੦ ।

ਮਾਇਆ ਦਾ ਦੂਜਾ ਨਾਮ ਸੰਸਾਰ ਹੈ । ਦ੍ਰਿਸ਼ਟਮਾਨ ਸੰਸਾਰ-ਰਚਨਾ ਸਭ ਮਾਇਆ ਦਾ ਹੀ ਪਸਾਰਾ ਹੈ । ਸੰਸਾਰ ਦਾ ਮੋਹ, ਭਾਵ ਮਾਇਆ ਦਾ ਮੋਹ ਪਰਮਾਤਮਾ ਤੋਂ ਵਿਥ ਪਾਉਣ ਵਾਲਾ ਹੈ । ਸੋ ਦੂਜੇ ਲੱਗੇ " ਦਾ ਅਰਥ ਪ੍ਰਭੂ ਨਾਲੋਂ ਟੁੱਟ ਕੇ ਉਸ ਦੀ ਬਣਾਈ ਮਾਇਆ ਦੇ ਮੋਹ ਵਿਚ ਫਸ ਜਾਣਾ । **ਮਾਇਆ** ਦੇ ਉਚੇਚੇ ਪ੍ਰਭਾਵ ਹੇਠ ਆ ਕੇ ਦੁਖੀ ਹੋਏ ਮਨੁੱਖ ਨੂੰ, ਸੁਚੇਤ ਕਰਨ ਲਈ ਸਤਿਗੁਰਾਂ ਨੇ, ਮਾਇਆ ਨੂੰ ਅੱਡਰੇ ਤੌਰ ਤੇ ਵੀ " ਦੂਜੀ " ਫ਼ੁਰਮਾਨ ਕਰਕੇ ਉਸ ਦੇ ਭੈੜੇ ਅਸਰਾਂ ਦਾ ਵਰਣਨ ਕੀਤਾ ਹੈ:--

੬- **ਦੂਜੀ ਮਾਇਆ ਜਗਤ ਚਿਤ ਵਾਸੁ ॥ ਕਾਮ ਕ੍ਰੋਧ ਅਹੰਕਾਰ ਬਿਨਾਸੁ ॥ ੧ ॥ ਦੂਜਾ ਕਉਣੁ ਕਹਾ, ਨਹੀ ਕੋਈ ॥ ਸਭ**
**ਮਹਿ ਏਕੁ ਨਿਰੰਜਨੁ ਸੋਈ ॥੧॥ ਰਹਾਉ ॥ ਦੂਜੀ ਦੁਰਮਤਿ ਆਖੈ ਦੋਇ ॥ ਆਵੈ ਜਾਇ ਮਰਿ ਦੂਜਾ ਹੋਇ ॥ ੨ ॥**[੨੨੩]-੫

**ਅਰਥ:**--ਸਾਰੇ ਜੀਵਾਂ ਵਿਚ ਇਕ ਉਹੀ ਜੋ ਪਰਮਾਤਮਾ ਵੱਸ ਰਿਹਾ ਹੈ, (ਕੇਵਲ ਉਸ ਉਤੇ ਹੀ) ਮਾਇਆ ਦਾ ਪ੍ਰਭਾਵ ਨਹੀਂ ਪੈ ਸਕਦਾ । ਕਿਤੇ ਵੀ ਉਸ ਤੋਂ ਬਿਨਾ ਕੋਈ ਹੋਰ ਨਹੀਂ ਹੈ । ਉਸ ਪ੍ਰਭੂ ਤੋਂ ਵੱਖਰਾ (ਵੱਖਰੀ ਹੋਂਦ ਵਾਲਾ) ਮੈ ਕੋਈ ਵੀ ਦੱਸ ਨਹੀਂ ਸਕਦਾ । ੧ । ਰਹਾਉ ।

ਪਰਮਾਤਮਾ ਤੋਂ ਵਿੱਥ ਪਾਉਣ ਵਾਲੀ ਮਾਇਆ ਹੀ ਹੈ ਜਿਸ ਨੇ ਜਗਤ ਦੇ ਜੀਵਾਂ ਦੇ ਮਨਾਂ ਵਿਚ ਆਪਣਾ ਟਿਕਾਣਾ ਬਣਾਇਆ ਹੋਇਆ ਹੈ । (ਇਸ ਮਾਇਆ ਤੋਂ ਪੈਦਾ ਹੋਏ) ਕਾਮ ਕ੍ਰੋਧ ਹੰਕਾਰ (ਆਦਿਕ ਵਿਕਾਰ, ਜੀਵਾਂ ਦੇ ਆਤਮਕ ਜੀਵਨ ਦਾ) ਨਾਸ ਕਰ ਰਹੇ ਹਨ । ੧ । ਪਰਮਾਤਮਾ ਤੋਂ ਵਿੱਥ ਪੈਦਾ ਕਰਨ ਵਾਲੀ (ਮਾਇਆ ਦੇ ਕਾਰਨ ਹੀ ਮਨੁੱਖ ਦੀ ਭੈੜੀ ਮਤਿ (ਮਨੁੱਖ ਨੂੰ) ਦੱਸਦੀ ਰਹਿੰਦੀ ਹੈ ਕਿ ਮਾਇਆ ਦੀ ਹਸਤੀ ਪ੍ਰਭੂ ਤੋਂ ਵੱਖਰੀ ਹੈ । (ਇਸ ਦੁਰਮਤਿ ਦੇ ਅਸਰ ਹੇਠ) ਜੀਵ ਜੰਮਦਾ ਹੈ ਮਰਦਾ ਹੈ, (ਇਸ ਤਰ੍ਹਾਂ) ਆਤਮਕ ਮੌਤ ਮਰ ਕੇ ਪਰਮਾਤਮਾ ਤੋਂ ਵਿਥ ਤੇ ਹੋ ਜਾਂਦਾ ਹੈ । ੨ ।

੭- **ਸਦਾ ਸਦਾ ਸਾਲਾਹੀਐ ਸਚੇ ਕਉ ਬਲਿ ਜਾਉ ॥**
**ਨਾਨਕ ਏਕੁ ਛੋਡਿ ਦੂਜੈ ਲਗੈ ਸਾ ਜਿਹਵਾ ਜਲਿ ਜਾਉ ॥ ੨ ॥**[੫੧੬]-ਵਾ-੧੯

੮- **ਕੀਤਾ ਕਿਆ ਸਾਲਾਹੀਐ ਕਰਿ ਵੇਖੈ ਸੋਈ ॥ ਤਾ ਕੀ ਕੀਮਤਿ ਨ ਪਵੈ ਜੇ ਲੋਚੈ ਕੋਈ ॥ ਕੀਮਤਿ ਸੋ ਪਾਵੈ ਆਪਿ**
**ਜਾਣਾਵੈ ਆਪਿ ਅਭੁਲੁ ਨ ਭੁਲਏ ॥ ਜੈ ਜੈਕਾਰੁ ਕਰਹਿ ਤੁਧੁ ਭਾਵਹਿ ਗੁਰ ਕੈ ਸਬਦਿ ਅਮੁਲਏ ॥ ਹੀਣਉ ਨੀਚੁ ਕਰਉ**
**ਬੇਨੰਤੀ ਸਾਚੁ ਨ ਛੋਡਉ ਭਾਈ ॥ ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ ॥ ੯ ॥**[੭੬੬]-੨-੫

੯- **ਫ਼ਰੀਦਾ ਦਿਲੁ ਰਤਾ ਇਸੁ ਦੁਨੀ ਸਿਉ, ਦੁਨੀ ਨ ਕਿਤੈ ਕੰਮਿ ॥**
**ਮਿਸਲ ਫਕੀਰਾਂ ਗਾਖੜੀ, ਸੁ ਪਾਈਐ ਪੂਰ ਕਰੰਮਿ ॥ ੧੧੧ ॥**[੧੩੮੩-੮੪]

**ਅਰਥ:**--ਹੇ ਫ਼ਰੀਦ ! ਦੁਨੀਆ ਦੇ ਲੋਕ (ਵਾਜੇ ਹਨ ਜੋ ਮਾਇਆ ਦੇ) ਵਜਾਏ ਹੋਏ ਵੱਜ ਰਹੇ ਹਨ, ਤੂੰ ਵੀ ਉਨ੍ਹਾਂ ਦੇ ਨਾਲ ਹੀ ਵੱਜ ਰਿਹਾ ਹੈਂ (ਭਾਵ, ਮਾਇਆ ਦਾ ਨਚਾਇਆ ਨੱਚ ਰਿਹਾ ਹੈਂ) । ਉਹੀ (ਭਾਗਾਂ ਵਾਲਾ ' ਜੀਵ ' ਮਾਇਆ ਦਾ ਵਜਾਇਆ) ਨਹੀਂ ਵੱਜਦਾ ਜਿਸ ਦੀ ਸੰਭਾਲ ਪਰਮਾਤਮਾ ਆਪ ਕਰਦਾ ਹੈ । (ਸੋ ਅਜੇਹਾ ਉਪਰਾਲਾ ਕਰ ਜਿਸ ਤੋਂ ਪ੍ਰਭੂ ਤੇਰੀ ਸੰਭਾਲ ਵੀ ਕਰ ਲਏ--ਪ੍ਰਭੂ ਦੀ ਸਦੀਵੀ ਯਾਦ, ਸੱਚਾ ਪ੍ਰੇਮ ਹੀ ਅਜੇਹਾ ਚਾਰਾ ਹੈ ਜਿਸ ਤੋਂ ਮਨੁੱਖ ਪ੍ਰਭੂ ਦੀ ਮਿਹਰਾਂ ਦਾ ਪਾਤ੍ਰ ਬਣਦਾ ਹੈ) ।

**੧੦- ਕੁਰੀਏ ਕੁਰੀਏ ਵੈਦਿਆ, ਤਲਿ ਗਾੜਾ ਮਹਰੇਰੁ ॥ ਵੇਖੇ, ਛਿਟੜਿ ਥੀਵਦੋ, ਜਾਮ ਖਿਸੰਦੋ ਪੇਰੁ ॥ ੧ ॥** [੧੦੯੫]**-ਵਾ-੫**

**ਪਦ ਅਰਥ:**--ਕੁਰੀਏ ਕੁਰੀਏ=ਨਦੀ ਦੇ ਕੰਢੇ ਕੰਢੇ। ਵੈਦਿਆ=ਹੇ ਜਾਣ ਵਾਲਿਆ ! ਹੇ, ਪਾਦੀਆ ! ਤਲਿ=(ਤੇਰੇ ਪੈਰਾਂ ਦੇ) ਹੇਠ । ਮਹਰੇਰੁ=ਬੜੀ ਵੱਡੀ ਢਾਹ । ਵੇਖੇ=ਵੇਖੀਂ, ਧਿਆਨ ਰੱਖੀਂ । ਛਿਟੜਿ ਥੀਚਦੋ=ਛਿੱਟਾ ਪੈ ਜਾਣਗੀਆਂ, ਲਿੱਬੜ ਜਾਂਏਂਗਾ । ਪੇਰੁ=ਪੈਰ ।

**ਅਰਥ:**--ਹੇ (ਸੰਸਾਰ-) ਨਦੀ ਦੇ ਕੰਢੇ ਕੰਢੇ ਜਾਣ ਵਾਲਿਆ ! ਤੇਰੇ ਪੈਰ ਹੇਠ (ਤੇਰੇ ਰਸਤੇ ਵਿਚ ਤੇਰੇ ਠੀਕ ਥੱਲੇ) ਬੜੀ ਤਕੜੀ ਢਾ ਲੱਗੀ ਹੋਈ ਹੈ (ਮੋਹ ਦੇ ਜੰਲ ਵਿਚ ਫਸਦੇ ਜਾ ਰਹੇ ਹਨ)। ਧਿਆਨ ਰੱਖੀਂ, ਜਦੋਂ ਹੀ ਤੇਰਾ ਪੈਰ (ਤਿਲਕ ਗਿਆ, ਤਾਂ (ਮਾਇਆ ਮੋਹ ਦੇ ਚਿੱਕੜ ਨਾਲ) ਲਿੱਬੜ ਜਾਏਂਗਾ । ੧ ।

੧੧- **ਮ: ੫ ॥ ਸਚੁ ਜਾਣੈ ਕਚੁ ਵੈਦਿਓ, ਤੂ ਆਘੂ ਆਘੇ ਸਲਵੇ ॥**
**ਨਾਨਕ ਆਤਸੜੀ ਮੰਝਿ ਨੈਣੂ, ਬਿਆ ਢਲਿ ਪਬਣਿ ਜਿਉ ਜੁੰਮਿਓ ॥ ੨ ॥**[੧੦੯੫]-੪

**ਪਦ ਅਰਥ:**--ਵੈਦਿਓ=ਚਲੇ ਜਾਣ ਵਾਲਾ, ਨਾਸਵੰਤ । ਆਘੂ ਆਘੇ=ਅਗਾਂਹ ਅਗਾਂਹ । ਸਲਵੇ=(ਤੂੰ) ਇਕੱਤ੍ਰ ਕਰਦਾ ਹੈ । ਆਤਸੜੀ=ਅੱਗ । ਨੈਣੂ=ਮੱਖਣ ।ਬਿਆ=ਦੂਜੀ ਗੱਲ, ਦੂਜਾ । ਢਲਿ=ਢਲ ਕੇ (ਪਾਣੀ ਦੇ ਢਲ ਜਾਣ ਨਾਲ) । ਜੁੰਮਿਓ=ਨਾਸ ਹੋ ਜਾਂਦੀ ਹੈ ।

**ਅਰਥ:--(**ਹੇ ਜੀਵ !) ਨਾਸਵੰਤ ਕੱਚ (=ਰੂਪ ਮਾਇਆ) ਨੂੰ ਤੂੰ ਸਦਾ-ਸੱਚ ਜਾਣਦਾ ਹੈਂ, ਤੇ ਹੋਰ ਹੋਰ ਇਕੱਠੀ ਕਰਦਾ ਹੈਂ । ਪਰ ਹੇ ਨਾਨਕ ! (ਆਖ-ਇਹ ਮਾਇਆ ਇਉਂ ਹੈ) ਜਿਵੇਂ ਅੱਗ ਵਿਚ ਮੱਖਣ ਨਾਸ ਹੋ ਜਾਂਦਾ ਹੈ (ਭਾਵ, ਅੱਗ ਦੇ ਕਾਰਨ ਮੱਖਣ ਆਪਣੀ ਅਸਲੀ ਸ਼ਕਲ ਸੂਰਤ ਅਤੇ ਤਾਸੀਰ ਗੁਆ ਬੈਠਦਾ ਹੈ), ਜਾਂ ਜਿਵੇਂ (ਪਾਣੀ ਦੇ ਢਲ ਜਾਣ ਨਾਲ) ਚੁਪੱਤੀ ਡਿੱਗ ਨੇ ਨਾਸ ਹੋ ਜਾਂਦੀ (ਭਾਵ, ਮਾਇਆ ਦਾ ਮੋਹ ਅੰਤ ਦੁਖਦਾਈ ਸਿੱਧ ਹੁੰਦਾ ਹੈ) । ੨ ।

੧੨- **ਦੁਰਜਨ ਤੂ ਜਲੁ ਭਾਹੜੀ, ਵਿਛੋੜੇ ਮਰਿ ਜਾਹਿ ॥ ਕੰਤਾ ਤੂ ਸਉ ਸੇਜੜੀ, ਮੈਡਾ ਹਭੋ ਦੁਖੁ ਉਲਾਹਿ ॥ ੨ ॥**[੧੦੯੫]-ਵਾ-੨

ਅਰਥ:--ਹੇ ਦੁਰਜਨ=ਵੈਰੀ ! ਤੂੰ ਅੱਗ ਵਿਚ ਸੜ ਜਾ, ਹੇ ਵਿਛੋੜੇ ! ਤੂੰ ਮਰ ਜਾ । ਹੇ ਮੇਰੇ ਕੰਤ ! ਤੂੰ (ਮੇਰੀ ਹਿਰਦਾ-) ਸੇਜ ਉਤੇ (ਆ ਕੇ) ਸੌਂ ਤੇ ਮੇਰਾ ਸਾਰਾ ਦੁਖ ਦੂਰ ਕਰ ਦੇ ।

ਅੱਗੇ ਹੁਣ ਸਤਿਗੁਰੂ ਜੀ ਸਮਝਾਉਂਦੇ ਹਨ ਕਿ ਮਨੁੱਖ ਲਈ ਦੁਰਜਨ ਅਥਵਾ ਦੁਸ਼ਮਨ ਦੂਜਾ ਭਾਉ ਹੈ ਅਤੇ ਪ੍ਰਭੂ ਨਾਲੋਂ ਵਿਛੋੜੇ ਦਾ ਕਾਰਨ ਬਣਨ ਵਾਲਾ ਇਹ ਹਉਮੈ-ਰੋਗ ਹੈ।

੧੩- **ਦੁਰਜਨੁ ਦੂਜਾ ਭਾਉ ਹੈ, ਵੇਛੋੜਾ ਹਉਮੈ ਰੋਗ ॥**
**ਜਣੁ ਸਚਾ ਪਾਤਿਸਾਹਮ ਜਿਸੁ ਮਿਲਿ ਕੀਚੈ ਭੋਗੁ ॥ ੩ ॥** [੧੦੯੫]-੨

## ੨

# ਦੂਜਾ ਭਾਉ, ਦੁਬਿਧਾ, ਦੂਈ ਦਵੈਤ

ਮਾਇਆ-ਹੰਕਾਰ ਤੋਂ ਉਪਜਿਆ ਦੂਜਾ ਭਾਉ ਮਨੁੱਖ ਦੇ ਅੰਦਰ ਮੇਰ-ਤੇਰ ਅਥਵਾ ਦੁਜੈਗੀ ਦੇ ਭਾਵ ਪੈਦਾ ਕਰਦਾ ਹੈ । ਘਿਰਣਾ, ਸਾੜਾ, ਫੁੱਟ ਆਦਿ ਅਵਗੁਣ, ਆਤਮ ਅਡੋਲਤਾ ਅਤੇ ਭਰਾਤਰੀ ਪਿਆਰ ਦੀ ਤਬਾਹੀ ਦਾ ਕਾਰਨ ਬਣਦੇ ਹਨ । ਮਨੁੱਖਾ ਸਰੀਰ ਦੁਖਾਂ ਦਾ ਘਰ ਬਣ ਕੇ ਜਨਮ ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ :--

੧੪- **ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ**
**ਹਉਮੈ ਜਲੈ ਜਲਾਇ ॥ ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥ ੫ ॥**[੬੮]-੬-੨੩

**ਅਰਥ**:--ਮਾਇਆ ਦੇ ਮੋਹ ਵਿਚ ਟਿਕੇ ਰਹਿਆਂ ਆਤਮਕ ਅਡੋਲਤਾ ਪੈਦਾ ਨਹੀਂ ਹੁੰਦੀ, ਮਾਇਆ ਤਾਂ (ਪ੍ਰਭੂ ਤੋਂ ਬਿਨਾ ਕਿਸੇ) ਹੋਰ ਪਿਆਰ ਵਿਚ (ਫਸਾਉਂਦੀ ਹੈ) । ਮਨਮੁਖਤਾ ਵਾਲੇ ਅਜੇਹੇ ਕਰਮ ਕੀਤਿਆਂ ਮਨੁੱਖ ਹਉਮੈ ਵਿਚ ਸੜਦਾ ਰਹਿੰਦਾ ਹੈ, (ਆਪਣੇ ਆਪ ਨੂੰ ਵਿਅਰਥ) ਸਾੜਦਾ ਹੈ। ਉਸ ਦਾ ਜਨਮ ਮਰਨ ਦਾ ਗੇੜ ਕਦੇ ਮੁੱਕਦਾ ਨਹੀਂ, ਉਹ ਮੁੜ ਮੁੜ ਜੰਦਾ ਰਹਿੰਦਾ ਹੈ। ੫ ।

੧੫- **ਸਲੋਕ ॥ ਕਰਉ ਬੰਦਨਾ ਅਨਿਕ ਵਾਰ ਸਰਨਿ ਪਰਉ ਹਰਿ ਰਾਇ ॥**
**ਭ੍ਰਮੁ ਕਟੀਐ ਨਾਨਕ ਸਾਧਸੰਗਿ ਦੁਤੀਆ ਭਾਉ ਮਿਟਾਇ ॥ ੨ ॥**
**ਪਉੜੀ ॥ ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥ ਰਾਮ ਰਤਨੁ ਮਨਿ ਤਨਿ ਬਸੈ,**
**ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥ ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ ॥ ਆਪੁ ਤਜਹੁ**
**ਗੋਬਿੰਦ ਭਜਹੁ ਭਾਉ ਭਗਤਿ ਪਰਵੇਸ ॥ ਲਾਭੁ ਮਿਲੈ ਤੋਟਾ ਹਿਰੈ ਦਰਗਹ ਪਤਿਵੰਤ ॥ ਰਾਮਨਾਮ ਧਨੁ**
**ਸੰਚਵੈ ਸਾਚ ਸਾਹ ਭਗਵੰਤ ॥ ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ ॥ ਨਾਨਕ ਦੁਰਮਤਿ ਛੂਟਿ**
**ਗਈ ਪਾਰਬ੍ਰਹਮ ਬਸੇ ਚੀਤਿ ॥ ੨ ॥**[੨੯੬]-ਥਿਤੀ

**ਅਰਥ**:--ਮੈ ਪ੍ਰਭੂ-ਪਾਤਸ਼ਾਹ (-ਹਰਿ ਰਾਇ) ਦੀ ਸਰਨ ਪੈਂਦਾ ਹਾਂ ਤੇ (ਉਸ ਦੇ ਦਰ ਤੇ) ਅਨੇਕਾਂ ਵਾਰੀ ਨਮਸਕਾਰ ਕਰਦਾ ਹਾਂ। ਹੇ ਨਾਨਕ ! ਸਾਧ (ਗੁਰੂ ਗ੍ਰੰਥ ਸਾਹਿਬ ਦੀ) ਸਖ਼ਗਤਿ ਵਿਚ ਰਹਿ ਕੇ (ਪ੍ਰਭੂ ਤੋਂ ਬਿਨਾ) ਹੋਰ ਹੋਰ ਮੋਹ-ਪਿਆਰ ਦੂਰ ਕੀਤਿਆਂ ਮਨ ਦੀ ਭਟਕਣਾ ਦੂਰ ਹੋ ਜਾਂਦੀ ਹੈ । ੨ । ਪਉੜੀ ।--(ਹੇ ਭਾਈ !) ਸਦਾ ਗੁਰੂ ਦੀ ਦੱਸੀ ਸੇਵਾ ਕਰਦਾ ਰਹੁ, (ਤੇ ਇਸ ਤਰ੍ਹਾਂ ਆਪਣੇ ਅੰਦਰੋਂ) ਖੋਟੀ ਮਤਿ ਕੱਢ । ਹੇ ਮਿੱਤਰ ! (ਆਪਣੇ ਅੰਦਰੋਂ) ਕਾਮ ਕ੍ਰੋਧ ਲੋਭ ਦੂਰ ਕਰ, (ਜਿਹੜਾ ਮਨੁੱਖ ਇਹ ਉਦੱਮ ਕਰਦਾ ਹੈ ਉਸ ਦੇ) ਮਨ ਹਿਰਦੇ ਵਿਚ ਰਤਨ (ਵਰਗਾ ਕੀਮਤੀ) ਪ੍ਰਭੂ-ਨਾਮ ਆ ਵੱਸਦਾ ਹੈ। (ਹੇ ਮਿੱਤਰ ! ਆਪਣੇ ਮਨ ਵਿਚੋਂ) ਹਉਮੈ ਦੂਰ ਕਰੋ ਤੇ ਪਰਮਾਤਮਾ ਦਾ ਭਜਨ ਕਰੋ। (ਜਿਹੜਾ ਮਨੁੱਖ ਇਉਂ ਜਤਨ ਕਰਦਾ ਹੈ ਉਸ ਨੂੰ) ਆਤਮਕ ਜੀਵਨ ਮਿਲ ਜਾਂਦਾ ਹੈ, ਉਸ ਨੂੰ (ਸਚੱਜਾ ਪਵਿਤ੍ਰ) ਜੀਵਨ ਮਿਲ ਪੈਂਦਾ ਹੈ, ਉਸ ਦੇ ਸਾਰੇ ਦੁੱਖ-ਕਲੇਸ਼ ਮਿਟ ਜਾਂਦੇ ਹਨ, ਉਸ ਦੇ ਅੰਦਰ ਪ੍ਰਭੂ-ਪ੍ਰੇਮ ਅਤੇ ਭਗਤੀ ਆ ਵੱਸਦੀ ਹੈ। (ਹੇ ਭਾਈ) ਜਿਹੜਾ ਜਿਹੜਾ ਮਨੁੱਖ ਪਰਮਾਤਮਾ ਦਾ ਨਾਮ-ਧਨ ਇਕੱਠਾ ਕਰਦਾ ਹੈ, ਉਹ ਸਭ ਭਾਗਾਂ ਵਾਲੇ ਹੋ ਜਾਂਦੇ ਹਨ, (ਆਤਮਕ ਜੀਵਨ ਵਿਚ ਉਨ੍ਹਾਂ ਨੂੰ) ਵਾਧਾ ਹੀ ਵਾਧਾ ਪੈਂਦਾ ਹੈ, ਤੇ (ਆਤਮਕ ਜੀਵਨ ਵਿਚ ਪੈ ਰਹੀ) ਘਾਟ (ਉਨ੍ਹਾਂ ਦੇ ਅੰਦਰੋਂ) ਨਿਕਲ ਜਾਂਦੀ ਹੈ, ਉਹ ਪਰਮਾਤਮਾ ਦੀ ਦਰਗਾਹ ਵਿਚ ਇੱਜ਼ਤ ਵਾਲੇ ਹੋ ਜਾਂਦੇ ਹਨ । (ਹੇ ਭਾਈ !) ਉਠਦਿਆਂ ਬੈਠਦਿਆਂ ਹਰ ਵੇਲੇ ਪਰਮਾਤਮਾ ਦਾ ਭਜਨ ਕਰੋ ਤੇ ਗੁਰੂ ਦੀ ਸੰਗਤਿ ਵਿਚ ਪ੍ਰੇਮ ਪੈਦਾ ਕਰੋ। ਹੇ ਨਾਨਕ ! (ਜਿਸ ਮਨੁੱਖ ਨੇ ਇਹ ਉੱਦਮ ਕੀਤਾ ਉਸ ਦੀ) ਖੋਟੀ ਮਤਿ ਮੁੱਕ ਗਈ, ਪਰਮਾਤਮਾ ਸਦਾ ਲਈ ਉਸ ਦੇ ਚਿਤ ਵਿਚ ਆ ਵੱਸਿਆ । ੨ ।

ਸ੍ਰਿਸ਼ਟੀ ਸਿਰਜਣਾ ਬਾਰੇ ਗੁਰਮਤਿ ਸਿਧਾਂਤ ਲਿਖਦਿਆਂ ਪਿੱਛੇ ਚੌਥੇ ਲੇਖ ਵਿਚ ਅਸਾਂ ਸ਼ਬਦ ਵਿਚਾਰ ਦੁਆਰਾ ਸਮਝ ਲਿਆ ਹੈ ਕਿ ਸ੍ਰਿਸ਼ਟੀ ਸਿਰਜਣਾ ਪ੍ਰਭੂ ਦਾ ਇੱਕ ਖੇਲ ਹੈ । ਮਾਇਆ-ਅਗਨੀ ਵੀ ਪ੍ਰਭੂ ਦੇ ਖੇਲ ਦਾ ਹੀ ਹਿੱਸਾ ਹੈ--**ਮਾਇਆ ਅਗਨਿ ਸਭ ਇਕੋ ਜੇਹੀ, ਕਰਤੈ ਖੇਲੁ ਰਚਾਇਆ ॥** [੯੨੧] ਸੰਸਾਰ ਰਚਨਾਂ ਦੇ ਇਸ ਖੇਲ ਵਿਚ ਮਾਇਆ ਅਤੇ ਮਾਇਆ ਦਾ ਮੋਹ ਸਭ ਕੁਝ ਕਰਤੇ ਨੇ ਆਪ ਹੀ ਲਾਇਆ ਹੈ, ਇਸ ਲਈ ਇਸ ਮਾਇਆ ਦੇ ਜ਼ਹਿਰੀਲੇ ਡੰਗ ਤੋਂ ਕੇਵਲ ਸਤਿਗੁਰਾਂ ਦੀ ਮਿਹਰ ਹੀ ਬਚਾ ਸਕਦੀ ਹੈ । ਸਤਿਗੁਰਾਂ ਦੀ ਖ਼ੁਸ਼ੀ ਅਥਵਾ ਉਨ੍ਹਾਂ ਦੀ ਮਿਹਰ ਪ੍ਰਾਪਤ ਕਰਨ ਲਈ ਉਨ੍ਹਾਂ ਦੇ ਹੁਕਮ ਵਿਚ ਰਹਿਣਾ, ਉਨ੍ਹਾਂ ਦੇ ਦੱਸੇ ਜੀਵਨ-ਰਸਤੇ ਤੇ ਤੁਰਨਾ ਹੀ ਕੇਵਲ ਮਾਤ੍ਰ ਗੁਰਮਤਿ-ਵਿਧਾਨ ਹੈ। ਸਦਾ ਮਾਇਆ ਦੀ ਖ਼ਾਤਰ ਹੀ ਨਹੀਂ ਝੂਰਦੇ ਰਹਿਣਾ ਚਾਹੀਦਾ । ਪਰਮਾਤਮਾ ਦੇ ਹੁਕਮ-ਭਾਣੇ ਵਿਚ ਰਹਿੰਦਿਆਂ ਉਸ ਦੀ ਮਿਹਰ ਦੇ ਪਾਤਰ ਬਣਨਾ ਹੈ ਅਤੇ ਇਸ ਸੰਸਾਰ ਸਮੁੰਦਰ ਦੀ ਵਿਕਾਰ ਲਹਿਰਾਂ ਤੋਂ ਪਾਰ ਲੰਘਣਾ ਹੈ:---

੧੬- **ਮਾਇਆ ਕਾਰਣ ਸਦ ਹੀ ਝੂਰੈ ॥ ਮਨਿ ਮੁਖਿ ਕਬਹਿ ਨ ਉਸਤਤਿ ਕਰੈ ॥ ਨਿਰਭਗ਼ਉ ਨਿਰੰਕਾਰ ਦਾਤਾਰੁ ॥**
**ਤਿਸੁ ਸਿਉ ਪ੍ਰੀਤਿ ਨ ਕਰੈ ਗਵਾਰੁ ॥ ੩ ॥ ਸਭ ਸਾਹਾ ਸਿਰਿ ਸਾਚਾ ਸਾਹੁ ॥ ਵੇਮੁਹਤਾਜੁ ਪੂਰਾ ਪਾਤਿਸਾਹੁ ॥**
**ਮੋਹ ਮਗਨ ਲਪਟਿਓ ਭ੍ਰਮ ਗਿਹਰ ॥ ਨਾਨਕ ਤਰੀਐ ਤੇਰੀ ਮਿਹਰ ॥ ੩ ॥** [੯੯੩ ]-੨੧-੩੨

ਜਨਮ ਲੈਂਦੇ ਸਾਰ ਮਨੁੱਖ ਤੇ --" **ਮਾਇਆ ਅਮਰੁ ਵਰਤਾਇਆ** " ਮਾਇਆ ਆਪਣਾ ਰਾਜ ਸਥਾਪਤ ਕਰ ਲੈਂਦੀ ਹੈ । ਫਿਰ ਸਾਰੀ ਉਮਰ ਮਾਇਆ ਦੇ ਮੋਹ ਵਿਚ ਫਸਿਆ ਜੀਵ, ਕਈ ਪ੍ਰਕਾਰ ਦੇ ਨਾਚ ਨੱਚਦਾ ਕਈ ਭੁੱਲਾਂ ਕਰਦਾ ਹੈ।--" **ਮਾਇਆ ਲਗਿ ਭੂਲੋ ਸੰਸਾਰੁ** "॥ ਮਨੁੱਖੀ ਮਨ ਦਾ ਮਾਇਕ ਪਦਾਰਥਾਂ ਦੀ ਲਾਲਸਾ ਅਤੇ ਲੋਭ ਵਾਲਾ ਪੱਖ, ਬੜਾ ਵਚਿਤ੍ਰ ਹੈ । ਪਦਾਰਥਾਂ ਦੀ ਪਕੜ ਦੇ ਨਸ਼ੇ ਦੇ ਕਾਰਨ ਮਨੁੱਖ, ਉਸੇ ਮੌਤ ਨੂੰ ਸੱਚ ਮੰਨਣ ਲਈ ਤਿਆਰ ਨਹੀਂ ਹੈ, ਜਿਸ ਮੌਤ ਤੋਂ ਬਚਿਆ ਰਹਿਣ ਲਈ ਅੰਮ੍ਰਿਤ ਦੀ ਭਾਲ ਵਿਚ ਲੱਗੇ ਨੂੰ ਕਈ ਪੀੜ੍ਹੀਆਂ ਬੀਤ ਗਈਆਂ ਹਨ ।

ਮਾਇਆ ਦੀ ਖ਼ਾਤਰ ਮਨੁੱਖ ਵੱਡੇ ਤੋਂ ਵੱਡਾ ਜ਼ੁਲਮ ਕਰ ਕੇ ਦੁਖਦਾਈ ਨਰਕਾਂ ਦੀ ਅੱਗ ਵਿਚ ਪੈਣ ਦਾ ਡਰ ਵੀ ਭੁੱਲ ਜਾਂਦਾ ਹੈ । ਮੌਤ ਦਾ ਚੇਤਾ ਆਉਣਾ ਤਾਂ ਕਿਤੇ ਰਿਹਾ, ਮਾਇਆ ਦੇ ਮੋਹ-ਮਦ ਵਿਚ ਮਤਵਾਲਾ ਮਨੁੱਖ ਪਰਮਾਤਮਾਂ ਨੂੰ ਵੀ ਆਪਣਾ ਨਹੀਂ ਸਮਝਦਾ । ਸਤਿਗੁਰਾਂ ਦਾ ਫ਼ੁਰਮਾਨ ਹੈ:--

੧੭- **ਮਾਇਆ ਮੋਹਿ ਸਗਲ ਜਗੁ ਛਾਇਆ ॥ ਕਾਮਣਿ ਦੇਖਿ ਕਾਮਿ ਲੋਭਾਇਆ ॥**
**ਸੁਤ ਕੰਚਨ ਸਿਉ ਹੇਤੁ ਵਧਾਇਆ ॥ ਸਭੁ ਕਿਛੁ ਆਪਨਾ ਇਕ ਰਾਮੁ ਪਰਾਇਆ ॥ ੧ ॥**[੧੩੪੨]-੨

ਮਾਇਆ-ਮੋਹ ਦੀ ਪਕੜ ਵਿਚ ਆ ਚੁੱਕੇ ਮਨੁੱਖ ਨੂੰ ਆਪਣੇ ਸਿਜਣਹਾਰ ਪਰਮਾਤਮਾ ਦੀ ਹੀ ਯਾਦ ਵਿੱਸਰ ਗਈ, ਫਿਰ ਮੌਤ ਕਿੱਥੇ ਯਾਦ ਰਹਿਣੀ ਸੀ ? ਅਤੇ ਫਿਰ ਪਰਮਾਤਮਾ ਨੂੰ ਭੁਲਾਈ ਬੈਠੇ ਮਨੁੱਖ ਦਾ ਸਰੀਰ ਵਿਕਾਰਾਂ ਦਾ ਅੱਡਾ ਬਣ ਜਾਂਦਾ ਹੈ । ਮਾਇਆ ਦੇ ਮੋਹ-ਨਸ਼ੇ ਵਿਚ ਬਦ-ਮਸਤ ਹੋਏ ਅਰੰਭਕ-ਬਿੱਪ੍ਰ ਦੀ ਲੰਮੀ ਗਾਥਾ ਇਸ ਪੁਸਤਕ ਦੇ ਪਹਿਲੇ ਭਾਗ ਦੇ ਅਰੰਭ ਤੋਂ ਸੁਜਾਨ ਪਾਠਕ ਪੜ੍ਹਦੇ ਆ ਰਹੇ ਹਨ । ਮਨੁੱਖ ਨੂੰ ਮਾਨਸਕ-ਰੋਗੀ ਬਣਾ ਦੇਣ ਵਾਲੇ ਬਿੱਪ੍ਰ ਨੇ ਅਪਣੀ ਨਿੱਜੀ ਲੋੜ ਅਨੁਸਾਰ ਧਰਮ ਦੇ ਅਰਥ ਵੀ ਬਦਲ ਲਏ । ਧਰਮ ਦਾ ਕੋਈ ਪੱਕਾ ਸਿਧਾਂਤ ਨਾ ਰਹਿਣ ਦਿੱਤਾ । ਬਹੁਰੰਗੀ ਮਾਇਆ ਦੇ ਮੋਹ ਕਾਰਨ ਹੀ ਪਰਮਾਤਮਾਂ ਦੇ ਕਈ ਰੂਪ ਚਿਤਵੇ ਅਤੇ ਉਨ੍ਹਾਂ ਦੀਆਂ ਮੂਰਤੀਆਂ ਨੂੰ ਮੰਦਰਾਂ ਵਿਚ ਰੱਖ ਕੇ ਲੋਕਾਂ ਨੂੰ ਲੁਟਣਾ ਅਰੰਭ ਕਰ ਲਿਆ। ਦਾਨ ਤੋਂ ਮਿਲਦੇ ਮਨ-ਇੱਛੇ ਫਲਾਂ ਦੇ ਭਰਮ-ਜਾਲ ਵਿਚ ਫਸਾ ਕੇ ਲਗ-ਪਗ ਸਾਰੇ ਧਰਮ ਅਸਥਾਨਾ ਤੇ " ਦਾਨ " ਦੇ ਬਹਾਨੇ ਮਾਇਆ ਦੀ ਲੁੱਟ ਅੱਜ ਵੀ ਨਿਰੰਤਰ ਜਾਰੀ ਹੈ । ਮੋਹ ਅਤੇ ਲੋਭ, ਮਨੁੱਖ ਨੂੰ ਅਣਖ-ਹੀਣ ਅਤੇ ਨਿਤਾਣਾ ਬਣਾ ਦਿੰਦਾ ਹੈ । ਤ੍ਰੈਗੁਣੀ ਮਾਇਆ ਦੇ ਭੰਡਾਰ ਭਰ ਲੈਣਦੀਆਂ ਵਿਚਾਰਾਂ ਨਾਲ ਜੋੜ ਦੇਣ ਵਾਲੀ ਬ੍ਰਾਹਮਣੀ ਮਤ ਦੀ ਉਪਜ, **ਵੇਦਾਂ** ਦੀ ਸਿਖਿਆ [**ਤ੍ਰੈਗੁਣ ਬਾਣੀ ਬੇਦ ਬੀਚਾਰ** ॥(੧੩੬੨)--**ਬੇਦ ਬਾਣੀ ਜਗ ਵਰਤਦਾ, ਤ੍ਰੈਗੁਣ ਕਰੇ ਬੀਚਾਰੁ** ॥ (੧੨੭੬)] ਦੇ ਕਾਰਨ ਮਨੁੱਖ ਸ਼ੁੱਭ ਗੁਣਾਂ ਵਾਲੇ ਜੀਵਨ ਦੀ ਰਹਿਣੀ ਭੁਲਾ ਬੈਠਾ । ਮਾਇਆ ਦੇ ਨਸ਼ੇ ਦੀ ਮਦਹੋਸ਼ੀ ਦੀ ਨੀਂਦ ਵਿਚ ਪਿਆ ਮਨੁੱਖ ਘੁਰਾੜੇ ਮਾਰਨ ਲੱਗ ਪਿਆ । ਜਦ ਸੰਭਾਲ ਕਰਨ ਵਾਲਾ ਘਰ ਦਾ ਮਾਲਕ ਲੰਮੀਆਂ ਤਾਣ ਕੇ ਸੌਂ ਜਾਂਦਾ ਹੈ ਤਾਂ ਚੋਰਾਂ, ਲੁਟੇਰਿਆਂ ਲਈ ਰਾਹ ਖੁੱਲ੍ਹ ਜਾਂਦਾ ਹੈ । ਦੇਸ਼ ਦੀ ਅਣਖ ਅਤੇ ਧੰਨ ਨੂੰ ਬਿਦੇਸ਼ੀਆਂ ਨੇ ਲੁਟਣਾਂ ਅਰੰਭ ਕਰ ਦਿੱਤਾ । ਡੂੰਘੀ ਨੀਂਦ ਵਿਚ ਸੁੱਤਾ ਦੇਸ਼-ਵਾਸੀ ਗੁਲਾਮੀ ਦੇ ਸੰਗਲਾਂ ਵਿਚ ਜਕੜਿਆ ਗਿਆ ।

ਮਾਇਆ ਮੋਹ ਦੇ ਝੂਠੇ ਮਦ ਵਿਚ ਮਦਹੋਸ਼ ਸੁੱਤੇ ਮਨੁੱਖ ਦੀ ਘੂਕੀ ਤੋੜ ਕੇ ਸਤਿਗੁਰਾਂ ਨੇ ਉਸ ਨੂੰ ਨਿਆਰੇ ਆਚਰਨ ਵਾਲਾ ਸੁਚੇਤ ਬਣਾਉਣਾ ਸੀ । ਇਸ ਸ਼ੁੱਭ ਪਰ ਬੜੇ ਕਠਨ ਕਾਰਜ ਦੀ ਸਿੱਧੀ ਲਈ ਹਜ਼ਾਰਾਂ ਸਾਲਾਂ ਤੋਂ **ਅਮਰ** ਵਰਤਾਈ ਬੈਠੇ **ਝੂਠ** ਦੀ ਅਸਲੀਯਤ ਨੂੰ ਨੰਗਿਆਂ ਕਰਨਾ ਸੀ । ਜਿਸ " ਝੂਠ " ਨੂੰ ਮਨੁੱਖ ਨੇ ਆਪਣਾ ਇਸ਼ਟ ਮੰਨ ਕੇ ਉਸ ਨੂੰ ਸਰਬ ਕਲਾ ਸਮਰਥ ਆਪਣਾ ਮੁਕਤੀ ਦਾਤਾ ਮੰਨ ਲਿਆ ਹੋਇਆ ਸੀ, ਉਸ (ਝੂਠ ਨੂੰ) ਸਿੱਧੇ ਅਤੇ ਸਾਫ਼ ਸ਼ਬਦ: ਵਿਚ **ਝੂਠ** ਕਹਿਣ ਨਾਲ ਝੂਠ ਦੇ ਪੁਜਾਰੀਆਂ ਦੀ ਸ਼ਰਧਾ ਨੂੰ ਚੋਟ ਵੱਜਦੀ ਸੀ । ਸਰਬੱਤ ਦੇ ਗੁਰੂ, ਸਭਨਾਂ ਦੇ ਸਾਂਝੇ ਸਗੁਰ ' ਨਾਨਕ ਸਾਹਿਬ ਜੀ ' ਨੇ ਕਿਸੇ ਦਾ ਦਿਲ ਵੀ ਨਹੀਂ ਸੀ ਦੁਖਾਉਣਾ । ਸੋ ਸਤਿਗੁਰਾਂ ਨੇ ਰੋਜ਼ ਦੀ ਬੋਲੀ ਦੇ ਕਈ ਪਰਚਲਤ ਸ਼ਬਦਾਂ ਨੂੰ ਅੱਡ ਅੱਡ ਢੰਗਾ ਨਾਲ ਵਰਤ ਕੇ, ਬੜੀ ਮਿੱਠੀ ਸ਼ਬਦਾਵਲੀ ਵਿਚ ਕਈ ਪੱਖਾਂ ਤੋਂ ਮਨਮੋਹਣੇ ਮਾਇਆ-ਨਾਗ ਦੀ ਅਸਲੀਯਤ ਸਮਝਾਉਂਣ ਵਾਲੀ ਅਨੂਪਮ ਵਿਧੀ ਵਰਤੀ ।

ਪੰਜਾਬੀ ਭਾਸ਼ਾ ਵਿਚ ਬੜਾ ਪਰਚਲਤ ਅਖਾਣ ਹੈ--ਸੁੱਤਾ ਮੋਇਆ ਇੱਕ ਬਰਾਬਰ । ਮਿੱਠ ਬੋਲੜੇ ਸੱਜਣ ਨੇ ਮੁਰਦਾ ਹੋ ਚੁੱਕੇ ਮਨੁੱਖ ਨੂੰ ਝੱਟ ਪੱਟ ਮੁਰਦਾ ਨਹੀਂ ਕਿਹਾ । ਨਾ ਮਾਇਆ-ਮੋਹ ਦੇ ਮਦ ਵਿਚ ਅੰਨ੍ਹੇ ਹੋਏ ਨੂੰ " ਅੰਨ੍ਹਾਂ " ਹੀ ਆਖਿਆ । ਸਗੋਂ ਉਸ ਨੂੰ **ਸੁਤਾ ਹੋਇਆ** ਕਹਿ ਕੇ ਜਗਾਉਣ ਦਾ ਉਪਰਾਲਾ ਕਰਨਾਂ ਅਰੰਭਿਆ । ਮਾਇਆ ਗ੍ਰਸੇ, ਹੰਕਾਰੀ ਅਨੇਕ ਦੇਵੀ ਦੇਵਤਿਆਂ ਦੇ ਪੁਜਾਰੀ, ਅਗਿਆਨੀ ਮਨੁੱਖ ਦੀ ਇਸ ਬਹੁਰੰਗੀ ਮਾਇਆ-ਮੋਹ-ਮਦ ਦੀ ਘੂਕੀ ਨੂੰ ਤੌੜ ਕੇ ਉਸ ਨੂੰ ਇੱਕ ਅਕਾਲ ਦਾ ਪੁਜਾਰੀ, ਸੰਤ ਸੂਰਮਾ ਬਨਾਉਣ ਲਈ ਜੋ ਅਦੁਤੀ **ਉੱਦਮ ਕੀਤਾ**, ਉਸ ਤੋਂ ਪ੍ਰਭਾਵਤ ਹੋ ਕੇ ਉਰਦੂ ਦੇ ਪ੍ਰਸਿੱਧ ਸ਼ਾਇਰ--ਮੁਹੱਮਦ ਇਕਬਾਲ- ਨੇ (ਉਸੇ ਡੂੰਘੀ ਖ਼ਾਬ=ਨੀਂਦ ਦੀ ਗੱਲ ਕਰ ਕੇ) ਸਤਿਗੁਰੂ ਨਾਨਕ ਸਾਹਿਬ ਜੀ ਨੂੰ ਸ਼ਰਧਾਂਜਲੀ ਭੇਟਾ ਕਰਦਿਆਂ ਲਿਖਿਆ:---

' **ਫਿਰ ਉਠੀ ਆਖ਼ਰ ਸਦਾ ਤੌਹੀਦ ਕੀ ਪੰਜਾਬ ਸੇ । ਹਿੰਦ ਕੋ ਇੱਕ ਮਰਦੇ-ਕਾਮਲ ਨੇ ਜਗਾਇਆ ਖ਼ਾਬ ਸੇ** "

ਹਜ਼ਾਰਾਂ ਸਾਲਾਂ ਤੋਂ ਕ੍ਰੋੜਾਂ ਦੇਵੀ ਦੇਵਤਿਆਂ ਦੀ ਪੂਜਾ ਨੂੰ ਕਲਿਆਣਕਾਰੀ ਧਰਮ ਮੰਨ ਬੈਠਾ ਭਾਰਤੀ,, **ਏਕਤਾ** (ਭਾਵ, ਕੇਵਲ ਇੱਕ **ਅਕਾਲ** ਦੀ ਪੂਜਾ) ਤੋਂ ਲੱਖਾਂ ਕੋਹ ਦੂਰ ਜਾ ਚੁੱਕੇ ਮਨੁੱਖ, ਸੱਚੇ ਦਿਲੋਂ ਮਿਥਿਹਾਸ ਪੁਜਾਰੀ ਬਣ ਚੁੱਕੇ ਜਨੂੰਨੀ ਨੂੰ ਇਹ ਸਮਝਾਉਣਾ ਸੀ ਕਿ, ਉਹ ਸੱਚ ਦੀ ਨਹੀਂ, ਸਗੋਂ ਝੂਠ ਦੀ ਨਿਸਫਲ-ਪੂਜਾ ਕਰ ਰਿਹਾ ਹੈ । ਮਨੁੱਖ ਨੂੰ ਝੂਠ ਦੀ ਦਲਦਲ ਵਿਚੋਂ ਕੱਢਣ ਆਏ, ਮਨੁੱਖਤਾ ਦੇ ਸੱਚੇ ਸੱਜਣ, ਸ੍ਰੀ ਗੁਰੂ ਨਾਨਕ ਸਾਹਿਬ ਜੀ ਮਨੁੱਖਤਾ ਲਈ ਧੁਰੋ ਹੀ ਪਿਆਰਾਂ ਲੱਦਿਆ ਹਿਰਦਾ ਲੈ ਕੇ ਆਏ ਸਨ । ਸੰਸਾਰ ਵਿਚ ਇੱਕ ਉਹੀ ਅਜੇਹੇ ਰਹਿਬਰ ਹੋਏ ਹਨ ਜਿਨ੍ਹਾਂ ਕਦੇ ਵੀ ਕਿਸੇ ਦਾ ਦਿਲ ਨਹੀਂ ਦੁਖਾਇਆ ਅਤੇ ਜਿਸ ਸਤਿਗੁਰੂ ਪਾਤਸ਼ਾਹ ਜੀ ਨੂੰ ਸਾਰੇ ਮਨੁੱਖ ਆਪਣਾ ਮਿੱਤਰ ਜਾਣਦੇ ਸਨ:----

੧੮- **ਸਜਣੁ ਮੈਡਾ ਚਾਈਆ, ਹਭ ਕਹੀ ਦਾ ਮਿਤੁ ॥**
**ਹਭੇ ਜਾਣਨਿ ਆਪਣਾ, ਕਹੀ ਨ ਠਾਹੇ ਚਿਤੁ ॥ ੨ ॥** {੧੦੯੬]-ਵਾਰ-੭

**ਅਰਥ:**--ਮੇਰਾ ਮਿੱਤ੍ਰ-ਪ੍ਰਭੂ ਪਿਆਰ-ਭਰੇ ਦਿਲ ਵਾਲਾ ਹੈ, ਹਰ ਕਿਸੇ ਦਾ ਮਿੱਤਰ ਹੈ (ਹਰੇਕ ਨਾਲ ਪਿਆਰ ਕਰਦਾ ਹੈ) । ਸਾਰੇ ਹੀ ਜੀਵ ਉਸ ਪ੍ਰਭੂ ਨੂੰ ਆਪਣਾ ਮਿਤ੍ਰ ਜਾਣਦੇ ਹਨ, ਉਹ ਕਿਸੇ ਦਾ ਦਿਲ ਤੋੜਦਾ ਨਹੀ । ੨ ।

ਪਰਮਾਤਮਾਂ ਦੇ ਗੁਣਾ ਦਾ ਸਿਮਰਨ ਕਰਨ ਵਾਲਾ ਉਸ ਦਾ ਸੱਚਾ ਭਗਤ ਪ੍ਰਭੂ ਦੇ ਗੁਣਾਂ ਵਿਚ ਲੀਨ ਹੋ ਜਾਣ ਨਾਲ ਰੱਬੀ-ਗੁਣਾ ਦਾ ਮਾਲਕ ਬਣ ਚੁੱਕਾ ਸੀ---**ਗੁਣ ਕਹਿ ਗੁਣੀ ਸਮਾਣੇ** ॥[੬੦੧]-੫ । ਸੰਸਾਰ ਨੂੰ ਦੁੱਖਾਂ ਦਾ ਘਰ ਸਮਝਣ ਵਾਲੇ ਮਨੁੱਖ ਨੂੰ ਦੱਸਣਾ ਸੀ ਕਿ ਇਹ ਸੰਸਾਰ ਪਿਆਰੇ ਪ੍ਰੀਤਮ ਦਾ ਸਾਕਾਰ ਰੂਪ ਹੈ--**ਏਹੁ ਵਿਸੁ ਸੰਸਾਰ ਤੁਮ ਦੇਖਦੇ ਏਹ ਹਰਿ ਕਾ ਰੂਪ ਹੈ** ॥ [ਅਨੰਦ-੩੬] । ਇਸ ਨੂੰ ਦੁੱਖਾਂ ਦਾ ਘਰ ਕਹਿ ਕੇ ਤਿਆਗਣਾ ਨਹੀਂ ਹੈ, ਇਸ ਦੀ ਅਸਲੀਯਤ ਸਮਝ ਕੇ ਇਸ ਨਾਲ (ਮੋਹ ਨਹੀਂ ਸਗੋ) ਪਿਆਰ ਕਰਨਾ ਹੈ । ਜਗਤ ਦੇ ਸਿਰਜਣਹਾਰ ਪ੍ਰਭੂ-ਪਤੀ ਦੇ

ਹੁਕਮ ਨੂੰ ਬੁਝ ਕੇ ਸੁਖੀ ਹੋਣਾ ਹੈ--**ਤਿਸੁ ਕਾ ਹੁਕਮ ਬੂਝਿ ਸੁਖ ਹੋਇ ॥** (੨੮੧) ਇਹ ਸਮਝਣਾ ਹੈ ਕਿ ਇਹ ਧਰਤੀ ਧਰਮ-ਸਾਲ ਹੈ । ਏਹ ਜਗਤ ਤਾਂ ਉਹ ਵਦਿਆਲਾ ਹੈ ਜਿਥੋ ਧਰਮ-ਕਮਾਉਣ ਦੀ ਜਾਚ ਸਿੱਖ ਕੇ ਮਨੁੱਖ ਤੋਂ ਦੇਵਤਾ ਬਣਨਾ ਹੈ । ਮਨੁੱਖ ਨੂੰ ਭਰੋਸਾ ਦਿਵਾਉਣਾ ਸੀ ਕਿ ਜਗਤ ਤੋਂ ਤਿਆਗੀ ਹੋ ਜਾਣਾ, ਮਾਨਸਕ ਕਮਜ਼ੋਰੀ ਹੈ । ਅਜੇਹੇ ਤਿਆਗ ਦਾ ਰਿਵਾਜ, ਮਨੁੱਖ ਦੀ ਵੱਡੀ ਬਦ-ਕਿਸਮਤੀ ਹੈ ।

ਪ੍ਰਭੂ ਦਾ ਰੂਪ ਹੋ ਚੁੱਕੇ ਸਤਿਗੁਰੂ ਜੀ ਇਹ ਵੀ ਜਾਣਦੇ ਸਨ ਕਿ ਉਸ ਚੋਜੀ ਸਿਰਜਣਹਾਰ ਨੇ ਇਸ ਕੁਰਾਹੇ ਪਏ ਸੰਸਾਰ ਨੂੰ ਆਪ ਹੀ ਭੁੱਲ ਵਿਚ ਪਾਇਆ ਹੋਇਆ ਹੈ

੧੯- **ਮਾਇਆ ਲਗਿ ਭੂਲੋ ਸੰਸਾਰੁ ॥ ਆਪਿ ਭੁਲਾਇਆ**
**ਭੁਲਾਵਣਹਾਰੈ ਰਾਚਿ ਰਹਿਆ ਬਿਰਥਾ ਬਿਉਹਾਰ ॥ ੧ ॥ ਰਹਾਉ ॥** [੧੧੪੩]-੧੫-੨੮

ਸੰਸਾਰ-ਖੇਡ ਰੂਪੀ ਵਿਸ਼ਾਲ ਮਾਇਆ ਦੇ ਕਈ ਨਿਯਮ ਅਜੇਹੇ ਹਨ ਜਿਨ੍ਹਾਂ ਬਾਰੇ ਠੀਕ ਪਤਾ ਸਿਜਣਹਾਰ ਨੂੰ ਹੀ ਹੈ । ਅਸੀ ਜੀਵ ਪ੍ਰਭ ਦੀ ਇਸ ਚੋਪੜ ਖੇਡ ਦੀਆਂ ਕੇਵਲ ਨਰਦਾਂ ਮਾਤ੍ਰ ਹੀ ਹਾਂ । ਸਾਡੇ ਲਈ ਏਹੀ ਫੱਬਦਾ ਹੈ ਕਿ ਆਪਣੇ ਸਤਿਗੁਰਾਂ ਦੁਆਰਾ, ਪ੍ਰਭੂ ਦੇ ਹੁਕਮ ਦੀ ਕਾਰ ਜਾਣ ਕੇ ਉਸ ਵਿਚ ਰਹਿੰਦਿਆ ਸਬਰ ਸ਼ੁਕਰ ਕਰਦਿਆਂ ਸਦਾ ਸੁਕ੍ਰਿਤ ਕਰੀਏ । ਕਿੰਤੂ ਪ੍ਰੰਤੂ ਕਰਨਾ ਨਰਦਾਂ ਦਾ ਕੰਮ ਨਹੀਂ ਹੁੰਦਾ । ਸ੍ਰਿਸ਼ਟੀ ਸਿਰਜਣਾ ਦੇ ਸੰਬੰਧ ਵਿਚ ਹੀ ਸਤਿਗੁਰਾਂ ਦਾ ਫ਼ੁਰਮਾਨ

੨੦- **ਜਿਨਾ ਪਿਛੈ ਹਉ ਗਈ, ਸੇ ਮੈ ਪਿਛੈ ਭੀ ਰਵਿਆਸੁ ॥**
**ਜਿਨਾ ਕੀ ਮੈ ਆਸੜੀ, ਤਿਨਾ ਮਹਿਜੀ ਆਸ ॥ ੧ ॥** [੧੦੯੭]-ਪਉ-੯

ਜਿਨ੍ਹਾਂ ਤੋਂ ਮੈ ਆਪਣੀ ਗਰਜ਼ ਪੂਰੀ ਕਰਨੀ ਚਾਹੁੰਦਾ ਸਾਂ, ਉਹ ਤਾਂ ਸਗੋਂ ਉਲਟੇ ਮੇਰੇ ਤੇ ਆਸਾਂ ਲਾਈ ਬੈਠੇ ਸਿੱਧ ਹੋ ਰਹੇ ਹਨ ।

੨੧- **ਰੇ ਨਰ ਇਨ ਬਿਧਿ ਪਾਰਿ ਪਰਾਇ ॥**
**ਧਿਆਇ ਹਰਿ ਜੀਉ ਹੋਇ ਮਿਰਤਕੁ ਤਿਆਗ ਦੂਜਾ ਭਾਉ ॥ ਰਹਾਉ ਦੂਜਾ ॥ ੨ ॥** ੧੦੦੧]-੩

੩

# ਨੀਂਦ

ਮਾਇਆ ਦੇ ਤਿੰਨਾ ਗੁਣਾ (ਰਜ, ਤਮ, ਸਤ) ਦੀ ਵਿਚਾਰ ਕਰਦੇ ਸਮੇ ਅਸੀਂ ਪਿੱਛੇ ਪੜ੍ਹ ਆਏ ਹਾਂ ਕਿ ਤਮ ਗੁਣ ਅਜੇਹੇ ਹਨ ਜਿਨ੍ਹਾਂ ਤੋਂ ਆਤਮਕ ਜੀਵਨ ਦਾ ਸਾਹ ਘੁਟਿਆ ਜਾਂਦਾ ਹੈ । ਆਤਮਕ ਜੀਵਨ ਨੂੰ ਨਸ਼ਟ ਕਰਨ ਵਾਲੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਪੰਜ ਵਿਕਾਰ ਅਤੇ ਅਗਿਆਨਤਾ, ਆਲਸ, ਨੀਂਦ ਆਦਿ ਹਨ । ਅਗਿਆਨਤਾ ਬਾਰੇ ਏਸੇ ਭਾਗ ਵਿਚ ਵਿਚਾਰ ਲਿਖੀ ਜਾ ਚੁੱਕੀ ਹੈ ਅਤੇ ਪੁਸਤਕ ਦੇ ਚੌਥੇ ਭਾਗ ਦੇ ਤੀਜੇ ਕਾਂਡ ਦੇ ਛੇਵੇਂ ਲੇਖ ਵਿਚ ਆਲਸ ਬਾਰੇ ਗੁਰਮਤਿ ਵਿਚਾਰ ਲਿਖੇ ਹੋਏ ਹਨ । ਏਥੇ ਅਸਾਂ ਹੁੰਣ " ਨੀਂਦ ' ਬਾਰੇ ਗੁਰਮਤਿ ਵਿਚਾਰ ਕਰਨੀ ਹੈ।
ਕੁਦਰਤ ਦੇ ਬਣਾਏ ਕਿਸੇ ਵੀ ਅਸੂਲ ਵਿਚ ਕਦੇ ਕੋਈ ਖੁਨਾਮੀ ਨਹੀਂ ਹੋ ਸਕਦੀ । ਨੀਂਦ ਮਨੁੱਖਾ ਜਿੰਦਗੀ ਲਈ ਬੜੀ ਜ਼ਰੂਰੀ ਹੈ । ਕੰਮ ਕਾਜ ਤੋਂ ਥਕਿਆ ਹਾਰਿਆ ਮਨੁੱਖ ਜਦ ਲੇਟਦਾ ਹੈ ਤਾਂ **ਨੀਂਦ** ਉਸ ਦਾ ਥਕੇਵਾਂ ਲਾਹੁਣ ਲਈ ਆ ਜਾਂਦੀ ਹੈ । ਲੋੜੀਂਦਾ ਸਮਾ ਨੀਂਦ ਵਿਚ ਟਿਕੇ ਰਹਿਣ ਉਪ੍ਰੰਤ ਉਹੀ ਮਨੁੱਖ ਜੋ ਪਹਿਲਾਂ ਦੋ ਕਦਮ ਪੁੱਟਣੇ ਵੀ ਭਾਰੂ ਮੰਨ ਬੈਠਾ ਸੀ, ਮੁੜ ਤਾਜ਼ਾ ਹੋ ਕੇ ਪਹਿਲੇ ਵਾਂਗ ਹੀ ਪੂਰੇ ਜੋਸ਼ ਨਾਲ ਕੰਮ ਕਾਜ ਕਰਨ ਦੇ ਕਾਬਲ ਹੋ ਜਾਂਦਾ ਹੈ । ਸੋ " ਨੀਂਦ " ਵੀ ਪਰਮਾਤਮਾ ਵਲੋਂ ਮਿਲਿਆ ਇੱਕ ਜ਼ਰੂਰੀ ਉਪਹਾਰ ਹੈ । ਕਿਸੇ ਰੋਗ ਦੇ ਕਾਰਨ ਮਨੁੱਖ ਦੀ ਨੀਂਦ ਘੱਟ ਜਾਏ ਜਾਂ ਕਈ ਵਾਰੀ ਨੀਂਦ ਆਉਂਦੀ ਹੀ ਨਹੀਂ, ਤਾਂ ਅਜੇਹੇ ਵਿਘਨ ਦਾ ਇਲਾਜ ਵੈਦ ਅਥਵਾ ਡਾਕਟਰ ਕਰਦੇ ਹਨ । ਸਰੀਰ ਦੀ ਅਰੋਗਤਾ ਲਈ ਲੋੜ ਅਨੁਸਾਰ (ਸੰਜਮ ਵਿਚ ਰਹਿੰਦਿਆਂ ) ਨੀਂਦ ਬੜੀ ਲਾਹੇਵੰਦ ਹੈ । ਪਰ ਏਸੇ ਨੀਂਦ ਦੇ ਕਈ ਰੂਪ ਆਤਮਕ ਜੀਵਨ ਦਾ ਘਾਤ ਕਰਨ ਵਾਲੇ ਵੀ ਹਨ । ਉਨ੍ਹਾਂ ਮਾਨਸਕ ਰੋਗਾਂ ਦਾ ਇਲਾਜ ਵੈਦਾਂ, ਹਕੀਮਾਂ ਅਥਵਾ ਡਾਕਟਰਾਂ ਕੋਲੋਂ ਨਹੀਂ ਹੋ ਸਕਦਾ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਾਨਸਕ ਰੋਗਾਂ ਦੇ ਪਰਮ-ਵੈਦ ਹਨ ।

੨੨- **ਮਤ ਭੂਲਹੁ ਮਾਨੁਖ ਜਨ ਮਾਇਆ ਭਰਮਾਇਆ ॥**
**ਨਾਨਕ ਤਿਸੁ ਪਤਿ ਰਾਖਸੀ ਜੋ ਪ੍ਰਭਿ ਪਹਿਰਾਇਆ ॥ ੪ ॥** [੮੧੨]-

੪

# ਮਾਇਆ ਦੇ ਨਸ਼ੇ ਦੀ ਨੀਂਦ

' ਪੰਜਾਬੀ ਬੋਲੀ ਦਾ ਇਹ ਬੜਾ ਪ੍ਰਸਿੱਧ ਅਖਾਣ ਹੈ-ਸੁੱਤਾ ਮੋਇਆ ਇੱਕ ਬਰਾਬਰ " । ਮਾਇਆ-ਨਸ਼ੇ ਦੀ ਨੀਂਦ ਵਿਚ ਸੁੱਤੇ ਮਨੁੱਖ ਨੂੰ ਮੁਰਦਾ ਨਹੀਂ ਕਿਹਾ । ਸਗੋਂ ਉਨ੍ਹਾਂ ਦੀ ਭੁੱਲ ਨੂੰ ਆਮ ਬੋਲੀ ਵਾਲੇ ਅੱਡ ਅੱਡ ਤਰੀਕਿਆਂ ਦੇ ਬਚਨਾਂ ਨਾਲ ਅਸਲੀਯਤ ਤੋਂ ਜਾਣੂੰ ਕਰਾ ਕੇ ਮਇਆ ਦੀ ਨੀਂਦ ਤੋਂ ਸਾਨੂੰ ਜਗਾਉਣ ਦਾ ਉਪਕਾਰ ਕੀਤਾ । ਮਾਇਆ ਦੇ ਮੋਹ ਵਿਚ ਫਸਿਆ ਸੰਸਾਰੀ ਜੀਵ ਕਿਸ ਪ੍ਰਕਾਰ ਦੀ ਨੀਂਦ ਵਿਚ ਗ਼ਲਤਾਨ ਹੋ ਗਿਆ, ਅਤੇ ਉਸ ਦੀ ਜੀਵਨ-ਰਾਸ-ਪੂੰਜੀ ਕਿਵੇਂ ਲੁੱਟੀ ਜਾ ਰਹੀ ਹੈ ਉਸ ਦਾ ਵੇਰਵਾ ਸਤਿਗੁਰੂ ਜੀ ਸਮਝਾਉਂਦੇ ਹਨ ਅਤੇ ਨਾਲ ਹੀ ਮਨੁੱਖ ਨੂੰ ਜੀਵਨ ਜੁਗਤ ਸੁਆਰ ਲੈਣ ਦੀ ਜਾਚ ਦੱਸਦੇ ਹੋਏ ਫ਼ੁਰਮਾਨ ਕਰਦੇ ਹਨ:----

੨੩- **ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥ ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦਿ ॥ ੧ ॥ ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥ ੧ ॥ ਰਹਾਉ ॥ ਸਗਲ ਸਹੇਲੀ ਅਪਨੈ ਰਸ ਮਾਤੀ ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥ ਮੁਸਨਹਾਰ ਪੰਚ ਬਟਵਾਰੇ ॥ ਸੂਨੇ ਨਗਰਿ ਪਰੇ ਠਗਹਾਰੇ ॥ ੨ ॥ ਉਨ ਤੇ ਰਾਖੈ ਬਾਪੁ ਨ ਮਾਈ ॥ ਉਨ ਤੇ ਰਾਖੈ ਮੀਤੁ ਨ ਭਾਈ ॥ ਦਰਬਿ ਸਿਆਣਪ ਨਾ ਓਇ ਰਹਤੇ ॥ ਸਾਧ ਸੰਗਿ ਓਇ ਦੁਸਟ ਵਸਿ ਹੋਤੇ ॥ ੩ ॥ ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥ ਸੰਤਨ ਧੂਰਿ ਸਰਬ ਨਿਧਾਨ ॥ ਸਾਬਤੁ ਪੂੰਜੀ ਸਤਿਗੁਰ ਸੰਗਿ ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥ ੪ ॥ ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥ ਇਹ ਪੂੰਜੀ ਸਾਬਤੁ ਧਨੁ ਮਾਲੁ ॥ ੧ ॥ ਰਹਾਉ ਦੂਜਾ** ॥[੧੮੨]-੨੦-੮੯

**ਅਰਥ:**--ਇਸ ਸਰੀਰ-ਘਰ ਵਿਚ ਕੋਈ ਵਿਰਲਾ ਮਨੁੱਖ ਸੁਚੇਤ ਰਹਿੰਦਾ ਹੈ (ਜਿਹੜਾ ਸੁਚੇਤ ਰਹਿੰਦਾ ਹੈ) ਉਹ ਆਪਣੀ ਆਤਮਕ ਜੀਵਨ ਦੀ ਸਾਰੀ ਦੀ ਸਾਰੀ ਰਾਸਿ-ਪੂੰਜੀ ਸਾਂਭ ਲੈਂਦਾ ਹੈ **। ੧ । ਰਹਾਉ ।** ਪਰਾਏ ਰੂਪ ਨੂੰ ਵਿਕਾਰ ਦੀ ਨਿਗਾਹ ਨਾਲ ਦੇਖਣਾ--ਇਹ ਅੱਖਾਂ ਵਿਚ ਨੀਂਦ ਆ ਰਹੀ ਹੈ । ਹੋਰਨਾਂ ਦੀ ਨਿੰਦਿਆ ਦੀ ਵਿਚਾਰ ਸੁਣ ਸੁਣ ਕੇ ਕੰਨ ਸੁਤੇ ਰਹਿੰਦੇ ਹਨ । ਜੀਭ ਖਾਣ ਦੇ ਲੋਭ ਵਿਚ ਮਿੱਠੇ ਸੁਆਦ ਵਿਚ ਸੁੱਤੀ ਰਹਿੰਦੀ ਹੈ । ਮਨ ਮਾਇਆ ਦੇ ਅਸਚਰਜ ਤਮਾਸ਼ੇ ਵਿਚ ਸੁੱਤਾ ਰਹਿੰਦਾ ਹੈ **। ੧ ।** ਸਾਰੇ ਗਿਆਨ ਇੰਦ੍ਰੇ ਆਪੋ ਆਪਣੇ ਚਸਕੇ ਵਿਚ ਮਸਤ ਰਹਿੰਦੇ ਹਨ ਆਪਣੇ ਸਰੀਰ-ਘਰ ਦੀ ਇਹ ਸੂਝ ਨਹੀਂ ਰੱਖਦੇ । ਠੱਗਣ ਵਾਲੇ ਪੰਜੇ ਡਾਕੂ ਸੁੰਞੇ (ਸਰੀਰ-) ਘਰ ਵਿਚ ਆ ਹੱਲਾ ਬੋਲਦੇ ਹਨ **। ੨ ।** ਉਨ੍ਹਾਂ (ਪੰਜਾਂ ਡਾਕੂਆਂ ਤੋਂ) ਨਾਹ ਪਿਉ ਬਚਾ ਸਕਦਾ ਹੈ, ਨਾ ਮਾਂ ਬਚਾ ਸਕਦੀ ਹੈ । ਉਨ੍ਹਾਂ ਤੋਂ ਨਾਂਹ ਕੋਈ ਮਿੱਤਰ ਬਚਾ ਸਕਦਾ ਹੈ, ਨਾਂ ਕੋਈ ਭਰਾ ਬਚਾ ਸਕਦਾ ਹੈ । ਉਹ ਪੰਜੇ ਡਾਕੂ ਨਾਂਹ ਧਨ ਨਾਲ ਵਰਜੇ ਜਾ ਸਕਦੇ ਹਨ, ਅਤੇ ਨਾ ਹੀ ਚਤੁਰਾਈ ਨਾਲ ਵਰਜੇ ਜਾ ਸਕਦੇ ਹਨ । ਉਹ ਪੰਜੇ ਦੁਸ਼ਟ ਸਿਰਫ਼ ਸਾਧ--(ਗੁਰੂ ਗ੍ਰੰਥ ਸਾਹਿਬ ਜੀ ਦੀ)-ਸੰਗਤ ਵਿਚ ਰਿਹਾਂ ਹੀ ਕਾਬੂ ਵਿਚ ਆਉਂਦੇ ਹਨ **। ੩ ।** ਹੇ ਧਨੁਖ-ਧਾਰੀ ਪ੍ਰਭੂ ! ਮੇਰੇ ਉਤੇ ਕਿਰਪਾ ਕਰ । ਮੈਨੂੰ ਸੰਤਾਂ ਦੇ ਚਰਨਾਂ ਦੀ ਧੂੜ ਦੇਹ, ਏਹੀ ਮੇਰੇ ਵਾਸਤੇ ਖ਼ਜ਼ਾਨੇ ਹਨ । ਗੁਰੂ ਦੀ ਸੰਗਤਿ ਵਿਚ ਰਿਹਾਂ ਆਤਮਕ ਜੀਵਨ ਦਾ ਸਰਮਾਇਆ ਬਚਿਆ ਰਹਿ ਸਕਦਾ ਹੈ । ਗੁਰੂ ਜੀ ਫ਼ੁਰਮਾਨ ਕਰਦੇ ਹਨ, ਪਰਮਾਤਮਾਂ ਦੇ ਪ੍ਰੇਮ-ਰੰਗ ਵਿਚ ਰਹਿ ਕੇ ਹੀ ਸੁਚੇਤ ਰਹਿ ਸਕੀਦਾ ਹੈ (ਤੇ ਪੰਜਾਂ ਦੇ ਹੱਲਿਆਂ ਤੋਂ ਬਚ ਸਕੀਦਾ ਹੈ) **। ੪ ।** ਕਾਮਾਦਿਕ ਪੰਜਾਂ ਡਾਕੂਆਂ ਦੇ ਹਲਿਆਂ ਵਲੋਂ ਓਹੀ ਮਨੁੱਖ ਸੁਚੇਤ ਰਹਿੰਦਾ ਹੈ, ਜਿਸ ਤੇ ਪਰਮਾਤਮਾ ਆਪ ਦਇਆਵਾਨ ਹੁੰਦਾ ਹੈ । ਉਸ ਦੀ ਆਤਮਕ ਜੀਵਨ ਦੀ ਇਹ ਰਾਸ-ਪੂੰਜੀ ਸਾਰੀ ਦੀ ਸਾਰੀ ਬਚੀ ਰਹਿੰਦੀ ਹੈ, ਉਸ ਦੇ ਪਾਸ ਪ੍ਰਭੂ ਦਾ ਨਾਮ-ਧਨ ਸਰਮਾਇਆ ਬਚਿਆ ਰਹਿੰਦਾ ਹੈ । ਰਹਾਉ ਦੂਜਾ ।

ਅਜੇਹੀ ਨੀਂਦ ਤੋਂ ਜਗਾਉਣ ਲਈ ਸਤਿਗੁਰਾਂ ਦੇ ਬੇਅੰਤ ਸ਼ਬਦ ਹਨ । ਆਉ ਉਨ੍ਹਾਂ ਵਿਚੋਂ ਕੁਝ ਸ਼ਬਦਾਂ ਦੀ ਵਿਚਾਰ ਕਰ ਕੇ ਗੁਰਦੇਵ ਜੀ ਦੀ ਸਿੱਖਿਆ ਨੂੰ ਹਿਰਦੇ ਵਿਚ ਵਸਾਉਣ ਦਾ ਯਤਨ ਕਰੀਏ:--

੨੪- **ਕਿਆ ਤੂ ਸੋਇਆ ਜਾਗੁ ਇਆਨਾ ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥ ੧ ॥ ਰਹਾਉ** ॥[੭੯੩]-੨

**ਅਰਥ:**--ਹੇ ਅੰਞਾਣ ! ਹੋਸ਼ ਕਰ । ਤੂੰ (ਮਾਇਆ-ਮੋਹ ਦੇ ਨਸ਼ੇ ਵਿਚ) ਕਿਉਂ ਸੌਂ ਰਿਹਾ ਹੈਂ ? ਤੂੰ ਜਗਤ ਵਿਚ ਇਸ ਜੀਊਣ ਨੂੰ ਸਦਾ ਕਾਇਮ ਰਹਿਣ ਵਾਲਾ ਸਮਝ ਬੈਠਾ ਹੈਂ (ਜੋ ਇਕ ਭਰਮ ਹੈ) । ੧ । ਰਹਾਉ ।

੨੫- **ਅੰਦਰਿ ਸਹਸਾ ਦੁਖੁ ਹੈ, ਆਪੈ ਸਿਰਿ ਧੰਧੈ ਮਾਰ ॥ ਦੂਜੈ ਭਾਇ ਸੁਤੇ ਕਬਹਿ ਨਾ ਜਾਗਹਿ ਮਾਇਆ ਮੋਹ ਪਿਆਰ ॥**
**ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ ॥ ਹਰਿ ਨਾਮੁ ਨ ਪਾਇਆ ਜਨਮੁ**
**ਬਿਰਥਾ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ ॥ ੨** ॥[੫੦੮]-ਵਾਰ-੧

**ਅਰਥ:**--ਜਿਨ੍ਹਾਂ ਮਨੁੱਖਾਂ ਦਾ ਮਾਇਆ ਨਾਲ ਮੋਹ ਪਿਆਰ ਹੈ ਜੋ ਮਾਇਆ ਦੇ ਪਿਆਰ ਵਿਚ ਮਸਤ ਹੋ ਰਹੇ ਹਨ ਉਹ (ਇਸ ਗ਼ਫਲਤ ਵਿਚੋਂ) ਕਦੇ ਜਾਗਦੇ ਨਹੀ, ਉਨ੍ਹਾਂ ਦੇ ਮਨ ਵਿਚ ਤੌਖ਼ਲਾ ਤੇ ਕਲੇਸ਼ ਰਹਿੰਦਾ ਹੈ, ਉਨ੍ਹਾਂ ਨੇ ਦੁਨੀਆਂ ਦੇ ਝਮੇਲਿਆਂ ਦਾ ਇਹ ਖਪਣਾ-ਖਪਾਉਣਾਂ ਆਪਣੇ ਸਿਰ ਉਤੇ ਆਪ ਸਹੇੜਿਆ ਹੈ । ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਬੰਦਿਆਂ ਦੀ ਰਹਿਣੀ ਇਹ ਹੈ ਕਿ ਉਹ ਕਦੇ ਵੀ ਗੁਰੂ-ਸ਼ਬਦ ਨਹੀਂ ਵਿਚਾਰਦੇ । ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ, ਅਜੇਹੇ ਮਨਮੁਖਾਂ ਨੂੰ ਪਰਮਾਤਮਾ ਦਾ ਨਾਮ ਨਸੀਬ ਨਹੀਂ ਹੋਇਆ, ਉਹ ਜਨਮ ਅਜਾਂਈ ਗਵਾਉਂਦੇ ਹਨ ਤੇ ਜਮ ਉਨ੍ਹਾਂ ਨੂੰ ਮਾਰ ਕੇ ਖ਼ੁਆਰ ਕਰਦਾ ਹੈ (ਭਾਵ, ਮੌਤ ਦੇ ਹੱਥੋਂ ਉਹ ਸਦਾ ਸਹਿਮੇ ਹੀ ਰਹਿੰਦੇ ਹਨ, ਸਦਾ ਆਤਮਕ ਮੌਤ ਮਰੇ ਹੀ ਰਹਿੰਦੇ ਹਨ) । ੨ ।

੨੬- **ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥ ਏ ਸੂਤੇ ਅਪਣੈ ਅਹੰਕਾਰੀ ॥ ੧ ॥**
**ਮਾਇਆ ਮਦਿ ਮਾਤਾ ਰਹਿਆ ਸੋਇ ॥ ਜਾਗਤੁ ਰਹੈ ਨ ਮੂਸੈ ਕੋਇ ॥ ੧ ॥ ਰਹਾਉ** ॥[੧੧੨੮]-੨

**ਅਤਥ:**--ਜੀਵ ਮਾਇਆ ਦੇ ਮੋਹ ਦੇ ਨਸ਼ੇ ਵਿਚ ਮਸਤ ਹੋ ਕੇ ਪ੍ਰਭੂ ਦੀ ਯਾਦ ਵਲੋਂ ਗ਼ਾਫਿਲ ਹੋਇਆ ਰਹਿੰਦਾ ਹੈ (ਤੇ, ਇਸ ਦੇ ਆਤਮਕ ਜੀਵਨ ਦੀ ਰਾਸਪੂੰਜੀ ਨੂੰ ਕਾਮਾਦਿਕ ਲੁੱਟਦੇ ਰਹਿੰਦੇ ਹਨ) । ਪਰ ਜਿਹੜਾ ਮਨੁੱਖ (ਪ੍ਰਭੂ ਦੀ ਯਾਦ ਦੀ ਬਰਕਤਿ ਨਾਲ) ਸੁਚੇਤ ਰਹਿੰਦਾ ਹੈ, ਉਸ ਨੂੰ ਕੋਈ ਵਿਕਾਰ ਲੁੱਟ ਨਹੀਂ ਸਕਦਾ **। ੧ । ਰਹਾਉ ।** ਹੇ ਭਾਈ ! ਜੋਗੀ, ਗ੍ਰਿਹਸਤੀ, ਪੰਡਿਤ, ਭੇਖਾਂ ਦੇ ਸਾਧੂ--ਇਹ ਸਾਰੇ ਆਪੋ ਆਪਣੇ ਕਿਸੇ ਹੰਕਾਰ ਵਿਚ (ਪੈ ਕੇ ਪ੍ਰਭੂ ਦੀ ਯਾਦ ਵਲੋਂ) ਅਵੇਸਲੇ ਹੋਏ ਰਹਿੰਦੇ ਹਨ ।

੨੭- **ਮਨਮੁਖ ਹਉਮੈ ਮਾਇਆ ਸੂਤੇ ॥ ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ ॥**
**ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ ਦੁਖੇ ਦੁਖਿ ਨਿਵਾਸੀ ਹੇ ॥ ੧੫** ॥[੧੦੪੮]-੫

**ਅਰਥ:**--ਮਨ ਦੇ ਮੁਰੀਦ (ਆਪ ਹੁਦਰੇ) ਮਨੁੱਖ ਹਉਮੈ ਵਿਚ ਮਾਇਆ ਦੇ ਮੋਹ ਵਿਚ (ਸਹੀ ਜੀਵਨ ਵਲੋਂ) ਗ਼ਾਫਿਲ ਹੋਏ ਰਹਿੰਦੇ ਹਨ, (ਵਿਕਾਰਾਂ ਵੱਲੋਂ ਹੋ ਰਹੇ ਹੱਲਿਆਂ ਤੋਂ ਉਹ ਆਪਣਾ ਹਿਰਦਾ-ਘਰ ਨਹੀਂ ਬਚਾਉਂਦੇ, ਆਖ਼ਰ ਖੁਆਰ ਹੁੰਦੇ ਹਨ । ਅਜੇਹੇ ਮਨੁੱਖ ਦੂਜਿਆਂ ਦੀ ਨਿੰਦਾ ਕਰਦੇ ਹਨ (ਆਪਣੇ ਅੰਦਰ ਦੀ) ਚਿੰਤਾ ਉਨ੍ਹਾਂ ਨੂੰ ਬਹੁਤ ਸਾੜਦੀ ਰਹਿੰਦੀ ਹੈ, ਉਹ ਸਦਾ ਦੁੱਖਾਂ ਵਿਚ ਹੀ ਪਏ ਰਹਿੰਦੇ ਹਨ । ੧੫ ।

੨੮- **ਬਿਕਾਰ ਮਾਇਆ ਮਾਦਿ ਸੋਇਓ ਸੂਝ ਬੂਝ ਨ ਆਵੈ ॥ ਪਕਰਿ ਕੇਸ ਜਮਿ ਉਠਾਰਿਓ**
**ਤਦ ਹੀ ਘਰਿ ਜਾਵੈ ॥ ੧ ॥ ਲੋਭ ਬਿਖਿਆ ਬਿਖੈ ਲਾਗੇ ਹਿਰਿ ਵਿਤ ਚਿਤ ਦੁਖਾਹੀ ॥**
**ਖਿਨ ਭੰਗੁਨਾ ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ ॥ ੧ ॥ ਰਹਉ** ॥[੪੦੮]-੧-੧੫੨

**ਅਰਥ:**--ਮਾਇਆ ਦੇ ਲੋਭ ਅਤੇ ਵਿਸ਼ਿਆਂ ਵਿਚ ਲੱਗੇ ਹੋਏ ਪਰਾਇਆ ਧਨ ਚੁਰਾ ਕੇ ਦੂਜਿਆਂ ਦੇ ਦਿਲ ਦੁਖਾਉਂਦੇ ਹਨ, ਪਲ ਵਿਚ ਸਾਥ ਛੱਡ ਜਾਣ ਵਾਲੀ ਮਾਇਆ ਦੇ ਮਾਣ ਵਿਚ ਨਿਰਦਈ ਮਨੁੱਖ ਸਮਝਦੇ ਨਹੀਂ (ਕਿ ਇਹ ਗ਼ਲਤ ਜੀਵਨ-ਰਾਹ ਹੈ) । ੧ । ਰਹਾਉ । ਵਿਕਾਰੀ ਬਣਿਆਂ ਮਨੁੱਖ ਮਾਇਆ ਦੇ ਨਸ਼ੇ ਵਿਚ ਸੁੱਤਾ ਰਹਿੰਦਾ ਹੈ, ਇਸਨੂੰ ਸਹੀ ਜੀਵਨ ਰਾਹ ਦੀ ਅਕਲ ਨਹੀਂ ਆਉਂਦੀ । (ਜਦੋਂ ਅੰਤ ਵੇਲੇ) ਜਮ ਨੇ ਇਸ ਨੂੰ ਕੇਸਾਂ ਤੋਂ ਫੜ ਕੇ ਉਠਾਇਆ (ਜਦੋਂ ਮੌਤ ਸਿਰ ਤੇ ਆ ਪਹੁੰਚੀ) ਤਦੋਂ ਹੀ ਇਸ ਨੂੰ ਹੋਸ਼ ਆਉਂਦੀ ਹੈ (ਕਿ ਸਾਰੀ ਉਮਰ ਕੁਰਾਹੇ ਪਿਆ ਰਿਹਾ ।

ਗੁਰਦੇਵ ਜੀ ਦਾ ਮਿੱਠਾ ਅਤੇ ਨਿਆਰਾ ਸਮਾਝਾਉਣ-ਢੰਗ:---

੨੯- **ਸਿਆਮ ਸੁੰਦਰ ਤਜਿ ਨੀਦ ਕਿਉ ਆਈ ॥ ਮਹਾ ਮੋਹਨੀ ਦੂਤਾ ਲਾਈ ॥ ੧ ॥** [੭੪੪]-੩੪-੪੦

**ਅਰਥ:**--ਮੈਨੂੰ ਕਿਉਂ ਲਾਪਰਵਾਹੀ ਦੀ ਨੀਂਦ ਆ ਗਈ ? ਮੈ ਕਿਉਂ ਸੋਹਣੇ ਪ੍ਰਭੂ ਨੂੰ ਭੁਲਾ ਦਿੱਤਾ ? (ਸ਼ੋਕ !) ਇਨ੍ਹਾਂ ਕਾਮਾਦਿਕ ਵੈਰੀਆਂ ਨੇ ਮੈਨੂੰ ਇਹ ਵਡੀ ਮਨ ਮੋਹਣ ਵਾਲੀ ਮਾਇਆ ਚੰਬੋੜ ਦਿੱਤੀ । ੧ ।

੩੦- **ਜਾਗਿ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥**
**ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥ ੧ ॥ ਰਹਾਉ ॥**[੭੨੬]-੨

**ਅਰਥ:**--ਹੇ ਮਨ ! ਹੋਸ਼ ਕਰ, ਹੋਸ਼ ਕਰ ! ਤੂੰ ਕਿਉਂ ਮਾਇਆ ਦੇ ਮੋਹ ਵਿਚ ਬੇ-ਪਰਵਾਹ ਹੋ ਕੇ ਸੌਂ ਰਿਹਾ ਹੈ ? (ਵੇਖ,) ਜਿਹੜਾ ਇਹ ਸਰੀਰ ਮਨੁੱਖ ਦੇ ਨਾਲ ਹੀ ਪੈਦਾ ਹੁੰਦਾ ਹੈ, ਇਹ ਵੀ ਆਖ਼ਰ ਨਾਲ ਨਹੀਂ ਜਾਂਦਾ । ੧ । ਰਹਾਉ ।

੩੧- **ਰੇ ਜਨ ਉਥਾਰੈ ਦਬਿਓਹੁ ਸੁਤਿਆ ਗਈ ਵਿਹਾਇ ॥**
**ਸਤਿਗੁਰ ਕਾ ਸਬਦੁ ਸੁਣਿ ਨਾ ਜਾਗਿਓ ਅੰਤਰਿ ਨ ਉਪਜਿਓ ਚਾਉ ॥...੧ ॥** [੬੫੧]-ਵਾਰ-੨੩

**ਅਰਥ:**--(ਮੋਹ-ਰੂਪ) ਉਥਾਰੇ ਦੇ ਦੱਬੇ ਹੋਏ ਹੇ ਜੀਵ ! ਤੇਰੀ ਉਮਰ ਸੁਤਿਆਂ ਹੀ ਗੁਜ਼ਰ ਗਈ ਹੈ, ਸਤਿਗੁਰੂ ਦਾ ਸ਼ਬਦ ਸੁਣ ਕੇ ਤੈਨੂੰ ਜਾਗ ਨਹੀਂ ਆਈ ਤੇ ਨਾ ਹੀ ਹਿਰਦੇ ਵਿਚ ਨਾਮ ਜਪਣ ਦਾ ਚਾਉ ਉਪਜਿਆ ਹੈ ।

੩੨- **ਜਾਗਤ ਸੂਤਾ ਭਰਮਿ ਵਿਗੂਤਾ ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥**
**ਸਾਧ ਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥ ੩ ॥**[੧੦੧੯]-੧-੭

**ਅਰਥ:**--(ਜਿਹੜਾ ਮਨੁੱਖ ਹਉਮੈ ਦੇ ਬੰਧਨਾਂ ਨਾਲ ਬੱਝਾ ਪਿਆ ਹੈ ਉਹ) ਜਾਗਦਾ ਸੁੱਤਾ ਹਰ ਵੇਲੇ ਹੀ ਭਟਕਣਾ ਵਿਚ ਪੈ ਕੇ ਖ਼ੁਆਰ ਹੁੰਦਾ ਹੈ । ਹੇ ਮਿੱਤਰ ! ਗੁਰੂ ਦੀ ਸਰਨ ਤੋਂ ਬਿਨਾ ਇਨ੍ਹਾਂ ਬੰਧਨਾਂ ਤੋਂ ਖ਼ਲਾਸੀ ਨਹੀਂ ਹੁੰਦੀ । ਜਿਸ ਮਨੁੱਖ ਦੇ ਹਉਮੈ ਦੇ ਬੰਧਨ ਗੁਰੂ ਦੀ ਸੰਗਤਿ ਵਿਚ ਟਿਕ ਕੇ ਟੁੱਟ ਜਾਂਦੇ ਹਨ, ਉਹ ਹਰ ਥਾਂ ਇਕ ਪਰਮਾਤਮਾਂ ਨੂੰ ਹੀ ਵੇਖਦਾ ਹੈ । ੩ ।

## ੫

## ਜਾਗਰਤ ਅਵਸਥਾ

੩੩- **ਪੰਚ ਸੰਗੁ ਗੁਰ ਤੇ ਛੁਟੇ ਦੋਖ ਅਰੁ ਰਾਗਉ ॥ ਰਿਦੈ ਪ੍ਰਗਾਸੁ ਪ੍ਰਗਟ ਭਇਆ ਨਿਸਿ ਬਾਸੁਰ ਜਾਗਉ ॥ ੩ ॥**[੮੦੮]-੨-੩੨

**ਅਰਥ:**--ਗੁਰੂ ਦੀ ਕਿਰਪਾ ਨਾਲ (ਮੇਰੇ ਅੰਦਰੋਂ ਕਾਮਾਦਿਕ) ਪੰਜਾਂ ਦਾ ਸਾਥ ਮੁੱਕ ਗਿਆ ਹੈ, (ਮੇਰੇ ਅੰਦਰੋਂ) ਦ੍ਵੈਖ ਅਤੇ ਮੋਹ ਦੂਰ ਹੋ ਗਏ ਹਨ । ਮੇਰੇ ਹਿਰਦੇ ਵਿਚ (ਸਹੀ ਜੀਵਨ ਦਾ) ਚਾਨਣ ਹੋ ਗਿਆ ਹੈ, ਹੁਣ ਮੈਂ (ਕਾਮਾਦਿਕ ਦੇ ਹੱਲੇ ਵਲੋਂ) ਰਾਤ ਦਿਨ ਸੁਚੇਤ ਰਹਿੰਦਾ ਹਾਂ । ੩ ।

੩੪- **ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ ॥ ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ ॥ ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ ॥ ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ ॥ ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ ॥ ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ ॥੨॥**[੧੧੧੧]-੩

**ਅਰਥ:**--ਗੁਰੂ ਦੀ ਮਤ ਅਨੁਸਾਰ ਚਲਣ ਵਾਲੇ ਮਨੁੱਖ (ਮਾਇਆ ਦੇ ਹੱਲਿਆਂ ਵਲੋਂ) ਸੁਚੇਤ ਰਹਿੰਦੇ ਹਨ, (ਉਨ੍ਹਾਂ ਦੇ ਅੰਦਰੋਂ) ਹੰਕਾਰ ਵਾਲੀ ਦਸ਼ਾ ਮੁੱਕ ਜਾਂਦੀ ਹੈ । (ਉਨ੍ਹਾਂ ਦੇ ਅੰਦਰ) ਹਰ ਵੇਲੇ ਆਤਮਕ ਜੀਵਨ ਦੀ ਸੂਝ ਦਾ ਚਾਨਣ ਹੋਇਆ ਰਹਿੰਦਾ ਹੈ, (ਉਨ੍ਹਾਂ ਦੀ ਸੁਰਤਿ) ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿਚ ਟਿਕੀ ਰਹਿੰਦੀ ਹੈ, ਗੁਰਮੁਖਾਂ ਦੀ ਸੁਰਤਿ ਪਰਮਾਤਮਾਂ ਵਿਚ ਲੀਨ ਰਹਿੰਦੀ ਹੈ ਅਤੇ ਇਹ ਦਸ਼ਾ ਉਨ੍ਹਾਂ ਨੂੰ ਪਿਆਰੀ ਹੈ । ਗੁਰੂ ਦੇ ਕਹੇ ਵਿਚ ਰਹਿਣ ਵਾਲੇ ਮਨੁੱਖ ਸਦਾ ਹੀ ਸੁਚੇਤ ਰਹਿੰਦੇ ਹਨ । ਗੁਰੂ ਨੇ ਉਨ੍ਹਾਂ ਨੂੰ ਆਤਮਕ ਜੀਵਨ ਦੇਣ ਵਾਲਾ ਸਦਾ-ਥਿਰ ਹਰਿ-ਨਾਮ ਬਖ਼ਸ਼ਿਆ ਹੁੰਦਾ ਹੈ, ਉਨ੍ਹਾਂ ਦੀ ਲਿਵ ਪਰਮਾਤਮਾ ਦੇ ਚਰਨਾਂ ਵਿਚ ਲੱਗੀ ਰਹਿੰਦੀ ਹੈ ।

ਗੁਰਮੁਖਾਂ ਦੇ ਅੰਦਰ ਵਾਹਿਗੁਰੂ ਦੀ ਜੋਤਿ ਦਾ ਚਾਨਣਾ ਹੋ ਜਾਂਦਾ ਹੈ, ਉਹ ਹਰੇਕ ਜੀਵ ਵਿਚ ਉਸੇ ਰੱਬੀ ਜੋਤਿ ਨੂੰ ਵੱਸਦੀ ਸਮਝਦੇ ਹਨ । ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲੀ ਜੀਵ-ਇਸਤ੍ਰੀ ਭਟਕਣਾ ਦੇ ਕਾਰਨ ਕੁਰਾਹੇ ਪਈ ਰਹਿੰਦੀ ਹੈ । ਗੁਰੁਦੇਵ ਜੀ ਦਾ ਫ਼ੁਰਮਾਨ ਹੈ, ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖਾਂ ਦੇ ਅੰਦਰ ਆਤਮਕ ਜੀਵਨ ਦੀ ਸੂਝ ਦਾ ਚਾਨਣ ਹੋਇਆ ਰਹਿੰਦਾ ਹੈ, ਉਨ੍ਹਾਂ ਦਾ ਮਨ (ਉਸ ਚਾਨਣ ਵਿਚ ਪਰਚਿਆ ਰਹਿੰਦਾ ਹੈ । (ਮਾਇਆ ਦੇ ਹੱਲਿਆਂ ਵਲੋਂ) ਸੁਚੇਤ ਰਹਿੰਦਿਆਂ ਹੀ ਉਨ੍ਹਾਂ ਦੀ ਜੀਵਨ-ਰਾਤ ਬੀਤਦੀ ਹੈ । ੨ ।

੩੫- **ਜੁਗਹੁ ਜੁਗੰਤਰਿ ਇਹੁ ਤਤੁ ਸਾਰੁ ॥ ਹਰਿ ਸਿਮਰਣੁ ਸਾਚਾ ਬੀਚਾਰੁ ॥**
**ਜਿਸੁ ਲੜਿ ਲਾਇ ਲਏ ਸੋ ਲਾਗੈ ॥ ਜਨਮ ਜਨਮ ਕਾ ਸੋਇਆ ਜਾਗੈ ॥ ੩ ॥** [੧੧੪੩]-੧੬-੨੯

**ਅਰਥ:**--(ਜੁਗ ਕੋਈ ਵੀ ਹੋਵੇ) ਹਰੇਕ ਜੁਗ ਵਿਚ ਪਰਮਾਤਮਾ ਦਾ ਸਿਮਰਨ ਹੀ (ਆਤਮਕ ਜੀਵਨ ਜੀਉਣ ਦੀ) ਸਹੀ ਵਿਚਾਰ ਹੈ (ਇਹ ਨਾਮ-ਸਿਮਰਨ ਹੀ ਜੀਵਨ-ਜੁਗਤ ਦਾ) ਤੱਤ ਹੈ ਨਿਚੋੜ ਹੈ । ਪਰ, ਜਿਸ ਮਨੁੱਖ ਨੂੰ ਪਰਮਾਤਮਾ ਆਪ ਆਪਣੇ ਲੜ ਲਾ ਲੈਂਦਾ ਹੈ, ਉਹੀ ਲੱਗਦਾ ਹੈ, ਉਹੀ ਮਨੁੱਖ (ਮਾਇਆ ਦੇ ਮੋਹ ਦੀ ਨੀਂਦ ਵਿਚ) ਅਨੇਕਾਂ ਜਨਮਾਂ ਦਾ ਸੁੱਤਾ ਹੋਇਆ ਜਾਗ ਪੈਂਦਾ ਹੈ । ੩ ।

੩੬- **ਮੋਹਿ ਅਨਾਥੁ ਦਾਸੁ ਜਨੁ ਤੇਰਾ ਅਵਰ ਓਟ ਸਗਲੀ ਮੋਹਿ ਤਿਆਗੀ ॥**
**ਭੋਰ ਭਰਮ ਕਾਟੇ ਪ੍ਰਭ ਸਿਮਰਤ ਗਿਆਨ ਅੰਜਨ ਮਿਲਿ ਸੋਵਤ ਜਾਗੀ ॥ ੧ ॥** [੧੩੦੧]-੭-੧੮

**ਪਦਅਰਥ:**--ਮੋਹਿ--ਮੈ । ਅਨਾਥ--ਨਿਮਾਣਾ । ਅਵਰ ਓਟ--ਹੋਰ ਆਸਰਾ । ਭੋਰ ਭਰਮ--ਛੋਟੇ ਤੋਂ ਛੋਟੇ ਭਰਮ ਵੀ । ਅੰਜਨ--ਸੁਰਮਾ । ਮਿਲਿ--ਮਿਲ ਕੇ । ਸੋਵਤ ਜਾਗੀ--ਮਾਇਆ ਦੇ ਮੋਹ ਦੀ ਨੀਂਦ ਤੋਂ ਜਾਗ ਪਈ ।

੩੭- **ਉਨ ਕੈ ਸੰਗਿ ਮੋਹਿ ਪ੍ਰਭੁ ਚਿਤਿ ਆਵੈ ਸੰਤ ਪ੍ਰਸਾਦਿ ਮੋਹਿ ਜਾਗੀ ॥**
**ਸੁਨਿ ਉਪਦੇਸੁ ਭਏ ਮਨ ਨਿਰਮਲ ਗੁਨ ਗਾਏ ਰੰਗਿ ਰਾਂਗੀ ॥ ੧ ॥**[੧੨੬੭]-੧-੫

**ਅਰਥ:**--(ਪ੍ਰਭੂ ਦੇ ਪ੍ਰੀਤਵਾਨ) ਉਨ੍ਹਾਂ ਭਗਤ ਜਨਾਂ ਦੀ ਸੰਗਤਿ ਵਿਚ ਰਹਿ ਕੇ ਮੇਰੇ ਚਿੱਤ ਵਿਚ ਪਰਮਾਤਮਾ ਆ ਵੱਸਦਾ ਹੈ । ਸੰਤ ਜਨਾਂ ਦੀ ਕਿਰਪਾ ਨਾਲ ਮੈਨੂੰ (ਮਾਇਆ ਦੇ ਮੋਹ ਦੀ ਨੀਂਦ ਵਿਚੋਂ) ਜਾਗ ਆ ਗਈ ਹੈ । ਉਨ੍ਹਾਂ ਦਾ ਉਪਦੇਸ਼ ਸੁਣ ਕੇ ਮਨ ਪਵਿੱਤਰ ਹੋ ਜਾਂਦੇ ਹਨ ਪ੍ਰਭੂ ਦੇ ਪ੍ਰੇਮ-ਰੰਗ ਵਿਚ ਰੰਗੀਜ ਕੇ ਮਨੁੱਖ ਪ੍ਰਭੂ ਦੇ ਗੁਣ ਗਾਉਣ ਲੱਗ ਪੈਂਦੇ ਹਨ । ੧ ।

## ੬- ਸੁਭਾਗੀ ਨੀਂਦ

੩੮- **..ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ ਆਉ ਸੁਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥... ੧ ॥** [੫੫੮]-੩

**ਅਰਥ:**--(ਹੇ ਪ੍ਰਭੂ ਪਤੀ !) ਮੈਨੂੰ ਤੂੰ ਸੁਪਨੇ ਵਿਚ ਮਿਲਿਆ (ਸੁਪਨਾ ਮੁੱਕਿਆ, ਤੇ ਤੂੰ) ਫਿਰ ਚਲਾ ਗਿਆ, (ਵਿਛੋੜੇ ਦੇ ਦੁੱਖ ਵਿਚ) ਮੈਂ ਹੰਝੂ ਭਰ ਕੇ ਰੋਈ । ਹੇ ਪਿਆਰੇ ! ਮੈਂ ਨਿਮਾਣੀ ਤੇਰੇ ਪਾਸ ਅੱਪੜ ਨਹੀਂ ਸਕਦੀ, ਮੈਂ (ਗ਼ਰੀਬ) ਕਿਸੇ ਨੂੰ ਤੇਰੇ ਕੋਲ ਘੱਲ ਨਹੀਂ ਸਕਦੀ (ਜੋ ਮੇਰੀ ਹਾਲਤ ਤੈਨੂੰ ਦੱਸੇ । ਨੀਂਦ ਅੱਗੇ ਹੀ ਤਰਲੇ ਕਰਦੀ ਹਾਂ--) ਹੇ ਭਗਾਂ ਵਾਲੀ ਸੋਹਣੀ ਨੀਂਦ ! ਤੂੰ ਹੀ ਮੇਰੇ ਕੋਲ ਆ ਸ਼ਇਦ ਤੇਰੀ ਰਾਹੀਂ ਹੀ) ਮੈਂ ਆਪਣੇ ਖ਼ਸਮ-ਪ੍ਰਭੂ ਦਾ ਦੀਦਾਰ ਕਰ ਸਕਾਂ ।

(ਏਥੇ ਉਚੇਚੇ ਤੌਰ ਤੇ ਸੁਭਾਗੀ ਨੀਂਦ ਦੇ ਦਰਸ਼ਨ ਹਨ। ਪੂਰਾ ਗੁਰੂ ਸ਼ਬਦ ਬਿਰਹਾ ਵਾਲੇ ਲੇਖ ਵਿਚ ਲਿਖਿਆ ਗਿਆ ਹੈ)

੩੯- **ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ ॥ ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ ॥੧॥ ਰਹਾਉ ॥**[੮੧੬]-੩੧-੬੧

**ਅਰਥ:**--(ਮੈਨੂੰ ਹਰ ਵੇਲੇ ਇਹ ਤਾਂਘ ਰਹਿੰਦੀ ਹੈ ਕਿ) ਆਪਣੀ ਜਿੰਦ ਦੇ ਚਾਉ ਨਾਲ ਕਦੋਂ ਮੈਂ ਆਪਣੇ ਪਿਆਰੇ ਪ੍ਰਭੂ ਨੂੰ ਵੇਖ ਸਕਾਂਗਾ । (ਜੇ ਰਾਤ ਨੂੰ ਸੁੱਤੇ ਪਿਆਂ ਸੁਪਨੇ ਵਿਚ ਹੀ) ਪ੍ਰਭੂ ਦੇ ਨਾਲ ਵੱਸ ਸਕੀਏ, ਤਾਂ ਇਸ ਜਾਗਦੇ ਰਹਿਣ ਨਾਲੋਂ (ਸੁਤੇ ਪਿਆਂ ਆਉਣ ਵਾਲਾ) ਸੁਪਨਾਂ ਹੀ ਚੰਗਾ ਹੈ ।

੪੦- **ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ ॥ ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ ॥ ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ ॥ ਵਰੁ ਪਾਇਆ ਪ੍ਰਭੁ ਅੰਤਰਜਾਮੀ ਨਾਨਕ ਸੋਹਾਗੁ ਨ ਟਲਿਆ ॥ ੪ ॥** [੨੪੯]-੪-੨-੫-੧੧

**ਅਰਥ:**--ਹੇ ਸਹੇਲੀਏ ! (ਸਾਧ ਸੰਗਤਿ ਦੀ ਬਰਕਤ ਨਾਲ ਹੁਣ) ਮੈਂ ਸਦਾ ਆਪਣੇ ਖ਼ਸਮ-ਪ੍ਰਭੂ ਨਾਲ ਵੱਸਦੀ ਹਾਂ, ਮੇਰਾ ਮਨ ਉਸ ਹਰੀ ਨਾਲ ਗਿੱਝ ਗਿਆ ਹੈ, ਮੇਰਾ ਤਨ (ਹਿਰਦਾ) ਉਸ ਹਰੀ ਨਾਲ ਇੱਕ-ਮਿੱਕ ਹੋ ਗਿਆ ਹੈ । ਹੇ ਸਹੇਲੀਏ ! ਸੁਣ ਹੁਣ ਮੈਨੂੰ ਨੀਂਦ ਵੀ ਪਿਆਰੀ ਲੱਗਦੀ ਹੈ, (ਕਿਉਂਕਿ ਸੁਪਨੇ ਵਿਚ ਵੀ) ਮੈਨੂੰ ਆਪਣਾ ਪਿਆਰਾ ਪਤੀ (ਪਰਮੇਸ਼ਰ) ਮਿਲ ਪੈਂਦਾ ਹੈ । ਉਸ ਮਾਲਕ ਨੇ ਮੇਰੀ ਭਟਕਣਾ ਦੂਰ ਕਰ ਦਿੱਤੀ ਹੈ, ਮੇਰੇ ਅੰਦਰ ਹੁਣ ਸ਼ਾਂਤੀ ਬਣੀ ਰਹਿੰਦੀ ਹੈ, ਮੈਂ ਆਤਮਕ ਅਡੋਲਤਾ ਵਿਚ ਟਿਕੀ ਰਹਿੰਦੀ ਹਾਂ, (ਮੇਰੇ ਅੰਦਰ ਉਸ ਦੀ ਜੋਤਿ ਦਾ) ਚਾਨਣ ਹੋ ਗਿਆ ਹੈ (ਜਿਵੇਂ ਸੂਰਜ ਦੀਆਂ ਕਿਰਨਾਂ ਨਾਲ) ਕੌਲ-ਫੁੱਲ ਖਿੜ ਪੈਂਦਾ ਹੈ (ਤਿਵੇਂ ਉਸ ਦੀ ਜੋਤਿ ਦੇ ਚਾਨਣ ਨਾਲ ਮੇਰਾ ਹਿਰਦਾ ਖਿੜਿਆ ਰਹਿੰਦਾ ਹੈ ) । (ਗੁਰੂ ਦੀ ਮਿਹਰ ਨਾਲ ) ਮੈਂ ਅੰਤਰਜਾਮੀ ਪ੍ਰਭੂ-ਖਸਮ ਲੱਭ ਲਿਆ ਹੈ, ਤੇ ਮੇਰੇ ਸਿਰ ਦਾ) ਇਹ ਸੁਹਾਗ ਕਦੇ ਦੂਰ ਹੋਣ ਵਾਲਾ ਨਹੀਂ । ੪ ।

੪੧- **ਸਜਣ ਮੁਖੁ ਅਨੂਪੁ, ਅਠੇ ਪਹਰ ਨਿਹਾਲਸਾ ॥ ਸੁਤੜੀ ਸੋ ਸਹੁ ਡਿਠੁ, ਤੈ ਸੁਪਨੇ ਹਉ ਖੰਨੀਐ ॥ ੨ ॥**[੧੧੦੦]-ਵਾਰ-੧੭

**ਪਦਅਰਥ:**--ਸਜਣ ਮੁਖੁ--ਮਿੱਤਰ ਪ੍ਰਭੂ ਦਾ ਮੂੰਹ । ਅਨੂਪ--ਉਪਮਾਂ ਰਹਿਤ, ਬੇ-ਮਿਸਾਲ, ਬਹੁਤ ਹੀ ਸੋਹਣਾ । ਨਿਹਾਲਸਾਂ--ਮੈਂ ਵੇਖਾਂ ਗੀ । ਸੁਤੜੀ--ਸੁਤੀ ਹੋਈ ਨੇ । ਸਹੁ--ਖ਼ਸਮ । ਸੁਪਨੇ--ਹੇ ਸੁਪਨੇ ! ਤੈ--ਤੈਥੋਂ । ਹੌਉ--ਮੈਂ । ਖੰਨੀਐ--ਕੁਰਬਾਨ ਹਾਂ ।

**ਅਰਥ:**--ਸੁੱਤੀ ਹੋਈ ਨੇ ਮੈਂ ਉਸ ਖ਼ਸਮ-ਪ੍ਰਭੂ ਨੂੰ ਸੁਪਨੇ ਵਿਚ ਵੇਖਿਆ, ਸੱਜਣ ਦਾ ਮੂੰਹ ਬਹੁਤ ਹੀ ਸੋਹਣਾ ਲੱਗਾ । ਹੇ ਸੁਪਨੇ ! ਮੈਂ ਤੈਥੋਂ ਸਦਕੇ ਜਾਂਦੀ ਹਾਂ । (ਹੁਣ ਮੇਰੀ ਤਾਂਘ ਹੈ ਕਿ) ਮੈਂ ਅੱਠੇ ਪਹਰ ਸੱਜਣ ਦਾ ਮੂੰਹ ਵੇਖਦੀ ਰਹਾਂ । ੨ ।

੪੨- **ਸੁਤੜੇ ਸੁਖੀ ਸਵੰਨਿ੍ ਜੋ ਰਤੇ ਸਹ ਆਪਣੇ ॥ ਪ੍ਰੇਮ ਵਿਛੋਹਾ ਧਣੀ ਸਉ ਅਠੇ ਪਹਰ ਲਵੰਨਿ੍ ॥ ੧੨ ॥**[੧੪੨੫]

**ਪਦ ਅਰਥ:**--ਸੁਤੜੇ--ਪ੍ਰੇਮ-ਲਗਨ ਵਿਚ ਮਸਤ ਰਹਿਣ ਵਾਲੇ । ਸਵੰਨਿ੍--ਸੌਂਦੇ ਹਨ, ਜੀਵਨ ਬਤੀਤ ਕਰਦੇ ਹਨ । ਸਹੁ--ਸ਼ਹੁ, ਖ਼ਸਮ । ਸਹ ਆਪਣੇ--ਆਪਣੇ ਸ਼ਹੁ ਦੇ ਪ੍ਰੇਮ ਰੰਗ ਵਿਚ । ਰਤੇ--ਰੰਗੇ ਹੋਏ । ਵਿਛੋਹਾ--ਵਿਛੋੜਾ । ਧਣੀ--ਮਾਲਕ-ਪ੍ਰਭੂ । ਸਉ--ਸਿਉਂ, ਨਾਲੋਂ । ਲਵੰਨਿ੍--ਲੌਂ ਲੌਂ ਕਰਦੇ ਹਨ । ੧੨ ।

## ੭

## ਨੀਂਦ ਅਤੇ ਪ੍ਰਭੂ ਦੀ ਯਾਦ

ਗੁਰੂ ਦੇ ਹੁਕਮ ਅਨੁਸਾਰ ਜੀਵਨ-ਜੁਗਤ ਢਾਲ ਲੈਣ ਨਾਲ ਜਦੋਂ ਪ੍ਰਭੂ ਦੀਆਂ ਵਡਿਆਈਆਂ ਨਾਲ ਹਿਰਦੇ ਵਿਚ ਪਿਆਰ ਬਣ ਜਾਂਦਾ ਹੈ ਤਾਂ ਨੀਂਦ ਵਿਚ ਵੀ ਪ੍ਰਭੂ ਦੀ ਯਾਦ ਨਹੀਂ ਵਿੱਸਰਦੀ:--

੪੩- **ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ ॥ ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ ॥ ਕਰਮੀ ਸਤਿਗੁਰੁ ਪਾਈਐ ਅਨਦਿਨੁ ਲਗੈ ਧਿਆਨੁ ॥ ਤਿਨ ਕੀ ਸੰਗਤਿ ਮਿਲਿ ਰਹਾ ਦਰਗਹ ਪਾਈ ਮਾਨੁ ॥ ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ ॥ ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ ॥ ੧ ॥**[੩੧੨]-ਵਾਰ-੨੨

**ਅਰਥ:**--ਸੌਣਾ ਕੀਹ ਤੇ ਜਾਗਣਾ ਕੀਹ, ਜੋ ਮਨੁੱਖ ਸਤਿਗੁਰੂ ਦੇ ਸਨਮੁੱਖ ਹਨ (ਭਾਵ, ਜੋ ਗੁਰੂ ਦੇ ਹੁਕਮ ਵਿਚ ਵਿਚਰਦੇ ਹਨ) ਉਨ੍ਹਾਂ ਲਈ ਇਹ ਦੋਵੇਂ ਹਾਲਤਾਂ ਇੱਕੋ ਜਿਹੀਆਂ ਹਨ--ਕਿ ਉਨ੍ਹਾਂ ਨੂੰ ਪ੍ਰਭੂ ਇੱਕ ਦਮ ਵੀ ਨਹੀਂ ਵਿੱਸਰਦਾ ਤੇ ਉਹ ਮਨੁੱਖ ਸਰਬ ਗੁਣ ਸੰਪੂਰਣ ਅਤੇ ਉਤਮ ਹੁੰਦੇ ਹਨ (ਭਾਵ, ਸੁੱਤੇ ਹੋਏ ਵੀ ਨਾਮ ਵਿਚ ਜੁੜੇ ਰਹਿੰਦੇ ਹਨ ਤੇ ਜਾਗਦੇ ਵੀ । ਲੋਕਾਂ ਨੂੰ ਉਹ ਸੁੱਤੇ ਜਾਂ ਜਾਗਦੇ ਦਿੱਸਦੇ ਹਨ, ਪਰ ਉਹ ਸਦਾ ਨਾਮ ਵਿਚ ਲੀਨ ਰਹਿੰਦੇ ਹਨ) ਪ੍ਰਭੂ ਦੀ ਮਿਹਰ ਨਾਲ ਸਤਿਗੁਰੂ (ਗ੍ਰੰਥ ਸਾਹਿਬ ਦੀ ਨੇੜਤਾ) ਮਿਲਦੀ ਹੈ ਤੇ ਹਰ ਵੇਲੇ (ਸੁੱਤਿਆਂ ਤੇ ਜਾਗਦਿਆਂ ਗੁਰੂ ਦੀ ਮਿਹਰ ਨਾਲ ਹੀ) ਜੀਵ ਦਾ ਧਿਆਨ (ਨਾਮ ਵਿਚ ਜੁੜਿਆ ਰਹਿੰਦਾ ਹੈ) । (ਚਿੱਤ ਲੋਚਦਾ ਹੈ ਕਿ) ਮੈਂ ਵੀ ਉਨ੍ਹਾਂ ਦੀ ਸੰਗਤਿ ਕਰਾਂ ਤੇ ਪ੍ਰਭੂ ਦੀ ਹਜ਼ੂਰੀ ਵਿਚ ਆਦਰ ਪਾਵਾਂ) । (ਸਤਿਗੁਰੂ ਦੇ ਸਨਮੁੱਖ ਹੋਏ ਉਹ ਵਡਭਾਗੀ ਜੀਉੜੇ) ਸੌਣ ਲੱਗੇ ਵੀ ਸਿਫ਼ਤਿ-ਸਾਲਾਹ ਕਰਦੇ ਹਨ ਤੇ ਉਠਣ ਵੇਲੇ ਵੀ । ਗੁਰਦੇਵ ਜੀ ਫ਼ੁਰਮਾਉਂਦੇ ਹਨ ਕਿ, ਅਜੇਹੇ ਮਨੁੱਖਾਂ ਦੇ ਮੂੰਹ ਉੱਜਲੇ ਹੁੰਦੇ ਹਨ, ਜੋ ਸਦਾ ਸੁਚੇਤ ਰਹਿ ਕੇ ਨਾਮ ਚੇਤੇ ਰੱਖਦੇ ਹਨ । ੧।

੪੪- **ਕਾਹੇ ਏਕ ਬਿਨਾ ਚਿਤੁ ਲਾਈਐ ॥ ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ ॥ ੧ ॥ ਰਹਾਉ ॥** [੩੭੯]-੧-੩੮

**ਅਰਥ:**--ਇੱਕ ਪਰਮਾਤਮਾ ਤੋਂ ਬਿਨਾ ਕਿਸੇ ਹੋਰ ਵਿਚ ਪ੍ਰੀਤਿ ਨਹੀਂ ਜੋੜਨੀ ਚਾਹੀਦੀ । ਉਠਦਿਆਂ ਬੈਠਦਿਆਂ ਸੁੱਤਿਆਂ ਜਾਗਦਿਆਂ ਸਦਾ ਹੀ ਪਰਮਾਤਮਾ ਵਿਚ ਹੀ ਸੁਰਤਿ ਜੋੜੀ ਰੱਖਣੀ ਚਾਹੀਦੀ ਹੈ । ੧ । ਰਹਾਉ ।

੪੫- **ਮਹਾ ਕਿਲਬਿਖ ਕੋਟਿ ਦੋਖ ਰੋਗੁ ਪ੍ਰਭ ਦ੍ਰਿਸਟਿ ਤੁਹਾਰੀ ਹਾਤੇ ॥ ਸੋਵਤ ਜਾਗਿ ਹਰਿ ਹਰਿ ਹਰਿ ਗਾਇਆ ਨਾਨਕ ਗੁਰਚਰਨ ਪਰਾਤੇ ॥ ੨ ॥**[੫੨੯]-੮

**ਅਰਥ**:--ਹੇ ਪ੍ਰਭੂ ! (ਜੀਵਾਂ ਦੇ ਕੀਤੇ ਹੋਏ) ਵਡੇ ਵਡੇ ਪਾਪ, ਕ੍ਰੋੜਾਂ ਐਬ ਤੇ ਰੋਗ ਤੇਰੀ ਮਿਹਰ ਦੀ ਨਿਗਾਹ ਨਾਲ ਨਾਸ ਹੋ ਜਾਂਦੇ ਹਨ । ਗੁਰੂ ਜੀ ਦਾ ਫ਼ੁਰਮਾਨ ਹੈ--ਜਿਹੜੇ ਮਨੁੱਖ ਗੁਰੂ ਦੀ ਚਰਨੀ ਆ ਪੈਂਦੇ ਹਨ (ਚਰਨੀ ਪੈਣ ਤੋ ਭਾਵ, ਗੁਰੂ ਦੀ ਸਿਖਿਆ ਅਨੁਸਾਰ ਆਪਣਾ ਜੀਵਨ ਬਣਾ ਲੈਂਦੇ ਹਨ, ਆਪਣੀ ਮਤ ਦਾ ਹੰਕਾਰ ਤਿਆਗ ਕੇ ਗੁਰੂ ਦੇ ਹੁਕਮ ਵਿਚ ਚੱਲਣਾ ਆਪਣੇ ਜੀਵਨ ਦਾ ਮੰਤਵ ਬਣਾ ਲੈਂਦੇ ਹਨ) ਉਹ ਫਿਰ ਸੁਤਿਆਂ ਜਾਗਦਿਆਂ ਹਰ ਵੇਲੇ ਪਰਮਾਤਮਾ ਦੀ ਸਿਫ਼ਤ-ਸਾਲਾਹ ਦਾ ਗੀਤ ਗਾਉਂਦੇ ਰਹਿੰਦੇ ਹਨ । (ਭਾਵ, ਪ੍ਰਭੂ ਦੀ ਯਾਦ ਉਨ੍ਹਾਂ ਦੇ ਰੋਮ ਰੋਮ ਵਿਚ ਸਮਾ ਜਾਂਦੀ ਹੈ )

੪੬- **ਹਰਿ ਹਰਿ, ਹਰਿ ਹਰਿ, ਹਰਿ ਹਰੇ, ਹਰਿ ਹਰਿ, ਹਰਿ ਹੇਤ ॥**
**ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ ॥ ੧ ॥ ਰਹਾਉ ॥** [੮੧੦]-੯-੩੯

੪੭- **ਚਲਤ ਬੈਸਤ ਸੋਵਤ ਜਾਗਤ ਗੁਰ ਮੰਤ੍ਰੁ ਰਿਦੈ ਚਿਤਾਰਿ ॥**
**ਚਰਣ ਸਰਣ ਭਜੁ ਸੰਗਿ ਸਾਧੂ ਭਵ ਸਾਗਰ ਉਤਰਹਿ ਪਾਰਿ ॥ ੧ ॥** [੧੦੦੬]-੪-੨੭

**ਅਰਥ**:--ਹੇ ਭਾਈ ! ਤੁਰਦਿਆਂ ਫਿਰਦਿਆਂ, ਬੈਠਦਿਆਂ, ਸੁਤਿਆਂ ਪਿਆਂ, ਜਾਗਦਿਆਂ--ਹਰ ਵੇਲੇ ਗੁਰੂ ਦਾ ਉਪਦੇਸ਼ ਹਿਰਦੇ ਵਿਚ ਚੇਤੇ ਰੱਖ । ਸਾਧ (ਗੁਰੂ ਗ੍ਰੰਥ ਸਾਹਿਬ ਜੀ ਦੀ) ਸੰਗਤਿ ਵਿਚ ਰਹਿ ਕੇ ਪਰਮਾਤਮਾ ਦੇ ਚਰਨਾਂ ਦਾ ਆਸਰਾ ਲੈ, (ਇਸ ਤਰ੍ਹਾਂ) ਤੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਏਂਗਾ । ੧ ।

## ਬਿਰਹਾ-ਨੀਂਦ

੪੮- **ਪਿਰ ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੈ ॥ ਮਨੁ ਸੀਤਲੁ ਹੋਆ**
**ਮੇਰੇ ਪਿਆਰੇ ਹਰਿ ਬੂੰਦ ਪੀਵੈ ॥ ਤਨਿ ਬਿਰਹੁ ਜਗਾਵੈ ਮੇਰੇ ਪਿਆਰੇ ਨੀਂਦ ਨ ਪਵੈ ਕਿਵੈ ॥**
**ਹਰਿ ਸਜਣੁ ਲਧਾ ਮੇਰੇ ਪਿਆਰੇ, ਨਾਨਕ ਗੁਰੂ ਲਿਵੈ ॥ ੩ ॥**[੪੫੨]-ਛੰਤ-੧੪-੨੧

**ਅਰਥ**:--ਹੇ ਮੇਰੇ ਪਿਆਰੇ ! ਮੇਰੀਆਂ ਅੱਖਾਂ ਪ੍ਰਭੂ-ਪਤੀ ਦੇ ਦਰਸ਼ਨ ਵਿਚ ਮਸਤ ਹਨ ਜਿਵੇਂ ਪਪੀਹਾ (ਸਵਾਂਤੀ ਵਰਖਾ ਦੀ) ਬੂੰਦ ਲਈ ਤਾਂਘਦਾ ਹੈ । ਹੇ ਮੇਰੇ ਪਿਆਰੇ ! ਜਦੋਂ ਮੇਰਾ ਮਨ ਪਰਮਾਤਮਾਂ ਦੇ ਨਾਮ-ਜਲ ਦੀ ਬੂੰਦ ਪੀਂਦਾ ਹੈ ਤਾਂ ਠੰਡਾ-ਠਾਰ ਹੋ ਜਾਂਦਾ ਹੈ । ਹੇ ਮੇਰੇ ਪਿਆਰੇ ! ਮੇਰੇ ਸਰੀਰ ਵਿਚ ਉਪਜਿਆ ਹੋਇਆ ਵਿਛੋੜੇ ਦਾ ਦਰਦ ਮੈਨੂੰ ਜਗਾਈ ਰੱਖਦਾ ਹੈ, ਕਿਸੇ ਤਰ੍ਹਾਂ ਵੀ ਨੀਂਦ ਨਹੀਂ ਆਉਂਦੀ । ਗੁਰਦੇਵ ਜੀ ਦਾ ਫ਼ੁਰਮਾਨ--ਹੇ ਮੇਰੇ ਪਿਆਰੇ ! ਗੁਰੂ ਦੀ ਬਖ਼ਸ਼ੀ ਲਗਨ ਦੀ ਬਰਕਤਿ ਨਾਲ ਮੈਂ ਸੱਜਣ ਪ੍ਰਭੂ ਨੂੰ ਆਪਣੇ ਅੰਦਰ ਹੀ ਲੱਭ ਲਿਆ ਹੈ । ੩ ।

੪੯- **ਨਿਸ ਬਾਸੁਰ ਪ੍ਰਿਅ ਪ੍ਰਿਅ ਮੁਖਿ ਟੇਰਉ, ਨੀਂਦ ਪਲਕ ਨਹੀ, ਜਾਗਿਓ ॥**
**ਹਾਰ ਕਜਰ ਬਸਤ੍ਰ ਅਨਿਕ ਸੀਗਾਰ ਰੇ ਬਿਨੁ ਪਿਰ ਸਭੈ ਬਿਖੁ ਲਾਗਿਓ ॥ ੧ ॥**[੧੨੦੩]-੫

**ਅਰਥ**:--ਰਾਤ ਦਿਨ ਮੈਂ ਆਪਣੇ ਮੂੰਹੋਂ ਹੇ ਪਿਆਰੇ ! ਹੇ ਪਿਆਰੇ ! ਬੋਲਦੀ ਰਹਿੰਦੀ ਹਾਂ, ਮੈਨੂੰ ਇਕ ਪਲ ਭਰ ਵੀ ਨੀਂਦ ਨਹੀਂ ਆਉਂਦੀ, ਸਦਾ ਜਾਗ ਕੇ (ਸਮਾ ਗੁਜ਼ਾਰ ਰਹੀ ਹਾਂ) । ਹੇ ਵੀਰ ਹਾਰ, ਕੱਜਲ, ਕੱਪੜੇ, ਅਨੇਕਾਂ ਗਹਿਣੇ--ਇਹ ਸਾਰੇ ਪ੍ਰਭੂ-ਪਤੀ ਦੇ ਮਿਲਾਪ ਤੋਂ ਬਿਨਾਂ ਮੈਨੂੰ ਆਤਮਕ ਮੌਤ ਲਿਆਉਂਣ ਵਾਲੀ ਜ਼ਹਿਰ ਦਿੱਸ ਰਹੇ ਹਨ । ੧ ।

## ਸੁਪਨਾਂ

ਪ੍ਰਭੂ ਦੀ ਸਦੀਵੀ ਯਾਦ ਜਦ ਬਿਰਹਾਂ ਦਾ ਰੂਪ ਧਾਰ ਲਵੇਂ ਤਾਂ ਸੁਪਨਿਆਂ ਵਿਚ ਪ੍ਰਭੂ-ਪ੍ਰਕਾਸ਼ ਤੇ ਕਈ ਤਰ੍ਹਾਂ ਨਾਲ ਪ੍ਰਤੱਖ ਦਰਸ਼ਨ ਹੋਣੇ ਅਰੰਭ ਹੋ ਜਾਂਦੇ ਹਨ ਅਤੇ ਫਿਰ ਜਾਗਰਤ ਅਵਸਥਾ ਨਾਲੋਂ ਸੁਪਨ-ਅਵਸਥਾ ਚੰਗੀ ਲਗਣ ਲੱਗ ਪੈਂਦੀ ਹੈ:--

੫੦- **ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥**
**ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥ ੨੩ ॥**[੧੪੨੭]

੫੧- **ਸਾਧ ਸਰਨਿ ਚਰਨ ਚਿਤੁ ਲਾਇਆ ॥ ਸੁਪਨ ਕੀ ਬਾਤ ਸੁਨੀ,**
**ਪੇਖੀ ਸੁਪਨਾ, ਨਾਮ ਮੰਤ੍ਰੁ ਸਤਿਗੁਰੂ ਦ੍ਰਿੜਾਇਆ ॥ ੧ ॥ ਰਹਾਉ ॥**[੧੩੦੦]-੧੦

**ਅਰਥ**:--(ਜਦੋਂ ਤੋਂ ਸਾਧ-ਗੁਰੂ (-ਗ੍ਰੰਥ ਸਾਹਿਬ ਜੀ) ਦੀ ਸਰਨ ਪੈ ਕੇ ਪ੍ਰਭੂ ਦੇ ਚਰਨਾਂ ਵਿਚ ਚਿਤ ਜੋੜਿਆ ਹੈ, ਜਦੋਂ ਤੋਂ ਗੁਰੂ ਨੇ ਪਰਮਾਤਮਾਂ ਦਾ ਨਾਮ-ਮੰਤ੍ਰ (ਮੇਰੇ ਹਿਰਦੇ ਵਿਚ) ਪੱਕਾ ਕਰ ਕੇ ਟਿਕਾਇਆ ਹੈ (ਤਦੋਂ ਤੋਂ ਉਸ ਜਗਤ ਨੂੰ) ਸੁਪਨਾ ਵੀ ਆਪਣੀਂ ਅਖੀਂ ਵੇਖ ਲਿਆ ਹੈ ਜਿਸ ਨੂੰ ਸੁਪਨੇ ਦੀ ਗੱਲ ਸੁਣਿਆ ਹੋਇਆ ਸੀ (ਭਾਵ, ਨਾਮ ਦੀ ਸੋਝੀ ਆਉਂਦਿਆਂ ਹੀ ਹੁਣ ਜਗਤ ਦੀ ਅਸਲੀਅਤ ਦੀ ਪਛਾਣ ਆ ਗਈ ਹੈ) । ੧ । ਰਹਾਉ ।

੫੨- **ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ ॥ ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ ॥ ਖੋਜਉ ਤਾ ਕੇ ਚਰਣ**
**ਕਹਹੁ ਕਤ ਪਾਈਐ ॥ ਹਰਿਹਾਂ ਸੋਈ ਜਤੰਨੁ ਬਤਾਇ ਸਖੀ, ਪ੍ਰਿਉ ਪਾਈਐ ॥ ੧੩ ॥**[੧੩੬੨]-ਫੁਨਹੇ

**ਅਰਥ**:--ਹੇ ਸਹੇਲੀਏ ! ਸੁਪਨੇ ਵਿਚ (ਪ੍ਰਭੂ-ਪਤੀ ਨੂੰ ਵੇਖ ਕੇ) ਮੈਂ ਉੱਠ ਖਲੋਤੀ (ਪਰ ਮੈਂ ਉਸ ਦਾ ਪੱਲਾ ਨਾ ਫੜ ਸਕੀ) । ਮੈਂ ਉਸ ਦਾ ਪੱਲਾ ਕਿਉਂਨਾ ਫੜਿਆ ? (ਇਸ ਵਾਸਤੇ ਨਾ ਫੜ ਸਕੀ ਕਿ) ਉਸ ਸੋਹਣੇ ਦਗ-ਦਗ ਕਰਦੇ ਪ੍ਰਭੂ-ਪਤੀ ਨੂੰ ਵੇਖ ਕੇ ਮੇਰਾ ਮਨ ਮੋਹਿਆ ਗਿਆ (ਮੈਨੂੰ ਆਪਣੇ ਆਪ ਦੀ ਸੁਰਤਿ ਹੀ ਨਾ ਰਹੀ) । ਹੁਣ ਮੈਂ ਉਸ ਦੇ ਕਦਮਾ ਦੀ ਖੋਜ ਕਰਦੀ ਫਿਰਦੀ ਹਾਂ । ਦੱਸੋ, ਉਹ ਕਿਵੇਂ ਮਿਲੇ ? ਹੇ ਸਹੇਲੀਏ ! ਮੈਨੂੰ ਉਹ ਜਤਨ ਦੱਸ ਜਿਸ ਨਾਲ ਉਹ ਪਿਆਰਾ ਮਿਲ ਪਏ । ੧੩ ।

ਗੁਰਬਾਣੀ ਦੇ ਸਿਧਾਂਤ ਸਮਝਣ ਸਮੇਂ ਇਸ ਪੱਖ ਨੂੰ ਨਹੀਂ ਭੁਲਣਾ ਕਿ ਸਾਰਿਆਂ ਰੋਗਾਂ ਦਾ ਦਾਰੂ ਕੇਵਲ ਨਾਮ ਹੀ ਹੈ । ਜਾਗ੍ਰਤ ਅਵਸਥਾ ਵਿਚ ਲਿਆਉਣ ਲਈ ਮਨੁੱਖ ਨੂੰ ਪਰਮਾਤਮਾਂ ਦੀ ਯਾਦ ਨਾਲ ਜੁੜਨ ਦਾ ਹੀ ਉਪਦੇਸ਼ ਹੈ । ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ ਪ੍ਰਮਾਤਮਾਂ ਨੂੰ ਆਪਣੇ ਅੰਗ ਸੰਗ ਸਮਝਣ ਵਾਲਾ ਮਨੁੱਖ ਬੁਰਾ ਨਹੀਂ ਰਹਿ ਜਾਂਦਾ--**ਨਿਕਟਿ ਬੁਝੈ ਸੋ ਬੁਰਾ ਕਿਉਂ ਕਰੈ ॥**[੧੦੩੯]-੧ । ਮਨੁੱਖ ਨੇ ਨਾਮ ਦੀ ਮਹੱਤਤਾ ਨਾਂ ਸਮਝੀ ਅਤੇ ਪਦਾਰਥਾਂ ਵਿਚ ਕਰਾਮਾਤੀ ਸ਼ਕਤੀ ਦੇ ਹੋਣ ਦਾ ਭਰਮ ਨਾ ਗਵਾਇਆ । ਆਪਣੇ ਪਾਪਾਂ ਦਾ ਨਾਸ ਕਰਕੇ ਧਰਮੀ ਬਣ ਜਾਣ ਲਈ ਦ੍ਰਿਸ਼ਟਮਾਨ ਪਦਾਰਥਾਂ ਦਾ ਸਹਾਰਾ ਲੈਣ ਵਲੋਂ ਜਾਂ ਕਰਮਕਾਂਡੀ ਢੰਗ ਦੇ ਧਰਮ-ਕਰਮਾਂ ਵਲੋਂ ਮਨ ਨਾ ਮੋੜਿਆ । ਇਸ ਸੰਬੰਧ ਵਿਚ ਗੁਰਮਤਿ ਗਿਆਨ ਦੀ ਲੜੀ ਅੱਗੇ ਤੋਰਨ ਤੋਂ ਪਹਿਲਾਂ, ਪਾਠਕਾਂ ਦੀ ਗੁਰਬਾਣੀ ਦੀ ਵੱਧ ਤੋਂ ਵੱਧ ਜਾਣਕਾਰੀ ਕਰਾਉਣ ਦੇ ਸੰਕਲਪ ਦੀ ਪੂਰਤੀ ਲਈ **ਨੀਂਦ** ਅਥਵਾ ਸੌਣਾ ਸ਼ਬਦ ਦੀ ਵਰਤੋਂ ਵਾਲੇ ਕੁਝ ਹੋਰ ਗੁਰੂ-ਫ਼ੁਰਮਾਨਾਂ ਦੀ ਵਿਚਾਰ ਕਰ ਲਈਏ:---

## ੮ -- ਸੌਣਾ ਲਫ਼ਜ਼ ਦੀ ਅੱਡ ਅੱਡ ਅਰਥਾਂ ਵਿਚ ਵਰਤੋਂ

### (ੳ) ਪ੍ਰਭੂ ਵਿਚ ਲੀਨਤਾ

੫੩- **ਸੁਖ ਸੋਇਓ ਅਰੁ ਸਹਜਿ ਸਮਾਇਓ ਸਹਸਾ ਗੁਰਹਿ ਗਵਾਏ ॥** ਸੋਇਓ--ਲੀਨ ਹੋ ਗਿਆ ।
**ਜੋ ਚਾਹਤ ਸੋਈ ਹਰਿ ਕੀਓ ਮਨ ਬਾਂਛਤ ਫਲ ਪਾਏ ॥੧ ॥** [੧੨੦੪]-੮

**ਅਰਥ**:--(ਜਿਹੜਾ ਮਨੁੱਖ ਪਰਮਾਤਮਾ ਦੀ ਸਰਨ ਪੈਂਦਾ ਹੈ ਉਹ) ਆਤਮਕ ਆਨੰਦ ਵਿਚ ਲੀਨ ਰਹਿੰਦਾ ਹੈ ਅਤੇ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ, ਗੁਰੂ ਉਸ ਦੇ ਸਾਰੇ ਚਿੰਤ-ਫ਼ਿਕਰ ਦੂਰ ਕਰ ਦਿੰਦਾ ਹੈ । ਉਹ ਜੋ ਕੁਝ ਚਾਹੁੰਦਾ ਹੈ ਪ੍ਰਭੂ (ਉਹੀ ਕੁਝ ਉਸ ਵਾਸਤੇ) ਕਰ ਦਿੰਦਾ ਹੈ, ਮਨੁੱਖ ਮਨ-ਮੰਗੀਆਂ ਮੁਰਾਦਾਂ ਹਾਸਲ ਕਰ ਲੈਂਦਾ ਹੈ । ੧ ।

੫੪- **ਮਾਈ ਮੋਹਿ ਪ੍ਰੀਤਮੁ ਦੇਹੁ ਮਿਲਾਈ ॥ ਸਗਲ ਸਹੇਲੀ**
**ਸੁਖ ਭਰਿ ਸੂਤੀ ਜਿਹ ਘਰਿ ਲਾਲੁ ਬਸਾਈ ॥ ੧ ॥ ਰਹਾਉ_॥**[੧੨੬੭]-੨-੬

**ਅਰਥ**:--ਹੇ ਮਾਂ ! ਮੈਨੂੰ ਵੀ ਪ੍ਰੀਤਮ ਪ੍ਰਭੂ ਮਿਲਾ ਦੇ । (ਸੰਤ-ਜਨ-ਸਹੇਲੀਆਂ) ਦੇ ਹਿਰਦੇ ਘਰ ਵਿਚ ਸੋਹਣਾ ਪ੍ਰਭੂ ਆ ਵੱਸਿਆ ਹੈ ਤਾਂ ਉਹ ਸਾਰੀਆਂ ਸਹੇਲੀਆਂ ਆਤਮਕ ਆਨੰਦ ਵਿਚ ਮਗਨ ਰਹਿੰਦੀਆਂ ਹਨ । ੧ । ਰਹਾਉ ।

੫੫- **ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ ॥ ਤਿਸੁ ਬਣਿਆ ਹਭੁ ਸੀਗਾਰੁ ਸਾਈ ਸੋਹਾਗਣੇ ॥ ਹਉ ਸੁਤੀ ਹੋਇ ਅਚਿੰਤ**
**ਮਨਿ ਆਸ ਪੁਰਾਈਆ ॥ ਹਰਿਹਾਂ ਜਾ ਘਰਿ ਆਇਆ ਕੰਤੁ ਤ ਸਭੁ ਕਿਛੁ ਪਾਈਆ ॥ ੪ ॥**[੧੩੬੧]

**ਅਰਥ**:--ਹੇ ਸਹੇਲੀਏ ! ਜਿਸ ਜੀਵ-ਇਸਤ੍ਰੀ ਦੇ ਹਿਰਦੇ-ਘਰ ਵਿਚ ਪ੍ਰਭੂ-ਪਤੀ ਆ ਵੱਸਦਾ ਹੈ, ਉਹ ਵੱਡੇ ਭਾਗਾਂ ਵਾਲੀ ਹੋ ਜਾਂਦੀ ਹੈ । (ਆਤਮਕ ਜੀਵਨ ਉੱਚਾ ਕਰਨ ਲਈ ਉਸ ਦਾ ਸਾਰਾ ਉੱਦਮ) ਉਸ ਦਾ ਸਾਰਾ ਸ਼ੰਗਾਰ ਉਸ ਨੂੰ ਫੱਬ ਜਾਂਦਾ ਹੈ, ਉਹ ਜੀਵ ਇਸਤ੍ਰੀ ਹੀ ਖ਼ਸਮ ਵਾਲੀ ਅਖਵਾ ਸਕਦੀ ਹੈ । (ਇਹੋ ਜਿਹੀ ਸੋਹਾਗਣ ਦੀ ਸੰਗਤਿ ਵਿਚ ਰਹਿ ਕੇ) ਮੈਂ ਵੀ ਹੁਣ ਚਿੰਤਾ-ਰਹਿਤ ਹੋ ਕੇ (ਪ੍ਰਭੂ-ਚਰਨਾਂ ਵਿਚ) ਲੀਨ ਹੋ ਗਈ ਹਾਂ, ਮੇਰੇ ਮਨ ਵਿਚ (ਮਿਲਾਪ ਦੀ ਪੁਰਾਣੀ) ਆਸ ਪੂਰੀ ਹੋ ਗਈ ਹੈ । ਹੇ ਸਹੇਲੀਏ ! ਜਦੋਂ (ਹਿਰਦੇ-) ਘਰ ਵਿਚ ਖ਼ਸਮ-ਪ੍ਰਭੂ ਆ ਜਾਂਦਾ ਹੈ, ਤਦੋਂ ਹਰੇਕ ਮੰਗ ਪੂਰੀ ਹੋ ਜਾਂਦੀ ਹੈ । । ੪ ।

੫੬- **ਚਿੰਤਾ ਧਾਵਤ ਰਹਿ ਗਏ ਤਾਂ ਮਨਿ ਭਇਆ ਅਨੰਦੁ ॥ ਗੁਰ ਪ੍ਰਸਾਦੀ ਬੁਝੀਐ ਸਾਧਨ ਸੁਤੀ ਨਿਚਿੰਦ ॥ ਜਿਨ ਕਉ**
**ਪੂਰਬਿ ਲਿਖਿਆ ਤਿਨ੍ਹਾ ਭੇਟਿਆ ਗੁਰ ਗੋਵਿੰਦੁ ॥ ਨਾਨਕ ਸਹਜੇ ਮਿਲਿ ਰਹੇ ਹਰਿ ਪਾਇਆ ਪਰਮਾਨੰਦੁ ॥ ੨੫ ॥**[੧੪੧੫]

**ਅਰਥ**:--ਮਾਇਆ ਦੀ ਚਿੰਤਾ ਵਿਚ ਭਟਕ ਰਹੇ ਜਿਹੜੇ ਮਨੁੱਖ (ਇਸ ਭਟਕਣਾਂ ਤੋਂ) ਹਟ ਜਾਂਦੇ ਹਨ ਉਨ੍ਹਾਂ ਦੇ ਮਨ ਵਿਚ ਆਨੰਦ ਪੈਦਾ ਹੋ ਜਾਂਦਾ ਹੈ, (ਪਰ ਇਹ ਭੇਤ) ਗੁਰੂ ਦੀ ਕਿਰਪਾ ਨਾਲ ਹੀ ਸਮਝ ਸਕੀਦਾ ਹੈ । ਜਿਹੜੀ ਜੀਵ-ਇਸਤ੍ਰੀ (ਇਸ ਭੇਤ ਨੂੰ ਸਮਝ ਲੈਂਦੀ ਹੈ, ਉਹ) ਚਿੰਤਾ-ਰਹਿਤ ਅਵਸਥਾ ਵਿਚ ਲੀਨ ਰਹਿੰਦੀ ਹੈ । ਗੁਰਦੇਵ ਜੀ ਦਾ ਫ਼ੁਰਮਾਨ ਹੈ--ਜਿਨ੍ਹਾਂ ਮਨੁੱਖਾਂ ਦੇ ਮੱਥੇ ਉੱਤੇ ਧੁਰ ਦਰਗਾਹ ਤੋਂ ਲੇਖ ਲਿਖਿਆ ਹੁੰਦਾ ਹੈ ਉਨ੍ਹਾਂ ਨੂੰ ਗੁਰੂ-ਪਰਮਾਤਮਾ ਮਿਲ ਪੈਂਦਾ ਹੈ, ਉਹ ਆਤਮਕ ਅਡੋਲਤਾ ਵਿਚ ਟਿਕੇ ਰਹਿੰਦੇ ਹਨ । ਸਭ ਤੋਂ ਉੱਚੇ ਆਤਮਕ ਆਨੰਦ ਦੇ ਮਾਲਕ-ਪ੍ਰਭੂ ਦਾ ਮਿਲਾਪ ਉਹ ਮਨੁੱਖ ਪ੍ਰਾਪਤ ਕਰ ਲੈਂਦੇ ਹਨ । ੨੫ ।

੫੭- **ਦੇਹ ਛਿਜੰਦੜੀ ਊਣ ਮਝੂਣਾ ਗੁਰਿ ਸਜਣਿ ਜੀਉ ਧਰਾਇਆ ॥**
**ਹਭੇ ਸੁਖ, ਸੁਹੇਲੜਾ ਸੁਤਾ ਜਿਤਾ ਜਗੁ ਸਬਾਇਆ ॥ ੨ ॥** [੯੬੪]-ਵਾਰ-੧੬

ਪਦਅਰਥ:--ਛਿਜੰਦੜੀ--ਛਿੱਜ ਗਈ । ਊਣਮ--ਊਣਾ, ਖ਼ਾਲੀ । ਝੂਣਾ--ਉਦਾਸ । ਗੁਰਿ--ਗੁਰੂ ਨੇ । ਸਜਣਿ--ਸੱਜਣ ਨੇ । ਜੀਉ--ਜਿੰਦ । ਧਰਾਇਆ--ਧਰਵਾਸ ਦਿੱਤੀ । ਸੁਹੇਲੜਾ--ਸੌਖਾ । ਜਿਤਾ--ਜਿੱਤ ਲਿਆ । ਸਬਾਇਆ--ਸਾਰਾ ।

### (ਅ) ਨੀਂਦ, ਸੌਂਣਾਂ

੫੮- **ਮਨ ਰੇ ਗਹਿਓ ਨ ਗੁਰ ਉਪਦੇਸੁ ॥ ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ ॥**
**੧ ॥ ਰਹਾਉ ॥ ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥੁ ਖੋਇਓ ॥ ਕਰਿ ਪਰਪੰਚ**
**ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ ॥ ੧ ॥** [੬੩੩]-੧੦

**ਅਰਥ**:--(ਮਿਠ-ਬੋਲੜੇ ਸਤਿਗੁਰ ਜੀ ਕਿਸੇ ਭੇਖੀ ਨੂੰ ਸੰਬੋਧਨ ਕਰਨ ਦੀ ਥਾਂ ਆਪਣੇ ਮਨ ਨੂੰ ਹੀ ਸੰਬੋਧਨ ਕਰਕੇ ਫ਼ੁਰਮਾਉਂਦੇ ਹਨ) ਹੇ ਮਨ ! ਤੂੰ ਗੁਰੂ ਦੀ ਸਿਖਿਆ ਗ੍ਰਹਣ ਨਹੀਂ ਕਰਦਾ । (ਗੁਰੂ ਦਾ ਉਪਦੇਸ਼ ਭੁਲਾ ਕੇ) ਜੇ ਸਿਰ ਵੀ ਮੁਨਾ ਲਿਆ, ਤੇ ਭਗਵੇ ਰੰਗ ਦੇ ਕੱਪੜੇ ਪਾ ਲਏ, ਤਾਂ ਵੀ ਕੀ ਬਣਿਆ ? (ਆਤਮਕ ਜੀਵਨ ਤਾਂ ਕੁਝ ਵੀ ਨਾ ਸੌਰਿਆ) । ੧ । (ਭਗਵਾ ਭੇਖ ਤਾਂ ਧਾਰ ਲਿਆ, ਪਰ) ਸਚੇ ਪ੍ਰਭੂ ਦਾ ਨਾਮ ਛੱਡ ਕੇ ਨਾਸਵੰਤ ਪਦਾਰਥਾਂ ਵਿਚ ਹੀ ਸੁਰਤਿ ਜੋੜੀ ਰੱਖੀ, (ਲੋਕਾਂ ਨਾਲ) ਛਲ ਕਰ ਕੇ ਆਪਣਾ ਪੇਟ ਪਾਲਦਾ ਰਿਹਾ, ਤੇ ਪਸ਼ੂਆਂ ਵਾਂਗ ਸੁੱਤਾ ਰਿਹਾ ।

੫੯- **ਸਜੁ ਕਾਇਆ ਪਟੁ ਹਢਾਏ ॥ ਫੁਰਮਾਇਸਿ ਬਹੁਤੁ ਚਲਾਏ ॥**
**ਕਰਿ ਸੇਜ ਸੁਖਾਲੀ ਸੋਵੈ ॥ ਹਥੀ ਪਉਦੀ ਕਾਹੇ ਰੋਵੈ ॥ ੩ ॥**[੯੯੯]-੨

**ਅਰਥ**:--ਮਨੁੱਖ ਆਪਣੇ ਸਰੀਰ ਉਤੇ ਰੇਸ਼ਮੀ ਕਪੜਾ ਆਦਿਕ ਹੰਢਾਉਂਦਾ ਹੈ, ਹੁਕਮ ਵੀ ਬਥੇਰਾ ਚਲਾਂਉਂਦਾ ਹੈ, ਸੁਖਾਲੀ ਸੇਜ ਤੇ ਸੌਣ ਦਾ ਸੁਖ ਮਾਣਦਾ ਹੈ (ਪਰ ਜਿਸ ਕਰਤਾਰ ਨੇ ਇਹ ਸਭ ਕੁਝ ਦਿੱਤਾ ਹੈ ਉਸ ਨੂੰ ਵਿਸਾਰੀ ਰੱਖਦਾ ਹੈ, ਆਖ਼ਿਰ) ਜਦੋਂ ਜਮਾਂ ਦੇ ਹੱਥ ਪੈਂਦੇ ਹਨ, ਤਦੋਂ ਰੋਣ ਪਛਤਾਉਣ ਦਾ ਕੋਈ ਲਾਭ ਨਹੀਂ ਹੋ ਸਕਦਾ ।

੬੦- **ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥**
**ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀਂ ਰਹਣਾ ॥ ੧ ॥**[੧੨੫੪]-੧

**ਅਰਥ**:--ਨਿਰਾ ਖਾਣ ਪੀਣ ਹੱਸਣ ਤੇ ਸੌਣ ਦੇ ਅਹਾਰਾਂ ਵਿਚ ਰਿਹਾਂ ਜੀਵ ਨੂੰ ਮੌਤ ਭੁੱਲ ਜਾਂਦੀ ਹੈ, ਫਿਰ ਪ੍ਰਭੂ-ਪਤੀ ਨੂੰ ਵਿਸਾਰ ਕੇ ਜੀਵ ਉਹ ਉਹ ਕੰਮ ਕਰਦਾ ਰਹਿੰਦਾ ਹੈ ਜੋ ਇਸ ਦੀ ਖ਼ੁਆਰੀ ਦਾ ਕਾਰਨ ਬਣਦੇ ਹਨ । ਪ੍ਰਭੂ ਨੂੰ ਵਿਸਾਰ ਕੇ ਜੀਊਣਾ ਫਿਟਕਾਰ-ਜੋਗ ਹੋ ਜਾਂਦਾ ਹੈ । ਏਥੇ ਸਦਾ ਕਿਸੇ ਨੇ ਟਿਕੇ ਨਹੀਂ ਰਹਿੰਣਾ (ਫਿਰ ਕਿਉਂ ਨਾ ਜੀਵਨ ਸੁਚੱਜਾ ਬਣਾਇਆ ਜਾਵੇ ?) । ੧ ।

੬੧- **ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥**
**ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥ ੩ ॥**[੯੬]-੮

(ੲ) **ਵਿਅਰਥ ਉਮਰ ਗੁਜ਼ਾਰ ਦਿੱਤੀ**

੬੨- **ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ੧ ॥**[੧੫੬]-੧-੧੮

**ਅਰਥ:**--(ਹੇ ਮੂਰਖ !), ਤੂੰ ਰਾਤ ਸੌਂ ਕੇ ਗੁਜ਼ਾਰੀ ਜਾ ਰਿਹਾ ਹੈਂ ਤੇ ਦਿਨ ਖਾ ਖਾ ਕੇ ਵਿਅਰਥ ਬਿਤਾਈ ਜਾਂਦਾ ਹੈਂ, ਤੇਰਾ ਇਹ ਮਨੁੱਖਾ ਜਨਮ ਹੀਰੇ ਵਰਗਾ ਕੀਮਤੀ ਹੈ, ਪਰ (ਸਿਮਰਨ-ਹੀਨ ਹੋਣ ਕਰਕੇ) ਕੌਡੀ ਦੇ ਭਾ ਜਾ ਰਿਹਾ ਹੈ । ੧ ।_____

੬੩- **ਧੰਧਾ ਧਾਵਤ ਦਿਨੁ ਗਇਆ ਰੈਣਿ ਗਵਾਈ ਸੋਇ ॥ ਕੂੜੁ ਬੋਲਿ ਬਿਖੁ ਖਾਇਆ ਮਨਮੁਖਿ ਚਲਿਆ ਰੋਇ ॥ ਸਿਰੈ ਉਪਰਿ ਜਮ ਡੰਡੁ ਹੈ ਦੂਜੈ ਭਾਇ ਪਤਿ ਖੋਇ ॥ ਹਰਿ ਨਾਮੁ ਕਦੇ ਨ ਚੇਤਿਓ ਫਿਰਿ ਆਵਣ ਜਾਣਾ ਹੋਇ ॥ ਗੁਰ ਪਰਸਾਦੀ ਹਰਿ ਮਨਿ ਵਸੈ ਜਮ ਡੰਡੁ ਨ ਲਾਗੈ ਕੋਇ ॥ ਨਾਨਕ ਸਹਜੇ ਮਿਲਿ ਰਹੈ ਕਰਮਿ ਪਰਾਪਤਿ ਹੋਇ ॥ ੧ ॥**[੯੪੮]-ਵਾਰ-੩

**ਅਰਥ:**--ਜੋ ਮਨੁੱਖ ਆਪਣੇ ਮਨ ਦੇ ਪਿੱਛੇ ਤੁਰਦਾ ਹੈ ਉਸ ਦਾ ਸਾਰਾ ਦਿਨ ਦੁਨੀਆ ਦੇ ਧੰਧਿਆਂ ਵਿਚ ਭਟਕਦਿਆਂ ਬੀਤ ਜਾਂਦਾ ਹੈ, ਤੇ ਰਾਤ ਨੂੰ ਸੌਂ ਕੇ ਗਵਾ ਲੈਂਦਾ ਹੈ, (ਇਨ੍ਹਾਂ ਧੰਧਿਆਂ ਵਿਚ ਪਿਆ ਹੋਇਆ) ਝੂਠ ਬੋਲ ਤੇ ਜ਼ਹਿਰ ਖਾਂਦਾ ਹੈ (ਭਾਵ, ਦੁਨੀਆਂ ਦੇ ਪਦਾਰਥ ਦੇ ਚਸਕਿਆਂ ਵਿਚ ਪਿਆ ਰਹਿੰਦਾ ਹੈ) ਤੇ ਅੰਤ ਨੂੰ ਏਥੋਂ ਰੋ ਕੇ ਤੁਰ ਪੈਂਦਾ ਹੈ । ਉਸ ਦੇ ਸਿਰ ਉਤੇ ਮੌਤ ਦਾ ਡੰਡਾ ਤਿਆਰ ਰਹਿੰਦਾ ਹੈ, (ਭਾਵ, ਹਰ ਵੇਲੇ ਮੌਤ ਤੋਂ ਡਰਦਾ ਹੈ, ਪ੍ਰਭੂ ਨੂੰ ਵਿਸਾਰ ਕੇ) ਹੋਰ ਵਿਚ ਪਿਆਰ ਦੇ ਕਾਰਨ ਆਪਣੀ ਇੱਜ਼ਤ ਗਵਾ ਲੈਂਦਾ ਹੈ, ਉਸ ਨੇ ਪਰਮਾਤਮਾ ਦਾ ਨਾਮ ਤਾਂ ਕਦੇ ਯਾਦ ਨਹੀਂ ਕੀਤਾ ਹੁੰਦਾ ਇਸ ਲਈ ਮੁੜ ਮੁੜ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ ।

(ਪਰ ਜਿਸ ਮਨੁੱਖ ਦੇ) ਮਨ ਵਿਚ ਸਤਿਗੁਰੂ (ਗ੍ਰੰਥ ਸਾਹਿਬ) ਦੀ ਮਿਹਰ ਨਾਲ ਪਰਮਾਤਮਾ ਵੱਸਦਾ ਹੈ ਉਸ ਨੂੰ ਕੋਈ ਮੌਤ ਦਾ ਡੰਡਾ ਨਹੀਂ ਲੱਗਦਾ (ਭਾਵ, ਉਸ ਨੂੰ ਮੌਤ ਦਾ ਡਰ ਨਹੀਂ ਰਹਿੰਦਾ) । ਗੁਰਦੇਵ ਜੀ ਦਾ ਫ਼ੁਰਮਾਨ ਹੈ--ਉਹ ਮਨੁੱਖ ਅਡੋਲ ਅਵਸਥਾ ਵਿਚ ਟਿਕਿਆ ਰਹਿੰਦਾ ਹੈ, (ਇਹ ਅਵਸਥਾ ਉਸ ਨੂੰ) ਪਰਮਾਤਮਾ ਦੀ ਕਿਰਪਾ ਨਾਲ ਮਿਲਦੀ ਹੈ । ੨ ।

੬੪- **ਸਗਲੀ ਰੈਣਿ ਸੋਵਤ ਗਲਿ ਫਾਹੀ ਦਿਨਸੁ ਜੰਜਾਲਿ ਗਵਾਇਆ ॥**
**ਖਿਨੁ ਪਲੁ ਘੜੀ ਨਹੀ ਪ੍ਰਭੁ ਜਾਨਿਆ ਜਿਨਿ ਇਹੁ ਜਗਤੁ ਉਪਾਇਆ ॥ ੧ ॥**[੧੧੨੬]-੪-੫

੬੫- **ਖਾਤ ਪੀਵਤ ਹਸਤ ਸੋਵਤ ਅਉਧ ਬਿਤੀ ਅਸਾਰ ॥**
**ਨਰਕ ਉਦਰਿ ਭ੍ਰਮੰਤ ਜਲਤੋ ਜਮਹਿ ਕੀਨੀ ਸਾਰ ॥ ੧ ॥**[੧੨੨੯]-੧-੧੨੯

**ਅਰਥ:**--ਖਾਂਦਿਆਂ ਪੀਂਦਿਆਂ ਹੱਸਦਿਆਂ ਸੁਤਿਆਂ (ਇਸੇ ਤਰ੍ਹਾਂ ਮਨੁੱਖ ਦੀ) ਉਮਰ ਬੇ-ਸਮਝੀ ਵਿਚ ਬੀਤਦੀ ਜਾਂਦੀ ਹੈ । ਨਰਕ ਸਮਾਨ ਹਰੇਕ ਜੂਨ ਵਿਚ ਜੀਵ ਭਟਕਦਾ ਹੈ ਦੁਖੀ ਹੁੰਦਾ ਹੈ, ਜਮਾਂ ਦੇ ਵੱਸ ਪਿਆ ਰਹਿੰਦਾ ਹੈ । ੧ ।

(ਸ) **ਸਦਾ ਦੀ ਨੀਂਦ ਸੋਣਾ**

੬੬- **ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥ ੨ ॥**[੨੩]-੨੪

**ਅਰਥ:**--ਮੇਰੇ ਪਿਆਰੇ ਸੱਜਣ ਕਬਰਸਤਾਨ ਵਿਚ ਜਾ ਸੁੱਤੇ ਹਨ, (ਮੈਂ ਉਨ੍ਹਾਂ ਦੇ ਵਿਛੋੜੇ ਵਿਚ) ਧੀਮੀ ਆਵਾਜ਼ ਨਾਲ ਰੋ ਰਹੀ ਹਾਂ (ਪਰ ਮੈਨੂੰ ਸਮਝ ਨਹੀਂ ਆ ਰਹੀ ਕਿ) ਮੈ ਵੀ ਦੁ-ਚਿੰਤੀ ਹੋ ਕੇ ਉਧਰ ਨੂੰ ਹੀ ਚਲ ਪਵਾਂਗੀ । ੨ ।

੬੭- **ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ ॥**
**ਇਕ ਦਿਨ ਸੋਵਨੁ ਹੋਇਗੋ, ਲਾਂਬੇ ਗੋਡ ਪਸਾਰਿ ॥ ੧੨੮ ॥** [੧੩੭੧]

੬੮- **ਪਾਸਿ ਦਮਾਮੇ, ਛਤੁ ਸਿਰਿ, ਭੇਰੀ ਸਡੋ ਰਡ ॥ ਜਾਇ ਸੁਤੇ ਜੀਰਾਣ ਮਹਿ, ਥੀਏ ਅਤੀਮਾ ਗਡ ॥ ੪੫ ॥**[੧੩੮੦]

**ਪਦ ਅਰਥ:**--ਪਾਸਿ--(ਜਿਨ੍ਹਾਂ ਦੇ) ਕੋਲ । ਦਮਾਮੇ--ਧੌਂਸੇ । ਛਤੁ--ਛਤਰ । ਸਿਰਿ--ਸਿਰ ਉਤੇ । ਭੇਰੀ--ਤੂਤੀਆਂ । ਸਡੋ--ਸੱਦ । ਰਡ--ਇਕ ਛੰਦ ਦਾ ਨਾਮ ਹੈ ਜੋ ਉਸਤਤੀ ਵਾਸਤੇ ਵਰਤਿਆ ਜਾਂਦਾ ਹੈ । ਜੀਰਾਣ-ਮਸਾਣ, ਕਬਰਸਤਾਨ । ਅਤੀਮ--ਯਤੀਮ । ਗਡ ਥੀਏ--ਗਲ ਗਏ ।

**ਅਰਥ:**--ਜਿਨ੍ਹਾਂ ਲੋਕਾਂ ਕੋਲ ਧੌਂਸੇ ਵੱਜਦੇ ਸਨ, ਸਿਰ ਉੱਤੇ ਛਤਰ ਝੁਲਦੇ ਸਨ, ਤੂਤੀਆਂ ਵੱਜਦੀਆਂ ਸਨ, ਉਸਤਤੀ ਦੇ ਛੰਦ ਗਾਏ ਜਾਂਦੇ ਸਨ, (ਭਾਵ ਰਾਜੇ ਮਹਾਰਾਜੇ) ਉਹ ਵੀ ਆਖ਼ਰ ਮਸਾਣਾਂ ਵਿਚ ਜਾ ਸੁੱਤੇ, ਤੇ ਯਤੀਮਾਂ ਨਾਲ ਜਾ ਰਲੇ (ਭਾਵ, ਯਤੀਮਾਂ ਵਰਗੇ ਹੀ ਹੋ ਗਏ । ੪੫ ।

੬੯- **ਫਰੀਦਾ ਇਟ ਸਿਰਾਣੇ, ਭੁਇ ਸਵਣੁ ਕੀੜਾ ਲੜਿਓ ਮਾਸਿ ॥**
**ਕੇਤੜਿਆ ਜੁਗ ਵਾਪਰੇ, ਇਕਤੁ ਪਇਆ ਪਾਸਿ ॥ ੬੭ ॥** [੧੩੮੧]-੬੭

**ਅਰਥ:**--ਜੇ ਫ਼ਰੀਦ (ਜਦੋਂ ਤੇਰੀ ਮੌਤ ਦੀ ਵਾਰੀ ਆਈ, ਤਾਂ ਤੇਰੇ) ਸਿਰ ਹੇਠਾਂ ਇੱਟ ਹੋਵੇਗੀ, ਧਰਤੀ ਵਿਚ (ਭਾਵ, ਤੂੰ ਕਬਰ ਵਿਚ ਸੁੱਤਾ ਪਿਆ ਹੋਵੇਂਗਾ ਤੇ ਤੇਰੇ ਪਿੰਡੇ ਵਿਚ ਕੀੜੇ ਤੁਰਦੇ ਹੋਣਗੇ । (ਇਸ ਤਰ੍ਹਾਂ) ਇੱਕੋ ਪਾਸੇ ਪਿਆਂ ਬੜਾ ਸਮਾਂ ਲੰਘ ਜਾਏਗਾ । ੬੭।

(ਹ) **ਜਾਗਦੇ ਹੀ ਖੱਟਦੇ ਹਨ**

੭੦- **ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ ॥ ਜਿੰਨ੍ਾ ਨੈਣ ਨੀਦ੍ਾਵਲੇ ਤਿੰਨਾ ਮਿਲਣੁ ਕੁਆਉ ॥ ੮੦ ॥**[੧੩੮੨]

**ਪਦਅਰਥ:**--ਕਥੂਰੀ--ਕਸਤੂਰੀ । ਭਾਉ--ਹਿੱਸਾ । ਨੀਦ੍ਾਵਲੇ--ਨੀਂਦ ਨਾਲ ਘੁੱਟੇ ਹੋਏ । ਮਿਲਣੁ--ਮੇਲ, ਪ੍ਰਾਪਤੀ । ਕੁਆਉ--ਕਿਥੋਂ ? ਕਿਵੇਂ ?

੭੧- **ਪਹਿਲੇ ਪਹਰੈ ਫੁਲੜਾ, ਫਲੁ ਭੀ ਪਛਾ ਰਾਤਿ ॥ ਜੋ ਜਾਗੰਨਿ੍, ਲਹੰਨਿ ਸੇ ਸਾਈ ਕੰਨੋ ਦਾਤਿ ॥ ੧੧੨।**[੧੩੮੪]

**ਅਰਥ:**--(ਰਾਤ ਦੇ) ਪਹਿਲੇ ਪਹਿਰ ਦੀ ਬੰਦਗੀ ਮਾਨੋਂ ਇਕ ਸੋਹਣਾ ਜਿਹਾ ਫੁੱਲ ਹੈ, ਫਲ ਅੰਮ੍ਰਿਤ ਵੇਲੇ ਦੀ ਬੰਦਗੀ ਹੀ ਹੋ ਸਕਦੀ ਹੈ । ਜੋ ਬੰਦੇ (ਅੰਮ੍ਰਿਤ ਵੇਲੇ) ਜਾਗਦੇ ਹਨ ਉਹ ਪਰਮਾਤਮਾ ਪਾਸੋਂ ਬਖ਼ਸ਼ਸ਼ ਪ੍ਰਾਪਤ ਕਰਦੇ ਹਨ (ਸਾਰੀ ਉਮਰ ਮਾਇਆ ਦੇ ਹੱਲਿਆਂ ਵਲੋਂ ਸੁਚੇ ਰਹਿੰਦੇ ਹਨ ਉਹੀ ਪਰਮਾਤਮਾਂ ਨੂੰ ਮਨਜ਼ੂਰ ਹਨ)। ੧੧੨ ।

੭੨- **ਦਾਤੀ ਸਾਹਿਬ ਸੰਦੀਆ, ਕਿਆ ਚਲੈ ਤਿਸੁ ਨਾਲਿ ॥**
**ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ ॥ ੧ ॥**[੮੩]-ਵਾਰ-੨

**ਅਰਥ:**--(ਸਾਰੀਆਂ) ਦਾਤਾਂ ਮਾਲਕ ਦੀਆਂ ਹਨ, ਉਸ ਨਾਲ ਕੋਈ ਜ਼ੋਰ ਨਹੀਂ ਚੱਲ ਸਕਦਾ । ਕਈ ਜਾਗਦੇ ਜੀਵਾਂ ਨੂੰ ਨਹੀਂ ਲੱਭਦੀਆਂ ਤੇ ਇਕਨਾ ਸੁੱਤਿਆਂ ਨੂੰ ਉਠਾ ਕੇ ਦਾਤਾਂ ਦਿੰਦਾ ਹੈ । ੧ ।

(ਕ) **ਅਗਿਆਨਤਾ ਦੀ ਨੀਂਦ**

੭੩- **ਕਬੀਰ ਜਿਨਹੁ ਕਿਛੂ ਜਾਨਿਆ ਨਹੀ, ਤਿਨ ਸੁਖ ਨੀਦ ਬਿਹਾਇ ॥**
**ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ ॥ ੧੮੧ ॥** [੧੩੭੪]

ਹੋਰਿ ਵੀ ਬੇਅੰਤ ਸ਼ਬਦ ਹਨ ਜਿਨ੍ਹਾਂ ਵਿਚ ਸੁਤੇ, ਜਾਗਦੇ, ਨੀਂਦ ਸ਼ਬਦ ਵਰਤ ਕੇ ਮਨੁੱਖ ਨੂੰ ਵਡਮੁੱਲਾ, ਉਪਦੇਸ਼ ਦਿੱਤਾ ਹੈ । ਉਨ੍ਹਾਂ ਵਿਚੋਂ ਕੁਝ ਸ਼ਬਦਾਂ ਦੀ ਸੂਚੀ ਇਸ ਪ੍ਰਕਾਰ ਹੈ:--

ਕਈ ਕਈ ਢੰਗਾਂ ਨਾਲ ਏਨੀ ਲੰਮੀ ਸਿਖਿਆ ਦਿੱਤੀ ਜਾਣ ਤੇ ਵੀ ਮਨੁੱਖ ਮਾਇਆ ਦੇ ਮੋਹ ਵਲੋਂ ਸੁਚੇਤ ਨਾ ਹੋਇਆ । ਮਾਇਆ ਦੇ ਮੋਹ ਦੀ ਪਕੜ ਏਡੀ ਮਜ਼ਬੂਤ ਹੈ ਕਿ ਮਨੁੱਖ ਨੇ ਗੁਰੂ ਦੀ ਦੱਸੀ ਜਾਗ੍ਰਤ ਅਵਸਥਾ ਵਿਚ ਆਉਣਾ ਬੜਾ ਕਠਨ ਜਾਣਿਆਂ । ਕਿਸੇ ਵਿਰਲੇ ਭਾਗਾਂਵਾਲੇ ਦੀ ਸੁਰਤਿ ਗੁਰੂ ਨਾਨਕ ਜੀ ਦੇ ਗਿਆਨ ਨਾਲ ਜੁੜ ਕੇ ਮਾਇਆ ਦੇ ਮੋਹ ਵਲੋਂ ਮਰ ਗਈ ਅਤੇ ਉਸ ਨੂੰ ਆਤਮਕ ਜਾਗ ਆ ਗਈ ।

੭੪- **ਉਲਟ ਭਈ ਜੀਵਤ ਮਰਿ ਜਾਗਿਆ ॥**
**ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ॥**
**ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ ॥**
**ਭਾਇ ਬਸੇ ਜਮ ਕਾ ਭਉ ਭਾਗਿਆ ॥ ੩ ॥** [੨੨੧]-੧

[ਨੋਟ:-ਸੁਪਨੇ ਅਤੇ ਜਾਗ੍ਰਤ ਵਅਸਥਾਂ ਬਾਰੇ ਅਜੇਹੇ ਹੋ ਬੇਅੰਤ ਗੁਰੂ ਸ਼ਬਦ ਹਨ]

# ਪੰਜਵਾਂ ਕਾਂਡ

੧

## ਵਿਕਾਰ ?

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ (ਹਉਮੈ) ਮਨੁੱਖਾ ਦੇਹ ਵਿਚਲੀਆਂ ਇਹ ਪੰਜ ਹਾਲਤਾ, ਮਾਇਆ ਦਾ ਹੀ ਇੱਕ ਰੂਪ ਹਨ । ਗੁਰਬਾਣੀ ਵਿਚ ਇਨ੍ਹਾਂ ਪੰਜਾਂ ਨੂੰ ਮਾਇਆ ਨਾਲ ਇੱਕ ਮਿੱਕ ਹੋਏ ਪੰਚ ਵਿਕਾਰ ਫ਼ੁਰਮਾਨ ਕੀਤਾ ਹੈ --**ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ ॥** [੨੯੭] ਨਿਰਾ ਵਿਕਾਰ ਹੀ ਨਹੀਂ ਸਗੋਂ ਇਨ੍ਹਾਂ ਨੂੰ ਬਟਵਾਰੇ, ਭਾਵ, ਡਾਕੂ ਵੀ ਕਿਹਾ ਹੈ --" **ਪੋਹਤ ਨਾਹੀ ਪੰਚ ਬਟਵਾਰੇ ॥ ੫ ॥**" [੭੬੦], ਅਤੇ ਫਿਰ-- ਪੰਜ ਦੂਤ --" **ਪੰਚ ਦੂਤ ਮੁਹਹਿ ਸੰਸਾਰਾ ॥** " [੧੧੩], ਪੰਜ ਚੋਰ--" **ਪੰਚ ਚੋਰ ਕੀ ਜਾਣੈ ਰੀਤ ॥** " [੩੪੪], ਪੰਜ ਤਸਕਰ--**ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ ॥** "[੮੨੮], ਪੰਜ ਸਿੰਘ--" **ਪੰਚ ਸਿੰਘ ਰਾਖੇ ਪ੍ਰਭਿ ਮਾਰਿ ॥** " [੮੯੯], ਪੰਜ ਅਗਨੀਆਂ --**ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥** ' [੯੦੫] ਆਦਿਕ ਵੀ ਫ਼ੁਰਮਾਨ ਕੀਤਾ ਹੈ । ਲਗ-ਪਗ ਸਾਰੇ ਧਰਮ ਆਗੂਆਂ ਨੇ ਇਨ੍ਹਾਂ ਪੰਜਾਂ ਨੂੰ ਮਨੁੱਖਾ ਜੀਵਨ ਦੇ ਵੈਰੀ ਮੰਨਿਆਂ ਹੈ । ਇਹ ਪੰਜੇ ਹੀ ਆਤਮਕ ਜੀਵਨ ਦੇ ਵੈਰੀ ਮੰਨੇ ਗਏ ਹਨ ਅਤੇ ਸਾਰੇ ਧਾਰਮ-ਉਪਦੇਸ਼ਕ ਇਨ੍ਹਾਂ ਪੰਜਾਂ ਤੋਂ ਪਿੱਛਾ ਛੁਡਾਉਣ ਦਾ ਉਪਦੇਸ਼ ਦਿੰਦੇ ਸੁਣੇ ਜਾਂਦੇ ਹਨ । ਗੁਰਬਾਣੀ ਵਿਚ ਵੀ ਇਨ੍ਹਾਂ ਪੰਜਾਂ ਬਾਰੇ ਖ਼ਾਸ ਕਰਕੇ ' ਹਉਮੈ ਹੰਕਾਰ ' ਬਾਰੇ ਬਹੁਤ ਸ਼ਬਦ ਹਨ । ਇਹ ਗੱਲ ਬੜੀ ਪਰਚਲਤ ਹੋ ਚੁੱਕੀ ਹੈ ਕਿ ਗੁਰੂ-ਬਾਣੀ ਵਿਚ ਇਨ੍ਹਾਂ ਪੰਜਾਂ ਨੂੰ ਆਤਮਕ ਜੀਵਨ ਦੇ ਵੈਰੀ ਮੰਨਿਆਂ ਹੈ ਅਤੇ ਇਨ੍ਹਾਂ ਪੰਜਾਂ ਵਿਕਾਰਾਂ ਤੋਂ ਪਿੱਛਾ ਛੁਡਾਉਣ ਲਈ ਅਥਵਾ ਇਨ੍ਹਾਂ ਪੰਜਾਂ ਨੂੰ ਮਾਰ ਦੇਣ ਦਾ ਬੜਾ ਕਰੜਾ ਉਪਦੇਸ਼ ਹੈ। ਪਰ ਬੜੇ ਥੋਹੜੇ ਗੁਰਸਿੱਖਾਂ ਨੂੰ ਪਤਾ ਹੈ ਕਿ ਪੰਚਮ ਪਾਤਿਸ਼ਾਹ ਜੀ ਨੇ ਇਨ੍ਹਾਂ ਪੰਜਾਂ ਨੂੰ ਮਨੁੱਖਾ ਜੀਵਨ ਦੇ " ਸ਼ਰੀਕ " ਵੀ ਫ਼ੁਰਮਾਨ ਕੀਤਾ ਹੈ--**ਹਉ ਹੋਆ ਮਾਹੁਰ ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ ॥** [੭੩] " ਸ਼ਰੀਕ " ਉਰਦੂ ਜ਼ਬਾਨ ਦਾ ਲਫ਼ਜ਼ ਹੈ ਜਿਸ ਦਾ ਅਰਥ ' ਭਾਈਵਾਲ' ਅਥਵਾ ਹਿੱਸਾ-ਦਾਰੀ ਰੱਖਣ ਵਾਲਾ ਹੈ। ਨਿਰੰਦੇਹ ਇਨ੍ਹਾਂ ਪੰਜਾਂ ਦਾ ਮਨੁੱਖ ਦੇ ਜੀਵਨ ਤੇ ਬੜਾ ਡੂੰਘਾ ਪ੍ਰਭਾਵ ਹੈ।

ਇਹ ਪੱਖ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਕਿ ਕਾਮ, ਕ੍ਰੋਧ ਆਦਿ ਇਹ ਪੰਜ ਵਿਕਾਰ ਕਿਸੇ ਮਨੁੱਖ ਦੀ ਕਿਰਤ ਤਾਂ ਹਨ ਹੀ ਨਹੀਂ । ਹੈ ਤਾਂ ਇਹ ਵੀ ਪਰਮਾਤਮਾ ਦੀ ਹੀ ਦੇਣ। ਇਨ੍ਹਾਂ ਪੰਜਾਂ ਦਾ ਸਿਰਜਣਹਾਰ ਵੀ ਖ਼ਸਮ-ਪ੍ਰਭੂ ਆਪ ਹੀ ਹੈ । ਅਤੇ ਸਤਿਗੁਰਾਂ ਦਾ ਇਹ ਫ਼ੁਰਮਾਨ ਕਿ--**ਨਿੰਦੋ ਨਾਹੀ ਕਾਹੀਂ ਬਾਤੇ ਇਹ ਖ਼ਸਮ ਕਾ ਕੀਆ** ॥ ਕੀ, ਖ਼ਸਮ ਦੀ ਕਿਰਤ ਨੂੰ ਗੁਰਬਾਣੀ ਨੇ ਆਪ ਹੀ ਨਿੰਦਿਆ ਹੈ ? ਪ੍ਰਭੂ ਦੀ ਕਿਸੇ ਵੀ ਕਿਰਤ ਨੂੰ ਐਵੇਂ ਝੱਟ-ਪਟ ਨਿੰਦਣਾ, ਆਸਤਕਤਾ ਨਹੀਂ ਮੰਨੀ ਜਾ ਸਕਦੀ । ਇਨ੍ਹਾਂ ਪੰਜਾਂ ਬਾਰੇ ਗੁਰਮਤਿ ਦਾ ਸਹੀ ਪੱਖ ਸਮਝ ਕੇ ਇਸ ਸ਼ੰਕੇ ਦੀ ਨਿਵਿਰਤੀ ਜ਼ਰੂਰੀ ਹੈ । ਸੋ ਏਥੇ ਅਸਾਂ ਇਨ੍ਹਾਂ ਪੰਜਾਂ ਬਾਰੇ ਅੱਡ ਅੱਡ ਗੁਰਮਤਿ ਵਿਚਾਰਾਂ ਕਰਕੇ ਗੁਰਬਾਣੀ ਸਿਧਾਂਤ ਦੀ ਅਸਲੀਯਤ ਨੂੰ ਠੀਕ ਤਰ੍ਹਾਂ ਸਮਝਣਾ ਹੈ ।

**ਮਨੁ ਵੇਕਾਰੀ ਵੇੜਆ ਵੇਕਾਰਾ ਕਰਮ ਕਮਾਇ॥ ਦੂਜੈ ਭਾਇ ਅਗਿਆਨੀ ਪੂਜਦੇ**
**ਦਰਗਹਿ ਮਿਲੈ ਸਜਾਇ ॥ ਆਤਮ ਦੇਉ ਪੂਜੀਐ ਬਿਨੁ ਅਸਤਿਗੁਰ ਬੂਝ ਨ**
**ਪਾਇ ॥ ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ, ਕਰਮੀ ਪਲੈ ਪਾਇ ॥**
**ਨਾਨਕ ਸੇਵਾ ਸੁਰਤਿ ਕਮਾਵਣੀ ਜੋ ਜਰਿ ਭਾਵੈ ਸੋ ਥਾਇ ਪਾਇ ॥ ੨ ॥** [੮੮]-ਵਾ-੧੩

੨

# ਕਾਮ

## ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥

ਮਹਾਨ ਕੋਸ਼ ਦੇ ੩੨੦ ਸਫ਼ੇ ਤੇ " ਕਾਮ " ਲਫ਼ਜ਼ ਦੇ ਅਰਥ ਇਸ ਪ੍ਰਕਾਰ ਹਨ:--

੧- ਕੰਮ- ਕਾਰਜ " **ਊਤਮ ਊਚਾ ਸਬਦੁ ਕਾਮੁ** " ( ਬਸੰ ਮ: ੫)

੨- (ਚਾਹਨਾ ਇੱਛਾ ਕਰਨਾ) , ਮਨੋਜ (-ਮਨ ਤੋਂ ਪੈਦਾ ਹੋਣ ਵਾਲਾ ।)-" **ਕਾਮ ਕ੍ਰੋਧ ਕਰਿ ਅੰਧ** " (ਧਨਾ ਮ: ੫) ।

੩- ਇੱਛਾ, ਕਾਮਨਾ- "ਮੁਕਤਿ ਦਾਯਕ ਕਾਮ " (ਜਾਪ)।

੪- ਸੰਕਲਪ, ਫੁਰਨਾ--" **ਤਿਆਗਹੁ ਮਨ ਕੇ ਸਗਲ ਕਾਮ** " (ਬਸੰ ਮ: ੫) ।

੫- ਕ੍ਰਿਸ਼ਨ ਜੀ ਦਾ ਪੁਤ੍ਰ ਪ੍ਰਦਯੁਮਨ ਜਿਸ ਨੂੰ ਕਾਮ ਦਾ ਅਵਤਾਰ ਹੋਣ ਕਰਕੇ " ਕਾਮ " ਲਿਖਿਆ ਹੈ **............** ।

**੬-** ਵੀਰਯ, ਸ਼ੁਕ੍ਰ, ਰੇਤ, ਮਨੀ, " ਤਾਂ ਉਸ ਨੂੰ ਦੇਖ ਕੇ ਉਸ ਦਾ ਕਾਮ ਗਿਰਿਆ " (ਜਸਾ) । [ ਮਹਾ: ਕੋ: ਸਫ਼ਾ-੨੦੭ ਸ਼ੁਕ੍ਰ--ਸੰਗਯਾ--ਵੀਰਯ, ਮਨੀ । ਸਫ਼ਾ-੧੦੪੭- ਰੇਤ-**-..... ੩**--ਵੀਰਯ " **ਰੰਚਕ ਰੇਤ ਖੇਤ ਤਨਿ ਨਿਰਮਮਿਤ** " (ਸਵੈਯੇ ਸ੍ਰੀ ਮੁਖਵਾਕ ਮ: ੫)

੭- ਮਨੋਹਰ, ਦਿਲਕਸ਼- " ਕਾਮਨੈਨ ਸੁੰਦਰ ਬਦਨ " (ਸਲੋਹ) ।

੮- ਕਾਰਾਮਦ, ਭਾਵ, ਲਾਭਦਾਇਕ--" **ਅਵਰਿ ਕਾਜ ਤੇਰੈ ਕਿਤੈ ਨ ਕਾਮ** " (ਆਸਾ ਮ: ੫)

੯- ਮੁਰਾਦ, ਪ੍ਰਯੋਜਨ । ੧੦- ਤਾਲੂਆ ।

ਮਹਾਨ ਕੋਸ਼ ਵਿਚ ਆਏ ਸੰਕੇਤ ਮਾਤ੍ਰ ਗੁਰੂ-ਬਾਣੀ ਦੇ ਪਰਮਾਣਾ ਦੇ ਪੂਰੇ ਸਰੂਪ ਅਤੇ ਅਰਥ ਇਸ ਪ੍ਰਕਾਰ ਹਨ:--

੧- **ਊਤਮੁ ਊਚਾ ਸਬਦੁ ਕਾਮੁ ॥ ਨਾਨਕੁ ਵਖਾਣੈ ਸਾਚੁ ਨਾਮੁ ॥ ੪ ॥** [੧੧੭੬]-੧-੧੩

**ਅਰਥ:**--**ਭਾਵ**, ਪ੍ਰਭੂ ਦੀ ਸਿਫਤਿ ਸਾਲਾਹ ਦੀ ਬਾਣੀ ਪੜ੍ਹਨ ਵਾਲਾ ਕੰਮ (ਹੋਰ ਸਾਰੇ ਕੰਮਾਂ ਨਾਲੋਂ) ਸ੍ਰੇਸ਼ਟ ਹੈ, (ਤਾਹੀਏ) ਨਾਨਕ ਸਦਾ-ਥਿਰ ਪ੍ਰਭੂ ਦਾ ਨਾਮ ਉਚਾਰਦਾ ਹੈ । ੪। ਏਵੇ ਹੀ ਇੱਕ ਇਹ ਗੁਰੂ-ਫ਼ੁਰਮਾਨ---

੨- **ਕਾਮੁ ਕਰੀ ਜੇ ਠਾਕੁਰ ਭਾਵਾ ॥ ਗੀਤ ਚਰਿਤ ਪ੍ਰਭ ਕੇ ਗੁਨ ਗਾਵਾ ॥ ੨ ॥**[੨੧੨]-੧੧-੧੪੯

**ਅਰਥ:**--ਜੇ ਠਾਕੁਰ-ਪ੍ਰਭੂ ਦੀ ਕਿਰਪਾ ਮੇਰੇ ਉਤੇ ਹੋਵੇ, ਤਾਂ ਮੈਂ (ਉਸ ਦਾ ਹੀ) **ਕੰਮ ਕਰਾਂ**, ਉਸ ਦੇ ਗੁਣ ਗਾਉਂਦਾ ਰਹਾਂ, ਉਸ ਦੀ ਸਿਫ਼ਤਿ-ਸਾਲਾਹ ਦੇ ਗੀਤ ਹੀ ਗਾਉਂਦਾ ਰਹਾਂ।੨।

ਪਰ ਸੰਸਾਰ ਦੇ ਆਮ ਕਾਰ ਵਿਹਾਰਾਂ ਲਈ ਵੀ " **ਕਾਮ** ' ਸ਼ਬਦ ਬਾਣੀ ਵਿਚ ਅਇਆ ਹੈ:---'

੩- **ਰਾਤਿ ਜਿ ਸੋਵਹਿ, ਦਿਨ ਕਰਹਿ ' ਕਾਮ ' ॥ ਇਕੁ ਖਿਨੁ ਲੇਹਿ ਨ ਹਰਿ ਕੋ ਨਾਮੁ ॥ ੨ ॥** [੩੨੬]-੧੬

੪- **ਕਾਮ ਕ੍ਰੋਧ ਕਰਿ ਅੰਧ ਮਾਇਆ ਕੇ ਬੰਧ ਅਨਿਕ ਦੋਖਾ ਤਨਿ ਛਾਦਿ ਪੂਰੇ ॥**
**ਪ੍ਰਭ ਬਿਨਾ ਆਨ ਨ ਰਾਖਨਹਾਰਾ ਨਾਮੁ ਸਿਮਰਾਵਹੁ ਸਰਨਿ ਸੂਰੇ ॥ ੧ ॥**[੬੮੩]-੧-੫੩

**ਅਰਥ:**--ਹੇ ਪ੍ਰਭੂ ! ਕਾਮ ਕ੍ਰੋਧ (ਆਦਿਕ ਵਿਕਾਰਾਂ) ਦੇ ਕਾਰਨ (ਜੀਵ) ਅੰਨ੍ਹੇ ਹੋਏ ਪਏ ਹਨ, ਮਾਇਆ ਦੇ ਬੰਦਨਾ ਵਿਚ ਫਸੇ ਪਏ ਹਨ, ਅਨੇਕਾਂ ਵਿਕਾਰ (ਇਨ੍ਹਾਂ ਦੇ) ਸਰੀਰ ਵਿਚ ਪੂਰੇ ਤੌਰ ਤੇ ਪ੍ਰਭਾਵ ਪਾਈ ਬੈਠੇ ਹਨ । ਹੇ ਪ੍ਰਭੂ ! ਤੈਥੋਂ ਬਿਨਾ ਕੋਈ ਹੋਰ (ਜੀਵਾਂ ਦੀ ਵਿਕਾਰਾਂ ਤੋਂ) ਰਾਖੀ ਕਰਨ ਜੋਗਾ ਨਹੀਂ । ਹੇ ਸਰਨ ਆਇਆਂ ਦੀ ਲਾਜ ਰੱਖ ਸਕਣ ਵਾਲੇ ! ਆਪਣਾ ਨਾਮ ਜਪਾ । ੧ । [ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ " ਪੰਜਵੀ ਪੋਥੀ ਸਫ਼ਾ--੧੧੪- ਸਾਹਿਬ ਸਿੰਘ]

੫- **ਰਾਮ ਰਾਮ ਬੋਲਿ ਰਾਮ ਰਾਮ ॥ ਤਿਆਗਹੁ ਮਨ ਕੇ ਸਗਲ ਕਾਮ ॥ ੧ ॥ ਰਹਾਉ** ॥[੧੧੮੨]-੯

**ਅਰਥ:**--ਹੇ ਭਾਈ ! ਸਦਾ ਹੀ ਪਰਮਾਤਮਾ ਦਾ ਨਾਮ ਉਚਾਰਿਆ ਕਰ, ਆਪਣੇ ਮਨ ਦੀਆਂ ਹੋਰ ਸਾਰੀਆਂ ਵਾਸਨਾਂ ਛੱਡ ਦੇਹ । ੧ । ਰਹਾਉ ।

੬- **ਭਈ ਪ੍ਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**
**ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥ ੧ ॥**[੧੨]-੪

**ਅਰਥ:**--(ਹੇ ਭਾਈ !) ਤੈਨੂੰ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ । ਪਰਮਾਤਮਾ ਨੂੰ ਮਿਲਣ ਦਾ ਤੇਰੇ ਲਈ ਇਹੀ ਮੌਕਾ ਹੈ । (ਜੇ ਪ੍ਰਭੂ ਨੂੰ ਮਿਲਣ ਲਈ ਕੋਈ ਉੱਦਮ ਨਾ ਕੀਤਾ, ਤਾਂ) ਹੋਰ ਸਾਰੇ ਕੰਮ ਤੇਰੇ ਆਪਣੇ ਕਿਸੇ ਵੀ **ਅਰਥ** ਨਹੀਂ (ਤੇਰੀ ਜਿੰਦ ਨੂੰ ਕੋਈ ਲਾਭ ਨਹੀਂ ਅਪੜਾਉਣਗੇ) (ਇਸ ਲਈ) ਸਾਧ (-ਗੁਰੂ ਗ੍ਰੰਥ ਸਾਹਿਬ ਦੀ ਸੰਗਤਿ ਵਿਚ ਬੈਠ ਕੇ) ਸਿਰਫ਼ ਪਰਮਾਤਮਾ ਦਾ ਨਾਮ ਸਿਮਰਿਆ ਕਰ (ਸਾਧ ਸੰਗਤਿ ਵਿਚ ਬੈਠਣ ਦਾ ਵੀ ਤਦੋਂ ਹੀ ਲਾਭ ਹੈ ਜੇ ਉਥੇ ਤੂੰ ਪਰਮਾਤਮਾ ਦੀ ਸਿਫ਼ਿਤਿ-ਸਲਾਹ ਵਿਚ ਜੁੜੇਂ) ।੧।

੭- **ਰੰਚਕ ਰੇਤ ਖੇਤ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ ॥ ਖਾਨ ਪਾਨ ਸੋਧੇ ਸੁਖ ਭੁੰਚਤ ਸੰਕਟ**
**ਕਾਟਿ ਬਿਪਤਿ ਹਰੀ ॥ ਮਾਤ ਪਿਤਾ ਭਾਈ ਅਰੁ ਬੰਧਪ ਬੂਝਨ ਕੀ ਸਭ ਸੂਝ ਪਰੀ ॥ ਬਰਧਮਾਨ ਹੋਵਤ**
**ਦਿਨ ਪ੍ਰਤਿ ਨਿਤ ਆਵਤ ਨਿਕਟਿ ਬਿਖੰਮ ਜਰੀ ॥ ਰੇ ਗੁਨ ਹੀਨ ਦੀਨ ਮਾਇਆ ਕ੍ਰਿਮ ਸਿਮਰਿ ਸੁਆਮੀ**
**ਏਕ ਘਰੀ ॥ ਕਰੁ ਗਹਿ ਲੇਹੁ ਕ੍ਰਿਪਾਲ ਕ੍ਰਿਪਾ ਨਿਧਿ ਨਾਨਕ ਕਾਟਿ ਭਰੰਮ ਭਰੀ ॥ ੩ ॥**[੧੩੮੭]-੧-੧੦

[**ਰੰਚਕ**=ਰਤਾ ਕੁ ਭਰ। **ਰੇਤ**=ਵੀਰਜ (semen)

**ਅਰਥ:**--(ਹੇ ਜੀਵ ! ਪਰਮਾਤਮਾ ਨੇ ਪਿਤਾ ਦਾ) ਰਤਾ ਕੁ ਵੀਰਜ ਮਾਂ ਦੇ ਪੇਟ-ਰੂਪ ਖੇਤ ਵਿਚ ਰਚਨਾ ਕਰਕੇ ਤੇਰਾ ਅਮੋਲਕ (ਮਨੁੱਖਾ) ਸਰੀਰ ਸਜਾ ਕੇ ਰੱਖ ਦਿੱਤਾ । (ਉਸ ਨੇ ਤੈਨੂੰ) ਖਾਣ ਪੀਣ ਦੇ ਪਦਾਰਥ, ਮਹਲ-ਮਾੜੀਆਂ ਤੇ ਮਾਣਨ ਨੂੰ ਸੁਖ ਬਖ਼ਸ਼ੇ ਸੰਕਟ ਕੱਟ ਕੇ ਤੇਰੀ ਬਿਪਤਾ ਦੂਰ ਕੀਤੀ । ਮਾਂ, ਪਿਉ, ਭਰਾ ਤੇ ਸਾਕ-ਸੈਣ--ਪਛਾਣਨ ਦੀ ਤੇਰੇ ਅੰਦਰ ਸੂਝ ਪੈ ਗਈ। ਦਿਨੋ-ਦਿਨ ਸਦਾ (ਤੇਰਾ ਸਰੀਰ) ਵਧ-ਫੁੱਲ ਰਿਹਾ ਹੈ ਤੇ ਡਰਾਉਣਾ ਬਢੇਪਾ ਨੇੜੇ ਆ ਰਿਹਾ ਹੈ । ਹੇ ਗੁਣਾਂ ਤੋਂ ਸੱਖਣੇ, ਕੰਗਲੇ, ਮਾਇਆ ਦੇ ਕੀੜੇ ! ਇੱਕ ਘੜੀ (ਤਾਂ) ਉਸ ਮਾਲਕ ਨੂੰ ਯਾਦ ਕਰ (ਜਿਸ ਨੇ ਤੇਰੇ ਉੱਤੇ ਏਨੀਆਂ ਬਖ਼ਸ਼ਸ਼ਾਂ ਕੀਤੀਆਂ ਹਨ । (ਤਰਸ ਅਤੇ ਮਿਹਰਾਂ ਨਾਲ ਭਰੇ ਹਿਰਦੇ ਵਾਲੇ ਗੁਰਦੇਵ ਜੀ ਅੰਤਲੀ ਤੁਕ ਵਿਚ ਪ੍ਰਭੂ ਅੱਗੇ ਜੋਦੜੀ ਕਰਦੇ ਹਨ)-- ਹੇ ਦਇਆਲ ! ਹੇ ਦਇਆ ਦੇ ਸਮੁੰਦਰ ! (ਭੁੱਲੜ ਜੀਵ) ਦਾ ਹੱਥ ਫੜ ਲੈ ਤੇ ਭਰਮਾਂ ਦੀ ਪੰਡ ਲਾਹ ਦੇ । ੩ ।

ਉਪ੍ਰੋਕਤ ਵਿਚਾਰ ਤੋਂ ਸਪੱਸ਼ਟ ਹੋਇਆ ਹੈ ਕਿ, ਮਹਾਨ ਕੋਸ਼ ਵਾਲੇ ਅਰਥਾਂ ਵਿਚ ਪਹਿਲੇ ਨੰਬਰ ਤੇ ਕਾਮ ਦਾ ਅਰਥ ਕੰਮ (ਕੰਮ-ਕਾਜ) ਹੈ, ਫਿਰ ਦੂਜੇ ਤੀਜੇ ਅਤੇ ਚੌਥੇ ਨੰਬਰ ਤੇ ਕਾਮ ਦਾ ਅਰਥ ਕਾਮਨਾ, ਇਛਿਆ, ਮਨ ਦੇ ਸੰਕਲਪ ਹੈ । ਕਾਮ ਦੇ ਇਨ੍ਹਾਂ ਅਰਥਾਂ ਤੋਂ ਹੀ ਕਾਮਧੇਨ ਗਊ ਅਤੇ ਕਲਪ ਬਿਰਖ ਦਾ ਸੰਕਲਪ ਜਨਮਿਆਂ ਹੈ । ਛੇਵੇਂ ਥਾਂ ਜਾ ਕੇ **ਕਾਮ** ਦਾ ਅਰਥ ਭਾਵੇਂ ਕੇਵਲ ਵੀਰਜ (Semen) ਹੀ ਲਿਖਿਆ ਹੈ ਪਰ ਖੁਲ੍ਹੀ ਬੋਲੀ ਵਿਚ ਇਹ ਲਫ਼ਜ਼, ਕਾਮ-ਵਾਸਨਾ, (Sex) ਕਾਮ ਕ੍ਰੀੜਾ, ਕਾਮ-ਦੇਵਤਾ, ਕਾਮ-ਸੇਵਾ ਆਦਿ ਬ੍ਰਾਹਮਣੀ ਗ੍ਰੰਥਾ ਦੇ ਅਰਥਾਂ ਵਾਲਾ ਅਥਵਾ ਭੁਵਨੇਸ਼ਵਰ ਅਤੇ ਜਗੰਨਾਥ ਆਦਿ ਮੰਦਰਾਂ ਵਿਚਲੀਆਂ ਨਗਨ ਮੂਰਤੀਆਂ ਦੀ ਤਰਜਮਾਨੀ ਕਰਨ ਵਾਲਾ ਬਣਦਾ ਹੈ।

ਅਗਲੇ ਸਲੋਕ ਵਿਚ ਕਾਮ ਦੋ ਵਾਰੀ ਆਇਆ ਹੈ ਅਤੇ ਦੋਵੇਂ ਵਾਰੀ ਅੱਡ ਅੱਡ ਅਰਥਾਂ ਵਿਚ ਹੈ:---

੮- **ਪਰਹਰਿ ਕਾਮੁ ਕ੍ਰੋਧੁ ਝੂਠੁ ਨਿੰਦਾ, ਤਜਿ ਮਾਇਆ ਅਹੰਕਾਰੁ ਚੁਕਾਵੈ ॥**

**ਤਜਿ ਕਾਮੁ ਕਾਮਿਨੀ ਮੋਹੁ ਤਜੈ, ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥ ... ੨ ॥** [੧੪੧]-ਵਾ-੮

ਪਹਿਲੇ ਥਾਂ ਆਏ " ਕਾਮ " ਦਾ ਅਰਥ ਕੇਵਲ sex ਨਾਲ ਜੋੜਨਾ ਠੀਕ ਨਹੀਂ ਹੈ ਸਗੋਂ ਅਯੋਗ ਕਾਮਨਾ ਅਥਵਾ ਅਯੋਗ ਖ਼ਾਹਸ਼ ਵੀ ਹੋ ਸਕਦਾ ਹੈ । ਪਰ ਦੂਜੀ ਥਾਂ ਕਾਮ ਦੇ ਨਾਲ ਕਾਮਿਨੀ ਭਾਵ, ਇਸਤ੍ਰੀ ਆਉਣ ਕਰਕੇ ਇਸ ਕਾਮ ਦਾ ਅਰਥ " sex " ਸਪੱਸ਼ਟ ਹੈ ।

ਛੋਟੀਆਂ ਵਡੀਆਂ ਲੜਾਈਆਂ ਦੇ, ਜਾਂ ਜੰਗਾਂ ਦੇ ਪਿੱਛੇ ਵੀ-ਕਾਮਨਾ--ਅਥਵਾ ਇਛਿਆ, ਪਰਬੱਲ ਕਾਰਨ ਬਣੀ ਹੁੰਦੀ ਹੈ । ਗੁਰਬਾਣੀ ਵਿਚਾਰ ਸਮੇਂ ਅਸਾਂ ਧਿਆਨ ਰੱਖਣਾ ਹੈ ਕਿ ਜਿੱਥੇ ਵੀ ਕਾਮ ਨਾਲ ਕ੍ਰੋਧ ਆਇਆ ਹੈ ਉਥੇ ਕਾਮ ਦੇ ਅਰਥ Sex ਵਾਲੇ ਪਾਸੇ ਬਹੁਤੇ ਢੁੱਕਦੇ ਹਨ ਕਿ ਜਾਂ ਮਾਇਕ ਪਦਾਰਥਾਂ ਦੇ ਮੋਹ ਨਾਲ ਜੋੜ ਬਣ ਰਿਹਾ ਹੁੰਦਾ ਹੈ । ਕਾਮਨਾ, ਇਛਿਆ, ਸੰਕਲਪ ਦਾ ਅਰਥ ਵਿਕਾਰਾਂ ਨਾਲ ਜੋੜਨਾ ਅਸ਼ੁੱਧ ਹੈ। ਕਾਮਨਾ ਜਾਂ ਇਛਿਆ ਤਾਂ ਪ੍ਰਭੂ-ਮਿਲਾਪ ਦੀ ਵੀ ਹੋ ਸਕਦੀ ਹੈ ਪਰ " ਵਿਕਾਰ " ਦਾ ਧਰਮ ਨਾਲ ਕੋਈ ਸੰਬੰਧ ਨਹੀਂ ਹੈ। ਆਉ ਸ਼ਬਦ ਵਿਚਾਰ ਨਾਲ ਜੁੜੀਏ ਅਤੇ ਗੁਰਮਤਿ ਨੂੰ ਸਮਝਣ ਦਾ ਯਤਨ ਕਰੀਏ:--

## ੩

# ਕੇਵਲ Sex ਨਾਲ ਸੰਬਧਤ " ਕਾਮ " ਲਫ਼ਜ਼

੯- **ਕਾਲਬੂਤ ਕੀ ਹਸਤਨੀ ਮਨ ਬਉਰਾ ਰੇ, ਚਲਤੁ ਰਚਿਓ ਜਗਦੀਸ ॥**

**ਕਾਮ ਸੁਆਇ, ਗਜ ਬਸਿ ਪਰੇ, ਮਨ ਬਉਰਾ ਰੇ, ਅੰਕਸੁ ਸਹਿਓ ਸੀਸਿ ॥੧ ॥** [੩੩੬]-੬-੫੭

**ਅਰਥ**:--ਹੇ ਕਮਲੇ ਮਨ ! (ਇਹ ਜਗਤ) ਪਰਮਾਤਮਾ ਨੇ (ਜੀਵਾਂ ਨੂੰ ਰੁੱਝੇ ਰੱਖਣ ਲਈ) ਇੱਕ ਖੇਡ ਬਣਾਈ ਹੈ ਜਿਵੇਂ (ਲੋਕ ਹਾਥੀ ਨੂੰ ਫੜਨ ਲਈ) ਕਲਬੂਤ ਦੀ ਹਥਨੀ (ਬਣਾਉਂਦੇ ਹਨ, ਉਸ ਹਥਨੀ ਨੂੰ ਵੇਖ ਕੇ) **ਕਾਮ ਦੀ ਵਸ਼ਨਾ ਦੇ ਕਾਰਨ** ਹਾਥੀ ਫੜਿਆ ਜਾਂਦਾ ਹੈ ਤੇ ਆਪਣੇ ਸਿਰ ਉਤੇ (ਸਦਾ ਮਹਾਵਤ ਦਾ) ਅੰਕਸ ਸਹਾਰਦਾ ਹੈ, ਤਿਵੇਂ ਝੱਲੇ ਮਨ ! (ਤੂੰ ਵੀ ਮਨ-ਮੋਹਨੀ ਮਾਇਆ ਵਿਚ ਫਸ ਕੇ ਦੁੱਖ ਸਹਾਰਦਾ ਹੈਂ) । ੧ ।

੧੦- **ਕਾਮ ਹੇਤਿ ਕੁੰਚਰੁ ਲੈ ਫਾਂਕਿਓ ਓਹੁ ਪਰ ਵਸਿ ਭਇਓ ਬਿਚਾਰਾ ॥**

**ਨਾਦ ਹੇਤਿ ਸਿਰੁ ਡਾਰਿਓ ਕੁਰੰਕਾ ਉਸ ਹੀ ਹੇਤਿ ਬਿਦਾਰਾ ॥ ੨ ॥**[੬੭੦]-੨

ਕਾਮ-ਵਾਸਨਾ ਦੀ ਖ਼ਾਤਰ ਹਾਥੀ ਫਸ ਗਿਆ, ਉਹ ਵਿਚਾਰਾ ਪਰ-ਅਧੀਨ ਹੋ ਗਿਆ । (ਘੰਡੇ-ਹੇੜੇ ਦੀ) ਆਵਾਜ਼ ਦੇ ਪਿਆਰ ਵਿਚ ਹਰਨ ਆਪਣਾ ਸਿਰ ਦੇ ਬੈਠਾ, ਉਸੇ ਦੇ ਪਿਆਰ ਵਿਚ ਮਾਰਿਆ ਗਿਆ । ੨ ।

੧੧- **ਕਾਮਵੰਤ ਕਾਮੀ ਬਹੁ ਨਾਰੀ ਪਰ ਗ੍ਰਿਹ ਜੋਹ ਨ ਚੂਕੈ ॥**

**ਦਿਨ ਪ੍ਰਤਿ ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ ॥ ੩ ॥**[੬੭੨]-੬

**ਅਰਥ**:--ਕਾਮ-ਵੱਸ ਹੋਏ ਵਿਸ਼ਈ ਮਨੁੱਖ ਦੀਆਂ ਭਾਵੇਂ ਕਿੰਨੀਆਂ ਹੀ ਇਸਤ੍ਰੀਆਂ ਹੋਣ, ਪਰਾਏ ਘਰ ਵਲ ਜਾਣੋਂ ਉਸ ਦੀ ਨਿਗਾਹ ਫਿਰ ਵੀ ਨਹੀਂ ਹਟਦੀ । ਉਹ ਹਰ ਰੋਜ਼ (ਵਿਸ਼ੇ-ਪਾਪ) ਕਰਦਾ ਹੈ, ਤੇ, ਪਛਤਾਉਂਦਾ ਵੀ ਹੈ । ਸੋ ਇਸ-ਕਾਮ-ਵਾਸਨਾ ਵਿਚ ਅਤੇ ਪਛਤਾਵੇ ਵਿਚ ਉਸ ਦਾ ਆਤਮਕ ਜੀਵਨ ਸੁੱਕਦਾ ਜਾਂਦਾ ਹੈ । ੩ ।

**ਕਾਮ ਦਾ ਵੇਗ ਮਨੁੱਖ ਦੀ ਅਕਲ ਮਾਰ ਲੈਂਦਾ ਹੈ**-' ਕਾਮ ' ਦੇ ਵੱਸ ਪਿਆ ਮਨੁੱਖ ਅਜੇਹੇ ਕਾਰੇ ਕਰ ਬੈਠਦਾ ਹੈ ਜਿਨ੍ਹਾਂ ਦਾ ਪਛਤਾਵਾ ਸਾਰੀ ਉਮਰ ਪਿੱਛਾ ਨਹੀਂ ਛੱਡਦਾ । ਗੁਰੂ-ਬਾਣੀ ਦਾ ਫ਼ੁਰਮਾਨ ਹੈ ਕਿ ਕਾਮ ਦਾ ਵੇਗ ਅਜੇਹਾ ਜ਼ਬਰਦਸਤ ਚੋਰ ਹੈ ਜੋ ਗਿਆਨਵਾਨ ਮਨੁੱਖ ਦਾ ਗਿਆਨ-ਰਤਨ ਚੋਰੀ ਕਰ ਲੈਂਦਾ ਹੈ:---

੧੨- **ਇਸੁ ਤਨ ਮਨ ਮਧੇ ਮਦਨ ਚੋਰ ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥**

**ਮੈ ਅਨਾਥੁ, ਪ੍ਰਭ, ਕਹਉ ਕਾਹਿ ॥ ਕੋ ਕੋ ਨ ਬਿਗੂਤੋ, ਮੈ ਕੋ ਆਹਿ ॥ ੧ ॥**

**ਮਾਧਉ, ਦਾਰੁਨ ਦੁਖੁ ਸਹਿਓ ਨ ਜਾਇ ॥ ਮੇਰੋ ਚਪਲ ਬੁਧਿ ਸਿਉ ਕਹਾ ਬਸਾਇ ॥ ੧ ॥ ਰਹਾਉ ॥**

**ਸਨਕ ਸਨੰਦਨ ਸਿਵ ਸੁਕਾਦਿ ॥ ਨਾਭਿ ਕਮਲ ਜਾਨੇ ਬ੍ਰਹਮਾਦਿ ॥ ਕਬਿ ਜਨ ਜੋਗੀ ਜਟਾ ਧਾਰਿ ॥**

**ਸਭ ਆਪਨ ਅਉਸਰ ਚਲੇ ਸਾਰਿ ॥ ੨ ॥ ਤੂ ਅਥਾਹੁ, ਮੋਹਿ ਥਾਹ ਨਾਹਿ ॥ ਪ੍ਰਭ ਦੀਨਾਨਾਥ, ਦੁਖੁ**

**ਕਹਉ ਕਾਹਿ ॥ ਮੇਰੋ ਜਨਮ ਮਰਨ ਦੁਖੁ ਆਥਿ ਧੀਰ ॥ ਸੁਖ ਸਾਗਰ, ਗੁਨ ਰਉ ਕਬੀਰ ॥ ੩ ॥**[੧੧੯੪]-੫

**ਅਰਥ**:--ਹੇ ਮੇਰੇ ਮਾਧੋ ! ਆਪਣੀ ਚੰਚਲ ਮੱਤ ਅੱਗੇ ਮੇਰੀ ਕੋਈ ਪੇਸ਼ ਨਹੀਂ ਜਾਂਦੀ । ਇਹ ਡਾਢਾ ਭਿਆਨਕ ਦੁੱਖ ਹੁਣ ਮੈਥੋਂ ਸਹਾਰਿਆ ਨਹੀਂ ਜਾਂਦਾ **। ੧ । ਰਹਾਉ ।** (ਮੇਰੀ ਚੰਚਲ ਬੁੱਧ ਦੇ ਕਾਰਨ, ਹੁਣ) ਮੇਰੇ ਇਸ ਤਨ ਮਨ ਵਿਚ ਕਾਮਦੇਵ ਚੋਰ ਆ ਵੱਸਿਆ ਹੈ, ਜਿਸ ਨੇ ਗਿਆਨ-ਰੂਪ ਮੇਰਾ ਰਤਨ (ਮੇਰੇ ਅੰਦਰੋਂ) ਚੁਰਾ ਲਿਆ ਹੈ (ਭਾਵ, ਜਿਸ ਨੇ ਮੇਰੀ ਸਮਝ ਵਿਗਾੜ ਦਿੱਤੀ ਹੈ) । ਹੇ ਪ੍ਰਭੂ ! ਮੈਂ ਬੜਾ ਆਜਜ਼ ਹੋ ਗਿਆ ਹਾਂ, (ਆਪਣਾ ਦੁੱਖ ਤੈਥੋਂ ਬਿਨਾ ਮੈਂ ਹੋਰ) ਕਿਸ ਨੂੰ ਦੱਸਾਂ ? (ਇਸ ਕਾਮ ਦੇ ਹੱਥੋਂ) ਕੌਣ ਕੌਣ ਖ਼ੁਆਰ ਨਹੀਂ ਹੋਇਆ ? ਮੇਰੀ ਗ਼ਰੀਬ ਦੀ ਕੀ ਪਾਇਆਂ ਹੈ ? **। ੧ ।** ਸਨਕ, ਸਨੰਦਨ, (=ਦੋਵੇਂ ਕਥਿਤ ਬ੍ਰਹਮਾ ਦੇ ਕਥਿਤ ਪੁੱਤਰ), ਸ਼ਿਵ, ਸੁਕਦੇਵ ਵਰਗੇ (ਵੱਡੇ ਵੱਡੇ ਰਿਸ਼ੀ ਤਪੀ) ਕਮਲ ਦੀ ਨਾਭੀ ਤੋਂ ਜਨਮੇ ਹੋਏ ਬ੍ਰਹਮਾ ਆਦਿਕ, ਕਵੀ ਲੋਕ, ਜੋਗੀ ਜਟਾਧਾਰੀ ਸਾਧੂ--ਇਹ ਸਭ (ਕਾਮ ਤੋਂ ਡਰਦੇ) ਆਪੋ ਆਪਣੇ ਵੇਲੇ ਦਿਨ-ਕਟੀ ਕਰ ਕੇ ਚਲੇ ਗਏ **। ੨ ।** ਕਬੀਰ

ਸਾਹਿਬ ਦਾ ਫ਼ੁਰਮਾਨ--(ਕਾਮ ਆਦਿਕ ਤੋਂ ਬਚਨ ਲਈ ਇੱਕੋ ਪ੍ਰਭੂ ਹੀ ਆਸਰਾ ਹੈ, ਉਸ ਅੱਗੇ ਇਉਂ ਅਰਜ਼ੋਈ ਕਰ--) ਹੇ ਸੁਖਾਂ ਦੇ ਪ੍ਰਭੂ ! ਹੇ ਦੀਨਾਨਾਥ ਪਰਮੇਸ਼ਵਰ ! ਤੂੰ ਡੂੰਘੇ ਜਿਗਰੇ ਵਾਲਾ ਹੈਂ, ਮੈਂ (ਤੇਰੇ ਗੰਭੀਰ ਸਮੁੰਦਰ ਵਰਗੇ ਦਿਲ ਦੀ) ਹਾਥ ਨਹੀਂ ਪਾ ਸਕਦਾ । ਮੈਂ ਹੋਰ ਕਿਸ ਅੱਗੇ ਅਰਜ਼ੋਈ ਕਰਾਂ ? ਮਾਇਆ ਤੋਂ ਪੈਦਾ ਹੋਇਆ ਇਹ ਮੇਰਾ ਸਾਰੀ ਉਮਰ ਦਾ ਦੁੱਖ ਦੂਰ ਕਰ, ਤਾਂ ਜੁ ਮੈਂ ਤੇਰੇ ਗੁਣ ਚੇਤੇ ਕਰ ਸਕਾਂ । ੩ ।

੧੩- **ਨ੍ਰਿਪ ਕੰਨਿਆ ਕੇ ਕਾਰਨੈ, ਇਕੁ ਭਇਆ ਭੇਖਧਾਰੀ ॥ ਕਾਮਾਰਥੀ ਸੁਆਰਥੀ, ਵਾ ਕੀ ਪੈਜ ਸਵਾਰੀ ॥ ੧ ॥** [੮੫੮]-੧

**ਅਰਥ:**--ਹੇ ਪ੍ਰਭੂ ! ਤੂੰ ਉਸ ਕਾਮੀ ਤੇ ਖ਼ੁਦਗ਼ਰਜ਼ ਬੰਦੇ ਦੀ ਵੀ ਲਾਜ ਰੱਖੀ (ਭਾਵ, ਤੂੰ ਉਸ ਨੂੰ ਕਾਮ ਵਾਸ਼ਨਾ ਦੇ ਵਿਕਾਰ ਵਿਚ ਡਿੱਗਣ ਤੋਂ ਬਚਾਇਆ ਸੀ) ਜਿਸ ਨੇ ਇੱਕ ਰਾਜੇ ਦੀ ਲੜਕੀ ਦੀ ਖ਼ਾਤਰ (ਧਰਮ ਦਾ) ਭੇਖ ਧਾਰਿਆ ਸੀ । ੧ ।

੧੪- **ਜਿਉ ਕਾਮੀ ਕਾਮਿ ਲੁਭਾਵੈ ॥ ਤਿਉ ਹਰਿ ਦਾਸ ਹਰਿ ਜਸੁ ਭਾਵੈ ॥ ੨ ॥** [੬੨੯]-੧੯-੮੩

**ਅਰਥ:**--ਜਿਵੇਂ ਕੋਈ ਵਿਸ਼ਈ ਮਨੁੱਖ ਕਾਮਵਾਸ਼ਨਾ ਵਿਚ ਹੀ ਮਗਨ ਰਹਿੰਦਾ ਹੈ, ਤਿਵੇਂ ਪਰਮਾਤਮਾ ਦੇ ਸੇਵਕ ਨੂੰ ਵਾਹਿਗੁਰੂ ਦੀ ਸਿਫ਼ਤ-ਸਾਲਾਹ ਹੀ ਚੰਗੀ ਲੱਗਦੀ ਹੈ । ੩ ।

੧੫- **ਇਸਤਰੀ ਪੁਰਖ ਕਾਮਿ ਵਿਆਪੇ ਜੀਉ, ਰਾਮਨਾਮ ਕੀ ਬਿਧਿ ਨਹੀ ਜਾਣੀ ॥**
**ਮਾਤ ਪਤਾ ਸੁਤ ਭਾਈ ਖਰੇ ਪਿਆਰੇ ਜੀਉ, ਡੂਬਿ ਮੁਏ ਬਿਨੁ ਪਾਣੀ ॥...੨ ॥** [੨੪੬]-੪

**ਅਰਥ:**--(ਮਾਇਆ ਦੇ ਮੋਹ ਦੇ ਪ੍ਰਭਾਵ ਹੇਠ ਆਏ) ਇਸਤ੍ਰੀ ਅਤੇ ਮਰਦ ਕਾਮ-ਵਾਸਨਾ ਵਿਚ ਫਸੇ ਰਹਿੰਦੇ ਹਨ, ਪਰਮਾਤਮਾ ਦਾ ਨਾਮ ਸਿਮਰਨ ਦੀ ਜਾਚ ਨਹੀਂ ਸਿੱਖਦੇ । ਮਾਂ ਪਿਉ ਪੁੱਤਰ, ਭਰਾ ਹੀ ਬਹੁਤ ਪਿਆਰੇ ਲੱਗਦੇ ਹਨ, (ਪਰਵਾਰ-ਰੂਪ ਮਾਇਆ ਦੇ ਸਰੋਵਰ ਵਿਚ) ਪਾਣੀ ਨਹੀਂ, (ਪਾਣੀ ਦੇ ਥਾਂ ਮੋਹ ਹੈ ਉਸ ਵਿਚ) ਡੁੱਬ ਕੇ (ਨਕਾ-ਨਕ ਫਸ ਕੇ) ਆਤਮਕ ਮੌਤ ਸਹੇੜਦੇ ਹਨ ।

੧੬- **ਜੈਸੀ ਪਰ ਪੁਰਖਾ ਰਤ ਨਾਰੀ ॥ ਲੋਭੀ ਨਰੁ ਧਨ ਕਾ ਹਿਤਕਾਰੀ ॥**
**ਕਾਮੀ ਪੁਰਖ ਕਾਮਨੀ ਪਿਆਰੀ ॥ ਐਸੀ ਨਾਮੇ ਪ੍ਰੀਤਿ ਮੁਰਾਰੀ ॥ ੨ ॥** [੧੧੬੪]-੧-੭

**ਅਰਥ:**--ਜਿਵੇਂ ਕੋਈ ਨਾਰ ਪਰਾਏ ਮਨੁੱਖ ਨਾਲ ਪਿਆਰ ਪਾ ਲੈਂਦੀ ਹੈ, ਜਿਵੇਂ ਕਿਸੇ ਲੋਭੀ ਮਨੁੱਖ ਨੂੰ ਧਨ ਪਿਆਰਾ ਲੱਗਦਾ ਹੈ, ਜਿਵੇਂ ਕਿਸੇ ਵਿਸ਼ਈ ਬੰਦੇ ਨੂੰ ਇਸਤ੍ਰੀ ਚੰਗੀ ਲੱਗਦੀ ਹੈ, ਤਿਵੇਂ ਨਾਮੇਂ (ਭਗਤ ਨਾਮ ਦੇਵ ਜੀ) ਨੂੰ ਪਰਮਾਤਮਾ ਮਿੱਠਾ ਲੱਗਦਾ ਹੈ । ੨ ।

੧੭- **ਪਾਪੀ ਹੀਐ ਮੈ ਕਾਮੁ ਬਸਾਇ ॥ ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥ ੧ ॥ ਰਹਾਉ ॥** [੧੧੮੬]-੨

**ਅਰਥ:**--ਪਾਪਾਂ ਵਿਚ ਫਸਾਉਣ ਵਾਲੀ ਕਾਮ-ਵਾਸਨਾ (ਮਨੁੱਖ ਦੇ) ਹਿਰਦੇ ਵਿਚ ਟਿਕੀ ਰਹਿੰਦੀ ਹੈ, ਇਸ ਵਾਸਤੇ (ਮਨੁੱਖ ਦਾ) ਚੰਚਲ ਮਨ ਕਾਬੂ ਨਹੀਂ ਆ ਸਕਦਾ ।੧। ਰਾਹਾਉ ।

੧੮- **ਹੇ ਕਾਮੰ ਨਰਕ ਬਿਸ੍ਰਾਮੰ, ਬਹੁ ਜੋਨੀ ਭ੍ਰਮਾਵਣਹ ॥ ਚਿਤ ਹਰਣੰ ਤ੍ਰੈ ਲੋਕ ਗੰਮ੍ਯ੍ਯੰ, ਜਪ**
**ਤਪ ਸੀਲ ਬਿਦਾਰਣਹ*** **॥ ਅਲਪ ਸੁਖ ਅਵਿਤ, ਚੰਚਲ, ਊਚ ਨੀਚ ਸਮਾਵਣਹ ॥**
**ਤਵ ਭੈ ਬਿਮੁੰਚਿਤ ਸਾਧ ਸੰਗਮ, ਓਟ ਨਾਨਕ ਨਾਰਾਇਣਹ ॥ ੪੬ ॥** [੧੩੫੮]

ਅਰਥ:--ਹੇ ਕਾਮ ! ਤੂੰ (ਜੀਵਾਂ ਨੂੰ ਆਪਣੇ ਵੱਸ ਵਿਚ ਕਰ ਕੇ) ਨਰਕ ਵਿਚ ਅਪੜਾਉਣ ਵਾਲਾ ਹੈਂ, ਅਤੇ ਕਈ ਜੂਨਾਂ ਵਿਚ ਭਟਕਾਉਣ ਵਾਲਾ ਹੈ । ਤੂੰ ਜੀਵਾਂ ਦੇ ਮਨ ਭਰਮਾ ਲੈਂਦਾ ਹੈਂ, ਤਿੰਨਾਂ ਹੀ ਲੋਕਾਂ ਵਿਚ ਤੇਰੀ ਪਹੁੰਚ ਹੈ, ਤੂੰ ਜੀਵਾਂ ਦੇ ਜਪ ਤਪ ਤੇ ਸੁੱਧ ਆਚਰਨ ਨਾਸ ਕਰ ਦਿੰਦਾ ਹੈਂ ।

ਹੇ ਚੰਚਲ ਕਾਮ ! ਤੂੰ ਸੁਖ ਤਾਂ ਥੋੜਾ ਹੀ ਦਿੰਦਾ ਹੈਂ, ਪਰ ਇਸੇ ਨਾਲ ਤੂੰ ਜੀਵਾਂ ਨੂੰ (ਸੁੱਧ ਆਚਰਨ ਦੇ) ਧਨ ਤੋਂ ਸੱਖਣਾ ਕਰ ਦਿੰਦਾ ਹੈਂ । ਜੀਵ ਉੱਚੇ ਹੋਣ, ਨੀਵੇਂ ਹੋਣ, ਸਭਨਾਂ ਵਿਚ ਤੂੰ ਪਹੁੰਚ ਜਾਂਦਾ ਹੈ । ਸਾਧ (-ਗੁਰੂ ਗ੍ਰੰਥ ਸਾਹਿਬ ਦੀ) ਸੰਗਤਿ ਵਿਚ ਪਹੁੰਚਿਆਂ ਤੇਰੇ ਡਰ ਤੋਂ ਖ਼ਲਾਸੀ ਹੈ । ਗੁਰਦੇਵ ਜੀ ਦਾ ਫ਼ੁਰਮਾਨ-- (ਸਾਧ ਗੁਰੂ ਗ੍ਰੰਥ ਸਾਹਿਬ ਦੇ ਸੰਗ ਵਿਚ ਜਾ ਕੇ) ਪ੍ਰਭੂ ਦੀ ਸਰਨ ਲੈ । ੪੬ ।

*[Foot note:--ਰਾਮਾਇਣ ਦੀ Video Documentary ਵਿਚ, **ਵਿਸ਼ਵਾਮਿਤ੍ਰ** ਨਾਮੀ ਇੱਕ ਬੜਾ ਪ੍ਰਸਿੱਧ ਰਿਖੀ ਆਪਣਾ ਕਈ ਸਾਲਾਂ ਦਾ ਤਪ ਇਕ ਸੁੰਦਰ ਅਪੱਛਰਾ ਤੋਂ ਭੰਗ ਕਰਦਾ ਦਰਸਾਇਆ ਹੋਇਆ ਹੈ । (੨) ਸਿੱਖ ਇਤਿਹਾਸ ਵਿਚ ਵੀ ਢਾਂਡੀਆਂ, ਰਾਗੀਆਂ ਪਰਚਾਰਕਾਂ ਆਦਿ ਨੇ ਇੱਕ ਸਾਖੀ ਵਿਚ ਦਸ਼ਮੇਸ਼ ਜੀ ਦੇ ਨਿਕਟਵਰਤੀ, ਭਾਈ ਜੋਗਾ ਸਿੰਘ ਨਾਮਕ ਇੱਕ ਸਿਦਕੀ ਸਿੱਖ ਨੂੰ ਕਥਿਤ ਤੌਰ ਤੇ ਹੁਸ਼ਿਆਪੁਰ ਦੀ ਕਿਸੇ ਵੇਸਵਾ ਨੂੰ ਵੇਖ ਕੇ ਸਿਦਕ ਤੋਂ ਡੋਲਿਆਂ ਹੋਇਆ ਦਰਸਾ ਕੇ ਸੰਗਤਿ ਕੋਲੋਂ ਮਾਇਆ ਠੱਗ ਖਾਣ ਦਾ ਪਰਪੰਚ ਰਚਾਇਆ ਹੋਇਆ ਹੈ । ਭਾਂਵੇਂ ਇਸ ਕਹਾਣੀ ਨੂੰ ਪੰਥ ਵਿਰੋਧੀਆਂ ਨੇ ਹੀ ਕਿਸੇ ਕਿਤਾਬ ਵਿਚ ਲਿਖ ਦਿੱਤਾ ਹੋਵੇ ਪਰ ਇਹ ਗਥਾ ਇੱਕ ਸਾਖੀ ਦੇ ਰੂਪ ਵਿਚ ਗੁਰੂ ਦਰਬਾਰਾਂ ਦਾ ਸਿੰਗਰ ਬਣ ਰਹੀ ਹੁੰਦੀ ਹੈ। ]

੧੯- **ਅਨੇਕ ਜਤਨ ਕਰੇ ਇੰਦ੍ਰੀ ਵਸਿ ਨ ਹੋਈ ॥ ਕਾਮਿ ਕਰੋਧਿ ਜਲੈ ਸਭੁ ਕੋਈ ॥**
**ਸਤਿਗੁਰ ਸੇਵੇ ਮਨੁ ਵਸਿ ਆਵੈ ਮਨ ਮਾਰੈ ਮਨਹਿ ਸਮਾਇਦਾ ॥ ੧੫ ॥** [੧੦੬੨]-੪-੧੮

੪

# ਕਾਮ ਦੇ ਨਾਲ ਕ੍ਰੋਧ ਪਦ ਦੀ ਵਿਸ਼ੇਸ਼ ਵਰਤੋਂ

**ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥** [੯੩੨]

ਗੁਰਬਾਣੀ ਵਿਚ " **ਕਾਮ** ' ਪਦ ਦੇ ਨਾਲ ਕ੍ਰੋਧ ਸੈਂਕੜੇ ਗੁਰੂ ਸ਼ਬਦਾਂ ਵਿਚ ਆਇਆ ਹੈ । ਗੁਰੂ ਬਾਣੀ ਪੜ੍ਹਨ ਤੋਂ ਮਨ ਸਤੇਅ ਹੀ ਇਹ ਪ੍ਰਭਾਵ ਕਬੂਲ ਕਰ ਰਿਹਾ ਹੁੰਦਾ ਹੈ ਕਿ ਕਾਮ ਅਤੇ ਕ੍ਰੋਧ ਦਾ ਆਪਸ ਵਿਚ ਉਚੇਚਾ ਰਿਸ਼ਤਾ ਹੈ। ਬਹੁਤੀ ਵਾਰੀ ਕਾਮ " ਕ੍ਰੋਧ " ਪਦ ਦੇ ਨਾਲ ਜੁੜਿਆ ਹੋਇਆ ਹੀ ਮਲਦਾ ਹੈ । ਇਕੱਲਾ " ਕਾਮ " ਬੜੇ ਹੀ ਘੱਟ--(ਐਵੇਂ ਉਂਗਲਾਂ ਤੇ ਗਿਣੇ ਜਾ ਸਕਣ ਜੋਗੇ) ਗੁਰੂ ਸ਼ਬਦਾਂ ਵਿਚ ਲਿਖਿਆ ਮਿਲਦਾ ਹੈ। ਕਾਰਨ ?--

ਸੰਸਾਰ ਵਿਚ ਅਜੇਹੀਆਂ ਘਟਨਾਵਾਂ ਆਮ ਵਾਪਰਦੀਆਂ ਆ ਰਹੀਆਂ ਹਨ ਜਿਥੇ ਕਾਮੀ ਮਨੁੱਖਾਂ ਨੇ ਕ੍ਰੋਧ ਵਿਚ ਆ ਕੇ ਅਜੇਹੀਆਂ ਇਸਤ੍ਰੀਆਂ ਨੂੰ ਕਤਲ ਕਰ ਦਿੱਤਾ ਜਿਨ੍ਹਾਂ ਨੇ ਮਨੁੱਖ ਦੀ ਕਾਮ-ਅਗਨੀ ਠੰਡੀ ਕਰਨ ਵਿਚ ਉਨ੍ਹਾਂ ਦਾ ਸਾਥ ਦੇਣੋਂ ਨਾਹ ਕੀਤੀ । ਸੰਸਾਰ ਦੇ ਇਤਿਹਾਸ ਵਿਚੋਂ ਅਜੇਹੇ ਬੇਅੰਤ ਮਨੁੱਖਾਂ (ਡਾਕੂਆਂ, ਠੱਗਾ, ਨਿਰਦਈ ਰਾਜਿਆਂ ਅਥਵਾ ਹਾਕਮਾਂ ਆਦਿ ) ਦਾ ਜ਼ਿਕਰ ਮਿਲਦਾ ਹੈ ਜਿਨ੍ਹਾਂ ਨੇ ਕੇਵਲ ਆਪਣੀ ਕਾਮ-ਅਗਨੀ ਠੰਡੀ ਕਰਨ ਲਈ, ਅਥਵਾ ਮਨ ਭਾਉਂਦੀ ਇਸਤ੍ਰੀ ਹਾਸਲ ਕਰਨ ਲਈ ਸੈਂਕੜੇ ਹਜ਼ਾਰਾਂ ਬੇ-ਗੁਨਾਹਾਂ ਨੂੰ ਅਜਾਂਈ ਮਾਰ ਮੁਕਾਇਆ।

ਕਾਮ ਦਾ ਦੂਜਾ ਅਰਥ " " ਕਾਮਨਾ " ਵੀ ਹੈ । ਲੋਭੀ ਮਨੁੱਖ ਮਨ-ਇੱਛੇ ਪਦਾਰਥਾਂ ਦੀ ਪ੍ਰਾਪਤੀ ਲਈ ਕਈ ਪ੍ਰਕਾਰ ਦੇ ਨਾਜਾਇਜ਼ ਢੰਗ ਵਰਤਨੋਂ ਵੀ ਸੰਕੋਚ ਨਹੀਂ ਕਰਦੇ । ਚੋਰੀਆਂ, ਡਾਕਿਆਂ ਅਥਵਾ ਖੋਹਾ ਖਾਹੀ ਦੇ ਅਪਰਾਧਾਂ ਸਮੇਂ ਹਥਿਆਰਾਂ ਦੀ ਵਰਤੋਂ, ਕ੍ਰੋਧ ਹੀ ਕਰਾ ਰਿਹਾ ਹੁੰਦਾ ਹੈ । ' ਕਾਮ ' ਅਥਵਾ " ਕਾਮਧੇਨ " ਸ਼ਬਦਾਂ ਦੇ ਜਨਮ ਦਾਤਾ ਬ੍ਰਾਹਮਣ ਦੀ ਲਿਖੀ ਗਾਥਾ ਅਸੀਂ ਇਸ ਪੁਸਤਕ ਦੇ ਪਹਿਲੇ ਭਾਗ ਦੇ " ਅਵਤਾਰ ਪ੍ਰਥਾ " ਲੇਖ ਵਿਚ ਪੜ੍ਹ ਚੁੱਕੇ ਹਾਂ । ਉਸ ਕਲਪਤ ਗਾਥਾ ਅਨੁਸਾਰ ਖੱਤ੍ਰੀ ਕੁਲ ਦਾ ਰਾਜਾ "' ਸਹੰਸਰਬਾਹੂ " ਆਪਣੇ ਸਾਂਢੂ " ਜਮਦਗਨਿ ਰਿਖੀ " ਦੇ ਘਰ ਰੋਟੀ ਖਾਣ ਗਿਆ ਤਾਂ ਉਸ ਨੇ ਜਮਦਗਨਿ ਦੇ ਘਰ ਕਾਮਧੇਨ ਗਊ ਵੇਖ ਕੇ ਉਸ ਦੀ ਪ੍ਰਾਪਤੀ ਦੀ **ਕਾਮਨਾ** ਪਰਬੱਲ ਹੋ ਗਈ । ਜਮਦਗਨਿ ਨੇ ਗਊ ਦੇਣੋਂ ਨਾਂਹ ਕੀਤੀ ਤਾਂ " ਸਹੰਸਰਬਾਹੂ " (ਕਾਮਨਾ ਦੀ ਪੂਰਤੀ ਲਈ) **ਕ੍ਰੋਧ** ਵਿਚ ਆ ਗਿਆ ਅਤੇ ਉਸ ਨੇ ਜਮਦਗਨਿ ਨੂੰ ਕਤਲ ਕਰ ਦਿੱਤਾ । ਜਮਦਗਨਿ ਦੇ ਪੁੱਤ੍ਰ ਪਰਸੁਰਾਮ ਨੇ ਜਦ ਆਪਣੇ ਪਿਤਾ ਦੇ ਕਤਲ ਦੀ ਖ਼ਬਰ ਸੁਣੀ ਤਾਂ ਉਹ ਵੀ ਕ੍ਰੋਧ ਵਿਚ ਆ ਗਿਆ । ਉਸ ਨੇ ਆਪਣੇ ਪਿਤਾ ਦਾ ਕਿਰਿਆ-ਕਰਮ ਕਰਨ ਤੋਂ ਪਹਿਲਾਂ ਸਹੰਸਰਬਾਹੂ ਨੂੰ ਕਤਲ ਜਾ ਕੀਤਾ । ਪਰ ਪਰਸੁਰਾਮ ਦਾ ਕ੍ਰੋਧ ਠੰਢਾ ਨਾ ਹੋਇਆ । ਫਿਰ ਕਥਿਤ ਤੌਰ ਤੇ ਪਰਸੁਰਾਮ ਨੇ ਆਪਣੇ ਕੁਹਾੜੇ ਨਾਲ ਖਤਰੀਆਂ ਦੀਆਂ ੨੧ ਕੁਲਾਂ ਖ਼ਤਮ ਕੀਤੀਆਂ, ਆਦਿ। " ਕਾਮ " ਦੇ ਨਾਲ " ਕ੍ਰੋਧ " ਦਾ ਜੋੜ, ਪੁਰਾਣਕ ਗ੍ਰੰਥਾਂ ਤੋਂ ਦਿਸਨਾ ਅਰੰਭ ਹੋ ਜਾਂਦਾ ਹੈ । ਸ਼ਾਇਦ ਏਹੀ ਕਾਰਨ ਹੈ ਕਿ ਗੁਰਬਾਣੀ ਵਿਚ ' ਕਾਮ ' ਨਾਲ " ਕ੍ਰੋਧ ' ਪਦ ਦੀ ਵਿਸ਼ੇਸ਼ ਵਰਤੋਂ ਕੀਤੀ ਹੋਈ ਨਜ਼ਰ ਆਉਂਦੀ ਹੈ ?

੨੦- **ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥**
**ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥ ੨ ॥** [੧੨੯]-੧-੩੨-੩੩

੨੧- **ਖੇਤੀ ਵਣਜੁ ਨਾਵੈ ਕੀ ਓਟ ॥ ਪਾਪੁ ਪੁੰਨੁ ਬੀਜ ਕੀ ਪੋਟ ॥**
**ਕਾਮੁ ਕ੍ਰੋਧੁ ਜੀਅ ਮਹਿ ਚੋਟ ॥ ਨਾਮੁ ਵਿਸਾਰਿ ਚਲੇ ਮਨਿ ਖੋਟ ॥ ੨ ॥** [੧੫੨]-੫

**ਅਰਥ:**--ਪਰਮਾਤਮਾ ਦੇ ਨਾਮ ਦਾ ਆਸਰਾ (ਇਸ ਤਰ੍ਹਾਂ ਲਵੋ ਜਿਸ ਤਰ੍ਹਾਂ) ਖੇਤੀ ਅਥਵਾ ਵਣਜ ਨੂੰ ਅਪਣੇ ਸਰੀਰਕ ਨਿਰਬਾਹ ਦਾ ਸਹਾਰਾ ਬਣਾਉਂਦੇ ਹੋ । (ਕੋਈ ਵੀ ਕੀਤਾ ਹੋਇਆ) ਪਾਪ ਜਾਂ ਪੁੰਨ (ਹਰੇਕ ਜੀਵ ਲਈ ਅਗਾਂਹ ਵਾਸਤੇ) ਬੀਜ ਦੀ ਪੋਟਲੀ ਬਣ ਜਾਂਦਾ ਹੈ । (ਉਹ ਚੰਗਾ ਮੰਦਾ ਕੀਤਾ ਕਰਮ ਮਨ ਦੇ ਅੰਦਰ ਸੰਸਕਾਰ-ਰੂਪ ਵਿਚ ਟਿਕ ਕੇ ਉਹੋ ਜਿਹੇ ਕਰਮ ਕਰਨ ਦੀ ਪ੍ਰੇਰਨਾ ਕਰਦਾ ਰਹਿੰਦਾ ਹੈ) । ਜਿੰਨ੍ਹਾਂ ਬੰਦਿਆਂ ਦੇ ਹਿਰਦੇ ਵਿਚ (ਪ੍ਰਭੂ ਦੇ ਨਾਮ ਦੇ ਥਾਂ) ਕਾਮ ਕ੍ਰੋਧ (ਆਦਿਕ ਵਿਕਾਰ) ਚੋਟ ਲਾਉਂਦਾ ਰਹਿੰਦਾ ਹੈ (-ਪ੍ਰੇਨਾ ਕਰਦਾ ਰਹਿੰਦਾ ਹੈ) ਉਹ ਬੰਦੇ ਪ੍ਰਭੂ ਦਾ ਨਾਮ ਵਿਸਾਰ ਕੇ (ਇਥੋਂ) ਮਨ ਵਿਚ (ਵਿਕਾਰਾਂ ਦੀ) ਖੋਟ ਲੈ ਕੇ ਹੀ ਤੁਰ ਪੈਂਦੇ ਹਨ ।

੨੨- **ਕਾਮਿ ਕ੍ਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥**
**ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥ ੧ ॥**[੧੭੧]-੮-੨੨-੬੦

੨੩- **ਆਸਾ ਬੰਦੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥**
**ਸਿਰ ਊਪਰਿ ਠਾਢੋ ਧਰਮ ਰਾਇ ॥ ਮੀਠੀ ਕਰਿ ਕਰਿ ਬਿਖਿਆ ਖਾਇ ॥ ੨ ॥**[੧੭੮]-੯-੭੮

**ਅਰਥ:**--(ਮੂਰਖ ਮਨੁੱਖ ਦਾ ਸਰੀਰ (ਭਾਵ, ਹਰੇਕ ਗਿਆਨ-ਇੰਦ੍ਰਾ ਮਾਇਆ ਦੀਆਂ) ਆਸਾਂ ਨਾਲ ਜਕੜਿਆ ਰਹਿੰਦਾ ਹੈ, ਮੂਰਖ ਮਨੁੱਖ ਕਾਮ ਕ੍ਰੋਧ ਮੋਹ ਦੇ ਬੰਧ ਮੋਹ ਦੇ ਬੰਧਨਾ ਵਿਚ ਫਸਿਆ ਰਹਿੰਦਾ ਹੈ, ਪਰ) ਮੂਰਖ ਮਨੁੱਖ (ਆਤਮਕ ਮੌਤ ਲਿਆਉਣ ਵਾਲੀ) ਮਾਇਆ(-ਜ਼ਹਿਰ) ਮਿੱਠੀ ਜਾਣ ਕੇ ਖਾਂਦਾ ਰਹਿੰਦਾ ਹੈ । ੨ । ॥

੨੪- **ਕਾਮ ਕ੍ਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤੁ ਬਿਗੂਤਾ ॥**
**ਕਹਿ ਕਬੀਰ ਰਾਜਾ ਰਾਮ ਨ ਛੋਡਉ ਸਗਲ ਊਚ ਤੇ ਊਚਾ ॥ ੨ ॥**[੩੩੮]-੨-੧੭-੬੮

**ਅਰਥ:**--ਕਿਸੇ ਨੂੰ ਕਾਮ ਨੇ ਅਤੇ ਕਿਸੇ ਨੂੰ ਕ੍ਰੋਧ ਨੇ ਠੱਗਿਆ ਹੈ, ਕਿਸੇ ਨੂੰ ਮਾਇਆ (ਦੇ ਕਿਸੇ ਹੋਰ ਤਰੰਗ) ਨੇ--ਏਸੇ ਤਰ੍ਹਾਂ ਸਾਰਾ ਜਗਤ ਖੁਆਰ ਹੋ ਰਿਹਾ ਹੈ । (ਇਨ੍ਹਾਂ ਤੋ ਬਚਨ ਲਈ) ਕਬੀਰ ( ਤਾਂ ਇਹੀ) ਆਖਦਾ ਹੈ (ਭਾਵ, ਅਰਦਾਸ ਕਰਦਾ ਹੈ) ਕਿ ਮੈ ਸਭ ਤੋਂ ਉੱਚੇ ਮਾਲਕ ਨੂੰ ਨਾ ਵਿਸਾਰਾਂ । ੨ ।

੨੫- **ਕਾਮੀ ਕ੍ਰੋਧੀ ਚਾਤੁਰੀ ਬਾਜੀਗਰ ਬੇਕਾਮ ॥ ਨਿੰਦਾ ਕਰਤੇ ਜਨਮੁ ਸਿਰਾਨੋ, ਕਬਹੂ ਨ ਸਿਮਰਿਓ ਰਾਮੁ ॥ ੩ ॥**[੧੧੦੫]-੧

**ਅਰਥ:**--ਕਮ-ਵੱਸ ਹੋ ਕੇ, ਕ੍ਰੋਧ ਅਧੀਨ ਹੋ ਕੇ, ਚਤੁਰਾਈ ਠੱਗਿਆ (-ਬਾਜੀਗਰ) ਨਕਾਰੇ-ਪਨ ਵਿਚ, ਦੂਜਿਆਂ ਦੀ ਨਿੰਦਿਆ ਕਰ ਕੇ) (ਹੇ ਕਮਲਿਆ !) ਤੂੰ ਜੀਵਨ ਗੁਜ਼ਾਰ ਦਿੱਤਾ ਹੈ, ਕਦੇ ਪ੍ਰਭੂ ਨੂੰ ਯਾਦ ਨਹੀਂ ਕੀਤਾ । ੩ ।

੨੬- **ਪਾਰਬ੍ਰਹਮਿ ਦਇਆਲਿ ਸਾਗਰੁ ਤਾਰਿਆ ॥ ਗੁਰਿ ਪੂਰੈ ਮਿਹਰਵਾਨਿ ਭਰਮੁ ਭਉ**
**ਮਾਰਿਆ ॥ ਕਾਮ ਕ੍ਰੋਧੁ ਬਿਕਰਾਲੁ ਦੂਤ ਸਭਿ ਹਾਰਿਆ ॥ ਅੰਮ੍ਰਿਤ ਨਾਮੁ ਨਿਧਾਨੁ**
**ਕੰਠਿ ਉਰਿ ਧਾਰਿਆ ॥ ਨਾਨਕ ਸਾਧੂ ਸੰਗਿ ਜਨਮੁ ਮਰਣੁ ਸਵਾਰਿਆ ॥ ੧੧ ॥**[੮੫੪]-ਵਾਰ

੨੭- **ਕਾਮਿ ਕ੍ਰੋਧਿ ਭਰੇ ਹਮ ਅਪਰਾਧੀ ॥ ਕਿਆ ਮੁਹੁ ਲੈ ਬੋਲਹ ਨਾ ਹਮ ਗੁਣ**
**ਨ ਸੇਵਾ ਸਾਧੀ ॥ ਡੁਬਦੇ ਪਾਥਰ ਮੇਲਿ ਲੈਹੁ ਤੁਮ ਆਪੇ ਸਾਚੁ ਨਾਮੁ ਅਬਿਨਾਸੀ ਹੇ ॥ ੯ ॥**[੧੦੪੮]-੫

**ਅਰਥ:**--ਅਸੀਂ ਕਸੂਰਵਾਰ ਜੀਵ ਕਾਮ ਕ੍ਰੋਧ (ਦੇ ਚਿੱਕੜ) ਨਾਲ ਲਿੱਬੜੇ ਰਹਿੰਦੇ ਹਾਂ । ਤੇਰੇ ਅੱਗੇ ਅਰਜ ਕਰਦਿਆਂ ਵੀ ਸ਼ਰਮ ਆਉਂਦੀ ਹੈ । ਨਾ ਸਾਡੇ ਅੰਦਰ ਕੋਈ ਗੁਣ ਹਨ, ਨਾ ਅਸਾਂ ਕੋਈ ਸੇਵਾ-ਭਗਤੀ ਕੀਤੀ ਹੈ । (ਪਰ ਤੂੰ ਸਦਾ ਦਇਆਲ ਹੈਂ, ਮਿਹਰ ਕਰ) ਤੂੰ ਆਪ ਹੀ ਸਾਨੂੰ ਡੁੱਬ ਰਹੇ ਪੱਥਰਾਂ ਨੂੰ ( ਵਿਕਾਰਾਂ ਵਿਚ ਡੁੱਬ ਰਹੇ ਪੱਥਰ ਦਿਲਾਂ ਨੂੰ) ਆਪਣੇ ਨਾਮ ਵਿਚ ਲਾ ਲੈ । ਤੇਰਾ ਨਾਮ ਹੀ ਸਦਾ ਅਟੱਲ ਹੈ ਤੇ ਨਾਸ-ਰਹਿਤ ਹੈ । ੯ ।

੨੮- **ਕਾਮ ਕਰੋਧੁ ਸਬਲ ਸੰਸਾਰਾ ॥ ਬਹੁ ਕਰਮ ਕਮਾਵਹਿ ਸਭੁ ਦੁਖ ਕਾ ਪਸਾਰਾ ॥**
**ਸਤਿਗੁਰ ਸੇਵਹਿ ਸੇ ਸੁਖੁ ਪਾਵਹਿ ਸਚੈ ਸਬਦਿ ਮਿਲਾਇਦਾ ॥ ੧੩ ॥**[੧੦੬੦]-੨-੧੬

**ਅਰਥ:**--ਹੇ ਭਾਈ ! ਕਾਮ ਅਤੇ ਕ੍ਰੋਧ ਜਗਤ ਵਿਚ ਬੜੇ ਬਲੀ ਹਨ, (ਜੀਵ ਇਨ੍ਹਾਂ ਦੇ ਪ੍ਰਭਾਵ ਵਿਚ ਫਸੇ ਰਹਿੰਦੇ ਹਨ, ਪਰ ਦੁਨੀਆ ਨੂੰ ਪਤਿਆਉਣ ਦੀ ਖ਼ਾਤਰ ਦਾਨ ਪੁੰਨ, ਤੀਰਥ-ਜਾਤ੍ਰਾ ਆਦਿਕ ਧਾਰਮਿਕ ਮਿਥੇ ਹੋਏ) ਅਨੇਕਾਂ ਕਰਮ ਵੀ ਕਰਦੇ ਹਨ । ਇਹ ਸਾਰਾ ਦੁੱਖਾਂ ਦਾ ਖਿਲਾਰਾ (ਬਣਿਆ ਰਹਿੰਦਾ) ਹੈ।ਜਿਹੜੇ ਮਨੁੱਖ ਗੁਰੂ ਦੀ ਸਰਨ ਪੈਂਦੇ ਹਨ, ਉਹ ਆਤਮਕ ਆਨੰਦ ਮਾਣਦੇ ਹਨ, (ਗੁਰੂ ਉਨ੍ਹਾਂ ਨੂੰ) ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਦੇ ਸ਼ਬਦ ਵਿਚ ਜੋੜਦਾ ਹੈ । ੧੩ ।

੨੯- **ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ ॥**
**ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ ॥ ੪ ॥**[੬੭੧]-੮

੫

# ਕਾਮ ਕ੍ਰੋਧ ਦੇ ਨਾਲ ਅਹੰਕਾਰ

੩੦- **ਕਾਮਿ ਕ੍ਰੋਧਿ ਅਹੰਕਾਰਿ ਮਾਤੇ ਵਿਆਪਿਆ ਸੰਸਾਰੁ ॥**
**ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰੁ ॥ ੨ ॥**[੫੧]-੨੫-੯੫

**ਅਰਥ:**--ਜਿਨ੍ਹਾਂ ਬੰਦਿਆਂ ਉਤੇ ਜਗਤ ਦਾ ਮੋਹ ਦਬਾਅ ਪਾਈ ਰੱਖਦਾ ਹੈ, ਉਹ ਕਾਮ, ਕ੍ਰੋਧ ਅਤੇ ਹੰਕਾਰ ਵਿਚ ਮਸਤ ਰਹਿੰਦੇ ਹਨ । (ਇਨ੍ਹਾਂ ਵਿਕਾਰਾਂ ਤੋਂ ਬਚਨ ਲਈ, ਹੇ ਭਾਈ !) ਗੁਰੂ ਦੀ ਸ਼ਰਨ ਪਉ, ਗੁਰੂ ਦੀ ਚਰਨੀਂ ਲੱਗ (ਗੁਰੂ ਦਾ ਆਸਰਾ ਲਿਆਂ ਅਗਿਆਨਤਾ ਦਾ) ਘੁੱਪ ਹਨੇਰਾ-ਰੂਪ ਦੁੱਖ ਮਿਟ ਜਾਂਦਾ ਹੈ । ੨ ।

੩੧- **ਦੂਜੀ ਮਾਇਆ ਜਗਤ ਚਿਤ ਵਾਸੁ ॥ ਕਾਮ ਕ੍ਰੋਧ ਅਹੰਕਾਰ ਬਿਨਾਸੁ ॥ ੧ ॥** [੨੨੩]-੫

**ਅਰਥ:**--ਦੂਜੀ=ਦੁਜੈਗੀ ਪਾਉਣ ਵਾਲੀ, ਮੇਰ ਤੇਰ ਪੈਦਾ ਕਰਨ ਵਾਲੀ, ਪਰਮਾਤਮਾ ਤੋਂ ਵਿੱਥ ਪਾਉਣ ਵਾਲੀ ਮਾਇਆ (ਹੀ ਹੈ ਜਿਸ ਨੇ) ਜਗਤ ਦੇ ਜੀਵਾਂ ਦੇ ਮਨਾ ਵਿਚ ਆਪਣਾ ਟਿਕਾਣਾ ਬਣਾਇਆ ਹੋਇਆ ਹੈ । (ਇਸ ਮਾਇਆ ਤੋਂ ਪੈਦਾ ਹੋਏ) ਕਾਮ ਕ੍ਰੋਧ ਹੰਕਾਰ (ਆਦਿ ਵਿਕਾਰ ਜੀਵਾਂ ਦੇ ਆਤਮਕ ਜੀਵਨ ਦਾ ) ਨਾਸ ਕਰ ਦਿੰਦੇ ਹਨ । ੧ ।

੩੨- **ਮੋਹ ਮਲਨ ਨੀਦ ਤੇ ਛੁਟਕੀ ਕਉਨੁ ਅਨੁਗ੍ਰਹੁ ਭਇਓ ਰੀ ॥ ਮਹਾ ਮੋਹਨੀ ਤੁਧੁ ਨ ਵਿਆਪੈ ਤੇਰਾ ਆਲਸੁ ਕਹਾ ਗਇਓ ਰੀ ॥ ੧ ॥ ਰਹਾਉ ॥ ਕਾਮੁ ਕ੍ਰੋਧੁ ਅਹੰਕਾਰੁ ਗਾਖਰੋ ਸੰਜਮਿ ਕਉਨ ਛੁਟਿਓ ਰੀ ॥**
**ਸੁਰਿ ਨਰ ਦੇਵ ਅਸੁਰ ਤ੍ਰੈ ਗੁਨੀਆ ਸਗਲੋ ਭਵਨੁ ਲੁਟਿਓ ਰੀ ॥ ੧ ॥**[੩੮੪]-੧੨-੫੧

**ਅਰਥ:**--ਹੇ ਸਹੇਲੀ ! ਤੂੰ ਮਨ ਨੂੰ ਮੈਲਾ ਕਰਨ ਵਾਲੀ ਮੋਹ ਦੀ ਨੀਂਦ ਤੋਂ ਬਚ ਗਈ ਹੈਂ, ਤੇਰੇ ਉਤੇ ਕੇਹੜੀ ਕਿਰਪਾ ਹੋਈ ਹੈ ? (ਜੀਵਾਂ ਦੇ ਮਨ ਨੂੰ) ਮੋਹ ਲੈਣ ਵਾਲੀ ਬਲੀ ਮਾਇਆ ਵੀ ਤੇਰੇ ਉਤੇ ਜ਼ੋਰ ਨਹੀਂ ਪਾ ਸਕਦੀ, ਤੇਰਾ ਆਲਸ ਵੀ ਸਦਾ ਲਈ ਮੁੱਕ ਗਿਆ ਹੈ । **੧ । ਰਹਾਉ ।** ਹੇ ਭੈਣ ! ਇਹ ਕਾਮ ਕ੍ਰੋਧ, ਇਹ ਹੰਕਾਰ (ਜੀਵਾਂ ਨੂੰ ਹਰੇਕ) ਬੜੀ ਔਖਿਆਈ ਦੇਣ ਵਾਲਾ ਹੈ (ਤੇਰੇ ਅੰਦਰੋਂ ) ਕਿਸ ਜੁਗਤਿ ਨਾਲ ਇਨ੍ਹਾਂ ਦਾ ਨਾਸ ਹੋਇਆ ਹੈ? ਹੇ ਭੈਣ ! ਭਲੇ ਮਨੁੱਖ, ਦੇਵਤੇ, ਦੈਂਤ, ਸਾਰੇ ਤ੍ਰੈ ਗੁਣੀ ਜੀਵ ਸਾਰਾ ਜਗਤ ਹੀ ਇਨ੍ਹਾਂ ਨੇ ਲੁੱਟ ਲਿਆ ਹੈ (ਸਾਰੇ ਜਗਤ ਦਾ ਆਤਮਕ ਜੀਵਨ ਦਾ ਸਰਮਾਇਆ ਇਨ੍ਹਾਂ ਲੁੱਟ ਲਿਆ ਹੈ ) । **੧ ।**

੩੩- **ਸਾਧਸੰਗਿ ਉਧਾਰਿ ਇਹੁ ਮਨੁ ਆਠ ਪਹਰ ਆਰਾਧਿ ॥**
**ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਟੈ ਸਗਲ ਉਪਾਧਿ ॥ ੨ ॥** [੫੦੧]-੨-੨੮

੩੪- **ਕਰਣ ਪਲਾਵ ਕਰੈ ਨਹੀ ਪਾਵੈ ਇਤ ਉਤ ਢੂਢਤ ਥਾਕਿ ਪਰੇ ॥**
**ਕਾਮਿ ਕ੍ਰੋਧਿ ਅਹੰਕਾਰਿ ਵਿਆਪੇ ਕੂੜ ਕੁਟੰਬ ਸਿਉ ਪ੍ਰੀਤਿ ਕਰੇ॥ ੪ ॥** [੧੦੧੪]-੮

੬

# ਕਾਮ ਕ੍ਰੋਧ ਦੇ ਨਾਲ ਦੋ ਤੋਂ ਵੱਧ ਵਿਕਾਰ-ਰਸਾਂ ਦਾ ਜ਼ਿਕਰ

੩੫- **ਕਾਮ ਕ੍ਰੋਧ ਅਰੁ ਲੋਭ ਮੋਹ ਇਹ ਇੰਦ੍ਰੀ ਰਸਿ ਲਪਟਾਧੇ ॥**
**ਦੀਈ ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ ॥ ੩ ॥** [੪੦੩]-੪-੧੨੬

**ਅਰਥ:**--ਕਾਮ, ਕ੍ਰੋਧ, ਲੋਭ, ਮੋਹ (ਆਦਕ ਵਿਕਾਰ-ਰਸਾਂ ਵਿਚ) ਇੰਦ੍ਰਿਆਂ ਦੇ ਰਸ ਵਿਚ (ਮਨੁੱਖ) ਗ਼ਲਤਾਨ ਰਹਿੰਦਾ ਹੈ । (ਇਨ੍ਹਾਂ ਕੁਕਰਮਾਂ ਦੇ ਕਾਰਨ ਜਦੋਂ) ਸਿਰਜਨਹਾਰ ਅਕਾਲਪੁਰਖ ਨੇ (ਇਸ ਨੂੰ ਚੌਰਾਸੀ ਲੱਖ ਜੂਨਾਂ ਵਾਲੀ) ਭਵਾਟਣੀ ਦੇ ਦਿੱਤੀ ਤਾਂ ਇਹ ਮੁੜ ਮੁੜ ਜੂਨਾਂ ਵਿਚ ਭਟਕਦਾ ਫਿਰਦਾ ਹੈ । ੩ ।

੩੬- **ਹਉ ਹਉ ਕਰਤ ਬਧੇ ਬਿਕਾਰ ॥ ਮੋਹ ਲੋਭ ਡੂਬੌ ਸੰਸਾਰ ॥**
**ਕਾਮਿ ਕ੍ਰੋਧਿ ਮਨੁ ਵਸਿ ਕੀਆ ॥ ਸੁਪਨੈ ਨਾਮੁ ਨ ਹਰਿ ਲੀਆ ॥ ੩ ॥** [੧੧੯੨]-੨

੩੭- **ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ ॥ ਲਬੁ ਲੋਭੁ ਅਹੰਕਾਰੁ**
**ਸੁ ਪੀਰਾ ॥ ਰਾਮ ਨਾਮ ਬਿਨੁ ਕਿਉ ਮਨੁ ਧੀਰਾ ॥ ੨ ।**[੪੧੪]-੧੦-੭

**ਅਰਥ:**--ਜਿਸ ਮਨਮੁੱਖ ਦੇ ਮਨ ਅਥਵਾ ਸਰੀਰ ਵਿਚ ਕਾਮ , ਕ੍ਰੋਧ, ਮੋਹ, ਲੋਭ ਅਤੇ ਹੰਕਾਰ (ਵਿਚੋਂ ਕੋਈ ਵਿਕਾਰ ਵੀ ਪਰਬੱਲ) ਹੈ, (ਜਿੰਨ੍ਹਾਂ ਦੇ ਅੰਦਰ ਇਨ੍ਹਾਂ ਵਿਕਾਰਾਂ) ਦਾ ਕਲੇਸ਼ ਹੈ, ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਉਸ ਦਾ ਮਨ (ਇਨ੍ਹਾਂ ਦਾ ਟਾਕਰਾ ਕਰਨ ਦਾ) ਕਿਵੇਂ ਹੌਸਲਾ ਕਰ ਸਕਦਾ ਹੈ ? ੨ ।

੩੮- **ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ ॥ ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ ॥ ਤਿਨ ਸਿਧਿ ਨ ਬੁਧਿ, ਭਈ ਮਤਿ ਮਧਿਮ ਲੋਭ ਲਹਰਿ ਦੁਖ ਪਾਈ ॥ ਗੁਰ ਬਿਹੂਨ ਮਹਾ ਦੁਖੁ ਪਾਇਆ ਜਮ ਪਕਰੇ ਬਿਲਲਾਈ ॥ ੨ ॥**[੧੨੬੫]-੭

10 March --1997ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖਾਂ ਦਾ ਜੀਵਨ ਵਿਅਰਥੁ ਜਾਂਦਾ ਹੈ। ਜਨਮ ਮਰਨ ਦੇ ਗੇੜ ਵਿਚ ਫਸੇ ਹੋਏ ਉਹ ਸ਼ਰਮ-ਸਾਰ ਹੁੰਦੇ ਰਹਿੰਦੇ ਹਨ। ਉਹ ਮਨੁੱਖ ਕਾਮ, ਕ੍ਰੋਧ, ਹੰਕਾਰ ਵਿਚ ਡੁੱਬੇ ਰਹਿੰਦੇ ਹਨ। ਹਉਮੈ ਵਿਚ ਫਸਿਆਂ ਦਾ ਆਤਮ ਜੀਵਨ ਸੜ ਕੇ ਸੁਆਹ ਹੋ ਜਾਂਦਾ ਹੈ। (ਆਪਣੇ ਮਨ ਦੇ ਪਿੱਛੇ ਤੁਰਨ ਵਾਲੇ) ਉਨ੍ਹਾਂ ਮਨੁੱਖਾਂ ਨੂੰ (ਜੀਵਨ ਵਿਚ) ਸਫ਼ਲਤਾ ਹਾਸਲ ਨਹੀਂ ਹੁੰਦੀ। (ਸਫ਼ਲਤਾ ਵਾਲੀ) ਅਕਲ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੁੰਦੀ, ਉਨ੍ਹਾਂ ਦੀ ਮਤਿ ਨੀਂਵੀਂ ਰਹਿੰਦੀ ਹੈ ਅਤੇ ਲੋਭ ਦੀਆਂ ਲਹਿਰਾਂ ਵਿਚ ਫ਼ਸਿਆ ਹੋਇਆ ਮਨਮੁੱਖ ਗੁਰੂ ਦੀ ਸਰਨ ਵਿਚ ਆਉਣ ਤੋਂ ਬਿਨਾ ਬੜਾ ਦੁਖ ਪਾਉਂਦਾ ਹੈ। ਅੰਤ ਵੇਲੇ ਵਿਲਕਦਾ ਹੀ (ਤੁਰ ਜਾਂਦਾ ਹੈ। ੨ ।

੩੯- **ਸਾਵਣੁ ਰਾਤਿ, ਅਹਾੜੁ ਦਿਹੁ, ਕਾਮੁ ਕ੍ਰੋਧੁ ਦੁਇ ਖੇਤ ॥ ਲਬੁ ਵਤ੍ਰ ਦਰੋਗੁ ਬੀਉ, ਹਾਲੀ ਰਾਹਕੁ ਹੇਤ ॥**
**ਹਲੁ ਬੀਚਾਰੁ ਵਿਕਾਰ ਮਣ, ਹੁਕਮੀ ਖਟੇ ਖਾਇ ॥ ਨਾਨਕ ਲੇਖੈ ਮੰਗਿਐ ਅਉਤੁ ਜਣੇਦਾ ਜਾਇ ॥ ੧ ॥**[੯੫੫]-ਵਾ-੧੭

**ਅਰਥ**:--(ਜਿਸ ਮਨੁੱਖ ਦੀ ) ਰਾਤ ਸਾਉਣੀ ਦੀ ਫ਼ਸਲ ਹੈ ਤੇ ' ਕਾਮ ' ਜਿਸ ਦੀ ਪੈਲੀ ਹੈ (ਭਾਵ, ਜੋ ਜੀਵ ਆਪਣੀ ਰਾਤ " ਕਾਮ " ਅਧੀਨ ਹੋ ਕੇ ਗੁਜ਼ਾਰਦਾ ਹੈ), ਜਿਸ ਦਾ ਦਿਨ ਹਾੜੀ ਦੀ ਫ਼ਸਲ ਹੈ ਤੇ " ਕ੍ਰੋਧ " ਜਿਸ ਦੀ ਪੈਲੀ ਹੈ (ਭਾਵ, ਜੋ ਦਿਨ ਦਾ ਸਮਾ ਕ੍ਰੋਧ ਦੇ ਅਧੀਨ ਬਿਤਾ**ਉਂਦਾ ਹੈ), ਜਿਸ ਜੀਵ ਲਈ " ਲਬ ' ਵੱਤਰ ਦਾ ਕੰਮ ਦਿੰਦਾ) ਹੈ ਤੇ ਝੂਠ (ਜਿਸ ਦੀ ਫ਼ਸਲ ਲਈ) ਬੀਜ ਹੈ (ਭਾਵ, ਜੋ ਲੱਬ ਦਾ ਪ੍ਰੇਰਿਆ ਝੂਠ ਬੋਲਦਾ ਹੈ), ' ਮੋਹ ' ਜਿਸ ਜੀਵ ਲਈ ਹਲ ਵਾਹੁਣ ਵਾਲਾ ਹੈ ਤੇ ਬੀਜਣ ਵਾਲਾ ਹੈ, ਵਿਕਾਰਾਂ ਦੀ ਵਿਚਾਰ ਜਿਸ ਜੀਵ ਦਾ " ਹਲ " ਹੈ, ਵਿਕਾਰਾਂ ਦਾ ਬੋਹਲ ਜਿਸ ਨੇ ਇਕੱਠਾ ਕੀਤਾ ਹੈ, ਉਹ ਮਨੁੱਖ ਪ੍ਰਭੂ ਦੇ ਹੁਕਮ ਵਿਚ (ਆਪਣੀ ਕੀਤੀ ਇਸ ਕਮਾਈ ਦਾ) ਖੱਟਿਆ ਖਾਂਦਾ ਹੈ । ਹੇ ਨਾਨਕ ! ਜਦੋਂ ਜੀਵ ਦੀ ਕਰਤੂਤ ਦਾ ਲੇਖਾ ਮੰਗਿਆ ਜਾਂਦਾ ਹੈ ਤਦੋਂ ਪਤਾ ਲੱਗਦਾ ਹੈ ਕਿ ਅਜੇਹਾ ਜੀਵ-ਰੂਪ) ਪਿਉ (ਜਗਤ ਤੋਂ) ਆਉਂਤ੍ਰਾ (=ਔਲਾਦ ਤੋਂ ਬਿਨਾ) ਹੀ ਜਾਂਦਾ ਹੈ (ਭਾਵ, ਜੀਵਨ ਅਜ਼ਾਈਂ ਗੁਆ ਤੇ ਤੁਰ ਜਾਂਦਾ ਹੈ) । ੧ ।**

੪੦- **ਘੋਰ ਮਹਲ ਸਦਾ ਰੰਗਿ ਰਾਤਾ ॥ ਸੰਗਿ ਤੁਮਾਰੈ ਕਛੂ ਨ ਜਾਤਾ ॥ ੨ ॥**
**ਰਖਹਿ ਪੋਚਾਰਿ ਮਾਟੀ ਕਾ ਭਾਂਡਾ ॥ ਅਤਿ ਕੁਚੀਲ ਮਿਲੈ ਜਮ ਡਾਂਡਾ ॥੩ ॥**
**ਕਾਮ ਕ੍ਰੋਧਿ ਲੋਭਿ ਮੋਹਿ** ਬਾਧਾ ॥ ਮਹਾ ਗਰਤ ਮਹਿ ਨਿਘਰਤ ਜਾਤਾ ॥ ੪ ॥[੭੪੧]-੧੪- ੨੦

੭

## ਕਾਮ ਕ੍ਰੋਧ ਵਸਿ ਕਰੈ ....॥

ਉੱਪਰ ਇਸ ਲੇਖ ਦੇ ਅਰੰਭ ਵਿਚ ਲਿਖਿ ਆਏ ਹਾਂ ਕਿ ਇਹ ਪੰਜ ਵਿਕਾਰ ਵੀ ਉਸੇ ਸਿਰਜਣਹਾਰ ਖਸਮ ਦੀ ਹੀ ਕਿਰਤ ਹਨ, ਇਨ੍ਹਾਂ ਦੀ ਨਿੰਦਿਆ ਕਰ ਕੇ ਇਨ੍ਹਾਂ ਨੂੰ ਖ਼ਤਮ ਕਰਨ ਦੀਆਂ ਗੱਲਾਂ ਕਰਨੀਆਂ ਕੁਦਰਤ ਨਾਲ ਮੁਕਾਬਲਾ ਅਰੰਭ ਕਰਨ ਵਾਲੀ ਸੋਚ ਹੈ । ਜੇ ਜੀਵ ਵਿਚ ਕਾਮ ਤੋਂ ਉਚੇਚਾ ਲੁਤਫ਼ ਨਾ ਮਿਲਦਾ ਹੁੰਦਾ, ਅਥਵਾ **ਕਾਮ ਵਾਸਨਾਂ** ਨਾਲ ਸੰਬੰਧਤ ਗੂੜ੍ਹਾ ਮੋਹ-ਪਿਆਰ ਨਾ ਉਪਜਿਆ ਹੁੰਦਾ ਤਾਂ ਇਹ ਰੌਣਕਾਂ ਭਰਿਆ ਸੰਸਾਰ, (**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ** ।ਜਪੁ॥ ) ਕਈ ਪ੍ਰਕਾਰ ਦੇ ਜੀਵਾਂ ਦੀ ਹੋਂਦ ਤੋਂ ਬੇਰੌਣਕਾ ਰਹਿ ਜਾਂਦਾ। ਕਾਮ ਦੀ ਅਣਹੋਂਦ ਹੁੰਦੀ ਤਾਂ ਹੋ ਸਕਦਾ ਹੈ, ਸੰਸਾਰ ਉਜਾੜ ਹੁੰਦਾ। ਜੀਵਾਂ ਦੀ ਪੈਦਾਇਸ਼ ਦਾ ਮੂਲ ਕਰਨ ਕੇਵਲ ਕਾਮ ਹੈ। " ਕਾਮ " ਕ੍ਰੀੜਾ ਤੋਂ ਮਿਲਦੇ ਉਚੇਚੇ ਸੁਆਦ ਕਾਰਨ ਹੀ ਸੰਸਾਰ ਦੇ ਸਾਰੇ ਜੀਵ (ਨਰ ਮਦੀਨ) ਆਪਸ ਵਿਚ ਸੰਗ ਕਰਦੇ ਹਨ, ਜਿਸ ਦਾ ਨਤੀਜਾ " ਗ੍ਰਭ ' ਅਤੇ ਫਿਰ ਬੱਚਿਆਂ ਦੀ ਪੈਦਾਇਸ਼ । **ਕਾਮ** ਹੀ ਜੀਵਾਂ ਨੂੰ ਆਪਸ ਵਿਚ ਭੋਗ ਕਰਨ ਤੇ ਮਜਬੂਰ ਕਰਦਾ ਹੈ । **ਕਾਮ** ਹੀ ਸ੍ਰਿਸ਼ਟੀ ਵਿਚ ਜੀਵਾਂ ਦਾ ਵਾਧਾ ਕਰਨ ਦਾ ਕਾਰਨ ਬਣਦਾ ਹੈ । ਅੰਡਜ ਅਥਵਾ ਜੇਰਜ, ਉਤਭੁਜ ਆਦਿ ਖਾਣੀਆਂ ਦੇ ਪਸ਼ੂ ਪੰਖੀ, ਜੀਵ ਜੰਤ ਆਦਿ ਖ਼ਾਸ ਰੁੱਤ ਵਿਚ ਅਤੇ ਖ਼ਾਸ ਦਿਨਾਂ ਵਿਚ ਸੰਗ ਕਰਦੇ ਹਨ । ਲਗ-ਪਗ ਸਾਰੇ ਜੀਵਾਂ ਵਿਚ ਖ਼ਾਸ ਰੁੱਤ ਆਉਣ ਤੇ ਮਦੀਨ ਬਹਾਰ ਵਿਚ ਆਉਂਦੀ ਹੈ ਫਿਰ ਨਰ ਉਸ ਨਾਲ ਸੰਗ ਕਰਦਾ ਹੈ । ਇਸ ਬੜੀ ਜ਼ਰੂਰੀ ਈਸ਼ਵਰੀ ਦੇਣ ਨੂੰ ਮਨੁੱਖ ਨੇ ਆਪਣੀਆਂ ਕਰਤੂਤਾਂ ਨਾਲ, ਭਿਆਨਕ ਵਿਕਾਰ ਬਣਾ ਦਿੱਤਾ। ਆਉ ਇਸ ਪੱਖ ਵੱਲ ਵੀ ਝਾਤੀ ਮਾਰ ਲਈਏ:--

ਪਸ਼ੂ ਪੰਖੀਆਂ ਵਿਚ ਮਦੀਨ ਬਹਾਰ ਵਿਚ ਨਾ ਆਈ ਹੋਵੇ ਤਾਂ ਸ਼ਾਇਦ ਹੀ ਹੈ ਜੇ ਕੋਈ ਨਰ ਮਦੀਨ ਨਾਲ ਧੱਕਾ ਕਰਦਾ ਹੋਵੇ । ਆਮ ਤੌਰ ਤੇ ਪਸ਼ੂ ਪੰਛੀ ਆਪਣੀ ਮਦੀਨ ਦੀ ਮਰਜ਼ੀ ਅਤੇ ਉਸ ਦੀ ਖ਼ੁਸੀ ਵੇਖ ਕੇ ਹੀ ਸੰਗ ਕਰਦੇ ਹਨ । ਪਰ ਜੂਨਾ ਦਾ ਸਿਰਦਾਰ ਮਨੁੱਖ ਹੀ ਇੱਕ ਅਜੇਹਾ ਜੀਵ ਹੈ ਜੋ ਕੇਵਲ ਆਪਣੀ ਕਾਮ-ਅਗਨੀ ਨੂੰ ਠੰਢਾ ਕਰਨ ਲਈ ਕਈ ਯੋਗ ਅਥਵਾ ਅਯੋਗ ਉਪੱਦਰ ਕਰਨੋ ਵੀ ਨਹੀਂ ਸੰਗਦਾ। **ਕਾਮ** ਦੇ ਵੱਸ ਵਿਚ ਪਿਆ ਮਨੁੱਖ ਬਲਾਤਕਾਰ ਕਰਦਾ ਹੈ ਅਤੇ ਕਈ ਵਾਰੀ ਕਤਲ ਕਰਕੇ ਫਾਂਸੀ ਦੇ ਤਖ਼ਤੇ ਤੱਕ ਵੀ ਜਾ ਪੁੱਜਦਾ ਹੈ । ਕਾਮ ਦੇ ਚਸਕੇ ਦੇ ਕਾਰਨ ਹੀ ਇਸਤ੍ਰੀ ਜ਼ਾਤੀ ਤੇ ਬੇਅੰਤ ਜ਼ੁਲਮ ਹੋਏ । ਇਸਤ੍ਰੀ, ਗ੍ਰਿਹਸਤ ਜੀਵਨ ਦੀ ਗੱਡੀ ਦਾ ਬੜਾ ਜ਼ਰੂਰੀ ਅਤੇ ਅਨਮੋਲ ਪਹੀਆ ਹੈ । ਮਨੁੱਖ ਦੀ ਬੇਲਗਾਮ ਕਾਮ-ਵਾਸਨਾਂ ਨੇ ਆਪਣੇ ਇਸ ਸ਼ੁੱਭ-ਚਿੰਤਕ ਅਤੇ ਵਫਾਦਾਰ ਸਾਥੀ-ਰਤਨ ਨੂੰ " ਵੇਸਵਾ ' ਬਣਾ ਕੇ " ਕੋਠੇ " ਤੇ ਬੈਠ ਕੇ ਆਪਣਾ ਸਰੀਰ ਦੂਜਿਆਂ ਦੇ ਹਵਾਲੇ ਕਰਕੇ ਆਪਣਾ ਨਿਰਬਾਹ ਕਰਨ ਤੇ ਮਜਬੂਰ ਕਰ ਦਿੱਤਾ । ਓਹੀ ਕੋਠਾ ਜਿਹੜਾ ਇਸਤ੍ਰੀ ਨੇ ਕੇਵਲ ਆਪਣੇ ਜੀਵਨ-ਨਿਰਬਾਹ ਲਈ ਸਹੇੜਿਆ ਸੀ, **ਅੱਯਾਸ਼ੀ ਅਤੇ ਬਦਮਾਸ਼ੀ** ਦਾ **ਅੱਡਾ** ਬਣ ਗਿਆ । ਇਨ੍ਹਾਂ ਕੋਠਿਆਂ ਤੇ ਫਿਰ ਨਾਚ ਗਾਣੇ ਦੇ ਸ਼ੁਗ਼ਲ ਨੇ ਜਨਮ ਲਿਆ । ਇਨ੍ਹਾਂ **ਕੋਠਿਆਂ** ਤੇ ਪੁੱਜ ਕੇ ਘੜੀ ਪਲ ਦੇ ਕੰਨ-ਰਸ, ਜ਼ਬਾਨ-ਰਸ ਅਤੇ ਕਾਮ-ਰਸ ਨੇ ਕਈ ਚੰਗੇ ਭਲੇ ਖ਼ਾਨਦਾਨ ਤਬਾਹ ਕਰ ਦਿੱਤੇ । ਲੱਖਾਂ ਕਰੋੜਾਂ ਵਿਚ ਖੇਡਦੇ ਮਨੁੱਖ, " ਕਾਮ-ਚਸਕੇ " ਦੇ ਹਥੋਂ ਕੰਗਾਲ ਹੋ ਗਏ। ਰਾਗ-ਰੰਗ ਅਤੇ ਕਾਮ-ਖੇਡ ਦੇ ਰੰਗਾ ਰੰਗ ਸ਼ੁਗ਼ਲਾਂ ਵਾਲੇ ਏਹੀ ਕੋਠੇ ਫਿਰ ਕਈ ਭਿਆਨਕ (ਆਤਸ਼ਕ, ਸੂਜ਼ਾਕ ਅਥਵਾ ਕੋਹੜ ਤੱਕ ਦੇ ਰੋਗ) ਬਿਮਾਰੀਆਂ ਫੈਲਾਉਣ ਦਾ ਸਾਧਨ ਬਣੇ । ਕੁਝ ਪਲਾਂ ਦੇ ਚਸਕੇ ਦੇ ਗ਼ੁਲਾਮ ਮਨੁੱਖ ਨੇ ਆਪਣੀ ਸਾਰੀ ਉਮਰ ਨਰਕੀ ਬਣਾ ਲਈ । ਅਜੇਹੇ ਗੰਭੀਰ ਰੋਗਾਂ ਅਤੇ ਦੁਖਾਂ ਤੋਂ ਬਚਾਉਣ ਦੇ ਯਤਨ ਵਿਚ, ਮਨੁੱਖਤਾ ਦੇ ਸੱਚੇ ਦਰਦੀ, ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ--

੪੧- **ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥ ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛਤਾਵਹਿ ॥ ੧ ॥ ਅੰਧੇ ਚੇਤਿ ਹਰਿ ਹਰਿ ਰਾਇਆ ॥ ਤੇਰਾ ਸੋ ਦਿਨੁ ਨੇੜੈ ਆਇਆ ॥ ੧ ॥ ਰਹਾਉ ॥ ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰੁ ॥ ਜੈਸਾ ਸੰਗੁ ਬਿਸੀਅਰੁ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥ ੨ ॥ ਬੈਰੀ ਕਾਰਣਿ ਪਾਪ ਕਰਤਾ ਬਸਤੁ ਰਹੀ ਅਮਾਨਾ ॥ ਛੋਡਿ ਜਾਹਿ ਤਿਨ ਹੀ ਸਿਉ ਸੰਗੀ ਸਾਜਨ ਸਿਉ ਬੈਰਾਨਾ ॥ ੩ ॥ ਸਗਲ ਸੰਸਾਰੁ ਇਹੈ ਬਿਧਿ ਬਿਆਪਿਓ ਸੋ ਉਬਰਿਓ ਜਿਸੁ ਗੁਰੁ ਪੂਰਾ ॥ ਕਹੁ ਨਾਨਕ ਭਵ ਸਾਗਰੁ ਤਰਿਓ ਭਏ ਪੁਨੀਤ ਸਰੀਰਾ ॥ ੪ ॥**[੪੦੩]-੫-੧੨੭

**ਅਰਥ**:-- ਹੇ ਕਾਮ-ਵਾਸਨਾ ਵਿਚ ਅੰਨ੍ਹੇ ਹੋਏ ਜੀਵ ! (ਇਹ ਵਿਕਾਰਾਂ ਵਾਲਾ ਰਾਹ ਛੱਡ, ਤੇ) ਪ੍ਰਭੂ-ਪਾਤਸ਼ਾਹ ਦਾ ਸਿਮਰਨ ਕਰ । ਤੇਰਾ ਉਹ ਦਿਨ ਨੇੜੇ ਆ ਰਿਹਾ ਹੈ (ਜਦੋਂ ਤੂੰ ਇਥੋਂ ਕੂਚ ਕਰ ਜਾਣਾ ਹੈ) । ੧ । ਰਹਾਉ । ਹੇ ਅੰਨ੍ਹੇ ਜੀਵ ! ਥੋੜਾ ਜਿੰਨਾ ਸਮਾ ਕਾਮ-ਵਾਸਨਾ ਦੇ ਸੁਆਦ ਦੀ ਖ਼ਾਤਰ ਤੂੰ ਕ੍ਰੋੜਾਂ ਹੀ ਦਿਨ ਦੁਖ ਸਹਾਰਦਾ ਹੈਂ । ਤੂੰ ਘੜੀ ਦੋ ਘੜੀਆਂ ਮੌਜਾਂ ਮਾਣਦਾ ਹੈਂ, ਉਸ ਤੋਂ ਪਿੱਛੋਂ ਮੁੜ ਮੁੜ ਪਛਤਾਉਂਦਾ ਹੈ । ੧ । ਹੇ (ਅਕਲ ਦੇ) ਅੰਨ੍ਹੇ ਮਨੁੱਖ ! ਅੱਕ ਨਿੰਮ ਵਰਗੇ ਕੌੜੇ ਤੁੰਮੇ ਨੂੰ (ਜੋ ਵੇਖਣ ਨੂੰ ਸੋਹਣਾ ਹੁੰਦਾ ਹੈ ( ਥੋੜ੍ਹੇ ਸਮੇ ਲਈ ਵੇਖ ਕੇ ਤੂੰ ਭੁੱਲ ਜਾਂਦਾ ਹੈਂ) । ਹੇ ਅੰਨ੍ਹੇ ! ਪਰਾਈ ਇਸਤ੍ਰੀ ਦਾ ਸੰਗ ਇਉਂ ਹੀ ਹੈ ਜਿਵੇਂ ਸੱਪ ਨਾਲ ਸਾਥ ਹੈ । ੨ । (ਅੰਤ) ਵੈਰ ਕਮਾਉਣ ਵਾਲੀ ਮਾਇਆ (ਕਾਮ-ਵਾਸਨਾ ਵੀ

ਮਾਇਆ ਦਾ ਹੀ ਬੜਾ ਪ੍ਰਬੱਲ ਰੂਪ ਹੈ) ਦੀ ਖ਼ਾਤਰ ਤੂੰ (ਅਨੇਕਾਂ ਪਾਪ ਕਰਦਾ ਰਹਿੰਦਾ ਹੈਂ, ਅਸਲ ਚੀਜ਼ (ਜੋ ਤੇਰੇ ਨਾਲ ਨਿਭਣੀ ਹੈ) ਲਾਂਭੇ ਹੀ ਪਈ ਰਹਿ ਜਾਂਦੀ ਹੈ। ਜਿੰਨ੍ਹਾਂ ਨੂੰ ਤੂੰ ਆਖ਼ਰ ਛੱਡ ਜਾਏਂਗਾ ਉਨ੍ਹਾਂ ਨਾਲ ਤੂੰ ਸਾਥ ਬਣਾਇਆ ਹੋਇਆ ਹੈ, ਇਸ ਵਿਚੋਂ ਉਹੀ ਬਚ ਕੇ ਨਿਕਲਦਾ ਹੈ ਜਿਸ ਦਾ ਰਾਖਾ ਪੂਰਾ ਗੁਰੂ ਬਣਦਾ ਹੈ, ਉਹ ਮਨੁੱਖ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ, ਉਸ ਦਾ ਸਰੀਰ ਪਵਿਤ੍ਰ ਹੋ ਜਾਂਦਾ ਹੈ ( ਵਿਕਾਰਾਂ ਦੀ ਮਾਰ ਤੋਂ ਬਚ ਜਾਂਦਾ ਹੈ)। ੪।

ਕਾਮ ਵਾਸਨਾ ਦਾ ਗ਼ੁਲਾਮ ਹੋਇਆ ਮਨੁੱਖ ਦੁਖਾਂ ਰੋਗਾਂ ਵਿਚ ਫਸਦਾ ਹੈ। ਪਰ ਕੁਦਰਤੀ ਨਿਯਮਾਂ ਅਨੁਸਾਰ ਕਾਮ ਦੀ (ਜਿਵੇ ਪਸ਼ੂ ਪੰਖੀ ਕਰਦੇ ਹਨ) ਵਰਤੋਂ ਕਰਨ ਨਾਲ ਮਨੁੱਖਾ ਨਸਲ ਨੂੰ ਅਗਾਂਹ ਤੋਰੀ ਰੱਖਣਾ ਪ੍ਰਭੂ ਦੇ ਹੁਕਮ ਦੀ ਪਾਲਣਾ ਹੈ। ਸ਼ਾਇਦ ਪ੍ਰੋਹਿਤ ਜੀ ਨੇ ਏਸੇ ਨੂੰ ਹੀ " ਕਾਮ ਦੇਵਤਾ ਦੀ ਸੇਵਾ " ਲਿਖਿਆ ਹੈ ? ਕ੍ਰੋਧ ਵੀ ਜੀਵਨ ਦਾ ਬੜਾ ਜ਼ਰੂਰੀ ਅੰਗ ਹੈ। ਜਿਸ ਮਨੁੱਖ ਵਿਚ ਰੋਸ (ਭਾਵ, ਗੁੱਸਾ) ਕਰ ਸਕਣ ਦੀ ਸ਼ਕਤੀ ਨਹੀਂ ਉਹ ਆਪਣੀ ਇੱਜ਼ਤ ਅਤੇ ਅਣਖ ਬਚਾ ਕੇ ਨਹੀਂ ਰੱਖ ਸਕਦਾ। ਕਿਸੇ ਧੱਕੇ-ਖੋਰ ਵੈਰੀ ਵਿਰੁੱਧ ਡੱਟ ਖਲੋਣ ਦੀ ਸ਼ਕਤੀ ਵਾਸਤੇ " ਰੋਸ " ਭਵ ਗੁੱਸੇ ਦਾ ਹੋਣਾ ਜ਼ਰੂਰੀ ਹੈ। ਵੈਰੀ ਤੇ ਹਮਲਾ ਕਰਨ ਦੀ ਸ਼ਕਤੀ ' ਰੋਸ " ਹੀ ਪੈਦਾ ਕਰਦਾ ਹੈ --**ਜਬੈ ਬਾਨ ਲਾਗਿਯੋ ॥ ਤਬੈ ਰੋਸ ਜਾਗਯੋ ॥ ਕਰੰ ਲੈ ਕਮਾਣੰ ॥ ਹਨੰ ਬਾਣ ਤਾਣੰ ॥ ੩੧ ॥** ਵੈਰੀ ਦਾ ਬਾਣ ਲੱਗਾ ਤਾਂ ਰੋਸ ਜਾਗਿਆ, ਭਾਵ, ਗੁੱਸਾ ਆਇਆ ਤਾਂ ਹੱਥ ਵਿਚ ਧਣਖ ਲੈ ਕੇ ਤੀਰ ਮਾਰੇ। ਗੁੱਸੇ ਦੀ ਯੋਗ ਵਰਤੋਂ ਵੀ ਬੜੀ ਲਾਹੇ-ਵੰਦ ਹੈ। ਏਵੇ ਹੀ ਗੁਰੂ-ਬਾਣੀ ਵਿਚਾਰ ਪੜ੍ਹਨ-ਸੁਣਨ ਦਾ, ਗੁਰਮੁਖਾਂ ਦੀ ਸੰਗਤ ਕਰਨ ਦਾ ਲੋਭ, ਤ੍ਰਿਸਨਾ, ਚਾਹਤ, ਬੜੀ ਲਾਹੇਵੰਦ ਗੁਣ ਹੈ। ਮਨੁੱਖਾ ਜੀਵਨ ਲਈ ਅਤੇ ਸਮਾਜ ਲਈ ਜਿਹੜੇ ਕੁਦਰਤ ਦੀ ਦੇਣ ਬੜੇ ਕੀਮਤੀ ਗੁਣ ਸਨ, ਸਾਡੀ ਅਯੋਗ ਵਰਤੋਂ ਦੇ ਕਾਰਨ ਉਹ ਮਨੁੱਖ ਅਤੇ ਸਮਾਜ ਦੋਹਾਂ ਲਈ ' ਵਿਕਾਰ " ਬਣ ਗਏ। ਇਹ ਨਿਰਣਾ ਵੀ ਦਾਸ ਦਾ ਨਹੀਂ ਸਗੋਂ ਗੁਰੂ ਬਾਣੀ ਦਾ ਹੀ ਹੈ:---

੪੨- **ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥ ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥ ੨ ॥ ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥ ਜਿਉ ਗੋਡਹੁ ਤਿਉ ਤੁਮ੍ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥ ੩ ॥**[੧੧੭੧]-੧-੯

**ਅਰਥ:--(**ਕਿਸਾਨ ਆਪਣੀ ਪੈਲੀ ਦੇ ਕਿਆਰੇ ਸਿੰਜਣ ਵਾਸਤੇ ਖੂਹ ਤੇ ਟਿੰਡਾਂ ਦੀ ਮਾਲ੍ਹ ਪਾਉਂਦਾ ਹੈ, ਆਪਣੇ ਬਲਦ ਜੋ ਕੇ ਖੂਹ ਚਲਾਉਂਦਾ ਹੈ, ਇਸੇ ਤਰ੍ਹਾਂ) ਹੱਥੀਂ ਸੇਵਾ ਕਰਨ ਨੂੰ ਹਰ੍ਹਟ ਤੇ ਹਰ੍ਹਟ ਦੀ ਮਾਲ੍ਹ ਤੇ ਉਸ ਮਾਲ੍ਹ ਵਿਚ ਟਿੰਡਾਂ ਜੋੜਨਾ ਬਣਾ। (ਹੱਥੀਂ ਸੇਵਾ ਵਾਲੇ ਘੜਮਾਲ੍ਹੇ ਖੂਹ) ਵਿਚ ਆਪਣਾ ਮਨ ਜੋ, ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਸਿੰਜ ਤੇ ਆਪਣੇ-ਇੰਦ੍ਰਿਆਂ ਦੇ ਕਿਆਰੇ ਇਸ ਨਾਮ-ਜਲ ਨਾਲ ਨਕਾ-ਨਕ ਭਰ। ਤਦ ਹੀ ਤੂੰ ਇਸ ਜਗਤ-ਬਾਗ਼ ਦੇ ਪਾਲਣ-ਹਾਰ ਪ੍ਰਭੂ ਦਾ ਪਿਆਰਾ ਬਣੇਗਾ **। ੨ ।** (ਉੱਗੀ ਖੇਤੀ ਨੂੰ ਕਿਸਾਨ ਰੰਬੇ ਨਾਲ ਗੋਡੀ ਦਿੰਦਾ ਹੈ। ਫ਼ਸਲ ਦੇ ਹਰੇਕ ਬੂਟੇ ਨੂੰ ਪਿਆਰ ਨਾਲ ਸਾਂਭ ਕੇ ਬਚਾਈ ਜਾਂਦਾ ਹੈ, ਤੇ ਫ਼ਾਲਤੂ ਘਾਹ ਬੂਟ ਨਦੀਣ ਨੂੰ, ਮਾਨੋ, ਗੁੱਸੇ ਨਾਲ ਪੁੱਟ ਪੁੱਟ ਕੇ ਬਾਹਰ ਸੁੱਟਦਾ ਹੈ, ਤੂੰ ਵੀ) ਹੇ ਭਾਈ ! ਆਪਣੇ ਸਰੀਰ-ਧਰਤੀ ਨੂੰ ਗੋਡ, ਕਾਮ (=ਪਿਆਰ) ਅਤੇ ਗੁੱਸਾ ਇਹ ਦੋ ਰੰਬੇ ਬਣਾ (ਦੈਵੀ ਗੁਣਾਂ ਨੂੰ ਪਿਆਰ ਨਾਲ ਬਚਾਈ ਰੱਖ, ਵਿਕਾਰਾਂ ਨੂੰ ਕ੍ਰੋਧ ਨਾਲ ਜੜ੍ਹੋਂ ਪੁੱਟਦਾ ਜਾਹ)। ਜਿਉਂ ਜਿਉਂ ਤੂੰ ਇਸ ਤਰ੍ਹਾਂ ਗੋਡੀ ਕਰੇਂਗਾ, ਤਿਉਂ ਤਿਉਂ ਆਤਮਕ ਸੁਖ ਮਾਣੇਂਗਾ। ਤੇਰੀ ਕੀਤੀ ਇਹ ਮਿਹਨਤ ਵਿਅਰਥ ਨਹੀਂ ਜਾਏਗੀ **। ੩ ।**

੪੩- **ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥ ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ, ਐਸੀ ਖੇਲ ਹਰਿ ਪਿਆਰੀ ॥ ੨ ॥** [੧੧੮੫]-੧-੧੯

**ਅਰਥ**:-ਹੇ ਵੀਰ ! ਨੇਕ ਕੰਮ ਕਰਨ ਨੂੰ ਤੁਸੀ ਚੌਪੜ ਦੀ ਖੇਡ ਬਣਾਵੋ, ਉੱਚ ਆਚਰਨ ਨੂੰ ਨਰਦ ਬਣਾਵੋ। (ਇਸ ਨਰਦ ਦੀ ਬਰਕਤ ਨਾਲ) ਤੁਸੀ (ਆਪਣੇ ਅੰਦਰੋਂ) ਕਾਮ, ਕਰੋਧ, ਲੋਭ ਮੋਹ ਆਦਿ **ਨੂੰ ਵੱਸ ਵਿਚ ਕਰੋ**। ਹੇ ਵੀਰ ! ਇਹੋ ਜਿਹੀ ਖੇਡ ਪਰਮਾਤਮਾ ਨੂੰ ਪਿਆਰੀ ਲੱਗਦੀ ਹੈ (ਪਸੰਦ ਆਉਂਦੀ ਹੈ)। ੨ ।

ਸਪੱਸ਼ਟ ਉਪਦੇਸ਼ ਹੈ ਕਿ ਕਾਮ ਕ੍ਰੋਧ ਆਦਿ ਪੰਜਾਂ ਨੂੰ ਹੀ ਆਪਣੇ ਵੱਸ ਵਿਚ ਕਰ ਕੇ ਆਤਮਕ ਸੁਖ ਮਾਨਣਾ ਹੈ। ਇਨ੍ਹਾਂ ਨੂੰ ਮਾਰਨ ਲਈ ਜੋਗੀਆਂ ਜਾਂ ਸਿੱਧਾਂ ਵਾਂਗ ਯਤਨ ਕਰਨੇ, ਮੂਰਖਤਾਈ ਹੀ ਨਹੀਂ ਸਗੋਂ ਕੁਦਰਤ ਦੇ ਮੁਕਾਬਲੇ ਤੇ ਅੜ ਖਲੋਣ ਦੀ, ਸਖ਼ਤ ਗੁਸਤਾਖੀ ਲਿੱਬੜੀ ਭੁੱਲ ਹੈ। ਅਗਲੇ ਗੁਰੂ ਫ਼ੁਰਮਾਨ ਵਿਚ ਭੱਟ ਭਿੱਖਾ ਜੀ ਗੁਰੂ ਅਮਰਦਾਸ ਜੀ ਬਾਰੇ ਫ਼ੁਰਮਾਨ ਕਰ ਰਹੇ ਹਨ:--

੪੪- **ਗੁਰੁ ਗਿਆਨੁ ਅਰੁ ਧਿਆਨੁ, ਤਤੁ ਸਿਉ ਤਤੁ ਮਿਲਾਵੈ ॥ ਸਚਿ ਸਚੁ ਜਾਣੀਐ, ਇਕ ਚਿਤਹਿ ਲਿਵ ਲਾਵੈ ॥ ਕਾਮ ਕ੍ਰੋਧ ਵਸਿ ਕਰੈ, ਪਵਣੁ ਉਡੰਤ ਨ ਧਾਵੈ ॥ ਨਿਰੰਕਾਰ ਕੈ ਵਸੈ ਦੇਸਿ, ਹੁਕਮੁ ਬੁਝਿ ਬੀਚਾਰੁ ਪਾਵੈ ॥ ਕਲਿ ਮਾਹਿ ਰੂਪੁ ਕਰਤਾ ਪੁਰਖੁ, ਸੋ ਜਾਣੈ ਜਿਨਿ ਕਿਛੁ ਕੀਅਉ ॥ ਗੁਰੁ ਮਿਲ੍ਹਿਉ ਸੋਇ, ਭਿਖਾ ਕਹੈ, ਸਹਜ ਰੰਗਿ ਦਰਸਨੁ ਦੀਅਉ ॥੧ ॥**[੧੩੯੫]-੧੯

**ਅਰਥ:**--ਸਤਿਗੁਰੂ ਅਮਰਦਾਸ ਗਿਆਨ-ਰੂਪ ਤੇ ਧਿਆਨ-ਰੂਪ ਹੈ (ਭਾਵ, ਪੂਰਨ ਗਿਆਨ ਵਾਲੇ ਤੇ ਦ੍ਰਿੜ ਧਿਆਨ ਵਾਲੇ ਹਨ, ਉਨ੍ਹਾਂ ਨੇ) ਆਪਣੇ ਆਤਮਾਨੂੰ ਹਰੀ ਨਾਲ ਮਿਲਾ ਲਿਆ ਹੈ। ਸਦਾ-ਥਿਰ ਹਰੀ ਵਿਚ ਜੁੜਨ ਕਰ ਕੇ ਸਤਿਗੁਰੂ ਨੂੰ ਹਰੀ-ਰੂਪ ਹੀ ਸਮਝਣਾ ਚਾਹੀਏ , ਗੁਰੂ ਅਮਰਦਾਸ ਇਕਾਗ੍ਰ ਮਨ ਹੋ ਕੇ ਹਰੀ ਵਿਚ ਲਿਵ ਲਾ ਰਹੇ ਹਨ। **ਉਨ੍ਹਾਂ ਨੇ ਕਾਮ ਕ੍ਰੋਧ ਨੂੰ ਆਪਣੇ ਵੱਸ ਵਿਚ ਕਰ ਲਿਆ ਹੋਇਆ** ਹੈ, ਉਨ੍ਹਾਂ ਦਾ ਮਨ ਭਟਕਦਾ ਨਹੀਂ ਹੈ (ਕਿਸੇ ਪਾਸੇ ਵਲ) ਦੌੜਦਾ ਨਹੀਂ ਹੈ। (ਗੁਰੂ ਅਮਰਦਾਸ) ਨਿਰੰਕਾਰ ਦੇ ਦੇਸ ਵਿਚ ਟਿਕ ਰਿਹਾ ਹੈ, (ਪ੍ਰਭੂ ਦਾ) ਹੁਕਮ ਪਛਾਣ ਕੇ ਉਨ੍ਹਾਂ ਨੇ ਗਿਆਨ ਪ੍ਰਾਪਤ ਕੀਤਾ ਹੈ। ਕਲਜੁਗ ਵਿਚ (ਗੁਰੂ ਅਮਰਦਾਸ) ਕਰਤਾ ਪੁਰਖ-ਰੂਪ ਹੈ, (ਇਸ ਕੌਤਕ ਨੂੰ) ਉਹ ਕਰਤਾਰ ਹੀ ਜਾਣਦਾ ਹੈ ਜਿਸ ਨੇ ਇਹ ਅਚਰਜ ਕੌਤਕ ਕੀਤਾ ਹੈ। ਭਿੱਖਾ ਕਵੀ ਆਖਦਾ) --" ਮੈਨੂ ਉਹ ਗੁਰੂ (ਅਮਰਦਾਸ ਜੀ) ਮਿਲ ਪਏ ਹਨ, (ਉਨ੍ਹਾਂ ਨੇ) ਪੂਰਨ ਖਿੜਾਉ ਦੇ ਰੰਗ ਵਿਚ ਮੈਨੂੰ ਦਰਸ਼ਨ ਦਿੱਤਾ ਹੈ '। ੧।

ਸਤਿਗੁਰਾਂ ਬਾਰੇ ਵੀ ਏਹੀ ਲਿਖਿਆ ਹੈ ਕਿ ਉਨ੍ਹਾਂ ਨੇ ਕਾਮ ਕ੍ਰੋਧ ਆਦਿ ਨੂੰ ਆਪਣੇ ਵੱਸ ਵਿਚ ਕਰ ਲਿਆ ਹੈ। ਜੋਗੀਆਂ ਵਾਂਗ ਖਤਮ ਕਰ ਲੈਣ ਦੀ ਗੱਲ ਨਹੀਂ ਹੈ। ਅੱਗੇ, ਮਾਇਆ ਅਤੇ ਮਾਇਆ ਦੀ ਉਪਜ ਕਾਮ ਕ੍ਰੋਧ ਆਦਿ ਵਿਕਾਰਾਂ ਬਾਰੇ ਪੰਚਮ ਪਾਤਿਸ਼ਾਹ ਜੀ ਦਾ ਫ਼ੁਰਮਾਨ:--

੪੫- **ਮਾਤਾ ਪਿਤਾ ਭਾਈ ਸੁਤੁ ਬਨਿਤਾ ॥ ਚੂਗਹਿ ਚੋਗ ਅਨੰਦ ਸਿਉ ਜੁਗਤਾ ॥ ਉਰਝਿ ਪਰਿਓ ਮਨ ਮੀਠ ਮੋੁਹਾਰਾ ॥ ਗੁਨ ਗਾਹਕ ਮੇਰੇ ਪ੍ਰਾਨ ਅਧਾਰਾ ॥ ੧ ॥ ਏਕੁ ਹਮਾਰਾ ਅੰਤਰਜਾਮੀ ॥ ਧਰ ਏਕਾ ਮੈ ਟਿਕ ਏਕਸੁ ਕੀ ਸਿਰਿ ਸਾਹਾ ਵਡ ਪੁਰਖੁ ਸੁਆਮੀ ॥ ੧ ॥ ਰਹਾਉ ॥ ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ ॥ ਗੁਰਿ ਕਹਿਆ ਇਹ ਝੂਠੀ ਧੋਹੀ ॥ ਮੁਖਿ ਮੀਠੀ ਖਾਈ ਕਉਰਾਇ ॥ ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ ॥ ੨ ॥ ਲੋਭ ਮੋਹ ਸਿਉ ਗਈ ਵਿਖੋਟਿ ॥ ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ ॥ ਇਹ ਠਗਵਾਰੀ ਬਹੁਤੁ ਘਰ ਗਾਲੇ ॥ ਹਮ ਗੁਰਿ ਰਾਖਿ ਲੀਏ ਕਿਰਪਾਲੇ ॥**

**੩ ॥ ਕਾਮ ਕ੍ਰੋਧ ਸਿਉ ਠਾਟੁ ਨ ਬਨਿਆ ॥ ਗੁਰਿ ਉਪਦੇਸੁ ਮੋਹਿ ਕਾਨੀ ਸੁਨਿਆ ॥ ਜਹ ਦੇਖਉ ਤਹ ਮਹਾ ਚੰਡਾਲ ॥ ਰਾਖਿ ਲੀਏ ਅਪੁਨੈ ਗੁਰਿ ਗੋਪਾਲ ॥ ੪ ॥ ਦਸ ਨਾਰੀ ਮੈ ਕਰੀ ਦੁਹਾਗਨਿ ॥ ਗੁਰਿ ਕਹਿਆ ਏਹ ਰਸਹਿ ਬਿਖਾਗਨਿ ॥ ਇਨ ਸਨਬੰਧੀ ਰਸਾਤਲਿ ਜਾਇ ॥ ਹਮ ਗੁਰਿ ਰਾਖੇ ਹਰਿ ਲਿਵ ਲਾਇ ॥ ੫ ॥ ਅਹੰਮੇਵ ਸਿਉ ਮਸਲਤਿ ਛੋਡੀ ॥ ਗੁਰਿ ਕਹਿਆ ਇਹੁ ਮੂਰਖੁ ਹੋਡੀ ॥ ਇਹੁ ਨੀਘਰੁ ਘਰੁ ਕਹੀ ਨ ਪਾਏ ॥ ਹਮ ਗੁਰਿ ਰਾਖਿ ਲੀਏ ਲਿਵ ਲਾਏ ॥੬॥ ਇਨ ਲੋਗਨ ਸਿਉ ਹਮ ਭਏ ਬੈਰਾਈ ॥ ਏਕ ਗ੍ਰਿਹ ਮਹਿ ਦੁਇ ਨ ਖਟਾਂਈ ॥ ਆਏ ਪ੍ਰਭ ਪਹਿ ਅੰਚਰਿ ਲਾਗਿ ॥ ਕਰਹੁ ਤਪਾਵਸੁ ਪ੍ਰਭ ਸਰਬਾਗਿ ॥ ੭ ॥ ਪ੍ਰਭ ਹਸਿ ਬੋਲੇ ਕੀਏ ਨਿਆਏ ॥ਸਗਲ ਦੂਤ ਮੇਰੀ ਸੇਵਾ ਲਾਏ ॥ ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ ॥ ਕਹੁ ਨਾਨਕ ਗੁਰਿ ਕੀਆ ਨਿਬੇਰਾ ॥ ੮ ॥** [੧੩੪੭-੧

**ਅਰਥ:**-- ਸਭ ਦੇ ਦਿਲ ਦੀ ਜਾਣਨ ਵਾਲਾ ਪਰਮਾਤਮਾ ਹੀ ਮੇਰਾ (ਰਾਖਾ) ਹੈ। ਮੈਨੂੰ ਸਿਰਫ਼ ਪਰਮਾਤਮਾ ਦਾ ਹੀ ਆਸਰਾ ਹੈ । ਮੇਰਾ ਉਹ ਮਾਲਕ ਵੱਡੇ ਵੱਡੇ ਬਾਦਸ਼ਾਹਾਂ ਦੇ ਸਿਰ ਉੱਤੇ (ਵੀ) ਖ਼ਸਮ ਹੈ **। ੧ । ਰਹਾਉ ।** ਮਾਂ, ਪਿਉ, ਭਰਾ, ਪੁੱਤਰ, ਇਸਤ੍ਰੀ (ਪਰਵਾਰਾਂ ਦੇ ਇਹ ਸਾਰੇ ਸਾਥੀ) ਰਲ ਕੇ ਮੌਜ ਨਾਲ (ਮਾਇਆ ਦੇ) ਭੋਗ ਭੋਗਦੇ ਰਹਿੰਦੇ ਹਨ, (ਸਭਨਾਂ ਦੇ) ਮਨ ਮਾਇਆ ਦੇ ਮੋਹ ਦੀ ਮਿਠਾਸ ਵਿਚ ਫਸੇ ਰਹਿੰਦੇ ਹਨ । (ਪਰ ਗੁਰੂ ਦੀ ਕਿਰਪਾ ਨਾਲ ਪਰਮਾਤਮਾ ਦੇ) ਗੁਣਾਂ ਦੇ ਗਾਹਕ (ਸੰਤ-ਜਨ) ਮੇਰੀ ਜ਼ਿੰਦਗੀ ਦਾ ਆਸਰਾ ਬਣ ਗਏ ਹਨ **। ੧ ।** ਗੁਰੂ ਨੇ ਮੈਨੂੰ ਦੱਸ ਦਿੱਤਾ ਹੈ ਕਿ ਇਹ ਮਾਇਆ ਝੂਠੀ ਹੈ ਤੇ ਠੱਗੀ ਕਰਨ ਵਾਲੀ ਹੈ) ਇਹ ਮਾਇਆ ਉਸ ਚੀਜ਼ ਵਰਗੀ ਹੈ ਜੋ) ਮੂੰਹ ਵਿਚ ਮਿੱਠੀ ਲੱਗਦੀ ਹੈ, ਪਰ ਖਾਧਿਆਂ ਕੌੜਾ ਸੁਆਦ ਦਿੰਦੀ ਹੈ । (ਸੋ, ਗੁਰੂ ਦੀ ਕਿਰਪਾ ਨਾਲ) ਇਸ ਛਲ ਕਰਨ ਵਾਲੀ ਸਪਣੀ (-ਮਾਇਆ) ਨਾਲੋਂ ਮੇਰਾ ਸੰਬੰਧ ਟੁੱਟ ਗਿਆ ਹੈ, ਮੇਰਾ ਮਨ ਆਤਮਕ ਜੀਵਨ ਦੇਣ ਵਾਲੇ ਹਰਿ-ਨਾਮ ਨਾਲ ਰੱਜਿਆ ਰਹਿੰਦਾ ਹੈ **। ੧ ।**

ਹੇ ਭਾਈ ! ਕਿਰਪਾਲ ਗੁਰੂ ਨੇ ਮੇਰੇ ਉੱਤੇ ਬਖ਼ਸ਼ਸ਼ ਕੀਤੀ ਹੈ, **ਲੋਭ ਮੋਹ (ਆਦਿਕ) ਨਾਲੋਂ ਮੇਰਾ ਇਤਬਾਰ ਮੁੱਕ ਗਿਆ ਹੈ । (ਭਾਵ, ਮੈਂ ਹੁਣ ਲੋਭ ਮੋਹ ਦੇ ਅਸਰ ਹੇਠ ਨਹੀਂ ਆਉਂਦਾ) ।** ਠੱਗਾਂ ਦੇ ਇਸ ਟੋਲੇ ਨੇ ਅਨੇਕਾਂ ਘਰ (ਹਿਰਦੇ) ਤਬਾਹ ਕਰ ਦਿੱਤੇ ਹਨ । ਮੈਨੂੰ ਤਾਂ (ਇਨ੍ਹਾਂ ਪਾਸੋਂ) ਦਇਆ ਦੇ ਸੋਮੇ ਗੁਰੂ ਨੇ ਬਚਾ ਲਿਆ **ਹੈ । ੩ ।** ਗੁਰੂ ਦਾ ਉਪਦੇਸ਼ ਮੈਂ ਬੜੇ ਧਿਆਨ ਨਾਲ ਸੁਣਿਆ ਹੈ, ਇਸ ਵਾਸਤੇ **ਕਾਮ ਕ੍ਰੋਧ ਆਦਿ ਨਾਲ ਹੁਣ ਮੇਰੀ ਸਾਂਝ ਨਹੀਂ ਬਣੀ । (ਮੇਰੇ ਤੇ ਇਨ੍ਹਾਂ ਦਾ ਪ੍ਰਭਾਵ ਨਹੀਂ ਪੈ ਸਕਦਾ, ਮੈਂ ਇਨ੍ਹਾਂ ਤੇ ਕਾਬੂ ਪਾ ਲਿਆ ਹੈ)** । ਮੈ ਜਿੱਧਰ ਵੇਖਦਾ ਹਾਂ, ਉੱਧਰ ਇਹ ਵੱਡੇ ਚੰਡਾਲ (ਆਪਣਾ ਜ਼ੋਰ ਪਾ ਰਹੇ ਹਨ), ਮੈਨੂੰ ਤਾਂ ਮੇਰੇ ਗੁਰੂ ਗੋਪਾਲ ਨੇ (ਇਨ੍ਹਾਂ ਤੋਂ) ਬਚਾ ਲਿਆ ਹੈ । ੪ ।

ਆਪਣੀਆਂ ਦਸਾਂ ਹੀ ਇੰਦ੍ਰੀਆਂ ਨੂੰ ਮੈਂ ਛੁੱਟੜ ਕਰ ਦਿੱਤਾ ਹੈ (ਰਸਾਂ ਦੀ ਖ਼ੁਰਾਕ ਅਪੜਾਉਣੀ ਬੰਦ ਕਰ ਦਿੱਤੀ ਹੈ, ਕਿਉਂਕਿ) ਗੁਰੂ ਨੇ ਮੈਨੂੰ ਦੱਸਿਆ ਹੈ ਇਹ ਰਸਾਂ ਦੀ ਆਤਮਕ ਮੌਤ ਲਿਆਉਣ ਵਾਲੀ ਅੱਗ ਹੈ, ਇਨ੍ਹਾਂ ਰਸਾਂ ਨਾਲ ਮੇਲ ਰੱਖਣ ਵਾਲਾ ਪ੍ਰਾਣੀ ਆਤਮਕ ਮੌਤ ਦੀ ਨੀਵੀਂ ਖੱਡ ਵਿਚ ਜਾ ਪੈਂਦਾ ਹੈ । ਹੇ ਭਾਈ ! (ਮੇਰੇ ਹਿਰਦੇ ਵਿਚ) ਪਰਮਾਤਮਾ ਦੀ ਲਗਨ ਪੈਦਾ ਕਰ ਕੇ ਗੁਰੂ ਨੇ ਮੈਨੂੰ (ਇਨ੍ਹਾਂ ਰਸਾਂ ਤੋ) ਬਚਾ ਲਿਆ ਹੈ **। ੫ ।** ਮੈਂ ਹੰਕਾਰ ਨਾਲ ਵੀ ਮੇਲ-ਮਿਲਾਪ ਛੱਡ ਦਿੱਤਾ ਹੈ (ਹੰਕਾਰ ਵੀ ਕਾਬੂ ਹੇਠ ਕਰ ਲਿਆ ਹੈ) ਗੁਰੂ ਨੇ ਮੈਨੂੰ ਦੱਸਿਆ ਹੈ ਕਿ ਹੰਕਾਰ ਮੂਰਖ ਅਤੇ ਜ਼ਿੱਦੀ ਹੈ (ਭਾਵ, ਹੰਕਾਰ ਮਨੁੱਖ ਨੂੰ ਮੂਰਖ ਅਤੇ ਜ਼ਿੱਦੀ ਬਣਾ ਦਿੰਦਾ ਹੈ) । ਹੁਣ ਇਹ ਬੇਘਰਾ ਹੋ ਗਿਆ ਹੈ (ਮੇਰੇ ਅੰਦਰ) ਇਸ ਨੂੰ ਕੋਈ ਟਿਕਾਣਾ ਨਹੀਂ ਮਿਲਦਾ। ਪ੍ਰਭੂ-ਚਰਨਾਂ ਦੀ ਲਗਨ ਪੈਦਾ ਕਰ ਕੇ ਗੁਰੂ ਨੇ ਮੈਨੂੰ ਇਸ ਹੰਕਾਰ ਤੋਂ ਬਚਾ ਲਿਆ ਹੈ **। ੬ ।** ਇਨ੍ਹਾਂ **(ਕਾਮ ਕ੍ਰੋਧ ਹੰਕਾਰ ਆਦਿਕਾਂ) ਨਾਲੋਂ)** ਮੈਂ ਬੇ-ਵਾਸਤਾ ਹੋ ਗਿਆ ਹਾਂ, ਇਕੋ (ਸਰੀਰ-) ਘਰ ਵਿਚ ਦੋਹਾਂ ਧਿਰਾਂ ਦਾ ਮੇਲ ਨਹੀਂ ਹੋ ਸਕਦਾ । ਮੈਂ (ਆਪਣੇ ਗੁਰੂ ਦੇ) ਲੜ ਲੱਗ ਕੇ ਪ੍ਰਭੂ ਦੇ ਦਰ ਤੇ ਆ ਗਿਆ ਹਾਂ, (ਤੇ, ਅਰਦਾਸ ਕਰਦਾ ਹਾਂ-) ਹੇ ਸਰਬੱਗ ਪ੍ਰਭੂ ! ਤੂੰ ਆਪ ਹੀ ਨਿਆਂ ਕਰ । ੭ । ਹੇ ਭਾਈ ! ਪ੍ਰਭੂ ਜੀ ਹੱਸ ਕੇ ਆਖਣ ਲੱਗੇ --ਅਸਾਂ ਨਿਆਂ ਕਰ ਦਿੱਤਾ ਹੈ । ਹੇ ਭਾਈ ! ਪ੍ਰਭੂ ਨੇ **(ਕਾਮਾਦਿਕ ਇਹ) ਸਾਰੇ ਵੈਰੀ ਮੇਰੀ ਸੇਵਾ ਵਿਚ ਲਾ ਦਿੱਤੇ ਹਨ** । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ--ਇਹ ਸਰੀਰ-ਘਰ ਸਾਰਾ ਤੇਰਾ ਹੈ ਅਤੇ ਹੁਣ ਤੂੰ ਹੀ ਇਸ ਦਾ ਮਾਲਕ ਹੈ (ਕਾਮਾਦਿਕ ਇਸ ਉੱਤੇ ਜ਼ੋਰ ਨਹੀਂ ਪਾ ਸਕਦੇ) ੮ ।

ਜੇ ਕਾਮ ਕ੍ਰੋਧ ਆਦਿ ਮਨੁੱਖ ਤੇ ਆਪਣਾ ਪ੍ਰਭਾਵ ਪਾ ਲੈਣ ਤਾਂ ਇਹ ਵਡ੍ਹੇ ਵੈਰੀ ਹਨ, ਪਰ ਜੇ ਇਨ੍ਹਾਂ ਨੂੰ ਸੰਜਮ ਵਿਚ ਰਖਿਆ ਜਾਵੇ ਤਾਂ ਇਹ ਬੜੇ ਵੱਡੇ ਸੇਵਕ ਹਨ । ਪਰ ਇਨ੍ਹਾਂ ਨੂੰ ਸੇਵਕ ਬਣਾਉਣ ਲਈ, ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਅਨੁਸਾਰ ਜੀਵਨ ਢਾਲ ਲੈਣ ਦੇ ਆਹਰ ਵਿਚ ਜੁੱਟ ਜਾਣਾ ਲੋੜੀਏ--

੪੬- **ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ ॥**
**ਅੰਗੀਕਾਰੁ ਕਰਹੁ ਰਖਿ ਲੇਵਹੁ ਗੁਰ ਪੂਰਾ ਕਾਢਿ ਕਢੀਜੈ ॥ ੨ ॥**[੧੩੨੫]-੫

**ਅਰਥ:**--ਹੇ ਪ੍ਰਭੂ ! (ਅਸਾਂ ਜੀਵਾਂ ਦੇ ਸਰੀਰ-) ਨਗਰ ਵਿਚ ਕਾਮ ਕ੍ਰੋਧ (ਆਦਿਕ ਹਰੇਕ ਵਿਕਾਰ) ਬਲਵਾਨ ਹੋਇਆ ਹੈ, ਸਦਾ ਉੱਠ ਉੱਠ ਕੇ (ਇਨ੍ਹਾਂ ਨਾਲ) ਜੁੱਧ ਕਰਨਾ ਪੈਂਦਾ ਹੈ । ਹੇ ਪ੍ਰਭੂ ! ਸਹਾਇਤਾ ਕਰ, (ਇਨ੍ਹਾਂ ਤੋਂ) ਬਚਾ ਲੈ । ਪੂਰਾ ਗੁਰੂ (ਮਿਲ ਕੇ ਇਨ੍ਹਾਂ ਦੇ ਪੰਜੇ ਵਿਚੋਂ) ਕੱਢ ਲੈ । ੨ ।

੪੭- **ਕਾਮੁ ਕ੍ਰੋਧੁ ਝੂਠੁ ਤਜਿ ਨਿੰਦਾ ਹਰਿ ਸਿਮਰਨਿ ਬੰਧਨ ਤੂਟੇ ॥**
**ਮੋਹ ਮਗਨ ਅਹੰ ਅੰਧ ਮਮਤਾ ਗੁਰ ਕਿਰਪਾ ਤੇ ਛੂਟੇ ॥ ੩ ॥**[੧੨੦੬]-੧੨

੮

# ਇਨ ਤੇ ਕਾਢਿ ਲੇਹੁ ਮੇਰੇ ਸੁਆਮੀ .. ॥ *

ਆਪਣੇ ਸਤਿਗੁਰੂ (ਗੁਰੂ ਗ੍ਰੰਥ ਸਾਹਿਬ ਜੀ) ਦੇ ਹੁਕਮਾ ਵਿਚ ਵਿਚਰਦਿਆਂ, ਪਰਮਾਤਮਾ ਦੇ ਦਰ ਦੇ ਸਦਾ ਹੀ ਅਰਦਾਸੀਏ ਬਣੇ ਰਹਿਣਾ ਚਾਹੀਦਾ ਹੈ ਕਿ ਉਹ ਸਾਨੂੰ ਕਾਮ ਕ੍ਰੋਧ ਦੇ ਪ੍ਰਭਾਵ ਹੇਠ ਆਉਣ ਤੋਂ ਬਚਾਏ ਅਤੇ ਆਪਣੇ ਚਰਨਾ ਨਾਲ ਜੋੜੀ ਰੱਖੇ ਤਾਂ ਜੋ ਅਸੀਂ ਇਨ੍ਹਾਂ ਪੰਜ ਰਸਾਂ ਵਿਚ ਫ਼ਸ ਕੇ ਉਸ ਤੋਂ ਦੂਰ ਨਾ ਹੋ ਜਾਈਏ :--**>>>>**

[**Foot noT**:--ਸੰਤ ਸਿੰਘ ਮਸਕੀਨ ਪ੍ਰਸਿੱਧ ਪਰਚਾਰਕ ਜੀ ਜੋ ਕਾਮ ਬਾਰੇ ਜੋ ਭਾਸ਼ਨ ਰੀਕਾਰਡ ਕਰਵਾਇਆ ਤੇ ਅਖ਼ਬਾਰਾਂ ਵਿਚ ਛਪਦਾ ਰਿਹਾ ਉਸ ਬਾਰੇ ਦਾਸ ਨੇ ਮਸਕੀਨ ਜੀ ਨੂੰ ਮਿਲ ਕੇ ਜਿਹੜਾ ਪੱਤਰ ਉਨ੍ਹਾਂ ਦੀ ਸੇਵਾ ਵਿਚ ਪੇਸ਼ ਕੀਤਾ ਸੀ ਉਸ ਦਾ ਪੂਰਾ ਉਤਾਰਾ ਪੁਸਤਕ ਦੇ ਦਸਵੇਂ ਭਾਗ ਵਿਚ ਦਿੱਤਾ ਗਿਆ ਹੈ। ਪਾਠਕਾਂ ਦੀ ਸਹੂਲਤ ਲਈ ਟੂਕ ਦੇ ਰੂਪ ਵਿਚ ਵੀ ਹਾਜ਼ਰ ਹੈ---

**੧ੴ ਸਤਿਗੁਰ ਪ੍ਰਸਾਦਿ ॥**

**ਜੋ ਨ ਢਹੰਦੋ ਮੂਲਿ ਸੋ ਘਰੁ ਰਾਸਿ ਕਰਿ ॥ ਹਿਕੋ ਚਿਤਿ ਵਸਾਇ ਕਦੇ ਨ ਜਾਇ ਮਰਿ ॥ ੩ ॥**

ਪੰਥ ਵਲੋਂ ਸਤਿਕਾਰੇ ਹੋਏ, ਗਿਆਨੀ ਸੰਤ ਸਿੰਘ ਮਸਕੀਨ ਜੀਓ, June 1, 1998.

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ॥

ਆਪ ਜੀ ਦੇ ਭਾਸ਼ਨ ਦੀ ਟੇਪ ਬਾਜ਼ਾਰ ਵਿਚ ਵਿਕਦੀ ਹੈ ਜਿਸ ਵਿਚ ਆਪ ਜੀ ਨੇ " ਕਾਮ ' ਨੂੰ ਅਧਿਕ ਸ਼ਕਤੀ ਦੱਸਦਿਆਂ ਇਹ ਸਮਝਾਉਣ ਦਾ ਹੀ ਯਤਨ ਕੀਤਾ ਹੈ ਕਿ, ਕਾਮ ਸ਼ਕਤੀ ਜੇ ਹੇਠਾਂ ਨੂੰ ਤੁਰ ਜਾਵੇ ਤਾਂ ਸੰਤਾਨ ਪੈਦਾ ਕਰਦੀ ਹੈ ਪਰ ਜੇ ਕਿਤੇ ਇਹ ਉੱਪਰ ਨੂੰ ਚੜ੍ਹ ਆਵੇ ਤਾਂ ਵਾਹਿਗੁਰੂ ਨਾਲ ਮਿਲਾਪ ਕਰਾ ਦਿੰਦੀ ਹੈ। ਉਤਸੁਕਤਾ ਵਧਨ ਦੇ ਕਾਰਨ ਦਾਸ ਨੇ ਬੜਾ ਯਤਨ ਕੀਤਾ ਪਰ ਗੁਰਬਾਣੀ ਵਿਚੋਂ ਅਜੇਹਾ ਕੋਈ ਫ਼ੁਰਮਾਨ ਨਹੀਂ ਮਿਲ ਸਕਿਆ ਜਿਸ ਤੋਂ ਆਪ ਜੀ ਦੇ ਕਥਨ ਦੀ ਮਾੜੀ ਮੋਟੀ ਪੁਸ਼ਟੀ ਵੀ ਹੁੰਦੀ ਹੋਵੇ। ਤੁਸਾਂ ਜਿਨ੍ਹਾਂ ਗੁਰੂ ਸ਼ਬਦਾਂ ਦਾ ਸੰਕੇਤ ਮਾਤ੍ਰ ਜ਼ਿਕਰ ਕੀਤਾ ਹੈ ਉਨ੍ਹਾਂ ਦੀ ਵਿਚਾਰ ਤੋ ਸਗੋਂ ਭਰਮ ਹੋਰ ਵਧਿਆ। ਕੁਝ ਗੁਰਮੁਖ ਸੱਜਣਾ ਨਾਲ ਵਿਚਾਰਾਂ ਕੀਤੀਆਂ । ਪਰ ਮਸਲਾ ਹੋ ਉਲਝਿਆ। ਆਖ਼ਰ ਜਦ ਇਹ ਪਤਾ ਲੱਗਾ ਕਿ ਆਪ ਜੀ ਸਿਆਟਲ ਹੀ ਗੁਰੂ ਦੁਆਰਾ ਸਾਹਿਬ --ਸੱਚਾ ਮਾਰਗ ਵਿਖੇ ਕੁਝ ਦਿਨਾਂ ਲਈ ਸੰਗਤਾਂ ਨੂੰ ਨਿਹਾਲ ਕਰਨ ਲਈ ਆ ਰਹੇ ਹੋ ਤਾਂ ਫੈਸਲਾ ਹੋਇਆ ਕਿ, ਸਾਰੇ ਭਰਮ ਭੁਲੇਖੇ ਦੂਰ ਕਰਨ ਲਈ ਆਪ ਹੀ ਦੀ ਸੇਵਾ ਵਿਚ ਇਹ ਲਿਖਤੀ ਬੇਨਤੀ ਪੱਤਰ ਪੇਸ਼ ਕੀਤਾ ਜਾਵੇ। ਸ਼ੰਕੇ ਇਸ ਪ੍ਰਕਾਰ ਹਨ ਜੀ:--

ੳ- **ਕਾਮ ਦੀ ਉਪ੍ਰੋਕਤ ਵਰਣਨ ਸ਼ਕਤੀ ਦੀ ਮੁਹੱਤਤਾ ਗੁਰਮਤਿ ਅਨੁਸਾਰ ਸਿੱਧ ਕਰਨ ਲਈ ਆਪ ਜੀ ਨੇ ਆਪਣੇ ਭਾਸ਼ਨ ਵਿਚ ਜਿੰਨੇ ਹੀ ਗੁਰੂ ਸ਼ਬਦਾਂ ਦੀ ਪੰਗਤੀਆਂ ਦੀ ਵਰਤੋਂ ਕੀਤੀ ਹੈ, ਪੂਰੇ ਗੁਰੂ ਸ਼ਬਦਾਂ ਦੇ ਅਸਲ ਆਸ਼ੇ ਨੂੰ ਵਿਗਾੜਨ ਦੀ ਭੁੱਲ ਕੀਤੀ ਹੋਣ ਦਾ ਹੀ ਭਰਮ ਬਣਿਆਂ ਹੈ। ਪਹਿਲੀ ਪੰਗਤੀ**ਗੁਜਰੀ ਰਵਿਦਾਸ : **ਮੈਲਾਗਰ ਬੇਰੇ ਹੈ ਭੁਇਅੰਗਾ ਬਿਖੁ ਅੰਮ੍ਰਿਤ ਬਸੈ ਇਕ ਸੰਗਾ ॥**ਹੈ । ਉਸ ਪੂਰੇ ਗੁਰੂ ਸ਼ਬਦ ਦੀ ਸਿਖਿਆ ਦਾ ਮੇਲ ਆਪ ਜੀ ਦੇ ਭਾਸ਼ਨ ਵਿਚਲੀ ਦਲੀਲ ਨਾਲ ਨਹੀਂ ਖਾ ਰਿਹਾ:-

**ਸ਼ੰਕਾ**-- ਦਾਸ ਕੋਲ ਆਪ ਜੀ ਦੇ ਭਾਸ਼ਨ ਦੀ ਟੇਪ ਹੈ ਜਿਸ ਵਿਚ, ਤੁਸਾਂ ਸਾਬਕਾ ਪ੍ਰਿੰਸੀਪਲ ਸਾਹਿਬ ਸਿੰਘ ਜੀ ਨੂੰ, ਹੋ ਗੁਜ਼ਰੇ ਗੁਰੂ-ਬਾਣੀ ਦੇ ਸਾਰੇ ਟੀਕਾਕਾਰਾਂ ਵਿਚੋਂ ਸਭ ਤੋਂ ਉੱਤਮ ਟੀਕਾਕਾਰ ਹੋਣ ਦਾ ਫ਼ਤਵਾ ਦਿੱਤਾ ਹੈ। ਉਨ੍ਹਾਂ ਵਲੋਂ ਕੀਤੇ ਅਰਥਾਂ ਦਾ ਤੁਹਾਨੂੰ ਚੇਤਾ ਕਰਾਉਣਾ ਜਾਗਦੇ ਨੂੰ ਜਗਾਉਣ ਵਾਲੀ ਅਤੇ ਸੂਰਜ ਨੂੰ ਦੀਵਾ ਵਿਖਾਉਣ ਵਾਲੀ ਗੱਲ ਹੈ। ਨਿਰਸੰਦੇਹ ਆਪ ਨੇ ਸਭ ਕੁਝ **ਜਾਣਤ ਹੀ** ਬੋਲਿਆ ਹੈ। ਆਪ ਜੀ ਨਾਲ ਕੀਤੇ ਜਾ ਰਹੇ ਇਸ ਪੱਤਰ ਵਿਹਾਰ ਨੇ ਪੁਸਤਕ ਦਾ ਰੂਪ ਲੈਣਾ ਹੈ। ਇਸ ਲਈ ਸਾਰਿਆਂ ਦੀ ਜਾਣਕਾਰੀ ਲਈ ਸਾਹਿਬ ਸਿੰਘ ਜੀ ਵਾਲੇ ਅਰਥਾਂ ਸਮੇਤ ਪੂਰਾ ਗੁਰੂ ਸ਼ਬਦ ਲਿਖਿਆ ਜਾ ਰਿਹਾ ਹੈ:--

੧- **ਦੁਧੁ ਤ ਬਛਰੈ ਥਨਹੁ ਬਿਟਾਰਿਓ ॥ ਫੂਲੁ ਭਵਰਿ, ਜਲ ਮੀਨਿ ਬਿਗਾਰਿਓ ॥ ੧ ॥ ਮਾਈ ਗੋਬਿੰਦ**
**ਪੂਜਾ ਕਹਾ ਲੈ ਚਰਾਉ ॥ ਅਵਰ ਨ ਫੂਲੁ ਅਨੂਪੁ ਨਾ ਪਾਵਉ ॥ ੧ ॥ ਰਹਾਉ ॥ ਮੈਲਾਗਰ ਬੇਰ੍ਹੇ ਹੈ**
**ਭੁਇਅੰਗਾ ॥ ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥ ੨ ॥ ਧੂਪ ਦੀਪ ਨਈਬੇਦਹਿ ਬਾਸਾ ॥**
**ਕੈਸੇ ਪੂਜੁ ਕਰਹਿ ਤੇਰੀ ਦਾਸਾ ॥ ੩ ॥ ਤਨੁ ਮਨੁ ਅਰਪਉ ਪੂਜ ਚਰਾਵਉ ॥ ਗੁਰ ਪਰਸਾਦਿ ਨਿਰੰਜਨੁ**
**ਪਾਵਉ ॥ ੪ ॥ ਪੂਜਾ ਅਰਚਾ ਆਹਿ ਨਾ ਤੋਰੀ ॥ ਕਹਿ ਰਵਿਦਾਸ ਕਵਨ ਗਤਿ ਮੋਰੀ ॥ ੫ ॥**[੫੨੫]-੧

**ਪਦ ਅਰਥ:--ਬਛਰੈ**=ਵੱਛੇ ਨੇ। **ਥਨਹੁ**=ਥਣਾਂ ਵਿਚੋਂ ਹੀ। **ਬਿਟਾਰਿਓ**=ਜੂਠਾ ਕਰ ਦਿੱਤਾ। **ਭਵਰਿ**=ਭਵਰੇ ਨੇ। **ਮੀਨਿ**=ਮੀਨ ਨੇ, ਮੱਛੀ ਨੇ। **੧ । ਮਾਈ**=ਹੇ ਮਾਂ । **ਕਹਾ**=ਕਿਥੋਂ। **ਚਰਾਵਉ**=ਮੈਂ ਭੇਟਾ ਕਰਾਂ। **ਅਨੂਪ**=[ਅਨ+ਉਪ] ਜਿਸ ਵਰਗਾ ਹੋਰ ਕੋਈ ਨਹੀ, ਅਤੀ ਸੁੰਦਰ। **ਨ ਪਾਵਉ**=ਮੈ ਹਾਸਲ ਨਹੀਂ ਕਰ ਸਕਾਂਗਾ । ੧ । ਰਹਾਉ ॥ **ਮੈਲਾਗਰ**=[ਮਲਯ+ਅਗਰ] ਮਲਯ ਪਰਬਤ ਉੱਤੇ ਉੱਗੇ ਹੋਏ ਚੰਦਨ ਦੇ ਬੂਟੇ । **ਬੇਰ੍ਹੇ**=ਵ੍ਹੇੜੇ ਹੋਏ, ਲਪੇਟੇ ਹੋਏ । **ਬਿਖੁ**=ਜ਼ਹਿਰ। **ਇੱਕ ਸੰਗਾ**=ਇੱਕ ਥਾਂ, ਇਕੱਠੇ। **੨ । ਦੀਪ**=ਦੀਵਾ। **ਨਈਬੇਦ**= [An offering of eatables presented to a deity or idol] ਕਿਸੇ ਬੁੱਤ ਜਾਂ ਦੇਵੀ ਦੇਵਤੇ ਅੱਗੇ ਖਾਣ ਵਾਲੀਆਂ ਚੀਜ਼ਾਂ ਦੀ ਭੇਟਾ । **ਬਾਸਾ**=ਬਾਸਨਾ, ਸੁਗੰਧੀ। **੩ । ਅਰਪਉ**=ਅਰਪ ਦਿਆਂ, ਮੈਂ ਭੇਟਾ ਕਰਾਂ। ਚਰਾਵਉ=ਭੇਟਾ ਕਰਾਂ। ੪ । **ਅਰਚਾ**=ਮੂਰਤੀ ਆਦਿਕ ਦੀ ਪੂਜਾ, ਮੂਰਤੀ ਅਗੇ ਸਿਰ ਨਿਵਾਉਣਾ, ਮੂਰਤੀ ਨੂੰ ਸ਼ਿੰਗਾਰਨਾ। ਅਹਿ ਨ=ਨਹੀਂ ਹੋ ਸਕੀ। **ਕਹਿ**=ਕਹੈ, ਆਖਦਾ ਹੈ । **ਕਵਨ ਗਤਿ**=ਕੀਹ ਹਾਲ ? । **੫ ।**

**ਅਰਥ:**- ਦੁਧ ਤਾਂ ਥਣਾ ਤੋਂ ਹੀ ਵੱਛੇ ਨੇ ਜੂਠਾ ਕਰ ਦਿੱਤਾ, ਫੁੱਲ ਭੌਰੇ ਨੇ (ਸੁੰਘ ਕੇ) ਤੇ ਪਾਣੀ ਮੱਛੀ ਨੇ ਖ਼ਰਾਬ ਕਰ ਦਿੱਤਾ (ਸੋ, ਇਹ ਤਿੰਨੇ) ਜੂਠੇ ਹੋ ਜਾਣ ਕਰਕੇ ਪ੍ਰਭੂ ਅੱਗੇ ਭੇਟ ਕਰਨ ਯੋਗ ਨਹੀਂ ਰਹਿ ਗਬੇ **੧ ।** ਹੇ ਮਾਂ ! ਗੋਬਿੰਦ ਦੀ ਪੂਜਾ ਕਰਨ ਲਈ ਮੈਂ ਕਿਥੋਂ ਕੋਈ ਚੀਜ਼ ਲੈ ਕੇ ਭੇਟ ਕਰਾਂ ਕੋਈ ਹੋਰ (ਸੁੱਚਾ) ਫੁੱਲ (ਆਦਿਕ ਮਿਲ) ਨਹੀਂ (ਸਕਦਾ)। ਕੀ ਮੈਂ (ਇਸ ਘਾਟ ਕਰ ਕੇ) ਉਸ ਸੋਹਣੇ ਪ੍ਰਭੂ ਨੂੰ ਪ੍ਰਾਪਤ ਨਹੀਂ ਕਰ ਸਕਾਂਗਾ ?। **੧ । ਰਹਾਉ।** ਚੰਦਨ ਦੇ ਬੂਟਿਆਂ ਨੂੰ ਸੱਪ ਚੰਬੜੇ ਹੋਏ ਹਨ (ਤੇ ਉਨ੍ਹਾਂ ਨੇ ਚੰਦਨ ਨੂੰ ਜੂਠਾ ਕਰ ਦਿੱਤਾ ਹੈ), ਜ਼ਹਿਰ ਤੇ ਅੰਮ੍ਰਿਤ (ਭੀ ਸਮੁੰਦਰ ਵਿਚ) ਇਕੱਠੇ ਹੀ ਵੱਸਦੇ ਹਨ। **੨ ।** ਸੁਗੰਧੀ ਆ ਜਾਣ ਕਰ ਕੇ ਧੂਪ ਦੀਪ ਤੇ ਨੈਵੇਦ ਭੀ (ਜੂਠੇ ਹੋ ਜਾਂਦੇ ਹਨ), (ਫਿਰ ਹੇ ਪ੍ਰਭੂ ! ਜੇ ਤੇਰੀ ਪੂਜਾ ਇਨ੍ਹਾਂ ਚੀਜ਼ਾਂ ਨਾਲ ਹੋ ਸਕਦੀ ਹੋਵੇ, ਤਾਂ ਇਹ ਜੂਠੀਆਂ ਚੀਜ਼ਾਂ ਤੇਰੇ ਅੱਗੇ ਰੱਖ ਕੇ) ਤੇਰੇ ਭਗਤ ਕਿਸ ਤਰ੍ਹਾਂ ਤੇਰੀ ਪੂਜਾ ਕਰਨ ?। **੩ ।** (ਹੇ ਪ੍ਰਭੂ!) ਮੈਂ ਆਪਣਾ ਤਨ ਮਨ ਅਰਪਣ ਕਰਦਾ ਹਾਂ, ਤੇਰੀ ਪੂਜਾ ਵਜੋਂ ਭੇਟ ਕਰਦਾ ਹਾਂ, (ਇਸੇ ਭੇਟਾ ਨਾਲ ਹੀ) ਸਤਿਗੁਰ ਦੀ ਮਿਹਰ ਦੀ ਬਰਕਤਿ ਨਾਲ ਤੈਨੂੰ ਮਾਇਆ-ਰਹਿਤ ਨੂੰ ਲੱਭ ਸਕਦਾ ਹਾਂ ?। **੪ ।** ਰਵਿਦਾਸ ਆਖਦਾ ਹੈ--(ਹੇ ਪ੍ਰਭੂ ! ਜੇ ਸੁੱਚੇ ਦੁੱਧ, ਫੁੱਲ, ਧੂਪ, ਚੰਦਨ ਤੇ ਨੈਵੇਦ ਆਦਿਕ ਦੀ ਭੇਟਾਂ ਨਾਲ ਹੀ ਤੇਰੀ ਪੂਜਾ ਹੋ ਸਕਦੀ ਤਾਂ ਕਿਤੇ ਭੀ ਇਹ ਸ਼ੈਆਂ ਸੁੱਚੀਆਂ ਨਾਂਹ ਮਿਲਣ ਕਰ ਕੇ) ਮੈਥੋਂ ਤੇਰੀ ਪੂਜਾ ਅਤੇ ਤੇਰੀ ਭਗਤੀ ਹੋ ਹੀ ਨਾਂਹ ਸਕਦੀ, ਤਾਂ ਫਿਰ (ਹੇ ਪ੍ਰਭੂ !) ਮੇਰਾ ਕੀ ਹਾਲ ਹੁੰਦਾ। ।

ਦਾਸ ਦੀ ਤੁੱਛ ਬੁੱਧੀ ਅਨੁਸਾਰ ਇਸ ਗੁਰੂ ਫ਼ੁਰਮਾਨ ਦੀ ਪੰਗਤੀ ਦਾ ਆਪ ਜੀ ਦੇ ਵਿਸ਼ੇ ਨਾਲ ਕੋਈ ਮੇਲ ਨਹੀਂ ਬਣਦਾ। ਜ਼ਹਿਰਅਤੇ ਅੰਮ੍ਰਿਤ ਦੀ ਗੱਲ ਵੀ ਕਿਸੇ ਖ਼ਾਸ ਮਥਿਹਾਸਕ **ਕੁਫ਼ਰ-ਭਿੱਟ** ਵੱਲ ਹੀ ਇਸ਼ਾਰਾ ਕਰ ਰਹੀ ਹੈ। ਉਂਜ ਆਪ ਜੀ ਦਾ ਇਹ ਕਥਨ ਬਿਲਕੁਲ ਸੱਚ ਹੈ ਕਿ, ਜਹਿਰ ਅਤੇ ਅੰਮ੍ਰਿਤ ਵਿਚ ਕੋਈ ਦੂਰੀ ਨਹੀਂ ਹੈ। ਪਰ ਸੰਖੀਏ ਦੇ ਜਿਸ ਕੁਸ਼ਤੇ ਨੂੰ ਖਾ ਕੇ ਤੁਸੀਂ ਜੈਪੁਰ ਵਿਖੇ ਭਾਸ਼ਨ ਦੇਣ ਦੇ ਕਾਬਲ ਹੋ ਗਏ ਸੀ, ਜੇ ਚਮਚਾ ਲੈਂਦੇ ਤਾਂ ਉਸੇ ਅੰਮ੍ਰਿਤ ਮਈ ਕੁਸ਼ਤੇ ਨੇ ਕੁਝ ਹੋਰ ਹੀ ਰੰਗ ਵਿਖਾ ਦੇਣਾ ਸੀ। ਸੋ ਅਸਲੀ ਗੱਲ ਏਹੀ ਹੈ ਕਿ, ਕਰਤੇ ਦਾ ਬਣਾਇਆ ਕੋਈ ਵੀ ਪਦਾਰਥ ਆਪਣੇ ਆਪ ਵਿਚ ਨਾ ਜ਼ਹਿਰ ਹੈ ਅਤੇ ਨਾ ਅੰਮ੍ਰਿਤ ਹੈ। ਵਰਤੋਂ ਦਾ ਸੰਜਮ ਅਤੇ ਢੰਗ, ਉਸੇ ਨੂੰ ਅੰਮ੍ਰਿਤ ਅਤੇ ਉਸੇ ਪਦਾਰਥ ਨੂੰ ਜ਼ਹਿਰ ਬਣਾ ਦਿੰਦਾ ਹੈ। ਹਰ ਪ੍ਰਕਾਰ ਦੇ ਨਸ਼ੇ ਵਾਲੇ ਪਦਾਰਥ ਬੜੀਆਂ ਲਾਹੇਵੰਦ ਦਵਾਈਆਂ ਦਾ ਜ਼ਰੂਰੀ ਹਿੱਸਾ ਬਣਦੇ ਆ ਰਹੇ ਹਨ। ਸੋ ਉਸ ਪ੍ਰਭੂ-ਖਸਮ ਦੀ ਕਿਰਤ, ਨਿੰਦਨ ਜੋਗ ਨਹੀਂ ਹੈ । ਉਂਜ ਆਪ ਜੀ ਇਹ ਪਤਾ ਵੀ ਜ਼ਰੂਰ ਹੈ ਕਿ ਚੰਦਨ ਅਤੇ ਸੱਪਾਂ ਦੇ ਇੱਕੋ ਥਾਂ ਹੋਣ ਦੀ ਗੱਲ ਗੁਰੂ ਬਾਣੀ ਵਿਚ ਇਉਂ ਵੀ ਹੋਈ ਹੈ--

੨- **ਕਬੀਰ ਸੰਤੁ ਨ ਛਾਡੈ ਸੰਤਈ, ਜਉ ਕੋਟਿਕ ਮਿਲਹਿ ਅਸੰਤ ॥ ਮਲਿਆਗਰੁ ਭੁਯੰਗਹ ਬੇਢਿਓ, ਤ ਸੀਤਲਤਾ ਨ ਤਜੰਤ ॥ ੧੭੪ ॥**[੧੩੭੩]

**ਅ**- ਆਪ ਜੀ ਦਾ ਇਹ ਫ਼ੁਰਮਾਨ:--

ਔਲਾਦ ਨੂੰ ਮਨੁੱਖ ਨੇ ਗਵਾਇਆ ਏ ਸਿਰਫ ਧੰਨ ਨੂੰ ਬਚਾਇਆ ਏ ॥ਤੇ ਹੁਣ ਔਲਾਦ ਦਾ ਰੋਣਾ ਪਿਟਣਾ ਕਿਹੜੀ
ਗੱਲ ਏ ॥ ਅਸਲੀ ਧੰਨ ਔਲਾਦ ਏ ਤੇ ਉਸ ਤੇ ਮਿਹਨਤ ਚਾਹੀਦੀ ਹੈ,ਸਮਾ ਚਾਹੀਦਾ ਹੈ , ਵਖਤ ਚਾਹੀਦਾ ॥

ਪਰਮ ਸਤਿਕਾਰ ਜੋਗ ਮਸਕੀਨ ਜੀਓ ! ਕੀ ਔਲਾਦ ਅਥਵਾ ਧੀਆਂ ਪੁੱਤਰ **ਮਾਇਆ** ਨਹੀਂ ਹੈ ? ਕੀ ਅਸਲ ਧਨ ਨਾਮ ਨਹੀਂ ਹੈ ਜੀ ? ਫਿਰ ਔਲਾਦ ਦੀ ਸਾਂਭ-ਸਿਖਲਾਈ ਵਾਲਾ ਆਪ ਜੀ ਦਾ ਉਪਦੇਸ਼ ਕੀ, ਗੁਰੂ ਬਾਣੀ ਦੇ ਇਨ੍ਹਾਂ ਸ਼ਬਦਾਂ ਦੀਆਂ ਅੰਤ੍ਰੀਵ ਭਾਵਨਵਾਂ ਦੇ ਅਧਾਰ ਤੇ ਨਹੀਂ ਸੀ ਹੋਣਾ ਚਾਹੀਦਾ ਜੀ?

੩- **ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ ਤਿਸ ਕੈ ਕੁਲਿ ਲਾਗੀ ਗਾਰੀ ॥**
**ਹਰਿ ਤਿਸ ਕੈ ਕੁਲਿ ਪਰਸੂਤਿ ਨ ਕਰੀਅਹੁ ਤਿਸ ਬਿਧਵਾ ਕਰਿ ਮਹਤਾਰੀ ॥ ੨ ॥**[੧੨੬੨]-੧

੪- **ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥ ਬਿਧਵਾ ਕਸ ਨ ਭਈ ਮਹਤਾਰੀ ॥ ੧ ॥** [੩੨੮]-੨੫

੫- **ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥**
**ਨਿਤ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ ॥ ੧ ॥**[੬੯੭]-੫

**ਦੂਜਾ ਪੱਖ** ---ਗੁਰਬਾਣੀ ਵਿਚ ਮਾਤਾ ਨੂੰ ਧੰਨ ਧੰਨ ਵੀ ਬੜੀ ਵਾਰੀ ਕਿਹਾ ਹੈ :--

੬- **ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥ ਕੁਲ ਉਧਾਰੇ ਆਪਣਾ, ਧੰਨੁ ਜਣੇਦੀ ਮਾਇਆ.......੨ ॥** [੧੩੮]-ਵਾ-੨

੭- -**॥। ਸਬਦਿ ਮਰੈ ਮਨੁ ਮਾਰਿ ਧੰਨੁ ਜਣੇਦੀ ਮਾਇਆ ॥ ਦਰਿ ਸਚੈ ਸਚਿਆਰੁ ਸਚਾ ਆਇਆ ॥....੧੮ ॥**[੧੨੮੬]-ਵਾਰ

੮- **ਧੰਨੁ ਸੁ ਵੰਸੁ ਧੰਨੁ ਸੁ ਪਿਤਾ, ਧੰਨੁ ਸੁ ਮਾਤਾ, ਜਿਨਿ ਜਨ ਜਣੇ ॥ ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ ਸੇ ਸਾਚੀ ਹਰਿ ਜਨ ਬਣੇ ॥।... ੩ ॥** [੧੧੩੫]-੩-੭

੯- **ਬਿਖਿਆ ਮਾਹਿ ਉਦਾਸੁ ਹੈ ਹਉਮੈ ਸਬਦਿ ਜਲਾਇਆ ॥ ਆਪਿ ਤਰਿਆ ਕੁਲ ਉਧਰੇ, ਧੰਨੁ ਜਣੇਦੀ ਮਾਇਆ ॥.... ੧ ॥** [੮੫੨]-ਵਾ-੮

੧੦- **ਧਨ ਜਨਨੀ ਜਿਨਿ ਜਾਇਆ, ਧੰਨੁ ਪਿਤਾ ਪਰਧਾਨੁ ॥ ਸਤਿਗੁਰੁ ਸੇਵਿ ਸੁਖੁ**
**ਪਾਇਆ ਵਿਚਹੁ ਗਇਆ ਗੁਮਾਨੁ ॥ ਦਰਿ ਸੇਵਨਿ ਸੰਤ ਜਨ ਖੜੇ, ਪਾਇਨਿ ਗੁਣੀ ਨਿਧਾਨ ॥ ੧ ॥**[੩੨]-੧੬-੪੯

ਪਰ ਆਪ ਜੀ ਦੇ ਭਾਸ਼ਨ ਦਾ ਅਸਲ ਵਿਸ਼ਾ ਤਾਂ ਕਾਮ ਦੇਵਤਾ ਨੂੰ ਅਧਿਕ ਸ਼ਕਤੀ ਸਿੱਧ ਕਰਨ ਦਾ ਅਥਵਾ ਉਸ ਦੀ ਪੂਜਾ ਦਾ ਸੀ। ਚੰਗੀ ਮਾੜੀ ਔਲਾਦ ਦੀ ਗੱਲ ਛੇੜਨੀ ਸ਼ਾਇਦ ਪਰਚਾਰ-ਕਲਾ ਦਾ ਜ਼ਰੂਰੀ ਹਿੱਸਾ ਹੋਵੇ ? ਉਪ੍ਰੋਕਤ ਗੁਰੂ-ਸ਼ਬਦਾਂ ਨਾਲ ਏਥੇ ਆਪ ਜੀ ਦਾ ਕੀ ਵਾਸਤਾ ? ਹੋ ਚੁੱਕੀ ਭੁੱਲ ਲਈ ਦਾਸ ਨੂੰ ਖਿਮਾ ਬਖ਼ਸ਼ਸ਼ ਕਰਨੀ ਜੀ ।

**ੲ**- ਆਪ ਜੀ ਦਾ ਫ਼ੁਰਮਾਨ:--

ਸ਼ਕਤੀ ਹੈ ਮਨੁੱਖ ਦੇ ਕੋਲ, ਜਹਿਰ ਬਣੇਗੀ, ਅੰਮ੍ਰਿਤ ਬਣੇਗੀ , ਬਿਖ ਅੰਮ੍ਰਿਤ ਬਸੇ ਇਕ ਸੰਗਾ ॥ ਉਸੇ ਸ਼ਕਤੀ ਦਾ ਨਾ ਹੈ ਕਾਮ ॥
**ਹੋਰ ਸ਼ਕਤੀ ਨਹੀ ਮਨੁੱਖ ਦੇ ਕੋਲ**----ਤੁਸੀ ਆਖੋਗੇ , ਮੈ ਕਿਸ ਵਿਸ਼ੇ ਨੂੰ ਛੋਹਿਆ ॥ ਗੁਰੂ ਨਾਨਕ ਦਾ ਸ਼ਬਦ ਨਾ ਹੁੰਦਾ , ਮੈ ਨਹੀਂ
ਛੁਹਣਾ ਸੀ॥ **ਕਲ ਕਲਵਾਲੀ , ਕਾਮ ਮਦ , ਮਨੂਆ ਪੀਵਣਹਾਰ ॥ ਕ੍ਰੋਧ ਕਟੋਰੀ ਮੋਹ ਭਰੀ, ਪਿਲਾਵਾ ਅਹੰਕਾਰੁ ॥**
**ਮਜਲਸ ਕੂੜੇ ਲਬ ਕੀ , ਪੀ ਪੀ ਹੋਏ ਖੁਆਰ ॥** ਜੇ ਕ੍ਰੋਧ ਵਿਆਖਿਆ ਕੀਤੀ ਜਾ ਸਕਦੀਹੈ , ਲੋਭ ਤੇ ਕੀਤੀ ਜਾ ਸਕਦੀ ਹੈ, ਹੰਕਾਰ ਤੇ ਕੀਤੀ ਜਾ ਸਕਦੀ ਹੈ, ਮੋਹ ਦੀਆ ਧੱਜੀਆ ਉਡਾਈਆ ਜਾ ਸਕਦੀਆ ਤੇ ਇਕੋ ਈ ਵਿਸ਼ਾ ਜਿਸ ਦੀ ਚਰਚਾ ਨਹੀ ਹੋਵੇਗੀ, ਜੇ ਨਹੀ ਹੋਵੇਗੀ ਤਾ ਜਿੰਦਗੀ ਭ੍ਰਸ਼ਟ ਹੋ ਜਾਵੇ ਗੀ ॥ ਨਹੀ ਹੋਵੇ ਗੀ ਤਾ ਮਨੁੱਖ ਅਗਿਆਨੀ ਰਹਿ ਜਾਵੇਗਾ ॥ ਨਾ-ਸਮਝ ਰਹਿ ਜਾਵੇਗਾ ॥ ਇਹੀ ਵੀ ਮੈ ....

ਆਉ ਆਪ ਜੀ ਦੇ ਕਥਨ ਵਾਲੇ ਮਹਾਂਨ ਟੀਕਾਕਾਰ ਸਾਹਿਬ ਸਿੰਘ ਜੀ ਦੇ ਕੀਤੇ ਹੀ ਅਰਥਾਂ ਦੇ ਅਧਾਰ ਤੇ ਸਤਿਗੁਰਾਂ ਦੇ ਇਸ ਪਾਵਨ ਗੁਰੂ-ਵਾਕ--**ਸਲੋਕੁ ਮਰਦਾਨਾ ੧ ॥** ਨੂੰ ਵਿਚਾਰ ਲੈਂਦੇ ਹਾਂ:--

੧੧- **ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ ॥ ਕ੍ਰੋਧ ਕਟੋਰੀ ਮੋਹ ਭਰੀ, ਪੀਲਾਵਾ ਅਹੰਕਾਰੁ ॥**
**ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ ॥ ਕਰਣੀ, ਸਤੁ ਗੁੜੁ, ਸਚੁ ਸਰਾ ਕਰਿ ਸਾਰੁ ॥ ਗੁਣ ਮੰਡੇ**
**ਕਰਿ ਸੀਲ ਘਿਉ ਸਰਮੁ ਮਾਸੁ ਆਹਾਰੁ ॥ ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ ॥੧॥**[੫੫੩]-ਵਾਰ ੧੨

**ਅਰਥ:**--ਕਲਜੁਗੀ ਸੁਭਾਉ (ਮਾਨੋਂ) (ਸ਼ਰਾਬ ਕੱਢਣ ਵਾਲੀ) ਮੱਟੀ ਹੈ, ਕਾਮ (ਮਾਨੋ) ਸ਼ਰਾਬ ਹੈ ਤੇ ਇਸ ਨੂੰ ਪੀਣ ਵਾਲਾ (ਮਨੁੱਖ ਦਾ) ਮਨ ਹੈ, ਮੋਹ ਨਾਲ ਭਰੀ ਹੋਈ ਕ੍ਰੋਧ ਦੀ (ਮਾਨੋਂ) ਕਟੋਰੀ ਹੈ ਤੇ ਅਹੰਕਾਰ (ਮਾਨੋਂ) ਪਿਲਾਉਣ ਵਾਲਾ ਹੈ, ਕੂੜੇ ਲੱਬ ਦੀ (ਮਾਨੋ) ਮਜਲਸ ਹੈ (ਜਿਸ ਵਿਚ ਬਹਿ ਕੇ) ਮਨ (ਕਾਮ ਦੀ ਸ਼ਰਾਬ ਨੂੰ) ਪੀ ਪੀ ਕੇ ਖ਼ੁਆਰ ਹੁੰਦਾ ਹੈ। (ਪਰ ਹੇ ਭਾਈ !) ਚੰਗੀ ਕਰਣੀ ਨੂੰ (ਸ਼ਰਾਬ ਕੱਢਣ ਵਾਲੀ ਲਾਹਣ, ਸੱਚ ਬੋਲਣ ਨੂੰ ਗੁੜ ਬਣਾ ਕੇ ਸੱਚੇ ਨਾਮ ਨੂੰ ਸ੍ਰੇਸ਼ਟ ਸ਼ਰਾਬ ਬਣਾ। ਗੁਣਾ ਨੂੰ ਮੰਡੇ, ਸੀਤਲ ਸੁਭਾਉ ਨੂੰ ਘਿਉ ਤੇ ਸ਼ਰਮ ਨੂੰ ਮਾਸ--(ਇਹ ਸਾਰੀ) ਖ਼ੁਰਾਕ ਬਣਾ, ਹੇ ਨਾਨਕ ! ਇਹ ਖ਼ੁਰਾਕ ਸਤਿਗੁਰੂ ਦੇ ਸਨਮੁੱਖ ਹੋਇਆਂ ਮਿਲਦੀ ਹੈ ਤੇ ਇਸ ਦੇ ਖਾਧਿਆਂ ਸਾਰੇ ਵਿਕਾਰ ਦੂਰ ਹੋ ਜਾਂਦੇ ਹਨ।

ਉਪ੍ਰੋਕਤ ਗੁਰੂ-ਫ਼ੁਰਮਾਨ ਵਿਚ ਕੇਵਲ ਕਾਮ ਦੀ ਗੱਲ ਨਹੀਂ ਕ੍ਰੋਧ ਲੋਭ ਮੋਹ ਅਹੰਕਾਰ ਦੀ ਗੱਲ ਵੀ ਨਾਲ ਹੀ ਹੈ। ਪਰ ਆਪ ਜੀ ਨੇ ਗੱਲ ਕਰਨ ਦੀ ਵਿਧੀ ਨਾਲ ਸ੍ਰੋਤਿਆਂ ਦੇ ਮਨਾਂ ਵਿਚ ਪ੍ਰਭਾਵ ਏਹੀ ਬਿਠਾਇਆ ਹੈ ਕਿ ਸਤਿਗੁਰਾਂ ਨੇ ਕਾਮ ਨੂੰ ਅਧਿਕ ਸ਼ਕਤੀ ਕਿਹਾ ਹੈ।

। ਕੀ, ਆਪਣੀ ਮਰਜ਼ੀ ਦੇ ਵਿਸ਼ੇ ਨੂੰ ਗੁਰਮਤਿ ਸਿੱਧ ਕਰਨ ਲਈ ਗੁਰੂ ਬਾਣੀ ਦੀ ਵਰਤੋਂ ਕਰ ਲੈਣ ਵਿਚ ਕੋਈ ਖੁਨਾਮੀ ਤਾਂ ਨਹੀਂ ਹੈ ਜੀ ?

**ਸ**- ਸਿਰ ਤੋਂ ਪੈਰਾਂ ਤੱਕ, ਨਗਨ ਜਵਾਨ ਇਸਤ੍ਰੀ ਮਰਦ ਆਪਸ ਵਿਚ ਕਈ ਆਸਣਾ ਨਾਲ ਭੋਗ ਕਰ ਰਹੇ ਮੂਰਤੀਆਂ ਦੀ ਸ਼ਕਲ ਵਿਚ ਦਰਸਾਏ ਹੋਏ ਮੰਦਰਾਂ ਵਾਲੇ ਨੱਗਰ ਦੀਆਂ ਰੌਣਕਾਂ ਦਾ ਜ਼ਿਕਰ ਕਰਨ ਉਪ੍ਰੰਤ ਅੱਗੇ ਤੁਹਾਡਾ ਫ਼ੁਰਮਾਨ ਇਉਂ ਹੈ:----

ਹੈਰਾਨਗੀ ਹੋਈ ਮੈਨੂੰ ਇਹ ਕੀ ਹੋ ਗਿਆ ਇਸ ਪੁਰਾਣੇ ਰਿਸੀਆ ਮੁਨੀਆ ਨੂੰ॥ ਇਹ ਕੀ ਕੀਤਾ ਇਨ੍ਹਾ ਨੇ ਮੰਦਰ ਔਰ ਫਿਰ ਕੁਨਾਰਕ ਦਾ ਮੰਦਰ ਜਗਨਨਾਥ ਪੁਰੀ ਦਾ ਮੰਦਰ॥ ਇਨ੍ਹਾ ਮੰਦਰਾ 'ਚ **ਗੁਰੂ ਬਾਬਾ ਜੀ ਗਏ ਨੇ , ਗੁਰੂ ਨਾਨਕ ਦੇਵ ਜੀ ॥ ਜਗਨਨਾਥ ਪਰ੍ਹੀ ਗਏ ਨੇ ,ਕੁਨਾਰਕ ਗਏ ਨੇ ॥ ਯਾਦਗਾਰੀ ਅਸਥਾਨ ਬਣੇ ਨੇ ॥** ਇਹ ਵੀ ਮੈ ਅਰਜ਼ ਕਰ ਦਿਆ ॥ ਸਤਿਗੁਰ ਦੇ **ਵਕਤ ਇਨ੍ਹਾ ਮੰਦਰਾ 'ਚ ਪਾਠ ਪੂਜਾ ਚਲਦਾ ਸੀ** ॥ ਅੱਜ ਜਗਨਨਾਥ ਪੁਰੀ 'ਚ ਹੈ ਪੂਜਾ ਪਾਠ, ਥੋੜਾ ਬਹੁਤ ਕੁਨਾਰਕ ਵਿਚ ਵੀ ਹੈ, ਲੇਕਿਨ ਖਜੂਰਾਹੇ 'ਚ ਨਹੀ ਰਹਿ ਗਿਆ॥ ਹਜ਼ਾਰਾ ਦੀ ਭੀੜ ਰੋਜ ਆਉਂਦੀ ਏ , ਰੋਜ਼ ਜਾਂਦੀ ਏ॥ ਮੂਰਤੀਆ ਕਾਮ ਦੀਆ॥ ਸਟੱਡੀ ਕਰਦਿਆ ਕਰਦਿਆ ਕੁਛ ਗੱਲ ਮੇਰੇ ਸਾਹਮਣੇ ਆਈ ॥ ਜਿੰਦਗੀ ਇਕ ਮੰਦਰ ਏ ॥ ਸਰੀਰ ਦੇ ਤਲ ਤੇ ਕਾਮ ਈ ਕਾਮ, ਬਾਹਰ ਮੂਰਤੀ ਤੇ ਕਾਮ ਦੀ ਏ , ਅੰਦਰ ਰਾਮ ਏ। ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਬਿਸਰਾਮ ॥

**ਅੰਦਰ ਰਾਮ ਏ ॥ ਬਾਹਰ ਕਾਮ ਆ** ॥ ਉਹ ਜਿਹੜਾ ਅੰਦਰ ਨਾਮ ਏ ਉਹ ਸਿਧਾ ਪ੍ਰਮਾਤਮਾ ਤੋ ਆਇਆ ॥ ਇਹ ਜਿਹੜੀ ਕਾਇਆ ਏ , ਏ ਆਈ ਕਾਮ ਤੋ ॥ ਏ ਆਈ ਕਾਮ ਤੋ ਏ ॥ ਤੋ ਕਾਇਆ ਦੇ ਰੋਮ ਰੋਮ ਵਿਚ ਕਾਮ ਹੈ ॥ ਅੰਦਰ ਚੇਤਨਾ ਦੇ ਰੋਮ ਰੋਮ ਦੇ ਵਿਚ ਨਾਮ ਏ॥

ਆਪਣੇ ਭਾਸ਼ਨ ਦੇ ਉਪ੍ਰੋਕਤ ਭਾਗ ਵਿਚ ਤੁਸਾਂ ਮਨੁੱਖ ਦੀ ਉਸ **ਕਮਜ਼ੋਰੀ** ਨੂੰ ਵੀ ਉਜਾਗਰ ਕੀਤਾ ਹੈ ਜਿਹੜੀ, ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਰੱਬੀ ਕਮਾਲ ਦੇ ਦਰਸ਼ਨਾਂ ਤੋਂ ਠੰਢ ਮਾਣਨ ਦੀ ਗੱਲ, **ਭੁਲ ਭੁਲਾ ਕੇ, ਉਤੇਜਣਾ ਪੈਦਾ ਕਰਨ ਵਾਲੀ ਅਸ਼ਲੀਲਤਾ** ਨੂੰ ਵੇਖਣ ਲਈ ਮਨੁੱਖਾਂ ਨੂੰ ਬੌਰਾ ਬਣਾ ਰਹੀ ਹੁੰਦੀ ਹੈ। ਆਪ ਜੀ ਦੀ ਸ਼ਬਦਾਵਲੀ ਅਤੇ ਬੋਲਣ ਦੇ ਅੰਦਾਜ਼ ਤੋਂ ਸਿੱਧ ਹੁੰਦਾ ਹੈ ਕਿ ਏਹੀ ਅਸ਼ਲੀਲਤਾ ਵੇਖਣ ਲਈ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਵੀ (ਬੌਰੇ ਹੋਏ ?) ਉਨ੍ਹਾਂ ਕਾਮ-ਮੰਦਰਾਂ ਦੀ ਯਾਤਰਾ ਨੂੰ ਜਾਂਦੇ ਰਹੇ ਸਨ ? ਅਸ਼ਲੀਲਤਾ ਦੇ ਦਰਸ਼ਨਾਂ ਦੀ ਯਾਤ੍ਰਾ ਤੇ ਜਾਣ ਵਾਲੀ ਝੂਠ-ਗੱਲ ਨੂੰ ਅਣਜਾਣ ਸਰੋਤੇ ਲਈ ਸੱਚ ਬਣਾਉਂਦਿਆਂ ਤੁਸਾਂ ਇਹ ਵੀ ਕਿਹਾ ਕਿ ਉਨ੍ਹਾਂ ਥਾਵਾਂ ਦੀ ਯਾਤਰਾ ਦੀਆਂ ਯਾਦਗਾਰਾਂ ਬਣੀਆਂ ਹੋਈਆਂ ਹਨ। ਫਿਰ ਗੁਰੂ ਨਾਨਕ ਸਾਹਿਬ ਜੀ ਦੀ, ਉਨ੍ਹਾਂ ਕਾਮ-ਮੰਦਰਾਂ ਦੀ ਕਥਿਤ ਯਾਤਰਾ ਨੂੰ ਧਰਮ ਦਾ ਅੰਗ ਹੋਣ ਦਾ ਭਰਮ ਪੈਦਾ ਕਰਕੇ, ਝੂਠ ਨੂੰ ਪੂਰਨ ਸੱਚ ਬਨਾਉਣ ਵਾਲਾ ਤੁਹਾਡਾ ਇਹ ਫ਼ੁਰਮਾਨ, ਕਿ--" **ਉਨ੍ਹੀਂ ਦਿਨੀ ਉਨ੍ਹਾਂ ਮੰਦਰਾਂ ਵਿਚ ਪੂਜਾ ਪਾਠ ਵੀ ਹੁੰਦੀ ਸੀ** "। ਦੇਵੀ ਦੇਵਤੇ ਦੀ ਪੂਜਾ ਪਾਠ ਨਾਲ, ਖ਼ਾਸ ਕਰਕੇ ਕਾਮ ਦੇਵਤਾ ਦੀ ਪੂਜਾ ਪਾਠ ਨਾਲ--**ਗੁਰਦੇਵਾ ਜੀ ਦਾ ਕੀ ਨਾਤਾ** ? ਇਸ ਪੱਖੋਂ ਗੰਭੀਰ ਚੁੱਪ ? ਇਹ ਕਿਵੇਂ ਮੰਨ ਲਿਆ ਜਾਵੇ ਕਿ ਆਪ ਜੀ ਇਸ ਪੱਖੋਂ ਅਣਜਾਣ ਹੋ ਕਿ ਪੁਰਾਣਾਕਾਰੀਆਂ ਨੇ **ਭੋਗ ਵਿਲਾਸ ਨੂੰ** ਹੀ ਕਾਮ ਦੇਵਤਾ ਦੀ **ਪੂਜਾ** ਲਿਖਿਆ ਹੈ?

ਹੈਰਾਨੀ ਹੈ ਕਿ ਇੱਕ ਪਾਸੇ ਆਪਣੀ ਪੁਸਤਕ--**ਗੁਰੂ ਜੋਤੀ**--ਦੇ ੩੮ ਸਫ਼ੇ ਤੇ--" ਹਰ ਕਰਮ ਇਕ ਬੀਜ ਹੈ। ਹਰ ਕਰਮ ਦਾ ਸੰਸਕਾਰ ਬਣਦਾ ਹੈ ਤੇ ਸੰਸਕਾਰਾਂ ਦੇ ਇਕੱਠ ਤੋਂ ਸੁਭਾਵ ਬਣਦਾ ਹੈ ਤੇ ਸੁਭਾਵ ਹੀ ਦੁਖ ਸੁਖ ਨੂੰ ਜਨਮ ਦੇਂਦਾ ਹੈ। ਦੁਖ ਸੁਖ ਦੇ ਫਲ ਕਰਮਾਂ ਦੇ ਬੀਜ ਤੋਂ ਪ੍ਰਫੁਲਤ ਹੁੰਦੇ ਹਨ । " ਲਿਖਣ ਵਾਲੇ ਮਸਕੀਨ ਸਾਹਿਬ ਜੀਓ, ਕੀ ਤੁਸੀ ਅੱਖੀਆਂ ਨਾਲ ਵੇਖਣ ਨੂੰ **ਕਰਮ** ਨਹੀਂ ਮੰਨਦੇ ਹੋ ? ਕਾਮ ਅਗਨੀ ਨੂੰ ਉਤੇਜਤ ਕਰਨ ਵਲੇ ਨਗਨ ਇਸਤ੍ਰੀ ਮਰਦਾਂ ਵਲੋਂ ਕਈ ਆਸਣਾ ਵਿਚ ਕੀਤਾ ਜਾ ਰਿਹਾ ਭੋਗ-ਤਮਾਸ਼ਾ ਕੀ, ਕਾਮ ਰੁਚੀਆਂ ਵਧਾਉਣ ਵਾਲੇ ਸੰਸਕਾਰਾਂ ਨੂੰ ਹੋਰ ਵੀ ਵੱਧ ਡੂੰਘਾ ਨਹੀਂ ਉੱਕਰਦਾ ? ਅਸ਼ਲੀਲਤਾ ਦਾ ਨੰਗਾ ਨਾਚ ਵੇਖਣ ਨੂੰ ਰੱਬੀ ਮਿਲਾਪ ਦਾ ਸਾਧਨ, ਤੁਸੀਂ ਗੁਰੂ ਬਾਣੀ ਦੇ ਕਿਸ ਗੁਰੂ ਫ਼ੁਰਮਾਨ ਦੇ ਅਧਾਰ ਤੇ ਪਰਚਾਰ ਰਹੇ ਹੋ ? ਕੀ, ਤੁਸੀਂ ਕੋਈ ਅਜੇਹਾ ਸ਼ਬਦ ਲਿਖ ਸਕਦੇ ਹੋ ਜਿਸ ਤੋਂ ਅਜੇਹੀਆਂ ਕਾਮ ਮੂਰਤੀਆਂ ਵੇਖਣ ਦੀ ਸਹਿਮਤੀ ਵਿਚ ਸ੍ਰੀ ਗੁਰੂ ਨਾਨਕ ਜੀ ਦਾ ਮਾੜਾ ਮੋਟਾ ਵੀ ਸੰਕੇਤ ਜ਼ਾਹਰ ਹੋ ਸਕਦਾ ਹੋਵੇ ?

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ ਕਿ, ਪ੍ਰਭੂ ਦੇ ਹੁਕਮ ਰੂਪੀ ਨਿਯਮ ਅਨਸਾਰ, ਜੀਵ ਜਿਵੇਂ ਜਿਵੇਂ ਵੇਖਦੇ ਹਨ, ਤਿਹੋ ਜਿਹਾ ਉਨ੍ਹਾਂ ਦਾ ਆਪਣਾ ਸਰੂਪ ਬਣਦਾ ਜਾਂਦਾ ਹੈ।

੧੨- **ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥ [੪੬੬]-ਵਾਰ-੭**

ਅਰਥ:--ਜਿਹੜਾ ਮਨੁੱਖ ਹਰ ਥਾਂ ਪ੍ਰਭੂ ਨੂੰ ਹੀ ਵੇਖਦਾ ਹੈ, ਸਦਾ ਥਿਰ ਪ੍ਰਭੂ ਹੀ ਜਿਸ ਨੂੰ ਬੋਲਦਾ ਦਿਸ ਰਿਹਾ ਹੈ, ਉਸ ਦੇ ਗਿਆਨ ਇੰਦਰੇ (ਮਾਇਆ ਦੇ ਹਲਿਆਂ ਵਲੋਂ) ਅਤੇ ਉਸ ਦਾ ਮਨ (ਵਿਕਾਰਾਂ ਦੇ ਹਲਿਆਂ ਵਲੋਂ) ਅਡੋਲ ਹੋ ਜਾਂਦਾ ਹੈ । ਉਸ ਲਈ ਉਪਦੇਸ਼ ਅਤੇ ਸਿਖਿਆ ਪ੍ਰਭੂ ਦਾ ਸਿਮਰਨ ਹੀ ਹੈ । ਪ੍ਰਭੂ ਦਾ ਰੂਪ ਹੋ ਚੁੱਕੇ ਉਸ (ਵਡਭਾਗੇ ਮਨੁੱਖ) ਸੀ ਸੋਭਾ ਅਟੱਲ ਹੋ ਜਾਂਦੀ ਹੈ । ਪਰ ਜਿਨ੍ਹਾਂ ਨੇ ਸੱਚ (-ਸਦਾ ਥਿਰ ਪ੍ਰਭੂ) ਨੂੰ ਭੁਲਾਈ ਰਖਿਆ, ਉਹ (ਜਿੰਦਗੀ ਵਿਚ ਵੀ) ਦੁਖੀ ਰਹੇ, ਅਤੇ ਏਥੋਂ ਤੁਰੇ ਵੀ ਦੁਖੀ ਹੋ ਹੋ ਕੇ । ੪ ।

ਸਚੁ ਨਾਲ ਜੋੜਨ ਵਾਲੇ ਸੱਚ ਨੂੰ ਹੀ ਸਦਾ ਵੇਖਣ ਸੁਣਨ ਬਾਰੇ ਸਤਿਗੁਰਾਂ ਦਾ ਫ਼ੁਰਮਾਨ:--

੧੩- **ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ ॥ ਸਚੀ ਸਾਖੀ ਉਪਦੇਸੁ ਸਚੁ**
**ਸਚੇ ਸਚੀ ਸੋਇ ॥ ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ ॥ ੪ ॥**[੬੯/੭੦]-੧੭-੮-੨੫

ਕਾਮ ਕ੍ਰੀੜਾ ਦੇ ਆਸਣਾ ਵਾਲੀ ਝੂਠ ਅਸ਼ਲੀਲਤਾ ਵਿਚ ਕਿਸ ਪ੍ਰਕਾਰ ਦੇ ਸੱਚ ਦੇ ਦਰਸ਼ਨ ਕਰਨੇ ਸਨ ? ਸ੍ਰੀ ਗੁਰੂ ਨਾਨਕ ਜੀ ਆਪਣੇ ਹੀ ਲਿਖੇ ਸਿਧਾਂਤ ਦੀ ਖੰਡਨਾਂ ਵਾਲਾ ਕੋਈ ਵੀ ਕਰਮ ਕਦੇ ਨਹੀਂ ਸਨ ਕਰ ਸਕਦੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਸੁਣਨ ਕਿਰਿਆ ਬਾਰੇ ਹੇਠ ਲਿਖਿਆ ਉਪਦੇਸ਼ ਕੀ ਉਸੇ ਮਹਾਨ ਗੁਰੂ ਪਰਮੇਸ਼ਰ ਜੀ ਦਾ ਨਹੀਂ ਹੈ, ਜਿਨ੍ਹਾਂ ਨੂੰ ਕਾਮ-ਅਗਨੀ ਨੂੰ ਭੜਕਾਉਣ ਵਾਲੀ ਅਸ਼ੀਲਤਾ ਦੀ ਯਾਤ੍ਰਾ ਲਈ ਜਾਂਦੇ ਰਹੇ ਦਰਸਾਇਆ ਹੈ ? ---

੧੪- **ਮੇਰੇ ਮੋਹਿਨ ਸ੍ਰਵਨੀ ਇਹ ਨ ਸੁਨਾਇ ॥**
**ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਇ ॥ ੧ ॥ ਰਹਾਉ ॥**[੮੨੦]

ਉਸ ਬੇ-ਸੁਰੇ ਕਾਮ-ਰਾਗ ਦੇ ਅਲਾਪ ਵਿਚ ਗੁਰੂ ਬਾਣੀ ਦੀ ਇਹ ਤੁਕ?--**ਨਉ ਨਿਧਿ ਅੰਮ੍ਰਿਤ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸਰਾਮ ॥** ਅਯੋਗ ਢੰਗ ਨਾਲ ਵਰਤੀ ਅਨੁਭਵ ਹੋਈ ਹੈ। ਖਜੁਰਾਇ ਦੀ ਆਸ਼ਲੀਲਤਾ ਨਾਲ ਜੋੜਨ ਦੀ ਖੇਚਲ ਕਰਨ ਦੇ ਥਾਂ ਉਸ ਪਾਵਨ ਪੰਗਤੀ ਨੂੰ ਉਸੇ ਥਾਂ ਨਾਲ ਜੋੜ ਕੇ ਸਰੋਤਿਆਂ ਨੂੰ ਉਸ ਦੇ ਸਹੀ ਦਰਸ਼ਨ ਜੇ ਮਸਕੀਨ ਜੀ ਤੁਸਾਂ ਨਾ ਕਰਾਏ, ਤਾਂ ਫਿਰ ਇਹ ਉਪਕਾਰ ਹੋਰ ਕੌਣ ਕਰਨ ਲੱਗਾ ਹੈ ਜੀ ?---

੧੫- **ਸਲੋਕ ॥ ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥ ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ**
**ਮਨਿ ਪਰਗਾਸੁ ॥ ੧ ॥ ਅਸਟਪਦੀ ॥ ਸੰਤਸੰਗਿ ਅੰਤਰਿ ਪ੍ਰਭੂ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਸਗਲ**
**ਸਮਿਗ੍ਰੀ ਏਕਸੁ ਘਟ ਮਾਹਿ ॥ ਅਨਿਕ ਰੰਗ ਨਾਨਾ ਦ੍ਰਿਸ਼ਟਾਹਿ ॥ ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥**
**ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਸੁੰਨ ਸਮਾਧਿ ਅਨਹਤ ਤਹ ਨਾਦ ॥ ਕਹਨੁ ਨ ਜਾਈ ਅਚਰਜ**
**ਬਿਸਮਾਦ ॥ ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥ ਨਾਨਕ ਤਿਸੁ ਜਨ ਸੋਝੀ ਪਾਏ ॥ ੧ ॥[੨੯੩]-ਅਸਟ-੨੩**

ਰੱਬ ਦਾ ਜਾਂ ਰੱਬੀ ਸ਼ਕਤੀਆਂ ਦਾ ਟਿਕਾਣਾ ਕਿਸੇ ਕੋਠੇ (ਖਜੁਰਾਇ ਦੇ ਮੰਦਰਾਂ--ਅੰਦਰ ਰਾਮ ਤੇ ਬਾਹਰ ਕਾਮ ?) ਵਿਚ ਸੀਮਤ ਹੋ ਸਕਦਾ ਹੁੰਦਾ ਤਾਂ ਮੱਕੇ ਜਾ ਕੇ ਕਾਬੇ ਵਲ ਪੈਰ ਪਸਾਰ ਕੇ ਬਾਬਾ ਜੀ ਨੂੰ ਲੇਟਣ ਦੀ ਕੀ ਲੋੜ ਸੀ ? ਗੱਲ ਮਨੁੱਖਾ ਸਰੀਰ ਦੀ ਹੈ ਇੱਟਾ ਗਾਰੇ ਦੇ ਬਣੇ ਕਿਸੇ ਕੋਠੇ ਵਿਚ ਰੱਬੀ ਮਿਲਾਪ ਦਾ ਅੱਡਾ ਬਣਨ ਦੀ ਗੱਲ ਸਤਿਗੁਰਾਂ ਨੇ ਪਹਿਲੇ ਸਰੂਪ ਦੇ ਸਮੇ ਹੀ ਰੱਦ ਕਰ ਦਿੱਤੀ ਸੀ। ਇਹ ਪੰਗਤੀ ਜੋ ਤੁਸੀ ਜਿਸ ਥਾਂ ਵਰਤੀ ਹੈ ਉਹ ਤਾਂ**.**....... **! ਕਬੀਰ ਮਨ ਜਾਨੈ ਸਭ ਬਾਤ** ਜਾਨਤ ਹੀ ........ **?**

**ਆਦਿ ਸਚੁ** ਨਾਲ ਜੋੜਨ ਆਏ ਉਸ **ਸੱਚ** ਦੇ **ਸੱਚੇ ਅਵਤਾਰ**--(ਜਿਸ ਨੂੰ ਤੁਸਾਂ ਆਪ ਹੀ ਗੁਰੂ ਬਾਬਾ ਜੀ ਦਾ ਪ੍ਰਥਮ ਉਦਘੋਸ਼ ਫ਼ੁਰਮਾਨ ਕੀਤਾ ਹੋਇਆ ਹੈ, ਉਸ), ਮੂਲ ਮੰਤ੍ਰ ਵਿਚ ਹੀ ਰੱਬ ਨੂੰ-**ਸਤਿ** ਕਹਿਣ ਵਾਲੇ--**ਸਤਿ ਸਤਿ ਸਤਿ ਪ੍ਰਭੁ ਸੁਆਮੀ ॥** ਉਚਾਰਨ ਕਰਦੇ ਰਹਿਣ ਵਾਲੇ--**ਕੂੜਿ ਕਪਟਿ ਬੰਚਿ ਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ ॥ ਸਤਿ ਸਤਿ ਸਤਿ ਨਾਨਕਿ ਕਹਿਆ ਅਪਨੈ ਹਿਰਦੇ ਦੇਖੁ ਸਮਾਲੇ ॥ ੪ ॥** [੩੮੧]--**ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥ ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ ॥ ੧ ॥ ਰਹਾਉ ॥**[੧੧੬੬]--**ਸਤਿ ਸਤਿ ਸਤਿ ਪ੍ਰਭੁ ਜਾਤਾ ॥ ਗੁਰ ਪ੍ਰਸਾਦਿ ਸਦਾ ਮਨ ਰਾਤਾ ॥ [੧੦੭੨]- ਸਤਿ ਸਤਿ ਹਰਿ ਸਤਿ ਸੁਆਮੀ ਸਤਿ ਸਾਧ ਸੰਗੇਹੁ ॥**[੧੨੨੯] ਉਚਾਰਦੇ ਹੋਏ ਦਸਾਂ ਸਰੂਪਾਂ ਵਿਚ ਵਿਚਰਦੇ ਰਹਿ ਕੇ, ਸ੍ਰੀਗੁਰੂਗ੍ਰੰਥ ਸਾਹਿਬ-ਰੂਪ ਹੋ ਕੇ ਸੰਸਾਰ ਵਿਚ ਵਿਚਰਦੇ ਹੋਏ ਜੋ ਸੱਚ ਦੀ ਪਛਾਣ ਕਰਨ ਦਾ ਉਪਦੇਸ਼ ਨਿਰੰਤਰ ਦੇ ਰਹੇ ਹਨ:---

੧੬- **ਸਤਿ ਸਤਿ ਹਰਿ ਸਤਿ ਸਤਿ ਸਤੇ ਸਤਿ ਭਣੀਐ॥ ਦੂਸਰ ਆਨ ਅਵਰੁ ਪੁਰਖ ਪਊਰਾਤਨੁ ਸੁਣੀਐ॥ ਅੰਮ੍ਰਿਤੁ ਹਰਿ ਕੋ ਨਾਮੁ ਲੈਤ ਮਨਿ ਸਭ ਸੁਖ ਪਾਏ॥ ਜੇਹ ਰਸਨ ਚਾਖਿਓ ਤੇਹ ਜਨ ਤ੍ਰਿਪਤਿ ਅਘਾਏ॥ ਜਿਹ ਠਾਕੁਰ ਸੁਪ੍ਰਸੰਨੁ ਭਯੋ ਸਤਸੰਗਤਿ ਤਿਹ ਪਿਆਰੁ ॥ ਹਰਿ ਗੁਰੁ ਨਾਨਕੁ ਜਿਨ੍ਹ ਪਰਸਿਓ ਤਿਨ੍ਹ ਸਭ ਕੁਲ ਕੀਓ ਉਧਾਰੁ ॥ ੬ ॥**[੧੩੯੬]

ਤੁਸਾਂ ਉਸ ਪੂਰਨ ਸੱਚ ਨੂੰ ਝੂਠ ਦੀ ਯਾਤਰਾ ਕਰਦੇ ਦਰਸਾ ਕੇ ਸਾਨੂੰ ਕੀ ਸਮਝਾਉਣ ਦਾ ਯਤਨ ਕੀਤਾ ਹੈ ਜੀ ?

**ਹ**- ਆਪਣੇ ਏਸੇ **ਕਾਮ** ਵਿਸ਼ੇ ਨੂੰ ਗੁਰਮਤਿ ਸਿੱਧ ਕਰਨ ਲਈ ਤੁਸਾਂ ਗੁਰੂ ਬਾਣੀ ਦੀ ਵਰਤੋਂ ਕਰਨ ਤੋਂ ਪਹਿਲਾਂ ਇਉਂ ਫ਼ੁਰਮਾਨ ਕੀਤਾ---

ਅਗਰ ਕਾਮ ਦੀ ਬਨਾਵਟ ਏ ਸਰੀਰ ਤੇ ਕਾਮ ਖਾਕ ਏ , ਕਾਮੀ ਖਾਕ ਹੋ ਜਾਏਗਾ॥ ਤੁਸੀ ਆਖੋਗੇ ਕਾਮ ਖਾਕ ਕਿਸ ਤਰ੍ਹਾ ॥ ਕਾਮੀ ਖਾਕ ਕਿਸ ਤਰ੍ਹਾ ? ਖਾਕ ਚਲ ਪਈ ਯਾਤਰਾ ਤੇ, ਤੇ ਕੀ ਬਣ ਗਈ –ਖੁਰਾਕ ॥ ਖੁਰਾਕ ਚਲ ਪਈ ਯਾਤਰਾ ਤੇ, ਤੇ ਕੀ ਬਣ ਗਈ –ਖੂਨ ॥ ਖੂਨ ਬਣਿਆ ਬਿੰਦ॥ ਇਹੀ ਬਿੰਦ ਬਣਿਆ, ਇਕ ਬੱਚਾ, ਮਾਸ ਦਾ ਲੋਥੜਾ--ਹੋਰ ਕੀ ਏ ? ਮੂਲ ਰੂਪ 'ਚ ਦੇਖੋਗੇ ਤੇ ਕੀ ਏ?--ਖਾਕ, ਹੋਰ ਕੀ ਏ ?

ਇਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਸ ਤਰ੍ਹਾ ਫੁਰਮਾਨ ਕਰਦੀ ਏ **ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥**

(ਭਗਤ ਕਬੀਰ ) **ਮਾ ਕੀ ਰਕਤ , ਪਿਤਾ ਬਿੰਦ ਧਾਰਾ** ॥ ਪਾਨੀ ਮੈਲਾ ਮਾਟੀ ਗੋਰੀ ॥ **ਗੋਰੀ –ਗੇਰਵੀ –ਲਾਲ ॥ ਪਿਤਾ ਦਾ ਬਿੰਦ , ਮਾ ਦਾ ਖੂਨ ॥ ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥** ਇਸ ਤਰ੍ਹਾ ਮਿਟੀ ਦਾ ਪੁਤਲਾ ਬਣਿਆ।

ਉਪ੍ਰੋਕਤ ਭਾਸ਼ਨ ਤੋਂ ਜਿਸ ਪ੍ਰਕਾਰ ਦੀ ਜਾਣਕਾਰੀ ਦੀ ਮਨ ਵਿਚ ਉਤਸੁਕਤਾ ਜਾਗੀ ਹੈ ਉਸ ਦਾ ਵੇਰਵਾ ਇਸ ਪ੍ਰਕਾਰ ਹੈ ਜੀ:--

**(੧)** ਖ਼ੁਰਾਕ ਤੋਂ ਕੀ ਕੁਝ ਬਣਦਾ ਹੈ--ਇਹ ਗਿਆਨ ਕਿਸ ਗ੍ਰੰਥ ਤੋਂ ਮਿਲਦਾ ਹੈ ? **(੨)** ਇਹ ਵਿਸ਼ਾ ਕਿਸ ਵਿਦਿਆਲੇ ਦਾ ਸਲੇਬਸ ਹੈ ?

**(੩)** ਆਖ਼ਰ ਤੁਸਾਂ ਹਰ ਥਾਂ ਗੁਰੂ ਬਾਣੀ ਦੀ ਵਰਤੋਂ ਅਜਾਂਈਂ ਤਾਂ ਨਹੀਂ ਕੀਤੀ ਹੋਣੀ ? ਸੋ, ਜੇ ਇਹ ਸਾਰਾ ਗਿਆਨ ਉਨ੍ਹਾਂ ਗੁਰੂ ਸ਼ਬਦਾਂ ਤੋਂ ਮਿਲਦਾ ਹੈ ਜਿਨ੍ਹਾਂ ਵਿਚੋਂ ਤੁਸਾਂ ਉਪ੍ਰੋਕਤ ਦੋ ਪੰਗਤੀਆਂ ਵਰਤੀਆਂ ਹਨ, ਤਾਂ ਆਉ ਉਨ੍ਹਾਂ ਗੁਰੂ ਸ਼ਬਦਾਂ ਦੀ ਵਿਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ᵔ ਵਿਚਲੇ ਅਰਥਾਂ ਦੇ ਅਧਾਰ ਤੇ ਕਰ ਲੈਂਦੇ ਹਾਂ:---

੧੭- **ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥ ੧ ॥ ਮੈ ਨਾਹੀ ਕਛੁ ਆਹਿ ਨ ਮੋਰਾ ॥
ਤਨੁ ਧਨੁ ਸਭੁ ਰਸੁ ਗੋਬਿੰਦ ਤੋਰਾ ॥ ੧ ॥ ਰਹਾਉ ॥ ਇਸ ਮਾਟੀ ਮਹਿ ਪਵਨੁ ਸਮਾਇਆ ॥ ਝੂਠਾ ਪਰਪੰਚੁ
ਜੋਰਿ ਚਲਾਇਆ ॥ ੨ ॥ ਕਿਨਹੂ ਲਾਖ ਪਾਂਚ ਕੀ ਜੋਰੀ ॥ ਅੰਤ ਕੀ ਬਾਰ ਗਗਰੀਆ ਫੋਰੀ ॥ ੩ ॥
ਕਹਿ ਕਬੀਰ ਇਕ ਨੀਵ ਉਸਾਰੀ ॥ ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥ ੪ ॥**[੩੩੭]-੧

**ਅਰਥ:**--(ਹੇ ਅਹੰਕਾਰੀ ਜੀਵ ! ਕਿਸ ਗੱਲ ਦਾ ਮਾਣ ਕਰਦਾ ਹੈਂ ?) ਪਿਉ ਦੀ ਗੰਦੀ ਬੂੰਦ ਅਤੇ ਮਾਂ ਦੀ ਰਕਤ--(ਇਨ੍ਹਾਂ ਦੋਹਾਂ ਤੋਂ ਤਾਂ ਪਰਮਾਤਮਾ ਨੇ) ਜੀਵ ਦਾ ਇਹ ਮਿੱਟੀ ਦਾ ਬੁੱਤ ਬਣਾਇਆ **ਹੈ ੧ ।** ਹੇ ਮੇਰੇ ਗੋਬਿੰਦ ! (ਤੈਥੋਂ ਵੱਖਰੀ) ਮੇਰੀ ਕੋਈ ਹਸਤੀ ਨਹੀਂ ਹੈ ਅਤੇ ਕੋਈ ਮੇਰੀ ਮਲਕੀਅਤ ਨਹੀਂ ਹੈ। ਇਹ ਸਰੀਰ, ਧਨ ਅਤੇ ਇਹ ਜਿੰਦ ਸਭ ਤੇਰੇ ਹੀ ਦਿੱਤੇ ਹੋਏ ਹਨ**। ੧ । ਰਹਾਉ ।** ਇਸ ਮਿੱਟੀ (ਦੇ ਪੁਤਲੇ) ਵਿਚ (ਇਸ ਨੂੰ ਖੜਾ ਰੱਖਣ ਲਈ) ਪ੍ਰਾਣ ਟਿਕੇ ਹੋਏ ਹਨ, (ਪਰ ਇਸ ਕਮਜ਼ੋਰ ਜਿਹੀ ਥੰਮ੍ਹੀ ਦੀ ਅਸਲੀਅਤ ਨੂੰ ਨਾਹ ਸਮਝਦਾ ਹੋਇਆ) ਜੀਵ ਝੂਠਾ ਖਿਲਾਰਾ ਖਿਲਾਰ ਬੈਠਦਾ ਹੈ**। ੨ ।** ਜਿਨ੍ਹਾਂ ਜੀਵਾਂ ਨੇ ਪੰਜ ਪੰਜ ਲੱਖ ਜਾਇਦਾਦ ਜੋੜ ਲਈ ਹੈ, ਮੌਤ ਆਇਆਂ ਉਨ੍ਹਾਂ ਦਾ ਭੀ ਸਰੀਰ-ਰੂਪ ਭਾਂਡਾ ਭੱਜ ਜਾਂਦਾ ਹੈ**। ੩ ।** ਕਬੀਰ ਆਖਦਾ ਹੈ--ਹੇ ਅਹੰਕਾਰੀ ਜੀਵ ! ਤੇਰੀ ਤਾਂ ਜੋ ਨੀਂਹ ਹੀ ਖੜੀ ਕੀਤੀ ਗਈ ਹੈ ਉਹ ਇਕ ਪਲਕ ਵਿਚ ਨਾਸ ਹੋ ਜਾਣ ਵਾਲੀ ਹੈ । ੪ ।

**ਦੂਜੀ ਅਧੂਰੀ ਜਿਹੀ ਪੰਗਤੀ**--ਮਾ ਕੀ ਰਕਤ , ਪਿਤਾ ਬਿੰਦ ਧਾਰਾ । ਮਾਰੂ ਸੋਹਲੇ ਮਹਲਾ ੧ ॥ ੧੬ ਤੁਕਾਂ ਦਾ ਇਹ ਪਾਵਨ ਗੁਰੂਸ਼ਬਦ ਵੀ ਮਨੁੱਖ ਨੂੰ ਕਾਮ ਸ਼ਕਤੀ ਬਾਰੇ ਉਚੇਚਾ ਗਿਆਨ ਦੇਣ ਲਈ ਉਚਾਰਿਆ ਹੋਇਆ ਸਿੱਧ ਨਹੀਂ ਹੁੰਦਾ। ਉਸ ਸਾਰੇ ਗੁਰੂ ਸ਼ਬਦ ਨੂੰ ਬੜੀ ਇਕਾਗਰਤਾ ਅਤੇ ਗਹੁ ਨਾਲ ਵਿਚਾਰਿਆਂ ਵੀ, ਕਾਮ ਪ੍ਰਤੀ ਗਿਆਨ ਦਾ ਸੰਕੇਤ ਤੱਕ ਨਹੀਂ ਮਿਲ ਸਕਿਆ । ਤੁਹਾਡਾ ਇਸ਼ਾਰਾ ਜਿਸ ਤੁਕ ਵੱਲ ਹੈ ਸਗੋਂ ਉਸ ਤੋਂ ਪਹਿਲੀ ਤੁਕ ਵਿਚ ਕਾਮ **ਕ੍ਰੋਧ ਨੂੰ ਨਿਵਾਰਨ** ਦਾ ਉਪਦੇਸ਼ ਹੈ। ਦੋਵੇਂ ਤੁਕਾਂ ਇਸ ਪ੍ਰਕਾਰ ਹਨ:--

੧੮- **ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥ ਗਿਆਨ ਖੜਗੁ ਲੇ ਮਨ ਸਿਉ
ਲੂਝੈ ਮਨਸਾ ਮਨਹਿ ਸਮਾਈ ਹੇ ॥ ਮਾਂ ਕੀ ਰਕਤ ਪਿਤਾ ਬਿਦੁ ਧਾਰਾ ॥ ਮੂਰਤਿ ਸੂਰਤਿ ਕਰਿ
ਆਪਾਰਾ ॥ ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥ ੪ ॥**[੧੦੨੨]-੩

**ਅਰਥ**:--(ਗੁਰੂ ਦੀ ਸਰਨ ਪੈ ਕੇ ਜਿਹੜੇ ਮਨੁੱਖ ਅੰਦਰੋਂ) ਕਾਮ ਕ੍ਰੋਧ ਅਹੰਕਾਰ ਨੂੰ ਦੂਰ ਕਰਦਾ ਹੈ, ਗੁਰੂ ਦੇ ਸ਼ਬਦ ਵਿਚ ਜੁੜ ਕੇ ਕਾਮਾਦਿਕ ਪੰਜ ਚੋਰਾਂ ਨੂੰ ਮਾਰਦਾ ਹੈ, ਗੁਰੂ ਤੋਂ ਮਿਲੇ ਗਿਆਨ ਦੀ ਤਲਵਾਰ ਲੈ ਕੇ ਆਪਣੇ ਮਨ ਨਾਲ ਲੜਾਈ ਕਰਦਾ ਹੈ, ਉਸ ਦੇ ਮਨ ਦਾ ਮਾਇਕ ਫੁਰਨਾ ਮਨ ਦੇ ਵਿਚ ਹੀ ਮੁੱਕ ਜਾਂਦਾ ਹੈ (ਭਾਵ, ਮਨ ਵਿਚ ਮਾਇਕ ਫੁਰਨੇ ਉੱਠਦੇ ਹੀ ਨਹੀਂ) । ੩ । ਹੇ ਅਪਾਰ ਪ੍ਰਭੂ ! ਮਾਂ ਦੇ ਲਹੂ ਤੇ ਪਿਉ ਦੇ ਵੀਰਜ ਦੀ ਬੂੰਦ ਨੂੰ ਰਲਾ ਕੇ ਤੂੰ ਮਨੁੱਖ ਦਾ ਬੁੱਤ ਬਣਾ ਦਿੱਤਾ, ਸੋਹਣੀ ਸ਼ਕਲ ਬਣਾ ਦਿੱਤੀ। ਹਰੇਕ ਜੀਵ ਦੇ ਅੰਦਰ ਤੇਰੀ ਜੋਤਿ ਹੈ, ਜਿਹੜੀ ਭੀ ਪਦਾਰਥਾਂ ਦੀ ਬਖ਼ਸ਼ਸ਼ ਹੈ ਸਭ ਤੇਰੀ ਹੀ ਹੈ, ਤੂੰ ਸਿਰਜਣਹਾਰ ਹਰ ਥਾਂ ਮੌਜੂਦ ਹੈਂ । ੪ ।

**ਕ**- ਕਾਮ ਸ਼ਕਤੀ ਦਾ ਅਨੋਖਾ ਗਿਆਨ ਦੇਣ ਲਈ ਅਰੰਭੇ ਭਾਸ਼ਨ ਵਿਚ ਤੁਸਾਂ ਅੱਗੇ ਗੁਰੂ ਬਾਣੀ ਦੀ ਪੰਗਤੀ ਦੀ ਵਰਤੋਂ ਇਉ ਕੀਤੀ ਹੈ

ਇਸ ਸਰੀਰ ਦੇ ਵਿਚਿ ਕੁਛ ਇਸਤਰੀ ਦੇ ਕਣ ਨੇ ॥ ਇਸ ਸਰੀਰ ਦੇ ਵਿਚ ਕੁਛ ਪੁਰਸ਼ ਦੇ ਕਣ ਨੇ ॥ ਮਾ-ਬਾਪ ਤੋ ਸਰੀਰ ਆਇਆ ਤੇ **ਮਾ-ਬਾਪ ਦੀ ਅੰਸ਼** ਸਰੀਰ ਦੇ ਵਿਚ ਮੌਜੂਦ ਏ ॥ ਹਰਿ ਇਕ ਦੇ ॥ ਇਸ ਨੂੰ ਗੁਰੂ ਨਾਨਕ ਇੰਜ ਕਹਿੰਦੇ ਨੇ । **ਰਾਮ ਕਲੀ ਮਹਲਾ ੧ ॥ ਪੁਰਖ ਮਹਿ ਨਾਰ , ਨਾਰ ਮਹਿ ਪੁਰਖਾ ॥ ਬੂਝਹੁ ਬ੍ਰਹਮ ਗਿਆਨੀ ॥**<u>ਐ ਬ੍ਰਹਮ ਗਿਆਨੀ ਆ, ਬਹੁਤੀਆ ਡੀਂਗਾ ਮਾਰਨ ਦੀ ਥਾ ਪਹਿਲਾ ਇਹ ਵੀ ਸਮਝੋ, ਇਹ ਵੀ ਜਾਣ</u> ॥ ਪੁਰਖ ਮਹਿ ਨਾਰ , ਨਾਰ ਮਹਿ ਪੁਰਖਾ॥ ਬੂਝਹੁ ਬ੍ਰਹਮ ਗਿਆਨੀ ॥ਕੋਈ ਐਸੀ ਇਸਤ੍ਰੀ ਨਹੀ ਜਿਹਦੇ 'ਚ ਪੁਰਸ਼ ਦੇ ਕਣ ਨਾ ਹੋਵਣ ॥ ਕੋਈ ਐਸਾ ਪੁਰਸ਼ ਨਹੀ ਜਿਹਦੇ 'ਚ ਇਸਤ੍ਰੀ ਦੇ ਕਣ ਨਾ ਹੋਣ॥ ਦੋਹਾ ਤੋ ਸਰੀਰ ਆਇਆ ਦੋਹਾ ਦੀ ਅੰਸ਼ ਮੌਜੂਦ ਐ ॥ ਫਰਕ ਸਿਰਫ ਇਤਨਾ ਹੈ , ਪੁਰਸ਼ ਇਸ ਵਾਸਤੇ ਪੁਰਸ਼ ਹੋ ਗਿਆ ਕਿ ੬੦% ਪਿਤਾ ਦੇ ਕਣ ਨੇ, ੪੦% ਮਾ ਦੇ ਕਣ ਨੇ ॥ ਇਸਤਰੀ ਇਸ ਵਾਸਤੇ ਇਸਤਰੀ ਹੋ ਗਈ ਕਿ ਉਹਦੇ ਵਿਚ ੬੦% ਮਾ ਦੇ ਕਣ ਨੇ ੪੦% ਪਿਉ ਦੇ ॥ ਬਸ ਇਤਨੀ ਗੱਲ ਏ ॥

ਉਪ੍ਰੋਕਤ ਭਾਸ਼ਨ ਦੇ Underline ਭਾਗ --**ਐ ਬ੍ਰਹਮ ਗਿਆਨੀ ਆ ਬਹੁਤੀਆ ਡੀਂਗਾ ਮਾਰਨ ਦੀ ਥਾ ਪਹਿਲਾ ਇਹ ਵੀ ਸਮਝੋ**-ਤੋਂ ਸਪੱਸ਼ਟ ਹੋ ਜਾਂਦਾ ਹੈ ਕਿ, ਇਸਤ੍ਰੀ ਅਤੇ ਪੁਰਸ਼ ਦੋਹਾਂ ਵਿਚ ਇਕ ਦੂਜੇ ਵਿਚਲੇ ਕਣਾ ਦੇ ਫ਼ੀ-ਸਦੀ ਅਨੁਪਾਤ ਦਾ ਪੂਰਾ ਗਿਆਨ ਅਥਵਾ ਬੱਚੀ, ਪਿਤਾ, ਲੜਕਾ, ਮਾਂ ਦਾ ਆਪਣੇ ਆਪ ਵਿਚ ਅਧੂਰੇ ਹੋਣ ਦਾ ਠੀਕ ਠੀਕ ਗਿਆਨ, **ਰਾਮਕਲੀ ਮਹਲਾ ੧ ॥** ਦੇ ਉਸੇ ਗੁਰੂ ਸ਼ਬਦ ਵਿਚੋਂ ਮਿਲਦਾ ਹੋਣਾ ਹੈ, ਜਿਸ ਵਿਚੋ ਤੁਹਾਡੇ ਮਨ ਦੀ ਚੋਣ ਵਿਚ ਆਈ ਪੰਗਤੀ ਦੀ ਤੁਸਾਂ ਵਰਤੋਂ ਕੀਤੀ ਹੈ। ਇਸ ਲਈ, ਅਸਾਂ ਮੂਰਖਾਂ ਨੇ ਵੀ ਏਧਰ ਓਧਰ ਡੀਂਗਾਂ ਕਿਉਂ ਮਾਰਨੀਆਂ ਹਨ, ਉਹੀ ਪੂਰਾ ਪਾਵਨ ਸ਼ਬਦ ਪਾਠਕਾਂ ਨਾਲ ਸਾਂਝਾ ਕਰ ਲੈਂਦੇ ਹਾਂ:--

੧੯- **ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ॥ ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤ ਪਛਾਣੈ ॥ ੧ ॥ ਐਸਾ ਗਿਆਨੁ ਬੀਚਾਰੈ ਕੋਈ ॥ ਤਿਸ ਤੇ ਮੁਕਤਿ ਪਰਮਗਤਿ ਹੋਈ ॥੧॥ ਰਹਾਉ ॥ ਦਿਨ ਮਹਿ
ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ ॥ ਤਾ ਕੀ ਗਤਿ ਮਿਤ ਅਵਰੁ ਨਾ ਜਾਣੈ ਗੁਰ ਬਿਨੁ ਸਮਝ
ਨ ਹੋਈ ॥ ੨ ॥ ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ॥ ਧੁਨਿ ਮਹਿ
ਧਿਆਨੁ ਧਿਆਨੁ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥ ਮਨ ਮਹਿ ਜੋਤਿ ਜੋਤਿ ਮਹਿ ਮਨੂਆ
ਪੰਚ ਮਿਲੇ ਗੁਰ ਭਾਈ ॥ ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥ ੪ ॥**[੮੭੮-੯]-੯

ਇਸ ਸਾਰੇ ਗੁਰੂ ਸ਼ਬਦ ਵਿਚ ਸਤਿਗੁਰਾਂ ਨੇ ਸਿਰਜਣਹਾਰ ਦੇ ਸ੍ਰਿਸ਼ਟੀ ਸਿਰਜਣਾ ਵਾਲੇ ਹੈਰਾਨ ਕਰ ਦੇਣ ਵਾਲੇ ਨਿਯਮ ਵੱਲ ਸਾਡਾ ਧਿਆਨ ਦਿਵਾ ਕੇ ਉਸ ਦੀਆਂ ਵਡਿਆਈਆਂ ਦਾ ਇਹ ਅਦਭੁਤ-ਅਪਾਰ ਪੱਖ ਯਾਦ ਕਰਾ ਕੇ ਉਸ ਨਾਲ ਨੇੜਤਾ ਅਤੇ ਪਿਆਰ ਪਾਉਣ ਦਾ ਉੱਦਮ ਬਖ਼ਸ਼ਸ਼ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਦੀ ਛੇਵੀ ਪੋਥੀ ਦੇ ੪੫੭-੪੫੮ ਸਫ਼ੇ ਤੇ ਸ਼ਬਦ ਦੇ ਅਰਥਾਂ ਵਿਚੋ ਚੋਣ ਵਿਚ ਆਈ ਉਪ੍ਰੋਕਤ ਤੀਜੀ ਤੁਕ ਦੇ ਅਰਥ ਇਸ ਪ੍ਰਕਾਰ ਹਨ ਜੀ:---

**ਅਰਥ:**--ਹੇ ਪਰਮਾਤਮਾ ਨਾਲ ਡੂੰਘੀ ਸਾਂਝ ਰੱਖਣ ਵਾਲੇ ! ਵੇਖ ਅਚਰਜ ਖੇਡ ਕਿ ਮਨੁੱਖਾਂ ਦੇ ਵੀਰਜ ਤੋਂ ਇਸਤ੍ਰੀਆਂ ਪੈਦਾ ਹੁੰਦੀਆਂ ਹਨ ਤੇ ਇਸਤ੍ਰੀਆਂ ਤੋਂ ਮਨੁੱਖ ਜੰਮਦੇ ਹਨ। ਪਰਮਾਤਮਾ ਦੀ ਕੁਦਰਤਿ ਦੀ ਕਹਾਣੀ ਬਿਆਨ ਨਹੀਂ ਕੀਤੀ ਜਾ ਸਕਦੀ। ਪਰ ਜਿਹੜਾ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਤੁਰਦਾ ਹੈ ਉਹ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਾਣੀ ਵਿਚ ਆਪਣੀ ਸੁਰਤਿ ਜੋੜਦਾ ਹੈ ਤੇ ਉਸ ਵਿਚੋਂ ਪਰਮਾਤਮਾ ਨਾਲ ਜਾਣ-ਪਛਾਣ ਪਾ ਲੈਂਦਾ ਹੈ । ੩ ।

ਜਿਸ ਅਨੁਪਮ ਨਿਯੱਮ ਦੁਆਰਾ ਤੁਸਾਂ ਤੀਸਰੀ ਤੁਕ ਵਿਚਲੇ ਇਸਤ੍ਰੀ ਅਤੇ ਪੁਰਸ਼ ਦੇ ਕਣਾ ਦਾ ਠੀਕ ਠੀਕ ਅਨੁਪਾਤ ਫੀਸਦੀਆਂ ਦੇ ਹਿਸਾਬ ਨਾਲ ਦੱਸ ਕੇ ਉਨ੍ਹਾਂ ਨੂੰ ਅਧੂਰਾ ਕਹਿਣਾ ਗੁਰੂ ਨਾਨਕ ਜੀ ਦਾ ਫ਼ੁਰਮਾਨ ਘੋਸ਼ਤ ਕਰ ਰਹੇ ਹੋ, ਉਸ ਨੀਯਮ ਅਨੁਸਾਰ ਗੁਰੂ ਸ਼ਬਦ ਦੀ ਪਹਿਲੀ ਤੁਕ ਵਿਚੋਂ **ਸਾਗਰ** ਵਿਚ ਬੂੰਦ ਦੇ ਅਤੇ **ਬੂੰਦ** ਵਿਚ ਸਾਗਰ ਦੇ, ਫਿਰ ਤੀਜੀ ਤੁਕ--**ਰੈਣਿ** ਵਿਚ ਦਿਨ ਦੇ ਅਤੇ **ਦਿਨ** ਵਿਚ ਰੈਣ ਦੇ ਕਣਾ ਦਾ ਅਨੁਪਾਤ, ਫਿਰ ਚੌਥੀ ਤੁਕ ਵਿਚਲੇ **ਮਨ** ਵਿਚ ਜੋਤਿ ਅਤੇ **ਜੋਤਿ** ਵਿਚ ਮਨ ਦੇ ਕਣਾ ਦਾ ਅਨੁਪਾਤ ਵੀ ਕੱਢ ਵਿਖਾਉਣ ਦਾ ਚਮਤਕਾਰ ਕਰ ਵਿਖਾਉਣਾ ਸੀ ਜੀ ?

**ਖ**- ਅਧੂਰਾ ਦੱਸਣ ਵਾਲੇ ਅਲਾਪ ਨੂੰ ਸਤਿਗੁਰਾਂ ਦਾ ਆਪਣਾ ਫ਼ੁਰਮਾਨ ਸਿੱਧ ਕਰਨ ਦੀ ਧੁਨ ਵਿਚ ਗੁਰੂ ਬਾਣੀ ਦੀ ਹੋਰ ਤੋਂ ਹੋਰ ਪੰਗਤੀਆਂ ਵਰਤਣ ਦਾ ਰਾਹ ਬਨਾਉਣ ਲਈ ਆਪ ਜੀ ਦੇ ਬਚਨ:---

ਬੱਚੀ ਵਿਚ ਪਿਤਾ ਅਧੂਰਾ ਏ ॥ ਬੱਚੇ ਵਿਚ ਮਾ ਅਧੂਰੀ ਏ ॥ ਅਧੂਰੀ ਮਾ ਪੂਰਾ ਹੋਣਾ ਚਾਹੁੰਦੀ ਏ ॥ ਤੋ ਇਸਤਰੀ ਦਾ ਬਹੁਤਾ ਖਿਚਾਉ ਲੜਕੇ ਦੀ ਤਰਫ ਹੁੰਦਾ , ਲੜਕੀ ਦੀ ਤਰਫ ਨਹੀ ॥ ਅਰ ਪਿਤਾ ਦਾ ਜਿਆਦਾ ਖਿਚਾਉ, **ਗੁਰੂ ਨਾਨਕ ਦੇ ਕਥਨ** ਅਨੁਸਾਰ , ਲੜਕੀ ਦੀ ਤਰਫ, ਹੁੰਦਾ ਲੜਕੇ ਦੀ ਤਰਫ ਨਹੀ ॥ ਪੰਗਤੀ ਮੈ ਤੁਹਾਡੇ ਸਾਹਮਣੇ ਰਖ ਦੇਵਾ ਗੁਰੂ ਨਾਨਕ ਦੀ : **ਬਾਲ ਕੰਨਿਆ ਕਉ ਜੈਸੇ ਬਾਪ ਪਿਆਰਾ , ਭਾਈ ਕੋ ਅਤ ਭਾਈ** ॥ ਬਾਲ ਕੰਨਿਆ ਉਹਨੂੰ ਮਾ ਨਹੀ ਪਿਆਰੀ , ਪਿਉ ਪਿਆਰਾ ॥

੨੦- **ਮਾਇ ਬਾਪ ਕੋ ਬੇਟਾ ਨੀਕਾ ਸਸੁਰੈ ਚਤੁਰੁ ਜਵਾਈ ॥ ਬਾਲ ਕੰਨਿਆ ਕੌ ਬਾਪੁ ਪਿਆਰਾ ਭਾਈ ਕੌ ਅਤਿ
ਭਾਈ॥ ਹੁਕਮੁ ਭਇਆ ਬਾਹਰੁ ਘਰੁ ਛੋਡਿਆ ਖਿਨ ਮਹਿ ਭਈ ਪਰਾਈ॥ ਨਾਮੁ ਦਾਨੁ ਇਸਨਾਨੁ ਨ ਮਨਮੁਖਿ
ਤਿਤੁ ਤਨਿ ਧੂੜਿ ਧੁਮਾਈ ॥੧॥ ਮਨੁ ਮਾਨਿਆ ਨਾਮ ਸਖਾਈ ॥ਪਾਇ ਪਰਉ ਗੁਰ ਕੈ ਬਲਿਹਾਰੈ ਜਿਨਿ ਸਾਚੀ
ਬੂਝ ਬੁਝਾਈ ॥ ਰਹਾਉ ॥ ਜਗ ਸਿਉ ਝੂਠ ਪ੍ਰੀਤਿ ਮਨੁ ਬੇਧਿਆ ਜਨ ਸਿਉ ਵਾਦੁ ਰਚਾਈ ॥ ਮਾਇਆ ਮਗਨੁ
ਅਹਿਨਿਸਿ ਮਗੁ ਜੋਹੈ ਨਾਮੁ ਨ ਲੇਵੈ ਮਰੈ ਬਿਖੁ ਖਾਈ ॥ ਗੰਧਣ ਵੈਣਿ ਰਤਾ ਹਿਤਕਾਰੀ ਸਬਦੈ ਸੁਰਤਿ**

**ਨ ਆਈ ॥ ਰੰਗਿ ਨ ਰਾਤਾ ਰਸਿ ਨਹੀ ਬੇਧਿਆ ਮਨਮੁਖਿ ਪਤਿ ਗਵਾਈ ॥ ੨ ॥**[੫੯੬]-੩

**ਅਰਥ:**--ਜੋ ਮਨੁੱਖ ਮਾਪਿਆਂ ਦਾ ਪਿਆਰਾ ਪੁੱਤਰ ਸੀ, ਕਦੇ ਸਹੁਰੇ ਦਾ ਸਿਆਣਾ ਜਵਾਈ ਸੀ, ਕਦੇ ਪੁੱਤਰ ਧੀ ਵਾਸਤੇ ਪਿਆਰਾ ਪਿਉ ਸੀ, ਅਤੇ ਭਰਾ ਦਾ ਬੜਾ ਪਿਆਰਾ (ਸਨੇਹੀ) ਭਰਾ ਸੀ, ਜਦੋਂ ਅਕਾਲਪੁਰਖ ਦਾ ਹੁਕਮ ਹੋਇਆ ਤਾਂ ਉਸ ਨੇ ਘਰ ਬਾਰ (ਸੁਭ ਕੁਝ) ਛੱਡ ਦਿੱਤਾ, ਇੱਕ ਪਲਕ ਵਿਚ ਸਭ ਕੁਝ ਓਪਰਾ ਹੋ ਗਿਆ। ਆਪਣੇ ਮਨ ਦੇ ਪਿੱਛੇ ਹੀ ਤੁਰਨ ਵਾਲੇ ਬੰਦੇ ਨੇ ਨਾਹ ਨਾਮ ਜਪਿਆ, ਨਾਂਹ ਸੇਵਾ ਕੀਤੀ ਅਤੇ ਨਾਂਹ ਪਵਿਤ੍ਰ ਆਚਰਨ ਬਣਾਇਆ। ਇਸ ਮਨੁੱਖਾ ਸਰੀਰ ਦੀ ਰਾਹੀਂ ਉਹ-ਖੁਆਰੀ ਹੀ ਕਰਦਾ ਰਿਹਾ। **੧ ।** ਜਿਸ ਮਨੁੱਖ ਦਾ ਮਨ ਗੁਰੂ ਦੇ ਉਪਦੇਸ਼ ਵਿਚ ਪਤੀਜਦਾ ਹੈ ਉਹ ਪਰਮਾਤਮਾ ਦੇ ਨਾਮ ਨੂੰ ਅਸਲ ਮਿਤ੍ਰ ਸਮਝਦਾ ਹੈ। ਮੈਂ ਤਾਂ ਗੁਰੂ ਦੇ ਪੈਰੀਂ ਲੱਗਦਾ ਹਾਂ, ਗੁਰੂ ਤੋਂ ਸਦਕੇ ਜਾਂਦਾ ਹਾਂ ਜਿਸ ਨੇ ਇਹ ਸੱਚੀ ਮਤਿ ਦਿੱਤੀ ਹੈ (ਕਿ ਪਰਮਾਤਮਾ ਹੀ ਅਸਲ ਮਿੱਤ੍ਰ ਹੈ)। **ਰਹਾਉ ।** ਮਨੁੱਖ ਦਾ ਮਨ ਜਗਤ ਨਾਲ ਝੂਠੇ ਪਿਆਰ ਵਿਚ ਪ੍ਰੋਇਆ ਰਹਿੰਦਾ ਹੈ, ਸੰਤ ਜਨਾਂ ਨਾਲ ਉਹ ਝਗੜਾ ਖੜਾ ਕਰੀ ਰੱਖਦਾ ਹੈ। ਮਾਇਆ (ਦੇ ਮੋਹ) ਵਿਚ ਮਸਤ ਉਹ ਦਿਨ ਰਾਤ ਮਾਇਆ ਦਾ ਰਾਹ ਤੱਕਦਾ ਰਹਿੰਦਾ ਹੈ, ਪਰਮਾਤਮਾ ਦਾ ਨਾਮ ਕਦੇ ਨਹੀਂ ਸਿਮਰਦਾ, ਇਸ ਤਰ੍ਹਾਂ (ਮਾਇਆ ਦੇ ਮੋਹ ਦੀ) ਜ਼ਹਿਰ ਖਾ ਖਾ ਕੇ ਆਤਮਕ ਮੌਤੇ ਮਰ ਜਾਂਦਾ ਹੈ। <u>ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਗੰਦੇ ਗੀਤਾਂ (ਗਾਵਣ ਸੁਨਣ) ਵਿਚ ਮਸਤ ਰਹਿੰਦਾ ਹੈ, ਗੰਦੇ ਗੀਤ ਨਾਲ ਹੀ ਹਿਤ ਕਰਦਾ ਹੈ, ਪਰਮਾਤਮਾ ਦੀ ਸਿਫ਼ਤਿ ਸਾਲਾਹ ਵਾਲੀ ਬਾਣੀ ਵਿਚ ਉਸ ਦੀ ਸੁਰਤਿ ਨਹੀਂ ਲੱਗਦੀ।</u> ਨਾਂਹ ਉਹ ਪਰਮਾਤਮਾ ਦੇ ਪਿਆਰ ਵਿਚ ਰੰਗੀਜਦਾ ਹੈ, ਨਾਂਹ ਉਸ ਨੂੰ ਨਾਮ-ਰਸ ਵਿਚ ਖਿੱਚ ਪੈਂਦੀ ਹੈ। ਮਨਮੁਖ ਏਸੇ ਤਰ੍ਹਾਂ ਆਪਣੀ ਇੱਜ਼ਤ ਗਵਾ ਲੈਂਦਾ ਹੈ। ੨ । ਨੋਟ: ਗੁਰੂ ਸ਼ਬਦ ਵਿਚਲੇ ਅਸ਼ਲੀਲਤਾ ਤੋਂ ਦੂਰ ਰਹਿਣ ਦੇ ਉਪਦੇਸ਼ ਨੂੰ ਅੱਖੋਂ ਪਰੋਖੇ ਕਰ ਦੇਣਾ ਵਡੀ ਬਦਕਿਸਮਤੀ ਹੈ।

**ਬਾਲ ਕੰਨਿਆਂ ਕੌ ਬਾਪ ਪਿਆਰਾ** ਲਿਖ ਕੇ ਇਸਤ੍ਰੀ ਅਤੇ ਮਰਦ ਨੂੰ ਅਧੂਰਾ ਤੁਸਾਂ ਕਿਸ ਦੀਲਲ ਦੇ ਆਸਰੇ ਆਖਿਆ ਹੈ ? ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਬਾਣੀ (-ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚ ਕਾਮ ਦੇ ਪੱਖੋਂ ਮਨੁੱਖ ਨੂੰ ਅਧੂਰਾ ਕਿਸੇ ਥਾਂ ਵੀ ਨਹੀਂ ਕਿਹਾ। ਉਸ **ਸੱਚੇ** ਦੀ **ਸੱਚੀ ਕਾਰ** ਨੂੰ ਅਧੂਰਾ, ਨਾਮ ਤੋਂ ਟੁੱਟੇ ਸਾਡੇ ਵਰਗੇ ਅਧੂਰੇ ਅਗਿਆਨੀ ਮਨੁੱਖ ਤਾਂ ਬੇਸ਼ਕ ਕਹਿੰਦੇ ਫਿਰਨ ਪਰ ਆਪ ਜੀ ਵਰਗੇ ਕਥਨੀ ਕਰਣੀ ਦੇ ਸੂਰੇ ਅਤੇ ਨਾਮ ਅਭਿਆਸੀ, ਗੁਰੂ ਉਪਦੇਸ਼ ਨੂੰ ਅਗਾਂਹ ਤੋਂ ਅਗਾਹ ਤੋਰਦੇ ਰਹਿਣ ਵਾਲੇ, ਸਤਿਗੁਰੂ ਜੀ ਦਾ ਹੀ ਰੂਪ ਹੋ ਚੁੱਕੇ--ਯਥਾ--"**ਗੁਰੂ ਸਿੱਖੁ, ਸਿਖੁ ਗੁਰੂ ਹੈ ਏਕੋ ਗੁਰ ਉਪਦੇਸ਼ ਚਲਾਏ ॥ ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥ ਕੇਵਲ ਬਨਤਰ ਦੇ ਹੀ ਪੱਖੋਂ ਇਸਤ੍ਰੀ ਨੂੰ ਜਾਂ ਮਰਦ ਨੂੰ ਅਧੂਰਾ ਕਿਉਂ ਕਹੋ। ਮਨੁੱਖਾ ਸਰੀਰ ਦੀ ਬਨਤਰ ਬਾਰੇ ਗੁਰੂ ਫ਼ੁਰਮਾਨ ਆਪ ਜੀ ਤੋਂ ਕਿਹੜਾ ਭੁੱਲਾ ਹੋਇਆ ਹੈ--ਪਵਨੁ ਵਿਚੋਲਾ ਕਰਤ ਇਕੇਲਾ ਜਲ ਤੇ ਓਪਤਿ ਹੋਆ ॥ ਪੰਚ ਤਤੁ ਕਰਿ ਪੁਤਰਾ ਕੀਨਾ ਕਿਰਤ ਮਿਲਾਵਾ ਹੋਆ ॥ ੨ ॥**[੮੮੪] ਅਤੇ-**ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥ ਘਟਿ ਵਧਿ ਕੋ ਕਰੈ ਬੀਚਾਰਾ ॥ ੪ ॥** [੧੧੨੮]-੧। ਅਤੇ ਫਿਰ ਤੁਹਾਡੇ ਲਈ ਤਾਂ ਹਰ ਥਾਂ---ਸਭੁ **ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥** ਅਥਵਾ--**ਸਭੁ ਬ੍ਰਹਮ ਪਸਾਰੁ ਪਸਾਰਿਓ ਆਪੇ ਖੇਲੰਤਾ ॥** ਗੁਰੂ ਫ਼ੁਰਮਨਾਂ ਦੇ ਉਪਦੇਸ਼ ਨਾਲ ਜੋੜਿਆ ਕਰਦੇ ਹੋ। ਇਹ ਰੱਬੀ ਨਿਯੰਮ ਰੂਪ ਹੁਕਮ ਵਿਚ ਨਿੰਮੇ ਅਤੇ ਪ੍ਰਾਵਾਨ ਚੜ੍ਹੇ ਮਨੱਖਾ ਸਰੀਰਾਂ ਨੂੰ ਅਧੂਰਾ ਆਖਣ ਵਾਲਾ ਬੇਸੁਰਾ ਰਾਗ ? ਉਹ ਵੀ ਮਸਕੀਨ ਜੀ ਦੇ ਮੁਖਾਰ ਬਿੰਦ ਚੋਂ ?

ਸਤਿਗੁਰਾਂ ਨੇ ਰੱਬ ਤੋਂ ਟੁੱਟੇ ਮਨੁੱਖ ਨੂੰ ਅਥਵਾ ਆਚਰਨ ਦੇ ਢਿੱਲੇ ਮਨੁੱਖ ਨੂੰ ਪੂਰਨ ਮਨੁੱਖ ਨਹੀਂ ਮੰਨਿਆਂ।-**ਨਿਹਫਲ ਮਾਣੁਖੁ ਜਪੈ ਨਹੀ ਨਾਮ ॥** [੧੯੫]--(੨)--**ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥**[੨੩]--(੩) **ਹਰਿ ਹਰਿ ਤਿਨ ਕਾ ਦਰਸੁ ਨ ਕਰੀਅਹੁ ਜਿਨੀ ਹਰਿ ਹਰਿ ਨਾਮੁ ਨ ਧਿਆਇਆ ॥**[੫੭੪]--(੪)--**ਨਿਹਫਲੰ ਤਸ੍ ਜਨਮਸ੍ ਜਨਮਸ੍ ਜਾਵਦ ਬ੍ਰਹਮ ਨ ਬਿੰਦਤੇ ॥**[੧੩੫੩] (੫) **ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ ॥** [੩੨੨]-ਪਰ ਕਾਮ ਕ੍ਰੀੜਾ ਦੇ ਗਿਆਨ ਤੋਂ ਅਣਜਾਣ ਰਹਿ ਜਾਣ ਬਾਰੇ ਮਨੁੱਖ ਲਈ ਚਿੰਤਾ ਸਤਿਗੁਰਾਂ ਨੇ ਕਦੇ ਨਹੀਂ ਪ੍ਰਗਟਾਈ। ਇਸ ਗਿਆਨ ਦੀ ਸਿਖਲਾਈ ਵਾਲੇ **ਖ਼ਲੀਫੇ** ਸੰਸਾਰ ਵਿਚ ਬੇਅੰਤ ਹਨ। ਸਤਿਗੁਰਾਂ ਨੂੰ ਇਸ ਪਾਸੇ ਕਿਸ ਯੋਜਨਾਂ ਅਧੀਨ ਧੂਈ ਆ ਰਹੇ ਹੋ ਜੀ ? ਆਖ਼ਰ ਆਪ ਜੀ ਕੋਈ ਗੱਲ ਅਰਥ ਹੀਨ ਕਿਵੇ ਕਰ ਸਕਦੇ ਹੋ?

**ਮੁੜ ਮੁੜ ਉਹੀ ਬਚਨ**-- ਮੈ ਅਰਜ਼ ਕਰਾ , ਕੋਈ ਐਸਾ ਵਿਸ਼ਾ ਮੈ ਤੁਹਾਡੇ ਸਾਹਮਣੇ ਨਹੀ ਰੱਖਾਗਾ ਜਿਹਦੇ ਤੇ ਗੁਰੂ ਨਾਨਕ ਮੁਹਰ ਨਹੀ ਲਾਦੇ ॥
ਗੁਰੂ ਗ੍ਰੰਥ ਸਾਹਿਬ ਮੁਹਰ ਨਹੀ ਲਾਦਾ ॥ ਕਿਉਕਿ ਮੇਰੇ ਸੁਭਾਅ 'ਚ ਏ , ਮੈ ਨਹੀ ਵਰਨਣ ਕਰਦਾ ॥ ਜਿਸ ਦੀ ਤਸਦੀਕ
ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨਹੀ ਕਰਦੇ ॥ ਇਹ ਗੱਲ ਵੱਖਰੀ ਐ , ਹਜਾਰਾ ਐਸੇ ਵਿਸ਼ੇ ਨੇ ਸਿਖ ਜਗਤ ਦੇ ਅਛੂਤੇ
ਰਹਿ ਗਏ, ਛੋਹਿਆ ਈ ਨਹੀ ਗਇਆ ॥

ਫਿਰ ਉਹੀ ਝੂਠ-ਬਚਨ---ਤੁਸੀ ਫਿਰ ਆਖੋਗੇ ਮੈ ਅਛੂਤੇ ਵਿਸ਼ੇ ਨੂੰ ਛੋਹਿਆ ਐ ॥ ਗੁਰੂ ਨਾਨਕ ਦੀ ਬਾਣੀ ਨੂੰ ਲੈ ਕੇ ਮੈ ਇਸ ਅਛੂਤੇ ਵਿਸ਼ੇ ਨੂੰ ਛੋਹਿਆ
ਐ ॥ ਇਸ ਵਾਸਤੇ ਇਸ ਨੂੰ ਸਮਝੋ ॥ ਭਾਰਤ ਅਜੇ ਸੈਕਸ ਪਰਧਾਨ ਦੇਸ਼ ਨਹੀ ਐ ॥

ਸਾਰੇ ਭਾਸ਼ਨ ਵਿਚ ਕਿਸੇ ਇੱਕ ਵੀ ਅਜੇਹੇ ਗੁਰੂ ਬਾਣੀ ਸ਼ਬਦ ਦਾ ਜ਼ਿਕਰ ਤੁਸੀਂ ਨਹੀਂ ਕਰ ਸਕੇ, ਜਿਸ ਤੋਂ ਕਾਮ ਅਧਿਕ ਸ਼ਕਤੀ ਸਿੱਧ ਹੋ ਕੇ ਪ੍ਰਭੂ ਦੇ ਮਿਲਾਪ ਦਾ ਸਾਧਨ ਬਣਦਾ ਨਜ਼ਰ ਆ ਸਕੇ। ਸਗੋਂ ਜਿਨ੍ਹਾਂ ਗੁਰੂ ਬਾਣੀ ਸ਼ਬਦਾਂ ਦਾ ਹਵਾਲਾ ਦਿੱਤਾ ਉਹ ਕੁਝ ਹੋਰ ਸਮਝਾ ਰਹੇ ਹਨ। ਆਪ ਜੀ ਦਾ ਬਾਰ ਬਾਰ ਇਹ ਕਹਿਣਾ, ਕਿ ਤੁਸੀਂ ਗੁਰੂ ਨਾਨਕ ਜੀ ਦੇ ਫ਼ੁਰਮਾਨ ਤੋਂ ਬਾਹਰੀ ਕੋਈ ਵੀ ਗੱਲ ਨਹੀਂ ਕਰਦੇ-- ਸਤਿਗੁਰਾਂ ਦੇ ਦਰਬਾਰ ਵਿਚ ਜਾਣ ਬੁੱਝ ਕੇ ਬੋਲਿਆ **ਸੱਚ** ਹੈ ਕਿ ਜਾਂ **ਝੂਠ** ? ਦਾਸ ਤਾਂ ਆਪ ਜੀ ਦੇ ਚਰਨਾਂ ਦੀ ਧੂੜ ਇੱਕ ਗੁਮਨਾਮ ਜਿਹਾ ਕੀਟ ਹੈ। ਆਪ ਜੀ ਜਗਤ ਵਿਚ ਚਾਨਣ ਮੁਨਾਰੇ ਬਣ ਰਹੇ ਹੋ। ਇਸ ਲਈ ਉਪ੍ਰੋਕਤ ਸ਼ੰਕੇ ਨੂੰ ਤੁਸੀਂ ਆਪ ਹੀ ਸਾਫ਼ ਕਰੋ ਤਾਂ ਜੋ ਆਪ ਜੀ ਦਾ ਭਾਸ਼ਨ ਸੁਣਨ ਵਾਲਿਆਂ ਦੇ ਅਥਵਾ ਅਖ਼ਬਾਰਾਂ ਵਿਚ ਛਪਿਆ ਏਹੀ ਭਾਸ਼ਨ ਪੜ੍ਹਨ ਵਾਲੀਆਂ ਸੰਗਤਾਂ ਦੇ ਭਰਮ ਭੁਲੇਖੇ ਦੂਰ ਹੋ ਜਾਣ ਜੀ ।

**ਗ**- ਆਪ ਜੀ ਦੇ ਭਾਸ਼ਨ ਦਾ ਵਿਸ਼ੇਸ਼ ਹਿੱਸਾ, **ਕਾਮ** ਨੂੰ ਅਜੇਹੀ ਜ਼ਰੂਰੀ ਅਧਿਕ ਸ਼ਕਤੀ ਦਰਸਾਉਣ ਵਿਚ ਖ਼ਰਚ ਹੋਇਆ ਅਨੁਭਵ ਹੁੰਦਾ ਹੈ ਜਿਹੜੀ ਹੇਠਾ ਉੱਤ੍ਰ ਜਾਵੇ ਤਾਂ ਸੰਤਾਨ ਪੈਦਾ ਕਰਦੀ ਹੈ ਅਤੇ ਜੇ ਉੱਪਰ ਚੜ੍ਹ ਜਾਵੇ ਤਾਂ ਨਾਮ ਨਾਲ ਜੋੜਦੀ ਹੈ। ਪਰ ਗੁਰੂ ਗ੍ਰੰਥ ਸਾਹਿਬ ਜੀ ਤਾਂ ਵਿਕਾਰਾਂ ਦੇ ਤਿਆਗ ਤੋਂ ਪਰਮਾਤਮਾ ਦੇ ਮਿਲਾਪ ਦੀ ਯੁਕਤੀ ਸਮਝਾਉਣ ਸਮੇ **ਕਾਮ ਦੇ ਤਿਆਗ** ਦੀ ਗੱਲ ਪਹਿਲਾਂ ਕਰਦੇ ਹਨ:--

੨੧- **ਮਹਲਾ ੪ ॥ ਪਰਹਰਿ ਕਾਮੁ ਕ੍ਰੋਧੁ ਝੂਠੁ ਨਿੰਦਾ, ਤਜਿ ਮਾਇਆ ਅਹੰਕਾਰੁ ਚੁਕਾਵੈ ॥ ਤਜਿ ਕਾਮੁ ਕਾਮਿਨੀ**
**ਮੋਹੁ ਤਜੈ, ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥ ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ, ਤਜਿ**
**ਪਿਆਸ ਆਸ ਰਾਮ ਲਿਵ ਲਾਵੈ ॥ ਨਾਨਕ ਸਾਚਾ ਮਨਿ ਵਸੈ, ਸਾਚ ਸਬਦਿ ਹਰਿ ਨਾਮ ਸਮਾਵੈ ॥ ੨ ॥**[੧੪੧]-ਵਾ-੮

**ਅਰਥ:**--(ਜੇ ਮਨੁੱਖ) ਕਾਮ ਗੁੱਸਾ ਝੂਠ ਨਿੰਦਿਆ ਛੱਡ ਦੇਵੇ, ਜੇ ਮਾਇਆ ਦਾ ਲਾਲਚ ਛੱਡ ਕੇ ਅਹੰਕਾਰ ਵੀ ਦੂਰ ਕਰ ਲਏ, ਜੇ ਵਿਸ਼ੇ ਦੀ ਵਾਸ਼ਨਾ ਛੱਡ ਕੇ ਇਸਤ੍ਰੀ ਦਾ ਮੋਹ ਤਿਆਗ ਦੇਵੇ ਤਾਂ ਮਨੁੱਖ ਮਾਇਆ ਦੀ ਕਾਲਖ ਵਿਚ ਰਹਿੰਦਾ ਹੋਇਆ ਹੀ ਮਾਇਆ-ਰਹਿਤ ਪ੍ਰਭੂ ਨੂੰ ਲੱਭ ਲੈਂਦਾ ਹੈ। (ਜੇ ਮਨੁੱਖ) ਅਹੰਕਾਰ ਦੂਰ ਕਰ ਕੇ ਪੁੱਤ੍ਰ ਵਹੁਟੀ ਦਾ ਮੋਹ ਛੱਡ ਦੇਵੇ, ਜੇ (ਦੁਨੀਆਂ ਦੇ ਪਦਾਰਥਾਂ ਦੀਆਂ) ਆਸਾਂ ਤੇ ਤ੍ਰਿਸ਼ਨਾ ਛੱਡ ਕੇ ਪਰਮਾਤਮਾ ਨਾਲ ਸੁਰਤਿ ਜੋੜ ਲਏ, ਤਾਂ, ਹੇ ਨਾਨਕ ! ਸਦਾ ਥਿਰ ਰਹਿਣ ਵਾਲਾ ਪਰਮਾਤਮਾ ਉਸ ਦੇ ਮਨ ਵਿਚ ਵੱਸ ਪੈਂਦਾ ਹੈ, ਗੁਰੂ ਦੇ ਸ਼ਬਦ ਦੀ ਰਾਹੀਂ ਪਰਮਾਤਮਾ ਦੇ ਨਾਮ ਵਿਚ ਉਹ ਲੀਨ ਹੋ ਜਾਂਦਾ ਹੈ । ੨।

**ਘ**- ਆਪ ਜੀ ਦੇ ਬਚਨ--

ਮੈਨੂੰ ਦਿੱਲੀ ਵਿਚ ਕਈਆ ਨੇ ਕਹਿ ਦਿੱਤਾ , ਕਿਹੜੇ ਵਿਸ਼ੇ ਨੂੰ ਛੋਹ ਲਿਆ ॥ ਮੈ ਕਿਹਾ ਪਹਿਲੇ ਗੁਰੂ ਅਰਜਨ ਦੇਵ ਜੀ ਨੂੰ ਕਹੋ ਜਿਨ੍ਹਾ
ਨੇ ਸਹਸ ਕ੍ਰਿਤੀ ਸਲੋਕ ਵਿਚ ਵਿਸ਼ਾ ਈ ਪਹਿਲੇ ਇਹ ਰੱਖਿਆ ॥ ਏ ਕਾਮਨ , ਨਰਕ ਬਿਸਰਾਮਨ ॥ ਬਹੁ ਜੋਨੀ ਭਰਮਾਵਣੇ ॥ ਕਾਮ
ਕ੍ਰੋਧ ਕਾਇਆ ਕੋ ਗਾਲੇ ਜਿਉ ਕੰਚਨਿ ਸੁਹਾਗਾ ਢਾਲੇ ॥ ਕਲ ਕਲਵਾਲੀ ਕਾਮ ਮਦ ॥ **ਪਹਿਲੇ ਗੁਰੂ ਨਾਨਕ ਨੂੰ ਤੁਸੀ ਆਪਣੀ ਸ਼ਿਖਸ਼ਾ ਦਿਖਸ਼ਾ ਸੁਣਾਉ ॥ ਗੁਰੂ ਅਰਜਨ ਦੇਵ ਜੀ ਨੂੰ ਸੁਣਾਉ ॥ ਭਗਤ ਕਬੀਰ ਨੂੰ ਕਹੋ ॥** ਦੁਨੀਆ ਭਰ ਦੇ ਅਵਤਾਰੀ ਪੁਰਸ਼ਾ ਨੂੰ ਕਹੋ , ਜਿਨ੍ਹਾ ਨੇ ਇਨ੍ਹਾ ਤੇ ਗ੍ਰੰਥ ਲਿਖੇ ਨੇ ॥

ਇਹ ਕਹਿਣਾ ਕਿ ਪਹਿਲਾਂ ਸਤਿਗੁਰਾਂ ਨੂੰ ਕਹੋ । ਇਸ ਦਾ ਸਿੱਧਾ ਅਰਥ ਕੀ, ਇਹ ਨਹੀਂ ਹੈ ਜੀ ਕਿ, ਜੇ ਕਾਮ ਨੂੰ ਵਿਕਾਰ ਦੇ ਥਾਂ ਅਧਿਕ ਸ਼ਕਤੀ ਸਿੱਧ ਕਰਨ ਦਾ ਵਿਸ਼ਾ ਅਰੰਭ ਕਰਕੇ ਮੈਂ ਗ਼ਲਤੀ ਕੀਤੀ ਹੈ, ਤਾਂ ਮੇਰੇ ਤੋਂ ਪਹਿਲਾਂ ਇਹ ਗ਼ਲਤੀ ਸਤਿਗੁਰਾਂ ਨੇ ਕੀਤੀ ਹੈ। ਪੁਹਿਲਾਂ ਉਨ੍ਹਾਂ ਨੂੰ ਜਾ ਕੇ ਸਮਝਾਉ । ਉਨ੍ਹਾਂ ਨੂੰ ਸਿਖਸ਼ਾ ਦੀਖਸ਼ਾ ਦਿਉ, ਭਾਵ ਪਹਿਲਾਂ ਉਨ੍ਹਾਂ ਦੇ ਗੁਰੂ ਬਣ ਲਉ ਫੇਰ ਮੇਰੇ ਕੋਲ ਆਇਓ। ਅਜੇਹੇ ਬਚਨ ਹਨ ਤਾਂ ਨਿਰਸੰਦੇਹ**ਵਡੇ ਹੰਕਾਰ ਦੀ ਪ੍ਰਦਰਸਨੀ** ਹੀ, ਪਰ ਜੇ ਵਾਕਿਆ ਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ, ਸ੍ਰੀ ਗੁਰੂ ਅਰਜਨ ਸਾਹਿਬ ਜੀ ਅਥਵਾ ਕਬੀਰ ਸਾਹਿਬ ਜੀ ਨੇ, ਕਾਮ ਨੂੰ ਅਧਿਕ ਸ਼ਕਤੀ ਹੋਣ ਦਾ ਉਪਦੇਸ਼ ਲਿਖਿਆ ਹੈ, ਤਾਂ ਸਤਿਗੁਰਾਂ ਦੀ ਸ਼ਾਨ ਨੂੰ ਘਟਾਉਣ ਵਾਲੇ ਉਪ੍ਰੋਕਤ ਬਚਨਾਂ ਨੂੰ **ਅਪਰਾਧ** ਦੇ ਥਾਂ **ਗੁਸਤਖ਼ੀ** ਦਾ ਰੂਪ ਦਿੱਤਾ ਜਾ ਸਕਦਾ ਹੈ। ਪਰ ਗੁਰਬਾਣੀ ਵਿਚੋਂ ਸਗੋਂ ਕਾਮ ਕ੍ਰੋਧ ਆਦਿ ਪੰਜ ਵਿਕਾਰਾਂ ਨੂੰ ਮਨੁੱਖਤਾ ਦੇ ਸ਼ੁੱਭ ਗੁਣਾ ਦੇ ਵੈਰੀ ਦੱਸ ਕੇ ਇਨ੍ਹਾਂ ਨੂੰ ਵੱਸ ਵਿਚ ਰੱਖਣ ਦਾ ਉਪਦੇਸ਼ ਜੇ ਸੈਂਕੜੇ ਬਾਰ ਮਿਲਿਆ ਹੋਵੇ, ਤਾਂ**. . . ?** --ਜਿਵੇਂ ਮਹਾਂਭਾਰਤ ਗਾਥਾ ਵਿਚ ਯੁਧਿਸ਼ਟਰ ਕਾਤਲ ਬ੍ਰਾਹਮਣ ਨੂੰ ਇਸ ਕਰਕੇ ਸਜ਼ਾ ਨਹੀਂ ਸੀ ਸੁਣਾ ਸਕਿਆ ਕਿਉਂਕਿ ਉਹ ਵਿਦਵਾਨ ਸੀ । ਬ੍ਰਾਹਮਣ ਦੇ ਅਪਰਾਧ ਦੇ ਡੰਨ ਦਾ ਫੈਸਲਾ ਬ੍ਰਾਹਮਣ ਨੇ ਹੀ ਕੀਤਾ ਸੀ। ਇਸ ਗੰਭੀਰ ਮਸਲੇ ਦਾ ਹੱਲ ਵੀ ਤੁਸੀਂ ਆਪ ਹੀ ਆਪ ਹੋ ਜੀ---

ਆਪ ਜੀ ਨੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਜਿਸ ਪਾਵਨ ਸਲੋਕ ਦਾ ਜ਼ਿਕਰ ਕੀਤਾ ਹੈ, ਆਉ ਉਸ ਨੂੰ ਵੀ ਮਿਥੇ ਹੋਏ ਉਪ੍ਰੋਕਤ ਸਿਧਾਂਤ ਅਨੁਸਾਰ ਵਿਚਾਰ ਕੇ ਸਮਝ ਲਈਏ । ਸ਼ਾਇਦ ਇਸ ਪਾਵਨ ਵਾਕ ਵਿਚ ਉਨ੍ਹਾਂ ਨੇ ਪੰਜ ਵਿਕਾਰਾਂ ਵਿਚੋਂ ਕਾਮ ਨੂੰ ਅਧਿਕ ਸ਼ਕਤੀ ਦਸ ਕੇ ਕਾਮ ਸ਼ਕਤੀ ਦੀ ਵਰਤੋਂ ਦੇ ਢੰਗ ਅਤੇ ਉਸ ਤੋਂ ' ਮਿਲਦੇ ਲਾਭ ਬਾਰੇ ਕੁਝ ਸਮਝਾਇਆ ਹੀ ਹੋਵੇ ? :--

੨੨-- **ਹੇ ਕਾਮੰ ਨਰਕ ਬਿਸ੍ਰਾਮੰ, ਬਹੁ ਜੋਨੀ ਭ੍ਰਮਾਵਣਹ ॥ ਚਿਤ ਹਰਣੰ ਤ੍ਰੈ ਲੋਕ ਗੰਮ੍ਯੰ, ਜਪ**
**ਤਪ ਸੀਲ ਬਿਦਾਰਣਹ ॥ ਅਲਪ ਸੁਖ ਅਵਿਤ, ਚੰਚਲ, ਊਚ ਨੀਚ ਸਮਾਵਣਹ ॥**
**ਤਵ ਭੈ ਬਿਮੁੰਚਿਤ ਸਾਧ ਸੰਗਮ, ਓਟ ਨਾਨਕ ਨਾਰਾਇਣਹ ॥ ੪੬ ॥**[੧੩੫੮]

**ਅਰਥ:**--ਹੇ ਕਾਮ ! ਤੂੰ (ਜੀਵਾਂ ਨੂੰ ਆਪਣੇ ਵੱਸ ਵਿਚ ਕਰ ਕੇ) ਨਰਕ ਵਿਚ ਅਪੜਾਉਣ ਵਾਲਾ ਹੈਂ, ਅਤੇ ਕਈ ਜੂਨਾਂ ਵਿਚ ਭਟਕਾਉਣ ਵਾਲਾ ਹੈ । ਤੂੰ ਜੀਵਾਂ ਦੇ ਮਨ ਭਰਮਾ ਲੈਂਦਾ ਹੈਂ, ਤਿੰਨਾਂ ਹੀ ਲੋਕਾਂ ਵਿਚ ਤੇਰੀ ਪਹੁੰਚ ਹੈ, ਤੂੰ ਜੀਵਾਂ ਦੇ ਜਪ ਤਪ ਤੇ ਸੁੱਧ ਆਚਰਨ ਨਾਸ ਕਰ ਦਿੰਦਾ ਹੈਂ ।

ਹੇ ਚੰਚਲ ਕਾਮ ! ਤੂੰ ਸੁਖ ਤਾਂ ਥੋੜਾ ਹੀ ਦਿੰਦਾ ਹੈਂ, ਪਰ ਇਸੇ ਨਾਲ ਤੂੰ ਜੀਵਾਂ ਨੂੰ (ਸੁੱਧ ਆਚਰਨ ਦੇ) ਧਨ ਤੋਂ ਸੱਖਣਾ ਕਰ ਦਿੰਦਾ ਹੈਂ । ਜੀਵ ਉੱਚੇ ਹੋਣ, ਨੀਵੇਂ ਹੋਣ, ਸਭਨਾਂ ਵਿਚ ਤੂੰ ਪਹੁੰਚ ਜਾਂਦਾ ਹੈ । ਸਾਧ (-ਗੁਰੂ ਗ੍ਰੰਥ ਸਾਹਿਬ ਦੀ) ਸੰਗਤਿ ਵਿਚ ਪਹੁੰਚਿਆਂ ਤੇਰੇ ਡਰ ਤੋਂ ਖ਼ਲਾਸੀ ਹੈ । ਗੁਰਦੇਵ ਜੀ ਦਾ ਫ਼ੁਰਮਾਨ-- (ਸਾਧ ਗੁਰੂ ਗ੍ਰੰਥ ਸਾਹਿਬ ਦੇ ਸੰਗ ਵਿਚ ਜਾ ਕੇ) ਪ੍ਰਭੂ ਦੀ ਸਰਨ ਲੈ । ੪੬ ।

ਇਸ ਗੱਲ ਦਾ ਫੈਸਲਾ ਵੀ ਤੁਸਾਂ ਹੀ ਕਰਨਾ ਹੈ ਕਿ, ਇਸ ਗੁਰੂ ਫ਼ੁਰਮਾਨ ਵਿਚੋਂ ਕੀ, ਆਪ ਜੀ ਦੇ ਵਿਸ਼ੇ ਦੀ ਪ੍ਰੋੜਤਾ ਉਪਲਬਧ ਹੈ ਕਿ ਜਾਂ ਏਥੇ ਵੀ ਗੁਰੂ ਬਾਣੀ ਦੀ ਗ਼ਲਤ ਵਰਤੋਂ ਵਾਲੀ ਧੱਕੇ ਸ਼ਾਹੀ ਦੀ ਸਾਖ਼ੀ ਹੀ ਭਰੀ ਜਾ ਰਹੀ ਹੈ ਜੀ ?

ਉਪਰਲੇ (੧੮ ਨੰਬਰ) ਸ਼ਬਦ ਵਿਚ ਜਿਥੇ ਵਿਕਾਰਾਂ ਦੇ ਤਿਆਗਣ ਦਾ ਉਪਦੇਸ਼ ਹੈ, ਉਥੇ ਵੀ **ਕਾਮ** ਦਾ ਹੀ ਨੰਬਰ ਪਹਿਲਾਂ ਹੈ। ਕਾਮ ਦਾ ਜ਼ਿਕਰ ਪਹਿਲਾਂ ਆਉਣ ਦਾ ਕਾਰਨ, (ਬਿਨਾ ਕਿਸੇ ਸ਼ੱਕ ਦੇ) ਤੁਸੀਂ ਵੀ ਚੰਗੀ ਤਰ੍ਹਾਂ ਜਾਣਦੇ ਹੋ ਕਿ, ਪੰਜ ਵਿਕਾਰਾਂ ਦਾ ਜ਼ਿਕਰ ਕਰਨ ਲੱਗਿਆ ਮਨੁੱਖ ਹਜ਼ਾਰਾਂ ਸਾਲਾਂ ਤੋਂ **ਕਾਮ** ਲਫ਼ਜ਼ ਪਹਿਲਾਂ ਬੋਲਦਾ ਆ ਰਿਹਾ ਹੈ। ਨਾਲ ਨੱਥੀ ਪੱਤਰਿਆਂ ਤੇ ਵਿਕਾਰਾਂ ਬਾਰੇ ਲਿਖੀ ਗੁਰਮਤਿ ਵਿਚਾਰ ਵਿਚ **ਕਾਮ** ਨੂੰ ਨਹੀਂ ਸਗੋਂ **ਹਉਮੈ** ਨੂੰ ਬੜਾ ਬਲਵਾਨ ਕਿਹਾ ਹੋਇਆ ਹੈ। ਪੰਜਾਂ ਵਿਕਾਰਾਂ ਵਿਚੋਂ ਸਤਿਗੁਰਾਂ ਨੇ ਕੇਵਲ--**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨਾ ਵਸਹਿ ਇਕ ਠਾਇ ॥** ਕਹਿ ਕੇ ਨਾਲ ਹੀ ਇਹ ਵੀ ਸਪੱਸ਼ਟ ਕਰ ਦਿੱਤਾ ਹੈ---(੧) **ਹਉਮੈ ਜਾਇ ਸਬਦਿ ਘਰੁ ਲਹੀਐ ॥** [੯੦੪] (੨) **ਹਉਮੈ ਜਾਇ ਤ ਏਕੋ ਬੂਝੈ ਸੋ ਗੁਰਮੁਖਿ ਸਹਜਿ ਸਮਾਇਦਾ ॥ ੧੩ ॥**[੧੦੭੬] (੩) **ਹਉਮੈ ਜਾਇ ਸਬਦਿ ਮਲੁ ਧੋਵਹਿ ॥ ਸਮਝਿ**

**ਸੂਝਿ ਸਹਜ ਘਰਿ ਹੋਵਹਿ ॥** [੪੧੩] (੪) **ਹਉ ਹਉੌ ਕਰਤਿ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥ ੧ ॥ ਰਹਾਉ ॥**[੨੨੬] (੫) **ਹਉਮੈ ਜਾਈ ਤਾ ਕੰਤ ਸਮਾਈ ॥ ਤਉ ਕਾਮਣਿ ਪਿਆਰੇ ਨਵ ਨਿਧ ਪਾਈ ॥ ੬ ॥**[੭੫੦] ਮਨੁੱਖ ਦੀ ਪਰਮਾਤਮਾ ਨਾਲ ਇਕਸੁਰਤਾ ਬਣਾ ਰਹੇ ਅਜੇਹੇ ਹੋਰ ਕਈ ਗੁਰੂ ਫ਼ੁਰਮਾਨਾਂ ਵਿਚੋਂ ਮਿਥੇ ਟੀਚੇ ਅਨੁਸਾਰ ਕੇਵਲ ਪੰਜ ਗੁਰੂ ਫ਼ੁਰਮਾਨ ਲਿਖੇ ਹਨ । ਕੇਵਲ ਹਉਮੈ ਦਾ ਤਿਆਗ ਆਤਮਕ ਉੱਚਤਾ ਦੇ ਅਥਵਾ ਪਰਮ ਠੰਢ ਦੇ ਮਿਲਾਪ ਦਾ ਸੁਨੇਹਾ ਹੈ। ੧੪੩੦ ਅੰਕਾਂ ਵਿਚੋਂ ਤੁਸੀਂ ਇੱਕ ਵੀ ਅਜੇਹਾ ਗੁਰੂ ਸ਼ਬਦ ਸੰਗਤਾਂ ਨੂੰ ਨਹੀਂ ਦੱਸ ਸਕੇ ਜਿੱਥੋਂ ਤੁਹਾਡੀ **(ਕੇਵਲ-) ਕਾਮ-ਅਧਿਕ** ਸ਼ਕਤੀ, ਕਿਸੇ ਵੀ ਢੰਗ ਨਾਲ, ਪ੍ਰਭੂ ਮਿਲਾਪ ਦਾ ਸਾਧਨ ਬਣਦੀ ਦਿੱਸ ਆਉਂਦੀ ਹੋਵੇ ?

**ਙ:--** **ਆਪ ਜੀ ਦੇ ਫ਼ੁਰਮਾਨ ਦਾ ਇਹ ਭਾਗ**

(ਅ)ਨਾਮ ਜਪਣਾ ਏ ॥ ਅੰਮ੍ਰਿਤ ਵੇਲੇ ਉਠਣਾ ਏ॥ ਘੰਟਾ ਦੋ ਘੰਟਾ ਵਾਹਿਗੁਰੂ ਵਾਹਿਗੁਰੂ ਜਪਣਾ॥ ਆਪ ਦੀ ਗਿਆਤ ਲਈ ਅਰਜ ਕਰਾਂ ॥ ੳ ਜਿਹੜਾ ਏ ਨਾ ੧ੳ , ਉ ਇੰਜ ਥੱਲੇ ਜਾ ਕੇ ਉਪਰ ਆਂਦਾ ਏ ਨਾ॥ ਥੱਲੇ ਇੰਜ ਆਕਰ, ਸਿੱਧੀ ਲਾਈਨ ਨਹੀ ਪਾਣੀ ਚਾਹੀਦੀ ॥ ਉਪਰ ਆ ਕੇ ਇੰਜ ਥੱਲੇ ਆਣਾ ਚਾਹੀਦਾ॥ ਇਉ ?ਉਚਾਰਨ ਕਰਨੀ ਏ ਧੁਨ ਉਚੀ, ਹੌਲੀ ਹੌਲੀ ਥੱਲੇ॥ ਇਹਨੂੰ ਘੰਟਾ ਨਾਦ ਕਹਿੰਦੇ ਨੇ॥ ਮੈ ਹੁਣੇ ਇਕ ਘੰਟਾ ਇਸੇ ਤੋ ਬੋਲਕੇ ਆਇਆ॥ ਵਾਹੇਗੁਰੂ ਥੱਲੇ ਚਲੀ ਗਈ॥ ਕਾਰ ਇਸ ਤਰ੍ਹ ਉਚਾਰਨ ਕਰਨਾ॥ ਕਖ ਨਹੀ ਅਨਾਦ, ਓਅੰਕਾਰ ਆਦਿ॥ ਪਰਮਾਤਮਾ ਦੀ ਆਦਿ ਧੁਨੀ , ਬ੍ਰਹਮੰਡ ਦੀ ਆਦਿ ਧੁਨੀ ਕੀ ਐ॥ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਨੇ: ਓਅੰਕਾਰ ॥ ਓਅੰਕਾਰ--ਘੰਟਾ ਨਾਦ ॥ ਇਨੂ ਕਹਿੰਦੇ ਨੇ ਘੰਟਾ ਨਾਦ ॥ **ਘੜਿਆਲ ਵਜਾਦੇ ਨੇ ਮੰਦਰ ਦੇ, ਉਹ ਪਰਤੀਕ ਐ ॥ ਅੰਦਰ ਜਾ ਸਕਦੇ ਹੋ -ਉਂਜ ਨਹੀ ॥ ਨਿਯਮ ਐ ॥ ਸਮਝਾ ਰਹੇ ਨੇ, ਅਵਾਜ ਕਰਕੇ ਹੀ ਰਾਮ ਮੰਦਰ 'ਚ ਪਰਵੇਸ਼ ਕਰ ਸਕੋਗੇ ॥ ਉਂਵ ਨਹੀ ॥ ਤੋ ਘੰਟਾ ਮੰਦਰ ਦੇ ਵਿਚ ਲਟਕਾਣ ਦੀ ਲੋੜ ਏ ॥ ਜਿੰਦਗੀ ਮੰਦਰ ਏ ਅਰ ਮੂੰਹ ਦੇ ਵਿਚ ਘੰਟਾ ਲਟਕਾ ਰੱਖਿਆ ਪਰਮਾਤਮਾ ਨੇ ---ਜਬਾਨ** ॥ ਘੜਿਆਲ ਤਾ ਲਟਕਿਆ ਏ ॥ ਏਈ ਘੜਿਆਲ ਐ ਹੋਰ ਕਿਹੜਾ ਘੜਿਆਲ ਐ ॥ ਜਿੰਦਗੀ ਮੰਦਰ ਐ ॥

(ਭ)"ਹਰਿ ਮੰਦਰੁ ਇਹੁ ਸਰੀਰ ਹੈ ॥ ਅੰਦਰ ਰਾਮ ਬੈਠਾ ॥ ਨਾਮ ਬੈਠਾ ਐ ॥ ਵਜਾਉ ਘੜਿਆਲ ॥ ਵਾਹਿਗੁਰੂ ॥ ਧੁੰਨ ਥੱਲੇ ਆਉਦੀ ॥ ਉਪਰ ਉਠ ਕੇ ਧੁੰਨ ਥੱਲੇ ਆਉਦੀ ॥ ਯੋਂ ਸਿੱਧਾ ਨਹੀ ਪਾਣਾ ਚਾਹੀਦਾ ॥ ਇਤਨੀ ਮੈ ਅਰਜ਼ ਕਰ ਦਿਆ ॥ ਸਿੱਧੀ ਲਾਈਨ ਨਹੀ ਪਾਣੀ ਚਾਹੀਦੀ ॥ ਐਜੰ ਘੁਮਾ ਕੇ ਧੁਨ ਉਪਰ ਉਠ ਕੇ ਥੱਲੇ ਗੂੰਜਾਰ , ਇਸ ਨੂੰ ਕਹਿੰਦੇ ਨੇ , ਗੂੰਜਾਰ ਪਾਣੀ ॥ ਗੁਬੰਦ ਵੀ ਇਸ ਵਾਸਤੇ ਬਣਾਏ ਗਏ ਸਨ ॥ ਸਿਰਫ ਗੂੰਜਾਰ ਪਾਣ ਲਈ ॥ ਸਿਰਫ ਦਰਸਨ ਮਾਤ੍ਰ ਗੁਬੰਜ ਨਹੀ ਸਨ ॥ ਅਵਾਜ ਗੂੰਜੇ ॥ ਗੂੰਜ ਕੇ ਅਵਾਜ ਟਕਰਾਵੇ ॥ ਇਹ ਗੱਲਾ ਖੋਹ ਗਈਆ ॥ ਅੰਮ੍ਰਿਤ ਵੇਲੇ ਕਰਨ ਦੀਆ ਗੱਲਾ ਨੇ ॥ ਜਦ ਇਸ ਤਰ੍ਹ ਦਾ ਜਪ ਕਰੋਗੇ , ਉਹ ਜਿਹੜੀ ਕਾਮ ਸ਼ਕਤੀ ਐ ਉਪਰ ਉਠੇਗੀ ॥ ਨਾਮੁ ਰਸ ਬਣ ਜਾਏਗੀ ॥ ਰੋਮ ਰੋਮ ਦੇ ਵਿਚਹੁ ਰਾਮ ਪਰਗਟ ਹੋਵੇਗਾ ॥ ਰੋਮ ਰੋਮ ਦੇ ਵਿਚਹੁ ਪਰਮਾਤਮਾ ਪਰਗਟ ਹੋਵੇਗਾ ॥ ਜਿੰਦਗੀ ਅੰਮ੍ਰਿਤ ਬਣਜਾਏ ਗੀ ॥ ਜੀਵਨ ਹਰੀ ਮੰਦਰ ਬਣ ਜਾਏਗਾ ॥ ਲੇਕਨ ਨਿੰਦਾ ਨਹੀ ਐ ॥ ਕੁਝ ਸਮੇ ਤੱਕ ਇਹ ਸ਼ਕਤੀ ਥੱਲੇ ਜਾਣੀ ਚਾਹੀਦੀ ਐ ਤਾ ਕਿ ਸੰਤਾਨ ਦਾ ਜਨਮ ਹੋਵੈ ॥ ਅੱਧਕ ਹੈ ਸ਼ਕਤੀ ਵਿਚ ॥ ਅੱਧਕ ਸ਼ਕਤੀ ਸੰਤਾਨ ਬਣੇਗੀ ॥ ਅੱਧਕ ਸ਼ਕਤੀ ਹੀ ਰਾਮ ਬਣੇਗੀ ॥ ਨਾਮੁ ਰਸ ਬਣੇਗੀ ॥

ਅੰਮ੍ਰਿਤ ਵੇਲੇ ਉੱਠ ਕੇ ਵਾਹਿਗੁਰੂ ਦੇ ਜਾਪ ਦੀ ਮਹੱਤਤਾ ਨੂੰ ਅਤੇ ਮੁੱਨੁੱਖ ਦੀ ਜ਼ਬਾਨ ਨੂੰ ਮੰਦਰਾਂ ਦੇ ਘੰਟੇ ਘੰਟੀਆਂ ਨਾਲ ਜੋੜਨਾ । ਮੰਦਰ ਵਿਚਲੇ, ਮੂਰਤੀ-ਰੂਪ ਅੱਡ ਸ਼ਕਲਾਂ ਦੇ ਅਥਵਾ ਕਾਮ-ਦੇਵਤਾ-ਰੂਪ ਰਾਮ ਦੇ ਦਰਸ਼ਨਾਂ ਨੂੰ, ਵਾਹਿਗੁਰੂ ਦੇ ਮਿਲਾਪ ਦਾ ਭਰਮ ਬਣਾ ਕੇ ਉਸ ਦੇ ਦਰਸ਼ਨਾਂ ਲਈ ਘੰਟਾ ਖੜਕਾ ਕੇ ਮੰਦਰ ਵਿਚ ਪਰਵੇਸ਼ ਕਰਨ ਦੀ ਕਿਰਿਆ ਨਾਲ ਜੋੜਨਾ। ੧ ੳ ਅਖਰਾਂ ਦੀ ਬਨਾਵਟ, ਉਪੱਰ ਨੂੰ ਉੱਠ ਕੇ ਥੱਲੇ ਨੂੰ ਆਉਣ ਵਾਲੀ, ਮਸੀਤਾਂ, ਮੰਦਰਾਂ ਆਦਿ ਵਿਚ ਬਣੇ ਗੁੰਬਦਾਂ ਦੀ ਅਤੇ ਉਨ੍ਹਾਂ ਵਿਚ ਆਵਾਜ਼ ਤੋਂ ਪੈਂਦੀ ਗੂੰਜਾਰ, ਨੂੰ, ਅਤੇ ਵਾਹਿਗੁਰੂ ਸ਼ਬਦ ਦੇ ਉਚਿਾਰਨ ਦੀ ਧ੍ਹਨੀ ਉੱਪਰ ਉੱਠ ਦੇ ਥੱਲੇ ਨੂੰ ਆਉਣੀ, ਆਦਿ ਕਈ ਤਰ੍ਹਾਂ ਦੀ ਕਰਮ ਕਿਰਿਆ। ਭਾਵ, ਪੁਰਾਣਕ ਬ੍ਰਾਹਮਣ ਰਿਸ਼ੀਆਂ ਦੇ ਕਰਮਕਾਂਡੀ ਜਪ ਤਪ ਵਿਧੀ ਨਾਮ-ਰਸ ਦੀ ਪ੍ਰਾਪਤੀ ਲਈ ਜ਼ਰੂਰੀ ਦੱਸਣੀ। ਆਪ ਜੀ ਦੇ ਘੰਟਾਨਾਦ ਵਿਧੀ-ਉਪਦੇਸ਼ ਵਿਚ ਬੇਜ਼ੁਬਾਨੇ ਅਥਵਾ ਗੂੰਗੇ ਮਨੁੱਖਾਂ ਲਈ ਵਹਿਗੁਰੂ ਨਾਲ ਇੱਕ ਸੁਰਤਾ ਹੋ ਸਕਣ ਦੀ ਸੰਭਵਨਾ ਨਾ ਰਹਿ ਕੇ ਸਰਬੱਤ ਲਈ ਸਰਬ-ਸਾਂਝੇ ਗੁਰਮਤਿ ਉਪਦੇਸ਼ ਦੀ ਰੂਪ ਰੇਖਾ।।। ? ਕੀ ਸਭ ਕੁਝ ਗੁਰਮਤਿ ਹੈ ਜੀ। ਸਮਝ ਸੂਝ ਦੀ ਲੋੜ ਮੁਕਾ ਕੇ ਕੇਵਲ **ਘੰਟਾ ਨਾਦ** ਵਾਂਗ (ਵਾਹਿਗੁਰੂ) ਸ਼ਬਦ ਦਾ ਜਾਪ ਗੁਰੂ ਬਾਣੀ ਦੇ ਉਪਦੇਸ਼ ਦੇ ਅਨਕੂਲ ਹੀ ਹੈ ਜੀ ? ਫਿਰ ਨਿੰਮਨ ਲਿਖਤ ਗੁਰੂ ਫ਼ੁਤਮਾਨਾ ਬਾਰੇ ਆਪ ਜੀ ਦੇ ਵਿਚਾਰ **.....** ?

**ਜਪਾਂ ਤਪਾਂ ਬਾਰੇ ਗੁਰੂ ਬਾਣੀ ਦੇ ਇਹ ਸ਼ਬਦ** ਕੀ ਵਿਅਰਥ ਸਮਝ ਲੈਣੇ ਚਾਹੀਦੇ ਹਨ ਜੀ ?:--

੨੩- **ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥ ਬਿਨੁ ਬੂਝੈ ਕੋ ਥਾਇ ਨ ਪਾਈ ॥ ਨਾਮ ਬਿਹੂਣੇ ਮਾਥੇ ਛਾਈ ॥ ੧ ॥**[੪੧੨]-੨

੨੪- **ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥ ਜਪ ਤਪ ਸੰਜਮ ਕਰਮ ਕਮਾਣੇ, ਇਹਿ ਓਰੈ ਮੂਸੇ ॥ ੧ ॥ ਰਹਾਉ ॥**[੨੧੬]-੬-੧੬੪

੨੫- **ਜਾਪ ਤਾਪ ਅਨੇਕ ਕਰਣੀ ਸਫ਼ਲ ਸਿਮਰਤ ਨਾਮ ॥ ਕਰਿ ਅਨੁਗ੍ਰਹੁ ਆਪਿ ਰਾਖੇ, ਭਏ ਪੂਰਨ ਕਾਮ ॥ ੨ ॥**[੫੦੨]-੩-੨੯

੨੬- **ਜਪ ਤਪ ਸੰਜਮ ਕਰਮ ਸੁਖ ਸਾਧਨ ਤੁਲਿ ਨ ਕਛੂਐ ਲਾਹਿ ॥ ਚਰਣ ਕਮਲ ਨਾਨਕ ਮਨੁ ਬੇਧਿਓ ਚਰਨਹ ਸੰਗਿ ਸਮਾਹਿ ॥ ੨ ॥**[੧੨੨੨]-੭੨-੯੫

੨੭- **ਅਨਿਕ ਬਰਖ ਕੀਏ ਜਪ ਤਾਪਾ ॥ ਗਵਨ ਕੀਆ ਧਰਤੀ ਭਰਮਾਤਾ ॥ ਇਕ ਖਿਨੁ ਹਿਦੈ ਸਾਂਤਿ ਨ ਆਵੈ ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ ॥ ੩ ॥**[੯੮]-੫-੧੨

**ਕਪਟੀ ਮਨੁਮੁੱਖ ਦਾ ਜਪ ਤਪ**

੨੮- **ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥ ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥ ੧ ॥**
**ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥ ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥ ੧ ॥ ਰਹਾਉ ॥ਜਪੁ ਤਪ ਸੰਜਮ ਵਰਤ**
**ਕਰੇ ਪੂਜਾ ਮਨਮੁਖ ਰੋਗ ਨ ਜਾਈ ॥ ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥ ੨ ॥**[੭੩੨]-੪

੨੯- ਕਾਹੇ ਕਉ ਕੀਜੈ ਧਿਆਨ ਜਪੰਨਾ ॥ ਜਬ ਤੇ ਸੁਧੁ ਨਾਹੀ ਮਨ ਅਪਨਾ ॥ ੧ ॥ ਰਹਾਉ ॥ [੪੮੫]-੪

੩੦- **ਹਿਰਦੈ ਕਪਟੁ ਨਿਤ ਕਪਟ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥ ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥ ੪ ॥**[੧੧੯੯]-੪

੩੧- **ਕਿਆ ਜਪੁ, ਕਿਆ ਤਪੁ, ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥ ੧ ॥**੩੨੪]-੬

**ਗੁਰ ਸੇਵਾ ਤਪਾਂ ਸਿਰਿ ਤਪ**

੩੨- ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥ ਹਰਿਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ ॥ ਦਰਿ ਸਾਚੈ ਦੀਸੈ ਸਚਿਆਰੁ ॥ ੪ ॥ [੪੨੩]-੨-੨੪

੩੩- **ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ ॥ ਜਬ ਲਗੁ ਗੁਰ ਕਾ ਸਬਦੁ ਨ ਕਮਾਹੀ ॥ ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ ॥ ੧੨ ॥**[੧੦੬੦]-੨-੧੬

੩੪=- **ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ ॥ ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ ॥**
**ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥ ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ ॥ ੧ ॥**[੩੪]-੨੧-੫੪

੩੫- **ਮਹਾ ਤਰੰਗ ਤੇ ਕਾਂਢੈ ਲਾਗਾ ॥ ਜਨਮ ਜਨਮ ਕਾ ਟੂਟਾ ਗਾਂਢਾ ॥ ਜਪੁ ਤਪੁ ਸੰਜਮੁ ਨਾਮੁ ਸਮ੍ਹਾਲਿਆ ॥ ਅਪੁਨੈ ਠਾਕੁਰਿ ਨਦਰਿ ਨਿਹਾਲਿਆ ॥ ੪ ॥**[੧੩੪੮]-੩

੩੬- **ਗਿਆਨ ਧਿਆਨ ਸਗਲੇ ਸਭਿ ਜਪ ਤਪ ਜਿਸੁ ਹਿਰਦੈ ਅਲਖ ਅਭੇਵਾ ॥ ਨਾਨਕ ਰਾਮਨਾਮਿ ਮਨੁ ਰਾਤਾ ਗੁਰਮਤਿ ਪਾਏ ਸਹਜ ਸੇਵਾ ॥ ੫ ॥**[੩੫੬]-੨੨

੩੭- **ਜਾਪ ਤਾਪ ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥ ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ ਸਗਲ ਤਿਆਗਿ ਬਨ ਮਧੇ ਫਿਰਿਆ ॥**
**ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ ਪੁੰਨ ਦਾਨ ਹੋਮੇ ਬਹੁ ਰਤਨਾ ॥ ਸਰੀਰੁ ਕਟਾਇ ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਤੀ ॥**
**ਨਹੀ ਤੁਲਿ ਰਾਮ ਨਾਮ ਬੀਚਾਰ ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥**[੨੬੫]-੩

ਵੀਚਾਰ ਤੋਂ ਬਿਨਾ ਜ਼ਬਾਨ ਤੋਂ ਕੇਵਲ ਜਾਪ, ਵਡਾ ਜਪੀ ਹੋਣ ਦਾ ਸ਼ਾਇਦ ਹੰਕਾਰ ਤਾਂ ਬੇਸ਼ਕ ਪੈਦਾ ਕਰਦਾ ਹੋਏ ਪਰ ਮੁੱਨੁਖ ਦਾ ਸੰਵਰਦਾ ਕੁਝ ਨਹੀਂ। ਪਰਮਾਤਮਾ ਨਾਲ ਸਾਂਝ ਪੈਂਦੀ ਹੀ ਸ਼ਬਦ-ਰੂਪ ਗਿਆਨ ਦੀ ਵੀਚਾਰ ਤੋਂ ਹੀ ਹੈ--**ਘਰ ਮਹਿ ਵਸਤੁ ਅਗਮ ਅਪਾਰਪਾ ॥ ਗੁਰਮਤਿ ਖੋਜਹਿ ਸਬਦਿ ਬੀਚਾਰਾ**॥[੧੧੭੫] (੨)--**ਸਬਦੁ ਵੀਚਾਰਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰੀ ॥**[੧੨੩੩] (੩)--**ਸਬਦੁ ਵੀਚਾਰਿ ਗਹਹਿ ਗੁਰ ਸੇਵਾ ॥ ਮਨਿ ਤਨਿ ਨਿਰਮਲ ਅਭਿਮਾਨ ਅਭ੍ਰਾ ॥ ੬ ॥**[੯੦੬] (੪) **ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣੋ ॥**[੭੬੫] (੫) **ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥ ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥ ੭ ॥**[੫੮] ਗੁਰ ਦੇ ਸ਼ਬਦ ਦੀ ਵੀਚਾਰ ਤੋਂ ਸਤਿਗੁਰਾਂ ਦੇ ਉਪਦੇਸ਼ ਨੂੰ ਸਮਝਣਾ ਬੁਝਣਾ ਅਤੇ ਉਸ ਦੇ ਅਨੁਸਾਰ ਜੀਵਣ ਢਾਲਣਾ ਹੀ ਗੁਰਸਿੱਖੀ ਹੈ। ਕਿਸੇ ਵੀ ਆੱਖਰ ਦਾ ਜਾਂ ਕਿਸੇ ਖ਼ਾਸ ਸ਼ਬਦ ਦੇ ਜਾਪ ਦੁਆਰਾ ਹੀ ਮਸਲਾ ਹੱਲ ਹੋ ਸਕਦਾ ਹੁੰਦਾ ਤਾਂ ੧੪੩੦ ਅੰਕਾਂ ਵਾਲੇ ਵਿਸ਼ਾਲ ਸ਼ਬਦ ਸੰਗ੍ਰਹਿ ਕਰਨ ਦੀ ਕੀ ਲੋੜ ਸੀ ? ਸੋ ਆਪਣੇ ਸਤਿਗੁਰਾਂ ਦੇ ਉਪਦੇਸ਼ਨ ਦੇ ਹਰ ਪੱਖ ਨੂੰ ਸਮਝ ਕੇ ਠੀਕ ਨਿਰਣੇ ਪੁਯੱਜਣ ਦੀ ਲੋੜ ਮੁਕਾ ਕੇ, ਜਾਪ ਕਰਨ ਦੇ ਸਰੀਰਕ ਵਿਧੀਵਿਧਾਨ ਸਮਝਾਉਣ ਵਾਲਿਆਂ ਧਰਮ ਉਪਦੇਸ਼ਕਾਂ ਦੀ ਹੀ ਕਿਰਪਾ ਹੈ ਕਿ ਗੁਰੂ ਦਾ ਸਿੱਖ ਆਪਣੇ ਗੁਰੂ ਨੂੰ ਅੱਜ ਤੱਕ ਨਹ( ਸਮਝ ਸਕਿਆ। ਭਾਵ, ਭਾਵੇ ਰੋਜ਼ ਗੁਰੂ ਦੁਆਰੇ ਜਾਂਦਾ ਹੈ ਪਰ ਸਤਿਗੁਰਾਂ ਦੇ ਦਰਸ਼ਨਾਂ ਤੋਂ ਵਾਂਜਿਆ ਹੀ ਹੈ।

ਰਾਮਾਇਣ ਦੀ Video Documentary ਵਿਚ ਵਿਸ਼ਵਾਮਿਤ੍ਰ ਨਾਮੀ ਇੱਕ ਬੜੇ ਪ੍ਰਸਿੱਧ ਰਿਖੀ ਨੂੰ ਆਪਣਾ ਹਜ਼ਾਰਾਂ ਸਾਲਾਂ ਦਾ ਤਪ ਇਕ ਸੁੰਦਰ ਅਪੱਛਰਾ ਤੋਂ ਭੰਗ ਕਰਦਾ ਦਰਸਾਇਆ ਹੋਇਆ ਹੈ । (੨) ਸਿੱਖ ਇਤਿਹਾਸ ਵਿਚ ਵੀ ਢਾਡੀਆਂ, ਰਾਗੀਆਂ ਪਰਚਾਰਕਾਂ ਆਦਿ ਨੇ ਇੱਕ ਸਾਖੀ ਵਿਚ ਦਸ਼ਮੇਸ਼ ਜੀ ਦੇ ਅਨਿੰਨ ਅਤੇ ਸਿਦਕੀ ਸਿੱਖ, ਭਾਈ ਜੋਗਾ ਸਿੰਘ ਨੂੰ ਕਥਿਤ ਤੌਰ ਤੇ ਹੁਸ਼ਿਆਪੁਰ ਦੀ ਕਿਸੇ ਵੇਸਵਾ ਨੂੰ ਵੇਖ ਕੇ ਸਿਦਕ ਤੋਂ ਡੋਲਿਆ ਹੋਇਆ ਦਰਸਾਇਆ ਹੋਇਆ ਹੈ। **ਮਸਕੀਨ ਸਾਹਿਬ ਜੀਓ !** ਅਪਾਰ ਕਿਰਪਾ ਕਰਦੇ ਹੋਏ ਇਹ ਸਮਝਾਉਣ ਦੀ ਮਿਹਰ ਕਰ ਦਿਉ ਕਿ, ਇਹ ਕਾਮ ਜਦ ਇੱਕ ਵਾਰੀ (ਵਿਸ਼ਵਾ ਮਿੱਤਰ ਅਤੇ ਭਾਈ ਜੋਗਾ ਸਿੰਘ ਦੀ ਮਿਸਾਲ--) ਉੱਪਰ ਨੂੰ ਚੜ੍ਹ ਗਿਆ ਹੋਵੇ, ਤਾਂ ਫਿਰ ਹੇਠਾਂ ਉਤਰਨ ਲੱਗਾ ਜ਼ਰਾ ਵੀ ਢਿੱਲ ਕਿਸ ਕਾਰਨ ਨਹੀਂ ਲਾਉਂਦਾ ? ਕੀ ਵਿਸ਼ਵਾਸ਼ ਹੈ ਇਸ ਦਾ ? ਅਜੇ ਬਹੁਤਾ ਚਿਰ ਨਹੀਂ ਹੋਇਆ ਸੀ ਕਿ ਇੱਕ ਬਾਵਾ ਜੀ ਭਗਵਾਨ ਨਾਲ ਇੱਕ-ਮਿੱਕ ਪੂਜਨੀਕ, ਅੰਤਰਜਾਮੀ, ਮਹਾਂਪੁਰਖ ਬਣੇ ਸ਼ਰਧਾਲੂਆਂ ਦੀ ਭੀੜ ਵਿਚ ਘਿਰੇ ਹੋਏ ਸਨ ਕਿ ਹੁਣ ਪੁੱਠੀ ਹਥਕੜੀ ਲਾ ਕੇ ਪੁਲਸ ਲਈ ਜਾ ਰਹੀ ਹੈ ? ਸਚ-ਮੁਚ ਹੀ ਇਹ ਖੁਟਹਰ ਬੜਾ ਉਦਮਾਦਾ ਹੈ। ਮਸਕੀਨ ਸਾਹਿਬ ਜੀਓ ! ਇਹ ਕਿਵੇਂ ਮੰਨ ਲਿਆ ਜਾਵੇ ਕਿ ਆਪ ਜੀ ਨਹੀਂ ਜਾਣਦੇ ਕਿ ਮੁਨੱਖਾ ਸਰੀਰ ਵਿਚ ਅਧਿਕ ਸ਼ਕਤੀ **ਕਾਮ** ਨਹੀਂ ਸਗੋਂ **ਮਨ** ਹੈ ? ਚੰਗੇ ਭਲੇ ਬ੍ਰਹਮ ਗਿਆਨੀ ਦੀ ਮਤਿ ਮਾਰ ਲੈਣ ਵਾਲੇ ਇਸ ਕਾਮ ਬਾਰੇ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਤਾਂ ਸਗੋਂ ਇਹ ਫ਼ੁਰਮਾਨ ਹੈ:--

੩੮- **ਇਸੁ ਤਨ ਮਨ ਮਧੇ ਮਦਨ ਚੋਰ ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥**
**ਮੈ ਅਨਾਥੁ, ਪ੍ਰਭ, ਕਹਉ ਕਾਹਿ ॥ ਕੋ ਕੋ ਨ ਬਿਗੂਤੋ, ਮੈ ਕੋ ਆਹਿ ॥ ੧ ॥ ਮਾਧਉ, ਦਾਰੁਨ ਦੁਖੁ ਸਹਿਓ ਨ ਜਾਇ ॥ ਮੇਰੋ ਚਪਲ ਬੁਧਿ, ਸਿਉ ਕਹਾ ਬਸਾਇ ॥ ੧ ॥ ਰਹਾਉ ॥**
**ਸਨਕ ਸਨੰਦਨ ਸਿਵ ਸੁਕਾਦਿ॥ ਨਾਭਿ ਕਮਲ ਜਾਨੇ ਬ੍ਰਹਮਾਦਿ॥ ਕਬਿ ਜਨ ਜੋਗੀ ਜਟਾ ਧਾਰਿ ॥ ਸਭ ਆਪਨ ਅਉਸਰ ਚਲੇ ਸਾਰਿ ॥ ੨ ॥ ਤੂ ਅਥਾਹੁ, ਮੋਹਿ ਥਾਹ ਨਾਹਿ ॥**
**ਪ੍ਰਭ ਦੀਨਾਨਾਥ, ਦੁਖੁ ਕਹਉ ਕਾਹਿ ॥ ਮੇਰੋ ਜਨਮ ਮਰਨ ਦੁਖੁ ਆਥਿ ਧੀਰ ॥ ਸੁਖ ਸਾਗਰ, ਗੁਨ ਰਉ ਕਬੀਰ ॥ ੩ ॥**[੧੯੪]-੫

**ਅਰਥ:**--ਹੇ ਮੇਰੇ ਮਾਧੋ ! ਆਪਣੀ ਚੰਚਲ ਮੱਤ ਅੱਗੇ ਮੇਰੀ ਕੋਈ ਪੇਸ਼ ਨਹੀਂ ਜਾਂਦੀ । ਇਹ ਡਾਢਾ ਭਿਆਨਕ ਦੁੱਖ ਹੁਣ ਮੈਥੋਂ ਸਹਾਰਿਆ ਨਹੀਂ ਜਾਂਦਾ। **੧ । ਰਹਾਉ ।** (ਮੇਰੀ ਚੰਚਲ ਬੁੱਧ ਦੇ ਕਾਰਨ, ਹੁਣ) ਮੇਰੇ ਇਸ ਤਨ ਮਨ ਵਿਚ ਕਾਮਦੇਵ ਚੋਰ ਆ ਵੱਸਿਆ ਹੈ, ਜਿਸ ਨੇ ਗਿਆਨ-ਰੂਪ ਮੇਰਾ ਰਤਨ (ਮੇਰੇ ਅੰਦਰੋਂ) ਚੁਰਾ ਲਿਆ ਹੈ (ਭਾਵ, ਜਿਸ ਨੇ ਮੇਰੀ ਸਮਝ ਵਿਗਾੜ ਦਿੱਤੀ ਹੈ) । ਹੇ ਪ੍ਰਭੂ ! ਮੈਂ ਬੜਾ ਆਜਜ਼ ਹੋ ਗਿਆ ਹਾਂ, (ਆਪਣਾ ਦੁੱਖ ਤੈਥੋਂ ਬਿਨਾ ਮੈਂ ਹੋਰ) ਕਿਸ ਨੂੰ ਦੱਸਾਂ ? (ਇਸ ਕਾਮ ਦੇ ਹੱਥੋਂ) ਕੌਣ ਕੌਣ ਖ਼ੁਆਰ ਨਹੀਂ ਹੋਇਆ ? ਮੇਰੀ ਗ਼ਰੀਬ ਦੀ ਕੀ ਪਾਇਆਂ ਹੈ ?। **੧ ।** ਸਨਕ, ਸਨੰਦਨ, (=ਦੋਵੇਂ ਕਥਿਤ ਬ੍ਰਹਮਾ ਦੇ ਕਥਿਤ ਪੁੱਤਰ), ਸ਼ਿਵ, ਸੁਕਦੇਵ ਵਰਗੇ (ਵੱਡੇ ਵੱਡੇ ਰਿਸ਼ੀ ਤਪੀ) ਕਮਲ ਦੀ ਨਾਭੀ ਤੋਂ ਜਨਮੇ ਹੋਏ ਬ੍ਰਹਮਾ ਆਦਿਕ, ਕਵੀ ਲੋਕ, ਜੋਗੀ ਜਟਾਧਾਰੀ ਸਾਧੂ--ਇਹ ਸਭ (ਕਾਮ ਤੋਂ ਡਰਦੇ) ਆਪੋ ਆਪਣੇ ਵੇਲੇ ਦਿਨ-ਕਟੀ ਕਰ ਕੇ ਚਲੇ ਗਏ। **੨ ।** ਕਬੀਰ ਸਾਹਿਬ ਦਾ ਫ਼ੁਰਮਾਨ--(ਕਾਮ ਆਦਿਕ ਤੋਂ ਬਚਨ ਲਈ ਇੱਕੋ ਪ੍ਰਭੂ ਹੀ ਆਸਰਾ ਹੈ, ਉਸ ਅੱਗੇ ਇਉਂ ਅਰਜ਼ੋਈ ਕਰ--) ਹੇ ਸੁਖਾਂ ਦੇ ਪ੍ਰਭੂ ! ਹੇ ਦੀਨਾਨਾਥ ਪਰਮੇਸ਼ਵਰ ! ਤੂੰ ਡੂੰਘੇ ਜਿਗਰੇ ਵਾਲਾ ਹੈਂ, ਮੈਂ (ਤੇਰੇ ਗੰਭੀਰ ਸਮੁੰਦਰ ਵਰਗੇ ਦਿਲ ਦੀ) ਹਾਥ ਨਹੀਂ ਪਾ ਸਕਦਾ । ਮੈਂ ਹੋਰ ਕਿਸ ਅੱਗੇ ਅਰਜ਼ੋਈ ਕਰਾਂ ? ਮਾਇਆ ਤੋਂ ਪੈਦਾ ਹੋਇਆ ਇਹ ਮੇਰਾ ਸਾਰੀ ਉਮਰ ਦਾ ਦੁੱਖ ਦੂਰ ਕਰ, ਤਾਂ ਜੁ ਮੈਂ ਤੇਰੇ ਗੁਣ ਚੇਤੇ ਕਰ ਸਕਾਂ । ੩ ।

**ਚ-** **ਤੇ ਹੁਣ ਆਪ ਜੀ ਦੇ ਇਹ ਬਚਨ**---

ਤੋ ਰਿਸ਼ੀ ਵਾਦ ਸਾਇਨ ਨੇ ਲਿਖਿਆ ॥ ਇਹ ਸ਼ਕਤੀ ਜਦ ਭ੍ਰਿਸ਼ਟ ਹੁੰਦੀ ਐ ਤੋ ਕਿਵੇ ਇਸਤਰੀ ਚਰਿਤਰ ਦਿਖਾਦੀ ਏ ॥
ਪੁਰਸ਼ ਧੋਖਾ ਦੇਦਾ ॥ ਜਿਸ ਨੂੰ ਗੁਰੂ ਨਾਨਕ ਕਹਿੰਦੇ ਨੇ **ਰੰਨਾ ਹੋਈਆ ਬੋਦੀਆ** , ਪੁਰਖ ਹੋਏ ਸਈਆਦ ॥ ਇਹ ਪੁਰਖ
ਕਿਵੇ ਸ਼ਿਕਾਰੀ ਬਣਾ ਏ ਤੇ ਇਸਤਰੀਆ ਕਿਵੇ ਚੰਚਲ ਬਣ ਦੀਆ ॥ ਗੁਰੂ ਨਾਨਕ ਕਹ ਗਏ ॥

੩੯- **ਮ: ੧ ॥ ਰੰਨਾ ਹੋਈਆਂ ਬੋਧੀਆ, ਪੁਰਸ ਹੋਏ ਸਈਆਦ ॥ ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜ ॥ ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥**
**ਨਾਨਕ ਸਚਾ ਏਕੁ ਹੈ ਅਉਰ ਨ ਸਚਾ ਭਾਲਿ ॥ ੨ ॥**[੧੨੪੨]-ਵਾ-੧੪

**ਅਰਥ:**--(ਰੱਬ ਤੋਂ ਵਿਛੁੜ ਕੇ) ਮਨੁੱਖ ਜ਼ਾਲਮ ਹੋ ਰਹੇ ਹਨ, ਤੇ ਤੀਵੀਆਂ ਇਸ ਜ਼ੁਲਮ ਲਈ ਸਲਾਹਕਾਰ ਬਣ ਰਹੀਆਂ ਹਨ, ਮਿੱਠਾ ਸੁਭਾਉ, ਜੁਗਤਿ ਵਿਚ ਰਹਿਣਾ, ਦਿਲ ਦੀ ਸਫ਼ਾਈ--ਇਹ ਸਭ ਗੱਲਾਂ ਦੂਰ ਹੋ ਗਈਆਂ ਹਨ, ਤੇ ਵੱਢੀ ਆਦਿ ਹਰਾਮ ਮਾਲ ਇਨ੍ਹਾਂ ਲੋਕਾਂ ਦਾ ਮਨ ਭਾਉਂਦਾ ਖਾਣਾਂ ਹੋ ਗਿਆ ਹੈ, ਸ਼ਰਮ ਹਯਾ ਕਿਤੇ ਆਪਣੇ ਵਤਨ ਚਲੀ ਗਈ ਹੈ (ਭਾਵ, ਇਨ੍ਹਾਂ ਮਨੁੱਖਾਂ ਤੋਂ ਕਿਤੇ ਦੁਰਾਡੇ ਹੋ ਗਈ ਹੈ) । ਹੇ ਨਾਨਕ ! (ਜੇ ਸੀਲ ਸੰਜਮ ਸੁਚ ਆਦਿਕ ਗੁਣ ਲੱਭਣੇ ਹਨ, ਤਾਂ ਉਨ੍ਹਾਂ ਦਾ ਸੋਮਾ) ਸਿਰਫ਼ ਸਦਾ ਕਾਇਮ ਰਹਿਣ ਵਾਲਾ ਪਰਮਾਤਮਾ ਹੀ ਹੈ (ਇਨ੍ਹਾਂ ਗੁਣਾਂ ਲਈ) ਕੋਈ ਹੋਰ ਥਾਂ ਨਾ ਲੱਭੋ । ( ਭਾਵ, ਪ੍ਰਭੂ ਤੋਂ ਬਿਨਾਂ ਕਿਸੇ ਹੋਰ ਥਾਂ ਇਹ ਗੁਣ ਨਹੀਂ ਲੱਭ ਸਕਦੇ) । ੨ ।

ਇਸ ਗੁਰੂ ਫ਼ੁਰਮਾਨ ਵਿਚ ਵੀ ਕਾਮ ਬਾਰੇ ਕੋਈ ਉਚੇਚੀ ਜਾਣਕਾਰੀ ਨਹੀਂ ਨਾ ਹੀ ਏਥੇ ਕਿਸੇ ਦੇ ਚਲਿੱਤ੍ਰਾਂ ਦੀ ਗੱਲ ਹੈ। ਜ਼ਮਾਨੇ ਨੂੰ ਵਗੀ ਮਾਰ ਦੀ ਗੱਲ ਅਤੇ ਸੱਚ ਨਾਲ ਜੁੜਨ ਦਾ ਵਡਮੁੱਲਾ ਉਪਦੇਸ਼ ਹੈ।

**ਛ-** **ਜਮ ਪੁਰ ਵੱਲ ਨੂੰ ਧੂ ਖੜਨ ਵਾਲੀ ਅਕਿਰਤਘਣਤਾ ?**--

ਕਿਸੇ ਵਿਦਵਾਨ ਦੀ ਕਿਰਪਾ ਨਾਲ Hermeneutics ਦੇ ਵਿਦਵਾਨਾਂ ਦੀ ਰਾਏ ਪੜ੍ਹਨ ਨੂੰ ਮਿਲ ਗਈ। ਉਨ੍ਹਾਂ ਦਾ ਫ਼ਤਵਾ ਹੈ ਕਿ, ਕਿਸੇ ਖ਼ਾਸ ਸ਼ਬਦ ਜਾਂ ਤੁਕ ਦੇ ਸਥਾਈ ਅਰਥ ਕਰਕੇ ਕਿਸੇ ਗ੍ਰੰਥ ਦੇ ਸਿਧਾਂਤ ਬਾਰੇ ਸਿੱਟਾ ਕੱਢਣਾ ਨਿਰਾ ਗ਼ਲਤ ਹੀ ਨਹੀਂ ਸਗੋਂ ਵੱਡੀ ਹੂੜ ਮਤ ਹੈ । ਹਰ ਤੁਕ ਦਾ ਭਾਵ ਪੂਰੀ ਪੁਸਤਕ ਅਥਵਾ ਪੂਰੇ ਗ੍ਰੰਥ ਦੇ ਸਮੁਚੇ ਆਸ਼ੇ ਦੇ ਅਨਕੂਲ ਹੋਣਾ ਚਾਹੀਦਾ ਹੈ । ਇਹ ਪੜ੍ਹ ਕੇ ਹਿਰਦੇ ਵਿਚੋਂ ਹਉਕਾ ਨਿਕਲਿਆ ਕਿ ਸਾਡੇ ਲਿਖਾਰੀਆਂ ਨੇ ਤਾਂ ਲੱਕ ਹੀ ਇਸ ਭੁੱਲ ਨੂੰ ਕਰੀ ਜਾਣ ਤੇ ਬੰਨ੍ਹ ਲਿਆ ਹੋਇਆ ਹੈ ।

ਪਰ ਹੁਣ ਜਦ ਗੁਰੂ ਬਾਣੀ ਦੀ ਇਸੇ ਤਰ੍ਹਾਂ ਦੀ ਅਯੋਗ ਵਰਤੋਂ ਹੁੰਦੀ ਤੁਹਾਡੇ ਮੁਖਾਰ ਬਿੰਦ ਵਿਚੋਂ ਸੁਣੀ ਤਾਂ ਦਾਸ ਦੀ ਆਪ ਪ੍ਰਤੀ ਬਣੀ ਸ਼ਰਧਾ ਨੇ Hermeneutics ਦੇ ਵਿਦਵਾਨਾ ਦੀ ਖੋਜ ਦਾ ਸਿੱਟਾ ਸ਼ੱਕੀ ਬਣਾ ਦਿੱਤਾ। ਯਕੀਨ ਬਣਿਆਂ ਹੋਇਆ ਸੀ, ਮਸਕੀਨ ਜੀ ਧੋਖਾ ਦੇਣ ਵਾਲੀ **ਕੁਟਲ ਬੋਲੀ** ਕਦੇ ਨਹੀਂ ਬੋਲ ਸਕਦੇ। ਬਾਣੀ ਵਿਚੋਂ ਆਪਣੀ ਪਸੰਦ ਦੀਆਂ ਪੰਗਤੀਆਂ ਆਪਣੀ ਵਿਉਂਤ ਅਨੁਸਾਰ ਵਰਤ ਲੈਣੀਆਂ ਵੀ ਸਿੱਖ ਧਰਮ ਦਾ ਹਿੱਸਾ ਹੀ ਹੋਣੀਆਂ ਹਨ। ਪਰ ਫਿਰ ਜੱਦ ਇਹ ਸਮਝ ਫੁਰੀ ਕਿ ਜਦ ਪਾਵਨ ਪਵਿੱਤਰ ਗੁਰੂਬਾਣੀ ਵਿਚੋਂ ਕਾਮ-ਸ਼ਕਤੀ ਬਾਰੇ ਮਸਕੀਨ ਜੀ ਦੇ ਬਚਨਾਂ ਦੀ ਪ੍ਰੋੜਤਾ ਵਾਲਾ ਇੱਕ ਵੀ ਗੁਰੂ-ਸ਼ਬਦ ਮਸਕੀਨ ਜੀ ਨੂੰ ਵੀ ਨਹੀਂ ਮਿਲ ਸਕਿਆ, ਤਾਂ ਜੇ ਹੁਣ ਮਸਕੀਨ ਜੀ ਦੇ ਭਾਸ਼ਨ ਵਿਚੋਂ ਜੇ ਭਲਾ ਕੇਵਲ---" ਪਹਿਲੇ ਗੁਰੂ ਨਾਨਕ ਨੂੰ ਤੁਸੀ ਆਪਣੀ ਸ਼ਿਖਸ਼ਾ --ਦਿਖਸ਼ਾ ਸੁਣਾਉ ਗੁਰੂ ਅਰਜਨ ਦੇਵ ਜੀ ਨੂੰ ਸੁਣਾਉ ॥ ਭਗਤ ਕਬੀਰ ਨੂੰ ਕਹੋ ॥ ਦੁਨੀਆ ਭਰ ਦੇ ਅਵਤਾਰੀ ਪੁਰਸ਼ਾ ਨੂੰ ਕਹੋ , ਜਿਨ੍ਹਾ ਨੇ ਇਨ੍ਹਾ ਤੇ ਗ੍ਰੰਥ ਲਿਖੇ ਹਨ " ਏਨੇ ਬਚਨ ਹੀ ਚੁਣ ਕੇ ਲੋਕਾਂ ਵਿਚ ਮਸਕੀਨ ਜੀ ਨੂੰ ਬੜੇ ਘਟੀਆ ਕਿਸਮ ਦੇ ਹੰਕਾਰੀ ਦੇ ਰੂਪ ਵਿਚ ਪੇਸ਼ ਕੀਤਾ ਜਾਣਾ ਅਰੰਭ ਕਰ ਦਿੱਤਾ ਜਾਵੇ ਤਾਂ ਉਨ੍ਹਾਂ ਦੇ ਦਿਲ ਤੇ ਕੀ ਗੁਜ਼ਰੇ ? ਕੀ, ਮਸਕੀਨ ਜੀ ਵਰਗਾ ਸੁਲਝਿਆ ਹੋਇਆ ਵਿਦਵਾਨ ਆਪਣੇ ਸਤਿਗੁਰਾਂ ਨਾਲ ਅਜੇਹਾ ਘਟੀਆ ਵਿਹਾਰ ਕਰ ਸਕਦੇ ਹੋਣਗੇ ? ਕਿਸੇ ਵੀ ਵਿਦਵਾਨ ਦੇ ਭਾਸ਼ਨ ਵਿਚੋਂ ਕੋਈ ਨ ਕੋਈ ਬਚਨ ਅਜੇਹੇ ਮਿਲ ਸਕਦੇ ਹਨ ਜਿਹੜੇ ਅੱਡਰੇ ਕਰਕੇ ਸੁਣਾਉਣ ਨਾਲ ਪੂਰੇ ਭਾਸ਼ਨ ਦੇ ਅਸਲ ਵਿਸ਼ੇ ਦਾ ਅਸਲ ਮੰਤਵ ਵਿਗਾੜ ਸਕਦੇ ਹਨ। ਉਪ੍ਰੋਕਤ ਸਭ ਕੁਝ ਸੁਣਿਆ, ਤਾਂ ਸਮਝ ਆਈ, ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਅਸਲ ਭਾਵਣਾ ਤਬਦੀਲ ਕਰਨ ਵਿਚ ਤੁਸੀਂ ਹੋਰ ਸਾਰਿਆਂ ਨਾਲੋਂ ਅੱਗੇ ਲੰਘ ਤੁਰੇ ਹੋਏ ਹੋ। ਹਿਰਦਾ ਪੀੜ ਨਾਲ ਕੁਰਲਾ ਉਠਿਆ---ਹੈਂ ! ਇਹ ਕੀਹ ? ਉਸ ਪੱਖੋਂ ਮਸਕੀਨ ਜੀ ਗੁਰੂ ਬਾਣੀ ਦੀ ਸੱਭ ਤੋਂ ਵੱਧ ਕੁ-ਵਰਤੋਂ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਵਿਸ਼ਵਾਸ਼ ਘਾਤ ਕਰ ਰਹੇ ਹਨ। ਅਜੇਹਾ ਕਰਨਾ ਕੀ ਸਤਿਗੁਰਾਂ ਪ੍ਰਤੀ ਬੜੀ ਘਿਣਾਵਣੀ ਅਕਿਰਤਘਣਤਾ ਤਾਂ ਨਹੀਂ ?

**ਮਾਇਆ ਦੀ ਵਿਸ਼ਾਲ ਉਗ੍ਰਾਹੀ** ਕਰਨ ਲਈ ਗੁਰੂ ਸ਼ਬਦ-ਅੰਮ੍ਰਿਤ--" **ਅੰਮ੍ਰਿਤ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥** (੨) **ਗੁਰ ਕਾ ਸਬਦੁ ਅੰਮ੍ਰਿਤ ਰਸ ਖਾਇਣ ॥** (੩) **ਗੁਰ ਕਾ ਸਬਦ ਅੰਮ੍ਰਿਤ ਹੈ ਸਭ ਤ੍ਰਿਸਨਾ ਭੁਖ ਗਵਾਏ ॥** ਅਤੇ ਗੁਰੂ ਬਾਣੀ ਅੰਮ੍ਰਿਤ--(੪) **ਤਾ ਕੇ ਚਰਣ ਜਪੈ ਜਨੁ ਨਾਨਕੁ ਬੋਲੇ ਅੰਮ੍ਰਿਤ ਬਾਣੀ ॥** (੫) **ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੇ ਸੋ ਮੁਖਿ ਅੰਮ੍ਰਿਤ ਪਾਵੈ ॥** (੬)--**ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤੁ ਹਰਿ ਕਾ ਨਾਉ ॥** ਦੀ ਵਰਤੋਂ ਕਰਨ ਵਾਲਿਆਂ ਲਈ ਤਾਂ ਉਂਜ ਵੀ ਸਤਿਗੁਰਾਂ ਦਾ ਬੜਾ ਕਰੜਾ ਫ਼ੁਰਮਾਨ ਹੈ---

੪੦- **ਕਰੈ ਦੁਹਕਰਮ ਦਿਖਾਵੈ ਹੋਰੁ ॥ ਰਾਮ ਕੀ ਦਰਗਹ ਬਾਧਾ ਚੋਰੁ ॥ ੧ ॥ ਰਾਮੁ ਰਮੈ ਸੋਈ ਰਾਮਾਣਾ ॥ ਜਲਿ ਥਲਿ ਮਹੀਅਲਿ ਏਕੁ ਸਮਾਣਾ ॥ ੧ ॥ ਰਹਾਉ ॥**
**ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥ ਜਮ ਪੁਰਿ ਬਾਧਾ ਚੋਟਾ ਖਾਵੈ ॥ ੨ ॥ ਅਨਿਕ ਪੜਦੇ ਮਹਿ ਕਮਾਵੈ ਵਿਕਾਰ ॥ ਖਿਨ ਮਹਿ ਪ੍ਰਗਟ ਹੋਹਿ ਸੰਸਾਰੁ ॥ ੩ ॥**
**ਅੰਤਰਿ ਸਾਚਿ ਨਾਮਿ ਰਸਿ ਰਾਤਾ ॥ ਨਾਨਕ ਤਿਸੁ ਕਿਰਪਾਲੁ ਬਿਧਾਤਾ ॥ ੪ ॥**[੧੯੪]-੭੧-੧੪੦

ਵਿਕਾਰ ਕਮਾਉਣ ਦੀ ਖੁੱਲ੍ਹ ਦੀ ਗੱਲ ਕਰਨ ਲਈ ਗੁਰੂ-ਸ਼ਬਦਾਂ ਦਾ ਉਹਲਾ ਕਰ ਲੈਣਾ ਕੀ, ਬ੍ਰਾਹਮਣ ਦੀ ਦੇਣ ਨਹੀਂ ਹੈ ਜੀ ? ਕਿਰਪਾ ਸਹਿਤ ਦਾਸਾਂ ਦਾ ਇਹ ਸ਼ੰਕਾ ਗੁਰੂ ਬਾਣੀ ਦੇ ਘੱਟੋ ਘੱਟ ਪੰਜ ਗੁਰੂ ਫ਼ੁਰਮਾਨਾ ਨਾਲ ਦੂਰ ਕਰ ਦੇਣ ਦੀ ਮਿਹਰ ਕਰ ਦੇਣੀ ਜੀ। ਹੁਣ ਅੱਗੇ ਹੈ **ਆਪ ਜੀ ਦੇ ਭਾਸ਼ਨ ਦਾ ਦੂਜਾ ਪੱਖ** --

**ਸ-** ਆਪ ਜੀ ਦੇ ਭਾਸ਼ਨ ਵਿਚੋਂ **ਰਿਖੀ ਵਾਦਸੈਨ ਦੇ ਜ਼ਿਕਰ** ਵਾਲੇ ਬਚਨਾਂ ਦਾ ਵੇਰਵਾ--

(੧) ਇਹੀ ਵੀ ਮੈ ਅਰਜ਼ ਕਰ ਦਿਆ ॥ ਭਾਰਤ ਦੇ ਵਿਚ ਇਕ ਰਿਸ਼ੀ ਹੋਇਆ, <u>ਰਿਸ਼ੀ ਵਾਦ ਸਾਇਨ</u> ॥ ਉਸਨੂੰ ਰਿਸ਼ੀ ਕਹਿੰਦੇ ਨੇ , ਸੰਤ ਹੋਇਆ ,
ਸੰਤ ਸੀ , **ਤੁਸੀ ਆਖੋਗੇ ਉਸਨੇ ਕਿਹੜਾ ਸ਼ਾਸ਼ਤ੍ਰ ਲਿਖਿਆ ॥** ਉਸ ਨੇ ਕਿਹੜਾ ਧਰਮ ਗ੍ਰੰਥ ਲਿਖਿਆ ॥ ਉਹਨੇ ਲਖਿਆ ਕਾਮ ਸੂਤ੍ਰ , ਕਾਮ ਸੂਤ੍ਰ ,
ਕਾਮ ਦਾ ਗਿਆਨ ॥ ਉਹ ਦਾਵੇ ਨਾਲ ਕਹਿੰਦਾ , ਜਿਹਨੂੰ ਕਾਮ ਦਾ ਗਿਆਨ ਨਹੀ, ਉਹਨੂੰ ਰਾਮ ਦਾ ਗਿਆਨ ਨਹੀ - ਆ ॥ ਉਹ ਦਾਵੇ ਨਾਲ ਕਹਿੰਦਾ
ਜੋ ਕਾਮ ਰਸ ਤੋ ਉਚਾ ਨਹੀ ਉਠਿਆ , ਉਹ ਰਾਮ ਰਸ ਤੱਕ ਪਹੁੰਚ ਵੀ ਨਹੀ ਸਕਦਾ ॥ ਉਹ ਇੰਞ ਵੀ ਕਹਿੰਦਾ ਏ ॥ ਜੀਵਨ 'ਚ ਕ੍ਰੋਧ ਹੈ – ਕ੍ਰੋਧ
ਸਮਝੋ॥ ਮਨ 'ਚ ਲੋਭ ਹੈ – ਲੋਭ ਨੂੰ ਸਮਝੋ ॥ ਜੀਵਨ ਵਿਚ ਕਾਮ ਹੈ --- ਕਾਮ ਨੂੰ ਸਮਝੋ, ਜਾਣੋ ॥

(੨) **ਅਰ ਇਕ ਮਹਾ ਰਿਸ਼ੀ ਹੋਇਆ ---<u>ਰਿਸ਼ੀ ਵਾਦ ਸਾਇਨ</u> , ਜਿਸ ਨੇ ਕਾਮ ਸੂਤਰ ਲਿਖਿਆ ਐ ॥ ਉਹਦਾ ਤਰਜਮਾ ਕੀਤਾ ਗੁਰੂ ਗੋਬਿੰਦ ਸਿੰਘ**
**ਨੇ ਦਸਮ ਗ੍ਰੰਥ ਦੇ ਵਿਚ ॥**

(੩) **<u>ਵਾਦ ਸਾਇਨ ਰਿਸ਼ੀ</u>** ਨੇ ਕਾਮ ਸੂਤ੍ਰ ਲਿਖਿਆ ॥ ਆਪ ਦੀ ਗਿਆਤ ਲਈ ਅਰਜ ਕਰਾ ॥ ਜਦ ਮੈ ਬਾਬਾ ਬਲੰਵਤ ਸਿੰਘ ਨਾਲ ਬਾਣੀ ਗ੍ਰੈਮਰ ਪੜ੍ਹਦਾ ਹੁੰਦਾ
ਸੀ , ਓਦੋ ਕਮ ਸੇ ਕਮ ੭੦ -੭੫ ਸਾਲ ਦੇ ਤੇ ਹੋ ਗਏ ਸਨ ॥ ੯੨ ਸਾਲ ਦੇ ਹੋ ਕੇ ਉਹ ਗੁਜਰੇ , ਬਾਬਾ ਸ਼ਾਮ ਸਿੰਘ ਜੀ ਦੇ ਡੇਰੇ , ਅੰਮ੍ਰਿਤਸਰ ॥ ਸਾਰੇ
ਦੇਸ਼ ਵਿਚ ਉਹ ਕਥਾ ਈ ਕਰਦੇ ਸੀ ॥ ੫੦ - ੬੦ ਸਾਲ ਕਥਾ ਕਰਦੇ ਰਹੇ

(੪) **<u>ਰਿਸ਼ੀ ਵਾਦ ਸਾਇਨ</u>** ਨੇ ਲਿਖਿਆ ॥ ਇਹ ਸ਼ਕਤੀ ਜਦ ਭ੍ਰਿਸ਼ਟ ਹੁੰਦੀ ਐ ਤੋ ਕਿਵੇ ਇਸਤਰੀ ਚਰਿਤਰ ਦਿਖਾਦੀ ਏ ॥ ਪੁਰਸ਼ ਧੋਖਾ ਦੇਦਾ ॥
ਜਿਸ ਨੂੰ ਗੁਰੂ ਨਾਨਕ ਕਹਿੰਦੇ ਨੇ : ਰੰਨਾ ਹੋਈਆ ਬੋਦੀਆ , ਪੁਰਖ ਹੋਏ ਸਈਆਦ ॥

(੫) ਇਸ ਵਾਸਤੇ **<u>ਰਿਸ਼ੀ ਵਾਦ ਸਾਇਨ</u>** ਨੇ ਕਾਮ ਸੂਤ੍ਰ ਲਿਖਿਆ ॥ ਇਸ ਵਾਸਤੇ ਗੁਰੂ ਨਾਨਕ , ਗੁਰੂ ਅਰਜਨ , ਭਗਤ ਕਬੀਰ ਜੀ ਸਾਨੂੰ ਸਾਵਧਾਨ ਕਰਦੇ
ਪਏ ਨੇ ॥ ਸੁਚੇਤ ਪਏ ਕਰਦੇ ਨੇ ॥ ਏਸੇ ਵਾਸਤੇ ਖਜਰਾਹੇ ਦੇ ਮੰਦਰ ਨੇ , ਕਾਮ ਸਿਰਫ ਸਰੀਰ ਦੇ ਤਲ ਤੇ ਰਹਿਣਾ ਚਾਹੀਦਾ ॥ ਮਨ ਦੇ ਤਲ ਤੇ ਰਾਮ ॥

ਜਦ ਕਿ ਪਾਵਨ ਪਵਿੱਤਰ ਗੁਰੂਬਾਣੀ ਵਿਚੋਂ ਕਾਮ-ਸ਼ਕਤੀ ਬਾਰੇ ਤੁਹਾਡੇ ਬਚਨਾਂ ਦੀ ਪ੍ਰੋੜਤਾ ਵਾਲਾ ਇੱਕ ਵੀ ਗੁਰੂ-ਸ਼ਬਦ ਤੁਹਾਨੂੰ ਨਹੀਂ ਮਿਲ ਸਕਿਆ ਤਾਂ ਤੁਸੀ ਰਿਸ਼ੀ ਵਾਦ ਸੈਨ ਨੂੰ ਪੰਥ ਵਿਚ ਕਿਸ ਯੋਜਨਾ ਅਧੀਨ ਘਸੀਟੀ ਆ ਰਹੇ ਹੋ ਜੀ ?

**ਸ਼ੰਕੇ-**

**(੧)** ਇਹ ਵਾਦ ਸੈਨ ਕੀ ਗੁਰਮਤਿ ਦਾ ਵੀ ਪਰਚਾਰਕ ਸੀ ? **(੨)** ਕੀ, ਕਾਮ ਸੂਤਰ ਸ਼ਾਸਤਰ ਤੋਂ ਸਤਿਗੁਰੂ ਨਾਨਕ ਜੀ (ਨੌਵੇਂ ਸਰੂਪ ਤੱਕ) ਅਣਜਾਣ ਹੀ ਸਨ ? **(੩)** ਕੀ ਸਤਿਗੁਰਾਂ ਦਾ ਇਹ ਫ਼ੁਰਮਾਨ--**ਸਲੋਕ ॥ ਬਹੁ ਸ਼ਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥ ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥ ੧ ॥**-ਵਿਅਰਥ ਦੀ ਗੱਪ ਹੈ ਜੀ ? **(੪)** ਕੀ ਗੁਰਬਾਣੀ ਵਿਚ ਜਿਸ ਤਰ੍ਹਾਂ ਅਤੇ ਜਿਵੇਂ ਦੀ ਸੋਝੀ ਕਾਮ ਬਾਰੇ ਆ ਚੁੱਕੀ ਹੈ ਉਹ ਮਨੁੱਖਾ ਜੀਵਨ ਲਈ ਕਾਫ਼ੀ ਨਹੀਂ ਸੀ ਜੀ ? **(੫)** ਕੀ, ਸਿੱਖ ਰਹਿਤ ਮਰਯਾਦਾ ਦੇ ਖਰੜੇ ਵਿਚ ਭਾਈ ਨੰਦ ਲਾਲ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਤੋਂ ਛੁੱਟ ਕੀ, ਕਿਸੇ ਹੋਰ ਸ਼ਾਸਤਰ ਨੂੰ ਗੁਰਮਤਿ ਪਰਚਾਰ ਦਾ ਹਿੱਸਾ ਬਨਾਉਣ ਦੀ ਖੁੱਲ੍ਹ ਵੀ ਹੋ ਚੁੱਕੀ ਹੈ ਜੀ ? ਜਿਸ ਗੁਰੂ ਬਾਣੀ ਨੂੰ ਤੁਸੀਂ ਆਪ ਵੀ ਹੋਰ ਸਾਰੇ ਧਰਮ ਗ੍ਰੰਥਾਂ ਦੀ" **ਮਾਂ** " ਲਿਖ ਰਹੇ ਹੋ, ਉਸੇ ਗੁਰੂ ਬਾਣੀ ਦੇ ਹੁੰਦਿਆਂ, ਇਸ ਵਾਦ

ਸੈਨ ਦੀ ਬਾਣੀ ਦੀ ਲੋੜ ਕੀ ਆਣ ਪਈ ਹੈ ਜੀ ? ਸੱਚੇ ਪਾਤਸ਼ਾਹੋ ! ਸਤਿ ਗੁਰੂ ਜੀ ਦੇ ਇਸ ਉਪਦੇਸ਼ ਨੂੰ ਵਿਆਰਥ ਨਾ ਬਣਾਈਏ-- **ਜਾ ਕਉ ਠਾਕੁਰ ਊਚਾ ਹੋਈ ॥ ਸੋ ਜਨੁ ਪਰ ਘਰ ਜਾਤ ਨ ਸੋਹੀ ॥ ੧ ॥** ਕੀ ਆਪ ਜੀ ਦੇ ਵਿਚਾਰ ਵਿਚ ਸਤਿਗੁਰਾਂ ਦੇ ਇਹ ਬਚਨ ਹੁਣ ਵਿਆਰਥ ਹੋ ਚੁੱਕੇ ਹਨ ਜੀ ?--

੪੧- **ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ॥ ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ ੫ ॥**[੯੮੨]

੪੨- **ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ਕਹਿਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥ ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥ ਚਿਤ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥ ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਹੈ ਬਾਣੀ ॥ ੨੪ ॥**[੯੨੦]

ਇੱਕ ਪਾਸੇ ਗੁਰੂ ਬਾਣੀ ਨੂੰ ਹੋਰ ਸਾਰੇ ਗੰਥਾਂ ਦੀ ਮਾਂ ਕਹਿ ਰਹੇ ਹੋ ਅਤੇ ਨਾਲ ਇਹ ਕਹਿੰਦਿਆਂ ਲਾਜ ਵੀ ਨਹੀਂ ਮੰਨ ਰਹੇ ਕਿ ਦਸ਼ਮੇਸ਼ ਜੀ ਨੇ ਕਾਮ ਸੂਤਰ ਜਿਹੇ ਹਿੰਦੂਆਂ ਦੇ ਪੁਰਾਤਨ ਗ੍ਰੰਥਾਂ ਦਾ ਅਨੁਵਾਦ ਕੀਤਾ ਹੈ । ਇਸ ਸਚਾਈ ਨੂੰ ਤੁਸੀਂ ਝੁਠਲਾਉਣ ਨਹੀਂ ਲੱਗੇ ਕਿ ਗਿਆਨ ਦਾ ਦਾਤਾ ਗੁਰੂ ਮੰਨਿਆਂ ਜਾਂਦਾ ਹੈ। ਫਿਰ, ਕਿਸੇ ਦੂਜੇ ਦੇ ਲਿਖੇ ਗ੍ਰੰਥ ਦੀ ਬਾਣੀ ਨੂੰ ਆਪਣੇ ਸਿੱਖਾਂ ਲਈ ਸੁਮਤਿ ਦੇਣ ਵਾਲੀ ਮੰਨ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਅੱਡਰਾ ਗ੍ਰੰਥ ਲਿਖਣ ਦਾ ਅਰਥ ਸਤਿਗੁਰੂ ਜੀ ਆਪ ਉਸ ਗ੍ਰੰਥ ਦੇ ਲਿਖਾਰੀ ਦੇ ਚੇਲੇ ਬਣੇ ਅਤੇ ਅਸਿੱਧੇ ਤੌਰ ਤੇ ਉਸ ਗੰਥ ਦਾ ਲਿਖਾਰੀ ਸਾਰੇ ਪੰਥ ਦਾ ਵੀ ਗੁਰੂ ਥਾਪ ਦਿੱਤਾ।

**(ੲ) ਜਾਣ ਬੁੱਝ ਕੇ ਬੋਲਿਆ ਭੁਲੇਖਾ ਪਾਊ ਝੂਠ (Deliberate Lie)**

**ਪਿਆਰਾ ਸਿੰਘ ਪਦਮ ਨੇ** ਆਪਣੀ ਪੁਸਤਕ-**ਦਸਮ ਗ੍ਰੰਥ ਦਰਸ਼ਨ** ਵਿਚ ਕਿਸੇ ਥਾਂ ਨਹੀਂ ਲਿਖਿਆ ਕਿ ਦਸਮ ਗ੍ਰੰਥ ਵਿਚ ਕਾਮ **ਸੂਤਰ ਦਾ ਅਨੁਵਾਦ ਵੀ ਕਿਤੇ ਮੌਜੂਦ ਹੈ । ਸਗੋਂ ਪੁਸਤਕ ਦੇ ੧੨੧ ਸਫ਼ੇ** ਤੇ " **ਚਰਿਤ੍ਰ ਪਖਯਾਨ** " ਲੇਖ, ਦੇ ਅਰੰਭ ਵਿਚ ਹੀ ਇਉਂ ਲਿਖਿਆ ਹੈ:---

**(੧)** " ਇਸ ਨੂੰ ਪਖਯਾਨ ਚਰਿਤਰ ਯਾ ਤ੍ਰਿਯ ਚਰਿਤਰ ਵੀ ਆਖਿਆ ਗਿਆ ਹੈ। ਇਹ **ਦੇਸੀ ਬਿਦੇਸੀ ਕਹਾਣੀਆਂ ਦਾ ਅਨੋਖਾ ਸੰਗ੍ਰਹਿ ਹੈ** ਜੋ ਕਿ ਹਿੰਦੀ ਸਾਹਿਤ ਵਿਚ ਆਪਣੀ ਮਿਸਾਲ ਆਪ ਹੈ। ਆਮ ਖ਼ਿਆਲ ਹੈ ਕਿ ਇਸ ਵਿਚ **੪੦੪** ਤਿਰਯਾ ਚਰਿਤਰ ਦਿੱਤੇ ਗਏ ਹਨ, ਇਹ ਠੀਕ ਨਹੀਂ । ਪਹਿਲੀ ਗੱਲ ਇਹ ਹੈ ਕਿ ਚਾਰ ਸੌ ਚਾਰ ਕਹਾਣੀਆਂ ਨਹੀਂ, ਕਈ ਥਾਂ ਇਕੋ ਕਹਾਣੀ ਦੇ ਦੋ ਤਿੰਨ ਭਾਗ ਬਣਾ ਕੇ ਵੱਖ ਵੱਖ ਕਾਂਡਾਂ ਵਿਚ ਵੰਡਿਆ ਹੋਇਆ ਹੈ। ਕਹਾਣੀ ਇਕੋ ਹੈ । ਜੇ ਕਿਸੇ ਇਸਤਰੀ ਦੇ ਛਲ ਦਾ ਜਵਾਬ ਪੁਰਸ਼ ਨੂੰ ਛਲ ਵਿਚ ਦਿੱਤਾ ਤਾਂ ਉਸ ਲਈ ਦੂਜਾ ਅਧਿਆ ਰਚ ਲਿਆ ਗਿਆ ਹੈ। ਜਿਵੇਂ ਕਿ ਅਨੂਪ ਕੌਰ ਵਾਲਾ ਚਰਿਤਰ ੨੧, ੨੨ ਤੇ ੨੩ ਅਧਿਆਇ ਵਿਚ ਵੰਡ ਦਿਤਾ ਹੈ। ਅਹੱਲਿਆ ਦੀ ਕਥਾ ੧੧੫, ੧੧੬ ਤੇ ੧੧੭ ਅਧਿਆਇਵਾਂ ਵਿਚ, ਕਪਲ ਮੁਨੀ ਦੀ ੧੦੮ ਤੇ ੧੦੯ ਅਧਿਆ ਵਿਚ ਤੇ ਏਵੇ ਜਿਵੇਂ ਗੌਂਡ ਖਾਂ ਡੋਗਰ ਦੀ ਕਹਾਣੀ ੩੬ ਤੇ ੩੭ ਅਧਿਆ ਵਿਚ ਵੰਡ ਕੇ ਅੰਕਿਤ ਕੀਤੀ ਹੈ। **ਕਹਾਣੀਕਾਰ** ਇਸ ਵੰਡ ਲਈ ਆਪਣੀ ਥਾਂ ਠੀਕ ਹੈ ਕਿ ਜਿਸ ਨੇ ਜੋ ਚਾਲਾਕੀ ਯਾ ਜਵਾਬੀ ਚਲਾਕੀ ਕੀਤੀ, ਉਸਨੂੰ ਅੱਡ ਅੱਡ ਪੇਸ਼ ਕਰ ਦਿਤਾ ਪਰ ਸਮੁੱਚੇ ਤੌਰ ਤੇ ਇਹ ਕਹਿਣਾ ਪਵੇਗਾ ਕਿ ਇਸ ਹਿਸਾਬ ਕੁਲ ਕਹਾਣੀਆਂ ੪੦੪ ਨਹੀਂ, ਸਗੋਂ ਕਾਂਡ **੪੦੪?**

**(੨) ਅਤੇ ਫਿਰ** ਉਸੇ ਪੁਸਤਕ ਦੇ ੧੨੫ ਸਫ਼ੇ ਤੇ ਇਹ ਵੀ ਲਿਖਿਆ ਹੈ:--

" ਗੁਰੂ ਸਾਹਿਬ ਨੇ **ਕੁਝ ਆਪ-ਬੀਤੀਆਂ ਵੀ ਦਰਜ ਕੀਤੀਆਂ ਹਨ** ਜੋ ਕਿ ਥਾਂ ਥਾਂ ਆਏ ਹਵਾਲਿਆਂ ਤੋਂ ਸਪਸ਼ਟ ਹੋ ਹੀ ਜਾਂਦੀਆਂ ਹਨ। ਅਨੰਦਪੁਰ ਦੇ ਕਈ ਚਲਿਤਰ ਹਨ, ਜਿਵੇਂ ੧੬, ੨੧, ੨੨ ੨੩ ਆਦਿ। ੧੫ ਨੰਬਰ ਕੀਰਤਪੁਰ ਦਾ ਹੈ। "

ਪਰ ਤੁਸਾਂ ਆਪਣੇ ਭਾਸ਼ਨ ਵਿਚ ਇੱਕ ਤੋਂ ਵੱਧ ਵਾਰੀ ਕਿਹਾ ਹੈ ਕਿ **ਤ੍ਰਿਯਾ ਚਰਿਤ੍ਰ ਰਿਸ਼ੀ ਵਾਦ ਸੈਨ ਦੇ ਕਾਮ ਸੂਤਰ ਗ੍ਰੰਥ ਦਾ ਅਨੁਵਾਦ ਹੈ**-ਤੁਸੀਂ ਆਪ ਹੀ ਨਿਰਣਾ ਕਰੋ ਕਿ ਤੁਹਾਡੇ ਦੋਹਾਂ (ਪਦਮ ਜੀ ਅਤੇ ਤੁਸੀਂ) ਵਿਚੋਂ ਸੱਚੇ ਬਚਨ ਕਿਸ ਦੇ ਹਨ? ਕੀ ਤੁਸੀ ਵੀ ਏਹੀ ਨਹੀਂ ਕਹੋਗੇ ਕਿ--**ਪੂਰਾ ਸਚ ਤਾਂ, ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ**? ਪਦਮ ਸਾਹਿਬ ਦੀ ਸੇਵਾ ਵਿਚ ਭੇਜੇ ਚਿੱਠੀ ਰੂਪ ਲੇਖ ਦਾ ਉਤਾਰਾ ਆਪ ਜੀ ਦੀ ਸੇਵਾ ਵਿਚ ਹਾਜਰ ਹੈ । ਪਦਮ ਸਾਹਿਬ ਦੀ ਝੂਠ ਲਿਖਤ ਦੇ ਹੋਰ ਵੀ ਖੁਲ੍ਹੇ ਦਰਸ਼ਨ ਸ਼ਾਇਦ ਆਪ ਜੀ ਨੂੰ ਗਦ-ਗਦ ਹੀ ਕਰਨ ਦਾ ਸਾਧਨ ਬਣ ਜਾਣ ? **ਕੁਨਦ ਹਮ ਜਿਨਸ ਬ ਹਮ ਜਿਨਸ ਪ੍ਰਵਾਜ਼**--ਵਾਲੀ ਗੱਲ ?

੪੩- **ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥ ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥ ੧ ॥**[੧੪੦]-ਵਾਰ-੫

**ਆਪ ਜੀ ਦੇ ਭਾਸ਼ਨ ਦਾ ਅਤੀਅੰਤ ਦੁਖਦਾਈ ਭਾਗ-" ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦਸਮ ਗ੍ਰੰਥ ਦੇ ਇਨ੍ਹਾਂ ਵਿਸ਼ਿਆ ਨੂੰ ਉਜਾਗਰ ਕੀਤਾ ਐ ॥**(੨) ਤੋ ਦਸਮ ਗ੍ਰੰਥ ਦੇ ਖਿਲਾਫ ਪਤਾ ਨਹੀ ਕਿਤਨੇ **ਮੂਰਖਾ ਨੇ ਰੋਲੇ ਪਾਏ ਨੇ ॥ ਮੂੜ ਨੇ, ਨਾ -ਸਮਝ ਨੇ , ਪਤਾ ਈ ਕੋਈ ਨਹੀ** ॥ ਐ ਜੇ ਏ ਪੜ੍ਹ ਲਈਏ , ਤ੍ਰਿਯਾ ਚ੍ਰਿਤਰ ਪੜ੍ਹ ਲਈਏ॥ ਤ੍ਰਿਯਾ ਚ੍ਰਿਤਰ ਈ ਐ ਪਰ ਪੁਰਸ਼ ਦੀਆ ਕਰਤੂਤਾ ਦਾ ਵੀ ਜਿਕਰ ਐ , ਉਹ ਵੀ ਤਾ ਪੜ੍ਹੋ॥ ਹਕਾਇਤਾ 'ਚ ਸੱਭ ਕੁਛ ਲਿਖਿਆ॥ ਪੁਰਸ਼ ਤੇ ਭ੍ਰਸ਼ਟ ਪਣਾ , ਇਸਤਰੀ ਦਾ ਭ੍ਰਸ਼ਟ ਪਣਾ ॥ ਆਖਰ ਦੋਵੇ ਭ੍ਰਸ਼ਟ ਹੋਣਗੇ ਤਾ ਈ ਅਨਰਥ ਹੋਵੇਗਾ ॥ ਦੁਨੀਆ 'ਚ ਦੁਰਾਚਾਰ ਫੈਲੇਗਾ , ਬੇਈਮਾਨੀ ਫੈਲੇਗੀ ॥ ਦੋਹਾ ਦੇ ਸੰਜੋਗ ਨਾਲ ਹੋਵੇਗਾ ॥ ਇਹ ਵੀ ਮੈ ਅਰਜ਼ ਕਰ ਦਿਆ " ॥

**ਦਾਸ ਨੇ ਸਕੂਲੀ ਪੜ੍ਹਾਈ ਸਮੇ** ਹਕੀਮ ਬੂ-ਅਲੀ-ਸੀਨਾ ਦਾ ਲਿਖਿਆ ਕੋਕ ਸ਼ਾਸਤਰ ਪੜ੍ਹਿਆ ਸੀ। ਕਾਮ ਬਾਰੇ ਬੜੀ ਲਾਹੇਵੰਦ ਜਾਣਕਾਰੀ ਲਿਖੀ ਹੋਈ ਹੈ। ਉਨ੍ਹਾਂ ਦਿਨਾ ਵਿਚ ਹੀ ਲਾਹੌਰ ਦੇ ਹਕੀਮ ਹਰਨਾਮਦਾਸ ਦੇ ਲਿਖੇ ਹਦਾਇਤ ਨਾਮੇ (**ਹਦਾਇਤ ਨਾਮਾ ਖ਼ਾਵੰਦ, ਹਦਾਇਤ ਨਾਮਾ ਬੀਵੀ--ਹਦਾਇਤ ਨਾਮਾ ਗ਼ਿਜਾ--ਹਦਾਇਤ ਨਾਮਾ ਸਿਹਤ, ਆਦਿ**) ਬੜੇ ਹਰ ਮਨ ਪਿਆਰੇ ਬਣੇ ਹੋਏ ਸਨ। ਸਰੀਰ ਦੀ ਅਰੋਗਤਾ ਦੀ ਰਖਿਆ ਵਾਲੇ ਅਨਮੋਲ ਨਿਯੱਮਾਂ ਦੇ ਨਾਲ ਗ੍ਰਿਹਸਤੀ ਜਿੰਦਗੀ ਨੂੰ ਹਰ ਪੱਖੋ ਸੁਖੀ ਬਨਾਉਣ ਬਾਰੇ ਬੜੀ ਕੀਮਤੀ ਜਾਣਕਾਰੀ ਦੇ ਨਾਲ ਪੈਦਾਇਸ਼ੀ ਸਮੇਂ ਤੋਂ ਕਾਮ ਰੁਚੀ ਦੀ ਮਨੁੱਖਾ ਸਰੀਰ ਵਿਚ ਪ੍ਰਧਾਨਗੀ ਦੀ ਅਤੇ ਬਚਪਨ ਵਿਚ ਪੈ ਜਾਣ ਵਾਲੀਆਂ ਘਾਤਕ ਆਦਤਾਂ ਬਾਰੇ ਬੜੇ ਲਾਹੇਵੰਦ ਢੰਗ ਨਾਲ ਜਾਣਕਾਰੀ ਲਿਖੀ ਹੋਈ ਸੀ। ਕਮਜ਼ੋਰ ਤੋਂ ਕਮਜ਼ੋਰ ਮਰਦਮੀ ਤਾਕਤ ਵਾਲਾ ਵੀ, ਤਕੜੀ ਤੋਂ ਤਕੜੀ ਇਸਤ੍ਰੀ ਦੀ ਕਾਮ ਭੁੱਖ ਬੜੀ ਸਫ਼ਲਤਾ ਨਾਲ ਪੂਰੀ ਕਰੀ ਰੱਖ ਕੇ ਘ੍ਰੇਗੀ ਜਿੰਦਗੀ ਨੂੰ ਕਿਵੇਂ ਰਸ-ਦਾਇਕ ਅਤੇ ਸੁਖੀ ਬਣਾਈ ਰੱਖਣ ਵਿਚ ਸਫ਼ਲ ਹੋ ਸਕਦਾ ਹੈ ? ਅਜੇਹੇ ਬੇਅੰਤ ਤਰ੍ਹਾਂ ਦੀ ਬੜੀ ਲਾਹੇਵੰਦ ਜਾਣਕਾਰੀ ਸੀ ਕੋਕ ਸ਼ਾਸਤ੍ਰ ਵਿਚ। ਕਾਮ ਸੂਤਰ ਸ਼ਾਸਤ੍ਰ ਤਾਂ ਦਾਸ ਨੇ ਪੜ੍ਹਿਆ ਨਹੀਂ ਪਰ ਦਸਮ ਗ੍ਰੰਥ ਸਾਹਿਬ ਵਿਚਲੇ ਚਰਿਤ੍ਰੋਂ ਪਖਿਯਾਨ ਗ੍ਰੰਥ ਵਿਚ ਕਾਮ ਬਾਰੇ ਅਜੇਹੀ ਕਿਸੇ ਲਾਹੇਵੰਦ ਜਾਣਕਾਰੀ ਦੀ ਅਣਹੋਂਦ ਦਾ ਏਡਾ ਦੁੱਖ ਨਹੀਂ ਹੋਇਆ, ਜਿੰਨਾ ਉਸ ਵਿਚੋਂ ਜਵਾਨੀ ਨੂੰ ਤਬਾਹ ਅਤੇ ਬਰਬਾਦ ਕਰ ਦੇਣ ਦਾ ਭੜਕਾਊ ਮਸਾਲਾ ਪੜ੍ਹ ਕੇ ਕਾਂਬਾ ਛਿੜਿਆ। ਕਾਮ ਅਗਨੀ ਦਾ ਭਾਂਬੜ ਬਾਲ ਦੇਣ ਵਾਲੀ ਨਗਨ ਅਸ਼ਲੀਲਤਾ, ਅਥਵਾ ਮਨੁੱਖਤਾ ਦਾ ਘਾਤ ਕਰਨ ਵਾਲਾ ਝੂਠ ਅਤੇ ਕੁਫ਼ਰ ਦਾ ਹੜ ? ਚਰਿਤਰੋ ਪਖਿਆਨ ਗ੍ਰੰਥ ਤੋਂ ਆਪ ਜੀ ਦੇ ਬਚਨਾ ਵਾਲੀ **ਕਾਮ-ਅਧਿਕ ਸ਼ਕਤੀ** ਦਾ ਕਿਤੇ ਕੋਈ ਖੁਰਾਖੋਜ ਨਹੀਂ ਮਿਲਦਾ। ਕਾਮ-ਕਲਾ ਦਾ ਜੋ ਗਿਆਨ ਉਸ ਵਿਸ਼ਾਲ ਗ੍ਰੰਥ ਵਿਚੋਂ ਬਾਹਾਂ ਪਸਾਰੀ ਸਵਾਗਤ ਕਰ ਰਿਹਾ ਹੁੰਦਾ ਹੈ ਉਸ ਅਨੂਠੇ ਕਾਮ-ਗਿਆਨ ਦੀ ਵਿਆਖਿਆ, **(**ਸ੍ਰੀ ਗੁਰੂ ਗ੍ਰੰਥ ਸਾਹਿਬ--ਮਾਝ ਕੀ ਵਾਰ ਪਹਿਲੀ ਪਉੜੀ ਨਾਲ ਸੰਬੰਧਤ-- ਮ: ੧ ॥ ਸਲੋਕ ਦੀ-**)** ਕੇਵਲ ਇਹ ਪੰਗਤੀ " **ਛਿਵੈ ਕਾਮ ਨ ਪੁਛੈ ਜਾਤਿ ॥** " ਹੀ ਸਮਝਾਉਂਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਤੁਸੀਂ ਪਤਾ ਨਹੀਂ ਕਿਸ ਮਜਬੂਰੀ ਦੇ ਕਾਰਨ ਹੋਰ ਹੋਰ ਚਕਰੀਆਂ ਦੇਈ ਜਾਣ ਵਿਚ ਰੁੱਝੇ ਰਹੇ ?

ਆਪ ਜੀ ਦਾ ਭਾਸ਼ਨ ਸੱਚ ਤੋਂ ਕੋਹਾਂ ਦੂਰ ਅਨੁਭਵ ਹੋਇਆ ਹੈ। ਸੋ ਆਪ ਜੀ ਵਲੋਂ ਕਿਸੇ ਦੂਜੇ ਲਈ " **ਮੂਰਖ, ਮੂੜ੍ਹ** ਅਤੇ **ਨਾ ਸਮਝ** " ਸ਼ਬਦ ਵਰਤਣੇ ਸ਼ਾਇਦ ਗੁਰਮਤਿ ਦੀ ਘੋਰ ਖੰਡਨਾ ਹੈ ਜੀ ? ਵਿਚਾਰ ਕਰ ਲੈਣ ਦੀ ਖੇਚਲ ਕਰ ਲੈਣਾ ਹੋ ਸਕਦਾ ਹੈ ਆਪ ਜੀ ਨੇ (**ਦੂਜਿਆਂ ਨੂੰ ਮੂੜ੍ਹ ਮੂਰਖ ਕਹਿਣ ਵਿਚ**) ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਜੋਤਿ ਜੁਗਤ ਦੇ ਯਾਰ੍ਹਵੇਂ ਪ੍ਰਗਟ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਬਚਨਾਂ ਦੀ ਉਲੰਙਣਾ ਹੀ ਕੀਤੀ ਹੋਵੇ ? ਗੁਰਮਤਿ-ਉਪਦੇਸ਼ ਦੇ ਪੱਖ ਨੂੰ ਬੇਲੋੜਾ ਜਾਣਦਿਆਂ **ਸ਼ਾਇਦ ਢੰਗ ਨਾਲ, ਤਸਮੱਸ਼ਖ਼ਰ ਹੀ** ਉਡਾਇਆ ਹੋਵੇ ਜੀ ? :--

੪੪- **ਨਾਨਕ ਮੂਰਖ ਏਕੁ ਤੂ ਅਵਰੁ ਭਲਾ ਸੈਸਾਰੁ ॥ ਜਿਤੁ ਤਨਿ ਨਾਮੁ ਨ ਊਪਜੈ ਸੇ ਤਨ ਹੋਹਿ ਖੁਆਰ ॥ ੪ ॥**[੧੩੨੮]

੪੫- **ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ॥ ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੧॥ਰਹਾਉ ॥**[੧੦੧੫]

੪੬- **ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਪ੍ਰਨਵਤਿ ਨਾਨਕੁ ਤਾਰੇ ਸੋਇ ॥ ੪ ॥**[੭੨੮]

੪੭- **ਇਕ ਫਿਕਾ ਨਾ ਗਲਾਇ ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥ ੧੨੯ ॥**[੧੩੮੪]

੪੮- **ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥ ਫਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥ ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥ ੧ ॥**[੪੭੩]-ਵਾਰ-੨੦

੪੯- **ਆਪਿ ਉਪਾਏ ਨਾਨਕਾ ਆਪੇ ਰਖੈ ਵੇਕ ॥ ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਹਿਬ ਏਕੁ ॥ ਸਭਨਾ ਸਾਹਿਬ ਏਕੁ ਹੈ ਵੇਖੈ ਧੰਧੈ ਲਾਇ ॥ ਕਿਸ ਥੋੜਾ ਕਿਸੈ ਅਗਲਾ ਖਾਲੀ ਕੋਈ ਨਾਹਿ ॥... ੧ ॥** [੧੨੩੮]-ਵਾ-੨

੫੦- **ਫ਼ਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥ ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥ ੭੫ ॥**[੧੩੮੧]

ਦੂਜਿਆਂ ਨੂੰ ਮੂਰਖ ਕਹਿਣ ਤੋਂ ਪਹਿਲਾਂ ਆਉ ਵਿਚਾਰ ਲਈਏ ਕਿ, ਭਾਈ ਗੁਰਦਾਸ ਜੀ ਦੇ ਇਹ ਬਚਨ ਕਿਤੇ ਸਾਡੇ ਆਪਣੇ ਹੀ ਤੇ ਤਾਂ ਨਹੀਂ ਢੁੱਕ ਰਹੇ ?--

ਮੂਰਖ ਤਿਸਨੋ ਆਖੀਐ ਬੋਲਿ ਨ ਸਮਝੈ ਬੋਲਿ ਨ ਜਾਣੈ । ਹੋਰੋ ਕਿਹੁਕਰਿ ਪੁਛੀਐ ਹੋਰੋ ਕਿਉ ਕਰਿ ਆਖਿ ਵਖਾਣੈ ।
ਸਿਖ ਦੇਇ ਸਮਝਾਈਐ ਐਬੁ ਅਨਰਥੁ ਮਨੈ ਵਿਚਿ ਆਣੈ। ਵਡਾ ਅਸਮਝ ਨ ਸਮਝਈ ਸੁਰਤਿ ਵਿਹੂਣਾ ਹੋਇ ਹੈਰਾਣੇ ।
ਗੁਰਮਤਿ ਚਿਤਿ ਨ ਆਵਈ ਦੁਰਮਤਿ ਮਿਤ੍ਰ ਸਤ੍ਰ ਪਰਵਾਣੇ । ਅਗਨੀ ਸਪਹੁ ਵਰਜੀਐ ਗੁਣ ਵਿਚਿ ਅਵਗੁਨ ਕਰੇ ਧਿਙਾਣੇ ।
ਮੂਤੇ ਰੋਵੈ ਮਾਂ ਨ ਸਿਞਾਣੈ ॥ ੧੪ ॥ [ਵਾਰ-੩੨]

**ਸਾਰੇ ਦਸਮ ਗ੍ਰੰਥ ਵਿਚ ਅਜੇਹੀ ਸਿਖਿਆ ਵਾਲੀ ਗੱਲ ਖ਼ੁਰਦਬੀਨ ਨਾਲ ਵੇਖਿਆਂ ਵੀ ਨਹੀਂ ਲੱਭੀ । ਸਤਿਕਾਰ ਯੋਗ ਮਸਕੀਨ ਸਾਹਿਬ ਜੀਓ ! ਕਰੋ ਬਹੁੜੀ, ਤੁਸੀਂ ਹੀ ਵਿਖਾ ਦਿਉ ਜੇ ਕਿਤੇ ਅਜੇਹੀ ਕੋਈ ਸਿਖਿਆ ਹੈ ਤਾਂ:-- ਕਾਜੀ ਸੋ, ਜੁ ਕਾਇਆ ਬੀਚਾਰੈ ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ ॥ ਸੁਪਨੈ, ਬਿੰਦੁ ਨ ਦੇਈ ਝਰਨਾ ॥ ਤਿਸੁ ਕਾਜੀ ਕਉ ਜਰਾ ਨ ਮਰਨਾ ॥ ੨ ॥** [੧੧੬੦]-੩-੧੧

**ਵ--** **ਆਪ ਜੀ ਦੇ ਭਾਸ਼ਨ ਦੇ ਅੰਤਮ ਬਚਨ---**

**(C)** ਇਸ ਵਾਸਤੇ ਤ੍ਰਿਯਾ ਚਰਿਤਰ ਤੇ ਪੁਰਸ਼ ਦੀ ਕਠੋਰਤਾ ਦਾ ਜ਼ਿਕਰ ਕੀਤਾ, ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗ੍ਰੰਥ ਦੇ ਵਿਚ ॥ ਇਸ ਵਾਸਤੇ ਰਿਸ਼ੀ ਵਾਦ ਸਾਇਨ ਨੇ ਕਾਮ ਸੂਤ੍ਰ ਲਿਖਿਆ ॥ ਇਸ ਵਾਸਤੇ ਗੁਰੂ ਨਾਨਕ , ਗੁਰੂ ਅਰਜਨ , ਭਗਤ ਕਬੀਰ ਜਾਂ ਸਾਨੂੰ ਸਾਵਧਾਨ ਕਰਦੇ ਪਏ ਨੇ ॥ ਸੁਚੇਤ ਪਏ ਕਰਦੇ ਨੇ ॥ ਏਸੇ ਵਾਸਤੇ ਖਜਰਾਹੇ ਦੇ ਮੰਦਰ ਨੇ , ਕਾਮ ਸਿਰਫ ਸਰੀਰ ਦੇ ਤਲ ਤੇ ਰਹਿਣਾ ਚਾਹੀਦਾ ॥ ਮਨ ਦੇ ਤਲ ਤੇ ਰਾਮ ॥ ਅੰਦਰ ਰਾਮ ਰਹਿਣਾ ਚਾਹੀਦਾ ॥ ਰਾਮ ਦੀ ਮੂਰਤੀ ਅੰਦਰ ਐ ॥ ਦੀਵਾਰਾ ਤੇ ਕਾਮ ਦੀਆ ਮੂਰਤੀਆ ਨੇ, ਇਹ ਬਹੁਤ ਗੈਰਾਹੀ 'ਚ ਨਾ ਛੂਹੇ ॥ ਇਹ ਦਿਮਾਗ ਦਾ ਹਿੱਸਾ ਨਾ ਬਣੇ, ਸੋਚਣੀ ਦਾ ਹਿੱਸਾ ਨਾ ਬਣੇ , ਵੀਚਾਰ ਦਾ ਹਿੱਸਾ ਨਾ ਬਣੇ , ਸਿਰਫ ਸਰੀਰ ਦਾ ਹਿੱਸਾ ਈ ਬਣੇ ॥

ਪੱਕੀ ਆਸ ਹੈ, ਖਜੁਰਾਏ ਦੀ ਅਸ਼ਲੀਲਤਾ ਨੂੰ ਤੁਸੀਂ ਖਾਲਸਾ ਜੀ ਲਈ ਤੀਰਥ ਅਸਥਾਨ ਬਣਾ ਕੇ ਹੀ ਛੱਡੋਗੇ ?:--

ਦਾਸ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਜਿਨ੍ਹਾਂ ਹਿਸਿਆਂ ਨੂੰ ਗੁਰੂ-ਬਾਣੀ ਦੀ ਕਸਵੱਟੀ ਤੇ ਅਤੇ ਗੁਰਮਤਿ ਬਿਬੇਕਤਾ ਦੀ ਸਹਾਇਤਾ ਨਾਲ ਪਰਖਿਆ ਹੈ, ਉਹ ਲੇਖ,**ਅੱਜ ਮਿਤੀ ਜੂਨ ੧੮ ੧੯੯੮ ਨੂੰ ਅਮਰੀਕਾ** ਦੇ ਸਿਆਟਲ ਸ਼ਹਿਰ ਵਿਚਲੇ ਗੁਰੂ ਦੁਆਰਾ ਸਾਹਿਬ " ਸੱਚਾ ਮਾਰਗ " ਵਿਖੇ ਜੁੜੀ ਸਤਿਸੰਗਤਿ ਵਿਚ, ਆਪ ਜੀ ਦੀ ਸੇਵਾ ਵਿਚ ਹਾਜ਼ਰ ਕਰ ਦਿੱਤੇ ਹਨ। ਸਨਿੰਮਰ ਜੋਦੜੀ ਹੈ ਕਿ ਇਨ੍ਹਾਂ ਨੂੰ ਪੜ੍ਹ ਕੇ,**ਗੁਰੂ ਬਾਣੀ ਦੇ ਪਰਮਾਣਾ ਦੇ ਅਧਾਰ ਤੇ ਗੁਰਮਤਿ ਦੇ ਅਨਕੂਲ**, ਸੋਧਾਂ ਕਰਨ ਲਈ ਜੋ ਵੀ ਫ਼ੁਰਮਾਨ ਕਰੋਗੇ ਦਾਸ ਪਾਲਣਾ ਕਰਨ ਵਿਚ ਜ਼ਰਾ ਢਿੱਲ ਨਹੀਂ ਕਰੇਗਾ। ਪਾਠਕਾਂ ਦੀ ਕਚਿਹਰੀ ਵਿਚ ਪੁੱਜਣ ਤੋਂ ਪਹਿਲਾਂ ਅਜੇਹਾ ਕੋਈ ਬਚਨ ਇਨ੍ਹਾਂ ਲੇਖਾਂ ਵਿਚ ਨਹੀਂ ਰਹਿਣਾ ਚਾਹੀਦਾ ਜਿਸ ਤੋਂ ਪੰਥ ਵਿਚ ਗੁਰਮਤਿ ਵਿਰੋਧੀ ਕੋਈ ਨਵੀਂ ਦਬਿਧਾ ਖੜੀ ਹੋ ਜਾਵੇ। ਇਹ ਦਾਸ ਦੀ ਦਿਲੀ ਇਛਿਆ ਹੈ। ਪਰ ਕਿਸੇ ਵੀ ਡਰੋਂ ਝੂਠ ਨੂੰ ਸੱਚ ਮੰਨਣ ਲਈ ਰਾਜ਼ੀ ਹੋ ਜਾਣਾ ਪੰਥਕ ਪਰੰਪ੍ਰਾਵਾਂ ਦਾ ਘਾਤ ਹੈ। ਜੇ ਅਸੀਂ ਆਪਣੇ ਗੁਰੂਪਰਮੇਸ਼ਰ ਜੀ ਦੇ ਬਚਨਾ ਅਨੁਸਾਰ ਨਹੀਂ ਤੁਰਦੇ ਤਾਂ----

੫੧ **ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥ ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥ ੭ ॥**[੮੩੬]

੫੨- **ਅੰਚਲਾ ਗਹਿਇਓ ਜਨ ਅਪੁਨੇ ਕਉ ਮਨੁ ਬੀਧੋ ਪ੍ਰੇਮ ਕੀ ਖੋਰੀ ॥ ਜਸੁ ਗਾਵਤ ਭਗਤਿ ਰਸੁ ਉਪਜਿਓ ਮਾਇਆ ਕੀ ਜਾਲੀ ਤੋਰੀ ॥**

ਭੁੱਲਾਂ ਦੀ ਖਿਮਾ। ਨਿਆਰੇ ਸਤਿਗੁਰਾਂ ਦੀ ਨਿਆਰੀ ਮਤਿ ਲੈਂਦੇ ਰਹਿਣ ਦਾ ਚਾਹਵਾਨ। ਗੁਰਮਤਿ ਅਨੁਸਾਰ ਆਪਣਾ ਜੀਵਨ ਢਾਲ ਰਹੇ **ਗੁਰਮੁੱਖਾਂ ਰਾ ਪਾ ਖ਼ਾਕ**--ਗੁਰਬਖ਼ਸ਼ ਸਿੰਘ (ਕਾਲਾ ਅਫ਼ਗਾਨਾ)

<<<<

੪੮- **ਗੁਰ ਪਰਸਾਦੀ ਮੁਖੁ ਊਜਲਾ, ਜਪਿ ਨਾਮੁ ਦਾਨੁ ਇਸਨਾਨੁ ॥**
**ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥ ੨ ॥** [੪੬]-੧੧-੮੧

**ਅਰਥ:**--(ਗੁਰੂ ਦੇ ਸ਼ਬਦ ਵਿਚ ਜੁੜ ਕੇ ਜੇਹੜਾ ਮਨੁੱਖ) ਪਰਮਾਤਮਾ ਦਾ ਨਾਮ-ਖ਼ਜ਼ਾਨਾ ਲੱਭ ਲੈਂਦਾ ਹੈ, ਉਸ ਦੇ ਮਨ ਦੀਆਂ ਸਾਰੀਆਂ ਖ਼ਾਹਸ਼ਾਂ ਪੂਰੀਆਂ ਹੋ ਜਾਂਦੀਆਂ ਹਨ (ਭਾਵ, ਉਸ ਦਾ ਮਨ ਦੁਨੀਆਵੀ ਵਾਸਨਾਂ ਪਿੱਛੇ ਦੌੜਨਾ ਹਟ ਜਾਂਦਾ ਹੈ) । ਹਰੇਕ ਦੇ ਦਿਲ ਦੀ ਜਾਣਣ ਵਾਲਾ ਪਰਮਾਤਮਾ ਉਸ ਮਨੁੱਖ ਦੇ ਸਦਾ ਅੰਗ-ਸੰਗ ਵੱਸਦਾ ਹੈ, ਸਿਰਜਣਹਾਰ ਪ੍ਰਭੂ ਉਸ ਨੂੰ ਆਪਣਾ ਮਿੱਤਰ ਜਾਪਦਾ ਹੈ । ਗੁਰੂ ਦੀ ਕਿਰਪਾ ਨਾਲ ਪਰਮਾਤਮਾ ਦਾ ਨਾਮ ਜਪ ਕੇ (ਦੂਜਿਆਂ ਦੀ) ਸੇਵਾ (ਕਰ ਕੇ) ਪਵਿੱਤ੍ਰ ਆਚਰਨ (ਬਣਾ ਲੈਣ ਨਾਲ) ਉਸ ਦਾ ਮੂੰਹ ਉਜਲਾ ਹੋ ਜਾਂਦਾ ਹੈ (ਚਿਹਰਾ ਖ਼ੁਸ਼ੀ ਅਤੇ ਪ੍ਰਸੰਨਤਾ ਨਾਲ ਚਮਕ ਪੈਂਦਾ ਹੈ) । ਉਸ ਮਨੁੱਖ ਦੇ ਅੰਦਰੋਂ ਕਾਮ ਕ੍ਰੋਧ ਲੋਭ ਦਾ ਨਾਸ ਹੋ ਜਾਂਦਾ ਹੈ, ਉਹ ਮਨੁੱਖ ਹੰਕਾਰ ਉੱਕਾ ਹੀ ਛੱਡ ਦਿੰਦਾ ਹੈ । ੨ ।

੪੯- **ਜਿਨੀ ਸਚੁ ਵਣੰਜਿਆ ਹਰਿ ਜੀਉ ਸੇ ਪੂਰੇ ਸਾਹਾ ਰਾਮ ॥ ਬਹੁਤੁ ਖਜਾਨਾ ਤਿੰਨ੍ ਪਹਿ ਹਰਿ ਜੀਉ ਹਰਿ ਕੀਰਤਨੁ ਲਾਹਾ ਰਾਮ ॥ ਕਾਮੁ ਕ੍ਰੋਧੁ ਨ ਲੋਭੁ ਬਿਆਪੈ ਜੋ ਜਨ ਪ੍ਰਭ ਸਿਉ ਰਾਤਿਆ ॥ ਏਕੁ ਜਾਨਹਿ ਏਕੁ ਮਾਨਹਿ ਰਾਮ ਕੈ ਰੰਗਿ ਮਾਤਿਆ ॥ ਲਗਿ ਸੰਤ ਚਰਣੀ ਪੜੇ ਸਰਣੀ ਮਨਿ ਤਿਨਾ ਓਮਾਹਾ ॥ ਬਿਨਵੰਤਿ ਨਾਨਕੁ ਜਿਨ ਨਾਮੁ ਪਲੈ ਸੇਈ ਸਚੇ ਸਾਹਾ ॥ ੩ ॥**[੫੪੩]-ਛੰਤ-੩

੫੦- **ਕਰਿ ਕਿਰਪਾ ਅਪਨੇ ਪ੍ਰਭਿ ਕੀਨੇ ਨਾਮ ਅਪੁਨੇ ਕੀ ਕੀਨੀ ਦਾਤਿ ॥**
**ਆਠ ਪਹਰ ਗੁਨ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ ॥ ੧ ॥** [੮੨੦]-੪-੮੪

੫੧- **ਸੁਖ ਦਾਤਾ ਦੁਖ ਭੰਜਨਹਾਰਾ ਗਾਉ ਕੀਰਤਨੁ ਪੂਰਨ ਗਿਆਨੁ ॥**
**ਕਾਮੁ ਕ੍ਰੋਧੁ ਲੋਭੁ ਖੰਡ ਖੰਡ ਕੀਨ੍ਹੇ ਬਿਨਸਿਓ ਮੂੜ ਅਭਿਮਾਨੁ ॥ ੧ ॥** [੮੭੯]-੮

੫੨- **ਭੂਲੇ ਮਾਰਗੁ ਜਿਨਹਿ ਬਤਾਇਆ ॥ ਐਸਾ ਗੁਰੁ ਵਡਭਾਗੀ ਪਾਇਆ ॥ ੧ ॥ ਸਿਮਰਿ ਮਨਾ ਰਾਮਨਾਮੁ ਚਿਤਾਰੇ ॥ ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ ॥੧॥ਰਹਾਉ॥ ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ॥ ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥ ੨ ॥ ਦੁਖ ਸੁਖ ਕਰਤ ਜਨਮਿ ਫੁਨਿ ਮੂਆ ॥ ਚਰਨ ਕਮਲ ਗੁਰਿ ਆਸ੍ਰਮੁ ਦੀਆ ॥ ੩ ॥ ਅਗਨਿ ਸਾਗਰ ਬੂਡਤ ਸੰਸਾਰਾ ॥ ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥ ੪ ॥**[੮੦੩/੪]-੩-੮

## ਪਛਤਾਵਾ ਅਤੇ ਅਰਦਾਸ

੫੩- **ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ ॥ ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ ॥ ੧ ॥ ਇਨ ਤੇ ਕਾਢਿ ਲੇਹੁ ਮੇਰੇ ਸੁਆਮੀ ਹਾਰਿ ਪਰੇ ਤੁਮ੍ ਸਾਰਨ ॥ ਨਾਨਕ ਕੀ ਬੇਨੰਤੀ ਪ੍ਰਭ ਪਹਿ ਸਾਧ ਸੰਗਿ ਰੰਕ ਤਾਰਨ ॥ ੨ ॥** [੮੨੦]-੩-੮੩

੫੪- **ਕਾਮ ਕ੍ਰੋਧ ਹਰਨ ਮਦ ਮੋਹ ਦਹਨ ਮੁਰਾਰਿ ਮਨ ਮਕਰੰਦ ॥ ਜਨਮ ਮਰਣ ਨਿਵਾਰਿ ਧਰਣੀਧਰ ਪਤਿ ਰਾਖੁ ਪਰਮਾਨੰਦ ॥ ੨ ॥ ਜਲਤ ਅਨਿਕ ਤਰੰਗ ਮਾਇਆ ਗੁਰ ਗਿਆਨ ਹਰਿ ਰਿਦ ਮੰਤ ॥ ਛੇਦਿ ਅਹੰਬੁਧਿ ਕਰੁਣਮੈ ਚਿੰਤ ਮੇਟਿ ਪੁਰਖ ਅਨੰਤ ॥ ੩ ॥ ਸਿਮਰਿ ਸਮਰਥ ਪਲ ਮਹੂਰਤ ਪ੍ਰਭ ਧਿਆਨੁ ਸਹਜ ਸਮਾਧਿ ॥ ਦੀਨ ਦਇਆਲ ਪ੍ਰਸੰਨ ਪੂਰਨ ਜਾਚੀਐ ਰਜ ਸਾਧ ॥ ੪ ॥ ਮੋਹ ਮਿਥਨ ਦੁਰੰਤ ਆਸਾ ਬਾਸਨਾ ਬਿਕਾਰ ॥ ਰਖੁ ਧਰਮ ਭਰਮ ਬਿਦਾਰਿ ਮਨ ਤੇ ਉਧਰੁ ਹਰਿ ਨਿਰੰਕਾਰ ॥ ੫ ॥ ਧਨਾਢਿ ਆਢਿ ਭੰਡਾਰ ਹਰਿ ਨਿਧਿ ਹੋਤ ਜਿਨਾ ਨ ਚੀਰ ॥ ਖਲ ਮੁਗਧ ਮੂੜ ਕਟਾਖ੍ ਸ੍ਰੀਧਰ ਭਏ ਗੁਣ ਮਤਿ ਧੀਰ ॥ ੬ ॥ ਜੀਵਨ ਮੁਕਤ ਜਗਦੀਸ ਜਪਿ ਮਨ ਧਾਰਿ ਰਿਦ ਪਰਤੀਤਿ ॥ ਜੀਅ ਦਇਆ ਮਇਆ ਸਰਬਤ੍ਰ ਰਮਣੰ ਪਰਮ ਹੰਸਹ ਰੀਤਿ ॥ ੭ ॥ ਦੇਤ ਦਰਸਨੁ ਸ੍ਰਵਨ ਹਰਿ ਜਸੁ ਰਸਨ ਨਾਮ ਉਚਾਰ ॥ ਅੰਗ ਸੰਗ ਭਗਵਾਨ ਪਰਸਨ ਪ੍ਰਭ ਨਾਨਕ ਪਤਿਤ ਉਧਾਰ ॥ ੮ ॥**[੫੦੮]-੧-੨-੫....

੫੫- **ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥ ਕਸਿ ਕਸਵਟੀ ਸਹੈ ਸੁ ਤਾਉ ॥ ਨਦਰਿ ਸਰਾਫ ਵੰਨੀ ਸਚੜਾਉ ॥ ਜਗਤੁ ਪਸੂ ਅਹੰ ਕਾਲੁ ਕਸਾਈ ॥ ਕਰਿ ਕਰਤੈ ਕਰਣੀ ਕਰਿ ਪਾਈ ॥**

**ਜਿਨਿ ਕੀਤੀ ਤਿਨਿ ਕੀਮਤਿ ਪਾਈ ॥ ਹੋਰ ਕਿਆ ਕਹੀਐ ਕਿਛੁ ਕਹਣੁ ਨਾ ਜਾਈ ॥ ੧੮ ॥**[੯੩੨]ਓਅੰਕਾਰ

**ਅਰਥ:**--ਜਿਵੇ ਸੋਹਾਗਾ (ਕੁਠਾਲੀ ਵਿਚ ਪਾਏ) ਸੋਨੇ ਨੂੰ ਨਰਮ ਕਰ ਦਿੰਦਾ ਹੈ, ਤਿਵੇਂ ਕਾਮ ਕ੍ਰੋਧ (ਮਨੁੱਖ ਦੇ) ਸਰੀਰ ਨੂੰ ਨਿਰਬਲ ਕਰ ਦਿੰਦਾ ਹੈ । ਪਰ ਜਦ ਉਹ (ਢਲਿਆ ਹੋਇਆ) ਸੋਨਾ (ਕੁਠਾਲੀ ਵਿਚ) ਸੇਕ ਸਹਿੰਦਾ ਹੈ, ਅਤੇ ਕਸਵੱਟੀ ਦੀ ਕੱਸ ਸਹਾਰਦਾ ਹੈ (ਭਾਵ, ਕਸਵੱਟੀ ਤੇ ਘਸਾ ਕੇ ਰਖਿਆ ਜਾਂਦਾ ਹੈ), ਤੇ, ਸੋਹਣੇ ਰੰਗ ਵਾਲਾ ਉਹ ਸੋਨਾ ਸਰਾਫ਼ ਦੀ ਨਜ਼ਰ ਵਿਚ ਕਬੂਲ ਪੈਂਦਾ ਹੈ (ਭਾਵ, ਸੁਨਾਰ ਉਸ ਢਲੇ ਹੋਏ ਸੋਨੇ ਨੂੰ ਬੜੇ ਸੁੰਦਰ ਗਹਿਣੇ ਦੀ ਸ਼ਕਲ ਦੇ ਦਿੰਦਾ ਹੈ)। ( ਤਿਵੇਂ, ਜੇ ਕਾਮ ਕ੍ਰੋਧ ਨਾਲ ਨਿਰਬਲ ਹੋਇਆ ਜੀਵ ਵੀ ਪ੍ਰਭੂ ਦੀ ਮਿਹਰ ਨਾਲ ਜਦੋਂ ਗੁਰੂ ਦੇ ਦੱਸੇ ਰਾਹ ਦੀ ਘਾਲ-ਕਮਾਈ ਕਰਦਾ ਹੈ, ਤੇ ਗੁਰੂ ਦੀ ਸਿਖਿਆ ਤੇ ਪੂਰਾ ਉੱਤਰਦਾ ਹੈ ਤਾਂ ਉਹ ਸੋਹਣੇ ਆਤਮਾ ਵਾਲਾ ਉੱਤਮ ਪ੍ਰਾਣੀ ਅਕਾਲਪੁਰਖ ਦੀ ਨਜ਼ਰ ਵਿਚ ਕਬੂਲ ਹੁੰਦਾ ਹੈ) ।]

ਜਗਤ (ਸੁਆਰਥ ਵਿਚ) ਪਸ਼ੂ ਬਣਿਆ ਪਿਆ ਹੈ, ਹਉਮੈ-ਮੌਤ ਇਸ ਦੇ ਆਤਮਕ ਜੀਵਨ ਦਾ ਸੱਤਿਆਨਾਸ ਕਰਦੀ ਹੈ । ਕਰਤਾਰ ਨੇ ਸ੍ਰਿਸ਼ਟੀ ਰਚ ਕੇ ਇਹ ਮਰਯਾਦਾ ਬਣਾ ਦਿੱਤੀ ਹੈ ਕਿ ਜਿਹੋਜਿਹੀ ਕਰਤੂਤ ਕੋਈ ਜੀਵ ਕਰਦਾ ਹੈ ਉਹੋ ਜਿਹਾ ਉਸ ਨੂੰ ਫਲ ਮਿਲਦਾ ਹੈ । ਪਰ ਜਿਸ ਕਰਤਾਰ ਨੇ ਇਹ ਮਰਯਾਦਾ ਬਣਾਈ ਹੈ ਇਸ ਦੀ ਕਦਰ ਉਹ ਆਪ ਹੀ ਜਾਣਦਾ ਹੈ । ਇਸ ਮਰਯਾਦਾ ਵਿਚ ਕੋਈ ਉਕਾਈ ਨਹੀਂ ਦੱਸੀ ਜਾ ਸਕਦੀ ( ਅਤੇ, ਇਸ ਮਰਯਾਦਾ ਤੋਂ ਬਾਹਰ ਕੋਈ ਨਹੀਂ ਜਾ ਸਕਦਾ) । ੧੮ ।

੫੬- **ਸਰਬ ਨਿਰੰਜਨ ਪੁਰਖੁ ਸੁਜਾਨਾ ॥ ਅਦਲੁ ਕਰੇ ਗੁਰ ਗਿਆਨ ਸਮਾਨਾ ॥**
**ਕਾਮੁ ਕ੍ਰੋਧੁ ਲੈ ਗਰਦਨਿ ਮਾਰੇ ਹਉਮੈ ਲੋਭੁ ਚੁਕਾਇਆ ॥ ੬ ॥**[੧੦੪੦]-੨-੧੯

## ੯

# ਕ੍ਰੋਧ

### ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥

**ਕ੍ਰੋਧ** ਅਜੇਹਾ ਭਿਆਨਕ ਰੋਗ ਹੈ ਕਿ ਜਦ ਇਹ ਕਿਸੇ ਤੇ ਸੁਆਰ ਹੋ ਜਾਂਦਾ ਹੈ ਤਾਂ, ਚੰਗੇ ਭਲੇ ਮਨੁੱਖ ਦੀ ਬੁੱਧੀ ਵਿਚੋਂ ਸ਼ੁੱਭ ਵਿਚਾਰ ਕਰ ਸਕਣ ਵਾਲੀ ਜਾਂ, ਕਿਸੇ ਦੂਜੇ ਦੀ ਸ਼ੁੱਭ ਸਿਖਿਆ ਸਮਝ ਸਕਣ ਦੀ ਸਮਰਥਾ ਦਾ ਨਾਸ ਕਰ ਦਿੰਦਾ ਹੈ । ਕ੍ਰੋਧੀ ਮਨੁੱਖ ਦਾ ਪਤਾ ਨਹੀਂ ਕਿਸ ਵੇਲੇ ਕਿਹੋ ਜਿਹਾ ਭਾਣਾ ਵਰਤਾ ਦੇਵੇ । ਕ੍ਰੋਧਵਾਨ ਹੋਇਆ ਮਨੁੱਖ ਆਪਣੇ ਪਰਾਏ ਦੀ ਪਛਾਣ ਭੁੱਲ ਜਾਂਦਾ ਹੈ ।

੫੭- **ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥**
**ਰਤਨੁ ਗਿਆਨੁ ਸਭ ਕੋ ਹਿਰ ਲੀਨਾ ਤਾ ਸਿਉ ਕਛੁ ਨ ਬਸਾਈ ॥ ੧ ॥** [੨੧੯]-੪

ਪੁਲੀਸ ਦੀ ਨੌਕਰੀ ਸਮੇ ਏਹੋ ਜਿਹੀਆਂ ਕਈ ਘਟਨਾਵਾਂ ਨਾਲ ਵਾਹ ਪਿਆ ਹੈ ਜਿੱਥੇ ਕ੍ਰੋਧ ਵੱਸ ਹੋਏ ਮਨੁੱਖ ਨੇ--ਆਪਣਾ ਭਰਾ, ਆਪਣਾ ਪਿਤਾ, ਪੁੱਤਰ, ਇਸਤ੍ਰੀ ਅਥਵਾ ਆਪਣਾ ਬੜਾ ਪਿਆਰਾ ਸੱਜਣ ਅਕਾਰਨ ਹੀ ਮਾਰ ਮੁਕਾਇਆ । ਫਿਰ ਅਗਨੀ ਠੰਡੀ ਹੋਣ ਤੇ ਉਹੀ ਮਨੁੱਖ ਪਛਤਾਵੇ ਦੀ ਅੱਗ ਵਿਚ ਸੜਦਾ ਕੰਧਾਂ ਨੂੰ ਟੱਕਰਾਂ ਮਾਰਦਾ ਵੇਖਿਆ । " ਮੈਂ ਮੇਰੀ " ਤੋਂ ਉਪਜੀ ਹਉਮੈ ਅਥਵਾ ਹੰਕਾਰ ਕ੍ਰੋਧ ਦਾ ਮੂਲ ਹੈ । **ਕ੍ਰੋਧ** ਬਾਰੇ ਪੰਚਮ ਪਾਤਸ਼ਾਹ ਜੀ ਦਾ ਫ਼ੁਰਮਾਨ ਅਤੇ ਦਿਆਲੂ ਸਤਿਗੁਰਾਂ ਦੀ ਪ੍ਰਭੂ ਅੱਗੇ ਅਰਦਾਸ :--

੫੮- **ਹੇ ਕਲਿ ਮੂਲ ਕ੍ਰੋਧੰ, ਕਦੰਚ ਕਰੁਣਾ ਨ ਉਪਜਰਤੇ ॥**
**ਬਿਖਯੰਤ ਜੀਵੰ ਵਸੵੰ ਕਰੋਤਿ ਨਿਰਤੵੰ ਕਰੋਤਿ ਜਥਾ ਮਰਕਟਹ ॥**
**ਅਨਿਕ ਸਾਸਨ ਤਾੜੰਤਿ ਜਮਦੂਤਹ ਤਵ ਸੰਗੇ ਅਧਮੰ ਨਰਹ ॥**
**ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖੵਾ ਕਰੋਤਿ ॥ ੪੭ ॥**[੧੩੫੮]

**ਅਰਥ:**--ਹੇ ਝਗੜੇ ਦੇ ਮੁੱਢ ਕ੍ਰੋਧ ! (ਤੇਰੇ ਅੰਦਰ) ਕਦੇ ਦਇਆ ਨਹੀਂ ਉਪਜਦੀ । ਤੂੰ ਵਿਕਾਰੀ ਜੀਵਾਂ ਨੂੰ ਆਪਣੇ ਵੱਸ ਵਿਚ ਕਰ ਲੈਂਦਾ ਹੈਂ । ਤੇਰੇ ਵੱਸ ਵਿਚ ਆਇਆ ਜੀਵ ਇਉਂ ਨੱਚਦਾ ਹੈ ਜਿਵੇਂ ਬਾਂਦਰ । ਤੇਰੀ ਸੰਗਤ ਵਿਚ ਨੀਚ (ਸੁਭਾਵ ਵਾਲੇ) ਬਣ ਜਾਂਦੇ ਹਨ । ਜਮਦੂਤ ਉਨ੍ਹਾਂ ਨੂੰ ਅਨੇਕਾਂ ਹੁਕਮ ਤੇ ਦੰਡ ਦਿੰਦੇ ਹਨ । ਹੇ ਨਾਨਕ ! ਦੀਨਾਂ ਦੇ ਦੁੱਖ ਦੂਰ ਕਰਨ ਵਾਲਾ ਦਿਆਲ ਪ੍ਰਭੂ ਹੀ (ਇਸ ਕ੍ਰੋਧ ਤੋਂ) ਸਭ ਜੀਵਾਂ ਦੀ ਰਖਿਆ ਕਰਦਾ ਹੈ (ਹੋਰ ਕੋਈ ਨਹੀਂ ਕਰ ਸਕਦਾ) । ੪੭ ।

ਰੱਬ ਤੋਂ ਟੁੱਟੇ ਅਜੇਹੇ ਕ੍ਰੋਧੀ ਮਨੁੱਖ ਤੋਂ ਸਤਿਗੁਰਾਂ ਨੇ ਸਦਾ ਦੂਰ ਰਹਿਣ ਦਾ ਫ਼ੁਰਮਾਨ ਕੀਤਾ ਹੈ:---

੫੯- **ਜਿਨਾ ਸਤਿਗੁਰੁ ਪੁਰਖੁ ਨ ਭੇਟਿਓ ਸੇ ਭਾਗਹੀਣ ਵਸਿ ਕਾਲ ॥ ਓਇ ਫਿਰਿ ਫਿਰਿ ਜੋਨਿ ਭਵਾਈਅਹਿ ਵਿਚਿ**
**ਵਿਸਟਾ ਕਰਿ ਵਿਕਰਾਲ ॥ ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥ ੩ ॥** [੪੦]-੨-੬੬

ਪਿੱਛੇ ਅਸੀਂ ਕਈ ਥਾਈ ਵਿਚਾਰ ਆਏ ਹਾਂ ਕਿ ਹਉਮੈ ਅਥਵਾ ਹੰਕਾਰ ਦਾ ਨਾਮ ਨਾਲ ਵੈਰ ਹੈ ਏਵੇ ਹੀ ਸਤਿਗੁਰਾਂ ਨੇ ਕ੍ਰੋਧ ਨੂੰ ਅਜੇਹੀ ਬਲਾ ਭਾਵ ,ਬੜੀ ਤਕੜੀ ਆਫ਼ਤ ਫ਼ੁਰਮਾਨ ਕੀਤਾ ਹੈ ਜੋ ਮਨੁੱਖ ਨੂੰ ਸਤਿਗਰੂ ਜੀ ਦੀ ਸਰਣੀ ਵੀ ਨਹੀਂ ਪੈਣ ਦਿੰਦੀ:--

੬੦- **ਇਹੁ ਹਰਿਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥**
**ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥**
**ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥ ੩ ॥** [੪੧]-੫-੬੯

ਕਰਮਕਾਂਡੀ ਧਰਮੀ ਮਨੁੱਖਾਂ ਅੰਦਰ ਅਗਿਆਨਤਾ ਅਤੇ ਕ੍ਰੋਧ ਦੀ ਪ੍ਰਧਾਨਗੀ:---

੬੧- **ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ ॥ ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ**
**ਭਇਆ ਗੁਮਾਨਾ ॥ ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ ॥ ੨ ॥** [੧੦੦੩]-੧੫

**ਅਰਥ:**--ਕੋਈ ਤਪਸ੍ਰੀ (ਤਪ) ਕਰਕੇ (ਨਿਰੇ) ਸਰੀਰ ਨੂੰ ਕਸ਼ਟ ਦੇ ਰਿਹਾ ਹੈ, ਮਨ (ਉਸ ਦਾ ਵੀ) ਦਸੀਂ ਪਾਸੀਂ ਦੌੜ ਰਿਹਾ ਹੈ, ਕਿਸੇ ਬ੍ਰਾਹਮਚਾਰੀ ਨੇ ਕਾਮ-ਵਾਸਨਾ ਰੋਕਣ ਦਾ ਅੱਭਿਆਸ ਕਰ ਲਿਆ, ਕੋਈ ਸੰਨਿਆਸੀ ਬਣ ਕੇ (ਹਰੇਕ ਤੀਰਥ ਉਤੇ ਭੌਂ ਰਿਹਾ ਹੈ, ਉਸ ਦੇ ਅੰਦਰਿ ਉਸ ਨੂੰ ਮੂਰਖ ਬਣਾ ਦੇਣ ਵਾਲਾ ਕ੍ਰੋਧ ਪੈਦਾ ਹੋ ਗਿਆ ਹੈ । ੨ ।

[ਨੋਟ:--ਇਸ ਗੁਰੂ ਫ਼ੁਰਮਾਨ ਦੇ ਅਰਥ ਪੁਸਤਕ ਦੇ ਤੀਜੇ ਭਾਗ ਦੇ ਛੇਵੇਂ ਕਾਂਡ ਦੇ ੪੧ ਨੰਬਰ ਤੇ ਲਿਖੇ ਜਾ ਚੁੱਕੇ ਸਨ । ਪਾਠਕਾਂ ਦੀ ਸਹੂਲਤ ਲਈ ਏਥੇ ਫਿਰ ਲਿਖੇ ਗਏ ਹਨ]

ਫ਼ਰੀਦ ਸਾਹਿਬ ਦਾ ਫ਼ੁਰਮਾਨ ਹੈ ਕਿ ਗੁੱਸਾ ਕਾਬੂ ਵਿਚ ਕਰ ਲੈਣ ਨਾਲ ਕਈ ਰੋਗਾਂ ਤੋਂ ਛੁਟਕਾਰਾ ਹੋ ਜਾਂਦਾ ਹੈ:--

੬੨- **ਫ਼ਰੀਦਾ ਬੁਰੇ ਦਾ ਭਲਾ ਕਰਿ, ਗੁਸਾ ਮਨਿ ਨ ਹਢਾਇ ॥ ਦੇਹੀ ਰੋਗੁ ਨ ਲਗਈ, ਪਲੈ ਸਭੁ ਕਿਛੁ ਪਾਇ ॥ ੭੮ ॥**[੧੩੮੨]

**ਅਰਥ**:-- ਹੇ ਫ਼ਰੀਦ ਬੁਰਿਆਈ ਕਰਨ ਵਾਲੇ ਨਾਲ ਵੀ ਭਲਾਈ ਕਰ । ਗੁੱਸਾ ਮਨ ਵਿਚ ਨਾ ਆਉਣ ਦੇਹ । (ਇਸ ਤਰ੍ਹਾਂ) ਸਰੀਰ ਨੂੰ ਕੋਈ ਰੋਗ ਨਹੀਂ ਲੱਗਦਾ ਅਤੇ ਹਰੇਕ ਪਦਾਰਥ (ਭਾਵ, ਚੰਗਾ ਗੁਣ) ਸਾਂਭਿਆਂ ਰਹਿੰਦਾ ਹੈ । ੭੮ । ਪਰ ਇਹ ਕ੍ਰੋਧ ਦੂਰ ਕਿਵੇ ਹੋਵੇ?:--

੬੩- **ਕ੍ਰੋਧੁ ਨਿਵਾਰਿ ਜਲੇ ਹਉ ਮਮਤਾ ਪ੍ਰੇਮੁ ਸਦਾ ਨਉਰੰਗੀ ॥**
**ਅਨ ਭਉ ਬਿਸਰਿ ਗੜੇ ਪ੍ਰਭੁ ਜਾਚਿਆ ਹਰਿ ਨਿਰਮਾਇਲੁ ਸੰਗੀ ॥ ੧ ॥**[੧੨੩੨]-੨

**ਅਰਥ**:--ਜਿਸ ਮਨੁੱਖ ਨੇ ਪ੍ਰਭੂ (ਦੇ ਦਰ ਤੋਂ ਨਾਮ ਦਾ ਦਾਨ) ਮੰਗਿਆ ਹੈ, ਪਵਿਤ੍ਰ ਸਰੂਪ ਪ੍ਰਭੂ ਉਸ ਦਾ ਸਦਾ ਲਈ ਸਾਥੀ ਬਣ ਗਿਆ ਹੈ, **ਉਸ ਦੇ ਕ੍ਰੋਧ** ਨੂੰ ਆਪਣੇ ਅੰਦਰੋਂ ਕੱਢ ਦਿੱਤਾ ਹੈ, ਉਸ ਦੀ ਹਉਮੈ ਤੇ ਅਪਣੱਤ ਸੜ ਜਾਂਦੀ ਹੈ, ਨਿੱਤ ਨਵਾਂ ਰਹਿਣ ਵਾਲਾ ਪ੍ਰੇਮ (ਉਸ ਦੇ ਹਿਰਦੇ ਵਿਚ ਜਾਗ ਪੈਂਦਾ ਹੈ । ੧ ।

੬੪- **ਦੁਇ ਪੁਰ ਜੋਰਿ ਰਸਾਈ ਭਾਠੀ ਪੀਉ ਮਹਾ ਰਸੁ ਭਾਰੀ ॥**
**ਕਾਮੁ ਕ੍ਰੋਧਿ ਦੁਇ ਕੀਏ ਜਲੇਤਾ ਛੂਟਿ ਗਈ ਸੰਸਾਰੀ ॥ ੨** ॥ [੯੬੯]-੨

੧੦

## ਲੋਭ

ਲੋਭ ਦਾ ਅਰਥ ਹੈ ਦੂਸੇ ਦਾ ਪਦਾਰਥ ਆਪ ਲੈ ਲੈਣ ਦਾ ਲਾਲਚ, ਆਪਣੇ ਹੱਕ ਨਾਲੋਂ ਵੱਧ ਮਾਠ ਲੈਣ ਦੀ ਇਛਿਆ । ਗੁਰਬਾਣੀ ਵਿਚ ' ਲੋਭ ' ਨੂੰ ਹਲਕੇ ਕੁੱਤੇ ਨਾਲ ਤੁੱਲਣਾ ਦੇ ਕੇ ਫ਼ੁਰਮਾਨ ਕੀਤਾ ਹੈ ਕਿ ਜਿਵੇ ਹਲਕਿਆ ਕੁੱਤਾ ਦੂਜਿਆਂ ਕੁੱਤਿਆਂ ਨੂੰ ਵੱਢ ਕੇ ਉਨ੍ਹਾਂ ਨੂੰ ਵੀ ਹਲਕੇ ਕਰ ਦਿੰਦਾ ਹੈ ਏਵੇ ਲੋਭੀ ਮਨੁੱਖ ਦੀ ਸੰਗਤਿ ਦੂਜਿਆਂ ਨੂੰ ਲੋਭੀ ਬਣਾਉਂਦੀ ਹੈ--**ਲੋਭ ਲਹਰਿ ਸਭੁ ਸੁਆਨੁ ਹਲਕੁ ਹੈ, ਹਲਕਿਓ ਸਭਹਿ ਬਿਗਾਰੇ ॥**[੯੮੩] ਅਥਵਾ--**ਅੰਤਰਿ ਲੋਭੁ ਫਿਰਹਿ ਹਲਕਾਏ ॥ ਨਿੰਦਾ ਕਰਹਿ ਸਿਰਿ ਭਾਰੁ ਉਠਾਏ ॥** [੩੭੨] ਲੋਭ ਦੀ ਲਹਰ ਮਨੁੱਖ ਦੀ ਮਤਿ ਮਲੀਨ ਕਰ ਦਿੰਦੀ ਹੈ ਜਿਸ ਤੋਂ ਲੋਭੀ ਮਨੁੱਖ ਦਾ ਮਨ ਸਦਾ ਥਿਰ ਪ੍ਰਭੂ ਨਾਲ ਪ੍ਰੀਤ ਨਹੀਂ ਪਾ ਸਕਦਾ--**ਲੋਭਿ ਲਹਰਿ ਸੁਧਿ ਮਤਿ ਗਈ ਸਚਿ ਨ ਲਗੈ ਪਿਆਰੁ ॥** [੧੨੫੦] ਝਰਨੇ ਵਾਂਗ ਲਗਾਤਾਰ ਵਗਦੀਆਂ ਲੋਭ ਦੀਆਂ ਲਹਿਰਾਂ ਏਡੀਆਂ ਪ੍ਰਬਲ ਹੁੰਦੀਆਂ ਹਨ ਕਿ ਮਨੁੱਖ ਦਾ ਜੀਵਨ ਉਸ ਵਿਚ ਗ਼ਰਕ ਹੋ ਕੇ ਤਬਾਹ ਹੋ ਜਾਂਦਾ ਹੈ--**ਲੋਭ ਲਹਰਿ ਅਤਿ ਨੀਝਰ ਬਾਜੈ ॥ ਕਾਇਆ ਡੂਬੈ ਕੇਸਵਾ ॥ ੧ ॥** [੧੧੯੬] ਏਵੇਂ ਹੀ--**ਮੋਹ ਲੋਭ ਡੂਬੌ ਸੰਸਾਰ ॥** [੧੧੯੨] ਮਾਇਆ ਦੇ ਮੋਹ ਵਿਚ ਫ਼ਸੇ ਮਨੁੱਖ ਦੀ ਹਾਲਤ ਸਤਿਗੁਰਾਂ ਨੇ ਇਉਂ ਲਿਖੀ ਹੈ:--

੬੫- **ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ ॥**
**ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ ॥ ੧ ॥**[੨੫੨]-ਬਾ-੧੧

**ਅਰਥ**:--ਜੋ ਮਨੁੱਖ ਮਾਇਆ ਦੇ ਮੋਹ ਦੇ ਬੰਧਨਾ ਵਿਚ ਫਸ ਜਾਂਦੇ ਹਨ , ਉਨ੍ਹਾਂ ਗਿਆਨ-ਹੀਨ ਮੂਰਖਾਂ ਉਤੇ ਲਾਲਚ ਝੂਠ ਵਿਕਾਰ ਮੋਹ ਆਦਿਕ ਜ਼ੋਰ ਪਾ ਲੈਂਦੇ ਹਨ, ਤੇ ਉਹ ਮੰਦੇ ਕੰਮਾ ਵਿਚ ਲੱਗੇ ਰਹਿੰਦੇ ਹਨ । ੧ ।

ਲੋਭ ਗ੍ਰਸੇ ਮਨੁੱਖ ਨੂੰ ਮਾਤਾ, ਪਿਤਾ, ਭਰਾ, ਮਿੱਤਰ ਏਥੋਂ ਤੱਕ ਕਿ ਗੁਰੂ-ਪਰਮੇਸ਼ਰ ਦੀ ਵੀ ਕੋਈ ਸ਼ਰਮ ਨਹੀਂ ਹੁੰਦੀ । ਪੰਚਮ ਸਤਿਗੁਰਾਂ ਦਾ ਫ਼ੁਰਮਾਨ:--

੬੬- **ਹੇ ਲੋਭਾ ਲੰਪਟ ਸੰਗ ਸਿਰਮੋਰਹ, ਅਨਿਕ ਲਹਰੀ ਕਲੋਲਤੇ ॥ ਧਾਵੰਤ ਜੀਆ ਬਹੁ ਪ੍ਰਕਾਰੰ, ਅਨਿਕ ਭਾਂਤਿ ਬਹੁ ਡੋਲਤੇ ॥**
**ਨ ਚ ਮਿਤ੍ੰ ਨ ਚ ਇਸਟੰ ਨ ਚ ਬਾਧਵ, ਨ ਚ ਮਾਤ ਪਿਤਾ ਤਵ ਲਜਯਾ ॥ ਅਕਰਣੰ ਕਰੋਤਿ ਅਖਾਦ੍ਹਿ ਖਾਦ੍ੰ, ਅਸਾਜ੍ੰ**
**ਸਾਜਿ ਸਮਜਯਾ ॥ ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਹਾਪ੍ਤਿ ਨਾਨਕ ਹਰਿ ਨਰਹਰਹ ॥ ੪੮ ॥** [੧੩੫੮]

**ਪਦ ਅਰਥ**:--ਲੰਪਟ=(ਵਿਸ਼ੇ ਵਿਕਾਰਾਂ ਵਿਚ) ਡੁੱਬਾ ਹੋਇਆ । ਸਿਰਮੋਰਹ=(ਸਿਰਦਾ ਤਾਜ) ਪ੍ਰਧਾਨ, ਮੁਖੀ ਬੰਦੇ। ਧਾਵੰਤ=ਦੌੜਦੇ ਹਨ । ਲਜਯਾ=ਸ਼ਰਮ । ਅਕਰਣੰ=ਨਾਹ ਕਰਨ ਜੋਗ । ਕਰੋਤ=ਕਰਦਾ ਹੈ । ਨ ਚ=ਨਾ ਤਾਂ (Not even) ਅਖਾਦਿਤ=ਨਾ ਖਾਣ-ਜੋਗ, ਨਾ ਮੁਮਕਿਨ । ਸਮਜਯਾ=ਸਮਾਜ, ਸਭਾ, ਮੰਡਲੀ (ਨਿਸੰਗ ਹੋ ਕੇ, ਖੁਲ੍ਹੇ ਤੌਰ ਤੇ । ਬ੍ਰਿਗਾਪਤ=ਬੇਨਤੀ । ਤ੍ਰਾਹ=ਬਚਾ ਲੈ । ਤਵ=ਤੇਰੇ (ਕਾਰਨ), ਤੇਰੇ ਅਸਰ ਹੇਠ ਰਹਿ ਕੇ । ਨ=ਨਾ, ਨਾਹ । ਚ =ਤਾਂ ।

**ਅਰਥ**:--ਹੇ ਲੋਭ ! (ਮੁਖੀ ਬੰਦੇ ਵੀ ਤੇਰੀ ਸੰਗਤ ਵਿਚ (ਰਹਿ ਕੇ ਵਿਕਾਰਾਂ ਵਿਚ) ਡੁੱਬ ਜਾਂਦੇ ਹਨ, ਤੇਰੀਆਂ ਲਹਿਰਾਂ ਵਿਚ (ਫਸ ਕੇ) ਅਨੇਕਾਂ ਕਲੋਲ ਕਰਦੇ ਹਨ । ਤੇਰੇ ਵੱਸ ਵਿਚ ਆਏ ਹੋਏ ਜੀਵ ਕਈ ਤਰ੍ਹਾਂ ਭਟਕਦੇ ਫਿਰਦੇ ਹਨ, ਅਨੇਕਾਂ ਤਰੀਕਿਆਂ ਨਾਲ ਡੋਲਦੇ ਹਨ । ਤੇਰੇ ਅਸਰ ਹੇਠ ਰਹਿਣ ਕਰਕੇ ਉਨ੍ਹਾਂ ਨੂੰ ਨਾ ਕਿਸੇ ਮਿਤ੍ਰ ਦੀ ਨਾ ਗੁਰੂ-ਪੀਰ ਦੀ, ਨਾ ਸਨਬੰਧੀਆਂ ਦੀ, ਅਤੇ ਨਾ ਹੀ ਮਾਂ ਪਿਉ ਦੀ ਕੋਈ ਸ਼ਰਮ ਰਹਿੰਦੀ ਹੈ । ਤੇਰੇ ਪ੍ਰਭਾਵ ਨਾਲ ਜੀਵ ਖੁਲ੍ਹੇ ਤੌਰ ਤੇ ਸਮਾਜ ਵਿਚ ਉਹ ਕੰਮ ਕਰਦਾ ਹੈ ਜੋ ਨਹੀਂ ਕਰਨੇ ਚਾਹੀਦੇ, ਉਹ ਚੀਜ਼ਾਂ ਖਾਂਦਾ ਹੈ ਜੋ ਨਹੀਂ ਖਾਣੀਆਂ ਚਾਹੀਦੀਆਂ, ਉਹ ਗੱਲਾਂ ਸ਼ੁਰੂ ਕਰ ਦਿੰਦਾ ਹੈ ਜੋ ਨਹੀਂ ਕਰਨੀਆਂ ਚਾਹੀਦੀਆਂ । ਹੇ ਨਾਨਕ ! (ਲੋਭ ਤੋਂ ਬਚਨ ਲਈ) ਇਉਂ ਅਰਦਾਸ ਕਰ, ਮੈ ਤੇਰੀ ਸਰਨ ਆਇਆ ਹਾਂ, ਮੈਨੂੰ ਇਸ ਤੋਂ ਬਚਾ ਲੈ, ਬਚਾ ਲੈ । ੪੮ ।

੬੭- **ਜੇ ਕੋ ਐਸਾ ਸੰਜਮੀ ਹੋਇ ॥ ਕ੍ਰਿਆ ਵਿਸੇਖ ਪੂਜਾ ਕਰੇਇ ॥**
**ਅੰਤਰਿ ਲੋਭੁ ਮਨੁ ਬਿਖਿਆ ਮਾਹਿ ॥ ਓਇ ਨਿਰੰਜਨੁ ਕੈਸੇ ਪਾਹਿ ॥ ੩ ॥** [੧੧੬੯]-੪

**ਅਰਥ**:--ਜੇ ਕੋਈ ਅਜੇਹਾ ਬੰਦਾ ਵੀ ਹੋਵੇ ਜੋ ਆਪਣੇ ਇੰਦ੍ਰਿਆਂ ਨੂੰ ਵੱਸ ਕਰਨ ਦੇ ਜਤਨ ਕਰਦਾ ਹੋਵੇ, ਕਿਸੇ ਉਚੇਚੀ ਕਿਸਮ ਦੀ ਕ੍ਰਿਆ ਕਰਦਾ ਹੋਵੇ, ਦੇਵ-ਪੂਜਾ ਵੀ ਕਰਦਾ ਹੈ , ਪਰ ਜੇ ਉਸ ਦੇ ਅੰਦਰ ਲੋਭ ਹੈ, ਜੇ ਉਸ ਦਾ ਮਨ ਮਾਇਆ ਦੇ ਮੋਹ ਵਿਚ ਫਸਿਆ ਹੋਇਆ ਹੈ, ਤਾਂ ਅਜੇਹੇ ਬੰਦੇ ਵੀ ਪਰਮਾਤਮਾ ਦੀ ਪ੍ਰਾਪਤੀ ਨਹੀਂ ਕਰ ਸਕਦੇ । ੩ ।

੬੮- **ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ ॥ ਮੈਲੇ ਕਰਮ ਕਰੇ ਦੁਖੁ ਪਾਏ ॥**
**ਕੂੜੋ ਕੂੜੁ ਕਰੇ ਵਾਪਾਰਾ ਕੂੜੁ ਬੋਲਿ ਦੁਖੁ ਪਾਇਦਾ ॥ ੧੨ ॥**[੧੦੬੨]-੧੮

**ਅਰਥ:**--ਜਿਸ ਮਨੁੱਖ ਦੇ ਅੰਦਰ ਮਾਇਆ (ਦਾ ਲਾਲਚ) ਟਿਕਿਆ ਰਹਿੰਦਾ ਹੈ (ਉਸ ਦਾ ਮਨ ਹਰ ਵੇਲੇ ਮੈਲਾ ਰਹਿੰਦਾ ਹੈ), ਮੈਲੇ ਮਨ ਦੇ ਕਾਰਨ ਉਹ ਮਨੁੱਖ ਲਾਲਚ ਦੀ ਹੋਰ ਵੀ ਵੱਧ ਮੈਲ ਵਿਚ (ਲਿਬੜਦਾ) ਰਹਿੰਦਾ ਹੈ । (ਲਾਲਚੀ ਮਨ ਨਾਲ) ਮੈਲੇ ਕਰਮ ਹੀ ਕਰਦਾ ਹੈ ਅਤੇ (ਆਤਮਕ) ਦੁੱਖ ਪਾਉਂਦਾ ਹੈ। ਸਦਾ ਨਾਸਵੰਤ ਪਦਾਰਥਾਂ ਦੇ ਕਮਾਉਂਣ ਲਈ ਝੂਠ ਬੋਲ ਬੋਲ ਕ ਦੁੱਖ ਪਾਉਂਦਾ ਹੈ ।

੬੯- **ਫਰੀਦਾ ਜਾ ਲਬੁ ਤ ਨੇਹੁ ਕਿਆ, ਲਬੁ ਤ ਕੂੜਾ ਨੇਹੁ ॥ ਕਿਚਰੁ ਝਤਿ ਲਘਾਈਐ, ਛਪਰਿ ਤੁਟੈ ਮੇਹੁ ॥ ੧੮ ॥**[੧੩੭੮]

**ਅਰਥ:**--ਹੇ ਫ਼ਰੀਦ ! ਜੇ (ਰੱਬ ਦੀ ਬੰਦਗੀ ਕਰਦਿਆਂ ਇਵਜ਼ਾਨੇ ਵਜੋਂ ਕੋਈ ਦੁਨੀਆਂ ਦਾ) ਲਾਲਚ ਹੈ, ਤਾਂ (ਰੱਬ ਨਾਲ) ਅਸਲ ਪਿਆਰ ਨਹੀਂ ਹੈ । (ਜਦ ਤੱਕ) ਲਾਲਚ ਹੈ, ਤਦ ਤਕ ਪਿਆਰ ਝੂਠਾ ਹੈ । ਟੁੱਟੇ ਹੋਏ ਛੱਪਰ ਉਤੇ ਮੀਂਹ ਪੈਂਦਿਆਂ ਕਦ ਤਾਂਈ ਸਮਾ ਨਿਕਲ ਸਕੇਗਾ ? (ਭਾਵ, ਜਦੋਂ ਦੁਨਿਆਵੀ ਗ਼ਰਜ਼ ਪੂਰੀ ਨਾ ਹੋਈ, ਪਿਆਰ ਟੁੱਟ ਜਾਏਗਾ)। ੧੮।

੭੦- **ਕਬੀਰ ਜਹਾ ਗਿਆਨੁ ਤਹ ਧਰਮੁ ਹੈ, ਜਹਾ ਝੂਠੁ ਤਹ ਪਾਪੁ ॥**
**ਜਹਾ ਲੋਭੁ ਤਹ ਕਾਲੁ ਹੈ, ਜਹਾ ਖਿਮਾ ਤਹ ਆਪਿ ॥ ੧੫੫ ॥**[੧੩੭੨]

[ਨੋਟ:--ਸਤਵੇਂ ਭਾਗ ਦੇ ਪੰਜਵੇਂ ਕਾਂਡ ਵਿੱਚ ਇਸ ਸਲੋਕ ਦੇ ਅਰਥ ਬੜੇ ਵਿਸਥਾਰ ਸਹਿਤ ਕੀਤੇ ਜਾ ਚੁੱਕੇ ਹਨ । **ਮਾਇਆ ਦਾ ਲੋਭ** ਮਨੁੱਖ ਲਈ ਆਤਮਕ ਮੌਤ ਲਿਆਉਣ ਦਾ ਕਾਰਨ ਬਣਦਾ ਹੈ]

੧੧

## ਲੋਭੀ

੭੧- **ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥ ਲੋਭੀ ਜੰਤੁ ਨ ਜਾਣਈ**
**ਭਖੁ ਅਭਖੁ ਸਭ ਖਾਇ ॥ ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥ ੨ ॥** [੫੦]-੨੧-੯੧

**ਅਰਥ**:--ਜਿਵੇਂ ਹਲਕਾਇਆ ਕੁੱਤਾ ਪਾਸੇ ਵੱਲ ਦੌੜਾ ਫਿਰਦਾ ਹੈ, ਤਿਵੇਂ ਲੋਭੀ ਜੀਵ ਨੂੰ ਵੀ ਕੁਝ ਨਹੀਂ ਸੁੱਝਦਾ, ਚੰਗੀ ਮੰਦੀ ਚੀਜ਼ ਖਾ ਲੈਂਦਾ ਹੈ । ਕਾਮ ਦੇ, ਅਥਵਾ ਕ੍ਰੋਧ ਦੇ ਨਸ਼ੇ ਵਿਚ ਫਸਿਆ ਹੋਇਆ ਮਨੁੱਖ ਮੁੜ ਮੁੜ ਜੂਨਾਂ ਵਿਚ ਪੈਂਦਾ ਰਹਿੰਦਾ ਹੈ । ੨ ।

੭੨- **ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ॥ ਰਾਜੁ ਮਾਲੁ ਝੂਠੀ ਸਭ ਮਾਇਆ ॥**
**ਲੋਭੀ ਨਰ ਰਹੇ ਲਪਟਾਇ ॥ ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ ॥ ੧੨ ॥**[੧੧੫੫]-੧-੨

੭੩- **... ਨਰ ਨਿੰਦਕ ਲੋਭੀ ਮਨਿ ਕਠੋਰ ॥ ਗੁਰ ਸੇਵ ਨ ਭਾਈ ਸਿ ਚੋਰ ਚੋਰ ॥ ੨ ॥**[੧੧੭੦]-੭

੭੪- **ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥ ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ ॥ ਰਹਾਉ ॥** [੬੮੦]-੫-੩੬

ਲੋਭੀ ਮਨੁੱਖ ਪਰਲੇ ਦਰਜੇ ਦਾ ਬੇਇਤਬਾਰਾ ਹੁੰਦਾ ਹੈ । ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ ਜਿੱਥੋ ਤੱਕ ਵੱਸ ਚੱਲੇ ਲੋਭੀ ਮਨੁੱਖ ਦਾ ਕਦੇ ਵਿਸਾਹ ਨ ਕਰੋ:--

੭੫- **ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ ॥ ਅੰਤਿਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ ॥**
**ਮਨਮੁਖ ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲ ਗਾਇ ॥ ਮੁਹ ਕਾਲੇ ਤਿਨ੍ ਲੋਭੀਆ ਜਾਸਨਿ ਜਨਮੁ**
**ਗਵਾਇ ॥ ਸਤਸੰਗਤਿ ਹਰਿ ਮੇਲਿ ਪ੍ਰਭ ਹਰਿਨਾਮੁ ਵਸੈ ਮਨਿ ਆਇ ॥ ਜਨਮ ਮਰਨ ਕੀ ਮਲੁ**
**ਉਤਰੈ ਜਨ ਨਾਨਕ ਹਰਿ ਗੁਨ ਗਾਇ ॥ ੪੦ ॥**[੧੪੧੭]

ਪ੍ਰਭੂ ਦੀ ਯਾਦ ਵਿਚ ਜੁੜਨ ਦੀ ਤਾਂਘ ਵੀ ਉਵੇ ਹੀ ਹੋਣੀ ਚਾਹੀਦੀ ਹੈ ਜਿਵੇ ਲੋਭੀ ਨੂੰ ਮਾਇਆ ਦਾ ਲੋਭ ਹੁੰਦਾ ਹੈ:--

੭੬- **ਲੋਭੀ ਅਨਦੁ ਕਰੈ ਪੇਖਿ ਧਨਾ ॥ ਜਨ ਚਰਨ ਕਮਲ ਸਿਉ ਲਾਗੋ ਮਨਾ ॥ ੩ ॥**[੧੯੮]-੯੩-੧੬੨

੭੭- **ਜਲੁ ਪੀਵਤ ਜਿਉ ਤਿਖਾ ਮਿਟੰਤ ॥ ਧਨ ਬਿਗਸੈ ਗ੍ਰਿਹਿ ਆਵਤ ਕੰਤ ॥**
**ਲੋਭੀ ਕਾ ਧਨੁ ਪ੍ਰਾਣ ਅਧਾਰੁ ॥ ਤਿਉ ਹਰਿ ਜਨ ਹਰਿ ਹਰਿ ਨਾਮ ਪਿਆਰੁ ॥ ੨ ॥**[੯੧੪]-੪

੭੮- **ਜੈਸੀ ਪਰ ਪੁਰਖਾ ਰਤ ਨਾਰੀ ॥ ਲੋਭੀ ਨਰੁ ਧਨ ਕਾ ਹਿਤਕਾਰੀ ॥**
**ਕਾਮੀ ਪੁਰਖ ਕਾਮਨੀ ਪਿਆਰੀ ॥ ਐਸੀ ਨਾਮੇ ਪ੍ਰੀਤਿ ਮੁਰਾਰੀ ॥ ੨ ॥**[੧੧੬੪]-੧-੭

[ਏਹੀ ਗੁਰੂ ਫ਼ੁਰਮਾਨ ਅਰਥਾਂ ਸਮੇਤ ਉੱਪਰ ੧੬ਵੇਂ ਨੰਬਰ ਤੇ ਆ ਚੁੱਕਾ ਹੈ]

ਮਨੁੱਖ ਨੂੰ ਗਿਆਨ ਦੀ ਬਖ਼ਸ਼ਸ਼ ਕਰਨ ਦਾ ਪਿਆਰਾ ਢੰਗ:--

੭੯- **ਬਿਰਥਾ ਕਹਉ ਕਉਨ ਸਿਉ ਮਨ ਕੀ ॥**
**ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥ ੧ ॥ ਰਹਾਉ ॥**[੪੧੧]-੧-੨੩੩

੮੦- **ਮਨ ਮੇਰਾ ਦਇਆਲ ਸੇਤੀ ਥਿਰੁ ਨ ਰਹੈ ॥**
**ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ ॥ ੧ ॥ ਰਹਾਉ ॥**[੩੫੯]-੧-੩੪

੮੧- **ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥**
**ਲੋਭੀ ਜੀਅੜਾ ਥਿਰ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥ ੨ ॥**[੮੭੬]-੧

**: ਲੋਭ :** ਇੱਕ ਵਡਾ ਗੁਣ ? :----

੮੨- **ਆਪਣੇ ਲੋਭ ਕਉ ਕੀਨੋ ਮੀਤੁ ॥ ਸਗਲ ਮਨੋਰਥ ਮੁਕਤਿ ਪਦੁ ਦੀਤੁ ॥ ੧ ॥**

**ਐਸਾ ਮੀਤੁ ਕਰਹੁ ਸਭੁ ਕੋਇ ॥ ਜਾ ਤੇ ਬਿਰਥਾ ਕੋਇ ਨ ਹੋਇ ॥ ੧ ॥ ਰਹਾਉ ॥**[੧੯੫]-੭੯-੧੪੮

**ਲੋਭਨ=**ਲੁਭਾਉਣ ਦੀ ਕਿਰਿਆ--

੮੩- **ਰਾਜਨ ਮਹਿ ਰਾਜਾ ਉਰਝਾਇਓ ਮਾਨਨ ਮਹਿ ਅਭਿਮਾਨੀ ॥**
**ਲੋਭਨ ਮਹਿ ਲੋਭੀ ਲੋਭਾਇਓ ਤਿਉ ਹਰਿ ਰੰਗਿ ਰਚੇ ਗਿਆਨੀ ॥ ੧ ॥** [੬੧੩]-੫-੧੬

**ਅਰਥ:**--ਜਿਵੇਂ ਰਾਜ ਦੇ ਕੰਮਾ ਵਿਚ ਰਾਜਾ ਮਗਨ ਰਹਿੰਦਾ ਹੈ, ਤਿਵੇਂ ਮਾਣ ਵਧਾਉਣ ਵਾਲੇ ਕੰਮਾ ਵਿਚ ਆਦਰ-ਮਾਣ ਦਾ ਭੁੱਖਾ ਮਨੁੱਖ ਪਰਚਿਆ ਰਹਿੰਦਾ ਹੈ, ਜਿਵੇਂ ਲਾਲਚੀ (=ਲੋਭੀ) ਮਨੁੱਖ ਲਾਲਚ ਵਧਾਉਣ ਵਾਲੇ ਆਹਰਾਂ ਵਿਚ ਫਸਿਆ ਰਹਿੰਦਾ ਹੈ, ਤਿਵੇਂ ਆਤਮਕ ਜੀਵਨ ਦੀ ਸੂਝ ਵਾਲਾ ਮਨੁੱਖ ਪ੍ਰਭੂ ਦੇ ਪ੍ਰੇਮ-ਰੰਗ ਵਿਚ ਮਸਤ ਰਹਿੰਦਾ ਹੈ । ੧ ।

**ਲੋਭ ਲਬੀ**= ਲੋਭ ਨਾਲ ਹੋਈ ਪ੍ਰਾਪਤੀ:--

੮੪- **ਅਵਰ ਸਭ ਮਿਥਿਆ ਲੋਭ ਲਬੀ ॥**
**ਗੁਰਿ ਪੂਰੈ ਦੀਓ ਹਰਿਨਾਮਾ ਜੀਅ ਕਉ ਏਹਾ ਵਸਤੁ ਫਬੀ ॥ ੧ ॥ ਰਹਾਉ ॥**[੪੯੭]-੧-੮

**ਅਰਥ:**--ਹੋਰ ਸਾਰੇ ਲੋਭ ਲਾਲਚ ਝੂਠੇ ਹਨ। (ਜੇ ਕਿਸੇ ਮਨੁੱਖ ਨੂੰ ਪੂਰੇ ਗੁਰੂ ਨੇ ਪਰਮਾਤਮਾ ਦਾ ਨਾਮ ਦੇ ਦਿੱਤਾ, ਤਾਂ ਇਹ ਨਾਮ ਹੀ (ਉਸ ਦੀ) ਜਿੰਦ ਵਾਸਤੇ ਸੁਖਾਵੀਂ ਚੀਜ਼ ਹੈ ।

੧੨

## ਲੋਭ ਮੋਹ

ਲੋਭ ਅਤੇ ਮੋਹ ਦਾ ਆਪਸ ਵਿਚ ਬੜਾ ਨੇੜੇ ਦਾ ਰਿਸ਼ਤਾ ਹੈ । ਸ਼ਾਇਦ ਏਹੀ ਕਾਰਨ ਹੈ ਕਿ ਗੁਰੂ ਬਾਣੀ ਵਿਚ ' ਲੋਭ ' ਦੇ ਨਾਲ ' ਮੋਹ ' ਦਾ ਜ਼ਿਕਰ ਵੀ ਬਹੁਤ ਵਾਰੀ ਆਇਆ ਹੈ:--

੮੫- **ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਣਾਸਨ ॥ ਸਬਦ ਸੂਰ ਬਲਵੰਤ ਕਾਮ ਅਰੁ ਕ੍ਰੋਧ ਬਿਨਾਸਨ ॥ ਲੋਭ ਮੋਹ ਵਸਿ ਕਰਣ ਸਰਣ ਜਾਚਿਕ ਪ੍ਰਤਿਪਾਲਣ ॥ ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ ॥ ਸਤਿਗੁਰੂ ਕਲ ਸਤਿਗੁਰ ਤਿਲਕੁ ਸਤਿ ਲਾਲਗੈ ਸੁ ਪੈ ਤਰੈ ॥ ਗੁਰ ਜਗਤ ਫਿਰਣਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ ॥**[੧੩੯੧ ]

ਅਰਥ:--(ਹੇ ਗੁਰੂ ਅੰਗਦ !) ਦ੍ਰਿਸ਼ਟੀ ਕਰਦਿਆਂ ਹੀ ਤੂੰ (ਅਗਿਆਨ-ਰੂਪ) ਹਨੇਰੇ ਨੂੰ ਦੂਰ ਕਰ ਦਿੰਦਾ ਹੈਂ, ਤੂੰ ਪਾਪ ਸਾੜਨ ਵਾਲਾ ਹੈਂ, ਅਤੇ ਪਾਪ ਨਾਸ ਕਰਨ ਵਾਲਾ ਹੈਂ। ਤੂੰ ਸ਼ਬਦ ਦਾ ਰੂਪ ਹੈਂ ਤੇ ਬਲਵਾਨ ਹੈਂ, ਕਾਮ ਅਤੇ ਕ੍ਰੋਧ ਨੂੰ ਤੂੰ ਨਾਮ ਕਰ ਦਿੰਦਾ ਹੈਂ । (ਹੇ ਗੁਰੂ ਅੰਗਦ !) ਤੂੰ ਲੋਭ ਤੇ ਮੋਹ ਨੂੰ ਕਾਬੂ ਕੀਤਾ ਹੋਇਆ ਹੈ, ਮੰਗਣ ਆਏ ਮੰਗਤਿਆਂ ਨੂੰ ਤੂੰ ਪਾਲਣਵਾਲਾ ਹੈਂ, ਤੂੰ ਆਤਮਕ ਪ੍ਰੇਮ ਨੂੰ ਇਕੱਠਾ ਕੀਤਾ ਹੋਇਆ ਹੈ, ਤੇਰੇ ਬਚਨ ਅੰਮ੍ਰਿਤ ਦੇ ਸੁੰਦਰ ਚਸ਼ਮੇ ਹਨ। ਹੇ ਕਲਸਹਾਰ ! ਸਤਿਗੁਰੂ (ਅੰਗਦ ਦੇਵ ਜੀ) ਸ਼੍ਰੋਮਣੀ ਗੁਰੂ ਹਨ । ਜੋ ਮਨੁੱਖ ਸ਼ਰਧ: ਧਾਰ ਕੇ ਉਨ੍ਹਾਂ ਦੀ ਚਰਨੀਂ ਲੱਗਦ ਹੈ ਉਹ ਤਰ ਜਾਂਦਾ ਹੈ। ਜਗਤ ਦਾ ਗੁਰੂ, ਬਾਬਾ ਫੇਰੂ (ਜੀ) ਦਾ ਸਪੁਤ੍ਰਿ (=ਰਿਣੁ ਸੀਹ) ਲਹਣਾ ਜੀ ਰਾਜ ਅਤੇ ਜੋਗ ਮਾਣਦੇ ਹਨ । ੫ ।

ਏਸੇ ਤਰ੍ਹਾਂ ਹੋਰ ਕਈ ਗੁਰੂ ਸ਼ਬਦ ਹਨ ।੫ ।

੮੬- **ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥**
**ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥ ੧ ॥**[੧੧੮੬]-੩

੮੭- **ਕੁਸਮ ਰੰਗ ਸੰਗ ਰਸਿ ਰਚਿਆ ਬਿਖਿਆ ਏਕ ਉਪਾਇਓ ॥**
**ਲੋਭ ਸੁਨੈ ਮਨਿ ਸੁਖੁ ਕਰਿ ਮਾਨੈ ਬੇਗਿ ਤਹਾ ਉਠਿ ਧਾਇਓ ॥ ੧ ॥**[੫੩੧]-੧੫

**ਅਰਥ:**--ਹੇ ਭਾਈ ! ਮਨੁੱਖ ਫੁੱਲਾਂ (ਵਰਗੇ ਛਿਨ-ਭੰਗਰ ਪਦਾਰਥਾਂ) ਦੇ ਰੰਗ ਤੇ ਸਾਥ ਦੇ ਸੁਆਦ ਵਿਚ ਮਸਤ ਰਹਿੰਦਾ ਹੈ, ਸਦਾ (ਮਾਇਆ- ਰੂਪ) ਜ਼ਹਿਰ ਇਕੱਠਾ ਕਰਨ) ਦਾ ਹੀ ਉਪਾਉ ਕਰਦਾ ਫਿਰਦਾ ਹੈ । ਜਦੋਂ ਇਹ ਲੋਭ (ਦੀ ਗੱਲ) ਸੁਣਦਾ ਹੈ ਤਾਂ ਮਨ ਵਿਚ ਖ਼ੁਸ਼ੀ ਮਨਾਉਂਦਾ ਹੈ (ਜਿਸ ਪਾਸਿਓਂ ਕੁਝ ਪ੍ਰਾਪਤ ਹੋਣ ਦੀ ਆਸ ਹੁੰਦੀ ਹੈ) ਉਧਰ ਛੇਤੀ ਉੱਠ ਦੌੜਦਾ ਹੈ । ੧ ।

੮੮- **ਲੋਭੁ ਮੋਹੁ** ਸਭੁ ਕੀਨੋ ਦੂਰਿ ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥ ੧ ॥ [੧੧੪੭]-੨੭-੪੦

੮੯- ਭਗਤਹ ਦਰਸੁ ਦੇਖਿ ਨੈਨ ਰੰਗਾ ॥ ਲੋਭ ਮੋਹ ਤੂਟੇ ਭ੍ਰਮ ਸੰਗਾ ॥ ੩ ॥ [੧੨੦੬]-੧੪

੯੦- **ਲੋਭਿ ਮੋਹਿ ਬਾਧੀ ਦੇਹ ॥ ਬਿਨੁ ਭਜਨ ਹੋਵਤ ਖੇਹੁ ॥ .... ੩ ॥** [੮੩੮]-੨

੯੧- **ਲੋਭਿ ਮੋਹਿ ਮਗਨ ਅਪਰਾਧੀ ॥ ਕਰਣਹਾਰ ਕੀ ਸੇਵ ਨ ਸਾਧੀ ॥ ੧ ॥**[੭੪੦-੪੧]-੧੩-੧੯

੧੩

## ਕਿਰਪਨ, ਕ੍ਰਿਪਨ, =ਸ਼ੂਮ, ਕੰਜੂਸ)

ਉਪ੍ਰੋਕਤ ਗੁਰੂ-ਸ਼ਬਦ ਵਿਚਾਰ ਤੋਂ ' ਲੋਭ ' ਬਾਰੇ ਅਸਾਂ ਗੁਰਮਤਿ ਸਮਝੀ ਹੈ । ਕੰਜੂਸ ਬਾਰੇ ਪਰਚੱਲਤ ਹੈ ਕਿ ਉਹ ਭੁੱਖਾ ਨੰਗਾ ਰਹਿਣ ਦੇ ਦੁੱਖ ਸਹਿ ਕੇ ਵੀ ਵੱਧ ਤੋਂ ਵੱਧ ਮਾਇਆ ਜੋੜ ਲੈਣ ਨੂੰ ਆਪਣਾ ਜੀਵਨ ਮਨੋਰਥ ਸਮਝਦਾ ਹੈ । ਕੰਜੂਸ ਮਨੁੱਖ ਮਾਇਆ ਇਕੱਠੀ ਕਰਨ ਵਿਚ ਸਾਰੀ ਉਮਰ ਬਿਤਾ ਦਿੰਦਾ ਹੈ ਪਰ ਉਸ ਮਾਇਆ ਤੋਂ ਨਾ ਆਪ ਕੋਈ ਸੁਖ ਲੈਂਦਾ ਹੈ ਅਤੇ ਨਾ ਹੀ ਉਸ ਮਾਇਆ ਨੂੰ ਕਿਸੇ ਦੂਜੇ ਦਾ ਹੱਥ ਲੱਗਦਾ ਵੀ ਨਹੀਂ ਝੱਲ ਸਕਦਾ । ਮਾਇਆ ਦਾ ਅਜੇਹਾ ਪੁਜਾਰੀ ਸੂਮ ਕਦੇ ਕਿਸੇ ਦੂਜੇ ਦੇ ਕੰਮ ਨਹੀਂ ਆਉਂਦਾ । ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਪ੍ਰਭੂ ਦੀ ਯਾਦ ਤੋਂ ਸੱਖਣੇ ਮਨੁੱਖ ਦੇ ਸਾਰੇ ਧਰਮ-ਕਰਮ ਉਵੇਂ ਵੀ ਵਿਆਰਥ ਜਾਂਦੇ ਹਨ ਜਿਵੇਂ ਸੂਮ ਦਾ ਧਨ ਉਸ ਦੇ ਕਿਸੇ ਕੰਮ ਨਹੀਂ ਆਉਂਦਾ---" **ਗੋਬਿੰਦ**

**ਭਜਨ ਬਿਨੁ ਬਿਰਥੇ ਸਭ ਕਾਮ ॥ ਜਿਉ ਕਿਰਪਨ ਕੇ ਨਿਰਾਰਥ ਦਾਮ ॥**(੨੬੯) ਕਬੀਰ ਸਾਹਿਬ ਨੇ ਮਾਇਆ ਰੂਪ ਸੁਹਾਗਨ ਕੰਜੂਸ ਲਈ ਧੀ ਬਰਾਬਰ ਲਿਖੀ ਹੈ--**ਸੋਹਾਗਨਿ ਕਿਰਪਨ ਕੀ ਪੂਤੀ ॥ [੮੭੨]** ਏਥੇ ਅਸਾਂ ਗੁਰਮਤਿ ਦਾ ਕੋਈ ਵਿਸ਼ੇਸ਼ ਸਿਧਾਂਤ ਨਹੀਂ ਲਿਖ ਰਹੇ । ਪਾਠਕਾਂ ਦੀ ਜਾਣਕਾਰੀ ਲਈ ਕਿਰਪਨ ਅਥਵਾ ਬਖੀਲ ਸ਼ਬਦ ਦੀ ਵਰਤੋਂ ਵਾਲੇ ਗੁਰਬਾਣੀ ਸ਼ਬਦ ਲਿਖੇ ਹਨ ।

੯੨- **ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ ॥**
**ਦਾਨੁ ਪੁੰਨੁ ਨਹੀਂ ਸੰਤਨ ਸੇਵਾ ਕਿਤ ਹੀ ਕਾਜ ਨ ਆਇਆ ॥ ੧ ॥**[੭੧੨]-੪

ਅਰਥ:--(ਜੀਵਨ-ਮਨੋਰਥ ਦੀ ਸੂਝ ਤੋਂ ਬਿਨਾ ਮਨੁੱਖ ਇਉਂ ਹੀ ਹੈ, ਜਿਵੇਂ) ਕੋਈ ਸ਼ੂਮ ਦੌੜ-ਭੱਜ ਕਰ ਕੇ ਮਿਹਨਤ ਕਰਕੇ ਮਾਇਆ ਜੋੜਦਾ ਹੈ, (ਪਰ ਉਸ ਮਾਇਆ ਨਾਲ) ਉਹ ਦਾਨ-ਪੁੰਨ ਨਹੀਂ ਕਰਦਾ, ਸੰਤ ਜਨਾ ਦੀ ਸੇਵਾ ਵੀ ਨਹੀਂ ਕਰਦਾ, ਉਹ ਧਨ ਉਸ ਦੇ ਕਿਸੇ ਵੀ ਕੰਮ ਨਹੀਂ ਆਉਂਦਾ । ੧ ।

੯੩- **.ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥ ਪੰਡਿਤ ਰੋਵਹਿ ਗਿਆਨੁ ਗਵਾਇ ॥**
**ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥ ਮੰਨੇ ਨਾਉ ਸੋਈ**
**ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥ ੧ ॥**[੯੫੩]-ਵਾਰ-੧੪

ਮਾਇਆ-ਮੋਹ ਦਾ ਮਾਰਿਆ ਨਿਕੰਮਾ ਕੰਜੂਸ:--

੯੪- **ਮੋਹ ਕਿਰਪਨ ਕਉ ਕੋਇ ਨ ਜਾਨਤ ਸਗਲ ਭਵਨ ਪ੍ਰਗਟਈ ॥**
**ਸੰਗਿ ਬੈਠਨੋ ਕਹੀ ਨ ਪਾਵਤ ਹੁਣਿ ਸਗਲ ਚਰਣ ਸੇਵਈ ॥ ੨ ॥**[੪੦੨]-੨-੧੨੪

੯੫- **ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ ॥**
**ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ ॥ ੨ ॥ [**੬੬੬]-੧-੯।

੯੬- **ਕਿਰਪਨ ਤਨ ਮਨ ਕਿਲਵਿਖ ਭਰੇ ॥**
**ਸਾਧ ਸੰਗਿ ਭਜਨੁ ਕਰਿ ਸੁਆਮੀ ਢਾਕਨ ਕਉ ਇਕੁ ਹਰੇ॥ ੧ ॥ ਰਹਾਉ ॥**[੭੧੪]-੭-੧੨

**ਅਰਥ:**-- ਹੇ ਸ਼ੂਮ ! (ਸੁਆਸਾਂ ਦੀ ਪੂੰਜੀ ਸਿਮਰਨ ਵਾਲੇ ਪਾਸੇ ਨਾ ਖਰਚਣ ਦੇ ਕਾਰਨ ਤੇਰਾ) ਮਨ ਤੇ ਸਰੀਰ ਪਾਪਾਂ ਨਾਲ ਭਰੇ ਪਏ ਹਨ । ਹੇ ਸ਼ੂਮ ! ਸਾਧ ਸੰਗਤਿ ਵਿਚ ਟਿਕ ਕੇ ਮਾਲਕ-ਪ੍ਰਭੂ ਦਾ ਭਜਨ ਕਰਿਆ ਕਰ । ਸਿਰਫ਼ ਉਹ ਪ੍ਰਭੂ ਹੀ ਇਨ੍ਹਾਂ ਪਾਪਾਂ ਤੇ ਪਰਦਾ ਪਾਉਣ ਦੇ ਸਮਰਥ ਹੈ । ੧ । ਰਹਾਉ ।

੯੭- **ਸਿੰਘ ਰੁਚੈ ਸਦ ਭੋਜਨੁ ਮਾਸ ॥ ਰਣੁ ਦੇਖਿ ਸੂਰੇ ਚਿਤ ਉਲਾਸ ॥**
**ਕਿਰਪਨ ਕਉ ਅਤਿ ਧਨ ਪਿਆਰੁ ॥ ਹਰਿ ਜਨ ਕਉ ਹਰਿ ਹਰਿ ਆਧਾਰੁ ॥ ੩ ॥**[੧੧੮੦]-੨

## ੧੪
## ਮੋਹ

**ਭਾਸ਼ਾ ਦੇ ਵਿਦਵਾਨਾ ਨੇ ਮੋਹ ਦੇ ਅਰਥ**--੧- ਬੇਹੋਸ਼ੀ । ੨- ਅਗਯਾਨ । ੩- ਸਨੇਹ, ਮੁਹੱਬਤ । ੪- ਭਰਮ, ਭੁਲੇਖਾ । ੫- ਦੁਖ ਕਲੇਸ਼ ਲਿਖਿਆ ਹੈ ।[ਮ:ਕੋ: ੯੯੬]

**ਸੰਸਕ੍ਰਿਤੀ ਸਲੋਕਾਂ ਵਿਚ ਕਾਮ, ਕ੍ਰੋਧ, ਲੋਭ ਅਤੇ ਹੰਕਾਰ, ੪੬ ਤੋਂ ੪੯ ਸਲੋਕ ਵਿਚ ਜ਼ਿਕਰ ਕੀਤਾ ਹੈ ਪਰ ਮੋਹ ਬਾਰੇ ਪੰਚਮ ਪਾਤਿਸ਼ਾਹ ਜੀ** ਦਾ ਮੋਹ ਬਾਰੇ ਫ਼ੁਰਮਾਨ:--

੯੮- **ਧ੍ਰਿਗੰਤ ਮਾਤ ਪਿਤਾ ਸਨੇਹੰ, ਧ੍ਰਿਗ ਸਨੇਹੰ ਭ੍ਰਾਤ ਬਾਂਧਵਹ ॥ ਧ੍ਰਿਗ ਸਨੇਹੰ ਬਨਿਤਾ ਬਿਲਾਸ**
**ਸੁਤਹ ॥ ਧ੍ਰਿਗ ਸਨੇਹੰ ਗ੍ਰਿਹਾਰਥਕਹ ॥ ਸਾਧ ਸੰਗ ਸਨੇਹ ਸਤ੍ਿੰ ॥ ਸੁਖਯੰ ਬਸੰਤਿ ਨਾਨਕਹ ॥ ੨ ॥** [੧੩੫੪]

**ਅਰਥ**:--ਮਾ ਪਿਉ ਦਾ ਮੋਹ ਤਿਆਗਣ-ਜੋਗ ਹੈ, ਭਰਾਵਾਂ ਸਨਬੰਧੀਆਂ ਦਾ ਮੋਹ ਵੀ ਮਾੜਾ ਹੈ । ਇਸਤ੍ਰੀ ਪੁਤ੍ਰ ਦੇ ਮੋਹ ਦਾ ਅਨੰਦ ਵੀ ਛੱਡਣ-ਜੋਗ ਹੈ, ਘਰ ਦੇ ਪਦਾਰਥਾਂ ਦੀ ਖਿੱਚ ਵੀ ਭੈੜੀ ਹੈ (ਕਿਉਂਕਿ ਇਹ ਸਾਰੇ ਨਾਸਵੰਤ ਹਨ, ਤੇ ਇਨ੍ਹਾਂ ਦਾ ਮੋਹ ਪਿਆਰ ਸਦਾ ਕਾਇਮ ਨਹੀਂ ਰਹਿ ਸਕਦਾ)। ਸਤਿਸੰਗਤ ਨਾਲ (ਕੀਤਾ ਹੋਇਆ) ਪਿਆਰ ਸਦਾ ਥਿਰ ਹੈ, ਤੇ ਹੇ ਨਾਨਕ ! (ਸਤਸੰਗ ਨਾਲ ਪਿਆਰ ਕਰਨ ਵਾਲੇ ਮਨੁੱਖ) ਆਤਮਕ ਆਨੰਦ ਨਾਲ ਜੀਵਨ ਬਿਤੀਤ ਕਰਦੇ ਹਨ । ੨ ।

**ਧਿਆਨ ਦੇਣ ਵਾਲੀ ਗੱਲ** ਇਹ ਹੈ ਕਿ **ਮੋਹ** ਆਪਣੇ ਆਪ ਵਿਚ ਮਾੜਾ ਨਹੀਂ ਹੈ । ਮੋਹ ਦੀ ਵਰਤੋਂ ਭੈੜ ਦਾ ਕਾਰਨ ਬਣਦੀ ਹੈ । ਸਤਿਗੁਰਾਂ ਨੇ ਨਾਸਵੰਤ ਪਦਾਰਥਾਂ ਨਾਲ (ਜੀਵ ਅਥਵਾ ਮਨੁੱਖ ਵੀ ਨਾਸਵੰਤ ਹੀ ਹਨ ਇਨ੍ਹਾਂ), ਨਾਲ ਮੋਹ ਪਾ ਲੈਣ ਨੂੰ ਛਲਾਵੇ ਵਿਚ ਫਸਨ ਤੁੱਲ ਫ਼ੁਰਮਾਨ ਕੀਤਾ ਹੈ, ਪਰ ਸਤਿਸੰਗਤ (ਭਾਵ, ਸਤਿਗੁਰੂ ਗ੍ਰੰਥ ਸਾਹਿਬ ਦੀ ਸੰਗਤਿ) ਨਾਲ ਮੋਹ ਪਾ ਲੈਣਾਂ, ਗੁਰਮੁਖ ਮਹਾਂਪੁਰਖਾਂ ਨਾਲ ਅਥਵਾ ਗੁਰੂ-ਬਾਣੀ ਨਾਲ ਮੋਹ ਪਾ ਲੈਣਾ ਉਤਮ ਪਦ ਪਾਉਣ ਦਾ ਸਬੱਬ ਬਣਦਾ ਹੈ:--**ਆਠ ਪਹਰ ਹਰਿ ਕੇ ਗੁਣ ਗਾਵੈ ਸਿਮਰੈ ਦੀਨ ਦੈਆਲਾ ॥ ਆਪਿ ਤਰੈ ਸੰਗਤਿ ਸਭ ਉਧਰੈ ਬਿਨਸੇ ਸਗਲ ਜੰਜਾਲਾ ॥** [੫੦੩]-- ਵਾਲੀ ਪਦਵੀ ਪਾਉਣੀ ਹੁੰਦੀ ਹੈ। ਅਗਲਾ ਤੀਜਾ ਸਲੋਕ ਵੀ ਮੋਹ ਦੀ ਦੁਰਵਰਤੋਂ ਤੋਂ ਹੀ ਰੋਕ ਰਿਹਾ ਹੈ:--

੯੯- **ਮਿਥੵੰਤ ਦੇਹੰ, ਖੀਣੰਤ ਬਲਨੰ ॥ ਬਰਧੰਤਿ ਜਰੂਆ, ਹਿਤੵੰਤ ਮਾਇਆ ॥ ਅਤੵੰਤ**
**ਆਸਾ, ਆਥਿਤੵ ਭਵਨੰ ॥ ਗਨੰਤ ਸ੍ਵਾਸਾ ਭੈਯਾਨ ਧਰਮੰ ॥ ਪਤੰਤਿ ਮੋਹ ਕੂਪ ਦੁਰਲਭੵ**
**ਦੇਹੰ, ਤਤ ਆਸ੍ਰਯੰ ਨਾਨਕ ॥ ਗੋਬਿੰਦ ਗੋਬਿੰਦ ਗੋਬਿੰਦ ਗੋਪਾਲ ਕ੍ਰਿਪਾ ॥ ੩ ॥**[੧੩੫੪]

**ਅਰਥ:**--(ਇਹ) ਸਰੀਰ ਤਾਂ ਨਾਸਵੰਤ ਹੈ, (ਇਸ ਦਾ) ਬਲ ਵੀ ਘਟਦਾ ਰਹਿੰਦਾ ਹੈ । (ਪਰ ਜਿਉਂ ਜਿਉਂ) ਬੁਢੇਪਾ ਵਧਦਾ ਹੈ, ਮਾਇਆ ਦਾ ਮੋਹ ਵੀ (ਵਧਦਾ ਜਾਂਦਾ ਹੈ ਅਤੇ ਪਦਾਰਥਾਂ ਦੀ) ਆਸਾ ਵੀ ਤੀਬਰ ਹੁੰਦੀ ਜਾਂਦੀ ਹੈ (ਉਂਵ ਜੀਵ ਇਥੇ) ਘਰ ਦੇ ਪਰਾਹੁਣੇ ਵਾਂਗ ਹੈ । ਡਰਾਉਣਾ ਧਰਮ ਰਾਜ (ਭਾਵ, ਮੌਤ ਦਾ ਸਮਾ ਇਸ ਦੀ ਉਮਰ ਦੇ) ਸਾਹ

ਗਿਣਦਾ ਰਹਿੰਦਾ ਹੈ। ਇਹ ਅਮੋਲਕ ਮਨੁੱਖਾ ਸਰੀਰ ਮੋਹ ਦੇ ਖੂਹ ਵਿਚ ਡਿੱਗਾ ਰਹਿੰਦਾ ਹੈ । ਹੇ ਨਾਨਕ ! ਇੱਕ ਅਕਾਲਪੁਰਖ ਦੀ ਮਿਹਰ ਹੀ (ਬਚਾ ਸਕਦੀ ਹੈ), ਉਸੇ ਦਾ ਆਸਰਾ (ਲੈਣਾ ਚਾਹੀਦਾ ਹੈ) । ੩ ।

੧੦੦- **ਅਨਿਕ ਲੀਲਾ ਰਾਜ ਰਸ ਰੂਪੰ ਛਤ੍ਰ ਚਮਰਤਖਤ ਆਸਨੰ ॥ ਰਚੰਤਿ ਮੂੜ ਅਗਿਆਨ ਅੰਧਹ ਨਾਨਕ ਸੁਪਨ ਮਨੋਰਥ ਮਾਇਆ ॥ ੧ ॥ ਸੁਪਨੈ ਹਭਿ ਰੰਗ ਮਾਣਿਆ ਮਿਠਾ ਲਗੜਾ ਮੋਹੁ ॥ ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ ॥ ੨ ॥**[੭੦੭]-ਵਾਰ-੮

**ਅਰਥ:**--ਅਨੇਕ ਚੋਜ ਤਮਾਸ਼ੇ, ਰਾਜ ਦੀਆਂ ਮੌਜਾਂ, ਸੁੰਦਰਤਾ, (ਸਿਰ ਤੇ) ਛਤਰ ਚਉਰ, ਤੇ ਬੈਠਣ ਨੂੰ ਸ਼ਾਹੀ ਤਖ਼ਤ--ਇਨ੍ਹਾਂ ਪਦਾਰਥਾਂ ਵਿਚ ਹੇ ਨਾਨਕ ! ਅੰਨ੍ਹੇ ਮੂਰਖ ਅਗਿਆਨੀ ਬੰਦੇ ਹੀ ਮਸਤ ਹੁੰਦੇ ਹਨ, ਮਾਇਆ ਦੇ ਇਹ ਕੌਤਕ ਤਾਂ ਸੁਪਨੇ ਦੀਆਂ ਚੀਜ਼ਾਂ ਸਮਾਨ ਹਨ । ੧ । ਹੇ ਨਾਨਕ ! ਜੇ ਪ੍ਰਭੂ ਦੇ ਨਾਮ ਤੋਂ ਵਾਂਜੇ ਰਹੇ ਤਾਂ ਸੋਹਣੀ ਮਾਇਆ ਧੋਖਾ ਹੀ ਹੈ (ਇਹ ਇਉਂ ਹੈ ਜਿਵੇਂ) ਸੁਪਨੇ ਵਿਚ ਸਾਰੀਆਂ ਮੌਜਾਂ ਮਾਣੀਆਂ, ਉਨ੍ਹਾਂ ਦੇ ਮੋਹ ਨੇ ਖਿੱਚ ਪਾ ਲਈ (ਪਰ ਜਦੋਂ ਜਾਗ ਆਈ ਤਾਂ ਪੱਲੇ ਕੁਝ ਵੀ ਨਹੀ ਸੀ) । ੨ ।

੧੦੧- **ਇਸੁ ਜਗ ਮਹਿ ਮੋਹੁ ਹੈ ਪਾਸਾਰਾ ॥ ਮਨਮੁਖੁ ਅਗਿਆਨੀ ਅੰਧੁ ਅੰਧਾਰਾ ॥ ਧੰਧੈ ਧਾਵਤੁ ਜਨਮੁ ਗਵਾਇਆ ਬਿਨੁ ਨਾਵੈ ਦੁਖੁ ਪਾਇਆ ॥ ੬ ॥**[੧੦੬੭]-੧-੨੩

**ਅਰਥ:**--ਹੇ ਭਾਈ ! ਇਸ ਜਗਤ ਵਿਚ (ਹਰ ਪਾਸੇ) ਮੋਹ ਪਸਾਰਿਆ ਹੋਇਆ ਹੈ । ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ (ਇਸ ਮੋਹ ਦੇ ਕਾਰਨ) ਆਤਮਕ ਜੀਵਨ ਵਲੋਂ ਬੇ-ਸਮਝ ਰਹਿੰਦਾ ਹੈ, (ਮੋਹ ਵਿਚ) ਬਿਲਕੁਲ ਅੰਨ੍ਹਾਂ ਹੋਇਆ ਰਹਿੰਦਾ ਹੈ, (ਮੋਹ ਦੇ) ਧੰਧੇ ਵਿਚ ਭਟਕਦਾ ਭਟਕਦਾ (ਮਨੁੱਖ) ਜਨਮ ਜ਼ਾਇਆ ਕਰ ਲੈਂਦਾ ਹੈ, ਪਰਮਾਤਮਾ ਦੇ ਨਾਮ ਤੋਂ ਬਿਨਾ ਦੁੱਖ ਪਾਉਂਦਾ ਹੈ । ੬ ।

ਬ੍ਰਾਹਮਣ ਦੀ ਦੇਣ ਵੇਦਾਂ ਨੇ ਅਤੇ ਵੇਦਾਂ ਦੇ ਅਧਾਰ ਤੇ ਲਿਖੀਆਂ ਸਿੰਮ੍ਰਿਤੀਆਂ ਨੇ ਲੋਕਾਂ ਨੂੰ ਸੁਰਗਾਂ ਦੇ ਫੋਕਟ ਭਰਮ-ਮੋਹ ਵਿਚ ਫਸਾ ਕੇ ਤੱਤ ਗਿਆਨ ਦੀ ਸਮਝ ਦੀ ਲੋੜ ਤੋਂ ਦੂਰ ਰਖਿਆ:--

੧੦੨- **ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥ ਸਾਂਕਲ ਜੇਵਰੀ ਲੈ ਹੈ ਆਈ ॥ ੧ ॥ ਆਪਨ ਨਗਰੁ, ਆਪ ਤੇ ਬਾਧਿਆ ॥ ਮੋਹ ਕੈ ਫਾਧਿ ਕਾਲ ਸਰੁ ਸਾਂਧਿਆ ॥ ੧ ॥ ਰਹਾਉ ॥**[੩੨੯]-੩੦

**ਪਦ ਅਰਥ:**--ਵੇਦ ਕੀ ਪੁਤ੍ਰੀ=ਵੇਦਾਂ ਦੀ ਧੀ, ਵੇਦਾਂ ਤੋਂ ਜੰਮੀ ਹੋਈ, ਵੇਦਾਂ ਦੇ ਅਧਾਰ ਤੇ ਬਣੀ ਹੋਈ । ਸਾਂਕਲ=(ਵਰਨ ਆਸ਼ਰਮ ਦੇ) ਸੰਗਲ। ਜੇਵਰੀ=(ਕਰਮ-ਕਾਂਡ ਦੀਆਂ ਰੱਸੀਆਂ । ੧ । ਆਪਨ ਨਗਰ=ਆਪਣਾ ਸ਼ਹਰ, ਆਪਣੇ ਸ਼ਰਧਾਲੂਆਂ ਦੀ ਵਸਤੀ, ਆਪਣੇ ਸਾਰੇ ਸ਼ਰਧਾਲੂ । ਆਪ ਤੇ=ਆਪ ਹੀ । ਮੋਹ ਕੈ=ਮੋਹ ਦੀ ਫਾਹੀ ਵਿਚ । ਫਾਧਿ=ਫਸਾ ਕੇ । ਕਾਲ ਸਰੁ=ਮੌਤ ਦਾ ਤੀਰ, ਜਨਮ ਮਰਨ ਦਾ ਤੀਰ । ਸਾਂਧਿਆ=ਖਿੱਚਿਆ ਹੋਇਆ ਹੈ । ੧ । ਰਹਾਉ ।

**ਅਰਥ:**-- ਹੇ ਵੀਰ ! ਇਹ ਸਿੰਮ੍ਰਿਤੀ ਜੋ ਵੇਦਾਂ ਦੇ ਆਧਾਰ ਤੇ ਬਣੀ ਹੈ (ਇਹ ਤਾਂ ਆਪਣੇ ਸਰਧਾਲੂਆਂ ਵਾਸਤੇ ਵਰਨ ਆਸ਼ਰਮ ਦੇ ਮਾਨੋਂ) ਸੰਗਲ ਤੇ (ਕਰਮ-ਕਾਂਡ ਦੀਆਂ ਰੱਸੀਆਂ ਲੈ ਕੇ ਆਈ ਹੈ **। ੧ ।** (ਇਸ ਸਿੰਮ੍ਰਿਤੀ ਨੇ) ਆਪਣੇ ਸਾਰੇ ਸ਼ਰਧਾਲੂ ਆਪ ਹੀ ਜਕੜੇ ਹੋਏ ਹਨ, **(ਇਨ੍ਹਾਂ ਨੂੰ ਸੁਰਗ ਆਦਿਕ ਦੇ) ਮੋਹ ਦੀ ਫਾਹੀ** ਵਿਚ ਫਸਾ ਕੇ (ਇਨ੍ਹਾਂ ਦੇ ਸਿਰ ਤੇ) ਮੌਤ (ਦੇ ਸਹਿਮ) ਦਾ ਤੀਰ (ਇਸ ਨੇ) ਖਿੱਚਿਆ ਹੋਇਆ ਹੈ । ੧ । ਰਹਾਉ ।

## ੧੫

# ਮੋਹ-ਰੂਪ ਚਿੱਕੜ ?

੧੦੩- **ਤਿਤੁ ਸਰਵਰੜੈ ਭਈਲੇ ਨਿਵਾਸਾ, ਪਾਣੀ ਪਾਵਕੁ ਤਿਨਹਿ ਕੀਆ ॥ ਪੰਕਜੁ ਮੋਹ ਪਗੁ ਨਹੀ ਚਾਲੈ, ਹਮ ਦੇਖਾ ਤਹ ਡੂਬੀਅਲੇ ॥ ੧ ॥** [੧੨]-੩

**ਅਰਥ:**--(ਹੇ ਭਾਈ ! ਸਾਡੀ ਜੀਵਾਂ ਦੀ) ਉਸ ਭਿਆਨਕ (ਸੰਸਾਰ-) ਸਰੋਵਰ ਵਿਚ ਵੱਸੋਂ ਹੈ )ਜਿਸ ਵਿਚ) ਉਸ ਪ੍ਰਭੂ ਨੇ ਆਪ ਹੀ ਪਾਣੀ (ਦੇ ਥਾਂ ਤ੍ਰਿਸ਼ਨਾ ਦੀ) ਅੱਗ ਪੈਦਾ ਕੀਤੀ ਹੋਈ ਹੈ (ਅਤੇ ਉਸ ਭਿਆਨਕ ਸਰੀਰ ਵਿਚ) ਜੋ ਮੋਹ ਦਾ ਚਿੱਕੜ ਹੈ (ਉਸ ਵਿਚ ਜੀਵਾਂ ਦਾ) ਪੈਰ ਚੱਲ ਨਹੀਂ ਸਕਦਾ (ਜੀਵ ਮੋਹ ਦੇ ਚਿੱਕੜ ਵਿਚ ਫਸੇ ਪਏ ਹਨੇ) । ਉਸ (ਤ੍ਰਸ਼ਨਾ-ਅੱਗ ਦੇ ਅਸਗਾਹ ਸਮੁੰਦਰ) ਵਿਚ ਡੁੱਬਦੇ ਜਾ ਰਹੇ ਹਨ । ੧ ।

ਪੰਕਜ ਦਾ ਅਰਥ ਸਤਿਗੁਰਾਂ ਨੇ " **ਚੀਕੜ** " ਇਉਂ ਸਮਝਾਇਆ ਹੈ:--

੧੦੪- **ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ ॥ ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ ਹਰਿ ਬਾਂਹ ਪ੍ਰਭੂ ਪਕਰਾਇ ਜੀਉ ॥.. ॥ ੪ ॥**[੪੪੬]-੫-੧੨

**ਅਰਥ:**--ਹੇ ਹਰੀ ! ਹੇ ਪ੍ਰਭੂ ! ਮਿਹਰ ਕਰ, ਸਾਨੂੰ ਪੱਥਰ-ਦਿਲਾਂ ਨੂੰ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਲੈ, ਗੁਰੂ ਦੇ ਸ਼ਬਦ ਵਿਚ ਜੋੜ ਕੇ ਆਪਣੇ ਪ੍ਰੇਮ ਵਿਚ ਜੋੜ ਲੈ ਸਾਨੂੰ (ਮੋਹ ਦੇ ਚਿੱਕੜ ਵਿਚੋਂ) ਕੱਢ ਲੈ । ਹੇ ਹਰੀ ! (ਅਸੀਂ ਮਾਇਆ ਦੇ ਮੋਹ ਦੇ ਚਿੱਕੜ ਵਿਚ ਫਸੇ ਹੋਏ ਹਾਂ, ਆਤਮਕ ਜੀਵਨ ਵਲੋਂ ਅਸੀਂ ਡਿੱਗਦੇ ਜਾ ਰਹੇ ਹਾਂ, ਹੇ ਪ੍ਰਭੂ ! ਸਾਨੂੰ ਆਪਣੀ ਬਾਂਹ ਫੜਾ (ਆਪਣਾ ਆਸਰਾ ਬਖ਼ਸ਼) ।

੧੦੫- **ਪੰਕਜ ਮੋਹ ਨਿਘਰਤੁ ਹੈ ਪ੍ਰਾਨੀ ਗੁਰੁ ਨਿਘਰਤ ਕਾਢਿ ਕਢਾਵੈਗੋ ॥ ਤ੍ਰਾਹਿ ਤ੍ਰਾਹਿ ਸਰਨਿ ਜਨ ਆਏ ਗੁਰੁ ਹਾਥੀ ਦੇ ਨਿਕਲਾਵੈਗੋ ॥ ੪ ॥**[੧੩੧੦]-੫

**ਅਰਥ:**--ਮਨੁੱਖ (ਮਾਇਆ ਦੇ) ਮੋਹ ਦ ਖੋਭੇ ਵਿਚ ਖੁੱਭਦਾ ਜਾਂਦਾ ਹੈਮ ਗੁਰੂ (ਇਸ ਖੋਭੇ ਵਿਚ) ਖੁੱਭ ਰਹੇ ਨੂੰ (ਮਾਇਆ-ਮੋਹ ਦੇ ਖੋਭੇ ਵਿਚੋਂ) ਕੱਢ ਕੇ ਬੰਨੇ ਲਾ ਦਿੰਦਾ ਹੈ। ' ਬਚਾ ਲੈ ਬਚਾ ਲੈਂ--ਇਹ ਆਖਦੇ (ਜਿਹੜੇ) ਮਨੁੱਖ ( ਸਤਿਗੁਰੂ ਗ੍ਰੰਥ ਸਾਹਿਬ ਜੀ ਦੀ) ਸੇਨ ਆਉਂਦੇ ਹਨ (=ਗੁਰੂ ਬਾਣੀ ਦੀ ਵਿਚਾਰ ਨਾਲ ਜੁੜ ਕੇ ਸਤਿਗੁਰਾਂ ਦੇ ਹੁਕਮ ਨੂੰ ਸਮਝ ਕੇ ਉਸ ਅਨਸਾਰ ਆਪਣਾ ਜੀਵਨ ਬਨਾਉਣਾ ਹੀ ਸਤਿਗੁਰਾਂ ਦੀ ਸਰਨ ਵਿਚ ਆਉਣਾ ਮੰਨਿਆਂ ਗਿਆ ਹੈ) ਗੁਰੂ ਆਪਣਾ (ਗਿਆਨ-ਰੂਪ-) ਹੱਥ ਫੜਾ ਕੇ ਉਨ੍ਹਾਂ ਨੂੰ) ਮਾਇਆ ਦੇ ਮੋਹ ਦੇ ਗਾਰੇ ਵਿਚੋਂ) ਬਾਹਰ ਕੱਢ ਲੈਂਦਾ ਹੈ। ੪ ।

**੧੦੬-** **ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥ ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥**
**ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ ॥ ਜਿਤੁ ਦੋਹੀ ਸਜਣ ਮਿਲਨਿ ਲਹੁ ਮੁਧੇ ਵੀਚਾਰੁ ॥**
**ਤਨੁ ਮਨੁ ਦੀਜੈ ਸਜਣਾ ਐਸਾ ਹਸਣੁ ਸਾਰੁ ॥ ਤਿਸ ਸਉ ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ ॥**
**ਨਾਨਕ ਜਿਨ੍ਹੀ ਇਵ ਕਰਿ ਬੁਝਿਆ ਤਿਨ੍ਹਾ ਵਿਟਹੁ ਕੁਰਬਾਣੁ ॥ ੨ ॥**[੧੪੧੦

੧੬

# ਮੋਹ ਠਗਉਰੀ

੧੦੭- **ਕਾਇਆ ਸੋਧਹਿ ਸਬਦੁ ਵੀਚਾਰਹਿ ॥ ਮੋਹ ਠਗਉਰੀ ਭਰਮੁ ਨਿਵਾਰਹਿ ॥**
**ਆਪੇ ਕ੍ਰਿਪਾ ਕਰੇ ਸੁਖਦਾਤਾ ਆਪੇ ਮੇਲਿ ਮਿਲਾਇਆ ॥ ੧੪ ॥**[੧੦੬੮]-੨-੨੪

**ਅਰਥ**:--ਹੇ ਭਾਈ ! ਜਿਹੜੇ ਮਨੁੱਖ (ਆਪਣੇ) ਸਰੀਰ ਦੀ ਪੜਤਾਲ ਕਰਦੇ ਰਹਿੰਦੇ ਹਨ, ਗੁਰੂ ਦੇ ਸ਼ਬਦ ਨੂੰ ਹਿਰਦੇ ਵਿਚ ਵਸਾਈ ਰੱਖਦੇ ਹਨ, ਉਹ ਮਨੁੱਖ ਮੋਹ ਦੀ ਠੱਗ-ਬੂਟੀ ਨਹੀਂ ਖਾਂਦੇ, ਅਤੇ (ਆਪਣੇ ਅੰਦਰੋਂ) ਭਟਕਣਾ ਦੂਰ ਕਰ ਲੈਂਦੇ ਹਨ । ਪਰ, ਹੇ ਭਾਈ ! ਇਹ ਕਿਰਪਾ ਸੁਖਾਂ ਦੇ ਦੇਣ ਵਾਲਾ ਪਰਮਾਤਮਾ ਆਪ ਹੀ ਕਰਦਾ ਹੈ । ਉਹ ਆਪ ਹੀ (ਉਨ੍ਹਾਂ ਨੂੰ ਗੁਰੂ ਨਾਲ) ਮਿਲਾ ਕੇ (ਆਪਣੇ ਚਰਨਾਂ ਵਿਚ) ਜੋੜਦਾ ਹੈ । ੧੪ ।

੧੦੮- **ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥ ਧਨਿ ਜੋਬਨਿ ਜਗੁ ਠਗਿਆ**
**ਲਬਿ ਲੋਭਿ ਅਹੰਕਾਰਿ ॥ ਮੋਹ ਠਗਉਰੀ ਹਉ ਮੁਈ ਸਾ ਵਰਤੈ ਸੰਸਾਰਿ ॥ ੧ ॥**[੬੧]-੧੩

੧੦੯- **ਪੂਰਬਿ ਲਿਖਿਆ ਕਮਾਵਣਾ ਜਿ ਕਰਤੈ ਆਪਿ ਲਿਖਿਆਸੁ ॥ ਮੋਹ ਠਗਉਲੀ ਪਾਈਅਨੁ ਵਿਸਰਿਆ**
**ਗੁਣਤਾਸੁ ॥ ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ ॥ ਜਿਨੀ ਗੁਰਮੁਖਿ ਨਾਮੁ ਨ ਚੇਤਿਓ ਸੇ**
**ਬਹਣਿ ਨ ਮਿਲਨੀ ਪਾਸਿ ॥ ਦੁਖੁ ਲਾਗਾ ਬਹੁ ਅਤਿ ਘਣਾ ਪੁਤੁ ਕਲਤੁ ਨ ਸਾਥਿ ਕੋਈ ਜਾਸਿ ॥ ਲੋਕਾ**
**ਵਿਚਿ ਮੁਹੁ ਕਾਲਾ ਹੋਆ ਅੰਦਰਿ ਉਭੇ ਸਾਸ ॥ ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ ਵੇਸਾਸੁ ॥**
**ਨਾਨਕ ਗੁਰਮੁਖਾ ਨੋ ਸੁਖੁ ਅਗਲਾ ਜਿਨਾ ਅੰਤਰਿ ਨਾਮ ਨਿਵਾਸੁ ॥ ੧ ॥**[੬੪੩]-ਵਾ-੩

੧੧੦- **ਵਿਣੁ ਸਤਿਗੁਰ ਸੇਵੇ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥ ਮੋਹ ਠਗਉਲੀ ਪਾਇਅਨੁ ਬਹੁ**
**ਦੂਜੈ ਭਾਇ ਵਿਕਾਰ ॥ ਇਕਿ ਗੁਰ ਪਰਸਾਦੀ ਉਬਰੇ ਤਿਸੁ ਜਨ ਕਉ ਕਰਹਿ ਸਭਿ ਨਮਸਕਾਰ ॥**
**ਨਾਨਕ ਅਨਦਿਨੁ ਨਾਮੁ ਧਿਆਇ ਤੂ ਅੰਤਰਿ ਜਿਤੁ ਪਾਵਹਿ ਮੋਖ ਦੁਆਰ ॥ ੧ ॥**[੧੨੪੮]-ਵਾਰ-੨੮

ਭਾਵੇਂ ਪਦਾਰਥ ਹੋਣ ਤੇ ਭਾਵੇਂ ਜੀਵ ਜੰਤ ਹੋਣ, ਮਨੁੱਖ ਦੇ ਅੰਦਰ ਮੋਹ ਸਦਾ ਦਿਸਦੇ ਸੰਸਾਰ ਨਾਲ ਹੀ ਉਪਜਦਾ ਹੈ । ਦਿਸਦੇ ਸੰਸਾਰ ਬਾਰੇ ਸਤਿਗੁਰਾਂ ਦੇ ਬਚਨ ਅਸਾਂ ਬੜੀ ਵਾਰੀ ਵਿਚਾਰ ਚੁੱਕੇ ਹਾਂ । ਗੁਰਮਤਿ ਨੇ ਹਰ ਦਿਸਦੀ ਚੀਜ਼ ਨੂੰ ਅਥਵਾ ਗਿਆਨ ਇੰਦ੍ਰਿਆਂ ਨਾਲ ਸਪੱਰਸ਼ ਕਰਨ ਵਾਲੀ ਹਰ ਵਸਤੂ ਨੂੰ ਨਾਸਵੰਤ ਫ਼ੁਰਮਾਨ ਕਰਕੇ ਇਸ ਨਾਲ ਮੋਹ ਪਾਉਣ ਤੋਂ ਵਰਜਿਆ ਹੈ--**ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ, ਕਾ ਸਿਉ ਨੇਹੁ ਲਗਾਹੀ ॥ ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ ॥ ੧ ॥**[੧੨੩੧] ਨਾਸਵੰਤ ਪਦਾਰਥਾਂ ਦੇ ਮੋਹ ਵਿਚ ਪ੍ਰਵਿਰਤ ਹੋਣਾ " ਠਗ-ਬੂਟੀ " ਖਾਣ ਵਾਲੀ ਗੱਲ ਹੈ । ਪਰ ਸਤਿਗੁਰਾਂ ਦੇ ਏਨੇ ਬਚਨ ਹੀ ਪੜ੍ਹ ਕੇ ਇਹ ਸਿੱਟਾ ਕੱਢ ਲੈਣਾ ਕਿ ਸਤਿਗੁਰਾਂ ਨੇ " ਮੋਹ " ਨੂੰ ਮਾੜਾ ਕਹਿ ਕੇ ਇਸ ਨੂੰ ਮਾਰ ਕੱਢਣ ਦਾ ਉਪਦੇਸ਼ ਕੀਤਾ ਹੈ --ਬੜੀ ਭੁੱਲ ਹੋਵੇਗੀ । ਏਥੇ ਵੀ ਮੋਹ ਦੀ ਅਯੋਗ ਵਰਤੋ ਦੀ ਹੀ ਗੱਲ ਹੈ । ਕਿਸੇ ਪਦਾਰਥ ਨਾਲ ਜਾਂ ਕਿਸੇ ਜੀਵ ਨਾਲ ਇਸ ਹੱਦ ਤੱਕ ਮੋਹ ਪਾ ਲੈਣਾ ਕਿ ਉਸ ਤੋਂ ਬਿਨਾ ਰਹਿ ਨਾ ਸਕਣਾ, ਉਸ ਨੂੰ ਹੀ ਸਭ ਕੁਝ ਸਮਝ ਲੈਣਾ ਅਤੇ ਪਰਮਾਤਮਾ ਦੀ ਯਾਦ ਭੁਲਾ ਬੈਹਿਣੀ, ਮੋਹ ਵੱਸ ਹੋ ਕੇ ਠੱਗੀਆਂ ਮਾਰਨ ਦੀ ਰੁਚੀ ਬਣਾ ਲੈਣੀ, ਆਤਮਕ ਜੀਵਨ ਵਿਚ ਗਿਰਾਵਟ ਲੈ ਆਉਣ ਵਾਲਾ ਅਜੇਹਾ ਮੋਹ, ਦੁਖਦਾਈ ਵਿਕਾਰ ਹੈ । ਚੰਗੇ ਪਦਾਰਥ ਦੇ ਖੁੱਸ ਜਾਣ ਤੇ ਜਾਂ ਪਿਆਰੇ ਮਿੱਤ੍ਰ-ਸਬੰਧੀ ਦੇ ਮਰ ਜਾਣ ਤੇ ਅਤੀਯੰਤ ਦੁਖੀ ਹੋ ਕੇ ਲੋਕਾਂ ਲਈ ਤਮਾਸ਼ਾ ਬਣ ਜਾਣਾ, ਮਨਮੁਖਤਾਈ ਹੈ ।

ਸੰਸਾਰ ਸਿਰਜਣਾ ਦੀ ਖੇਡ ਵਿਚ ਰੰਗਾ-ਰੰਗ ਦੀਆਂ ਰੌਣਕਾਂ ਵਧਾਉਣ ਲਈ ਕਰਤਾਰ ਨੇ " ਮੋਹ ਠਗਉਲੀ " ਵੀ ਆਪ ਹੀ ਪਾਈ ਹੈ। ਪਰ ਇਸ ਠੱਗ ਬੂਟੀ ਤੋਂ ਸਚੇਤ ਰਹਿਣ ਦੀ ਸੋਝੀ ਕਰਾਉਣ ਲਈ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਅਥਵਾ ਹੋਰ ਭਗਤ ਜਨ ਵੀ ਉਹ ਆਪ ਹੀ ਭੇਜਦਾ ਹੈ । ਜਿਹੜੇ ਪ੍ਰਾਣੀ ਸਤਿਗੁਰਾਂ ਦੀ ਮਤਿ ਅਨੁਸਾਰ ਚੱਲ ਕੇ ਜੀਵਨ-ਜੁਗਤ ਸੁਧਾਰ ਲੈਂਦੇ ਹਨ ਉਹ ਆਪ ਸੁਖੀ ਰਹਿੰਦੇ ਹਨ ਅਤੇ ਹੋਰਨਾ ਨੂੰ ਸੁਖੀ ਕਰਦੇ ਹਨ । ਪਰ ਕਿਉਂਕਿ--**ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥ ਅਸੰਖ ਚੋਰਹਰਾਮ ਖੋਰ ॥ ਅਸੰਖ ਅਮਰ ਕਰਿ ਜਾਹਿ ਜੋਰ ॥ ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥**ਜਪੁ-੧੮ ॥ ਭਾਵ, ਸੰਸਾਰ ਵਿਚ ਅਨੇਕਾਂ ਹੀ ਮਨਮੁਖ ਮਾਇਆ-ਮੋਹ ਵਿਚ ਫਸੇ ਕਈ ਤਰ੍ਹਾਂ ਦੇ ਅਪਰਾਧ ਕਰਦੇ ਅਤੇ ਹੋਰਨਾਂ ਨੂੰ ਦੁਖੀ ਹਨ ਇਸ ਕਾਰਨ, ਪੁਲਸ, ਕਚਹਿਰੀਆਂ, ਜੇਲ੍ਹਾਂ ਆਦਿ ਦੀ ਲੋੜ ਪੈ ਗਈ । ਇਹ ਵੀ ਉਸੇ ਕਰਤਾਰ ਦੀ ਸੰਸਾਰ ਖੇਡ ਦਾ ਹੀ ਇੱਕ ਬੜਾ ਉਘਾ ਪੱਖ ਹੈ । ਇੱਕਨਾ ਨੂੰ ਮਾਣ ਤਾਣ ਬਖ਼ਸ਼ਦਾ ਹੈ ਜਦ ਕਿ ਕਈ ਪਤਿ ਗੁਆ ਕੇ ਜੇਲ੍ਹਾਂ ਵਿਚ ਰੁਲਦੇ ਜੀਵਨ ਗੁਜ਼ਾਰ ਰਹੇ ਹਨ। ਸਭ ਉਸ ਦੇ ਆਪਣੇ ਹੀ ਰੰਗ ਹਨ। ਦੋਸ਼ੀ ਵੀ ਆਪ, ਪੁਲਸ ਵੀ ਆਪ, ਅਪਰਾਧੀ ਵੀ ਆਪ ਜੱਜ ਵੀ ਆਪ, ਕੈਦੀ ਵੀ ਆਪ ਜੇਲ੍ਹਰ ਵੀ ਆਪ। ਸਤਿਗੁਰ ਵੀ ਆਪ ਸਤਿਸੰਗਤਿ ਵੀ ਆਪ ਹੈ। ਆਉ ਆਪਣੇ ਪੂਰਨ ਸਤਿਗੁਰੂ ਜੀ ਅੱਗੇ ਜੋਦੜੀਆਂ ਕਰੀਏ ਕਿ ਉਹ ਸਨੂੰ ਸ਼ਬਦ ਵਿਚਾਰ ਨਾਲ ਜੋੜ ਕੇ ਅਜੇਹੀ ਮਤਿ ਬਖ਼ਸ਼ਸ਼ ਕਰੇ, ਕਿ, ਸਾਡੀ ਅੱਖ ਹਰ ਥਾਂ ਓਸੇ ਸਿਰਜਣਹਾਰ ਦਾਤਾਰ ਦੇ ਹੀ ਦਰਸ਼ਨ ਕਰਨ ਦੀ ਸਮਰਥਾ ਪ੍ਰਾਪਤ ਕਰ ਲਵੇ:-----

੧੧੧- **ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥ ਮੋਹ ਠਗਉਲੀ ਪਾਇ ਕੈ ਤੁਧੁ ਆਪਹੁ**
**ਜਗਤੁ ਖੁਆਇਆ ॥ ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥ ਸਹਸਾ ਇਹ**
**ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥ ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥**
**ਗੁਰਮਤੀ ਨਾਮ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥ ਕੁਲ ਉਧਾਰੇ ਆਪਣਾ, ਧੰਨ ਜਣੇਦੀ ਮਾਇਆ ॥**
**ਸੋਭਾ ਸੁਰਤਿ ਸੁਹਾਵਣੀ, ਜਿਨਿ ਹਰਿ ਸੇਤੀ ਚਿਤੁ ਲਾਇਆ ॥ ॥ ੨ ॥**[੧੩੮-੩੯]-ਵਾਰ

**ਅਰਥ**:--(ਹੇ ਪ੍ਰਭੂ !) ਤੂੰ ਆਪ ਹੀ ਜਗਤ ਪੈਦਾ ਕਰ ਕਰ ਤੂੰ ਆਪ ਹੀ (ਇਸ ਨੂੰ) ਜੰਜਾਲ ਵਿਚ ਪਾ ਦਿੱਤਾ ਹੈ । (ਮਾਇਆ ਦੇ) ਮੋਹ ਦੀ ਠੱਗ ਬੂਟੀ ਖੁਆ ਕੇ ਤੂੰ ਜਗਤ ਨੂੰ ਆਪਣੇ ਆਪ ਤੋਂ (ਭਾਵ, ਆਪਣੀ ਯਾਦ ਤੋਂ) ਖੁੰਝਾ ਦਿੱਤਾ ਹੈ । (ਜਗਤ ਦੇ) ਅੰਦਰ ਤ੍ਰਿਸ਼ਨਾ ਦੀ ਅੱਗ (ਬਲ ਰਹੀ) ਹੈ, (ਇਸ ਵਾਸਤੇ ਇਹ ਮਾਇਆ ਦੀ) ਤ੍ਰਿਹ ਤੇ ਭੁੱਖ ਦਾ ਮਾਰਿਆ ਹੋਇਆ ਰੱਜਦਾ ਨਹੀਂ ਹੈ । ਇਹ ਜਗਤ ਹੈ ਹੀ ਤੌਖ਼ਲਾ (-ਰੂਪ), (ਇਸ ਤੌਖ਼ਲੇ ਵਿਚ ਪਿਆ ਜੀਵ) ਜੰਮਦਾ ਮਰਦਾ ਤੇ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ । (ਮਾਇਆ ਦਾ ਇਹ) ਮੋਹ ਗੁਰੂ (ਦੀ ਸਰਨ) ਤੋਂ ਬਿਨਾ ਟੁੱਟਦਾ ਨਹੀਂ, (ਬਥੇਰੇ ਜੀਵ) ਹੋਰ ਹੋਰ (ਧਾਰਮਿਕ) ਕੰਮ ਕਰ ਕੇ ਹਾਰ ਚੁਕੇ ਹਨ । ਪ੍ਰਭੂ ਦਾ ਨਾਮ ਗੁਰੂ ਦੀ ਸਿਖਿਆ ਦੀ ਰਾਹੀਂ ਹੀ ਸਿਮਰਿਆ ਜਾ ਸਕਦਾ ਹੈ । (ਹੇ ਪ੍ਰਭੂ !) ਜਦੋਂ ਤੈਨੂੰ ਭਾਵੇ (ਤਾਂ ਜੀਵ ਤਰੇ ਨਮ ਦੇ) ਸੁਖ ਵਿਚ ਟਿਕ ਕੇ ਤ੍ਰਿਪਤ ਹੁੰਦਾ ਹੈ । ਧੰਨ ਹੈ (ਉਸ ਜੀਵ ਦੀ) ਜੰਮਣ ਵਾਲੀ ਮਾਂ, (ਨਾਮ ਦੀ ਬਰਕਤਿ ਨਾਲ ਉਹ) ਆਪਣਾ ਖ਼ਾਨਦਾਨ ਹੀ ਵਿਕਾਰਾਂ ਤੋਂ) ਬਚਾ ਲੈਂਦਾ ਹੈ । ਜਿਸ ਮਨੁੱਖ ਨੇ ਪ੍ਰਭੂ ਨਾਲ ਚਿੱਤ ਜੋੜਿਆ ਹੈ, (ਜਗਤ ਵਿਚ ਉਸ ਦੀ) ਸੋਭਾ ਹੁੰਦੀ ਹੈ ਤੇ ਉਸ ਦੀ ਸੋਹਣੀ ਸੂਝ ਹੋ ਜਾਂਦੀ ਹੈ । ੨ । ਮਾਇਆ ਦਾ ਮੋਹ ਵੀ ਸਿਰਜਣਹਾਰ ਨੇ ਹੀ ਲਾਇਆ ਹੈ । ਪਰ ਸਤਿਗੁਰੂ ਰਾਹੀਂ ਇਸ ਦਾ ਇਲਾਜ ਵੀ ਨਾਲ ਹੀ ਬਖ਼ਸ਼ਸ਼ ਕਰ ਦਿੱਤਾ ਹੈ ।

**ਮੋਹ ਦਾ ਦੂਜਾ ਪੱਖ** ਸਮਝਾਉਣ ਦੀ ਕਿਰਪਾ ਕਰਦੇ ਹੋਏ ਸਤਗੁਰੂ ਜੀ ਫ਼ੁਰਮਾਨ ਕਰਦੇ ਹਨ-- " **ਮੋਹੁ ਕੁਟੰਬੁ ਮੋਹੁ ਸਭ ਕਾਰ** ॥ ਪਰਵਾਰ ਦਾ ਮੋਹ ਸੰਸਾਰ ਦੀ ਸਾਰੀ ਕਾਰ ਚਲਾ ਰਿਹਾ ਹੈ । ਪਰਵਾਰ ਦੀ ਪਾਲਣਾ ਕੇਵਲ ਮੋਹ ਕਰਕੇ ਹੋ ਰਹੀ ਹੁੰਦੀ ਹੈ । ਪਸ਼ੂ ਪੰਛੀਆਂ ਵੱਲ ਵੇਖੋ । ਉਨ੍ਹਾਂ ਨੇ ਆਪਣੇ ਕਿਸੇ ਬੱਚੇ ਦੀ ਕਮਾਈ ਨਹੀਂ ਖਾਣੀ ਹੁੰਦੀ । ਪਰ ਜਿਵੇਂ ਉਹ ਆਪਣੇ ਬਚਿਆਂ ਦੀ ਪਾਲਣਾ ਕਰਦੇ ਹਨ ਉਸ ਤੋਂ ਹੈਰਾਨ ਰਹਿ ਜਾਈਦਾ ਹੈ । ਸ਼ੇਰ, ਬਘਿਆੜ ਆਦਿ ਜੰਗਲੀ ਦਰਿੰਦਿਆਂ ਤੋਂ ਆਪਣੇ ਬੱਚੇ ਨੂੰ ਬਚਾਉਂਦੀ ਹੋਈ ਹਰਨੀ-ਮਾਂ ਆਪਣੀ ਜਾਨ ਤੋਂ ਹਥ ਧੋ ਬੈਠਦੀ T.V ਤੇ ਕਈ ਵਾਰੀ ਵਿਖਾਈ ਗਈ ਹੈ। ਪਸ਼ੂ ਪੰਛੀਆਂ ਨੂੰ ਆਪਣੇ ਬੱਚੇ ਪਾਲਦੇ ਅਤੇ ਉਨ੍ਹਾਂ ਦੀ ਰਾਖੀ **ਕਰਦੇ ਵੇਖ ਕੇ ਅਨੰਦ ਸਾਹਿਬ ਦੀ** ਇਹ ਤੁਕ ਅਵੱਸੋਂ ਹੀ ਮੂੰਹੋਂ ਨਿਕਲ ਜਾਂਦੀ ਹੈ--ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥ [੯੧੮] ਨਾਲ ਹੀ ਅਸੀਂ ਸਾਰੇ ਇਹ ਵੀ ਜਾਣਦੇ ਹਾਂ ਕਿ ਜਦੋਂ ਹੀ ਬਚਾ ਆਪਣਾ ਪੇਟ ਆਪ ਪਾਲਣ ਯੋਗ ਹੋ ਜਾਂਦਾ ਹੈ ਪਸ਼ੂ ਪੰਖੀ ਉਸ ਦਾ ਲਾਗਾ ਤਿਆਗ ਜਾਂਦੇ ਹਨ । ਏਧਰ (ਸਾਰੀਆਂ ਜੂਨਾਂ ਦਾ ਸਰਦਾਰ) ਮਨੁੱਖ ਹੈ ਜੋ ਮੋਹ ਦੇ ਜਾਲ ਵਿਚ ਅਜੇਹਾ ਫਸਦਾ ਹੈ ਕਿ ਮਰਦੇ ਦਮ ਤੱਕ ਮੋਹ ਦੀਆਂ ਚੋਟਾਂ ਖਾਈ ਤੁਰਿਆ ਜਾਂਦਾ ਹੈ--ਹਾਏ, ਕਿਵੇਂ ਛੱਡਾਂ ਬੜੀ ਮੁਸ਼ੱਕਲ ਨਾਲ ਬਣਾਏ ਇਸ ਸਭ ਕਾਸੇ ਨੂੰ ? ਕਿਵੇਂ ਛੱਡ ਤੁਰਾਂ ਆਪਣੇ ਪਿਆਰੇ ਬਚਿਆਂ ਨੂੰ, ਆਪਣੇ ਪਿਆਰੇ ਸਥੀ ਨੂੰ, ਆਪਣੇ ਡੇਰੇ ਨੂੰ, ਆਪਣਿਆਂ ਚੇਲਿਆਂ ਨੂੰ, ? ਆਦਿ ਆਦਿ । ਬਸ ਹਾਏ ਹਾਏ ਕਰਦੇ ਦੀ ਹੀ ਨਬਜ਼ ਬੰਦ ਹੋ ਜਾਂਦੀ ਹੈ । ਏਸੇ ਮੋਹ-ਮਮਤਾ ਦਾ ਮਾਰਿਆਂ, ਪਰਮਾਤਮਾ ਦੀ ਸੱਚੀ ਯਾਦ ਨਾਲ ਮਰਦੇ ਦਮ ਤੱਕ ਨਹੀਂ ਜੁੜ ਸਕਦਾ । ਮੌਤ ਦੇ ਆਖ਼ਰੀ ਸਮਿਆਂ ਵਿਚ ਵੀ ਧਨ ਦੌਲਤ ਅਤੇ ਪਰਵਾਰ ਨੂੰ ਤਿਆਗਣ ਲਈ ਤਿਆਰ ਨਹੀਂ ਹੁੰਦਾ । ਮਨੁੱਖ ਨੇ ਅਗਿਆਨਤਾ ਕਾਰਨ ਮੋਹ ਨੂੰ ਅਜੇਹੀ ਦੁਖਦਾਈ ਰੱਸੀ ਬਣਾ ਲਿਆ ਜਿਸ ਨੇ ਇਸ ਨੂੰ ਜਨਮ ਮਰਨ ਦੇ ਗੇੜ ਵਿਚ ਬੰਨੀ ਰਖਿਆ । ਸਤਿਗੁਰਾਂ ਦੇ ਹੁਕਮ ਵਿਚ ਚੱਲਣ ਵਾਲੇ ਗੁਰਮੁਖਾਂ ਲਈ ਮੋਹ, ਸੰਸਾਰ ਦੀ ਕਾਰ ਚਲਾਉਣ ਵਿਚ ਸਹਾਈ ਹੋਣ ਵਾਲੀ ਰੱਬੀ ਬਖ਼ਸ਼ਸ਼ ਹੈ ।

**ਉਪ੍ਰੋਕਤ ਪੰਗਤੀ ਵਾਲਾ ਪੂਰਾ ਗੁਰੂ ਫ਼ੁਰਮਾਨ ਇਸ ਪ੍ਰਕਾਰ ਹੈ:--**

੧੧੨- **ਮੋਹੁ ਕੁਟੰਬੁ ਮੋਹੁ ਸਭ ਕਾਰ ॥ ਮੋਹੁ ਤੁਮ ਤਜਹੁ ਸਗਲ ਵੇਕਾਰ ॥ ੧ ॥ ਮੋਹੁ ਅਰੁ ਭਰਮੁ ਤਜਹੁ ਤੁਮ ਬੀਰ ॥**
**ਸਾਚੁ ਨਾਮੁ ਰਿਦੇ ਰਵੈ ਸਰੀਰ ॥ ੧ ॥ ਰਹਾਉ ॥ ਸਚੁ ਨਾਮੁ ਜਾ ਨਵਨਿਧਿ ਪਾਈ ॥ ਰੋਵੈ ਪੂਤੁ, ਨ ਕਲਪੈ ਮਾਈ**
**॥ ੨ ॥ ਏਤੁ ਮੋਹਿ ਡੂਬਾ ਸੰਸਾਰੁ ॥ ਗੁਰਮੁਖਿ ਕੋਈ ਉਤਰੈ ਪਾਰਿ ॥ ੩ ॥ ਏਤੁ ਮੋਹਿ ਫਿਰਿ ਜੂਨੀ ਪਾਹਿ ॥**
**ਮੋਹੇ ਲਾਗਾ ਜਮਪੁਰਿ ਜਾਹਿ ॥ ੪ ॥ ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥ ਨਾ ਮੋਹੁ ਤੂਟੈ ਨਾ ਥਾਇ ਪਾਇ ॥ ੫ ॥**
**ਨਦਰਿ ਕਰੇ ਤਾ ਇਹੁ ਮੋਹੁ ਜਾਇ ॥ ਨਾਨਕ ਹਰਿ ਸਿਉ ਰਹੈ ਸਮਾਇ ॥ ੬ ॥**[੩੫੬]-੨੩

**ਅਰਥ**:--ਹੇ ਭਾਈ ! (ਦੁਨੀਆ ਦਾ) ਮੋਹ ਛੱਡ ਅਤੇ ਮਨ ਦੀ ਭਟਕਣਾ ਦੂਰ ਕਰ । (ਮੋਹ ਤਿਆਗਿਆਂ ਹੀ) ਮਨੁੱਖ ਪਰਮਾਤਮਾ ਦਾ ਅਟੱਲ ਨਾਮ ਹਿਰਦੇ ਵਿਚ ਸਿਮਰ ਸਕਦਾ ਹੈ । ਮੋਹ (ਮਨੁੱਖ ਦੇ ਮਨ ਵਿਚ) ਪਰਵਾਰ ਦੀ ਮਮਤਾ ਪੈਦਾ ਕਰਦਾ ਹੈ, ਮੋਹ (ਜਗਤ ਦੀ) ਸਾਰੀ ਕਾਰ ਚਲਾ ਰਿਹਾ ਹੈ (ਪਰ ਮੋਹ ਹੀ) ਸਾਰੇ ਵਿਕਾਰ ਪੈਦਾ ਕਰਦਾ ਹੈ, (ਇਸ ਵਾਸਤੇ) ਮੋਹ ਨੂੰ ਛੱਡ **। ੧ ।** ਜਦੋਂ ਮਨੁੱਖ ਪਰਮਾਤਮਾ ਦਾ ਸਦਾ-ਥਿਰ ਨਾਮ (-ਰੂਪ) ਨੌ-ਨਿਧਿ ਪ੍ਰਾਪਤ ਕਰ ਲੈਂਦਾ ਹੈ (ਤਾਂ ਉਸ ਦਾ ਮਨ ਮਾਇਆ ਦਾ ਪੁੱਤਰ ਨਹੀਂ ਬਣਿਆ ਰਹਿੰਦਾ, ਫਿਰ) ਮਨ ਮਾਇਆ ਦੀ ਖ਼ਾਤਰ ਰੋਂਦਾ ਕਲਪਦਾ ਨਹੀਂ **। ੨ ।** ਇਸ ਮੋਹ ਵਿਚ ਸਾਰਾ ਜਗਤ ਡੁੱਬਾ ਪਿਆ ਹੈ, ਕੋਈ ਵਿਰਲਾ ਮਨੁੱਖ ਜੋ ਗੁਰੂ ਦੇ ਦੱਸੇ ਰਸਤੇ ਤੇ ਤੁਰਦਾ ਹੈ (ਮੋਹ ਦੇ ਸਮੁੰਦਰ ਵਿਚੋਂ) ਪਾਰ ਲੰਘਦਾ ਹੈ **। ੩ ।** (ਹੇ ਭਾਈ !) ਇਸ ਮੋਹ ਵਿਚ (ਫਸਿਆ ਹੋਇਆ) ਤੂੰ ਮੁੜ ਮੁੜ ਜੂਨਾਂ ਵਿਚ ਪਏਂਗਾ, ਮੋਹ ਵਿਚ ਹੀ ਜਕੜਿਆ ਹੋਇਆ ਤੂੰ ਜਮਰਾਜ ਦੇ ਦੇਸ਼ ਵਿਚ ਜਾਵੇਂਗਾ **। ੪ ।** ਜਿਹੜੇ ਬੰਦੇ (ਰਿਵਾਜੀ) ਗੁਰੂ ਦੀ ਸਿਖਿਆ ਲੈ ਕੇ ਜਪ ਤਪ ਕਮਾਉਂਦੇ ਹਨ, ਉਨ੍ਹਾਂ ਦਾ ਮੋਹ ਟੁੱਟਦਾ ਨਹੀਂ, (ਇਨ੍ਹਾਂ ਜਪਾਂ ਤਪਾਂ ਨਾਲ) ਉਹ (ਪ੍ਰਭੂ ਦੀ ਹਜ਼ੂਰੀ ਵਿਚ) ਕਬੂਲ ਨਹੀਂ ਹੁੰਦੇ । ੫ । ਹੇ ਨਾਨਕ ! ਜਿਸ ਮਨੁੱਖ ਉਤੇ ਪ੍ਰਭੂ ਮੇਹਰ ਦੀ ਨਜ਼ਰ ਕਰਦਾ ਹੈ, ਉਸ ਦਾ ਇਹ ਮੋਹ ਦੂਰ ਹੁੰਦਾ ਹੈ, ਉਹ ਸਦਾ ਪਰਮਾਤਮਾ (ਦੀ ਯਾਦ) ਵਿਚ ਲੀਨ ਰਹਿੰਦਾ ਹੈ । ੬ ।

ਪ੍ਰਭੂ ਦੇ ਹੁਕਮ ਨਾਲ ਪੈਦਾ ਹੋਈ ਕੋਈ ਵੀ ਚੀਜ਼ ਮਾੜੀ ਕਦੇ ਨਹੀਂ ਹੋ ਸਕਦੀ । ਮਾਇਆ ਅਥਵਾ ਮੋਹ ਸਭ ਕੁਝ ਉਸ ਕਰਤਾਰ ਦੇ ਹੁਕਮ ਵਿਚ ਬਣੇ ਹਨ । ਇਹ ਸਾਰਾ ਤਮਾਸ਼ਾ ਉਸ ਨੇ ਆਪ ਰਚਾਇਆ ਹੈ । ਸੋ ਸਾਨੂੰ ਸਦਾ ਉਸ ਦੀ ਰਜ਼ਾ ਵਿਚ ਰਹਿੰਦਿਆਂ ਅਨੰਦ ਵਿਚ ਰਹਿਣਾ ਚਾਹੀਦਾ ਹੈ:--

੧੧੩- **ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥**
**ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥ ੧ ॥**[੧੦੬੬]-੮-੨੨

ਪ੍ਰਭੂ ਦਾ ਕੀਤਾ ਸਦਾ ਸੁਖਦਾਈ ਹੀ ਹੁੰਦਾ ਹੈ । ਅਸੀਂ ਆਪ ਉਸ ਨੂੰ ਆਪਣੇ ਲਈ ਦੁੱਖ ਦਾ ਕਾਰਨ ਬਣਾ ਲੈਂਦੇ ਹਾਂ।

੧੧੪-- **ਰੇ ਮੂੜੇ ਆਨ ਕਾਹੇ ਕਤ ਜਾਈ ॥ ਸੰਗਿ ਮਨੋਹਰੁ ਅੰਮ੍ਰਿਤੁ ਹੈ ਰੇ ਭੂਲਿ ਭੂਲਿ ਬਿਖੁ ਖਾਈ ॥ ੧ ॥ ਰਹਾਉ ॥**
**ਪ੍ਰਭ ਸੁੰਦਰ ਚਤੁਰ ਅਨੂਪ ਬਿਧਾਤੇ ਤਿਸ ਸਿਉ ਰੁਚ ਨਹੀ ਰਾਈ ॥ ਮੋਹਨਿ ਸਿਉ ਬਾਵਰ**
**ਮਨੁ ਮੋਹਿਓ ਝੂਠਿ ਠਗਉਰੀ ਪਾਈ ॥ ੧ ॥ ਭਇਓ ਦਇਆਲੁ ਕ੍ਰਿਪਾਲੁ ਦੁਖ ਹਰਤਾ ਸੰਤਨ**
**ਸਿਉ ਬਨਿ ਆਈ ॥ ਸਗਲ ਨਿਧਾਨ ਘਰੈ ਮਹਿ ਪਾਏ ਕਹੁ ਨਾਨਕ ਜੋਤਿ ਸਮਾਈ ॥ ੨ ॥**[੧੨੧੩]-੨੧-੪੪

੧੭

# ' ਮੋਹ ' ਦਾ ਇਕ ਪੱਖ ਇਹ?

ਕਿਸੇ ਦਾ ਮਨ ਮੋਹਤ ਕਰ ਲੈਣਾ, ਕਿਸੇ ਨੂੰ ਆਪਣੇ ਮੋਹ-ਜਾਲ ਵਿਚ ਫਸਾ ਲੈਣਾ, ਕਿਸੇ ਨੂੰ ਆਪਣੇ ਜੋਗਾ ਬਣਾ ਲੈਣਾ, ' **ਮੋਹ** ' ਦਾ ਬੜਾ ਵੱਡਾ ਗੁਣ ਹੈ । " ਮੋਹਨ " ਸ਼ਬਦ, ਮੋਹ ਤੋਂ ਹੀ ਬਣਿਆਂ ਹੈ । ਸਾਰਿਆਂ ਦਾ ਮਨ ਮੋਹ ਕੇ ਆਪਣੇ ਮੋਹ-ਜਾਲ ਵਿਚ ਫ਼ਸਾ ਲੈਣ ਦੀ ਸਮਰਥਾ ਵਾਲੇ ਹੇ ' ਮੋਹਨ ' ! ਹੈ ਤਾਂ ਤੂੰ ਸਰਬ-ਵਿਆਪਕ ਹੀ, ਪਰ ਕ੍ਰੋੜਾਂ ਮਨੁੱਖਾਂ ਵਿਚੋਂ ਲੱਭਦਾ ਕਿਸੇ ਵਿਰਲੇ ਗੁਰਮੁਖਿ ਨੂੰ ਹੀ ਹੈਂ---' **ਮੋਹਨ ਨਾਮੁ ਸਦਾ ਰਵਿ ਰਹਿਓ ॥ ਕੋਟਿ ਮਧੇ ਕਿਨੈ ਗੁਰਮੁਖਿ ਲਹਿਓ ॥ ੩ ॥**[੨੪੧]-੧-੧੩ ਅਤੇ ਹੇ ਸਿਰਜਣਹਾਰ-ਮੋਹਨ ਜੀਓ------

੧੧੫- **ਮੋਹਨ ਸਭਿ ਜੀਅ ਤੇਰੇ ਤੂ ਤਾਰਹਿ ॥**
**ਛੁਟਹਿ ਸੰਘਾਰ ਨਿਮਖ ਕਿਰਪਾ ਤੇ ਕੋਟਿ ਬ੍ਰਹਮੰਡ ਉਧਾਰਹਿ ॥ ੧ ॥ ਰਹਾਉ ॥ [੧੨੧੧]-੧੧-੩੪**

**੧੧੬- ਮੋਹਨ ਘਰਿ ਆਵਹੁ ਕਰਉ ਜੋਦਰੀਆ ॥**
**ਮਾਨੁ ਕਰਉ ਅਭਿਮਾਨੈ ਬੋਲਉ ਭੂਲ ਚੂਕ ਤੇਰੀ ਪ੍ਰਿਅ ਚਿਰੀਆ ॥ ੧ ॥ ਰਹਾਉ ॥ [੧੨੦੯]-੧-੨੪**

੧੧੭- **ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ ॥ ਉਡੀਨੀ ਉਡੀਨੀ ਉਡੀਨੀ ॥**
**ਕਬ ਘਰਿ ਆਵੈ ਰੀ ॥ ੧ ॥ ਰਹਾਉ ॥ ....**
**ਮੋਹਨ ਰੂਪ ਦਿਖਾਵੈ ॥ ਅਬ ਮੋਹਿ ਨੀਦ ਸੁਹਾਵੈ ॥ ਸਭ ਮੇਰੀ ਤਿਖਾ ਬੁਝਾਨੀ ॥**
**ਅਬ ਮੈ ਸਹਜਿ ਸਮਾਨੀ ॥ ਮੀਠੀ ਪਿਰਹਿ ਕਹਾਨੀ ॥ ਮੋਹਨੁ ਲਾਲਨੁ ਪਾਇਓ ਰੀ ॥ ਰਹਾਉ ਦੂਜਾ ॥** [੮੩੦]-੨-੧੨੯

੧੧੮- **ਮੋਹਨੁ ਪ੍ਰਾਨ ਮਾਨ ਰਾਗੀਲਾ ॥ ਬਾਸਿ ਰਹਿਓ ਹੀਅਰੇ ਕੈ ਸੰਗੇ ਪੇਖਿ ਮੋਹਿਓ ਮਨੁ ਲੀਲਾ ॥ ੧ ॥ ਰਹਾਉ ॥**[੪੯੮]-੪-੧੩

੧੧੯- **ਮੋਹਨਿ ਮੋਹਿ ਲੀਆ ਮਨੁ ਮੋਹਿ ॥ ਗੁਰ ਕੈ ਸਬਦਿ ਪਛਾਨਾ ਤੋਹਿ ॥**
**ਨਾਨਕ ਠਾਢੇ ਚਾਹਹਿ ਪ੍ਰਭੂ ਦੁਆਰਿ ॥ ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ ॥ ੮ ॥**[੧੧੮੭]-੧

੧੨੦- **ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ ॥**
**ਮੋਹਨ ਮੋਹਿ ਲੀਆ ਮਨੁ ਮੇਰਾ ਸਮਝਸਿ ਸਬਦੁ ਬੀਚਾਰੇ ॥ ੧ ॥**[੧੧੯੭]-੧

੧੨੧- **ਮੋਹਨ ਮਾਧਵ ਕ੍ਰਿਸ਼ ਮੁਰਾਰੇ ॥ ਜਗਦੀਸੁਰ ਹਰਿ ਜੀਉ ਅਸੁਰ ਸੰਘਾਰੇ ॥**
**ਜਗਜੀਵਨ ਅਬਿਨਾਸੀ ਠਾਕੁਰ ਘਟ ਘਟ ਵਾਸੀ ਹੈ ਸੰਗਾ ॥ ੨ ॥**[੧੦੮੨]-੨-੧੧

੧੨੨- **ਮੋਹਨ ਲਾਲ ਅਨੂਪ ਸਰਬ ਸਾਧਾਰੀਆ ॥ ਗੁਰ ਨਿਵਿ ਨਿਵਿ ਲਾਗਉ ਪਾਇ ਦੇਹੁ ਦਿਖਾਰੀਆ ॥ ੩ ॥**[੨੪੧]-੧੨

੧੨੩- **ਮੋਹਨ ਲਾਲੁ ਮੇਰਾ ਪ੍ਰੀਤਮ ਮਨ ਪ੍ਰਾਨਾ ॥ ਮੋ ਕਉ ਦੇਹੁ ਦਾਨਾ ॥ ੧ ॥ ਰਹਾਉ ॥**[੧੦੦੫]-੫-੨੧

ਸਿੱਖ ਜਗਤ ਵਿਚ ਗੁਰੂ ਬਾਣੀ ਲਈ ਨਿਰਸੰਦੇਹ ਬੜੀ ਸਤਕਾਰ ਵਾਲੀ ਥਾਂ ਹੈ । ਸਾਰਾ ਸਿੱਖ ਜਗਤ ਗੁਰਬਾਣੀ ਨੂੰ " ਧੁਰ ਕੀ ਬਾਣੀ ਅਥਵਾ ਖਸਮ ਦੀ ਬਾਣੀ ' ਵੀ ਕਹਿੰਦਾ ਹੈ। ਸਿੱਖ ਪਰਚਾਰਕ, ਸਿੱਖੀ ਵਿਚ ਪ੍ਰਗਟ ਹੋਏ ਬੇਅੰਤ ਸਾਧ-ਸੰਤ, ਲਗ-ਪਗ ਸਾਰੇ ਧਰਮ-ਆਗੂ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਧੁਰ ਕੀ ਬਾਣੀ ਕਹਿੰਦੇ ਹਨ । ਸਾਰੇ ਵਿਦਵਾਨ ਗੁਰਬਾਣੀ ਕੇਵਲ ਅਤੇ ਕੇਵਲ **ਬ੍ਰਹਮ ਦੀ ਵਿਚਾਰ** ਅਤੇ **ਗੁਰੂ** ਸੱਧ ਕਰ ਰਹੇ ਹੁੰਦੇ ਹਨ । ਉਂਜ ਅਸਲ ਵਿਚ ਜੋ ਹੋ ਰਿਹਾ ਹੈ ਉਸ ਤੋਂ ਇਉਂ ਲੱਗਦਾ ਹੈ ਕਿ, ਅਸੀਂ ਸਾਰੇ ਸਤਿਗੁਰਾਂ ਦੀ ਬਾਣੀ ਨੂੰ **ਗੁਰੂ** ਕਹਿੰਦੇ ਤਾਂ ਹਾਂ ਪਰ " ਪੂਰਨ ਗੁਰੂ " ਮੰਨਦੇ ਨਹੀਂ ਹਾਂ । ਜੇ ਸਮੁੱਚੀ ਗੁਰਬਾਣੀ ਨੂੰ ਹਿਰਦੇ ਤੋਂ ਗੁਰੂ ਮੰਨਦੇ ਹੋਈਏ ਤਾਂ ਕੇਵਲ ਬ੍ਰਹਮ ਦੀ ਵਿਚਾਰ ਨਾਲ ਜੋੜਨ ਹਿਤ ਰਚੀ ਗੁਰੂ ਬਾਣੀ ਦੇ ਕਿਸੇ ਇੱਕ ਵੀ ਸ਼ਬਦ ਨੂੰ ਜਾਂ ਕਿਸੇ ਪੰਗਤੀ ਨੂੰ ਕਿਸੇ ਇਤਿਹਾਸਕ ਜਾਂ ਮਿਥਿਹਾਸਕ ਘਟਨਾ ਪ੍ਰਥਾਇ ਉਚਾਰਿਆਂ ਸਮਝਣ ਦੀ ਭੁੱਲ ਕਦੇ ਨਾ ਕਰੀਏ । ਉਸ ਸਮੇਂ ਬੜਾ ਦੁੱਖ ਹੁੰਦਾ ਹੈ ਜਦ ਕੋਈ ਪਰਚਾਰਕ ਜਾਂ ਕਥਿਤ ਸਾਧ-ਸੰਤ ਪੰਚਮ ਪਾਤਸ਼ਾਹ ਜੀ ਬਾਰੇ ਗੁਰੂ ਦਰਬਾਰ ਵਿਚ ਇਹ ਸਾਖੀ ਸੁਣਾ ਰਿਹਾ ਹੁੰਦਾ ਹੈ ਕਿ ਜਦ ਉਹ ਗੁਰੂ ਅਮਰਦਾਸ ਜੀ ਦੇ ਵੱਡੇ ਸਾਹਿਬਜ਼ਾਦੇ ਸ੍ਰੀ ਮੋਹਨ ਜੀ ਕੋਲੋਂ ਪੋਥੀਆਂ ਲੈਣ ਗਏ ਸਨ ਤਾਂ ਉਨ੍ਹਾਂ ਨੇ ਮੋਹਨ ਜੀ ਨੂੰ ਖ਼ੁਸ਼ ਕਰਨ ਲਈ ਰਾਗ ਗਉੜੀ ਛੰਤ ਮਹਲਾ ੫ ਵਿਚਲਾ ਦੂਜਾ ਸ਼ਬਦ ਬਾਬਾ ਮੋਹਨ ਜੀ ਦੀ ਉਸਤਤਿ ਵਿਚ ਗਾਇਆ ਸੀ । ਉਹ ਪਾਵਨ ਗੁਰੂ ਸ਼ਬਦ ਇਸ ਪ੍ਰਕਾਰ ਹੈ:---

੧੨੪- **ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥ ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ ॥ ਧਰਮ ਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ ॥ ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ ॥ ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ ॥ ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ ॥ ੧ ॥ ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ ॥ ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ ॥ ਮਾਨਹਿ ਤ ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ ॥ ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ ॥ ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲਿ ਧਾਰੀਆ ॥ ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ ॥ ੨ ॥ ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ ॥ ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ ॥ ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ ॥ ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ**

**ਸੇ ਸਭੇ ਫਲ ਪਾਵਹੇ ॥ ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ ॥ ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ ॥ ੩ ॥ਮੋਹਨ ਤੂੰ ਸੁਫਲੁ ਫਲਿਆ ਸਣੁਪਰਵਾਰੇ ॥ ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ ॥ ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ ॥ ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ ॥ ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ ॥ ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ ॥ ੪ ॥**[੨੪੮]-੨

ਜੇ ਗੁਰਬਾਣੀ ਵਿਚ ਪਰਮਾਤਮਾ ਨੂੰ " ਮੋਹਨ " ਪਹਿਲਾਂ ਕਿਤੇ ਨਾ ਲਿਖਿਆ ਹੁੰਦਾ ਤਦ ਬਾਬਾ ਮੋਹਨ ਜੀ ਬਾਰੇ ਕੋਈ ਟਪਲਾ ਲੱਗ ਜਾਂਦਾ ਤਾਂ ਹੋਰ ਗੱਲ ਸੀ ਪਰ ਅਸਾਂ ਉੱਪਰ ਕਈ ਗੁਰੂ ਸ਼ਬਦਾਂ ਵਿਚ ਪ੍ਰਭੂ ਨੂੰ ' ਮੋਹਨ " ਲਿਖਿਆ ਪੜ੍ਹਿਆ ਹੈ । ਇਸ ਸ਼ਬਦ ਨੂੰ ਪੋਥੀਆਂ ਲਿਆਉਣ ਵਾਲੀ ਕਹਾਣੀ ਨਾਲ ਜੋੜਨਾ ਸਿਆਣਪ ਨਹੀਂ ਹੈ ਸਗੋਂ ਗੁਰਮਤਿ ਦੀ ਖੰਡਨਾ ਕਰਨ ਦਾ ਪਾਪ ਹੈ। ਫਿਰ ਕਿਸੇ ਮਨੁੱਖ ਨੂੰ ਪਰਮਾਤਮਾ ਦੇ ਤੁੱਲ ਕਹਿਣ ਨੂੰ ਗੁਰਮਤਿ ਕਿਸੇ ਹਾਲਤ ਵਿਚ ਵੀ ਨਹੀਂ ਝੱਲ ਸਕਦੀ ਸੀ । ਮਨੁੱਖ ਦੀ ਉਸਤਤਿ ਜਾਂ ਨਿੰਦਿਆ ਕਰਨੀ ਗੁਰਮਤਿ ਦੀ ਖੰਡਨਾ ਹੈ । ਪੰਜਵੇਂ ਪਾਤਸ਼ਾਹ ਜੀ ਦਾ ਆਪਣਾ ਫ਼ੁਰਮਾਨ ਹੈ--**ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ ॥**[੯੬੩] ਉਹ ਕਿਸੇ ਹਾਲਤ ਵਿਚ ਵੀ ਕਿਸੇ ਮਨੁੱਖ ਲਈ ਅਜੇਹਾ ਨਹੀਂ ਸਨ ਉਚਾਰ ਸਕਦੇ । ਅਤੇ ਫਿਰ ਸਾਧ-ਬਿਰਤੀ ਵਾਲੇ ਅਤੇ ਗੁਰਮਤਿ ਦੇ ਗਿਆਤਾ " ਮੋਹਨ " ਜੀ ਆਪਣੀ ਉਸਤਤਿ ਸੁਣ ਕੇ ਖ਼ੁਸ਼ ਹੋਣ ਦੇ ਥਾਂ ਸਗੋਂ ਨਰਾਜ਼ ਹੁੰਦੇ । ਉਸਤਤਿ ਸੁਣ ਕੇ ਖ਼ੁਸ਼ੀ ਨਾਲ ਕੁੱਪੇ ਹੋ ਜਾਣਾ ਕੇਵਲ ਬ੍ਹਾਮਣੀ ਸੁਭਾਵ ਹੈ । ਪ੍ਰੋਹਿਤਵਾਦੀ ਰਿਸ਼ੀ, ਮੁਨੀ, ਦੇਵੀ ਦੇਵਤੇ ਅਤੇ ਭਗਵਾਨ, ਆਪਣੀ ਉਸਤਤਿ ਸੁਣ ਦੇ ਵਰਾਂ ਦਾ ਮੀਂਹ ਵਰ੍ਹਾ ਰਹੇ ਅਤੇ ਨਿੰਦਿਆ ਸੁਣ ਕੇ ਸਰਾਪ ਦੇ ਕੇ ਅਗਲੇ ਦਾ ਸਰਬ ਨਾਸ ਕਰ ਰਹੇ ਪੁਰਾਣਾ ਆਦਿ ਹਿੰਦੂ ਗ੍ਰਥਾਂ ਵਿਚ ਕਹਾਣੀ ਦੇ ਹਰ ਮੋੜ ਤੇ ਦਰਸ਼ਨ ਦੇ ਰਹੇ ਹਨ ਪਰ ਗੁਰੂ ਘਰ ਵਿੱਚ, ਉਸਤਤਿ ਕੇਵਲ ਪ੍ਰਭੂ ਦੀ ਹੀ ਹੈ ਅਤੇ ਨਿੰਦਾ ਕਿਸੇ ਦੀ ਵੀ ਨਹੀਂ ।

ਪ੍ਰਿੰ: ਸਹਿਬ ਸਿੰਘ ਜੀ, ਡਾ: ਭਾਈ ਵੀਰ ਸਿੰਘ ਜੀ ਆਦਿ ਵਿਦਵਾਨਾ ਨੇ ਇਸ ਪਾਵਨ ਸ਼ਬਦ ਦੇ ਅਰਥ ਇਸ ਪ੍ਰਕਾਰ ਲਿਖੇ ਹਨ:--

**ਅਰਥ**:--ਹੇ ਮਨ ਨੂੰ ਮੋਹ ਲੈਣ ਵਾਲੇ ਪ੍ਰਭੂ ! ਤੇਰੇ ਉੱਚੇ ਮੰਦਰ ਹਨ, ਤੇਰੇ ਮਹਲ ਐਸੇ ਹਨ ਕਿ ਉਨ੍ਹਾਂ ਦਾ ਪਾਰਲਾ ਬੰਨਾ ਹੈ ਹੀ ਕੋਈ ਨਹੀਂ,[ **ਕੀ ਮੋਹਨ ਜੀ ਦੇ ਮਹਲਾਂ ਬਾਰੇ ਸਤਿਗੁਰੂ ਜੀ ਅਜੇਹਾ ਲਿਖ ਸਕਦੇ ਸਨ ? ਕੀ, ਸੰਸਾਰ ਦੇ ਕਿਸੇ ਵੀ ਮਨੁੱਖ ਦੇ ਅਜੇਹੇ ਮਹਲ ਕਦੇ ਹੋ ਸਕਦੇ ਹਨ ਜੋ " ਅਪਾਰ " ਹੋਣ, ਜਿਨ੍ਹਾਂ ਦਾ ਪਾਰਲਾ ਬੰਮਨਾ ਹੋਵੇ ਹੀ ਨਾ ? ਕੀ ਅਜੇਹੀ ਕੱਚੀ ਗੱਲ ਪੰਚਮ ਪਾਤਸ਼ਾਹ ਜੀ ਦੇ ਨਾਮ ਨਾਲ ਜੋੜਨ ਵਾਲਾ ਗੁਰਸਿੱਖ ਮੰਨਿਆਂ ਜਾ ਸਕਦਾ ਹੈ ?**] ਹੇ ਮੋਹਨ ! ਤੇਰੇ ਦਰ ਤੇਰੇ ਧਰਮ ਅਸਥਾਨਾ ਵਿਚ, ਤੇਰੇ ਸੰਤ ਜਨ ਬੈਠੇ ਸੋਹਣੇ ਲੱਗ ਰਹੇ ਹਨ । ਹੇ ਬੇਅੰਤ ਪ੍ਰਭੂ ! ਹੇ ਦਇਆਲ ਪ੍ਰਭੂ ! ਹੇ ਠਾਕੁਰ ! ਤੇਰੇ ਧਰਮ-ਅਸਥਾਨਾ ਵਿਚ, ਤੇਰੇ ਸੰਤ ਜਨ ਸਦਾ ਤੇਰਾ ਕੀਰਤਨ ਗਾਉਂਦੇ ਹਨ (ਹੇ ਮੋਹਨ) ਜਿਥੇ ਵੀ ਸਾਧ ਸੰਤ ਜੁੜ ਬੈਠਦੇ ਹਨ ਉਥੇ ਤੈਨੂੰ ਹੀ ਧਿਆਉਂਦੇ ਹਨ । [ ਅਜੇਹੇ ਬਚਨ ਕਿਸੇ ਮਨੁੱਖ ਲਈ ਕਹੇ ਹੋਏ ਕਹਿਣ ਵਾਲੇ ਅਥਵਾ ਮੰਨਣ ਵਾਲੇ, ਗੁਰੂ ਦੇ ਸਿੱਖ ਨਹੀਂ ਹਨ ।]

ਹੇ ਦਇਆ ਦੇ ਘਰ ਮੋਹਨ ! ਹੇ ਸਭ ਦੇ ਮਾਲਕ ਮੋਹਨ ! ਤੂੰ ਦਇਆ ਅਥਵਾ ਤਰਸ ਕਰਕੇ ਗ਼ਰੀਬਾਂ ਅਨਾਥਾਂ ਤੇ ਕਿਰਪਾਲੂ ਹੁੰਦਾ ਹੈਂ । (ਹੇ ਮੋਹਨ ! ) **ਨਾਨਕ** ਬੇਨਤੀ ਕਰਦਾ ਹੈ-- ਤੇਰੇ ਦਰਸ਼ਨ ਦੇ ਪਿਆਰੇ (ਤੇਰੇ ਸੰਤ ਜਨ) ਤੈਨੂੰ ਮਿਲ ਕੇ ਤੇਰੇ ਦਰਸ਼ਨ ਦਾ ਸੁਖ ਮਾਣਦੇ ਹਨ । ੧ । }[ਜੇ ਭਣੇਵਾਂ ਮਾਮਾ ਜੀ ਨਾਲ ਗੱਲ ਕਰਦਾ ਹੁੰਦਾ ਤਾਂ " ਨਾਨਕ " ਨਾਮ ਕਦੇ ਨਾ ਵਰਤਦਾ । ]

ਹੇ ਮੋਹਨ ! ਤੇਰੀ ਸਿਫ਼ਤਿ-ਸਾਲਾਹ ਦੇ ਬਚਨ ਸੋਹਣੇ ਲੱਗਦੇ ਹਨ, ਤੇਰੀ ਚਾਲ (ਜਗਤ ਦੇ ਜੀਵਾਂ ਨਾਲੋਂ) ਵੱਖਰੀ ਹੈ । ਹੇ ਮੋਹਨ ਜੀ ! (ਸਾਰੇ ਜੀਵ) ਸਿਰਫ਼ ਤੈਨੂੰ ਹੀ (ਸਦਾ ਕਾਇਮ ਰਹਿਣ ਵਾਲਾ) ਮੰਨਦੇ ਹਨ।, ਹੋਰ ਸਾਰੀ ਸ੍ਰਿਸ਼ਟੀ ਨਾਸਵੰਤ ਹੈ । ਹੇ ਮੋਹਨ ! ਸਿਰਫ਼ ਤੈਨੂੰ ਇਕ ਨੂੰ (ਅਸਥਿਰ) ਮੰਨਦੇ ਹਨ--ਸਿਰਫ਼ ਤੈਨੂੰ ਜਿਸਦਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ, ਜੋ ਤੂੰ ਸਭ ਦਾ ਪਾਲਣਹਾਰ ਹੈ, ਤੇ ਜਿਸ ਨੇ ਸਾਰੀ ਸ੍ਰਿਸ਼ਟੀ ਵਿਚ ਆਪਣੀ ਸਤਾ ਵਰਤਾਈ ਹੋਈ ਹੈ । ਹੇ ਮੋਹਨ ! ਤੈਨੂੰ (ਤੇਰੇ ਭਗਤਾਂ ਨੇ) ਗੁਰੂ ਦੇ ਬਚਨ ਦੀ ਰਾਹੀਂ (ਪਿਆਰ-)ਵੱਸ ਕੀਤਾ ਹੋਇਆ ਹੈ, ਤੂੰ ਸਭ ਦਾ ਮੁਢ ਹੈਂ, ਤੂੰ ਸਰਬ-ਵਿਆਪਕ ਹੈ, ਤੂੰ ਸਾਰੇ ਜਗਤ ਦਾ ਮਾਲਕ ਹੈ । [ **ਗੁਰ੍ਹ ਦਰਬਾਰ ਦੀ ਸਟੇਜ ਤੇ ਜਦ ਕੋਈ ਪਰਚਾਰਕ ਜਾਂ ਕਥਿਤ ਸਾਧ-ਸੰਤ ਇਸ ਗੁਰੂ ਸ਼ਬਦ ਨੂੰ ਕਿਸੇ ਮਨੁੱਖ (ਬਾਬਾ ਮੋਹਨ ਜੀ) ਪ੍ਰਥਾਏ ਉਚਾਰੇ ਹੋਏ ਕਹਿ ਰਿਹਾ ਹੁੰਦਾ ਹੈ ਤਾਂ ਸੁਣ ਕੇ ਚੁਪ ਰਹਣ ਵਾਲਾ ਸਟੇਜ-ਸਕੱਤਰ ਸਦਾ ਆਤਮਕ ਪੀੜ ਸਹਿਣ ਦਾ ਡੰਨ ਜ਼ਰੂਰ ਭੁਗਤੇਗਾ** ] ਹੇ ਮੋਹਨ ! (ਸਾਰੇ ਜੀਵਾਂ ਵਿਚ ਮੌਜੂਦ ਹੋਣ ਕਰਕੇ) ਤੂ ਆਪ ਹੀ (ਉਮਰ ਭੋਗ ਕੇ ਜਗਤ ਤੋਂ) ਚਲਾ ਜਾਂਦਾ ਹੈ, ਫਿਰ ਵੀ ਤੂੰ ਹੀ ਆਪ ਸਦਾ ਕਾਇਮ ਰਹਿਣ ਵਾਲਾ ਹੈਂ, ਤੂੰ ਹੀ ਜਗਤ ਵਿਚ ਆਪਣੀ ਸੱਤਾ ਵਰਤਾਈ ਹੈ । ਨਾਨਕ ਬੇਨਤੀ ਕਰਦਾ ਹੈ-- ਆਪਣੇ ਸੇਵਕਾਂ ਦੀ ਆਪ ਹੀ) ਲਾਜ ਰੱਖਦਾ ਹੈਂ, ਸਾਰੇ ਸੇਵਕ-ਭਗਤ ਤੇਰੀ ਸਰਨ ਪੈਂਦੇ ਹਨ । ੨ ।

ਹੇ ਮੋਹਨ ਪ੍ਰਭੂ ! ਤੈਨੂੰ ਸਾਧ-ਸੰਗਤਿ ਧਿਆਉਂਦੀ ਹੈ, ਤੇਰੇ ਦਰਸ਼ਨ ਦਾ ਧਿਆਨ ਧਰਦੀ ਹੈ। ਜਿਹੜੇ ਜੀਵ ਤੈਨੂੰ ਧਿਆਉਂਦੇ ਹਨ ਅੰਤ ਵੇਲੇ ਮੌਤ ਦਾ ਸਹਿਮ ਉਨ੍ਹਾਂ ਦੇ ਨੇੜੇ ਨਹੀਂ ਢੁੱਕਦਾ । ਜਿਹੜੇ ਤੈਨੂੰ ਇਕਾਗਰ ਮਨ ਨਾਲ ਧਿਆਉਂਦੇ ਹਨ, ਮੌਤ ਦਾ ਸਹਿਮ ਉਨ੍ਹਾਂ ਨੂੰ ਪੋਹ ਨਹੀਂ ਸਕਦਾ (ਆਤਮਕ ਮੌਤ ਉਨ੍ਹਾਂ ਤੇ ਪ੍ਰਭਾਵ ਨਹੀਂ ਪਾ ਸਕਦੀ) । ਜਿਹੜੇ ਮਨੁੱਖ ਆਪਣੇ, ਮਨ, ਬੋਲ ਅਤੇ ਕਰਮਾਂ ਦੇ ਰਾਹੀਂ, ਤੈਨੂੰ ਯਾਦ ਕਰਦੇ ਹਨ, ਉਹ ਸਾਰੇ (ਮਨ-ਇੱਛਤ) ਫਲ ਪ੍ਰਾਪਤ ਕਰ ਲੈਂਦੇ ਹਨ । ਹੇ ਸਰਬ-ਵਿਆਪਕ ! ਹੇ ਭਗਵਾਨ ! ਉਹਮਨੁੱਖ ਵੀ ਤੇਰਾ ਦਰਸ਼ਨ ਕਰਕੇ ਉੱਚੀ ਸੂਝ ਵਾਲੇ ਹੋ ਜਾਂਦੇ ਹਨ ਜੋ (ਪਹਿਲਾਂ) ਗੰਦੇ-ਕੁਕਰਮੀ ਤੇ ਮਹਾਂ ਮੂਰਖ ਹੁੰਦੇ ਹਨ । ਨਾਨਕ ਬੇਨਤੀ ਕਰਦਾ ਹੈ--ਹੇ ਮੋਹਨ !ਤੇਰਾ ਰਾਜ ਸਦਾ ਕਾਇਮ ਰਹਿਣ ਵਾਲਾ ਹੈ । ੩ ।

ਹੇ ਮੋਹਨ ਪ੍ਰਭੂ ! ਤੂੰ ਬੜਾ ਸੋਹਣਾ ਫਲਿਆ ਹੋਇਆ ਹੈਂ, ਤੂੰ ਬੜੇ ਵਡੇ ਪਰਵਾਰ ਵਾਲਾ ਹੈਂ । ਹੇ ਮੋਹਨ ਪ੍ਰਭੂ ! ਪੁੱਤਰਾਂ ਭਰਾਵਾਂ ਵਾਲੇ ਵਡ੍ਹੇ ਵਡ੍ਹੇ ਟਬਰ ਤੂੰ ਸਾਰੇ ਦੇ ਸਾਰੇ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਦਿੰਦਾ ਹੈਂ । ਹੇ ਮੋਹਨ ! ਜਿੰਨ੍ਹਾਂ ਨੇ ਤੇਰਾ ਦਰਸ਼ਨ ਕੀਤਾ, ਓਨ੍ਹਾਂ ਦੇ ਅੰਦਰੋਂ ਤੂੰ ਹੰਕਾਰ ਦੂਰ ਕਰ ਦਿੱਤਾ । ਤੂੰ ਸਾ ਰੇ ਜਹਾਨ ਨੂੰ ਹੀ ਤਾਰਨ ਦੀ ਸਮਰੱਥਾ ਵਾਲਾ ਹੈਂ । ਹੇ ਮੋਹਨ ! ਜਿੰਨ੍ਹਾਂ (ਵਡ-ਭਾਗੀਆਂ) ਨੇ ਤੇਰੀ ਸਿਫ਼ਤਿ-ਸਾਲਾਹ ਕੀਤੀ, ਆਤਮਕ ਮੌਤ ਉਨ੍ਹਾਂ ਦੇ ਨੇੜੇ ਨਹੀਂ ਢੁੱਕਦੀ ।

ਹੇ ਸਭ ਤੋਂ ਵੱਡੇ ! ਸਰਬ-ਵਿਆਪਕ ਪ੍ਰਭੂ ! ਤੇਰੇ ਗੁਣ ਬੇਅੰਤ ਹਨ, ਬਿਆਨ ਨਹੀਂ ਕੀਤੇ ਜਾ ਸਕਦੇ । ਨਾਨਕ ਬੇਨਤੀ ਕਰਦਾ ਹੈ--ਮੈਂ ਤੇਰਾ ਆਸਰਾ ਲਿਆ ਹੈ, ਜਿਸ ਆਸਰੇ ਦੀ ਬਰਕਤਿ ਨਾਲ ਮੈਂ ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘ ਰਿਹਾ ਹਾਂ । ੪ ।

ਇਸ ਪੂਰੇ ਗੁਰੂ-ਸ਼ਬਦ ਵਿਚ ਕੋਈ ਵੀ ਅਜੇਹੀ ਗੱਲ ਨਹੀਂ ਜਿਸ ਤੋਂ ਇਹ ਸਿੱਧ ਹੁੰਦਾ ਹੋਵੇ ਕਿ ਸਤਿਗੁਰਾਂ ਨੇ ਇਹ ਪਾਵਨ ਸ਼ਬਦ ਕਿਸੇ ਮਨੁੱਖ ਦੀ ਸੋਭਾ ਵਿਚ ਲਿਖਿਆ ਹੈ । ਸਾਰੇ ਦਾ ਸਾਰਾ ਸ਼ਬਦ ਅਗੰਮ ਅਥਾਹ, ਅਪਾਰ ਪਰਮਾਤਮਾ ਦੇ ਹੀ ਗੁਣਾ ਦਾ ਗਾਇਨ ਹੈ ।

**ਹੇ ਮੋਹਨ ! ਤੇਰੀ ਮਾਇਆ ਵੀ ਏਡੀ ਮੋਹਨੀ ਕਿ:--**

੧੨੫- **ਅੰਮ੍ਰਿਤੁ ਪ੍ਰਿਅ ਕਾ ਨਾਮੁ ਮੈ ਅੰਧੁਲੇ ਟੋਹਨੀ ॥ ਓਹ ਜੋਹੈ ਬਹੁ ਪਰਕਾਰਿ ਸੁੰਦਰਿ ਮੋਹਨੀ ॥**
**ਮੋਹਨੀ ਮਹਾ ਬਚਿਤ੍ਰਿ ਚੰਚਲਿ ਅਨਿਕ ਭਾਵ ਦਿਖਾਵਏ ॥ ਹੋਇ ਢੀਠ ਮੀਠੀ ਮਨਹਿ**

ਲਾਗੈ ਨਾਮੁ ਲੈਣ ਨ ਆਵਏ॥ **ਗ੍ਰਿਹ ਬਨਹਿ ਤੀਰੈ ਬਰਤ ਪੂਜਾ ਬਾਟ ਘਾਟੈ** ਜੋਹਨੀ ॥
ਨਾਨਕੁ ਪਇਅੰਪੈ ਦਇਆ ਧਾਰੁ ਮੈ ਨਾਮੁ ਅੰਧਲੇ ਟੋਹਨੀ ॥ ੨ ॥[੮੪੭]-ਛੰਤ-੩

੧੨੬- **ਮੋਹਨੀ ਮੋਹਤ ਰਹੈ ਨ ਹੋਰੀ ॥**
**ਸਾਧਿਕ ਸਿਧ ਸਗਲ ਕੀ ਪਿਆਰੀ ਤੂਟੈ ਨ ਕਾਹੂ ਤੋਰੀ ॥ ੧ ॥ ਰਹਾਉ ॥**[੧੨੧੬]-੩੭-੬੦

੧੮

# ਪਿਆਰ, ਪ੍ਰੀਤਿ, ਪ੍ਰੇਮ, ਨੇਹੁ, ਇਸ਼ਕ ਆਸ਼ਕ ਤੇ ਮੋਹ-ਮੁਹੱਬਤ,

ਪੰਜ ਵਿਕਾਰਾਂ ਦੀ ਸੂਚੀ ਵਿਚ ਮੋਹ ਦਾ ਜ਼ਿਕਰ ਤਾਂ ਹੈ ਪਰ ਪ੍ਰੇਮ ਪਿਆਰ ਦਾ ਕਿਤੇ ਵਰਣਨ ਨਹੀਂ ਹੈ । ਨਿਰਸੰਦੇਹ ਪਿਆਰ ਅਥਵਾ ਪ੍ਰੇਮ ਮੋਹ ਤੋਂ ਅੱਡਰਾ ਜਜ਼ਬਾ ਹੈ । ਮਹਾਨ ਕੋਸ਼ ਵਿਚ " **ਪਿਆਰ** " ਪਦ ਦਾ ਅਰਥ- ਪ੍ਰੇਮ, ਮੁਹੱਬਤ, ਪਯਾਰ, ਪ੍ਰਿਯਤਾ "-- ਲਿਖਿਆ ਹੈ । ਪਰ ਉੱਪਰ ਅਸਾਂ ਪੜ੍ਹਿਆ ਹੈ ਕਿ, " **ਮੋਹ** " ਪਦ ਦੇ ਅਰਥ ਲਿਖਣ ਸਮੇਂ-- ਪ੍ਰੇਮ, ਮੁਹੱਬਤ ਲਿਖਣ ਦੇ ਨਾਲ, ਬੇਹੋਸ਼ੀ, ਅਗਯਾਨਤਾ, ਭਰਮ ਭੁਲੇਖਾ, ਦੁੱਖ-ਕਲੇਸ਼ ਵੀ ਲਿਖਿਆ ਹੈ । ਗੁਰਬਾਣੀ ਵਿਚਾਰ ਸਮੇਂ ਅਸਾਂ ਇਹ ਵੀ ਵੇਖਿਆ ਹੈ ਕਿ ਮੋਹ ਪਦ ਦੀ ਵਰਤੋਂ ਕੇਵਲ ਦ੍ਰਿਸ਼ਟਮਾਨ ਪਦਾਰਥਾਂ ਨਾਲ ਹੀ ਕੀਤੀ ਗਈ ਹੈ ਅਤੇ ਮੋਹ ਨੂੰ ਚਿੱਕੜ, ਠੱਗ-ਬੂਟੀ ਆਦਿ ਵੀ ਲਿਖਿਆ ਹੈ। ਮੋਹ ਦੇ ਪਿੱਛੇ ਸੁਆਰਥ ਹੁੰਦਾ ਹੈ ਪਰ ਪ੍ਰੇਮ ਅਥਵਾ ਪਿਆਰ ਸੁਆਰਥੀ ਹੋਣਾ ਜਾਣਦਾ ਹੀ ਨਹੀਂ । ਮੋਹ ਦੇ ਪਿੱਛੇ ਸੁਆਰਥ ਲੁਕਿਆ ਵਿਖਾਈ ਆ ਜਾਂਦਾ ਹੈ ਪਰ ਪ੍ਰੇਮ ਅਥਵਾ ਪਿਆਰ ਆਪਣੇ ਪਿਆਰੇ ਤੋਂ ਕੁਰਬਾਨ ਹੋ ਜਾਣ ਵਿਚ ਖ਼ੁਸ਼ੀ ਅਨੁਭਵ ਕਰਦਾ ਹੈ:---

੧੨੭- **ਕਰਵਤੁ ਭਲਾ ਨ ਕਰਵਟ ਤੇਰੀ ॥ ਲਾਗੁ ਗਲੇ ਸੁਨੁ ਬਿਨਤੀ ਮੇਰੀ ॥ ੧ ॥**
**ਹਉ ਵਾਰੀ ਮੁਖੁ ਫੇਰਿ ਪਿਆਰੇ ॥ ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ ॥ ੧ ॥ ਰਹਾਉ ॥**
**ਜਉ ਤਨੁ ਚੀਰਹਿ ਅੰਗੁ ਨ ਮੋਰਉ ॥ ਪਿੰਡੁ ਪਰੈ, ਤਉ ਪ੍ਰੀਤਿ ਨ ਤੋਰਉ ॥ ੨ ॥**[੪੮੪]-੨-੩੫
੧੨੮- **ਜਿਸੁ ਪਿਆਰੇ ਸਿਉ ਨੇਹੁ** ਤਿਸੁ ਆਗੈ ਮਰਿ ਚਲੀਐ ॥ **ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ੨ ॥**[੮੩]-ਵਾ-੩
੧੨੯- **ਜੇ ਕਰੁ ਗਹਹਿ ਪਿਆਰੜੇ ਤੁਧੁ ਨ ਛੋਡਾ ਮੂਲਿ ॥**
**ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ ॥ ੨ ॥**[੩੨੨]-ਵਾ-੧੮
੧੩੦- ਜਿਨਾ ਪਿਰੀ **ਪਿਆਰੁ** ਬਿਨੁ ਦਰਸਨ ਕਿਉ ਤ੍ਰਿਪਤੀਐ ॥ ਨਾਨਕ ਮਿਲੇ ਸੁਭਾਇ ਗੁਰਮੁਖਿ ਇਹੁ ਮਨੁ ਰਹਸੀਐ ॥ ੭ ॥ [੧੪੨੨]
੧੩੧- **ਸੁਣਿ ਸਾਜਨ ਮੇਰੇ ਮੀਤ ਪਿਆਰੇ ॥ ਸਾਧ ਸੰਗਿ ਖਿਨ ਮਾਹਿ ਉਧਾਰੇ ॥**
**ਕਿਲਵਿਖ ਕਾਟਿ ਹੋਆ ਮਨੁ ਨਿਰਮਲੁ ਮਿਟਿ ਗਏ ਆਵਣ ਜਾਣਾ ਜੀਉ ॥ ੩ ॥** [੧੦੩]-੨੨-੨੯
੧੩੨- **ਮਧੁ ਸੂਦਨ ਮੇਰੇ ਮਨ ਤਨ ਪ੍ਰਾਨਾ ॥ ਹਉ ਹਰਿ ਬਿਨੁ ਦੂਜਾ ਅਵਰੁ ਨ ਜਾਨਾ ॥**
**ਕੋਈ ਸਜਣੁ ਸੰਤ ਮਿਲੈ ਵਡਭਾਗੀ ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ ॥ ੧ ॥** [੯੪]-੨
੧੩੩- **ਆਉ ਸਾਜਨ ਸੰਤ ਮੀਤ ਪਿਆਰੇ ॥ ਮਿਲਿ ਗਾਵਹੁ ਗੁਣ ਅਗਮ ਅਪਾਰੇ ॥**
**ਗਾਵਤ ਸੁਣਤ ਸਭੇ ਹੀ ਮੁਕਤੇ ਸੋ ਧਿਆਈਐ ਜਿਨਿ ਹਮ ਕੀਏ ਜੀਉ ॥ ੧ ॥**[੧੦੪]-੨੮-੩੫
੧੩੪- **ਸੁਣਿ ਸੁਣਿ ਸਾਜਨ ਮਨ ਮਿਤ ਪਿਆਰੇ ਜੀਉ ॥ ਮਨੁ ਤਨੁ ਤੇਰਾ ਇਹੁ ਜੀਉ**
**ਭਿ ਵਾਰੇ ਜੀਉ ॥ ਵਿਸਰੁ ਨਾਹੀ ਪ੍ਰਭ ਪ੍ਰਾਣ ਅਧਾਰੇ ਜੀਉ ॥ ਸਦਾ ਤੇਰੀ ਸਰਣਾਈ ਜੀਉ ॥ ੧ ॥**[੨੧੭]-੩-੧੬੮
੧੩੫- **ਜਾਨੀ ਸੰਤ ਕੀ ਮਿਤ੍ਰਾਈ ॥**
**ਕਰਿ ਕਿਰਪਾ ਦੀਨੋ ਹਰਿ ਨਾਮਾ ਪੂਰਬਿ ਸੰਜੋਗਿ ਮਿਲਾਈ ॥ ੧ ॥ ਰਹਾਉ ॥ [੮੯੮]-੩੮-੩੯**
੧੩੬- **ਸਜਣ ਮਿਲੇ ਸਜਣਾ ਜਿਨ ਸਤਿਗੁਰ ਨਾਲਿ ਪਿਆਰੁ ॥**
**ਮਿਲਿ ਪ੍ਰੀਤਮ ਤਿਨੀ ਧਿਆਇਆ ਸਚੈ ਪ੍ਰੇਮਿ ਪਿਆਰੁ ॥ ..... ੧ ॥** [੫੮੭]-ਵਾ-੫
੧੩੭- **ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ ॥ ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ ॥**
**ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ ॥ ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ**
**ਇਕੁ ਤਿਲੁ ਭੀ ਨਾ ਧਰੀਜੈ ॥ ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ ॥**
**ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ ॥ ੧ ॥** [੭੦੩]-ਛੰਤ-੧ [ਤ੍ਰਿਸ਼ਨਾ, ਤ੍ਰੇਹ, ਪਿਆਸ ਦਾ ਇੱਕ ਇਹ ਰੂਪ?]
੧੩੮- **ਮਿਤ੍ਰੁ ਪਿਆਰਾ** ਨਾਨਕ ਜੀ ਮੈ ਛਡਿ ਗਵਾਇਆ ਰੰਗਿ ਕਸੁੰਭੈ ਭਲੀ ॥
ਤਉ ਸਜਣ ਕੀ ਮੈ ਕੀਮ ਨ ਪਉਦੀ ਹਉ ਤੁਧੁ ਬਿਨੁ ਅਢੁ ਨ ਲਹਦੀ ॥ ੧ ॥[੯੬੩]-ਵਾ-੧੩

**ਪ੍ਰੀਤਿ**--

੧੩੯- ਮੂ ਲਾਲਨ ਸਿਉ **ਪ੍ਰੀਤਿ ਬਨੀ** ॥ ਰਹਾਉ ॥ ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ
ਖਿੰਚ ਤਨੀ ॥ ੧ ॥ ਦਿਨਸੁ ਰੈਨਿ ਮਨ ਮਾਹਿ ਬਸਤੁ ਹੈ ਤੂ ਕਰਿ ਕਿਰਪਾ ਪ੍ਰਭ ਅਪਨੀ ॥ ੨ ॥
ਬਲਿ ਬਲਿ ਜਾਉ ਸਿਆਮ ਸੁੰਦਰ ਕਉ ਅਕਥ ਕਥਾ ਜਾ ਕੀ ਬਾਤ ਸੁਨੀ ॥ ੩ ॥
ਜਨ ਨਾਨਕ ਦਾਸਨਿ ਦਾਸੁ ਕਹੀਅਤ ਹੈ ਮੋਹਿ ਕਰਹੁ ਕ੍ਰਿਪਾ ਠਕੁਰ ਅਪੁਨੀ ॥ ੪ ॥[੮੨੭]-੨੮-੧੧੪

੧੪੦- ਜਨ ਕੇ ਸਾਸ ਸਾਸ ਹੈ ਜੇਤੇ ਹਰਿ ਬਿਰਹਿ ਪ੍ਰਭੂ ਹਰਿ ਬੀਧੇ ॥
ਜਿਉ ਜਲ ਕਮਲ **ਪ੍ਰੀਤਿ** ਅਤਿ ਭਾਰੀ ਬਿਨੁ ਜਲ ਦੇਖੇ ਸੁਕਲੀਧੇ ॥ ੨ ॥ [੧੧੭੮]-੩-੫

੧੪੧- **ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ** ॥ ਪ੍ਰਭ ਕੀ **ਪ੍ਰੀਤਿ** ਦੁਖੁ ਲਗੈ ਨ ਕੋਇ ॥
ਪ੍ਰਭ ਕੀ **ਪ੍ਰੀਤਿ** ਹਉਮੈ ਮਲੁ ਖੋਇ ॥ ਪ੍ਰਭ ਕੀ **ਪ੍ਰੀਤਿ** ਸਦ ਨਿਰਮਲ ਹੋਇ ॥ ੧ ॥
ਸੁਨਹੁ ਮੀਤ ਐਸਾ **ਪ੍ਰੇਮ ਪਿਆਰੁ** ॥ ਜੀਅ ਪ੍ਰਾਨ ਘਟ ਘਟ ਆਧਾਰੁ ॥ ੧ ॥ ਰਹਾਉ ॥
ਪ੍ਰਭ ਕੀ ਪ੍ਰੀਤਿ ਭਏ ਸਗਲ ਨਿਧਾਨ ॥ ਪ੍ਰਭ ਕੀ **ਪ੍ਰੀਤਿ** ਰਿਦੈ ਨਿਰਮਲ ਨਾਮ ॥
ਪ੍ਰਭ ਕੀ **ਪ੍ਰੀਤਿ** ਸਦ ਸੋਭਾਵੰਤ ॥ ਪ੍ਰਭ ਕੀ **ਪ੍ਰੀਤਿ** ਸਭ ਮਿਟੀ ਹੈ ਚਿੰਤ ॥ ੨ ॥
ਪ੍ਰਭ ਕੀ **ਪ੍ਰੀਤਿ** ਇਹੁ ਭਵਜਲੁ ਤਰੈ ॥ ਪ੍ਰਭ ਕੀ **ਪ੍ਰੀਤਿ** ਜਮ ਤੇ ਨਹੀਂ ਡਰੈ ॥
ਪ੍ਰਭ ਕੀ **ਪ੍ਰੀਤਿ** ਸਗਲ ਉਧਾਰੈ ॥ ਪ੍ਰਭ ਕੀ **ਪ੍ਰੀਤਿ** ਚਲੈ ਸੰਗਾਰੈ ॥ ੩ ॥ [੩੯੧]-੩੪-੮੫

੧੪੨- **ਪ੍ਰੀਤਿ ਪ੍ਰੀਤਿ** ਗੁਰੀਆ ਮੋਹਨ ਲਾਲਨਾ ॥ ਜਪਿ ਮਨ ਗੋਬਿੰਦ ਏਕੈ ਅਵਰੁ
ਨਹੀ ਕੋ ਲੇਖੈ ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥ ੧ ॥ ਰਹਾਉ ॥[੭੪੬]-੧-੪੪

**ਅਰਥ:--(ਸੰਸ**ਾਰ ਦੀਆਂ) ਪ੍ਰੀਤਾਂ ਵਿਚੋਂ ਵਡ੍ਹੀ (=ਗੁਰੀਆ) ਪ੍ਰੀਤਿ ਮਨ ਨੂੰ ਮੋਹਣ ਵਾਲੇ ਲਾਲ-ਪ੍ਰਭੂ ਦੀ ਹੈ । ਹੇ ਮਨ ! ਕੇਵਲ ਉਸੇ ਪ੍ਰਭੂ ਦਾ ਨਾਮ ਜਪਿਆ ਕਰ । ਹੇ ਭਾਈ ! ਸੰਤ (-ਗੁਰੂ ਗ੍ਰੰਥ ਸਾਹਿਬ ਜੀ) ਦੇ ਚਰਨਾਂ ਨਾਲ ਲੱਗਾ ਰਹੁ, ਅਤੇ ਆਪਣੇ ਮਨ ਵਿਚੋਂ ਡਾਵਾਂਡੋਲ ਰਹਿਣ-ਵਾਲੀ ਦਸ਼ਾ ਦੀ ਪਗਡੰਡੀ (=ਕੁਰੀਆ) ਦੂਰ ਕਰ । ੧ । ਰਹਾਉ ।

੧੪੩- ਪ੍ਰਭ ਮਿਲਬੇ ਕਉ **ਪ੍ਰੀਤਿ** ਮਨਿ ਲਾਗੀ ॥
ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਵਡਭਾਗੀ ॥ ੧ ॥ ਰਹਾਉ ॥੨੦੪]-੨-੧੧੯

੧੪੪- ਜਿਨ ਅੰਦਰਿ **ਪ੍ਰੀਤਿ ਪਿਰੰਮ ਕੀ** ਜਿਉ ਬੋਲਨਿ ਤਿਵੈ ਸੋਹੰਨਿ ॥
ਨਾਨਕ ਹਰਿ ਆਪੇ ਜਾਣਦਾ ਜਿਨਿ ਲਾਈ ਪ੍ਰੀਤਿ ਪਿਰੰਨਿ ॥ ੨ ॥[੩੦੨]-ਵਾ-੪

੧੪੫- ਪ੍ਰੀਤਮ **ਪ੍ਰੀਤਿ** ਲਗੀ ਪ੍ਰਭ ਕੇਰੀ ਜਿਵ ਸੂਰਜੁ ਕਮਲੁ ਨਿਹਾਰੇ ॥
ਮੇਰ ਸੁਮੇਰ ਮੋਰੁ ਬਹੁ ਨਾਚੈ ਜਬ ਉਨਵੈ ਘਨ ਘਨਹਾਰੇ ॥ ੪ ॥[੯੮੩]-੬

੧੪੬- ਬਿਸਰਤ ਨਾਹਿ ਮਨ ਤੇ ਹਰੀ ॥ ਅਬ ਇਹ **ਪ੍ਰੀਤਿ** ਮਹਾ ਪ੍ਰਬਲ ਭਈ ਆਨ ਬਿਖੈ ਜਰੀ ॥ ਰਹਾਉ ॥ [੧੧੨੦]-੧-੯

੧੪੭- ਕਬੀਰ ਹਰਦੀ ਪੀਰਤਨੁ ਹਰੈ, ਚੂਨ ਚਿਹਨੁ ਨ ਰਹਾਇ ॥
ਬਲਿਹਾਰੀ ਇਹ **ਪ੍ਰੀਤਿ** ਕਉ, ਜਿਹ ਜਾਤਿ ਬਰਨੁ ਕੁਲੁ ਜਾਇ ॥ ੫੭ ॥ [੧੩੬੭]

## ਪ੍ਰੇਮ --

੧੪੮- ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ ॥ ੧ ॥ ਮੇਰੈ ਮਨਿ
**ਪ੍ਰੇਮੁ ਲਗੋ ਹਰਿ ਤੀਰ** ॥ ਹਮਰੀ ਬੇਦਨ ਹਰਿ ਪ੍ਰਭੁ ਜਾਨੈ, ਮੇਰੇ ਮਨ ਅੰਤਰ ਕੀ ਪੀਰ ॥ ੧ ॥ ਰਹਾਉ ॥ **[੮੬੧]-੬**

੧੪੯- ਪ੍ਰਿਉ ਪ੍ਰਿਉ **ਪ੍ਰੀਤਿ ਪ੍ਰੇਮਿ** ਉਰਧਾਰੀ ॥ ਦੀਨਾ ਨਾਥੁ ਪੀਉ ਬਨਵਾਰੀ ॥
ਅਨਦਿਨੁ ਨਾਮੁ ਦਾਨੁ ਬ੍ਰਤਕਾਰੀ ॥ ਤ੍ਰਿਪਤਿ ਤਰੰਗ ਤਤੁ ਬੀਚਾਰੀ ॥ ੩ ॥[੧੩੩੧]-੧੪

੧੫੦- ਰੋਮਿ ਰੋਮਿ ਮਨਿ ਤਨਿ ਇਕ ਬੇਦਨ ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ ॥
ਬੈਦਕ ਨਾਟਿਕ ਦੇਖਿ ਭੁਲਾਨੇ ਮੈ ਹਿਰਦੈ ਮਨਿ ਤਨਿ **ਪ੍ਰੇਮ ਪੀਰ** ਲਗਈਆ ॥ ੨ ॥ [੮੩੬]-੬-੯

੧੫੧- ਮੇਰੈ ਮਨਿ ਤਨਿ **ਪ੍ਰੇਮੁ ਪਿਰੰਮ** ਕਾ, ਬਿਨੁ ਦਰਸਨ ਕਿਉ ਮਨੁ ਧੀਰੇ ॥ ੧ ॥ [੫੬੪]-੧੯

੧੫੨- **ਅਕਥ ਕਹਾਣੀ ਪ੍ਰੇਮ ਕੀ** ਕੋ ਪ੍ਰੀਤਮੁ ਆਖੈ ਆਇ ॥
ਤਿਸੁ ਦੇਵਾ ਮਨੁ ਆਪਣਾ, ਨਿਵਿ ਨਿਵਿ ਲਾਗਾ ਪਾਇ ॥ ੧੧ ॥[੭੫੯]-੨-੧

੧੫੩- **ਜਉ ਤਉ ਪ੍ਰੇਮ ਖੇਲਣ ਕਾ ਚਾਉ** ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ ੨੦ ॥[੧੪੧੨]

੧੫੪- **ਅਖੀ ਪ੍ਰੇਮਿ ਕਸਾਈਆ** ਹਰਿ ਹਰਿ ਨਾਮੁ ਪਿਖੰਨਿ ॥
ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨਿ ॥ ੨ ॥[੧੩੧੭]-ਵਾਰ-੧੩

੧੫੫- ਮੈ ਮਨਿ ਚਾਉ ਘਣਾ ਸਾਚਿ ਵਿਗਾਸੀ ਰਾਮ ॥ **ਮੋਹੀ ਪ੍ਰੇਮ ਪਿਰੇ** ਪ੍ਰਭਿ ਅਬਿਨਾਸੀ ਰਾਮ ॥ **........** ੧ ॥ [੮੪੩]-ਛੰਤ-੨

੧੫੬- ਮਤੜੀ ਕਾਂਢ ਕੁਆਹ, ਪਾਵ ਧੋਵੰਦੋ ਪੀਵਸਾ ॥ ਮੂ ਤਨਿ **ਪ੍ਰੇਮੁ ਅਥਾਹ,** ਪਸਣ ਕੂ ਸਚਾ ਧਣੀ ॥ ੩ ॥ [੧੦੯੯]-ਵਾ-੧੫

੧੫੭- ਸੰਮਨ ਜਉ ਇਸ ਪ੍ਰੇਮ ਕੀ ਦਮ ਕਿਹੁ ਹੋਤੀ ਸਾਟ ॥ ਰਾਵਨ ਹੁਤੇ ਸੁ ਰੰਕ
ਨਹਿ ਜਿਨਿ ਸਿਰ ਦੀਨੇ ਕਾਟਿ ॥ ੧ ॥ ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ
ਬੀਚੁ ਨ ਰਾਈ ਹੋਤ ॥ ਚਰਨ ਕਮਲ ਮਨੁ ਬੇਧਿਓ ਬੂਝਨੁ ਸੁਰਤਿ ਸੰਜੋਗ ॥ ੨ ॥[੧੩੬੩]-੨

੧੫੮- ਕਬੀਰ ਤਾ ਸਿਉ ਪ੍ਰੀਤਿ ਕਰਿ, ਜਾ ਕੋ ਠਾਕੁਰੁ ਰਾਮੁ ॥ ਪੰਡਿਤ ਰਾਜੇ ਭੂਪਤੀ, ਆਵਹਿ ਕਉਨੇ ਕਾਮ ॥ ੨੪ ॥[੧੩੬੫]
ਸੁਆਰਥਾਂ ਦੇ ਬੱਧਿਆਂ, ਵਿਖਾਵੇ ਵਾਲੇ ਧਰਮ ਕਰਮ ਕਰਨੇ, ਨਿਸਫ਼ਲ ਹਨ । ਕੇਵਲ ਹਿਰਦੇ ਤੋਂ ਉਪਜੀ ਸੱਚੀ ਪ੍ਰੀਤਿ ਹੀ ਪਰਮਾਤਮਾ ਨਾਲ ਨੇੜਤਾ ਬਣਾ ਸਕਦੀ ਹੈ:--

੧੫੯- ਜਿਨ ਕਉ ਪ੍ਰੀਤਿ ਰਿਦੈ ਹਰਿ ਨਾਹੀ ਤਿਨ ਕੂਰੇ ਗਾਢਨ ਗਾਢੇ ॥
ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ ਤਿਉ ਮਨਮੁਖ ਗਰਭਿ ਗਲਾਢੇ ॥ ੩ ॥[੧੭੧]-੭-੨੧-੫੯

**ਅਰਥ:**--ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਪਿਆਰ ਨਹੀਂ ਹੁੰਦਾ, (ਜੇ ਉਹ ਬਾਹਰ ਲੋਕਾ ਚਾਰੀ ਸ਼ਰਧਾ ਦਾ ਕੋਈ ਵਿਖਾਵਾ ਕਰਦੇ ਹਨ, ਤਾਂ) ਉਹ ਝੂਠੇ ਗੰਢ-ਤੁਪ ਹੀ ਕਰਦੇ ਹਨ । ਜਿਵੇਂ ਪਾਣੀ ਵਿਚ ਪਿਆ ਕਾਗ਼ਜ਼ਗਲ ਜਾਂਦਾ ਹੈ ਤਿਵੇਂ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ (ਪ੍ਰਭੂ-ਪ੍ਰੀਤਿ ਤੋਂ ਸੱਖਣੇ ਹੋਣ ਕਰਕੇ) ਜੂਨਾਂ ਦੇ ਗੇੜ ਵਿਚ ( ਆਪਣੇ ਆਤਮਕ ਜੀਵਨ ਵਲੋਂ) ਗਲ ਜਾਂਦੇ ਹਨ । ੩ ।

੧੬੦- ਮੇਰੈ ਹੀਅਰੈ ਪ੍ਰੀਤਿ ਰਾਮਰਾਇ ਕੀ ਗੁਰਿ ਮਾਰਗੁ ਪੰਥੁ ਬਤਾਇਆ ॥
ਮੇਰਾ ਜੀਉ ਪਿੰਡੁ ਸਭੁ ਸਤਿਗੁਰ ਆਗੈ ਜਿਨਿ ਵਿਛੁੜਿਆ ਹਰਿ ਗਲਿ ਲਾਇਆ ॥ ੨ ॥
ਮੇਰੈ ਅੰਤਰਿ ਪ੍ਰੀਤਿ ਲਗੀ ਦੇਖਨ ਕਉ ਗੁਰਿ ਹਿਰਦੇ ਨਾਲਿ ਦਿਖਾਇਆ ॥
ਸਹਜ ਅਨੰਦੁ ਭਇਆ ਮਨਿ ਮੋਰੈ ਗੁਰ ਆਗੈ ਆਪੁ ਵੇਚਾਇਆ ॥ ੩ ॥[੧੭੨]-੧੧-੨੫-੬੩

**ਅਰਥਾ--**(ਗੁਰੂ ਦੀ ਕਿਰਪਾ ਨਾਲ ਹੀ) ਮੇਰੇ ਹਿਰਦੇ ਵਿਚ ਪਰਮਾਤਮਾ (ਦੇ ਚਰਨਾਂ) ਦੀ ਪ੍ਰੀਤਿ ਪੈਦਾ ਹੋਈ ਹੈ, ਗੁਰੂ ਨੇ (ਹੀ ਪਰਮਾਤਮਾ ਦੇ ਮਿਲਾਪ ਦਾ) ਰਸਤਾ ਦੱਸਿਆ ਹੈ । ਮੈਂ ਆਪਣੀ ਜਿੰਦ ਅਤੇ ਸਰੀਰ ਸਭ ਗੁਰੂ ਦੇ ਅਰਪਨ ਕਰ ਦਿੱਤਾ ਹੈ ਕਿਉਂਕਿ ਗੁਰੂ ਨਰ ਹੀ ਮੈਨੂੰ ਵਿਛੁੜੇ ਹੋਏ ਪਰਮਾਤਮਾ ਦੇ ਗਲ ਲਾਇਆ ਹੈ । ੨ । (ਗੁਰੂ ਦੀ ਕਿਰਪਾ ਨਾਲ ਹੀ) ਮੇਰੇ ਅੰਦਰ ਪਰਮਾਤਮਾ ਦਾ ਦਰਸ਼ਨ ਕਰਨ ਦੀ ਤਾਂਘ ਪੈਦਾ ਹੋਈ, ਗੁਰੂ ਨੇ ਹੀ ਮੇਰੇ ਹਿਰਦੇ ਵਿਚ ਮੇਰੇ ਨਾਲ ਵੱਸਦਾ ਪਰਮਾਤਮਾ ਵਿਖਾ ਦਿੱਤਾ ਹੈ । ਮੇਰੇ ਮਨ ਵਿਚ ਹੁਣ ਆਤਮਕ ਅਡੋਲਤਾ ਦਾ ਸੁਖ ਪੈਦਾ ਹੋ ਗਿਆ ਹੈ, (ਉਸ ਦੇ ਇਵਜ਼ ਵਿਚ) ਮੈਂ ਆਪਣਾ ਆਪ ਗੁਰੂ ਦੇ ਅੱਗੇ ਵੇਚ ਦਿੱਤਾ ਹੈ । ੩ ।

੧੬੧- ਜਿਨਾ ਪਿਰੀ ਪਿਆਰੁ ਕਿਉ ਜੀਵਨਿ ਪਿਰ ਬਾਹਰੇ ॥ ਜਾਂ ਸਹੁ ਦੇਖਨਿ ਆਪਣਾ ਨਾਨਕ ਥੀਵਨਿ
ਭੀ ਹਰੇ ॥ ੮ ॥ ਜਿਨ ਗੁਰਮੁਖਿ ਅੰਦਰਿ ਨੇਹੁ ਤੈ ਪ੍ਰੀਤਮ ਸਚੈ ਲਾਇਆ ॥ ਰਾਤੀ ਅਤੈ ਡੇਹੁ ਨਾਨਕ
ਪ੍ਰੇਮਿ ਸਮਾਇਆ ॥ ੯ ॥ .....ਜਿਨ੍ਾ ਅੰਦਰਿ ਸਚਾ ਨੇਹੁ ਕਿਉ ਜੀਵਨ੍ਿ ਪਿਰੀ ਵਿਹੂਣਿਆ
॥ ਗੁਰਮੁਖਿ ਮੇਲੇ ਆਪਿ ਨਾਨਕ ਚਿਰੀ ਵਿਛੁੰਨਿਆ ॥ ੧੨ ॥[੧੪੨੨]

੧੬੨- ਮੈ ਮਨਿ ਤਨਿ ਪ੍ਰੇਮੁ ਅਗਮ ਠਾਕੁਰ ਕਾ ਖਿਨੁ ਖਿਨੁ ਸਰਧਾ ਮਨਿ ਬਹੁਤੁ ਉਠਈਆ ॥
ਗੁਰ ਦੇਖੇ ਸਰਧਾ ਮਨ ਪੂਰੀ ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ ॥ ੧ ॥
ਮਿਲੁ ਮਿਲੁ ਸਖੀ ਹਰਿ ਕਥਾ ਸੁਨਈਆ ॥ ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ ਮੈ ਤਿਸੁ
ਆਗੈ ਸਿਰੁ ਕਟਿ ਕਟਿ ਪਈਆ ॥ ੧ ॥ ਰਹਾਉ ॥ ਰੋਮਿ ਰੋਮਿ ਮਨਿ ਤਨਿ ਇਕ
ਬੇਦਨ ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ ॥ ਬੈਦਕ ਨਾਟਿਕ ਦੇਖਿ ਭੁਲਾਨੇ ਮੈ
ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ ॥ ੨ ॥ [੮੩੬]-੬-੯

**੧੬੩-** ਰੇ ਮਨ, ਐਸੀ ਹਰਿ ਸਿਉ ਪ੍ਰੀਤਿ ਕਰਿ, ਜੈਸੀ ਜਲ ਕਮਲੇਹਿ ॥ ਲਹਰੀ ਨਾਲਿ ਪਛਾੜੀਐ
ਭੀ ਵਿਗਸੈ ਅਸਨੇਹਿ ॥ ਜਲਿ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ ਤਿਨੇਹਿ ॥ ੧ ॥[੫੯]-੧੧

## ਨੀਹੁ, ਨੇਹੁ,

੧੬੪- ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ ॥ ਜਬਲਗੁ ਰਸੁ ਤਬਲਗੁ ਨਹੀ ਨੇਹੁ ॥ ੧ ॥ ਰਹਾਉ ॥ [੩੨੮]-੨੩

੧੬੫- ਜਿਨਾ ਗੁਰਮੁਖਿ ਅੰਦਰਿ ਨੇਹੁ ਤੈ ਪ੍ਰੀਤਮ ਸਚੈ ਲਾਇਆ ॥ ਰਾਤੀ ਅਤੈ ਡੇਹੁ ਨਾਨਕ ਪ੍ਰੇਮਿ ਸਮਇਆ ॥ ੯ ॥[੧੪੨੨]

੧੬੬- ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥ ਚਲਾ ਤਾ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥ ੨੪ ॥ [੧੩੭੯]

੧੬੭- ਭਿਜਉ ਸਿਜਉ ਕੰਬਲੀ, ਅਲਹ ਵਰਸਉ ਮੇਹੁ ॥ ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥ ੨੫ ॥ [ ੧੩੭੯ ]

੧੬੮- ਨੀਹੁ ਮਹਿੰਜਾ ਤਊ ਨਾਲਿ, ਬਿਆ ਨੇਹ ਕੂੜਾਵੇ ਭੇਖੁ ॥
ਕਪੜ ਭੋਗ ਡਰਾਵਣੇ, ਜਿਚਰੁ ਪਿਰੀ ਨ ਡੇਖੁ ॥ ੨ ॥[੧੦੯੪]-ਵਾਰ-੧

## ਇਸ਼ਕ, ਆਸ਼ਕ-

੧੬੯- ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥ ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ ॥ ੧ ॥ ਰਹਾਉ ॥[੪੮੮]-੧

ਅਰਥ:-- ਜੋ ਮਨੁੱਖ ਰੱਬ ਦੇ ਪਿਆਰ ਵਿਚ ਰੱਤੇ ਹੋਏ ਹਨ, ਜੋ ਮਨੁੱਖ ਰੱਬ ਦੇ ਦੀਦਾਰ ਵਿਚ ਰੰਗੇ ਹੋਏ ਹਨ, (ਉਹੀ ਅਸਲ ਮਨੁੱਖ ਹਨ), ਪਰ ਜਿਨ੍ਹਾਂ ਨੂੰ ਰੱਬ ਦਾ ਨਾਮ ਭੁੱਲ ਗਿਆ ਹੈ ਉਹ ਮਨੁੱਖ ਧਰਤੀ ਉੱਤੇ ਨਿਰਾ ਭਾਰ ਹੀ ਹਨ । ੧ । ਰਹਾਉ

੧੭੦- ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥ ਨਾਨਕ ਆਸਕੁ ਕਾਢੀਐ ਸਦ ਹੀ ਰਹੈ ਸਮਾਇ ॥

ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥ ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥ ੧ ॥[੪੭੪]-ਵਾ-੨੧

੧੭੧- ਗੁਰਮੁਖਿ ਸਚੀ ਆਸਕੀ ਜਿਤੁ ਪ੍ਰੀਤਮੁ ਸਚਾ ਪਾਈਐ ॥
ਅਨਦਿਨੁ ਰਹਹਿ ਅਨੰਦਿ ਨਾਨਕ ਸਹਿਜ ਸਮਾਈਐ ॥ ੧੦ ॥[੧੪੨੨]

੧੭੨- ਆਸਕ ਆਸਾ ਬਾਹਰਾ ਮੂ ਮਨਿ ਵਡੀ ਆਸ ॥
ਆਸ ਨਿਰਾਸਾ ਹਿਕੁ ਤੂ ਹਉ ਬਲਿ ਬਲਿ ਬਲਿ ਗਈਆਸ ॥ ੨ ॥[੧੧੦੦]-ਵਾ-੧੮

## ਮੁਹੱਬਤ

੧੭੩- ਦਿਲਹੁ ਮੁਹਬਤਿ ਜਿੰਨ੍, ਸੇਈ ਸਚਿਆ ॥ ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥ ੧ ॥[੪੮੮]-੧

**ਅਰਥ**:-ਜਿੰਨ੍ਹਾਂ ਮਨੁੱਖਾਂ ਦਾ ਰੱਬ ਨਾਲ ਦਿਲੋਂ ਪਿਆਰ ਹੈ, ਉਹੀ ਸੱਚੇ ਆਸ਼ਕ (ਪਿਆਰ ਕਰਨ ਵਾਲੇ) ਹਨ, ਪਰ ਜਿਨ੍ਹਾਂ ਦੇ ਮਨ ਵਿਚ ਹੋਰ ਮੂੰਹੋਂ ਕੁਝ ਹੋਰ ਆਖਦੇ ਹਨ ਉਹ ਕੱਚੇ (ਆਸ਼ਕ) ਆਖੇ ਜਾਂਦੇ ਹਨ । ੧ । ।

੧੭੪- ਮੁਹਬਤਿ ਜਿਸੁ ਖੁਦਾਇ ਦੀ ਰਤਾ ਰੰਗਿ ਚਲੂਲਿ ॥
ਨਾਨਕ ਵਿਰਲੇ ਪਾਈਅਹਿ ਤਿਸੁ ਜਨ ਕੀਮ ਨ ਮੂਲਿ ॥ ੧ ॥[੯੬੬]-ਵਾ-੨੨

੧੭੫- ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ ॥
ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ਹਰਿ ਨਾਨਕ ਤੁਲਹਾ ਬੇੜੀ ॥ ੧ ॥[੫੨੦]-ਵਾ-੯

**ਅਰਥ**:--(ਸੰਸਾਰ -) ਨਦੀ ਵਿਚ ਤਰਦੀ ਦਾ ਮੇਰਾ ਮੈਰ (ਮੋਹ ਦੇ ਚਿੱਕੜ ਵਿਚ) ਨਹੀਂ ਖੁੱਭਦਾ, ਕਿਉਂਕਿ ਮੇਰੇ ਹਿਰਦੇ ਵਿਚ ਤੇਰੀ ਪ੍ਰੀਤਿ ਹੈ। ਹੇ ਪਤੀ (ਪ੍ਰਭੂ) ! ਮੈਂ ਆਪਣਾ ਇਹ ਨਿਮਾਣਾ ਜਿਹਾ ਦਿਲ ਤੇਰੇ ਚਰਨਾਂ ਵਿਚ ਪ੍ਰੋ ਲਿਆ ਹੈ, ਹੇ ਹਰੀ ! (ਸੰਸਾਰ-ਸਮੁੰਦਰ ਵਿਚੋਂ ਤਰਨ ਲਈਮ ਤੂ ਹੀ) ਨਾਨਕ ਦਾ ਤੁਲ੍ਹਾ ਹੈਂ ਤੇ ਬੇੜੀ ਹੈਂ । ੧ ।

੧੭੬- ਮੀਰਾਂ ਦਾਨਾਂ ਦਿਲ ਸੋਚ ॥ ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ ॥ ੧ ॥ ਰਹਾਉ ॥[੭੨੪]-੫

ਅਰਥ:--ਹੇ ਸਰਦਾਰ ! ਹੇ ਸਿਆਣੇ ! ਹੇ (ਜੀਵਾਂ ਦੇ) ਦਿਲਾਂ ਨੂੰ ਪਵਿੱਤ੍ਰ ਕਰਨ ਵਾਲੇ ! ਹੇ ਸਦਾ-ਥਿਰ ਸ਼ਾਹ ! ਬੰਧਨਾਂ ਤੋਂ ਛੁਡਾਲਉਣ ਵਾਲੇ ! ਤੇਰੀ ਮੁਹੱਬਤ ਮੇਰੇ ਮਨ ਵਿਚ ਮੇਰੇ ਹਿਰਦੇ ਵਿਚ ਵੱਸ ਰਹੀ ਹੈ । ੧ । ਰਹਾਉ ।

**ਮੋਹ ਪਦ ਦੀ ਵਰਤੋਂ** ਵਾਲੇ ਕੁਝ ਹੋਰ ਗੁਰੂ ਸ਼ਬਦਾਂ ਦੀ ਸੂਚੀ:--

੧੭੭- ਸੁਇਨੇ ਕਾ ਬਿਰਖੁ ਪਤ ਪਰਵਾਲਾ ਫੁਲ ਜਵੇਹਰ ਲਾਲ ॥ ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ ॥ ਨਾਨਕ ਕਰਮੁ ਹੋਵੈ ਮੁਖਿ ਮਸਤਕਿ ਲਿਖਿਆ ਹੋਵੈ ਲੇਖੁ ॥ ਅਠਿਸਠਿ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ ॥ ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥ ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥ ੨ ॥ [੧੪੭]-ਵਾ-੨੦

# ਛੇਵਾਂ ਕਾਂਡ

੧

## ਬਿਰਹਾ ਤੂ ਸੁਲਤਾਨ ॥

ਪਿਆਰੇ ਦੇ ਵਿਛੋੜੇ ਵਿਚ ਹਿਰਦੇ ਦਾ ਦੁਖ ਬਿਰਹਾ ਹੈ। ਗੁਰਬਾਣੀ ਅਨੁਸਾਰ ਮਨੁੱਖ ਨੂੰ ਕਿਸ ਦੇ ਵਿਛੋੜੇ ਤੋਂ ਬਿਰਹੀ ਹੋਣ ਦੀ ਲੋੜ ਹੈ ? ਗੁਰਮੁਖਿ ਜੀਵ ਇਸਤ੍ਰੀ ਦਾ ਬਿਰਹਾ-ਵਿਜੋਗ ਦਾ ਸੱਲ:--

੧- ਬਈਅਰਿ ਬੋਲੈ ਮੀਠੁਲੀ ਭਾਈ ਸਾਚੁ ਕਹੈ ਪਿਰ ਭਾਇ ॥
ਬਿਰਹੈ ਬੇਧੀ ਸਚਿ ਵਸੀ ਭਾਈ ਅਧਿਕ ਰਹੀ ਹਰਿ ਨਾਇ ॥ ੮ ॥[੬੩੭]-੪

**ਅਰਥ**:--ਜਿਹੜੀ ਜੀਵਇਸਤ੍ਰੀ, (ਪਰਮਾਤਮਾ ਦੀ ਸਿਫ਼ਤਿ ਸਾਲਾਹ ਦੇ) ਬੋਲ ਬੋਲਦੀ ਹੈ ਸਦਾ-ਥਿਰ ਪ੍ਰਭੂ ਦਾ ਸਿਮਰਨ ਕਰਦੀ ਹੈ ਪਤੀ-ਪ੍ਰਭੂ ਦੇ ਪ੍ਰੇਮ ਵਿਚ (ਮਗਨ ਰਹਿੰਦੀ ਹੈ), ਉਹ ਪ੍ਰਭੂ-ਪ੍ਰੇਮ ਵਿਚ ਵਿੱਝੀ ਹੋਈ ਜੀਵ-ਇਸਤ੍ਰੀ ਸਾਦ-ਥਿਰ ਪ੍ਰਭੂ ਵਿਚ ਟਿਕੀ ਰਹਿੰਦੀ ਹੈ, ਉਹ ਬਹੁਤ ਪ੍ਰੇਮ ਕਰਕੇ ਪ੍ਰਭੂ ਦੇ ਨਾਮ ਵਿਚ ਜੁੜੀ ਰਹਿੰਦੀ ਹੈ । ੮ ।

੨- ਮੈ ਹਰਿ ਨਾਮੈ ਹਰਿ ਬਿਰਹੁ ਲਗਾਈ ਜੀਉ ॥ ਮੇਰਾ ਹਰਿ ਪ੍ਰਭੁ ਮਿਤੁ ਮਿਲੈ ਸੁਖੁ ਪਾਈ ਜੀਉ ॥
ਹਰਿ ਪ੍ਰਭੁ ਦੇਖਿ ਜੀਵਾ ਮੇਰੀ ਮਾਈ ਜੀਉ ॥ ਮੇਰਾ ਨਾਮੁ ਸਖਾ ਹਰਿ ਭਾਈ ਜੀਉ ॥ ੧ ॥ [੧੭੫]-੫-੩੧-੬੯

੩- ਮੇਰਾ ਬਿਰਹੀ ਨਾਮੁ ਮਿਲੈ ਤਾ ਜੀਵਾ ਜੀਉ ॥ ਮਨ ਅੰਦਰਿ ਅੰਮ੍ਰਿਤੁ ਗੁਰਮਤਿ ਹਰਿ ਲੀਵਾ ਜੀਉ ॥
ਮਨੁ ਹਰਿ ਰੰਗਿ ਰਤੜਾ ਹਰਿ ਰਸੁ ਸਦਾ ਪੀਵਾ ਜੀਉ ॥ ਹਰਿ ਪਾਇਅੜਾ ਮਨਿ ਜੀਵਾ ਜੀਉ ॥ ੧ ॥[੧੭੫]-੬-੨੦-੧੮-

**ਡੂੰਘੀ ਪ੍ਰੀਤ** ਨੂੰ ਵੀ ਬਿਰਹਾ ਹੀ ਕਿਹਾ ਗਿਆ ਹੈ, ਪਰ ਪ੍ਰਭੂ-ਨਾਮ ਦੇ ਥਾਂ ਮਾਇਕ ਪਦਾਰਥਾਂ ਨਾਲ ਅਜੇਹੀ ਪ੍ਰੀਤ, ਸਤਿਗੁਰਾਂ ਨੂੰ ਨਹੀਂ ਭਾਉਂਦੀ:--

੫- ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ ॥
ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ ॥ ੧ ॥[੩੧੯]-ਵਾ-੭

**ਅਰਥ**:--(ਅੱਕ ਦੀਆਂ) ਕੱਕੜੀਆਂ (ਤਦ ਤਕ) ਸੋਹਣੀਆਂ ਹਨ (ਜਦ ਤੱਕ) ਅੱਕ ਦੇ ਗਲ ਨਾਲ (ਭਾ, ਟਹਣੀ ਨਾਲ) ਲੱਗੀਆਂ ਹਨ, ਪਰ ਹੇ ਨਾਨਕ ! ਮਾਲਕ (ਅੱਕ) ਨਾਲੋਂ ਜਦੋਂ ਵਿਜੋਗ ਵਿਛੋੜਾ ਹੋ ਜਾਂਦਾ ਹੈ ਤਾਂ ਉਨ੍ਹਾਂ ਦੇ ਹਜ਼ਾਰਾਂ ਤੁੰਬੇ ਹੋ ਜਾਂਦੇ ਹਨ । ੧ ।

੬- **ਮੋਰੀ ਰੁਣਝੁਣ ਲਾਇਆ ਭੈਣੇ ਸਾਵਣੁ ਆਇਆ ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥ ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥ ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥ ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥ ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥ ਨ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥ ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥ ਸਭ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥ ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥ ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ ॥ ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥ ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥ ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥ ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥ ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥ ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥ ੧ ॥** [੫੫੭]-੩

ਅਰਥ:--ਹੇ ਭੈਣ ! ਸਾਵਣ (ਦਾ ਮਹੀਨਾ) ਆ ਗਿਆ ਹੈ (ਸਾਵਣ ਦੀਆਂ ਕਾਲੀਆਂ ਘਟਾਂ ਵੇਖ ਕੇ ਸੋਹਣੇ) ਮੋਰਾਂ ਨੇ ਮਿਠੇ ਗੀਤ ਸ਼ੁਰੂ ਕਰ ਦਿੱਤੇ ਹਨ, (ਤੇ ਪੈਲਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ)। (ਹੇ ਪ੍ਰਭੂ) ਤੇਰੀ ਇਹ ਸੋਹਣੀ ਕੁਦਰਤਿ ਮੈਂ ਜੀਵ-ਇਸਤ੍ਰੀ ਵਾਸਤੇ, ਮਾਨੋ ਕਟਾਰ ਹੈ (ਜੋ ਮੇਰੇ ਅੰਦਰ ਬਿਰਹੋਂ ਦੀ ਚੋਟ ਲਾ ਰਿਹਾ ਹੈ) ਫਾਹੀ ਹੈ , ਇਸ ਨੇ ਮੈਨੂੰ ਤੇਰੇ ਦੀਦਾਰ ਦੀ ਪ੍ਰੇਮਣ ਨੂੰ ਮੋਹ ਲਿਆ ਹੈ (ਤੇ ਮੈਨੂੰ ਤੇਰੇ ਚਰਨਾਂ ਵਿਚ ਖਿੱਚੀ ਜਾ ਰਿਹਾ ਹੈ) । (ਹੇ ਪ੍ਰਭੂ !) ਤੇਰੇ ਇਸ ਸੋਹਣੇ ਸਰੂਪ ਤੋਂ ਜੋ ਹੁਣ ਦਿੱਸ ਰਿਹਾ ਹੈ,, ਮੈਂ ਸਦਕੇ ਹਾਂ (ਤੇਰਾ ਇਹ ਸਰੂਪ ਮੈਨੂੰ ਤੇਰਾ ਨਾਮ ਚੇਤੇ ਕਰਾ ਰਿਹਾ ਹੈ, ਤੇ) ਮੈਂ ਤੇਰੇ ਨਾਮ ਤੋਂ ਕੁਰਬਾਨ ਹਾਂ । (ਹੇ ਪ੍ਰਭੂ !) ਕਿਉਂਕਿ ਤੂੰ (ਇਸ ਕੁਦਰਤਿ ਵਿਚ ਮੈਨੂੰ ਦਿੱਸ ਰਿਹਾ ਹੈਂ) ਮੈਂ ਇਸ ਆਖਣ ਦਾ ਹੌਸਲਾ ਕੀਤਾ ਹੈ (ਕਿ ਤੇਰੀ ਕੁਦਰਤਿ ਸੁਹਾਵਣੀ ਹੈ) । ਜੇ ਕੁਦਰਤਿ ਵਿਚ ਤੂੰ ਨ ਦਿੱਸੇ ਤਾਂ ਇਹ ਆਖਣ ਵਿਚ ਕੀ ਸਵਾਦ ਰਹਿ ਜਾਏ ਕਿ ਇਹ ਕੁਦਰਤਿ ਸੋਹਣੀ ਹੈ ?

ਹੇ ਭੋਲੀ ਇਸਤ੍ਰੀਏ ! (ਤੂੰ ਪਤੀ ਨੂੰ ਮਿਲਣ ਲਈ ਆਪਣੀਆਂ ਬਾਹਾਂ ਵਿਚ ਚੂੜਾ ਪਾਇਆ, ਤੇ ਹੋਰ ਵੀ ਕਈ ਸ਼ਿੰਗਾਰ ਕੀਤੇ ਪਰ) ਹੇ ਇਤਨੇ ਸ਼ਿੰਗਾਰ ਕਰਦੀਏ ਨਾਰੇ ! ਜੇ ਤੇਰਾ ਪਤੀ ( ਫਿਰ ਵੀ) ਹੋਰਨਾਂ ਨਾਲ ਹੀ ਪਿਆਰ ਕਰਦਾ ਰਿਹਾ (ਤਾਂ ਤੇਰੇ ਇਨ੍ਹਾਂ ਸ਼ਿੰਗਾਰਾਂ ਦਾ ਕੀ ਲਾਭ ? ਫਿਰ) ਪਲੰਘ ਨਾਲ ਮਾਰ ਕੇ ਆਪਣਾ ਚੂੜਾ ਭੰਨ ਦੇ, ਪਲੰਘ ਦੀਆਂ ਹੀਆਂ ਭੀ ਭੰਨ ਦੇ ਤੇ ਆਪਣੀਆਂ ਸਜਰੀਆਂ ਸਾਜੀਆਂ ਬਾਹਾਂ ਭੀ ਭੰਨ ਦੇ ਕਿਉਂਕਿ ਨਾ ਇਨ੍ਹਾਂ ਬਾਹਾਂ ਨੂੰ ਸਜਾਉਣ ਵਾਲਾ ਮਨਿਆ ਹੀ ਤੇਰਾ ਕੁਝ ਸਵਾਰ ਸਕਿਆ, ਨਾ ਹੀ ਉਸ ਦੀਆਂ ਦਿੱਤੀਆਂ ਚੂੜੀਆਂ ਤੇ ਵੰਗਾਂ ਕਿਸੇ ਕੰਮ ਆਈਆਂ। ਸੜ ਜਾਣ ਉਹ (ਸਾਜੀਆਂ) ਬਾਹਾਂ ਜੋ ਖ਼ਸਮ ਦੇ ਗਲ ਨਾ ਲੱਗ ਸਕੀਆਂ। (ਭਾਵ, ਜੇ ਜੀਵ-ਇਸਤ੍ਰੀ ਸਾਰੀ ਉਮਰ ਧਾਰਮਿਕ ਭੇਖ ਕਰਨ ਵਿਚ ਹੀ ਗੁਜ਼ਾਰ ਦੇਵੇ, ਇਸ ਨੂੰ ਧਰਮ-ਉਪਦੇਸ਼ ਦੇਣ ਵਾਲਾ ਵੀ ਬਾਹਰਲੇ ਭੇਖ ਵਲ ਹੀ ਪ੍ਰੇਰਦਾ ਰਹੇ, ਤਾਂ ਇਹ ਸਾਰੇ ਉੱਦਮ ਵਿਅਰਥ ਚਲੇ ਗਏ, ਕਿਉਂਕਿ ਧਾਰਮਿਕ ਭੇਖਾਂ ਨਾਲ ਪਰਮਾਤਮਾ ਨੂੰ ਪ੍ਰਸੰਨ ਨਹੀਂ ਕਰ ਸਕੀਦਾ । ਉਸ ਦੇ ਨਾਲ ਤਾਂ ਸਿਰਫ਼ ਆਤਮਕ ਮਿਲਾਪ ਹੀ ਹੋ ਸਕਦਾ ਹੈ) ।

(ਪ੍ਰਭੂ-ਚਰਨਾਂ ਵਿਚ ਜੁੜਨ ਵਾਲੀਆਂ) ਸਾਰੀਆਂ ਸਹੇਲੀਆਂ (ਤਾਂ) ਪ੍ਰਭੂ-ਪਤੀ ਨੂੰ ਪ੍ਰਸੰਨ ਕਰਨ ਦੇ ਜਤਨ ਕਰ ਰਹੀਆਂ ਹਨ (ਪਰ ਮੈਂ ਜੇਹੜੀ ਨਿਰੇ ਵਿਖਾਵੇ ਦੇ ਹੀ ਧਰਮ--ਭੇਖ ਕਰਦੀ ਰਹੀ) ਮੈ ਸੜੇ ਕਰਮਾਂ ਵਾਲੀ ਕਿਸ ਦੇ ਦਰ ਤੇ ਜਾਵਾਂ ? ਹੇ ਸਖੀ ! ਮੈ (ਇਨ੍ਹਾਂ ਧਰਮ-ਭੇਖਾਂ ਤੇ ਹੀ ਟੇਕ ਰੱਖ ਕੇ) ਆਪਣੇ ਵਲੋਂ ਤਾਂ ਬੜੀ ਚੰਗੀ ਕਰਤੂਤ ਵਾਲੀ ਬਣੀ ਬੈਠੀ ਹਾਂ। ਪਰ, ਹੇ ਪ੍ਰਭੂ-ਪਤੀ ! ਕਿਸੇ ਇੱਕ ਵੀ ਗੁਣ ਕਰ ਕੇ ਮੈਂ ਤੈਨੂੰ ਪਸੰਦ ਨਹੀਂ ਆ ਰਹੀ । ਮੈ ਸਵਾਰ ਕੇ ਪੱਟੀਆਂ ਗੁੰਦਦੀ ਹਾਂ, ਮੇਰੀਆਂ ਪੱਟੀਆਂ ਦੇ ਚੀਰ ਵਿਚ ਸੰਧੂਰ ਵੀ ਭਰਿਆ ਜਾਂਦਾ ਹੈ, ਪਰ ਤੇਰੀ ਹਜ਼ੂਰੀ ਵਿਚ ਮੈਂ ਫਿਰ ਵੀ ਪ੍ਰਵਾਨ ਨਹੀਂ ਹੋ ਰਹੀ, (ਇਸ ਲਈ) ਝੂਰ ਝੂਰ ਕੇ ਮਰ ਰਹੀ ਹਾਂ।

(ਪ੍ਰਭੂ ਪਤੀ ਤੋਂ ਵਿਛੁੜ ਕੇ) ਮੈਂ ਇਤਨੀ ਦੁਖੀ ਹੋ ਰਹੀ ਹਾਂ ਕਿ ਸਾਰਾ ਜਗਤ ਮੇਰੇ ਉਤੇ ਤਰਸ ਕਰ ਰਿਹਾ ਹੈ, ਜੰਗਲ ਦੇ ਪੰਛੀ ਵੀ (ਮੇਰੀ ਦੁਖੀ ਹਾਲਤ ਤੇ) ਤਰਸ ਕਰ ਰਹੇ ਹਨ। ਸਿਰਫ਼ ਇਹ ਮੇਰੇ ਅੰਦਰਲਾ ਵਿਛੋੜਾ ਹੀ ਹੈ ਜੋ ਤਰਸ ਨਹੀਂ ਕਰਦਾ (ਜੋ ਮੇਰੀ ਖ਼ਲਾਸੀ ਨਹੀਂ ਕਰਦਾ), ਇਸ ਨੇ ਮੈਨੂੰ ਪ੍ਰਭੂ-ਪਤੀ ਤੋਂ ਵਿਛੋੜਿਆ ਹੋਇਆ ਹੈ।

(ਹੇ ਪ੍ਰਭੂ ਪਤੀ !) ਮੈਨੂੰ ਤੂੰ ਸੁਪਨੇ ਵਿਚ ਮਿਲਿਆ (ਸੁਪਨਾ ਮੁੱਕਿਆ, ਤੇ ਤੂੰ) ਫਿਰ ਚਲਾ ਗਿਆ, (ਵਿਛੋੜੇ ਦੇ ਦੁੱਖ ਵਿਚ) ਮੈਂ ਹੰਝੂ ਭਰ ਕੇ ਰੋਈ । ਹੇ ਪਿਆਰੇ ! ਮੈਂ ਨਿਮਾਣੀ ਤੇਰੇ ਪਾਸ ਅੱਪੜ ਨਹੀਂ ਸਕਦੀ, ਮੈਂ (ਗ਼ਰੀਬ) ਕਿਸੇ ਨੂੰ ਤੇਰੇ ਕੋਲ ਘੱਲ ਨਹੀਂ ਸਕਦੀ (ਜੋ ਮੇਰੀ ਹਾਲਤ ਤੈਨੂੰ ਦੱਸੇ । ਨੀਂਦ ਅੱਗੇ ਹੀ ਤਰਲੇ ਕਰਦੀ ਹਾਂ--) ਹੇ ਭਗਾਂ ਵਾਲੀ ਸੋਹਣੀ ਨੀਂਦ ! ਤੂੰ ਹੀ ਮੇਰੇ ਕੋਲ ਆ ਸ਼ਇਦ ਤੇਰੀ ਰਾਹੀਂ ਹੀ) ਮੈਂ ਆਪਣੇ ਖਸਮ-ਪ੍ਰਭੂ ਦਾ ਦੀਦਾਰ ਕਰ ਸਕਾਂ ।

ਹੇ ਨਾਨਕ ! (ਪ੍ਰਭੂ-ਦਰ ਤੇ) ਆਖ--ਹੇ ਮੇਰੇ ਨਾਲਕ ! ਜੇ ਕੋਈ ਗੁਰਮੁਖਿ ਮੈਨੂੰ ਤੇਰੀ ਕੋਈ ਗੱਲ ਸੁਣਾਏ ਤਾਂ ਮੈਂ ਉਸ ਅੱਗੇ ਕੇਹੜੀ ਭੇਟ ਧਰਾਂ। ਆਪਣਾ ਸਿਰ ਵੱਢ ਕੇ ਮੈ ਉਸ ਦੇ ਬੈਠਣ ਲਈ ਆਸਣ ਬਣਾ ਦਿਆਂ (ਭਾਵ) ਆਪਾ-ਭਾਵ ਦੂਰ ਕਰ ਕੇ ਮੈਂ ਉਸ ਦੀ ਸੇਵਾ ਕਰਾਂ । ਜਦੋਂ ਸਾਡਾ ਪ੍ਰਭੂ-ਪਤੀ (ਸਾਡੀ ਮੂਰਖਤਾ ਦੇ ਕਾਰਨ) ਸਾਥੋਂ ਓਪਰਾ ਹੋ ਜਾਏ (ਤਾਂ ਉਸ ਨੂੰ ਮੁੜ ਆਪਣਾ ਬਨਾਉਣ ਲਈ ਇਹੀ ਤਰੀਕਾ ਹੈ ਕਿ) ਅਸੀਂ ਆ-ਭਾਵ ਮਾਰ ਦੇਈਏ, ਤੇ ਆਪਣੀ ਜਿੰਦ ਉਸ ਤੋਂ ਸਦਕੇ ਕਰ ਦੇਈਏ । ੧ ।

੭- **ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ ॥ ਮਨੁ ਨ ਰਹੈ ਕੈਸੇ ਮਿਲਉ ਪਿਆਰੇ ॥ ੧ ॥ ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ ॥ ਦਰਸਨ ਕੀ ਮਨਿ ਆਸ ਘਨੇਰੀ ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ ॥ ੧ ॥ ਰਹਾਉ ॥ ਚਾਰਿ ਪਹਰ ਚਹੁ ਜੁਗਹ ਸਮਾਨੇ ॥ ਰੈਣਿ ਭਈ ਤਬ ਅੰਤੁ ਨ ਜਾਨੇ ॥ ੨ ॥ ਪੰਚ ਦੂਤ ਮਿਲਿ ਪਿਰਹੁ ਵਿਛੋੜੀ ॥ ਭ੍ਰਮਿ ਭ੍ਰਮਿ ਰੋਵੈ ਹਾਥ ਪਛੋੜੀ ॥ ੩ ॥ ਜਨ ਨਾਨਕ ਕਉ ਹਰਿ ਦਰਸੁ ਦਿਖਾਇਆ ॥ ਆਤਮੁ ਚੀਨਿ ਪਰਮ ਸੁਖੁ ਪਾਇਆ ॥ ੪ ॥** [੩੭੪]-੧੫

੮- **ਵੰਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ ॥ ਰਾਵਉ ਸਹੁ ਆਪਨੜਾ ਪ੍ਰਭ ਸੰਗਿ ਸੋਹੰਤੀ ॥ ਸੰਗੇ ਸੋਹੰਤੀ ਕੰਤ ਸੁਆਮੀ ਦਿਨਸੁ ਰੈਣੀ ਰਾਵੀਐ ॥ ਸਾਸਿ ਸਾਸਿ ਚਿਤਾਰਿ ਜੀਵਾ ਪ੍ਰਭੁ ਪੇਖਿ ਹਰਿ ਗੁਣ ਗਾਵੀਐ ॥ ਬਿਰਹਾ ਲਜਾਇਆ ਦਰਸੁ ਪਾਇਆ ਅਮਿਉ ਦ੍ਰਿਸਟਿ ਸਿੰਚੰਤੀ ॥ ਬਿਨਵੰਤਿ ਨਾਨਕੁ ਮੇਰੀ ਇਛ ਪੁੰਨੀ ਮਿਲੇ ਜਿਸੁ ਖੋਜੰਤੀ ॥ ੧ ॥** [੪੬੦]-੩-੧੨

੯- ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ ਰਾਮ ॥ ਹਉ ਮਨੁ ਤਨੁ ਹਉ ਮਨੁ ਤਨੁ ਦੇਵਾ ਤਿਸੁ ਕਾਟਿ ਸਰੀਰਾ ਰਾਮ ॥ ਹਉ ਮਨੁ ਤਨੁ ਕਾਟਿ ਕਾਟਿ ਤਿਸੁ ਦੇਈ ਜੋ ਸਤਿਗੁਰ ਬਚਨ ਸੁਣਾਏ ॥ ਮੇਰੈ ਮਨਿ ਬੈਰਾਗੁ ਭਇਆ ਬੈਰਾਗੀ ਮਿਲਿ ਗੁਰ ਦਰਸਨਿ ਸੁਖੁ ਪਾਏ ॥ ਹਰਿ ਹਰਿ ਕ੍ਰਿਪਾ ਕਰਹੁ ਸੁਖਦਾਤੇ, ਦੇਹੁ ਸਤਿਗੁਰ ਚਰਨ ਹਮ ਧੂਰਾ ॥ ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰ ਪੂਰਾ ॥ ੩ ॥[੫੭੨]-ਛੰਤ-੧

੧੦- ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥ ਬਾਵਲਿ ਹੋਈ ਸੋ ਸਹੁ ਲੋਰਉ ॥ ਤੈ ਸਹਿ ਮਨ ਮਹਿ ਕੀਆ ਰੋਸੁ ॥ ਮੁਝੁ ਅਵਗਨ ਸਹ ਨਾਹੀ ਦੋਸੁ ॥ ੧ ॥ ਤੈ ਸਾਹਿਬ ਕੀ ਮੈ ਸਾਰ ਨਾ ਜਾਨੀ ॥ ਜੋਬਨੁ ਖੋਇ ਪਾਛੈ ਪਛੁਤਾਨੀ ॥ ੧ ॥ ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥ ਅਪਨੇ ਪ੍ਰੀਤਮ ਕੇ **ਹਉ ਬਿਰਹੈ ਜਾਲੀ** ॥ ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥ ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥ ੨ ॥ ਵਿਧਣ ਖੂਹੀ ਮੁੰਧ ਇਕੇਲੀ ॥ ਨਾ ਕੋ ਸਾਥੀ ਨਾ ਕੋ ਬੇਲੀ ॥ ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ ॥ ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥ ੩ ॥ ਵਾਟ ਹਮਾਰੀ ਖਰੀ ਉਡੀਣੀ ॥ ਖੰਨਿਅਹੁ ਤਿਖੀ ਬਹੁਤੁ ਪਿਈਣੀ ॥ ਉਸੁ ਊਪਰਿ ਹੈ ਮਾਰਗੁ ਮੇਰਾ ॥ ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥੪॥[੭੯੪]-੧

੧੧- **ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥**
**ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥ ੩੬ ॥** [੧੩੭੯]

੧੨- **ਸਭ ਕੀ ਰੇਨੁ ਹਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ ॥**
**ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮ੍ਹਾਰੇ ॥ ੨ ॥**[੩੭੯]-੩੬

[ਬਿਰਹਲ ਪ੍ਰਤੀ ੫੨ ਹੋਰ ਗੁਰੂ ਬਾਣੀ ਸ਼ਬਦਾਂ ਦੀ ਸੂਚੀ ਲਿਖ ਰੱਖੀ ਹੈ]--

੨

## ਪਿਆਰਾ, ਮਿੱਤ੍ਰ, ਸੱਜਣ

**ਮੀਤੁ ਕਰੈ ਸੋਈ ਹਮ ਮਾਨਾ ॥ ਮੀਤ ਕੇ ਕਰਤਬ ਕੁਸਲ ਸਮਾਨਾ ॥੧॥**
**ਏਕਾ ਟੇਕ ਮੇਰੈ ਮਨਿ ਚੀਤ ॥ ਜਿਸੁ ਕਿਛੁ ਕਰਣਾ ਸੁ ਹਮਰਾ ਮੀਤ ॥੧॥ਰਹਾਉ॥**[੧੮੭]-੪੦-੧੦੯

ਕਾਮ, ਲੋਭ, ਮੋਹ ਤਿੰਨਾਂ ਦੇ ਮਿਲਵੇਂ ਪ੍ਰਭਾਵ ਹੇਠ ਅਥਵਾ ਕੇਵਲ ਲੋਭ ਕਾਰਨ ਕਿਸੇ ਸੁਆਰਥ ਸਿੱਧੀ ਦੀ ਮੰਦ ਭਾਵਣਾ ਦੇ ਗੰਦ ਨਾਲ ਲਿੱਬੜੇ ਮਨ ਵਾਲਿਆਂ ਦੀ ਗੱਲ ਨਹੀਂ ਹੈ, ਪਰ ਸੱਚੀ ਦੋਸਤੀ, ਦਿਲੀ ਮਿਤ੍ਰਤਾਈ ਅਤੇ ਸੱਜਣਤਾਈ ਦਾ ਮਹਲ ਮੋਹ-ਪਿਆਰ ਦੀ ਨੀਂਹ ਤੇ ਹੀ ਉਸੱਰਦਾ ਹੈ । ਦੋਸਤੀ ਬਣਨ ਤੋਂ ਪਹਿਲਾਂ ਮੋਹ-ਪਿਆਰ ਦਾ ਅੰਕੁਰ ਜ਼ਰੂਰ ਫੁੱਟਦਾ ਹੈ ਭਾਵੇਂ ਉਹ ਕੇਵਲ ਗੁਣਾ ਦੇ ਕਾਰਨ ਜਾਗਿਆ ਹੋਵੇ, ਤੇ ਭਾਵੇਂ ਸੋਹਣੀ ਮਨਮੋਹਣੀ ਸੂਰਤ ਮੂਰਤ ਨੇ ਖਿੱਚ ਪਾਈ ਹੋਵੇ। ਆਉ ਸਤਿਗੁਰਾਂ ਦੀ ਸੇਵਾ ਵਿਚ ਹਾਜ਼ਰ ਹੋ ਕੇ ਮਿੱਤਰ ਬਣਾਉਣ ਦੀ ਜਾਚ ਸਿਖੀਏ ।

**ਲੋਭ ਅਥਵਾ ਮੋਹ ਦੇ ਕਾਰਨ ਬਣੀ ਸੰਸਾਰੀ ਮਿਤ੍ਰਤਾਈ ਅਤੇ ਗੁਰਮਤਿ:--**

੧੩- ਸਭੁ ਜਗੁ ਚਲਤਉ ਪੇਖੀਐ ਨਿਹਚਲੁ ਹਰਿ ਕੋ ਨਾਉ ॥ ਕਰਿ **ਮਿਤ੍ਰਾਈ** ਸਾਧ ਸਿਉ ਨਿਹਚਲੁ ਪਾਵਹਿ ਠਾਉ ॥ ੪ ॥ **ਮੀਤ ਸਾਜਨ** ਸੁਤ ਬੰਧਪਾ ਕੋਊ ਹੋਤ ਨ ਸਾਥ ॥ ਏਕੁ ਨਿਵਾਹੂ ਰਾਮਨਾਮ ਦੀਨਾ ਕਾ ਪ੍ਰਭੁ ਨਾਥ ॥ ੫ ॥[੪੩੧]-੧-੨

੧੪- **ਜਬ ਧਾਰੈ ਕੋਊ ਬੈਰੀ ਮੀਤੁ ॥ ਤਬ ਲਗੁ ਨਿਹਚਲੁ ਨਾਹੀ ਚੀਤੁ ॥ ... ੪ ॥** [੨੭੮]ਅਸਟ--੧੨

੧੫- ਇਹ ਜਗਿ **ਮੀਤੁ** ਨ ਦੇਖਿਓ ਕੋਈ ॥ ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ ॥ ਰਹਾਉ ॥ ਦਾਰਾ **ਮੀਤ** ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥ ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭਿ ਭਾਗੇ ॥ ੧ ॥ ਕਹਉ ਕਹਾ ਯਿਆ ਮਨ ਬਉਰੇ ਕਉ ਇਨ ਸਿਉ ਨੇਹੁ ਲਗਾਇਓ ॥ ਦੀਨਾਨਾਥ ਸਕਲ ਭੈ ਭੰਜਨ ਜਸੁ ਤਾ ਕੋ ਬਿਸਰਾਇਓ ॥ ੨ ॥[੬੩੩]-੯

੧੬- ਇਕਿ **ਸਜਣ** ਚਲੇ ਇਕਿ ਚਲਿ ਗਏ ਰਹਦੇ ਭੀ ਫੁਨਿ ਜਾਹਿ ॥ ਜਿਨੀ ਸਤਿਗੁਰੁ ਨ ਸੇਵਿਓ ਸੇ ਆਇ ਗਏ ਪਛੁਤਾਹਿ ॥ ਨਾਨਕ ਸਚਿ ਰਤੇ ਸੇ ਨ ਵਿਛੁੜਹਿ ਸਤਿਗੁਰੁ ਸੇਵਿ ਸਮਾਹਿ ॥ ੨ ॥[੫੯੬]-ਵਾ-੨

੧੭- ਛੋਡਿ ਜਾਹਿ ਸੇ ਕਰਹਿ ਪਰਾਲ ॥ ਕਾਮਿ ਨ ਆਵਹਿ ਸੇ ਜੰਜਾਲ ॥
ਸੰਗਿ ਨ ਚਾਲਹਿ ਤਿਨ ਸਿਉ ਹੀਤ ॥ ਜੋ ਬੈਰਾਈ ਸੇਈ " **ਮੀਤ** " ॥ ੧ ॥ ੬੭੬]-੧-੨੨

੧੮- ਕੋਈ ਜਾਨੈ ਕਵਨੁ ਈਹਾ ਜਗਿ ਮੀਤੁ ॥ ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ ॥ ੧ ॥ ਰਹਾਉ ॥ ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥ ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥੧ ॥[੭੦੦]-੧

੧੯- ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥ ਵੇਦੀਨਾ ਕੀ **ਦੋਸਤੀ** ਵੇਦੀਨਾ ਕਾ ਖਾਣੁ ॥ ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥ ਗਦਹੁ ਚੰਦਨਿ ਖਉਲੀਐ, ਭੀ ਸਾਹੂ ਸਿਉ ਪਾਣੁ ॥ ਨਾਨਕ ਕੂੜੈ ਕਤਿਐ ਕੂੜਾ ਤਣੀਐ

ਤਾਣੁ ॥ ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ ॥ ੧ ॥[੭੯੦]-ਵਾ-੧੪

**ਪਦ ਅਰਥ:**--ਜਾਰ=ਵਿਭਚਾਰੀ ਮਨੁੱਖ। ਰੰਡੀ=ਵਿਭਚਾਰਨ ਇਸਤ੍ਰੀ। ਕੁਟਣੀ=ਦੱਲੀ । ਦੀਬਾਣੁ=ਮਜਲਸ, ਬਹਿਣ ਖਲੋਣ ਦੀ ਸਾਂਝ । ਵੇਦੀਨ=ਅਧਰਮੀ। ਖਾਣੁ=ਖਾਂਣ ਪੀਣ ਦੀ ਸਾਂਝ। ਗਦਹੁ=ਖੋਤਾ। ਚੰਦਨਿ=ਚੰਦਨ ਨਾਲ । ਖਉਲੀਐ=ਮਲੀਏ। ਸਾਹੂ=ਸੁਆਹ । ਪਾਣ=ਪੈਣ ਦਾ ਸੁਭਾਉ, ਵਰਤੋਂ ਵਿਹਾਰ। ਕੂੜੈ ਕਤੀਐ=ਕੂੜ-ਰੂਪ ਸੂਤ ਕੱਤਣ ਨਾਲ। ਤਾਣ=ਤਾਣਾ । ਕਛੀਐ=ਕੱਛੀਦਾ ਹੈ, ਮਿਣੀਦਾ ਹੈ।

**ਖਤਿਅਹੁ ਜੰਮੇ ਖਤੇ ਕਰਨਿ ਤ ਕਤਿਆ ਵਿਚਿ ਪਾਹਿ ॥**(੧੪੯)

੨੦- **ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ ॥ ਵੇਖਦਿਆ ਹੀ ਭਜਿ ਜਾਨਿ, ਕਦੇ ਨ ਪਾਇਨਿ ਬੰਧੁ ॥**
**ਜਿਚਰੁ ਪੈਨਨਿ ਖਾਵਨੇ ਤਿਚਰ ਰਖਨਿ ਗੰਢ ॥ ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ ॥**
**ਜੀਅ ਕੀ ਸਾਰ ਨ ਜਾਣਨੀ ਮਨਮੁਖ ਅਗਿਆਨੀ ਅੰਧੁ ॥ .... ॥ ੨ ॥**[੯੫੯]-ਵਾ-੫

੨੧- **ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ ॥ ਜਮ ਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ ॥ ੨ ॥**
**ਗੁਰਮੁਖਿ ਜਨਮ ਸਕਾਰਥਾ ਸਚੈ ਸਬਦਿ ਲਗੰਨਿ ॥ ਆਤਮਰਾਮੁ ਪਰਗਾਸਿਆ ਸਹਜੇ ਸੁਖਿ ਰਹੰਨਿ ॥ ੩ ॥**
**ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥ ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥ ੪ ॥**
**ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥ ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥ ੫ ॥**
**ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥**[੭੫੫]-੧-੩

**ਅਰਥ:**--ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਦੁਨੀਆ ਦੀ ਮਿਤ੍ਰਤਾ ਵਿਚ ਹੀ ਸੜ ਮਰਦੇ ਹਨ (ਆਤਮਕ ਜੀਵਨ ਸਾੜ ਕੇ ਸੁਆਹ ਕਰ ਲੈਂਦੇ ਹਨ। ਅਤੇ) ਜਮਰਾਜ ਦੇ ਦਰ ਤੇ ਚੋਟਾਂ ਖਾਂਦੇ ਹਨ। ਤਦੋਂ ਉਨ੍ਹਾਂ ਨੂੰ (ਹਥੋ ਖੁੰਝਿਆ ਹੋਇਆ ਮਨੁੱਖਾ ਜਨਮ ਦਾ) ਸਮਾ ਨਹੀਂ ਮਿਲਦਾ **। ੨ ।** ਜਿਹੜੇ ਮਨੁੱਖ ਗੁਰੂ ਦੀ ਸਰਨ ਪੈਂਦੇ ਹਨ, ਉਨ੍ਹਾਂ ਦਾ ਜੀਵਨ ਸਫ਼ਲ ਹੋ ਜਾਂਦਾ ਹੈ, ਕਿਉਂਕਿ ਉਹ ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਲਾਹ ਦੀ ਬਾਣੀ ਵਿਚ ਜੁੜੇ ਰਹਿੰਦੇ ਹਨ। ਉਨ੍ਹਾਂ ਦੇ ਅੰਦਰ ਸਰਬ-ਵਿਆਪਕ ਪਰਮਾਤਮਾ ਦਾ ਪਰਕਾਸ਼ ਹੋ ਜਾਂਦਾ ਹੈ। ਉਹ ਆਤਮਕ ਅਡੋਲਤਾ ਦੇ ਆਨੰਦ ਵਿਚ ਮਗਨ ਰਹਿੰਦੇ ਹਨ **। ੩ ।** ਪਰ ਜਿਹੜੇ ਮਨੁੱਖ ਗੁਰੂ ਦੀ ਬਾਣੀ ਨੂੰ ਭੁਲਾ ਦਿੰਦੇ ਹਨ, ਅਤੇ ਮਾਇਆ ਦੇ ਮੋਹ ਵਿਚ ਮਸਤ ਰਹਿੰਦੇ ਹਨ, ਉਨ੍ਹਾਂ ਦੇ ਅੰਦਰੋਂ ਮਾਇਆ ਦੀ ਤ੍ਰੇਹ ਭੁੱਖ ਦੂਰ ਨਹੀਂ ਹੁੰਦੀ, ਉਹ ਹਰ ਵੇਲੇ (ਤ੍ਰਿਸ਼ਨਾ ਦੀ ਅੱਗ ਵਿਚ) ਸੜਦੇ ਫਿਰਦੇ ਹਨ **। ੪ ।** ਅਜੇਹੇ ਮਨੁੱਖ ਭੈੜੇ ਬੰਦਿਆਂ ਨਾਲ ਮਿਤ੍ਰਤਾ ਰੱਖਦੇ ਹਨ, ਅਤੇ ਸੰਤ ਜਨਾਂ ਨਾਲ ਵੈਰ ਕਰਦੇ ਹਨ। ਉਹ ਆਪ ਆਪਣੇ ਪਰਵਾਰ ਸਮੇਤ (ਸੰਸਾਰ-ਸਮੁੰਦਰ ਵਿਚ) ਡੁੱਬ ਜਾਂਦੇ ਹਨ, ਆਪਣੀਆਂ ਕੁਲਾਂ ਨੂੰ ਵੀ (ਆਪਣੇ ਹੇ ਰਿਸ਼ਤੇਦਾਰਾਂ ਨੂੰ ਵੀ) ਨਾਲ ਹੀ ਡੋਬ ਲੈਂਦੇ ਹਨ । ੫ । (ਜਿਵੇਂ ਕਿਸੇ ਦੀ ਵਾਧੂ ਸਿਫ਼ਤਿ-ਖ਼ੁਸ਼ਾਮਦ ਕਰਨੀ ਅਥਵਾ ਝੋਲੀ ਚੁੱਕਣੀ ਮੰਦਾ ਕਰਮ ਹੈ ਓਵੇਂ ਹੀ ਕਿਸੇ ਭਲੇ ਤੇ ਕੋਈ ਊਜ਼ ਲਾ ਕੇ ਕਿਸੇ ਦੀ ਬਦਨਾਮੀ ਰੂਪ) ਨਿੰਦਿਆ ਕਰਨੀ ਚੰਗਾ ਕੰਮ ਨਹੀ ਹੈ। ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਮੂਰਖ ਮਨੁੱਖ ਹੀ ਨਿੰਦਿਆ ਕਰਿਆ ਕਰਦੇ ਹਨ, ਅਤੇ ਉਹ (ਲੋਕ ਪਰਲੋਕ ਵਿਚ) ਬਦਨਾਮੀ ਖੱਟ ਕੇ (ਆਤਮਕ ਮੌਤ ਵਾਲੇ) ਭਿਆਨਕ ਨਰਕ ਵਿਚ ਪੈਂਦੇ ਹਨ। ੬ ।

੨੨- **... ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥ ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥...੧॥**[੪੬੮]-ਵਾ-੧੯

੨੩- **ਕਰਿ ਕਰਿ ਥਾਕੀ ਮੀਤ ਘਨੇਰੇ ॥ ਕੋਇ ਨ ਕਾਟੇ ਅਵਗੁਣ ਮੇਰੇ ॥**
**ਸੁਰਿ ਨਰੁ ਨਾਥੁ ਸਾਹਿਬੁ ਸਭਨਾ ਸਿਰਿ ਭਾਇ ਮਿਲੈ ਭਉ ਜਾਈ ਹੇ ॥ ੭ ॥**[੧੦੨੧-੨੨]-੨

੨੪- ਕਬੀਰ ਸੁਖੁ ਨ ਏਂਹ ਜੁਗਿ, ਕਰਹਿ ਜੁ ਬਹੁਤੈ ਮੀਤ ॥ ਜੋ ਚਿਤੁ ਰਾਖਹਿ ਏਕ ਸਿਉ ਤੇ ਸੁਖੁ ਪਾਵਹਿ ਨੀਤ ॥ ੨੧ ॥ [੧੩੬੫]

੨੫- **ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤੁ ॥ ਕਾਹੇ ਛੀਪਹੁ ਛਾਇਲੈ, ਰਾਮ ਨ ਲਾਵਹੁ ਚੀਤੁ ॥ ੨੧੨ ॥**[੧੩੭੫]

## ੩-
# ਖੋਟੇ ਮਿੱਤਰ

੨੬- **ਘਰ ਮੰਦਰ ਖੁਸੀਆ ਤਹੀ, ਜਹ ਤੂ ਆਵਹਿ ਚਿਤਿ ॥ ਦੁਨੀਆ ਕੀਆ ਵਡਿਆਈਆ, ਨਾਨਕ ਸਭਿ ਕੁਮਿਤ ॥੨॥**[੩੧੯]-ਵ-੬

੨੭- **ਨਾਨਕ ਮਿਤ੍ਰਾਈ ਤਿਸੁ ਸਿਉ ਸਭ ਕਿਛੁ ਜਿਸ ਕੈ ਹਾਥਿ ॥**
**ਕੁਮਿਤ੍ਰਾ ਸੇਈ ਕਾਂਢੀਅਹਿ ਇਕ ਵਿਖ ਨ ਚਲਹਿ ਸਾਥਿ ॥ ੨ ॥**[੩੧੮]-ਵਾ-੩

**ਅਰਥ:**--ਹੇ ਨਾਨਕ ! ਉਸ (ਪ੍ਰਭੂ) ਨਾਲ ਦੋਸਤੀ (ਪਾਉਣੀ ਚਾਹੀਦੀ ਹੈ) ਜਿਸ ਦੇ ਵੱਸ ਵਿਚ ਹਰੇਕ ਗੱਲ ਹੈ, ਪਰ ਜੋ ਇਕ ਕਦਮ ਵੀ (ਸਾਦੇ) ਨਾਲ ਨਹੀਂ ਜਾ ਸਕਦੇ ਉਹ ਕੁਮਿੱਤਰ ਕਹੇ ਜਾਂਦੇ ਹਨ (ਉਨ੍ਹਾਂ ਨਾਲ ਮੋਹ ਨਾ ਪਾਉਂਦੇ ਫਿਰੋ) । ੨ ।

੨੮- **ਸੇ ਸੈਣ ਸੇ ਸਜਣਾ ਜਿ ਗੁਰਮੁਖਿ ਮਿਲਹਿ ਸੁਭਾਇ ॥ ਸਤਿਗੁਰ ਕਾ ਭਾਣਾ ਅਨਦਿਨੁ ਕਰਹਿ ਸੇ ਸਚਿ**
**ਰਹੇ ਸਮਾਇ ॥ ਦੂਜੈ ਭਾਇ ਲਗੇ ਸਜਣ ਨ ਆਖੀਅਹਿ ਜਿ ਅਭਿਮਾਨੁ ਕਰਹਿ ਵੇਕਾਰ ॥ ਮਨਮੁਖ ਆਪ**
**ਸੁਆਰਥੀ ਕਾਰਜੁ ਨ ਸਕਹਿ ਸਵਾਰਿ ॥ ਨਾਨਕ ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ ॥ ੨ ॥**[੬੪੩]-ਵਾ-੩

**ਅਰਥ:**--ਸਤਿਗੁਰਾਂ ਦੇ ਸਨਮੁਖ ਹੋਏ ਮਨੱਖ (ਆਪ ਨਿਵਾਰ ਕੇ ਪ੍ਰਭੂ ਵਿਚ ਸੁਭਾਵਕ ਹੀ) ਲੀਨ ਹੋ ਜਾਂਦੇ ਹਨ ਉਹ ਭਲੇ ਲੋਕ ਹਨ ਤੇ (ਸਾਡੇ) ਸਾਥੀ ਹਨ, ਜੋ ਸਦਾ ਸਤਿਰੂ ਦਾ ਭਾਣਾ ਮੰਨਦੇ ਹਨ, ਉਹ ਸੱਚੇ ਹਰੀ ਵਿਚ ਸਮਾਏ ਰਹਿੰਦੇ ਹਨ।ਉਨ੍ਹਾਂ ਨੂੰ ਸੰਤ ਜਨ ਨਹੀਂ ਆਖੀਦਾ ਜੋ ਮਾਇਆ ਦੇ ਮੋਹ ਵਿਚ ਲੱਗੇ ਹੋਏ ਅਹੰਕਾਰੀ ਅਤੇ ਵਿਕਾਰੀ ਹਨ। ਮਨ ਮੁੱ ਆਪਣੇ ਪਤਲਬ ਦੇ ਪਿਆਰੇ (ਹੋਣ ਕਰ ਕੇ) ਕਿਸੇ ਦਾ ਕੰਮ ਨਹੀਂ ਸਵਾਰ ਸਕਦੇ, (ਪਰ ਹੇ ਨਾਨਕ ! ਉਨ੍ਹਾਂ ਦੇ ਸਿਰ ਕੀ ਦੋਸ਼ ?) (ਪਿਛਲੇ ਕੀਤੇ ਕੰਮਾ ਅਨੁਸਾਰ) ਮੁੱਢ ਤੋਂ ਉੱਕਰਿਆ ਹੋਇਆ (ਸੰਸਕਾਰ-ਰੂਪ ਲੇਖ) ਕਮਾਵਣਾ ਪੈਂਦਾ ਹੈ, ਕੋਈ ਮਿਟਾਉਣ-ਜੋਗਾ ਨਹੀਂ । ੧ ।

੨੯- **ਕਿਸੁ ਭਰਵਾਸੈ ਬਿਚਰਹਿ ਭਵਨ ॥ ਮੂੜ ਮੁਗਧ ਤੇਰਾ ਸੰਗੀ ਕਵਨ ॥**
**ਰਾਮੁ ਸੰਗੀ ਤਿਸੁ ਗਤਿ ਨਹੀਂ ਜਾਨਹਿ ॥ ਪੰਚ ਬਟਵਾਰੇ ਸੇ ਮੀਤ ਕਰਿ ਮਾਨਹਿ ॥ ੧ ॥** [੮੯੮]-੩੭-੪੮

੩੦- **ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥ ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥ ੫ ॥**[੭੫੫]-੧-੩

[ਇਹ ਤੁਕ ਅਰਥਾਂ ਸਮੇਤ ਉੱਪਰ ੨੧ ਨੰਬਰ ਤੇ ਆ ਚੁੱਕੀ ਹੈ ਪਰ ਦੁਸ਼ਟਾਂ ਨਾਲ ਦੋਸਤੀ ਦੀ ਗੱਲ ਹੋਣ ਦੇ ਕਾਰਨ ਏਥੇ ਵੀ ਆਈ)

੩੧- **ਸਚੀ ਬੈਸਕ ਤਿਨ੍ਾ ਸੰਗਿ ਜਿਨ ਸੰਗਿ ਜਪੀਐ ਨਾਉ ॥**
**ਤਿਨ੍ ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਆਪਣਾ ਸੁਆਉ ॥ ੨ ॥** [੫੨੦]-ਵਾਰ-੧੦

੪

# ਗਿਆਨ-ਦਾਤਾ ਗੁਰੂ (ਸੱਚਾ) ਸੱਚਾ ਮਿੱਤਰ ?

ਚਰਣਾਮ੍ਰਿਤ ਦੀ ਬ੍ਰਾਹਮਣੀ ਰਸਮ ਨਾਲ ਆਪਣੇ ਸਤਿਗੁਰੂ ਜੀ ਨਾਲ ਗੁਰ-ਚੇਲੇ ਦਾ ਰਿਸ਼ਤਾ ਜੋੜਨ ਦੀ ਗੱਲ ਕਰਨ ਵਾਲੇ ਹੇ ਸਤਿਗੁਰਾਂ ਦੇ ਸ਼ਰਧਾਲੂ ਗੁਰ ਸਿੱਖੋ ! ਪੈਰ ਧੋ ਕੇ ਪਿਲਾਉਣ ਦੀ ਕਥਿਤ ਰਸਮ ਪੂਰੀ ਕਰਨ ਉਪ੍ਰੰਤ ਗਿਆਨ ਦੀ ਬਖ਼ਸ਼ਸ਼ ਕਰਨ ਦੀ ਗੱਲ ਕਰਨ ਵਾਲੇ ਸੱਜਣੋ ! ਆਉ ਦਰਸ਼ਨ ਕਰ ਲਉ ਸੱਚੇ ਮਿੱਤਰ-ਗੁਰਦੇਵ ਜੀ ਦੇ । ਅਨੁਪਮ ਸਤਿਗੁਰੂ ਨਾਨਕ ਸਾਹਿਬ ਜੀ ਦੇ ਪਾਵਨ ਪਵਿੱਤਰ ਨਾਮਣੇ ਨਾਲ ਕਰਮ ਕਾਂਡੀ ਰਸਮਾਂ ਜੋੜਨ ਵਾਲੇ ਮਿੱਤਰੋ ਏਧਰ ਵੇਖੋ ਸਤਿਗੁਰੂ ਨਾਨਕ ਸਾਹਿਬ ਜੀ ਦੀ **ਜੋਤਿ** ਦੇ ਗਿਆਰ੍ਹਵੇਂ ਅਤੇ ਸਦੀਵੀ ਮਾਲਕ ਪੂਰਨ ਸਤਿਗੁਰੂ ਗ੍ਰੰਥ ਸਾਹਿਬ ਜੀ ਉਪਦੇਸ਼ ਦੇਣ ਤੋਂ ਪਹਿਲਾਂ ਸਾਨੂੰ ਅਕ੍ਰਿਤਘਣਾ ਨੂੰ ਕਿਵੇਂ ਸੰਬੋਧਨ ਕਰ ਰਹੇ ਹਨ ?:--

੩੨- **ਸੁੰਤਹੁ ਸੁਨਹੁ ਸੁਨਹੁ ਜਨ ਭਾਈ ਗੁਰਿ ਕਾਢੀ ਬਾਹ ਕੁਕੀਜੈ ॥ ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ ਪਵੀਜੈ ॥ ੫ ॥ ਜੇ ਡਭਾਗੁ ਹੋਇ ਅਤਿ ਨੀਕਾ ਤਾਂ ਗੁਰਮਤਿ ਨਾਮੁ ਦ੍ਰਿੜੀਜੈ ॥ ਸਭੁ ਮਾਇਆ ਮੋਹੁ ਬਿਖਮੁ ਜਗੁ ਤਰੀਐ ਸਹਜੇ ਹਰਿ ਰਸੁ ਪੀਜੈ ॥ ੬ ॥ ਮਾਇਆ ਮਾਇਆ ਕੇ ਜੋ ਅਧਿਕਾਈ ਵਿਚਿ ਮਾਇਆ ਪਚੈ ਪਚੀਜੈ ॥ ਅਗਿਆਨੁ ਅੰਧੇਰੁ ਮਹਾ ਪੰਥੁ ਬਿਖੜਾ ਅਹੰਕਾਰਿ ਭਾਰਿ ਲਦਿ ਲੀਜੈ ॥ ੭ ॥ ਨਾਨਕ ਰਾਮ ਰਮ ਰਮ ਰਮੁ ਰਮ ਰਮ ਰਾਮੈ ਤੇ ਗਤਿ ਕੀਜੈ ॥ ਸਤਿਗੁਰੁ ਮਿਲੈ ਤਾ ਨਾਮੁ ਦ੍ਰਿੜਾਏ ਰਾਮ ਨਾਮੈ ਰਲੈ ਮਿਲੀਜੈ ॥ ੮ ॥**[੧੩੨੬]-੬

**ਅਰਥ**:--ਹੇ ਸੰਤ ਜਨੋ ! ਹੇ ਭਰਾਵੋ ! ਗੁਰੂ ਨੇ (ਆਪਣੀ) ਬਾਂਹ ਉੱਚੀ ਕੀਤੀ ਹੋਈ ਹੈ ਤੇ ਕੂਕ ਕੂਕ ਕੇ ਕਹਿ ਰਿਹਾ ਹੈ (ਕਿ, ਉਸ ਦੀ ਗੱਲ) ਧਿਆਨ ਨਾਲ ਸੁਣੋ । ਹੇ ਸੰਤ ਜਨੋ ! ਜੇ ਤੁਸੀਂ ਆਪਣੀ ਜਿੰਦ ਵਾਸਤੇ ਸਦਾ ਦਾ ਸੁਖ ਚਾਹੁੰਦੇ ਹੋ, ਤਾਂ ਗੁਰੂ ਦੀ ਸਰਨ ਪਏ ਰਹਿਣਾ ਚਾਹੀਦਾ ਹੈ **। ੫ ।** ਹੇ ਭਾਈ ! ਜੇ ਕਿਸੇ ਮਨੁੱਖ ਦੀ ਵਡੀ ਚੰਗੀ ਕਿਸਮਤ ਹੋਵੇ ਤਾਂ ਉਹ ਗੁਰੂ ਦੀ ਮਤਿ ਲੈ ਕੇ (ਆਪਣੇ ਅੰਦਰ) ਪਰਮਾਤਮਾ ਦਾ ਨਾਮ ਪੱਕਾ ਕਰਦਾ ਹੈ। ਹੇ ਭਾਈ ! ਮਾਇਆ ਦਾ ਮੋਹ--ਇਹ ਸਾਰਾ ਬੜਾ ਔਖਾ ਸੰਸਾਰ-ਸਮੁੰਦਰ ਹੈ (ਨਾਮ ਦੀ ਬਰਕਤਿ ਨਾਲ ਇਹ ਤਰਿਆ ਜਾ ਸਕਦਾ ਹੈ । (ਇਸ ਵਾਸਤੇ) ਆਤਮਕ ਅਡੋਲਤਾ ਵਿਚ ਟਿਕ ਕੇ ਪਰਮਾਤਮਾ ਦਾ ਨਾਮ-ਰਸ ਪੀਣਾ ਚਾਹੀਦਾ ਹੈ **। ੬ ।** ਹੇ ਭਾਈ ਜਿਹੜੇ ਮਨੁੱਖ ਨਿਰੇ ਮਾਇਆ ਦੇ ਹੀ ਬਹੁਤੇ ਪ੍ਰੇਮੀ ਹਨ (ਉਹ ਸਦਾ ਦੁਖੀ ਰਹਿੰਦੇ ਹਨ । ਮਾਇਆ ਦਾ ਪ੍ਰੇਮੀ ਮਨੁੱਖ ਤਾਂ) ਹਰ ਵੇਲੇ ਮਾਇਆ (ਦੀ ਤ੍ਰਿਸ਼ਨਾ ਦੀ ਅੱਗ) ਵਿਚ ਸੜਦਾ ਰਹਿੰਦਾ ਹੈ। (ਅਜੇਹੇ ਮਨੁੱਖ ਵਾਸਤੇ) ਆਤਮਕ ਜੀਵਨ ਵਲੋਂ ਬੇ-ਸਮਝੀ ਇਕ ਘੁਪ ਹਨੇਰਾ (ਬਣ ਜਾਂਦਾ ਹੈ, ਉਸ ਮਨੁੱਖ ਵਾਸਤੇ ਜ਼ਿੰਦਗੀ ਦਾ) ਰਸਤਾ ਔਖਾ ਹੋ ਜਾਂਦਾ ਹੈ। (ਕਿਉਂਕਿ ਉਹ ਮਨੁੱਖ) ਅਹੰਕਾਰ (-ਰੂਪ) ਭਾਰ ਨਾਲ (ਸਦਾ) ਲੱਦਿਆ ਰਹਿੰਦਾ ਹੈ **। ੭ ।** ਹੇ ਨਾਨਕ ! ਸਦਾ ਵਿਆਪਕ ਰਾਮ ਦਾ ਨਾਮ ਸਿਮਰਦਾ ਰਹੁ । ਵਿਆਪਕ ਰਾਮ ਦੇ ਨਾਮ ਤੋਂ ਹੀ ਉੱਚੀ ਆਤਮਕ ਅਵਸਥਾ ਹਾਸਲ ਕਰ ਸਕੀਦੀ ਹੈ। ਜਦੋਂ ਗੁਰੂ ਮਿਲਦਾ ਹੈ ਉਹ (ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ) ਨਾਮ ਪੱਕਾ ਕਰਦਾ ਹੈ। (ਮਨੁੱਖ) ਪਰਮਾਤਮਾ ਦੇ ਨਾਮ ਵਿਚ ਸਦਾ ਲੀਨ ਹੋ ਜਾਂਦਾ ਹੈ । ੮ ।

੩੩- **ਸਾਜਨ ਸੰਤ ਹਮਾਰੇ ਮੀਤਾ,** ਬਿਨੁ ਹਰਿ ਹਰਿ ਆਨੀਤਾ ਰੇ ॥
**ਸਾਧ ਸੰਗਿ ਮਿਲਿ ਹਰਿ ਗੁਣ ਗਾਏ ਇਹ ਜਨਮੁ ਪਦਾਰਥੁ ਜੀਤਾ ਰੇ ॥ ੧ ॥ ਰਹਾਉ ॥**[੪੦੩]-੧-੧੩੦

**ਅਰਥ**:---ਹੇ ਸੰਤ ਜਨੋ ! ਹੇ ਸੱਜਣੋ ! ਹੇ ਮੇਰੇ ਮਿੱਤਰੋ ! (ਜਗਤ ਵਿਚ ਜੋ ਕੁਝ ਵੀ ਦਿਸ ਰਿਹਾ ਹੈ) ਪਰਮਾਤਮਾ ਤੋਂ ਬਿਨਾ ਹੋਰ ਸਭ ਕੁਝ ਨਾਸਵੰਤ ਹੈ (ਦਿੱਸਦੇ ਪਸਾਰੇ ਨਾਲ ਮੋਹ ਪਾਇਆਂ ਦੁੱਖ ਹੀ ਪ੍ਰਾਪਤ ਹੋਵੇਗਾ। ਜਿਸ ਮਨੁੱਖ ਨੇ ਸਾਧ (ਗੁਰੂ ਗ੍ਰੰਥ ਸਾਹਿਬ ਜੀ ਦੀ) ਸੰਗਤਿ ਵਿਚ ਮਿਲ ਕੇ (ਭਾਵ, ਗੁਰੂ ਬਾਣੀ ਦੀ ਵਿਚਾਰ ਵਿਚ ਮਨ ਜੋੜ ਕੈ, ਸਤਿਗੁਰਾਂ ਦੀ ਸਿਖਿਆ ਅਨੁਸਾਰ) ਪਰਮਾਤਮਾ ਦੇ ਗੁਣ ਗਾਉਂਣੇ ਅਰੰਭ ਕਰ ਦਿੱਤੇ ਉਸ ਨੇ ਇਹ ਕੀਮਤੀ ਮਨੁੱਖਾ ਜਨਮ ਜਿੱਤ ਲਿਆ (ਸਫ਼ਲ ਕਰ ਲਿਆ) । ੧ । ਰਹਾਉ ।

੩੪- **ਯਾਰ ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ ॥**
**ਨਾਨਕ ਤਿਹ ਬੰਧਨ ਕਟੇ ਗੁਰ ਕੀ ਚਰਨੀ ਪਾਹਿ ॥ ੪੩ ।**[੨੫੯]

੩੫- **ਗੋਬਿੰਦ ਜਸੁ ਗਾਈਐ ਹਰਿ ਨੀਤ ॥ ਮਿਲਿ ਭਜੀਐ ਸਾਧਸੰਗਿ ਮੇਰੇ ਮੀਤ ॥ ੧ ॥ ਰਹਾਉ ॥** [੨੯੬]-੨

੩੬- **ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥ ੩ ॥** [੩੮੬]-੧੧-੬੨

੩੭- **ਸੁਨਹੁ ਮੀਤ ਐਸਾ ਪ੍ਰੇਮ ਪਿਆਰੁ ॥ ਜੀਅ ਪ੍ਰਾਨ ਘਟ ਘਟ ਆਧਾਰੁ ॥ ੧ ॥ ਰਹਾਉ ॥** [੩੯੧]-੩੪-੮੫

੩੮- **ਗੁਰਸਿਖ ਮੀਤ ਚਲਹੁ ਗੁਰ ਚਾਲੀ ॥**
**ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥ ੧ ॥ ਰਹਾਉ ॥**[੬੬੭]-੪

੩੯- **ਓਇ ਸਾਜਨ ਓਇ ਮੀਤ ਪਿਆਰੇ ॥ ਜੋ ਹਮ ਕਉ ਹਰਿ ਨਾਮੁ ਚਿਤਾਰੇ ॥ ੧ ॥ ਰਹਾਉ ॥** [੭੩੯]-੭-੧੩

੪੦- **ਨਾਨਕ ਹੁਕਮੁ ਵਰਤੈ ਖਸਮ ਕਾ ਮਤਿ ਭਵੀ ਫਿਰਹਿ ਚਲ ਚਿਤ ॥ ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ ॥ ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥ ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ ॥ ੬੬ ॥**[੧੪੨੧]

੪੧- **ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥ ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥**
**ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ ॥ ਜਿਤੁ ਦੋਹੀ ਸਜਣ ਮਿਲਨਿ ਲਹੁ ਮੁੰਧੇ ਵੀਚਾਰੁ ॥**
**ਤਨੁ ਮਨੁ ਦੀਜੈ ਸਜਣਾ ਐਸਾ ਹਸਣੁ ਸਾਰੁ ॥ ਤਿਸ ਸਉ ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ ॥**

ਨਾਨਕ ਜਿਨ੍ੀ ਇਵ ਕਰਿ ਬੁਝਿਆ ਤਿਨ੍ਾ ਵਿਟਹੁ ਕੁਰਬਾਣੁ ॥ ੨ ॥[੧੪੧੦]

੪੨- ਸੁਣਿ ਸਾਜਨ ਸੰਤ ਜਨ ਭਾਈ ॥ ਚਰਣ ਸਰਣ ਨਾਨਕ ਗਤਿ ਪਾਈ ॥ ੫ ॥[੭੪੫]-੩੪-੪੦

੪੩- **ਸੁਣਿ ਸਾਜਨ** ਇਉ ਦੁਤਰ ਤਰੀਐ ॥ ਮਿਲਿ ਸਾਧੂ ਹਰਿ ਨਾਮੁ ਉਚਰੀਐ ॥ ੧ ॥ ਰਹਾਉ ॥
ਏਕ ਬਿਨਾ ਦੂਜਾ ਨਹੀ ਜਾਨੈ ॥ ਘਟ ਘਟ ਅੰਤਰਿ ਪਾਰਬ੍ਰਹਮੁ ਪਛਾਨੈ ॥ ੨ ॥ ਜੋ ਕਿਛੁ ਕਰੈ
ਸੋਈ ਭਲ ਮਾਨੈ ॥ ਆਦਿ ਅੰਤ ਕੀ ਕੀਮਤਿ ਜਾਨੈ ॥ ੩ ॥ ਕਹੁ ਨਾਨਕ **ਤਿਸੁ ਜਨ**
**ਬਲਿਹਾਰੀ** ॥ ਜਾ ਕੈ ਹਿਰਦੈ ਵਸਹਿ ਮੁਰਾਰੀ ॥ ੪ ॥[੭੪੧]-੧੫-੨੧

੫

## ਗੁਰੂ ਸੱਜਣ

੪੪- ਜਿਨਾ ਦਿਸੰਦੜਿਆ ਦੁਰਮਤਿ ਵੰਞੈ **ਮਿਤ੍ਰ ਅਸਾਡੜੇ ਸੇਈ** ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥ ੨ ॥[੫੨੦]-ਵਾ-੯

੪੫- **ਸਤਿਗੁਰੁ ਮਿਤ੍ਰ ਮੇਰਾ ਬਾਲ ਸਖਾਈ** ॥ ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ ॥
ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਜਨ ਨਾਨਕ ਹਰਿ ਧਨੁ ਪਲੈ ਜੀਉ ॥ ੪ ॥[੯੪]-੧

੪੬- ਚਾਰੇ ਅਗਨਿ ਨਿਵਾਰਿ ਮਰੁ, ਗੁਰਮੁਖਿ ਹਰਿ ਜਲੁ ਪਾਇ ॥ ਅੰਤਰਿ ਕਮਲੁ ਪ੍ਰਗਾਸਿਆ
ਅੰਮ੍ਰਿਤੁ ਭਰਿਆ ਅਘਾਇ ॥ ਨਾਨਕ, **ਸਤਿਗੁਰੁ ਮੀਤੁ ਕਰਿ** ਸਚੁ ਪਾਵਹਿ ਦਰਗਹ ਜਾਇ ॥ ੪ ॥ [੨੧]-੨੦

**ਪਦ ਅਰਥ**:--ਚਾਰੇ ਅਗਨ= ਉੱਪਰ ੧੬੭ ਨੰਬਰ ਤੇ ਉਹ ਗੁਰੂ ਫ਼ੁਰਮਾਨ ਹੈ ਜਿਸ ਵਿਚ ਸਤਿਗੁਰਾਂ ਨੇ ਅੱਗ ਦੀਆਂ ਚੌਹਾਂ ਹੀ ਨਦੀਆਂ ਦਾ ਜ਼ਿਕਰ ਇਉਂ ਕੀਤਾ ਹੈ--**ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ" [(੧) ਹੰਸ=ਹਿੰਸਾ, ਨਿਰਦਾਇਤਾ । (੨)ਹੇਤ=ਮੋਹ । (੩) ਲੋਭ (੪) ਕਰੋਧ]** ਪ੍ਰਗਾਸਿਆ=ਖਿੜਿਆ ਹੈ । ਅਘਾਇ=ਰੱਜ ਕੇ, ਪੂਰੇ ਤੌਰ ਤੇ ।

**ਅਰਥ**:--ਹੇ ਨਾਨਕ ! ਗੁਰੂ ਦੀ ਰਾਹੀਂ ਪਰਮਾਤਮਾ ਦਾ ਨਾਮ-ਜਲ ਪਾ ਕੇ (ਹਿਰਦੇ ਵਿਚ ਧੁਖਦੀਆਂ) ਚੌਹਾਂ ਅੱਗਾਂ ਨੂੰ ਬੁਝਾ ਦੇ (ਤੇ ਤ੍ਰਿਸ਼ਨਾ ਵਾਲੇ ਪਾਸੇ ਤੋਂ) ਮਰ ਜਾ । (ਇਸ ਤਰ੍ਹਾਂ) ਤੇਰੇ ਅੰਦਰ (ਹਿਰਦਾ-) ਕੌਲ ਖਿੜ ਪਏਗਾ, (ਤੇਰੇ ਹਿਰਦੇ ਵਿਚ) ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਭਰ ਜਾਇਗਾ ॥ ਗੁਰੂ ਨੂੰ ਮਿੱਤਰ ਬਣਾ, ੦ਯਕੀਨੀ ਤੌਰ ਤੇ ਪਰਮਾਤਮਾ ਦੀ ਹਜ਼ੂਰੀ ਪ੍ਰਾਪਤ ਕਰ ਲਏਂਗਾ । ੪ ।

੪੭- ਭਾਈ ਰੇ, ਮਿਲਿ **ਸਜਣ** ਹਰਿ ਗੁਣ ਸਾਰਿ ॥
**ਸਜਣੁ** ਸਤਿਗੁਰੁ ਪੁਰਖੁ ਹੈ, ਦੁਖੁ ਕਢੈ ਹਉਮੈ ਮਾਰਿ ॥ ੧ ॥ ਰਹਾਉ ॥[੪੧]-੫-੬੯

੪੮- **ਸਾਜਨੁ ਮੀਤੁ ਪਿਆਰਾ** ਸੋਈ ॥ ਏਕੁ ਦ੍ਰਿੜਾਏ ਦੁਰਮਤਿ ਖੋਈ ॥
ਕਾਮੁ ਕ੍ਰੋਧੁ ਅਹੰਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ ਨਿਰਮਾਲਕਾ ॥ ੧੪ ॥[੧੦੮੫]-੪-੧੩

੪੯- ਮੂੰ **ਪਿਰੀਆ** ਸਉ ਨੇਹੁ ਕਿਉ **ਸਜਣ** ਮਿਲਹਿ ਪਿਆਰਿਆ ॥ ਹਉ ਢੂਢੇਦੀ ਤਿਨ **ਸਜਣ** ਸਚਿ ਸਵਾਰਿਆ ॥
**ਸਤਿਗੁਰੁ ਮੈਡਾ ਮਿਤੁ ਹੈ** ਜੇ ਮਿਲੈ ਤ ਇਹੁ ਮਨੁ ਵਾਰਿਆ ॥ ਦੇਂਦਾ ਮੂੰ ਪਿਰੁ ਦਸਿ **ਹਰਿ ਸਜਣੁ** ਸਿਰਜਣ
-ਹਾਰਿਆ ॥ ਨਾਨਕ ਹਉ ਪਿਰੁ ਭਾਲੀ ਆਪਣਾ ਸਤਿਗੁਰ ਨਾਲਿ ਦਿਖਾਲਿਆ ॥ ੪ ॥[੧੪੨੧]

੫੦- ਬਿਖਯਾ ਭਯੰਤਿ ਅੰਮ੍ਰਿਤੰ ਦ੍ਰੁਸਟਾਂ **ਸਖਾ ਸ੍ਵਜਨਹ** ॥ ਦੁਖੰ ਭਯੰਤਿ ਸੁਖੵੰ, ਭੈ ਭੀਤੰ ਤ
ਨਿਰਭਯਹ ॥ ਥਾਨ ਬਿਹੂਨ ਬਿਸ੍ਰਾਮ ਨਾਮੰ, ਨਾਨਕ ਕ੍ਰਿਪਾਲ ਹਰਿ ਹਰਿ **ਗੁਰਹ** ॥ ੩੭ ॥ **[੧੩੫੭]**

**ਅਰਥ**:--ਹੇ ਨਾਨਕ ! ਪਰਮਾਤਮਾ-ਦਾ-ਰੂਪ ਸਤਿਗੁਰੂ (ਜਿਸ ਮਨੁੱਖ ਉੱਤੇ) ਕਿਰਪਾਲ ਹੋ ਪਏ, ਜ਼ਹਿਰ ਉਸ ਵਾਸਤੇ ਅੰਮ੍ਰਿਤ ਬਣ ਜਾਂਦਾ ਹੈ, ਦੋਖੀ ਉਸ ਦੇ ਮਿਤ੍ਰ ਤੇ ਕਰੀਬੀ ਰਿਸ਼ਤੇਦਾਰ ਬਣ ਜਾਂਦੇ ਹਨ, ਦੁੱਖ-ਕਲੇਸ਼ ਸੁਖ ਬਣ ਜਾਂਦੇ ਹਨ, ਜੇ ਉਹ (ਪਹਿਲਾਂ) ਅਨੇਕਾਂ ਡਰਾਂ ਨਾਲ ਸਹਮਿਆ ਰਹਿੰਦਾ ਸੀ, ਤਾਂ ਉਹ ਨਿਡਰ ਹੋ ਜਾਂਦਾ ਹੈ, ਅਨੇਕਾਂ ਜੂਨਾਂ ਵਿਚ ਭਟਕਦੇ ਨੂੰ ਪਰਮਾਤਮਾ ਦੇ ਨਾਮ ਦਾ ਸਹਾਰਾ ਮਿਲ ਜਾਂਦਾ ਹੈ । ੩੭ ।

੬

## ਹਰਿ ਪ੍ਰਭ ਸਜਣੁ

੫੧- ਸਤਿਗੁਰਿ ਪੁਰਖਿ ਮਿਲਾਇਆ **ਇਕੋ ਸਜਣੁ ਸੋਇ** ॥ ਹਰਿ ਜਨ ਕਾ ਰਾਖਾ ਏਕੁ ਹੈ,
ਕਿਆ ਮਾਣਸ, ਹਉਮੈ ਰੋਇ ॥ ਜੋ ਹਰਿ ਜਨ ਭਾਵੈ ਸੋ ਕਰੇ ਦਰਿ ਫੇਰੁ ਨ ਪਾਵੈ ਕੋਇ ॥
ਨਾਨਕ ਰਤਾ ਰੰਗਿ ਹਰਿ, ਸਭ ਜਗ ਮਹਿ ਚਾਨਣੁ ਹੋਇ ॥ ੪ ॥[੪੨]-੧-੭੧

੫੨- ਸਹਜੁ ਅਨੰਦੁ ਸਦਾ ਗੁਰਮਤੀ ਹਰਿ ਹਰਿ ਮਨਿ ਧਿਆਇਆ ॥
**ਸਜਣੁ ਹਰਿ ਪ੍ਰਭੁ** ਪਾਇਆ ਘਰਿ ਸੋਹਿਲਾ ਗਾਇਆ ॥ ... ॥ ੪ ॥ [੧੬੩]-੪-੧੮-੩੮

੫੩- ਮੇਰੇ ਮਾਨ ਕੋ ਅਸਥਾਨੁ ॥ ਮੀਤ ਸਾਜਨ ਸਖਾ ਬੰਧਪੁ ਅੰਤਰਜਾਮੀ ਜਾਨੁ ॥ ੧ ॥ ਰਹਾਉ ॥ [੧੦੧੭]-੨

੫੪- ਤੂੰ ਮੇਰਾ **ਸਖਾ** ਤੂੰ ਹੀ ਮੇਰਾ **ਮੀਤੁ** ॥ ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ॥ ਤੂੰ ਮੇਰੀ ਪਤਿ ਤੂ ਹੈ ਮੇਰਾ ਗਹਣਾ ॥
ਤੁਝ ਬਿਨੁ ਨਿਮਖੁ ਨ ਜਾਈ ਰਹਣਾ ॥ ੧ ॥ ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ ॥ ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ ॥ ੧ ॥
ਰਹਾਉ ॥ ਜਿਉ ਤੁਮ ਰਾਖਹੁ ਤਿਵ ਹੀ ਰਹਨਾ ॥ ਜੋ ਤੁਮ ਕਹਹੁ ਸੋਈ ਮੋਹਿ ਕਰਨਾ ॥ ਜਹ ਪੇਖਉ ਤਹਾ ਤੁਮ

ਬਸਨਾ ॥ ਨਿਰਭਉ ਨਾਮੁ ਜਪਉ ਤੇਰਾ ਰਸਨਾ ॥ ੨ ॥[੧੮੧]-੧੮-੮੭

੫੫- **ਸਜਣੁ** ਮੇਰਾ ਏਕੁ ਤੂੰ ਕਰਤਾ ਪੁਰਖੁ ਸੁਜਾਣੁ ॥
ਸਤਿਗੁਰਿ **ਮੀਤਿ** ਮਿਲਾਇਆ, ਮੈ ਸਦਾ ਸਦਾ ਤੇਰਾ ਤਾਣੁ ॥ ੧ ੨ ॥[੭੫੯]-੧-੨-੧

੫੬- ਜਾ ਕਾ **ਮੀਤੁ ਸਾਜਨੁ ਹੈ ਸਮੀਆ** ॥ ਤਿਸੁ ਜਨ ਕਉ ਕਹੁ ਕਾ ਕੀ ਕਮੀਆ ॥ ੧ ॥
ਜਾ ਕੀ ਪ੍ਰੀਤਿ ਗੋਬਿੰਦ ਸਿਉ ਲਾਗੀ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੀ ॥ ੧ ॥ ਰਹਾਉ ॥[੧੮੬]-੩੩-੧੦੨

੫੭- ਤੁਝ ਬਿਨੁ ਕਵਨੁ ਹਮਾਰਾ ॥ ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥੧॥ ਰਹਾਉ ॥ ਅੰਤਰ ਕੀ ਬਿਧਿ ਤੁਮ
ਹੀ ਜਾਨੀ ਤੁਮ ਹੀ **ਸਜਨ ਸੁਹੇਲੇ** ॥ ਸਰਬ ਸੁਖਾ ਮੈ ਤੁਝ ਤੇ ਪਾਏ ਮੇਰੇ ਠਾਕੁਰ ਅਗਹ ਅਤੋਲੇ ॥ ੧ ॥[੨੦੬/੦੭]-੭-੧੨੮

੫੮- **ਮੀਤੁ** ਕਰੈ ਸੋਈ ਹਮ ਮਾਨਾ ॥ **ਮੀਤ** ਕੇ ਕਰਤਬ ਕੁਸਲ ਸਮਾਨਾ ॥ ਏਕਾ ਟੇਕ ਮੇਰੈ ਮਨਿ ਚੀਤ ॥
ਜਿਸੁ ਕਿਛੁ ਕਰਣਾ ਸੁ ਹਮਰਾ **ਮੀਤ** ॥ ੧ ॥ ਰਹਾਉ ॥ **ਮੀਤੁ** ਹਮਾਰਾ ਵੇਪਰਵਾਹਾ ॥ ਗੁਰ ਕਿਰਪਾ
ਤੇ ਮੋਹਿ ਅਸਨਾਹਾ ॥ ੨ ॥ **ਮੀਤੁ** ਹਮਾਰਾ ਅੰਤਰਜਾਮੀ ॥ ਸਮਰਥ ਪੁਰਖੁ ਪਾਰਬ੍ਰਹਮੁ ਸੁਆਮੀ ॥ ੩ ॥
ਹਮ ਦਾਸੇ ਤੁਮ ਠਾਕੁਰ ਮੇਰੇ ॥ ਮਾਨੁ ਮਹਤੁ ਨਾਨਕ ਪ੍ਰਭੁ ਤੇਰੇ ॥ ੪ ॥[੧੮੮]-੪੦-੧੦੯॥

੫੯- **ਸਾਜਨੜਾ** ਮੇਰਾ **ਸਾਜਨੜਾ** ਨਿਕਟਿ ਖਲੋਇਅੜਾ ਮੇਰਾ **ਸਾਜਨੜਾ** ॥ ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ
ਹਰਿ **ਜਾਨੀਅੜਾ** ॥ ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਅ ਗੂੜਾ ॥ ਨਾਲਿ ਹੋਵੰਦਾ ਲਹਿ ਨ
ਸਕੰਦਾ ਸੁਆਉ ਨ ਜਾਣੈ ਮੂੜਾ ॥ ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ ॥ ਕਹੁ ਨਾਨਕ ਗੁਰ
ਬਿਨੁ ਨਾਹੀ ਸੂਝੈ **ਹਰਿ ਸਾਜਨੁ** ਸਭ ਕੈ ਨਿਕਟਿ ਖੜਾ ॥ ੧ ॥ [੯੨੪]-ਛੰਤ-੧

**ਗੁਮਤਿ ਸਿਧਾਂਤ ਦੀ ਖੰਡਨਾਂ ਦਾ ਝਾਉਲਾ--**

ਕੀ, ਆਪਣੇ ਲੋਭ ਦੀ ਪੂਰਤੀ ਲਈ ਵੀ ਪ੍ਰਭੂ ਨੂੰ ਮਿੱਤਰ ਬਣਾਇਆ ਜਾ ਸਕਦਾ ਹੈ ?

੬੦- **ਅਪਨੇ ਲੋਭ ਕਉ ਕੀਨੋ ਮੀਤੁ ॥ ਸਗਲ ਮਨੋਰਥ ਮੁਕਤਿ ਪਦੁ ਦੀਤੁ ॥ ੧ ॥**
**ਐਸਾ ਮੀਤੁ ਕਰਹੁ ਸਭੁ ਕੋਇ ॥ ਜਾ ਤੇ ਬਿਰਥਾ ਕੋਇ ਨ ਹੋਇ ॥ ੧ ॥ ਰਹਾਉ ॥**
**ਅਪਨੈ ਸੁਆਇ ਰਿਦੈ ਲੈ ਧਾਰਿਆ ॥ ਦੁਖ ਦਰਦ ਰੋਗੁ ਸਗਲ ਬਿਦਾਰਿਆ ॥ ੨ ॥**
**ਰਸਨਾ ਗੀਧੀ ਬੋਲਤ ਰਾਮ ॥ ਪੂਰਨ ਹੋਏ ਸਗਲੇ ਕਾਮ ॥ ੩ ॥**
**ਅਨਿਕ ਬਾਰ ਨਾਨਕ ਬਲਿਹਾਰਾ ॥ ਸਫਲ ਦਰਸਨੁ ਗੋਬਿੰਦੁ ਹਮਾਰਾ ॥ ੪ ॥**[੧੯੫]-੭੯-੧੪੮

**ਅਰਥ:**--ਹਰੇਕ ਮਨੁੱਖ ਇਹੋ ਇਹੋ ਜਿਹੇ ਪ੍ਰਭੂ ਨੂੰ ਮਿਟਰ ਬਣਾਓ, ਜਿਸ (ਦੇ ਦਰ) ਤੋਂ ਕੋਈ ਖ਼ਾਲੀ ਨਹੀਂ ਰਹਿੰਦਾ । ੧ । ਰਹਾਉ । (ਹੇ ਭਾਈ ! ਵੇਖੋ ਗੋਬਿੰਦ ਦੀ ਉਦਾਰਤਾ!) ਭਾਵੇਂ ਕੋਈ ਮਨੁੱਖ ਆਪਣੇ ਕਿਸੇ ਲਾਲਚ ਦੀ ਖ਼ਾਤਰ ਹੀ ਉਸ ਨੂੰ ਮਿੱਤਰ ਬਣਾ ਲਏ (ਫਿਰ ਵੀ ਉਹ ਉਸ ਦੇ) ਸਾਰੇ ਮਨੋਰਥ ਪੂਰੇ ਕੇ ਦਿੰਦਾ ਹੈ। (ਤੇ ਉਸ ਨੂੰ) ਉਹ ਆਤਮਕ ਅਵਸਥ ਵੀ ਦੇ ਦਿੰਦਾ ਹੈ ਜਿੱਥੇ ਕੋਈ ਵਾਸਨਾ ਪੋਹ ਨਹੀਂ ਸਕਦੀ । ੧ ।

**ਧਿਆਨ ਰਹੇ** ਕਿ, ਕਿ ਕੇਵਲ ਕਿਸੇ ਲਾਲਚ ਦੀ ਖ਼ਾਤਰ, ਪ੍ਰਭੂ ਨਾਮ ਦਾ ਜਾਪ ਕਰਨ ਦੀ, ਜਾਂ ਕੋਈ ਕੰਮ ਪੈਣ ਤੇ ਉਸ ਨੂੰ ਯਾਦ ਕਰਨ ਦੀ ਗੱਲ ਨਹੀਂ ਹੈ ਸਗੋਂ ਉਸ ਸਿਰਜਣਹਾਰ ਨੂੰ ਆਪਣਾ ਮਿੱਤਰ ਬਣਾ ਲੈਣ ਦੀ ਗੱਲ ਹੈ। ਅਜੇ ਮਨੁੱਖ ਤਾਂ ਭਾਵੇਂ ਮਿਤ੍ਰਤਾਈ ਦੀ ਲਾਜ ਨਾ ਰੱਖੇ, ਪਰ ਪਰਮਾਤਮਾ ਮਿਤ੍ਰਤਾਈ ਦੀ ਲਾਜ ਕਿਵੇਂ ਨਾ ਰੱਖੇ ? ਇਹ ਵੀ ਨਾ ਭੁੱਲੀਏ ਕਿ, ਮਿਤ੍ਰਤਾਈ ਸਦਾ ਹਮ-ਖ਼ਿਆਲ, ਅਤੇ ਹਮ-ਵਿਚਾਰ ਨਾਲ ਹੀ ਬਣਦੀ ਹੈ, ਆਚਰਨ ਅਤੇ ਸੁਭਾਵ ਵਿਚ ਇਕਸੁਰਤਾ ਹੀ ਮਿਤ੍ਰਤਾਈ ਦਾ ਰੂਪ ਧਾਰਦੀ ਹੈ। ਪਰਮੇਸ਼ਰ ਵਾਲੇ ਗੁਣਾ ਦਾ ਧਾਰਨੀ ਬਣਾਂਗੇ ਤਦ ਹੀ ਉਸ ਨਾਲ ਮਿਤ੍ਰਾਈ ਬਣ ਸਕਣੀ ਹੈ । ਸਿਰਜਣਹਾਰ ਵਾਹਿਗੁਰੂ ਜੀ ਨੂੰ ਮਿੱਤ੍ਰ ਬਣਾਉਣ ਲਈ ਉਸੇ ਵਰਗੇ ਨਿਆਰੇ ਗੁਣਾ ਦੀ ਲੋੜ ਹੋਇਆ ਕਰਦੀ ਹੈ । ਭਾਵ--ਗੁਣ **ਕਹਿ ਗੁਣੀ ਸਮਾਉਣ** ਦੀ ਸ਼ਰਤ ਪਹਿਲਾਂ ਹੈ। ਫਿਰ ਕਿਸੇ ਸੁਆਰਥ ਜਾਂ ਲਾਲਚ ਦੀ ਗੱਲ ਹੈ। ਇਹ ਵੀ ਨਾ ਭੁੱਲੀਏ ਕਿ--ਪਰ ਉਸੇ ਪੰਗਤੀ ਵਿਚ ਰੱਬ ਜੀ ਆਪਣੇ ਮਿੱਤਰ ਨੂੰ ਵਿਕਾਰਾਂ ਤੋਂ ਮੁਕਤੀ ਪਰਦਾਨ ਕਰ ਰਹੇ ਹਨ ਭਾਵ, ਆਪਣੇ ਮਿੱਤਰ ਨੂੰ ਵਾਸਨਾ ਰਹਿਤ ਕਰ ਰਹੇ ਹਨ।--**ਫਰੀਦਾ ਜਾ ਲਬੁ ਤਾਂ ਨਿਹੁ ਕਿਆ** ? ਵਾਲੇ ਗੁਰਮਤਿ ਸਿਧਾਂਤ ਦੀ ਖੰਡਨਾ ਕਿਵੇਂ ਹੋ ਸਕਦੀ ਸੀ ?

ਜਿਸ ਮਨੁੱਖ ਨੇ (ਉਸ ਗੋਬਿੰਦ ਨੂੰ) ਆਪਣੀ ਗ਼ਰਜ਼ ਵਾਸਤੇ ਵੀ ਆਪਣੇ ਹਿਰਦੇ ਵਿਚ ਲਿਆ ਟਿਕਾਇਆ ਹੈ, (ਜਿਸ ਦੇ ਹਿਰਦੇ ਵਿਚ ਪ੍ਰਭੂ ਪ੍ਰਤੱਖ ਹੋ ਗਿਆ ਹੈ--ਪ੍ਰਭੂ ਦੇ ਪ੍ਰਗਟ ਰੂਪ ਧਾਰ ਲਿਆ ਹੈ, ਯਾਰ ਬਣ ਚੁੱਕੇ-ਗੋਬਿੰਦ ਨੇ ਉਸ ਦੇ) ਸਾਰੇ (ਆਤਮਕ) ਦੁੱਖ ਦਰਦ ਸਾਰੇ ਰੋਗ ਦੂਰ ਕਰ ਦਿੱਤੇ ਹਨ । ੨ । (ਹੇ ਭਾਈ !) ਜਿਸ ਮਨੁੱਖ ਦੀ ਜ਼ਬਾਨ ਗੋਙਿੰਗ ਦਾ ਨਾਮ ਉਚਾਰਨ ਦੀ ਤਾਂਘ ਕਰਦੀ ਹੈ, ਉਸ ਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ। ੩ ।

ਇਹ ਨਾ ਭੁੱਲੀਏ ਕਿ, ਕਿਸੇ ਦਾ ਨਾਂ ਲੈਂਦੇ ਰਹਿਣ ਦੀ " **ਤਾਂਘ** " ਕੇਵਲ ਅੰਦਰ ਵੱਸੇ ਸੱਚੇ ਪਿਆਰ, ਇਸ਼ਕ, ਮੁਹੱਬਤ ਤੋਂ ਹੀ ਉਪਜਦੀ ਹੈ। ਅਤੇ ਹੁਣ ਪੜ੍ਹੋ ਚੌਥੀ ਪਾਵਨ ਪੰਗਤੀ ਦੇ ਅਰਥ:--

ਹੇ ਨਾਨਕ ! (ਆਖ--) ਅਸੀ ਆਪਣੇ ਗੋਬਿੰਦ ਤੋਂ ਅਨੇਕਾਂ ਵਾਰੀ ਕੁਰਬਾਨ ਜਾਂਦੇ ਜਾਂ, ਸਾਡਾ ਗੋਬਿੰਦ ਐਸਾ ਹੈ ਕਿ ਉਸ ਦਾ **ਦਰਸ਼ਨ** ਸਾਰੇ ਫਲ (ਬਖ਼ਸ਼ਸ਼ ਕਰ) ਦਿੰਦਾ ਹੈ । ੪ ।

ਪ੍ਰਭੂ ਦੇ ਅਥਵਾ ਸਤਿਗੁਰਾਂ ਦੇ ਦਰਸ਼ਨਾਂ ਦੀ ਗੱਲ, ਅਗਲੇ ਲੇਖ ਪੜ੍ਹਨ ਤੋਂ ਸਪੱਸ਼ਟ ਹੋ ਜਾਵੇਗੀ ।

੬੧- **ਸਜਣੁ ਤੂ ਹੈ ਸੈਣੁ ਤੂ ਮੈ ਤੁਝ ਉਪਰਿ ਬਹੁ ਮਾਣੀਆ ॥ ਜਾ ਤੂ ਅੰਦਰਿ ਤਾ**
**ਸੁਖੇ ਤੂੰ ਨਿਮਾਣੀ ਮਾਣੀਆ ॥ ੨ ॥ ਜੇ ਤੂ ਤੁਠਾ ਕ੍ਰਿਪਾ ਨਧਾਨ ਨਾ ਦੂਜਾ**
**ਵੇਖਾਲਿ ॥ ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ ॥ ੩ ॥**[੭੬੧]-੧-੪

੭

# ਦਰਸ਼ਨ, ਦਰਸ ਅਥਵਾ ਮਿਲਾਪ

**ਮਹਾਨ ਕੋਸ਼** ਦੇ ਸਫ਼ਾ ੬੨੨ ਉਤੇ ਦਰਸ਼ਨ ਲਫ਼ਜ਼ ਦੇ ਅਰਥ ਇਸ ਪ੍ਰਕਾਰ ਹਨ:----

ਦਰਸਨ- ਸੰਗਯਾ- ਦੇਖਣ ਦਾ ਸਾਧਨ, ਨੇਤ੍ਰ । ੨- ਦੀਦਾਰ " ਦਰਸਨ ਕਉ ਲੋਚੈ ਸਭ ਕੋਈ ॥ " (ਸੂਹੀ ਮ: ੫) ਕਾਵਯ ਗ੍ਰੰਥਾਂ ਵਿਚ ਦਰਸ਼ਨ ਚਾਰ ਪ੍ਰਕਾਰ ਦਾ ਲਿਖਿਆ ਹੈ:--

(ੳ) ਸ੍ਰਵਣ ਦਰਸ਼ਨ, ਪ੍ਰੀਤਮ ਦਾ ਗੁਣ ਰੂਪ ਸੁਣਕੇ ਉਸ ਦਾ ਰਿਦੇ ਵਿਚ ਸਾਖ਼ਸ਼ਾਤ ਕਰਨਾ--' **ਸੁਣਿਐ ਲਾਗੈ ਸਹਿਜ ਧਿਆਨੁ** " (ਜਪੁ)- " **ਸੁਣਿ ਸੁਣਿ ਜੀਵਾ ਸੋਇ ਤੁਮਾਰੀ ॥ ਤੂੰ ਪ੍ਰੀਤਮਠਾਕੁਰ ਅਤਿ ਭਾਰੀ ॥** " (ਮਾਝ ਮ: ੫)

(ਅ) ਚਿਤ੍ਰ ਦਰਸ਼ਨ। ਪ੍ਰੀਤਮ ਦੀ ਮੂਰਤਿ ਦਾ ਦੀਦਾਰ, - **ਗੁਰ ਕੀ ਮੂਰਤਿ ਮਨ ਮਹਿ ਧਿਆਨੁ** " ॥(ਗੌਂਡ ਮ: ੫) (ਇਹ ਪੰਗਤੀ ਠੀਕ ਢੁੱਕਦੀ ਨਹੀ ਹੈਂ)

(ੲ) ਸ੍ਵਪਨ ਦਰਸ਼ਨ, ਪਿਆਰੇ ਨੂੰ ਸੁਪਨੇ ਵਿਚ ਦੇਖਣਾ,- ' **ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰ ਮਿਲਿਆ ॥** (ਗਉ ਛੰਤ ਮ: ੫)

(ਸ) ਪ੍ਰਤੱਖ਼ਸ਼ ਦਰਸ਼ਨ--ਪ੍ਰੇਮੀ ਦਾ ਸਾਖਸ਼ਾਤ ਦੀਦਾਰ ਕਰਨਾ--' **ਅਦਿਸਟ ਅਗੋਚਰ ਅਲਖ ਨਿਰੰਜਨ ਸੋ ਦੇਖਿਆ ਗੁਰਮੁਖਿ ਆਖੀ** " ॥ (ਵਾਰ ਸ੍ਰੀ ਮ: ੪)

੩- ਸ਼ੀਸ਼, ਦਰਪਣ । ੪- ਧਰਮ ਦਿਖਾਉਣ ਵਾਲਾ ਗ੍ਰੰਥ । ' ਖਟ ਦਰਸਨ ਵਰਤੈ ਵਰਤਾਰਾ ॥ ਗੁਰ ਕਾ ਦਰਸਨ ਅਗਮ ਅਪਾਰਾ ॥ (ਆਸਾ ਮ: ੩) " ਦਰਸਨ ਛੋਡਿ ਭਏ ਸਮਦਰਸੀ " (ਮਾਰੂ ਕਬੀਰ) ਖਟ ਦਰਸ਼ਨਾਂ ਦਾ ਪਖ਼ ਤਿਆਗ ਕੇ ਸਭ ਦਰਸ਼ਨਾਂ ਵਿਚ ਸਮਾਨਤਾ ਰੱਖਣ ਵਾਲੇ ਹੋ ਗਏ। ੫- ਛੀ ਸੰਗਯਾ ਬੋਧਕ, ਕਿਉਂਕਿ ਦਰਸ਼ਨ ਛੀ ਹਨ। ੬- ਧਰਮ ਮਜ਼ਹਬ, ' **ਇਕਨਾ ਦਰਸਨ ਕੀ ਪਰਤੀਤਿ ਨ ਆਈਆ ॥** " (ਵਾਰ ਵਡਹੰ ਮ: ੩)

## ਗੁਰਮਤਿ ਦੇ ਅਕਾਲਪੁਰਖ ਦੇ ਦਰਸ਼ਨ ।

ਪ੍ਰਭ ਦੇ ਦਰਸ਼ਨਾਂ ਵਾਲੇ ਵਿਸ਼ੇ ਦਾ ਸੰਖੇਪ ਜ਼ਿਕਰ ਕਈ ਥਾਈਂ ਆਉਂਦਾ ਰਿਹਾ ਹੈ, ਕਿ ਪਰਮ ਸ਼ਕਤੀ ਅਦ੍ਰਿਸ਼ਟ ਅਤੇ ਅਕਾਰ-ਰਹਿਤ ਪਰਮਾਤਮਾ ਨੂੰ ਅੱਜ ਤੱਕ ਸਾਖ਼ਸ਼ਾਤ ਪ੍ਰਗਟ ਹੋ ਕੇ ਵਿਚਰਦਾ ਕਦੇ ਕਿਸੇ ਨੇ ਨਹੀਂ ਵੇਖਿਆ। ਜਿਸ ਪਰਮਾਤਮਾ ਨੂੰ ਗੁਰੂ ਬਾਣੀ ਵਿਚ--**ਤੁਧੁ ਰੂਪੁ ਨ ਰੇਖਿਆ ਜਾਤਿ, ਤੂ ਵਰਨਾ ਬਾਹਰਾ** ॥[੧੦੯੬] ਲਿਖਿਆ ਹੈ । ਕਿਸੇ ਉਚੇਚੇ ਨਿੱਜੀ ਰੂਪ ਵਿਚ ਉਸ ਪ੍ਰਭੂ ਦੇ ਸਾਖਸ਼ਾਤ ਦਰਸ਼ਨ ਅਸੰਭਵ ਹਨ। ਇਹ ਕਹਾਣੀ ਕਿ ਰੱਬ ਨੇ ਕ੍ਰਿਸ਼ਨ ਰੂਪ ਵਿਚ ਪ੍ਰਗਟ ਹੋ ਕੇ ਧੰਨੇ ਭਗਤ ਦੇ ਖੂਹ ਤੇ ਪੁੱਜ ਕੇ ਕਿਆਰੇ ਮੋੜਨ ਦੀ ਸੇਵਾ ਨਿਭਾਈ ਸੀ ਸੋਸਰ ਮਨਘੜਤ ਗੱਪ ਹੈ। ਅਜੇਹ ਸਾਖ਼ਸ਼ਾਤ ਦਰਸ਼ਨ ਅੱਜ ਤੱਕ ਕਿਸੇ ਨੂੰ ਨਹੀਂ ਹੋਏ । ਅਜੇਹੀਆਂ ਝੂਠ ਕਹਾਣੀਆਂ ਠੱਗ ਧਾਰਮਿਕ ਆਗੂਆਂ ਦਾ ਮਾਇਆ ਜਾਲ ਹੈ । ਸਾਰਗ ਕੀ ਵਾਰ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ (ਆਪਣੇ ਪਹਿਲੇ ਸਰੂਪ ਸਮੇ) ਅਕਾਲਪੁਰਖ ਬਾਰੇ ਸਪੱਸ਼ਟ ਸ਼ਬਦਾਂ ਵਿਚ ਇਉਂ ਫ਼ੁਰਮਾਨ ਕੀਤਾ ਹੈ :---

੬੨- **ਮਹਲਾ ੧ ॥ ਆਖਣਿ ਅਉਖਾ, ਸੁਨਣਿ ਅਉਖਾ, ਆਖਿ ਨ ਜਾਪੀ ਆਖਿ ॥ ਇਕਿ ਆਖਿ ਆਖਹਿ, ਸਬਦੁ ਭਾਖਹਿ, ਅਰਧ ਉਰਧ ਦਿਨੁ ਰਾਤਿ ॥ ਜੇ ਕਿਹੁ ਹੋਇ ਤ ਕਿਹੁ ਦਿਸੈ ਜਾਪੈ ਰੂਪੁ ਨ ਜਾਤਿ ॥ ਸਭਿ ਕਾਰਣ ਕਰਤਾ ਕਰੇ ਘਟ ਅਉਘਟ ਘਟ ਥਾਪਿ ॥ ਆਖਣਿ ਅਉਖਾ ਨਾਨਕਾ ਆਖਿ ਨ ਜਾਪੈ ਆਖਿ ॥ ੨ ॥**[੧੨੩੯]-ਵਾਰ-੬

**ਅਰਥ**:--(ਪਰਮਾਤਮਾ ਦਾ ਰੂਪ) ਕਿਸੇ ਤਰ੍ਹਾਂ ਵੀ ਬਿਆਨ ਕਰਨਾ ਔਖਾ (ਅਸੰਭਵ) ਹੈ, ਮੁੜ ਮੁੜ ਬਿਆਨ ਕਰਨ ਨਾਲ ਵੀ ਸਮਝ ਨਹੀਂ ਆਉਂਦੀ। ਕਈ ਲੋਕ ਬੜੀ ਮਿਹਨਤਿ ਨਾਲ ਦਿਨ ਰਾਤ (ਲੱਗ ਕੇ) (ਪ੍ਰਭੂ ਦਾ ਸਰੂਪ) ਮੁੜ ਮੁੜ ਬਿਆਨ ਕਰਦੇ ਹਨ (ਤੇ ਸਰੂਪ ਦੱਸਣ ਵਾਲਾ) ਲਫ਼ਜ਼ ਬੋਲਦੇ ਹਨ, ਪਰ ਜੇ ਕੋਈ (ਪੰਜ-ਤੱਤੀ) ਸਰੂਪ ਹੋਵੇ ਤਾਂ ਦਿੱਸੇ ਵੀ, ਉਸ ਦਾ ਤਾਂ ਨਾ ਕੋਈ ਰੂਪ ਜਾਪਦਾ ਹੈ ਨਾ ਕੋਈ ਜਾਤਿ ਦਿੱਸਦੀ ਹੈ। ਹੇ ਨਾਨਕ ! ਔਖੇ ਸੌਖੇ ਥਾਂ (ਹਰੇਕ ਕਿਸਮ ਦੇ ਭਾਂਡੇ) ਆਪ ਰਚ ਕੇ ਪ੍ਰਭੂ ਆਪ ਹੀ (ਜਗਤ ਦੇ) ਸਾਰੇ ਸਬਬ ਬਣਾਉਂਦਾ ਹੈ, ਉਸ ਦਾ ਸਰੂਪ ਬਿਆਨ ਕਰਨਾ ਔਖਾ ਹੈ, ਮੁੜ ਮੁੜ ਬਿਆਨ ਕਰਨ ਨਾਲ ਵੀ ਸਮਝ ਵਿਚ ਨਹੀਂ ਆਉਂਦਾ । ੨ ।

ਏਵੇਂ ਹੀ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਫ਼ੁਰਮਾਨ-**ਅਨਭਉ, ਕਿਨੈ ਨ ਦੇਖਿਆ, ਬੈਰਾਗੀਅੜੇ** ॥ [੧੧੦੪] ਹੇ ਅਞਾਣੇ ਬੈਰਾਗੀ ! ਕੇਵਲ ਅਨੁਭਵ (**Direct perception**) ਵਿਚ ਆ ਸਕਣ ਵਾਲਾ ਸਿਰਜਣਹਾਰ (ਇਨ੍ਹਾਂ ਬਾਹਰੀ ਅੱਖੀਆਂ ਨਾਲ ਅੱਜ ਤੱਕ) ਕਦੇ ਕਿਸੇ ਨੇ ਵੀ, ਨਹੀਂ ਵੇਖਿਆ। ਫਿਰ ਉਸ ਪ੍ਰਭੂ ਦੇ ਦਰਸ਼ਨਾ ਦੀ ਗੱਲ ਕਰਨੀ ? ਉਹ ਵੀ ਇਨ੍ਹਾਂ ਨੇਤ੍ਰਾਂ ਨਾਲ ਵੇਖਣ ਦੀ ਲੋਚਨਾ ?:-- (੧) **ਮੇਰੈ ਹੀਅਰੈ ਲੋਚ ਲਗੀ ਪ੍ਰਭ ਕੇਰੀ ਹਰਿ ਨੈਨਹੁ ਹਰਿ ਪ੍ਰਭ ਹੇਰਾ ॥** [੭੧੧] ਹੇਰਾ=ਵੇਖਾਂ)--(੨) **ਬਿਨੁ ਦਰਸਨ ਕੈਸੇ ਜੀਵਉ ਮੇਰੀ ਮਾਈ ॥[੭੯੬]**-- (੩) **ਮੇਰੇ ਇਕੁ ਖਿਨੁ ਪ੍ਰਾਨ ਨ ਰਹਹਿ ਬਿਨੁ ਪ੍ਰੀਤਮ ਬਿਨੁ ਦੇਖੇ ਮਰਹਿ ਮੇਰੀ ਮਾਇਆ ॥ ੨ ॥**[੮੮੨]- **(੪) ਨੈਣ ਮਹਿੰਜੇ ਤਰਸਦੇ, ਕਦਿ ਪਸੀ ਦੀਦਾਰੁ ॥ ੧ ॥ [੧੦੯੪]**--(੫) **ਦਰਸਨੁ ਮਾਗਉ ਦੇਹਿ ਪਿਆਰੇ ॥ ਤੁਮਰੀ ਸੇਵਾ ਕਉਨ ਕਉਨ ਨ ਤਾਰੇ ॥ ੧ ॥ ਰਹਾਉ ॥**[੩੯੬] ਪ੍ਰਭੂ ਨੂੰ ਵੇਖਣ ਦੀ ਆਸ ਦੀ ਹੀ ਕੇਵਲ ਗੱਲ ਨਹੀਂ ਹੈ, ਸਗੋਂ ਗੁਰਬਾਣੀ ਵਿਚ ਤਾਂ ਇਹ ਵੀ ਲਿਖਿਆ ਹੈ ਕਿ, ਪ੍ਰਹਲਾਦ ਭਗਤ ਦੀ ਰਖਿਆ ਲਈ ਪ੍ਰਭੂ ਨਰਸਿੰਘ ਰੂਪ ਵਿਚ ਥੰਮ ਪਾੜ ਕੇ ਪ੍ਰਗਟ ਹੋਇਆ ਅਤੇ ਉਸ ਨੇ ਹਰਨਾਕਸ਼ ਨੂੰ ਆਪਣੇ ਪੱਟਾਂ ਤੇ ਰੱਖ ਕੇ ਉਸ ਦਾ ਪੇਟ ਆਪਣੀਆਂ ਤਿੱਖੀਆਂ ਨੌਂਹਦਰਾਂ ਨਾਲ ਪਾੜ ਦਿੱਤਾ ਅਤੇ ਹੰਕਾਰੀ ਦੈਂਤ ਨੂੰ ਮਾਰ ਖਪਾਇਆ ---**ਥੰਮ੍ਹੁ ਉਪਾੜਿ ਹਰਿ ਆਪੁ ਦਿਖਾਇਆ ॥ ਅਹੰਕਾਰੀ ਦੈਤੁ ਮਾਰਿ ਪਚਾਇਆ ॥ [੧੧੫੪]** ਏਥੇ ਹੀ ਬਸ ਨਹੀਂ ਸਗੋਂ ਗੁਰੂ ਬਾਣੀ ਵਿਚ ਇਉਂ ਵੀ ਲਿਖਿਆ ਹੈ--**(੧) ਪਾਖੰਤਣ ਬਾਜ ਬਜਾਇਲਾ ॥ ਗਰੁੜ ਚੜ੍ਹੇ ਗੋਬਿੰਦ ਆਇਲਾ ॥ ੧੫ ॥[੧੧੬੬]**--(੧) ---**ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥ ੫੩ ॥** [੧੪੨੯] (੩) **ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ ॥ ੧ ॥**[੨੧੯] (੪) **ਗਜ ਕੀ ਤ੍ਰਾਸ ਮਿਟੀ ਛਿਨਹੁ ਮਹਿ ਜਬ ਹੀ ਰਾਮੁ ਬਖਾਨੋ ॥ [੮੩੦]** ਪੁਰਾਣਕ ਗਾਥਾ ਅਨੁਸਾਰ ਕਿਸੇ ਤਾਮਸੀ ਰਿਖੀ ਦੇ ਸਰਾਪ ਦੇ ਕਾਰਨ+ ਇੱਕ ਗੰਧਰਬ ਹਾਥੀ ਬਣ ਗਿਆ। ਜਦ ਉਹ ਗੰਧਰਬ-ਹਾਥੀ ਆਪਣੀਆਂ ਹਥਨੀਆਂ ਨੂੰ ਨਾਲ ਲੈ ਕੇ ਸਰੋਵਰ ਵਿਚ ਇਸ਼ਨਾਨ ਕਰਨ ਗਿਆ ਤਾਂ ਉਥੇ ਉਸ ਨੂੰ ਗ੍ਰਾਹ ਨੇ ਫੜ ਲਿਆ । ਹਾਥੀ ਨੇ ਭਗਵਾਨ ਨੂੰ ਯਾਦ ਕੀਤਾ ਤਾਂ ਭਗਵਾਨ ਗਰੁੜ ਤੇ ਸਵਾਰ ਹੋ ਕੇ ਝਟ ਪਹੁੰਚ ਗਿਆ। ਸੁਦਰਸ਼ਨ ਚੱਕਰ ਨਾਲ ਗ੍ਰਾਹ ਭਾਵ, ਤੰਦੂਏ ਦੀਆਂ ਤਾਰਾਂ ਕੱਟ ਕੇ ਹਾਥੀ ਨੂੰ ਬਚਾਇਆ ? ਇਸ ਤਰ੍ਹਾਂ ਭਗਵਾਨ ਦੇ ਸਾਖ਼ਸ਼ਾਤ ਦਰਸ਼ਨਾਂ ਦੀ ਗੱਲ ਬੜੀ ਪਰਚੱਲਤ ਹੈ।

## ਗੁਰੂ ਦੇ ਦਰਸ਼ਨ--

ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਅਰੰਭ ਹੋ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਦਸੋਂ ਪਾਤਸ਼ਾਹੀਆਂ ਪੰਜ ਭੂਤਕ ਸਰੀਰ ਵਿਚ ਵਿਚਰਦੇ ਰਹਿਣ ਦੇ ਸਮੇਂ ਨਾਲ ਜੁੜੀਆਂ ਇਤਿਹਾਸਕਾਰਾਂ ਦੀਆਂ ਲਿਖਤਾਂ ਦੇ ਅਧਾਰ ਤੇ ਕਈ ਅਜੇਹੀਆਂ ਸਾਖੀਆਂ ਪਰਚਲਤ ਹਨ ਜਿਨ੍ਹਾਂ ਤੋਂ ਇਹ ਭਰੋਸਾ ਬੱਝਦਾ ਹੈ ਕਿ, ਜਦੋਂ ਵੀ ਕਿਸੇ ਗੁਰਸਿੱਖ ਨੇ ਸ਼ਰਧਾ ਨਾਲ ਸਤਿਗੁਰਾਂ ਨੂੰ ਯਾਦ ਕੀਤਾ, ਸਤਿਗੁਰੂ ਜੀ ਭਾਵੇਂ ਕਿੱਡੀ ਦੂਰ ਵੀ ਸਨ, ਉਹ ਸ਼ਰਧਾ ਅਤੇ ਪਿਆਰੇ ਦੇ ਬੱਝੇ ਝੱਟ ਆਪਣੇ ਪਿਆਰੇ ਕੋਲ ਜਾ ਪੁੱਜਦੇ ਰਹੇ ਸਨ। ਜਿਵੇਂ ਬੜੀ ਪ੍ਰਚਲਤ ਸਾਖੀ ਹੈ ਕਿ ਬੇਬੇ ਨਾਨਕੀ ਜੀ ਨੇ ਤਵੇ ਤੇ ਰੋਟੀ ਪਾ ਕੇ ਹਿਰਦੇ ਤੋਂ ਯਾਦ ਕੀਤਾ ਕਿ, ਇਹ ਰੋਟੀ ਉਨ੍ਹਾਂ ਦੇ ਵੀਰਨ-ਸਤਿਗੁਰੂ ਨਾਨਕ ਜੀ ਆ ਛਕਣ ਤਾਂ ਸਤਿਗੁਰੂ ਜੀ ਸੈਂਕੜੇ ਮੀਲਾਂ ਤੋਂ ਬੇਬੇ ਨਾਨਕੀ ਜੀ ਦੇ ਘਰ ਆ ਪ੍ਰਗਟ ਹੋਏ ਅਤੇ ਪਿਆਰ ਨਾਲ ਪਰਸ਼ਾਦਾ ਛਕਿਆ। ਏਸੇ ਤਰ੍ਹਾਂ ਲਗ ਪਗ ਸਾਰੇ ਗੁਰੂ ਸਾਹਿਬਾਨ ਦੀ ਜੀਵਨ ਕਥਾ ਵਿਚ ਕੋਈ ਨ ਕੋਈ ਅਜੇਹੀ ਸਾਖੀ ਮਿਲਦੀ ਹੈ ਜਿਸ ਤੋਂ ਸਤਿਗੁਰਾਂ ਦੇ ਦਰਸ਼ਨਾਂ ਤੋਂ ਕਰਾਮਾਤੀ ਫਲ ਪ੍ਰਾਪਤ ਹੋਣ ਦਾ ਭਰੋਸਾ ਬੱਝਦਾ ਹੁੰਦਾ ਹੈ।

ਉਨ੍ਹਾਂ ਪ੍ਰਚਲਤ ਸਾਖੀਆਂ ਦੀ ਅਸਲੀਯਤ ਦੀ ਪਰਖ ਕਰਨੀ ਸਾਡਾ ਵਿਸ਼ਾ ਨਹੀਂ। ਅਸਾਂ ਗੁਰੂ ਸਾਹਿਬ ਜੀ ਦੇ ਪਾਵਨ ਦਰਸ਼ਨਾਂ ਬਾਰੇ ਗੁਰੂ ਬਾਣੀ ਫ਼ੁਰਮਾਨਾ ਦੀ ਅਸਲ ਭਾਵਣਾ ਨੂੰ ਸਮਝਣ ਦਾ ਯਤਨ ਕਰਨਾ ਹੈ। ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ-- ' **ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰੁ ॥**- ਸਾਡਾ ਧਿਆਨ ਝਟ ਪਟ ਗੁਰਬਾਣੀ ਦੀ ਉਸ ਪੰਗਤੀ ਵੱਲ ਚਲਾ ਜਾਵੇਗਾ ਜਿਹੜੀ ਕਿ, ਸਤਿਗੁਰਾਂ ਦਾ ਮੁੱਖਵਾਕ ਲੈਣ ਸਮੇ ਪੜ੍ਹਨ ਦੀ (ਲਗ-ਪਗ-) ਗੁਰੂ-ਮਰਯਾਦਾ ਹੀ ਬਣ ਚੁੱਕੀ ਹੈ--" **ਹੋਵੈ ਸਿਫਤਿ ਖਸਮ ਦੀ, ਨੂਰੁ ਅਰਸਹੁ ਕੁਰਸਹੁ ਝਟੀਐ ॥ ਤੁਧੁ ਡਿਠੇ ਸਚੇ ਪਾਤਿਸ਼ਾਹ, ਮਲ ਜਨਮ ਜਨਮ ਦੀ ਕਟੀਐ ॥** "। ਇਸ ਤੁਕ ਵਿਚਲੇ " **ਡਿਠੇ** " ਅਤੇ ਉਪ੍ਰੋਕਤ ਸਲੋਕ ਵਿਚਲੇ " **ਵੇਖਦਾ** " ਦੋਹਾਂ ਪਦਾਂ ਦੇ ਅਰਥ ਜੇ ਗੁਰੂ-ਸਰੂਪ ਦੇ ਬਾਹਰੀ ਦਰਸ਼ਨ ਦੀਦਾਰੇ ਹੀ ਸਮਝ ਲਈਏ ਤਾਂ ਸਾਡੇ ਚੰਚਲ, ਅਮੋੜ ਅਤੇ ਮੂੜ੍ਹ ਮਨ ਨੂੰ ਇਹ ਦੁਬਿਧਾ ਨੱਪ ਖਲੋਵੇਗੀ-- ' ਕੀ ਜਾਗਤ ਜੋਤਿ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵਿਚਾਰਾਂ ਦਾ ਭੇੜ ਹੈ? ਕੀ, ਸਤਿਗੁਰਾਂ ਨੇ ਆਪਣੇ ਵਿਚਾਰ ਆਪ ਹੀ ਰੱਦ ਕਰ ਦਿੱਤੇ? ਇੱਕ ਥਾਂ ਲਿਖਿਆ ਹੈ ਕਿ ਸਤਿਗੁਰਾਂ ਨੂੰ ਡਿਠਿਆਂ--ਵਿਕਾਰਾਂ ਤੋਂ ਮੁਕਤੀ ਨਹੀਂ ਹੋ ਸਕਦੀ ਅਰਥਾਤ ਕੇਵਲ ਦਰਸ਼ਨਾਂ ਨਾਲ ਮਨੁੱਖ ਦਾ ਨਾ ਹਲਤ ਅਤੇ ਨਾ ਹੀ ਪਲਤ ਸੌਰਦਾ ਹੈ, ਭਾਵ, ਸਤਿਗੁਰਾਂ ਨੂੰ ਕੇਵਲ ਅਖੀਆਂ ਨਾਲ ਵੇਖਣਾ ਮਾਤ੍ਰ ਨਿਸਫ਼ਲ ? ਪਰ ਦੂਜੀ ਥਾਂ ਸੱਚੇ ਪਾਤਸ਼ਾਹ ਸਤਿਗੁਰੂ (ਅੰਗਦ ਦੇਵ) ਜੀ ਨੂੰ ਕੇਵਲ ਵੇਖਣ ਨਾਲ ਹੀ ਜਨਮਾਂ ਜਨਮਾਂਤ੍ਰਾਂ ਦੀ ਮੈਲ ਕੱਟੀ ਜਾਂਣ ਦਾ ਵਿਸ਼ਵਾਸ਼ ?

ਇਸ ਉਲਝਣ ਦੀ ਅਸਲੀਯਤ ਲਈ ਆਉ ਉਪ੍ਰੋਕਤ ਤੁਕਾਂ ਵਾਲੇ ਦੋਹਾਂ ਹੀ (ਪੂਰੇ) ਗੁਰੂ ਫ਼ੁਰਮਾਨਾ ਦੀ ਇਕਾਗਰਤਾ ਨਾਲ ਵਿਚਾਰ ਕਰ ਕੇ ਅਸਲ ਭੇਤ ਨੂੰ ਸਮਝਣ ਦਾ ਯਤਨ ਕਰ ਵੇਖੀਏ :--

੬੩- **ਸਲੋਕ ਮਃ ੩ ॥ ਸਤਿ ਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰੁ ॥ ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥ ਨਾਨਕ ਇਕਿ ਦਸਰਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥ ੧ ॥**[੫੯੪]-ਵਾਰ-੨੧

**ਅਰਥ**:--ਜਿਤਨਾ ਇਹ ਸਾਰਾ ਸੰਸਾਰ ਹੈ (ਇਸ ਵਿਚ) ਹਰੇਕ ਜੀਵ ਸਤਿਗੁਰੂ ਦੇ **ਦਰਸ਼ਨ ਕਰਦਾ** ਹੈ, (ਪਰ) ਨਿਰਾ ਦਰਸ਼ਨ ਕੀਤਿਆਂ ਮੁਕਤਿ ਨਹੀਂ ਮਿਲਦੀ, ਜਦ ਤਾਈ ਜੀਵ ਸਤਿਗੁਰੂ ਦੇ ਸ਼ਬਦ ਦੀ ਵਿਚਾਰ (ਕਰਕੇ ਉਸ ਅਨੁਸਾਰ ਆਪਣਾ ਜੀਵਨ ਨਹੀਂ ਢਾਲਦਾ, ਕਿਉਂਕਿ ਅਜੇਹਾ ਉੱਦਮ ਕੀਤੇ ਬਿਨਾ) ਅਹੰਕਾਰ (-ਰੂਪ ਮਨ ਦੀ) ਮੈਲ ਨਹੀਂ ਉਤਰਦੀ ਤੇ ਨਾਮ ਵਿਚ ਪਿਆਰ ਨਹੀਂ ਬਣਦਾ । ਕਈ ਮਨੁੱਖਾਂ ਨੂੰ ਪ੍ਰਭੂ ਨੇ ਆਪ ਹੀ ਮੇਹਰ ਕਰ ਕੇ ਮਿਲਾ ਲਿਆ ਹੈ ਜਿਨ੍ਹਾਂ ਨੇ ਮੇਰ-ਤੇਰ ਤੇ ਵਿਕਾਰ ਛੱਡੇ ਹਨ । ਹੇ ਨਾਨਕ ! ਕਈ ਮਨੁੱਖ (ਸਤਿਗੁਰਾਂ ਦਾ) ਦਰਸ਼ਨ ਕਰਕੇ ਸਤਿਗੁਰੂ ਦੇ ਪਿਆਰ ਦੇ ਆਸਰੇ (ਭਾਵ, ਆਪਾ ਭਾਵ ਗੁਆ ਕੇ) ਹਰੀ ਵਿਚ ਮਿਲ ਗਏ ਹਨ । ੧ । [ਪ੍ਰਿੰਸਃ ਸਾਹਿਬ ਸਿੰਘ ਪੋਥੀ ੪ ਅੰਕ ੪੯੦]

ਸਪੱਸ਼ਟ ਹੈ ਕਿ ਸਤਿਗੁਰਾਂ ਦੇ ਸਰੀਰ ਦੇ ਦਰਸ਼ਨ ਮਾਤ੍ਰ ਨਾਲ ਕੋਈ ਲਾਭ ਨਹੀਂ ਸੀ ਹੋ ਸਕਦਾ। ਕੇਵਲ ਦਰਸ਼ਨਾਂ ਦੀ ਗੱਲ ਤਾਂ ਦੂਰ ਰਹੀ, ਪੰਚਮ ਪਾਤਸ਼ਾਹੀ ਨੂੰ ਕਈ ਦਿਨ ਅੱਗ ਅਤੇ ਪਾਣੀ ਦੇ ਤਸੀਹੇ ਦੇਣ ਵਾਲੇ ਜਲਾਦ ਤਾਂ ਸਤਿਗੁਰਾਂ ਨਾਲ ਗੱਲਾਂ ਵੀ ਕਰਦੇ ਰਹੇ ਸਨ। ਫਿਰ ਅਨੇਕ ਸਮਿਆਂ ਤੇ ਸਤਿਗੁਰਾਂ ਦੀ ਜਾਨ ਦੇ ਵੈਰੀ ਬਣ ਕੇ ਆਏ ਜਰਵਾਣੇ, ਸਤਿਗੁਰਾਂ ਨਾਲ ਬਚਨ ਕਰਦੇ ਹੋਏ ਵੀ ਜਾਨ ਲੇਵਾ ਵਾਰ ਕਰਨੋ ਨਹੀਂ ਸਨ ਟਲਿਆ ਕਰਦੇ ਅਤੇ ਨਾ ਚਾਹੁੰਦੇ ਹੋਏ ਵੀ ਸਤਿਗੁਰਾਂ ਨੇ ਆਪਣੀ ਰਖਿਆ ਵਿਚ ਜਵਾਬੀ ਵਾਰ ਕੀਤਾ ਜਿਸ ਤੋਂ ਵੈਰੀ ਪਰਲੋਕ ਸਿਧਾਰਦੇ ਰਹੇ। ਪੈਂਦੇ ਖ਼ਾਨ ਤਾਂ ਪਾਲਿਆ ਹੀ ਛੇਵੇ ਸ੍ਰੀ ਗੁਰੂ ਨਾਨਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਸੀ। ਉਹ ਵੀ ਸਤਿਗੁਰਾਂ ਦੀ ਜਾਨ ਦਾ ਵੈਰੀ ਬਣ ਆਇਆ ਸੀ। ਨਦੇੜ ਵਿਖੇ ਜਿਨ੍ਹਾਂ ਦੋ ਪਠਾਣਾ ਨੇ ਦਸ਼ਮੇਸ਼ ਜੀ ਦੇ ਪਾਵਨ ਸਰੀਰ ਤੇ ਮਾਰੂ ਵਾਰ ਕੀਤਾ ਸੀ ਉਹ ਵੀ ਕਈ ਮਹੀਨਿਆਂ ਤੋਂ ਸਤਿਗੁਰਾਂ ਦੀ ਸੇਵਾ ਵਿਚ ਰਹਿ ਰਹੇ ਸਨ ਅਤੇ ਰੋਜ਼ ਗੁਰੂ ਉਪਦੇਸ਼ ਵੀ ਨੇਮ ਨਾਲ ਸੁਣਦੇ ਰਹਿ ਕੇ ਭਰੋਸਾ ਜਿੱਤਦੇ ਰਹੇ ਸਨ, ਪਰ ਸਮਾ ਮਿਲਦਿਆਂ ਹੀ ਉਨ੍ਹਾਂ ਸਤਿਗੁਰਾਂ ਤੇ ਜਾਨ-ਲੇਵਾ ਵਾਰ ਕਰ ਦਿੱਤਾ ਸੀ। ਸਪੱਸ਼ਟ ਹੈ ਕਿ, ਸਤਿਗੁਰਾਂ ਦੀ ਸਿਖਿਆ ਤੇ ਅਮਲ ਕਰਨ ਨਾਲ ਹੀ ਗੁਰ ਸਿੱਖਾਂ ਨੂੰ ਉਚੀ ਆਤਮਕ ਵਾਲਾ ਅਨਮੋਲ ਫਲ ਮਿਲਦਾ ਆ ਰਿਹਾ ਹੈ। ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਹਰੀ ਸਰੂਪ ਦੇ ਦਰਸ਼ਨਾਂ ਦਾ ਕੋਈ ਲਾਭ ਨਹੀਂ, ਜਿੰਨਾਂ ਚਿਰ ਅਸੀਂ ਸ਼ਬਦ ਵਿਚਾਰ ਤੋਂ ਮਿਲਦੀ ਸੇਧ ਅਨੁਸਾਰ ਜੀਵਨ ਨਹੀਂ ਢਾਲਦੇ।

## ਦਰਸ਼ਨਾਂ ਦਾ ਇੱਕ ਇਹ ਪੱਖ--

ਸਾਡੀ ਸਮੱਸਿਆ ਇਹ ਹੈ ਕਿ, ਅਸੀਂ ਪੂਰੇ ਗੁਰੂ ਫ਼ੁਰਮਾਨ ਦੀ ਸਮੁੱਚੀ ਵਿਚਾਰ ਦੁਆਰਾ ਗੁਰੂ ਫ਼ੁਰਮਾਨਾਂ ਦੇ ਸ਼ੁੱਧ ਅਤੇ ਅੰਤ੍ਰਵੀ ਭਾਵ ਨੂੰ ਸਮਝਣ ਦਾ ਯਤਨ, ਬੜਾ ਘੱਟ ਕਰਦੇ ਹਾਂ। ਉਪ੍ਰੋਕਤ ਪੰਗਤੀ ਰਾਮਕਲੀ ਕੀ ਵਾਰ-- '**ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ** ॥ ਦੀ ਦੂਜੀ ਪਉੜੀ ਵਿਚੋਂ ਹੈ। ਪੂਰੀ ਪਉੜੀ ਇਸ ਪ੍ਰਕਾਰ ਹੈ:--

੬੪- **ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥ ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥**

**ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥ ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ ॥ ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥ ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ ॥ ਹੋਵੈ ਸਿਫਤਿ ਖਸੰਮ ਦੀ, ਨੂਰੁ ਅਰਸਹੁ ਕੁਰਸਹੁ ਝਟੀਐ ॥ ਤੁਧੁ, ਡਿਠੇ ਸਚੇ ਪਾਤਿਸਾਹ, ਮਲੁ ਜਨਮ ਜਨਮ ਦੀ ਕਟੀਐ ॥ ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥ ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥ ਦਿਲਿ ਖੋਟੈ ਆਕੀ ਫਿਰਨਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ ॥ ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ ॥ ਕਉਣੁ ਹਾਰੇ ਕਿਨਿ ਉਵਟੀਐ ॥ ੨ ॥ [੯੬੭]**

**ਅਰਥ:-** (ਬਾਬਾ ਲਹਿਣਾ ਜੀ ਦੇ ਸਿਰ ਉਤੇ) ਸੁੰਦਰ ਰੱਬੀ ਛਤਰ ਝੁੱਲ ਰਿਹਾ ਹੈ। ਗੁਰੂ ਨਾਨਕ ਸਾਹਿਬ ਜੀ ਦੀ ਹੱਟੀ ਵਿਚ (ਬਾਬਾ ਲਹਣਾ) (ਗੁਰੂ ਨਾਨਕ ਸਾਹਿਬ ਜੀ ਪਾਸੋਂ ' ਨਾਮ ' ਪਦਾਰਥ ਲੈ ਕੇ ਵੰਡਣ ਲਈ) ਗੱਦੀ ਮੱਲ ਕੇ ਬੈਠਾ ਹੈ। (ਬਾਬਾ ਲਹਿਣਾ ਜੀ) ਗੁਰੂ ਨਾਨਕ ਸਾਹਿਬ ਜੀ ਦੇ ਫ਼ੁਰਮਾਏ ਹੋਏ ਹੁਕਮ ਨੂੰ ਪਾਲ ਰਹੇ ਹਨ--' ਹੁਕਮ ਪਾਲਣ "-ਰੂਪ ਜੋਗ ਦੀ ਕਮਾਈ ਅਲੂਣੀ ਸਿਲ ਚੱਟਣ (ਵਾਂਗ ਬੜੀ ਕਰੜੀ ਕਾਰ) ਹੈ। (ਬਾਬਾ ਲਹਿਣਾ ਜੀ) ਅਕਾਲਪੁਰਖ ਦੀ ਦਿੱਤੀ ਹੋਈ ਨਾਮ-ਦਾਤਿ ਵੰਡ ਰਹੇ ਹਨ, ਆਪ ਵੀ ਵਰਤਦੇ ਹਨ ਤੇ (ਹੋਰਨਾਂ ਨੂੰ ਵੀ) ਦਬਾ-ਦਬ ਦਾਨ ਕਰ ਰਹੇ ਹਨ, (ਗੁਰੂ ਨਾਨਕ ਜੀ ਦੀ ਹੱਟੀ ਵਿਚ) ਗੁਰੂ ਦੇ ਸ਼ਬਦ ਦੀ ਰਾਹੀਂ (ਨਾਮ ਦਾ) ਲੰਗਰ ਚੱਲ ਰਿਹਾ ਹੈ, (ਪਰ ਬਾਬਾ ਲਹਿਣਾ ਜੀ ਦੀ) ਨਾਮ-ਕਮਾਈ ਵਿਚ ਕੋਈ ਘਾਟਾ ਨਹੀਂ ਪੈਂਦਾ।

(ਗੁਰੂ ਅੰਗਦ ਸਾਹਿਬ ਜੀ ਦੇ ਦਰਬਾਰ ਵਿਚ) ਮਾਲਕ ਅਕਾਲ ਪੁਰਖ ਦੀ ਸਿਫ਼ਤਿ ਸਾਲਾਹ ਹੋ ਰਹੀ ਹੈ, ਰੂਹਾਨੀ ਦੇਸਾਂ ਤੋਂ ( ਉਸ ਦਰ ਤੇ) ਨੂਰ ਝੜ ਰਿਹਾ ਹੈ। ਹੇ ਸੱਚੇ ਸਤਿਗੁਰੂ (ਅੰਗਦ ਸਾਹਿਬ ਜੀ !) ਤੇਰਾ ਦੀਦਾਰ ਕੀਤਿਆਂ ਕਈ ਜਨਮਾਂ ਦੀ (ਵਿਕਾਰਾਂ ਦੀ) ਮੈਲ ਕੱਟੀ ਜਾਂਦੀ ਹੈ। (ਕਿਉਂਕਿ) (ਹੇ ਗੁਰੂ ਅੰਗਦ ਸਾਹਿਬ ਜੀ !) ਗੁਰੂ (ਨਾਨਕ ਸਾਹਿਬ ਜੀ) ਨੇ ਜੋ ਹੁਕਮ ਕੀਤਾ, ਆਪ ਨੇ ਸੱਚ (ਕਰਕੇ ਮੰਨਿਆ, ਅਤੇ ਆਪ ਨੇ) ਉਸ ਦੇ ਮੰਨਣ ਤੋਂ ਨਾਂਹ ਨਹੀਂ ਕੀਤੀ, (ਸਤਿਗੁਰੂ ਜੀ ਦੇ) ਪੁੱਤਰਾਂ ਬਚਨ ਨਾ ਮੰਨਿਆ, ਉਹ ਗੁਰੂ ਵਲ ਪਿੱਠ ਦੇ ਕੇ ਹੀ (ਹੁਕਮ) ਮੋੜਦੇ ਰਹੇ। ਜੋ ਲੋਕ ਖੋਟਾ ਦਿਲ ਹੋਣ ਦੇ ਕਾਰਨ (ਗੁਰੂ ਵਲੋਂ) ਆਕੀ ਹੋਏ ਫਿਰਦੇ ਹਨ, ਉਹ ਲੋਕ (ਦੁਨੀਆ ਦੇ ਧੰਧਿਆਂ ਦੀ) ਛੱਟ ਦਾ ਭਾਰ ਬੰਨ੍ਹ ਕੇ ਚੁੱਕੀ ਰੱਖਦੇ ਹਨ। (ਪਰ ਜੀਵਾਂ ਦੇ ਕੀਹ ਵੱਸ ਹੈ? ਆਪਣੀ ਸਮਰੱਥਾ ਦੇ ਆਸਰੇ, ਇਸ ਹੁਕਮ-ਖੇਡ ਵਿਚ) ਨ ਕੋਈ ਹਾਰਨ ਵਾਲਾ ਹੈ ਤੇ ਨ ਕੋਈ ਜਿੱਤਣ-ਜੋਗ ਹੈ। ਜਿਸ ਗੁਰੂ ਨਾਨਕ ਜੀ ਨੇ ਇਹ ਰਜ਼ਾ-ਮੰਨਣ ਦਾ ਹੁਕਮ ਫ਼ੁਰਮਾਇਆ, ਉਹ ਆਪ ਹੀ ਕਾਰ ਕਰਨ ਵਾਲਾ ਸੀ, ਜਿਸ ਨੇ ਇਹ (ਹੁਕਮ-ਖੇਡ) ਰਚੀ, ਉਸੇ ਨੇ ਆਪ ਹੀ ਬਾਬਾ ਲਹਿਣਾ ਜੀ ਨੂੰ ਹੁਕਮ ਮੰਨਣ ਦੇ) ਸਮਰੱਥ ਬਣਾਇਆ । ੨ ।

ਦੋਹੀਂ ਥਾਂਈ ਆਪਾ ਭਾਵ ਗੁਆ ਕੇ ਹੁਕਮ ਮੰਨਣ ਦੀ ਸਿਖਿਆ ਹੈ। ਕੇਵਲ ਬਾਹਰੀ ਦਰਸ਼ਨਾ ਦੀ ਗੱਲ ਨਹੀਂ ਹੈ। ਗੁਰੂ ਅੰਗਦ ਸਾਹਿਬ ਜੀ ਦੇ ਦਰਸ਼ਨ ਕਰਾਉਂਣ ਸਮੇ, ਉਨ੍ਹਾਂ ਦੇ ਹੁਕਮ ਮੰਨਣ ਵਾਲੇ ਗੁਣ ਅਤੇ ਸਤਿਗੁਰੂ ਨਾਨਕ ਸਾਹਿਬ ਜੀ ਦੇ ਬੇਟਿਆਂ (ਬਾਬਾ ਸ੍ਰੀਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ) ਦੇ ਆਕੀ ਹੋਏ ਫਿਰਨ ਵਾਲੇ ਅਵਗੁਣ ਦਾ ਚੇਤਾ ਵੀ ਨਾਲ ਹੀ ਕਰਾਇਆ ਹੋਇਆ ਹੈ। ਅਸਲ ਸਿਖਿਆ ਹੁਕਮ ਅਨੁਸਾਰ ਜੀਵਨ-ਜੁਗਤ ਸੁਧਾਰ ਲੈਣ ਦੀ ਹੀ ਹੈ। ਜੇ ਕੇਵਲ ਬਾਹਰੀ ਨੇਤ੍ਰਾਂ ਨਾਲ ਦਰਸ਼ਨ ਦੀਦਾਰਿਆਂ ਦੀ ਗੱਲ ਹੋਵੇ ਤਾਂ ਨੇਤ੍ਰਹੀਣਾਂ ਦਾ ਕੀ ਬਣੇ ? ਸੋ ਗੁਰੂ ਬਾਣੀ ਵਿਚ **ਦਰਸ਼ਨ** ਆਤਮਕ ਅੱਖਾਂ ਦੇ ਹਨ, ਹਿਰਦੇ ਵਿਚ ਪ੍ਰਗਟ ਹੋਣ ਵਾਲੇ ਅਨੰਦ ਮਈ ਦਰਸ਼ਨਾ ਦੀ ਗੱਲ ਹੈ। ਗੁਰਮਤਿ ਕੇਵਲ ਮਨ ਅਥਵਾ ਆਤਮਾ ਦੇ ਰੋਗਾਂ ਦਾ ਦਾਰੂ ਹੈ। ਸਰੀਰਕ ਜਨਮ ਮਰਨ, ਦੁਖ ਸੁਖ ਸਭ ਅਬਿਨਾਸ਼ੀ ਸਿਰਜਣਹਾਰ ਦੇ ਅਟੱਲ ਹੁਕਮ ਵਿਚ, **ਹਰਿ ਕਾ ਕੀਆ** ਹੈ। ਪਰ, ਸਤਿਗੁਰਾਂ ਦੇ ਹੁਕਮਾਂ ਤੇ ਚਲਦਿਆਂ, ਜੀਵਨ-ਜੁਗਤਿ ਸੁਧਾਰਣ ਦੀ ਘਾਲਣਾ, ਅਸਾਂ ਆਪ ਘਾਲਣੀ ਹੈ। ਆਉ ਦਰਸ਼ਨਾਂ ਪ੍ਰਥਾਇ ਸਤਿਗੁਰਾਂ ਦਾ ਪੂਰਾ ਸਿਧਾਂਤ ਸਮਝਣ ਲਈ ਗੁਰੂ ਬਾਣੀ ਦੀ ਵਿਚਾਰ ਨਾਲ ਜੁੜੀਏ:--

## ੮
## ਦਰਸ਼ਨਾ ਦੀ ਸਿੱਕ

ਅਗਲੇ ਗੁਰੂ ਫ਼ੁਰਮਾਨਾਂ ਵਿਚ ਭਰਮ ਏਹੋ ਬਣਦਾ ਹੈ ਕਿ ਮੰਗ ਸਾਖ਼ਸ਼ਾਤ ਦਰਸ਼ਨਾਂ ਵਾਸਤੇ ਹੀ ਹੈ ਪਰ:--

੬੫- **ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ ॥ ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ ॥ ੨ ॥>**

**ਕੇਵਲ ਇਸ ਤੁਕ ਨੂੰ ਚੁਣ ਕੇ ਗੁਰੂ ਸ਼ਬਦ ਵਿਚੋਂ ਨਿਖੇੜ ਲਿਆ ਅਤੇ ਸਾਖਸ਼ਾਤ ਦਰਸ਼ਨਾ ਬਾਰੇ ਅਗਿਆਨੀਆਂ ਦੇ ਮਨਾਂ ਵਿਚ ਭਰਮ ਪੱਕਾ ਕਰਨਾ ਅਰੰਭ ਕਰ ਦਿੱਤਾ । ਸੰਤ ਮਾਨ ਸਿੰਘ ਪਹੇਵਾ ਦੇ ਫ਼ੁਰਮਾਨ--ਜਿਹੜੇ ਇਹ ਕਹਿੰਦੇ ਆ ਕਿ ਵਾਹਿਗੁਰੂ ਸੱਚੇ ਪਾਤਸ਼ਾਹ ਜੀ ਦੇ ਪ੍ਰਤੱਖ ਦਰਸ਼ਨ ਨਹੀਂ ਹੋ ਸਕਦੇ--ਆਉਣ ਮੇਰੇ ਸਾਹਮਣੇ । ਵੇਖੋ ਸਾ ਸੰਗਤ ਜੀ ! ਜੇ ਰੱਬ ਦੇ ਸਾਖ਼ਸ਼ਾਤ ਦਰਸ਼ਨ ਨਾ ਹੋ ਸਕਦੇ ਹੁੰਦੇ ਤਾਂ ਸਤਿਗੁਰੂ ਜੀ ਇਹ ਬਚਨ ਕਿਉਂ ਕਰਦੇ ? ਲੋਕਾਂ ਨੂੰ ਕੁਰਾਹੇ ਪਾ ਕੇ ਲੁਟਣ ਦਾ ਕਿੱਤਾ ਸਾਂਭੀ ਬੈਠਿਆਂ ਠੱਗ, ਪੂਰੇ ਗੁਰੂਸ਼ਬਦ ਨਾਲ ਅਥਵਾ ਗੁਰੂ ਸ਼ਬਦ ਦੀ ਰਹਾਉ ਦੀ ਤੁਕ ਨਾਲ ਕੋਈ ਵੀ ਵਾਸਤਾ ਕਿਉਂ ਰੱਖਣ ?**

**ਕਈ ਵਾਰੀ ਅਜੇਹੇ ਲੋਕ ਆਪਣੀ ਅਜੇਹੀ ਦਲੀਲ ਨੂੰ ਗੁਰਮਤਿ ਦੇ ਅਨੁਸਾਰ ਸਿੱਧ ਕਰਨ ਲਈ ਪ੍ਰਿੰ: ਸਾਹਿਬ ਸਿੰਘ ਜੀ ਦੇ ਰਚਿਤ--ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਪੋਥੀ ਸੰਗ੍ਰਹਿ ਦੀ ਪੰਜਵੀਂ ਪੋਥੀ ਦੇ ੩੫ ਸਫ਼ੇ ਦਾ ਹਵਾਲਾ ਦੇ ਕੇ ਉਪ੍ਰੋਕਤ ਪਾਵਨ ਤੁਕ ਦੇ ਅਰਥ ਪੜ੍ਹ ਸੁਣਾਉਂਦੇ ਹਨ**---' ਹੇ ਪ੍ਰਭੂ ! ਮੈਨੂੰ ਮਾਇਆ-ਵੇੜ੍ਹੇ ਨੂੰ (ਹੁਣ ਤੱਕ ਜਨਮ ਮਰਨ ਦੇ) ਅਨੇਕਾਂ ਗੇੜ ਪੈ ਚੁੱਕੇ ਹਨ, ਹੁਣ ਤਾਂ ਮੇਰੇ ਤੇ ਮਿਹਰ ਕਰ । ਹੇ ਪ੍ਰਭੂ ! ਮੇਰੇ ਉੱਤੇ ਦਇਵਾਨ ਹੋ । ਮੇਰੇ ਉਤੇ ਇਹੋ ਜਿਹੀ ਬਖ਼ਸ਼ਸ਼ ਕਰ ਕਿ ਮੈਨੂੰ ਆਪਣਾ ਦੀਦਾਰ ਬਖ਼ਸ਼ । ੨ ।

**ਆਉ ਸਾਹਿਬ ਸਿੰਘ ਜੀ ਦੇ ਹੀ ਕੀਤੇ ਅਰਥਾਂ ਦੁਆਰਾ ਸਾਰੇ ਗੁਰੂ ਫ਼ੁਰਮਾਨ ਤੋਂ ਮਿਲਦੇ ਅਨਮੋਲ ਉਪਦੇਸ਼ ਦੀ ਅਸਲੀਅਤ ਸਮਝ ਕੇ ਆਪਣੇ ਹਿਰਦੇ ਵਿਚ ਦ੍ਰਿੜ ਕਰਕੇ ਆਪਣੇ ਆਚਰਨ ਦਾ ਹਿੱਸਾ ਬਨਾਉਣ ਦਾ ਯਤਨ ਕਰਨਾ ਅਰੰਭੀਏ< ਰਾਗੁ ਧਨਾਸਰੀ ਮਹਲਾ ੩ ਘਰੁ ੪ ੧ ੴ ਸਤਿਗੁਰ ਪ੍ਰਸਾਦਿ ॥--**

**ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਤਿ ਹੈ ਦਾਤਾ ॥ ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ ॥੧॥ ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ ॥ ਕਰਣ ਕਾਰਣ ਸਭਨਾ ਕਾ ਏਕੋ ਅਵਰੁ**

**ਨ ਦੂਜਾ ਕੋਈ ॥੧॥ਰਹਾਉ॥ ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ॥ ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ ॥ ੨॥ ਭਨਤਿ ਨਾਨਕ ਭਰਮ ਪਟ ਖੂਲੇ ਗੁਰ ਪਰਸਾਦੀ ਜਾਨਿਆ ॥ ਸਾਚੀ ਲਿਵ ਲਾਗੀ ਹੈ ਭੀਤਰਿ ਸਤਿਗੁਰ ਸਿਉ ਮਨੁ ਮਾਨਿਆ ॥ ੩ ॥** [੬੬੬]-੧-੯

**ਅਰਥ**:--ਹੇ ਪ੍ਰਭੂ ! ਮੈਂ ਤੇਰੇ ਸਦਾ ਕਾਇਮ ਰਹਿਣ ਵਾਲੇ ਨਾਮ ਤੋਂ ਸਦਕੇ ਜਾਂਦਾ ਹਾਂ। ਤੂੰ ਜਗਤ ਦਾ ਮੂਲ ਹੈਂ, ਤੂੰ ਹੀ ਸਭ ਜੀਵਾਂ ਦਾ ਪੈਦਾ ਕਰਨ ਵਾਲਾ ਹੈਂ । ਕੋਈ ਹੋਰ (ਤੇਰੇ ਵਰਗਾ) ਨਹੀਂ ਹੈ । ੧ । ਰਹਾਉ । ਅਸੀਂ ਜੀਵ ਤੇਰੇ (ਹੀ ਦਰ ਦੇ) ਮੰਗਤੇ ਹਾਂ, ਤੂੰ ਸੁਤੰਤਰ ਰਹਿ ਕੇ ਸਭ ਨੂੰ ਦਾਤਾਂ ਦੇਣ ਵਾਲਾ ਹੈਂ । ਹੇ ਪ੍ਰਭੂ ! ਮਰੇਰੇ ਉੱਤੇ ਦਇਆਵਾਨ ਹੋ । ਮੈਨੂੰ ਮੰਗਤੇ ਨੂੰ ਆਪਣਾ ਨਾਮ ਦੇਹ (ਤਾ ਕਿ) ਮੈ ਸਦਾ ਤੇਰੇ ਪ੍ਰੇਮ-ਰੰਗ ਵਿਚ ਰੰਗਿਆ ਰਹਾਂ । ੧ ।

ਧਿਆਨ ਰਹੇ ਕਿ ਰਹਾਉ ਦੀ ਤੁਕ ਵਿਚ ਪ੍ਰਭੂ ਦੀਆਂ ਵਡਿਆਈਆਂ ਦੀ ਵਿਚਾਰ ਪ੍ਰਗਟ ਕੀਤੀ ਗਈ ਹੈ ਅਤੇ ਦੂਜੀ ਤੁਕ ਵਿਚ ਇੱਕੋ ਇੱਕ ਦਾਤਾਰ ਸਿਰਜਣਹਾਰ ਤੋਂ ਏਹ ਮੰਗ ਕੀਤੀ ਹੈ ਕਿ ਉਹ ਮਿਹਰਵਾਨ ਹੋ ਕੇ ਆਪਣੇ ਨਾਮ ਦੀ ਦਾਤ ਬਖ਼ਸ਼ਸ਼ ਕਰਕੇ ਸਾਨੂੰ ਆਪਣੇ ਪ੍ਰੇਮ ਰੰਗ ਵਿਚ ਰੰਗ ਲਵੇ। ਜਦ ਪ੍ਰਭੂ ਦੇ ਪ੍ਰੇਮ ਦੀ ਅਨਮੋਲ ਸੌਗਾਤ ਮਿਲ ਗਈ ਤਾਂ ਉਸ ਦੇ ਦਰਸ਼ਨਾ ਦੀ ਸਿੱਕ ਪੈਦਾ ਹੋਣੀ ਸੁਭਾਵਕ ਸੀ। ਮਾਨਸਕ ਕਮਜ਼ੋਰੀ ਦਾ ਜ਼ਿਕਰ ਕਰਦਿਆਂ ਦਰਸ਼ਨਾਂ ਦੀ ਮੰਗ ਕੀਤੀ, ਕਿ--**ਮੈਨੂੰ ਮਾਇਆ-ਵੇੜ੍ਹੇ ਨੂੰ (ਹੁਣ ਤੱਕ ਜਨਮ ਮਰਨ ਦੇ) ਅਨੇਕਾਂ ਗੇੜ ਪੈ ਚੁੱਕੇ ਹਨ, ਹੁਣ ਤਾਂ ਮੇਰੇ ਤੇ ਮਿਹਰ ਕਰ । ਹੇ ਪ੍ਰਭੂ ! ਮੇਰੇ ਉੱਤੇ ਦਇਵਾਨ ਹੋ । ਮੇਰੇ ਉਤੇ ਇਹੋ ਜਿਹੀ ਬਖ਼ਸ਼ਸ਼ ਕਰ ਕਿ ਮੈਨੂੰ ਆਪਣਾ ਦੀਦਾਰ ਬਖ਼ਸ਼ ।੨** । ਅੱਗੇ ਤੀਸਰੀ ਤੁਕ ਵਿਚ ਪ੍ਰਭੂ ਦੇ ਅਸਲ ਟਿਕਾਣੇ ਦਾ ਪਤਾ ਲੱਗਦਾ ਹੈ ਅਤੇ ਉਸ ਨਾਲ ਸਦੀਵੀ ਗਲਵੱਕੜੀ ਪਈ ਪ੍ਰਤੱਖ ਦਿੱਸ ਪੈਂਦੀ ਹੈ--**ਗੁਰੂ ਫ਼ੁਰਮਾਨ**--ਹੇ ਭਾਈ ! ਨਾਨਕ ਆਖਦਾ ਹੈ--ਗੁਰੂ ਦੀ ਕਿਰਪਾ ਨਾਲ ਜਿਸ ਮਨੁੱਖ ਦੇ ਭਰਮ ਦੇ ਪਰਦੇ ਖੁਲ੍ਹ ਜਾਂਦੇ ਹਨ, ਉਸ ਦੀ (ਪਰਮਾਤਮਾ ਨਾਲ) ਡੂੰਘੀ ਸਾਂਝ ਬਣ ਜਾਂਦੀ ਹੈ। ਉਸ ਦੇ ਹਿਰਦੇ ਵਿਚ (ਪਰਮਾਤਮਾ ਨਾਲ) **ਸਦਾ ਕਾਇਮ ਰਹਿਣ ਵਾਲੀ ਲਗਨ ਲੱਗ ਜਾਂਦੀ ਹੈ, ਤੇ ਮਨ ਪਤੀਜ ਜਾਂਦਾ ਹੈ। ੩ ।**

ਸਤਿਗੁਰਾਂ ਦਾ ਫ਼ੁਰਮਾਨ ਹੈ ਵਾਹਿਗੁਰੂ ਜੀ ਲਈ ਹਿਰਦੇ ਵਿਚ ਸਚੀ ਯਾਦ ਬਣ ਜਾਣੀ ਹੀ ਅਸਲੀ ਦਰਸ਼ਨ ਹਨ:--

੬੬- **ਸਲੋਕ ॥ ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ॥ ਖੋਲਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ॥੧॥ਛੰਤ॥ ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ ॥ ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ ॥ ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ ॥ ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ ॥ ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ॥ ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ ॥ ੧ ॥**[੭੦੩]-੧

**ਅਰਥ**:--ਮੈਨੂੰ ਮਿੱਤਰ ਪ੍ਰਭੂ ਦੇ ਮਿਲਣ ਦੀ ਦਿਨ ਰਾਤ ਤਾਂਗ ਲੱਗੀ ਰਹਿੰਦੀ ਹੈ ਅਤੇ ਹਰ ਰੋਜ਼ (ਉਸ ਦਾ ਦਰਸ਼ਨ ਹੀ ਚਿਤਾਰਦੀ ਰਹਿੰਦੀ ਹਾਂ । ਗੁਰੂ ਨੇ ਮੇਰੇ ਮਾਇਆ ਦੇ ਮੋਹ ਦੇ ਛੌੜ ਕੱਟ ਕੇ ਮੈਨੂੰ ਮਿੱਤਰ ਹਰੀ ਨਾਲ ਮਿਲਾ ਦਿੱਤਾ ਹੈ । ੧ ।

**ਖੋਲਿ ਕਪਟ** ਪਦਾਂ ਦੇ ਠੀਕ ਅਰਥ ਨਾ ਸਮਝ ਕੇ ਕਈ ਭਾਈ ਜੀ ਸਤਿਗੁਰਾਂ ਦੇ ਉੱਪਰਲਾ ਰੁਮਾਲਾ ਐਨ ਉਨ੍ਹਾਂ ਸ਼ਬਦਾਂ ਦੇ ਉਚਰਨ ਸਮੇ ਹਟਾ ਰਹੇ ਹੁੰਦੇ ਹਨ। ਉਨ੍ਹਾਂ ਦੀ ਇਸ ਮਰਯਾਦਾ ਤੋਂ ਸੰਗਤਿ ਵਿਚੋਂ ਕਈ ਤੀਵੀ ਮਰਦ ਸਤਿਗੁਰਾਂ ਤੇ ਚੌਰ ਕਰਨ ਦੇ ਬਹਾਨੇ ਜਾ ਕਈ ਵਾਰੀ ਮੱਥਾ ਟੇਕ ਲੈਣ ਉਪਰੰਤ ਪਿਛਲੇ ਪਾਸੇ ਕੋਲ ਆ ਕੇ ਰੁਮਾਲਾ ਚੁੱਕ ਕੇ ਦਰਸ਼ਨ ਕਰ ਰਹੇ ਹੁੰਦੇ ਹਨ। ਇਹ ਵਿਆਰਥ ਦੀ ਮਨਮਤਿ ਸਾਨੂੰ ਸਤਿਗੁਰਾਂ ਤੋਂ ਸਗੋਂ ਹੋਰ ਵੀ ਦੁਰੇਡੇ ਲੈ ਜਾ ਰਹੀ ਹੁੰਦੀ ਹੈ। ਮਨੁੱਖਾ ਸਰੀਰ ਦੀਆਂ ਬਾਹਰੀ ਅੱਖੀਆਂ ਖੋਲਣ ਦੀ ਗੱਲ ਨਹੀਂ ਹੈ, ਅਤੇ ਨਾ ਹੀ ਸਤਿਗੁਰੂ ਜੀ ਹੀ ਕਿਸੇ ਪਰਦੇ ਉਹਲੇ ਹੋ ਗਏ ਹੁੰਦੇ ਹਨ ਹਿਰਦੇ ਤੋਂ ਮਾਇਆ ਮੋਹ ਦਾ ਪਰਦਾ ਹਟਾਇਆ ਜਾਣ ਦੀ ਗੱਲ ਹੈ। **ਕੂੜ ਦੀ ਪਾਲਿ** ਤੋੜੀ ਜਾਣ ਦਾ ਜ਼ਿਕਰ ਹੈ।

ਅੱਗੇ ਛੰਤ ਵਿਚ ਵੀ ਅਜੇਹੀ ਸਤਿਸੰਗਣ ਸਹੇਲੀ ਤੋਂ ਸਦਕੇ ਕੁਬਾਨ ਜਾਇਆ ਜਾ ਰਿਹਾ ਹੈ ਜਿਹੜੀ ਸੋਹਣੇ ਪ੍ਰਭੂ ਨਾਲ ਮਿਲਾਪ ਕਰਾ ਦੇਵੇ। ਅੰਤ ਵਿਚ ਸਤਿਗੁਰੂ ਜੀ ਲਿਖਦੇ ਹਨ ਕਿ, ਗੁਰਮਖਿ ਸਤਸੰਗਣ ਸਹੇਲੀਆਂ ਦੀ ਕਿਰਪਾ ਨਾਲ ਪੂਰੇ ਸਤਿਗੁਰੂ ਜੀ ਨਾਲ ਮਿਲਾਪ ਹੋ ਗਿਆ ਜਿਸ ਦੀ ਮਿਹਰ ਨਾ ਪ੍ਰਭੂ ਵਿਚ ਐਸੀ ਲੀਨਤਾ ਪ੍ਰਾਪਤ ਹੋ ਗਈ ਜਿਵੇ ਮਛਲੀ ਦੀ ਜਲ ਨਾਲ ਅਤੇ ਚਾਤ੍ਰਕ ਦੀ ਬਾਰਸ਼ ਨਾਲ ਹੈ। ਪ੍ਰਭੂ ਵਿਚ ਲੀਨਤਾ ਹੋ ਜਾਣ ਨਾਲ ਸਾਰੀ ਮਾਇਕ ਤ੍ਰਿਸ਼ਨਾ ਅਤੇ ਭਟਕਣਾ ਖ਼ਤਮ ਹੋ ਗਈ।

੬੭- **ਰੂੜੋ ਮਨੁ ਹਰਿ ਰੰਗੋ ਲੋੜੈ ॥ ਗਾਲੀ ਹਰਿ ਨੀਹੁ ਨ ਹੋਇ ॥ ਰਹਾਉ ॥ ਹਉ ਢੂਢੇਦੀ ਦਰਸਨ ਕਾਰਣਿ ਬੀਥੀ ਬੀਥੀ ਪੇਖਾ ॥ ਗੁਰ ਮਿਲਿ ਭਰਮੁ ਗਵਾਇਆ ਹੇ ॥ ੧ ॥ ਇਹ ਬੁਧਿ ਪਾਈ ਮੈ ਸਾਧੂ ਕੰਨਹੁ ਲੇਖੁ ਲਿਖਿਓ ਧੁਰਿ ਮਾਥੈ ॥ ਇਹ ਬਿਧਿ ਨਾਨਕ ਹਰਿ ਨੈਣ ਅਲੋਇ ॥ ੨ ॥** [੭੧੫]-੧-੧੮

ਭਾਵ, ਹਰਿ ਥਾਂ ਵੱਸਦਾ ਨਜ਼ਰੀ ਆ ਗਿਆ ।

**ਅਰਥ**:--(ਹੇ ਭਾਈ ! ਉਂਜ ਤਾਂ ਇਹ) ਮਨ ਪਰਮਾਤਮਾ ਤਾ ਸੋਹਣਾ ਪ੍ਰੇਮ-ਰੰਗ (ਪ੍ਰਾਪਤ ਕਰਨਾ) ਚਾਹੁੰਦਾ ਹੈ, ਪਰ ਨਿਰੀਆਂ ਗੱਲਾਂ ਨਾਲ ਪ੍ਰੇਮ ਨਹੀਂ ਮਿਲਦਾ । ੧ । ਰਹਾਉ ॥ ਪ੍ਰਭੂ ਦਾ ਦਰਸ਼ਨ ਕਰਨ ਵਾਸਤੇ (ਮੈਂ ਜਾਪ ਤਾਪ ਆਦਿ ਕਰਮ-ਕਾਂਡ ਦੀ) ਗਲੀ ਗਲੀ ਢੂੰਢਦੀ ਰਹੀ, ਵੇਖਦੀ ਰਹੀ । (ਆਖ਼ਰ) ਗੁਰੂ ਨੂੰ ਮਿਲ ਕੇ (ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਵਿਚਾਰ ਵਿਚ ਮਨ ਜੋੜ ਕੇ) ਮੈਂ ਆਪਣੇ ਮਨ ਦੀ ਭਟਕਣਾ ਦੂਰ ਕੀਤੀ ਹੈ । ੧ । (ਮਨ ਦੀ ਭਟਕਣਾ ਦੂਰ ਕਰਨ ਦੀ) ਇਹ ਅਕਲ ਮੈਂ ਗੁਰੂ ਕੋਲੋਂ ਪ੍ਰਾਪਤ ਕੀਤੀ, ਮੇਰੇ ਮੱਥੇ ਉਤੇ (ਗੁਰੂ ਦੇ ਮਿਲਾਪ ਦਾ) ਲੇਖ ਧੁਰ ਦਰਗਾ ਤੋਂ ਲਿਖਿਆ ਹੋਇਆ ਸੀ। ਹੇ ਨਾਨਕ ! (ਆਖ-) ਇਸ ਤਰ੍ਹਾਂ ਮੈਂ ਪਰਮਾਤਮਾ ਨੂੰ (ਹਰ ਥਾਂ ਵੱਸਦਾ) ਆਪਣੀਆਂ ਅੱਖਾਂ ਨਾਲ ਵੇਖ ਲਿਆ । ੨ ।

ਅਗਲੇ ਗੁਰੂ-ਸ਼ਬਦ ਤੋਂ ਵੀ ਸੰਗਤਾਂ ਨੂੰ ਗ਼ਲਤ ਟਪਲੇ ਵਿਚ ਪਾਇਆ ਜਾ ਰਿਹਾ ਹੁੰਦਾ ਹੈ। ਸੰਤ ਸਿੰਘ ਮਸਕੀਨ ਜੀ ਤਾਂ ਦਰਸ਼ਨ ਦਾ ਅਰਥ ਕਰਦੇ ਹੀ ਰੱਬ ਨਾਲ ਸਾਖਸ਼ਾਤ ਮਿਲਾਪ ਹਨ। ਉਨ੍ਹਾਂ ਦਾ ਮਤਿ ਬ੍ਰਾਹਮਣ ਰਿਸ਼ੀਆਂ ਨਾਲ ਬਹੁਤਾ ਮੇਲ ਖਾਂਦਾ ਹੈ ਤਦੇ ਹੀ ਉਹ ਹਿੰਦੂਆਂ ਦੇ ਵੇਦਾਂਤ ਸਮੇਲਣਾਂ ਵਿਚ ਭਾਸ਼ਨ ਦੇ ਕੇ ਵਾਹ-ਵਾ ਖੱਟ ਰਹੇ ਹੁੰਦੇ ਹਨ । ਦਾਸ ਨੇ ਇਕ ਵਾਰੀ ਆਪਣੇ ਸੰਗੀ ਭਾਈ ਜਸਵੰਤ ਸਿੰਘ ਜੀ ਦੀ ਦੇ ਨਾਲ ਜਾ ਕੇ (ਮਿਤੀ ੧੮ ਅਗਸਤ ੧੯੯੮ ਨੂੰ ਸਿਆਟਲ ਅਮਰੀਕਾ ਦੇ **ਸੱਚਾ ਸੌਦਾ** ਨਾਮਕ ਗੁਰੂ ਦੁਆਰੇ ਵਿਖੇ) ਮਸਕੀਨ ਜੀ ਨਾਲ ਗੁਰਬਾਣੀ ਦੇ ਸ਼ੁੱਧ ਅਰਥਾਂ ਬਾਰੇ ਵਿਚਾਰ ਕਰਨੀ ਚਾਹੀ। ਜਦ ਦਾਸ ਨੇ ਪ੍ਰਿੰਸੀਪਲ ਸਾਹਿਬ ਸਿੰਘ, ਭਾਈ ਵੀਰ ਸਿੰਘ ਜੀ ਆਦਿ ਵਿਦਵਾਨਾਂ ਦੇ ਹਵਾਲੇ ਨਾਲ ਦਲੀਲੀ ਦੇ ਕੇ ਉਨ੍ਹਾਂ ਦੇ

ਟੇਪ ਹੋਏ ਭਾਸ਼ਨ ਦੀ ਗੱਲ ਕਰਨ ਦਾ ਯਤਨ ਅਰੰਭ ਕੀਤਾ ਤਾਂ ਉਨ੍ਹਾਂ ਨੇ ਝੱਟ ਹੀ ਦੋ ਟੁੱਕ ਕਹਿ ਦਿੱਤਾ ਕਿ " ਮੈ ਗੁਰਬਾਣੀ ਦੇ ਅਰਥ ਆਪਣੀ ਸਮਝ ਅਨੁਸਾਰ ਠੀਕ ਕਰਦਾ ਹਾਂ, ਬਾਕੀ ਭਾਈ ਵੀਰ ਸਿੰਘ, ਅਤੇ ਭਾਈ ਸਾਹਿਬ ਸਿੰਘ ਜੀ ਆਪਣੀ ਆਪਣੀ ਸਮਝ ਨਾਲ ਠੀਕ ਕਰਦੇ ਹਨ, ਤੁਸੀ ਉਹ ਅਰਥ ਕਰ ਲਵੋ ਜੋ ਤੁਸੀਂ ਠੀਕ ਸਮਝਦੇ ਹੋ। ਸ਼ੁਰੂ ਤੋਂ ਏਵੇ ਹੀ ਹੁੰਦਾ ਆਇਆ ਹੈ, ਅਤੇ ਏਵੇ ਹੀ ਹੁੰਦਾ ਰਹਿਣਾ ਠੀਕ ਵੀ ਹੈ--ਇਹ ਤੋ-- **ਆਪਣੀ ਆਪਣੀ ਬੁਧਿ ਹੇ ਜੇਤੀ । ਬਰਣਤ ਭਿੰਨ ਭਿੰਨ ਤੋਹਿ ਤੇਤੀ "**।-ਦਾਸ ਨੇ ਬੇਨਤੀ ਕੀਤੀ ਕਿ," ਇਹ ਪੰਗਤੀ ਜੋ ਤੁਸਾਂ ਬੋਲੀ ਹੈ ਗੁਰੂ ਬਾਣੀ ਦੇ ਅਰਥ ਵਰਣਣ ਕਰਨ ਨਾਲ ਸੰਬੰਧਤ ਨਹੀਂ- ਇਹ ਬਚਨ ਤਾਂ ਅਕੱਥ ਪਰਮਾਤਮਾ ਨੂੰ ਸ਼ਬਦਾਂ ਵਿਚ ਬਿਆਨ ਕਰਨ ਦੇ ਨਿਸਫਲ ਯਤਨਾ ਦੀ ਗੱਲ ਹੈ। ਉਂਜ, ਜੇ ਕਿਸੇ ਗ੍ਰੰਥ ਦਾ ਆਪਣਾ ਕੋਈ ਅਟੱਲ ਸਿਧਾਂਤ ਨਾ ਹੋਵੇ ਤਾਂ ਉਸ ਦੇ ਲਿਖਣ ਦਾ ਅਰਥ ਹੀ ਖ਼ਤਮ ਹੋ ਜਾਂਦਾ ਹੈ। ਆਦਿ ਆਦਿ

ਕਰੀਬ ੨੦ ਮਿੰਟ ਦੀ ਇਸ ਨਿਸਫਲ ਵਿਚਾਰ ਦੀ ਟੇਪ ਦਾਸ ਕੋਲ ਮੌਜੂਦ ਹੈ। ਗਿਆਨੀ ਜੀ ਆਪਣੀ ਇਸ ਗੱਲ ਤੋਂ ਜ਼ਰਾ ਵੀ ਪਿਛੇ ਨਾ ਹਟੇ ਕਿ ਗੁਰੂ ਬਾਣੀ ਦੇ ਅਰਥ ਆਪਣੀ ਆਪਣੀ ਮਤਿ ਸਨੁਸਾਰ ਸਮਝੀ ਰਖਣੇ ਹੀ ਠੀਕ ਮਰਯਾਦਾ ਹੈ, ਭਾਵ, ਗੁਰੂ ਬਾਣੀ ਦਾ ਅਟੱਲ ਸਿਧਾਂਤ ਹੈ ਹੀ ਕੋਈ ਨਹੀਂ। ਅਸੀਂ ਦੋਵੇਂ [ਭਾਵ, ਦਾਸ ਆਪਣੇ ਸਾਥੀ ਗੁਰਮੁਖਿ ਪਿਆਰੇ ਜਸਵੰਤ ਸਿੰਘ ਜੀ ਜਿਨ੍ਹਾਂ ਨੇ ਕੇਵਲ ਗੁਰੂ ਬਾਣੀ ਨੂੰ ਠੀਕ ਸਮਝਣ ਲਈ ਸਤਿਗੁਰਾਂ ਦੇ ਸਾਰੇ ਸਰੂਪ ਨੂੰ ਕਲਮ ਨਾਲ ਲਿਖਿਆ ਹੈ] ਨਿਰਾਸ ਅਤੇ ਦੁਖੀ ਹਿਰਦਿਆਂ ਨਾਲ ਵਾਪਸ ਪਰਤ ਆਏ।

**ਸਤਿਗੁਰਾਂ ਦੇ ਹੇ ਦੂਲੇ ਪੰਥ ਜੀਓ** ! ਅੱਜ ਤੇਰੀ ਉਹ ਕਿਹੜੀ ਗੱਲ ਹੈ ਜਿਸ ਤੋਂ ਤੇਰੀ ਬਦਕਿਸਮਤੀ ਤੇ ਫੁੱਟ ਫੁੱਟ ਕੇ ਰੋਣਾ ਨਹੀਂ ਆ ਰਿਹਾ । ਜਿਸ ਮਸਕੀਨ ਜੀ ਨੂੰ ਤੂੰ ਬੜਾ ਮਹਾਨ ਵਿਦਵਾਨ ਅਤੇ ਵਡਾ ਭਜਨੀਕ ਸਮਝ ਕੇ ਉਸ ਲਈ ਬੇਅੰਤ ਮਾਇਆ ਅਤੇ ਦੁਰਲੱਭ ਮਨੁੱਖਾ ਸਰੀਰ ਦਾ ਕੀਮਤੀ ਸਮਾ ਖ਼ਰਚ ਕਰਨਾ ਆਪਣੀ ਕਲਿਆਨ ਦਾ ਸਾਧਨ ਮਨ ਬੈਠਾ ਹੋਇਆ ਹੈਂ ਉਸ ਦਾ ਆਪਣਾ ਨਿੱਜੀ ਵਿਚਾਰ ਇਹ ਹੈ ਤੇਰੇ ਸਤਿਗੁਰਾਂ ਦਾ ਆਪਣਾ ਪੱਕਾ ਸਿਧਾਂਤ ਹੈ ਹੀ ਕੋਈ ਨਹੀਂ। ਨਿਰਦਾਇਤਾ ਦੀ ਸਿਖ਼ਰ ਤੇ ਪੁੱਜਾ ਹੋਇਆ ਇੱਕ ਗਿਆਨਵਾਨ--ਜਾਣ ਬੁੱਝ ਕੇ ਕਟਾਖ਼ਸ਼ ਕਰ ਰਿਹਾ ਹ ਕਿ---ਅੰਨੇ (-ਪੰਥ) ਨੇ ਅਨੂਪਮ-ਗਿਆਨ ਅਥਵਾ ਬ੍ਰਹਮ-ਗਿਆਨ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੇ ਗਲ ਵਿਚ ਰੱਸਾ ਪਾਇਆ ਹੋਇਆ ਹੋਇਆ ਹੈ ਜਿੱਧਰ ਮਰਜ਼ੀ ਹੈ ਧੂਈ ਫਿਰੇ, ਮੈਨੂੰ ਕੀ ?--ਮੇਰੀ ਪੂਜਾ ਪ੍ਰਤਿਸ਼ਟਤਾ ਤਾਂ ਦੇਵਤਿਆਂ ਵਾਂਗ ਹੋ ਰਹੀ ਹੈ "--ਜੇ ਪੰਥ ਨੂੰ (ਸ਼ੁੱਧ ਗੁਰਮਤਿ ਗਿਆਨ ਤੋਂ) ਅੰਨ੍ਹਾਂ ਨਾ ਬਣਾ ਦਿੱਤਾ ਗਿਆ ਹੁੰਦਾ ਤਾਂ ਅਨੂਪਮ-ਗਿਆਨ ਦੇ ਗਲ ਵਿਚ ਰੱਸਾ ਕਿਵੇਂ ਪੈਂਦਾ ? ਮੇਰੇ ਜਿਹੇ ਕੁਟਲ ਪਰਚਾਰਕਾਂ ਸਮੇਤ, ਅਜੋਕੀ ਮਹੰਤੀ-ਜਥੇਦਾਰੀ ਦਾ ਰਜਵਾਂ ਹਲਵਾ ਮੰਡਾ ਕਿਵੇਂ ਤੁਰਿਆ ਰਹਿੰਦਾ ?

ਗਿਆਨ ਦੇ ਗਲ ਵਿਚ ਅੰਨ੍ਹਿਆਂ ਦਾ ਰੱਸਾ, ਨਾ ਪਿਆ ਹੋਇਆ ਹੁੰਦਾ ਤਾਂ ਅੱਜ ਪੰਥ ਦੀ ਸਰਬ ਉੱਚ ਪਦਵੀ, ਸ੍ਰੀ ਅਕਾਲਾ ਤਖ਼ਤ ਸਾਹਿਬ ਜੀ ਦੀ ਪਾਵਨ ਜਥੇਦਾਰੀ ਤੇ ਅਜੇਹੇ ਭੱਦਰ ਪੁਰਸ਼ ਨੂੰ ਕਦੇ ਨਾ ਬਿਠਾਇਆ ਗਿਆ ਹੁੰਦਾ ਜਿਸ ਨੂੰ ਇਹ ਪਤਾ ਨਹੀਂ ਕਿ ਗੁਰਮਤਿ ਅਨੁਸਾਰ ਸੁੱਚ-ਜੂਠ ਅਤੇ ਸਚੁ-ਝੂਠ ਕੀ ਹੈ ਅਥਵਾ ਜਿਸ ਨੇ (ਨਵੰਬਰ ੧੯੯੮) ਅਜੇਹੇ ਸੇਵਾਦਾਰ ਨੂੰ ਪੰਥ ਵਿਚੋਂ ਖ਼ਾਰਜ ਕਰਨ ਦਾ ਐਲਾਨ ਰੇਡੀਓ ਤੇ ਕੀਤਾ ਹੋਇਆ ਹੈ , ਜਿਹੜਾ (ਕੁਰਸੀਆਂ ਵਾਲੇ ਗੁਰੂਦਆਰੇ ਵਿੱਚਲੇ ਨਿਰਦੋਸ਼, ਨਿਰਲੇਪ) ਸਤਿਗੁਰਾਂ ਦੇ ਦਰਬਾਰ ਵਿਚ ਗ੍ਰੰਥੀ, ਰਾਗੀ, ਢਾਡੀ, ਪਰਚਾਰ ਦੀ ਸੇਵਾ ਨਿਭਾਉਣ ਦਾ ਯਤਨ ਕਰੇਗਾ--- (**ਪੜ੍ਹੋ ਇਸੇ ਭਾਗ ਦੇ ਅੰਤ ਵਿਚ** ਸ੍ਰੀ ਗੁਰਚਰਨ ਸਿੰਘ ਜੀ ਟੌਹੜਾ ਦੀ ਸੇਵਾ ਵਿਚ ਲਿਖੀ ਚਿੱਠੀ, ਅਤੇ ਤੁਸੀਂ ਵੀ ਪਰਮਾਤਮਾ ਕੀ ਮੌਜ ਨਾਲ ਪ੍ਰਗਟ ਹੋਣ ਵਾਲੇ ਇਸ ਪੰਥ ਦੀ ਬਦਕਿਸਮਤੀ ਤੇ ਦੋ ਅੱਥਰੂ ਕੇਰ ਲਵੋ)

ਸੁਧਾਰ ਕਰ ਸਕਣ ਦੇ ਪੱਖੋਂ ਜਦ ਅੱਜ ਸਾਡੇ ਹਥ-ਵੱਸ ਹੈ ਹੀ ਕੁਝ ਨਹੀਂ ਤਾਂ, ਅਜੇ ਸਾਨੂੰ ਕੋਈ ਚਿੰਤਾ ਕਿਉਂ ਹੋਵੇ ? ਅਸੀਂ ਆਪਣੇ ਟਿਕੇ ਹੋਏ ਮਨ ਦੀ ਸ਼ਾਂਤੀ ਨੂੰ ਨਸ਼ਟ ਕਿਉਂ ਕਰੀਏ ? ਆਉ ਅਸੀਂ ਉਪ੍ਰੋਕਤ ਵਰਣਨ, ਉਸੇ ਗੁਰੂ ਸ਼ਬਦ ਦੀ ਵਿਚਾਰ ਨਾਲ ਜੁੜੀਏ:--

੯੮- **ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥ ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ ॥ ਮਨਿ ਚਾਉਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ ॥ ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ ॥ ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ ॥ ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ ॥ ੧ ॥**[੭੬੪]-੧-੩

**ਅਰਥ:**--(ਹੇ ਸੱਜਣ-ਪ੍ਰਭੂ !) ਆ, ਮੈ ਤੇਰਾ ਦਰਸ਼ਨ ਕਰ ਸਕਾਂ । (ਹੇ ਸੱਜਣ ! ਮੇਰੇ ਸੱਜਣ ਮੇਰੀ ਬੇਨਤੀ ਸੁਣ) ਮੈ ਆਪਣੇ ਹਿਰਦੇ ਵਿਚ ਪੂਰੀ ਸਾਵਧਾਨਤਾ ਨਾਲ ਤੇਰੀ ਉਡੀਕ ਕਰ ਰਹੀ ਹਾਂ । ਮੇਰੇ ਮਨ ਵਿਚ (ਤੇਰੇ ਦਰਸ਼ਨ ਲਈ) ਬੜਾ ਹੀ ਚਾਉ ਹੈ, ਮੈਨੂੰ ਆਸਰਾ ਵੀ ਤੇਰਾ ਹੀ ਹੈ ।

(ਹੇ ਪ੍ਰਭੂ !) ਜਿਸ ਜੀਵ-ਇਸਤ੍ਰੀ ਨੇ ਤੇਰਾ ਦਰਸ਼ਨ ਕਰ ਲਿਆ, ਉਹ ਪਵਿਤ੍ਰਆਤਮਾ ਹੋ ਗਈ, ਉਸ ਦਾ ਜਨਮ ਮਰਨ ਦਾ ਦੁੱਖ ਦੂਰ ਹੋ ਗਿਆ। ਉਸ ਦੇ ਪ੍ਰੇਮ ਦੀ ਖਿੱਚ ਦੀ ਰਾਹੀਂ ਤੂੰ ਉਸ ਨੂੰ ਮਿਲ ਪਿਆ, ਉਸ ਨੇ ਸਾਰੇ ਜੀਵਾਂ ਵਿਚ ਤੈਨੂੰ ਹੀ ਵੱਸਦਾ ਪਛਾਨ ਲਿਆ। ਹੇ ਨਾਨਕ ! ਸੱਜਣ ਪ੍ਰਭੂ ਤੋਂ ਸਦਕੇ ਜਾਣਾ ਚਾਹੀਦਾ ਹੈ । ਜਿਹੜੀ ਜੀਵ-ਇਸਤ੍ਰੀ ਉਸ ਦੇ ਨਾਮ ਵਿਚ ਜੁੜਦੀ ਹੈ, ਉਸ ਦੇ ਹਿਰਦੇ ਵਿਚ ਉਹ ਆ ਪ੍ਰਗਟ ਹੁੰਦਾ ਹੈ । ੧ ।

**ਗੁਰਮਤਿ ਅਨੁਸਾਰ ਸਰਬ ਥਾਈ, ਸਰਬੱਤ ਜੀਆਂ ਵਿਚ ਉਸ ਦੀ ਵਿਆਪਕਤਾ ਦੀ ਪਛਾਣ ਹੀ, ਉਸ ਨਾਲ ਸੱਚਾ ਮਿਲਾਪ ਹੈ।**

੯੯- **ਮਿਲਿ ਨਾਰੀ ਸਤਸੰਗਿ ਮੰਗਲੁ ਗਾਵੀਆ ॥ ਘਰ ਕਾ ਹੋਆ ਬੰਧਾਨੁ ਬਹੁੜਿ ਨ ਧਾਵੀਆ ॥ ਬਿਨਠੀ ਦੁਰਮਤਿ ਦੁਰਤੁ ਸੋਇ ਕੂੜਾਵੀਆ ॥ ਸੀਲਵੰਤਿ ਪਰਧਾਨਿ ਰਿਦੈ ਸਚਾਵੀਆ ॥ ਅੰਤਰਿ ਬਾਹਰਿ ਇਕੁ ਇਕ ਰੀਤਾਵਿਆ ॥ ਮਨਿ ਦਰਸਨ ਕੀ ਪਿਆਸ ਚਰਣ ਦਾਸਾਵੀਆ ॥ ਸੋਭਾ ਬਣੀ ਸੀਗਾਰੁ ਖਸਮਿ ਜਾਂ ਰਾਵੀਆ ॥ ਮਿਲੀਆ ਆਇ ਸੰਜੋਗਿ ਜਾਂ ਤਿਸੁ ਭਾਵੀਆ ॥ ੧੫ ॥**[੯੬੪]-ਵਾ

**ਪਦ ਅਰਥ:--ਮਿਲਿ ਨਾਰੀ ਸਤਸੰਗਿ**=(ਜਿਸ) ਜੀਵ-ਇਸਤ੍ਰੀ ਨੇ ਸਤਸੰਗ ਵਿਚ ਮਿਲ ਕੇ। **ਮੰਗਲੁ**=ਸਿਫ਼ਤਿ ਸਾਲਾਹ ਦਾ ਗੀਤ । ਘਰਿ ਕਾ= ਉਸ (ਨਾਰੀ (ਸਰੀਰ-) ਘਰ ਦਾ। **ਬੰਧਾਨੁ**=ਠੁਕ, ਮਰਯਾਦਾ । **ਬਹੁੜਿ=ਮੁੜ । ਨ ਧਾਵੀਆ**=ਭਟਕਦੀ ਨਹੀਂ । **ਬਿਨਠੀ ਦੁਰਮਤਿ=ਖੋਟੀ ਮਤਿ ਦਾ ਨਾਸ ਹੋ ਗਿਆ । ਦੁਰਤੁ=ਪਾਪ । ਸੋਇ ਕੂੜਾਵੀਆ**=ਕੂੜ ਦੀ ਸੋਇ, ਨਾਸਵੰਤ ਪਦਾਰਥਾਂ ਦੀ ਝਾਕ। **ਸੀਲਵੰਤਿ**=ਚੰਗੇ ਸੁਭਾਵ ਵਾਲੀ। **ਪਰਧਾਨਿ**=ਮੰਨੀ-ਪ੍ਰਮੰਨੀ ਹੋਈ। **ਰਿਦੈ ਸਚਾਵੀਆ**=ਹਿਰਦੇ ਵਿਚ ਸ:ਚ ਵਾਲੀ, ਹਿਰਦੇ ਤੋਂ ਸੱਚੀ । **ਰੀਤਾਵਿਆ**=ਰੀਤ ਜੀਵਨ-ਜੁਗਤਿ । **ਦਾਸਾਵੀਆ**=ਦਾਸੀ। **ਖਸਮਿ**= ਖ਼ਸਮ ਨੇ । **ਰਾਵੀਆ**=ਮਾਣੀ, ਆਪਣੇ ਨਾਲ ਮਿਲਾਈ । **ਸੰਜੋਗਿ**=(ਪ੍ਰਭੂ ਦੀ) ਸੰਜੋਗ-ਸਤਾ ਨਾਲ । **ਤਿਸ**=ਉਸ ਪ੍ਰਭੂ ਨੂੰ ।

ਗੁਰਮੁਖਾਂ ਦੀ ਸੰਗਤਿ ਨਾਲ ਪਾਪਾਂ ਵੱਲ ਨੂੰ ਲੈ ਭਜਣ ਵਾਲੀ ਦੁਰਮਤਿ ਦੇ ਥਾਂ ਚੰਗੇ ਕੋਲ ਬੈਠ ਕੇ ਚੰਗੇ ਵਿਚਾਂ ਨਾਲ ਜੁੜਨ ਦੀ ਚਿਟਕ ਲੱਗ ਗਈ ਪਾਪਾਂ ਦੀ ਮੈਲ ਧੋਤੀ ਗਈ, ਹਰ ਥਾਂ ਵੱਸਦੇ ਪ੍ਰਭੂ ਦੇ ਦੀਦਾਰੇ ਹੋਣ ਲੱਗ ਪਏ। ਬਸ ਏਹੀ ਹੈ ਪ੍ਰਭੂ ਦਾ ਮਿਲਾਪ। ਏਸੇ ਜੀਵਨ ਜੁਗਤਿ

ਨੇ ਲੋਕ ਪਰਲੋਕ ਵਿਚ ਹਰ ਥਾਂ ਮਾਣ ਇੱਜ਼ਤ ਮਿਲਣ ਦਾ ਸਾਧਨ ਬਣਨਾ ਹੈ। ਗੁਰਸਿੱਖ ਦੇ ਹਿਰਦੇ ਵਿਚ ਸਤਿਗੁਰਾਂ ਨੂੰ ਮਿਲ ਕੇ ਪ੍ਰਭੂ ਮਿਲਾਪ ਦਾ ਢੰਗ ਜਾਣਨ ਦੀ ਲਗਨ ਲੱਗੀ ਰਹਿਣੀ ਵਡੇ ਭਾਗਾਂ ਦੀ ਨਿਸ਼ਾਨੀ ਹੈ।

੭੦- **ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥ ੨ ॥ ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥ ੩ ॥ ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥ ੪ ॥ ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥ ੫ ॥ ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥ ੬ ॥ ਅਖੀ ਕਾਢਿ ਧਰੀ ਚਰਣਾ ਤਲਿ ਸਭ ਧਰਤੀ ਫਿਰਿ ਮਤ ਪਾਈ ॥ ੭ ॥ ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ ॥ ੮ ॥ ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥ ੯ ॥ ਜੇ ਤੁਧੁ ਵਲਿ ਰਹੈ ਤ ਕੋਈ ਕਿਹੁ ਆਖਉ ਤੁਧੁ ਵਿਸਰਿਐ ਮਰਿ ਜਾਈ ॥ ੧੦ ॥ ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ ॥ ੧੧ ॥ ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ ॥ ੧੨ ॥ ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥ ੧੩ ॥ ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥ ੧੪ ॥ ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥ ੧੫ ॥ ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ ॥ ੧੬ ॥ ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ ॥ ੧੭ ॥ ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖੁ ਪਾਈ ॥ ੧੮ ॥ ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝਹਿ ਧਿਆਈ ॥ ੧੯ ॥ ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ੭ ਸੇਵਕ ਪੈਜ ਰਖਾਈ ॥ ੨੦ ॥ ਭੰਡਾਰ ਭਰੇ ਭਗਤੀ ਹਰਿ ਤੇਰੇ ਜਿਸੁ ਭਾਵੈ ਤਿਸੁ ਦੇਵਾਈ ॥ ੨੧ ॥ ਜਿਸੁ ਤੂੰ ਦੇਹਿ ਸੋਈ ਜਨੁ ਪਾਏ ਹੋਰ ਨਿਹਫਲ ਸਭ ਚਤੁਰਾਈ ॥ ੨੨ ॥ ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ ॥ ੨੩ ॥ ਇਕੁ ਦਾਨੁ ਮੰਗੈ ਨਾਨਕੁ ਵੇਚਾਰਾ ਹਰਿ ਦਾਸਨਿ ਦਾਸੁ ਕਰਾਈ ॥ ੨੪ ॥ ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ ॥ ੨੫ ॥ ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ ॥ ੨੬ ॥ ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ ॥ ੨੭ ॥ ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ ॥ ੨੮ ॥ ਅਨੇਕ ਉਪਾਵ ਕਰੀ ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ ॥ ੨੯ ॥ ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ ॥ ੩੦ ॥ ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ ॥ ੩੧ ॥ ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ ॥ ੩੨ ॥** [੭੫੭]-੧

ਸਾਰੇ ਗੁਰੂ ਸ਼ਬਦ ਵਿਚੋਂ ਏਹੀ ਝੋਲਾ ਪੈ ਰਿਹਾ ਹੁੰਦਾ ਹੈ ਕਿ। ਸਾਰੇ ਤਰਲੇ ਅੱਖੀਆਂ ਨਾਲ ਕੀਤੇ ਜਾਣ ਵਾਲੇ ਦਰਸ਼ਨਾਂ ਦੀਦਾਰਿਆਂ ਵਾਸਤੇ ਹੀ ਹਨ । ਜਿਸ ਅੰਦਰੂਨੀ ਸਿੱਕ ਦੁਆਰਾ ਦਰਸ਼ਨਾਂ ਦੀ ਇਹ ਮੰਗ ਕੀਤੀ ਜਾ ਰਹੀ ਹੈ, ਉਸ ਤੋਂ ਏਹ ਆਸ ਬੱਝੀ ਰਹਿੰਦੀ ਹੈ, ਕਿ, ਜੁਗਾਂ ਜੁਗਾਂਤਰਾਂ ਤੋ ਆਪਣੇ ਭਗਤਾਂ ਦੀ ਪੈਜ ਰੱਖਦੇ ਆਉਣ ਵਾਲੇ ਪ੍ਰਭੂ ਜੀ ਆਪਣਾ ਬਿਰਦ ਪਾਲਦੇ ਹੋਏ ਸਾਖ਼ਸ਼ਾਤ ਪ੍ਰਗਟ ਹੋਏ ਕਿ ਹੋਏ। ਹਿਰਦੇ ਦੀ ਇਸ ਤਿਆਗ ਵੈਰਾਗ ਭਰੀ ਸੱਚੀ ਪੁਕਾਰ ਨੂੰ, ਅਥਵਾ--**ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥**[੮੭੮] ਸਤਿ ਸੰਤੋਖ ਵਾਲੀ ਇਸ ਅਰਦਾਸ ਨੂੰ ਮੰਨ ਕੇ, ਅਕਾਲ ਪੁਰਖ ਜੀ ਜ਼ਰੂਰ ਸਾਖ਼ਸ਼ਾਤ ਦਰਸ਼ਨ ਦੇ ਦੇਣਗੇ । ਪਰ ਗੁਰੂ ਸ਼ਬਦ ਦੇ ਅਖ਼ੀਰ ਵਿਚ ਜੋ ਦਰਸ਼ਨ ਹੋਏ ਹਨ ਉਹ ਸਰਬ ਵਿਆਪਕਤਾ ਵਾਲੇ ਹੀ ਹਨ। ਰਚਨਾ ਵਿਚ ਹੀ ਰਚਣਹਾਰ ਦੇ ਦੀਦਾਰੇ ਕਰਨ ਵਾਲੀ ਅੱਖ ਦੀ ਬਖ਼ਸ਼ਸ਼ । ਏਹੀ ਹਨ ਉਸ ਸਿਰਜਣਹਾਰ ਦਾਤਾਰ ਜੀ ਦੇ ਅਸਲੀ ਦਰਸ਼ਨ । ਅਗਲੇ ਗੁਰੂ ਸ਼ਬਦ ਵਿਚ ਵੀ ਅਨੋਖਾ ਉਡੀਕ-ਰੰਗ ਅਤੇ ਅਨੋਖੇ ਹੀ ਦਰਸ਼ਨ ਦੀਦਾਰੇ ? ਆਉ ਇਕਾਗਰਤਾ ਨਾ ਉਸ ਅਪਾਰ ਗੁਣਾ ਵਾਲੇ ਸੱਜਣ ਦੇ ਦਰਸ਼ਨ ਕਰਨੇ ਸਿਖੀਏ:--

੭੧- **ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ ॥ ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ ॥ ਕਰਿ ਮਿੰਨਤਿ ਕਰਿ ਜੋਦੜੀ, ਮੈ ਪ੍ਰਭੁ ਮਿਲਣੈ ਕਾ ਚਾਉ ॥ ੧ ॥ ਮੇਰੇ ਭਾਈ ਜਨਾ, ਕੋਈ ਮੋ ਕਉ ਹਰਿ ਪ੍ਰਭੁ ਮੇਲਿ ਮਿਲਾਇ ॥ ਹਉ ਸਤਿਗੁਰ ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ ਦਿਖਾਇ ॥ ੧ ॥ ਰਹਾਉ ॥ ਹੋਇ ਨਿਮਾਣੀ ਢਹਿ ਪਵਾ ਪੂਰੇ ਸਤਿਗੁਰ ਪਾਸਿ ॥ ਨਿਮਾਣਿਆ ਗੁਰੁ ਮਾਣੁ ਹੈ ਗੁਰੁ ਸਤਿਗੁਰੁ ਕਰੇ ਸਾਬਾਸਿ ॥ ਹਉ ਗੁਰੁ ਸਾਲਾਹਿ ਨ ਰਜਊ, ਮੈ ਮੇਲੇ ਹਰਿ ਪ੍ਰਭੁ ਪਾਸਿ ॥ ੨ ॥ ਸਤਿਗੁਰ ਨੋ ਸਭੁ ਕੋ ਲੋਚਦਾ ਜੇਤਾ ਜਗਤੁ ਸਭੁ ਕੋਇ ॥ ਬਿਨੁ ਭਾਗਾ ਦਰਸਨੁ ਨਾ ਥੀਐ ਭਾਗਹੀਣ ਬਹਿ ਰੋਇ ॥ ਜੋ ਹਰਿ ਪ੍ਰਭ ਭਾਣਾ ਸੋ ਥੀਆ ਧੁਰਿ ਲਿਖਿਆ ਨ ਮੇਟੈ ਕੋਇ ॥ ੩ ॥ ਆਪੇ ਸਤਿਗੁਰੁ ਆਪਿ ਹਰਿ, ਆਪੇ ਮੇਲਿ ਮਿਲਾਇ ॥ ਆਪਿ ਦਇਆ ਕਰਿ ਮੇਲਸੀ ਗੁਰ ਸਤਿਗੁਰ ਪੀਛੈ ਪਾਇ ॥ ਸਭੁ ਜਗਜੀਵਨੁ ਜਗਿ ਆਪਿ ਹੈ, ਨਾਨਕ ਜਲੁ ਜਲਹਿ ਸਮਾਇ ॥ ੪ ॥** [੪੧]-੪-੬੮

**ਅਰਥ:**--ਹੇ ਮੇਰੇ ਭਰਾਵੋ ! ਮੈਨੂੰ ਕੋਈ ਮਰਮਾਤਮਾ ਮਿਲਾ ਦਿਉ । ( ਪਰ ਗੁਰੂ ਤੋਂ ਬਿਨਾਂ ਹੋਰ ਕੌਣ ਮਿਲਾ ਸਕਦਾ ਹੈ ?) ਮੈਂ ਸਤਿਗੁਰੂ ਤੋਂ ਸਦਕੇ ਜਾਂਦਾ ਹਾਂ ਜਿਸ ਨੇ ਪਰਮਾਤਮਾ ਵਿਖਾਲ ਦਿੱਤਾ (ਭਾਵ, ਜੋ ਵਿਖਾਲ ਦਿੰਦਾ ਹੈ--ਜਿਸ ਪ੍ਰਭੂ ਨਾਲ ਮਿਲਿਆਂ ਏਹੀ ਮੂੰਹੋਂ ਨਿਕਦਾ ਹੈ ਕਿ ਮੈਨੂੰ ਪਰਮਾਤਮਾ ਮਿਲ ਪਿਆ ਹੈ ) । ੧ । ਰਹਾਉ ।

ਮੈਂ ਸਦਾ (ਤਾਂਘ ਵਿਚ) ਖਲੋਤੀ ਹੋਈ (ਪਰਮਾਤਮਾ ਦੇ ਦੇਸ਼ ਦਾ) ਰਾਹ ਪੁੱਛਦੀ ਹਾਂ (ਮੈਂ ਸਦਾ ਲੋਚਦੀ ਹਾਂ ਕਿ) ਕੋਈ ਮੈਨੂੰ ਪ੍ਰਭੂ ਦੀ ਦੱਸ ਪਏ, ਤੇ ਉਸ ਦੀ ਰਾਹੀਂ (ਉਸ ਦੀ ਸਹੈਤਾ ਨਾਲ ਪ੍ਰਭੂ ਦੇ ਚਰਨਾਂ ਵਿਚ ਜਾ) ਪਹੁੰਚਾਂ । ਜਿੰਨ੍ਹਾਂ (ਸਤਿਸੰਗੀ ਸਹੇਲੀਆਂ) ਨੇ ਪਿਆਰੇ ਪ੍ਰਭੂ ਦਾ ਮਿਲਾਪ ਹਾਸਲ ਕੀਤਾ ਹੈ ਮੈਂ ਉਨ੍ਹਾਂ ਅੱਗੇ ਤਰਲਾ ਕਰਾਂ ਉਨ੍ਹਾਂ ਦੀ ਸੇਵਾ ਕਰ ਕੇ ਉਨ੍ਹਾਂ ਦੇ ਪਿੱਛੇ ਲੱਗੀ ਫਿਰਾਂ, ਕਿਉਂਕਿ ਮੇਰੇ ਅੰਦਰ ਪ੍ਰਭੂ ਨੂੰ ਮਿਲਣ ਦਾ ਚਾਉ ਹੈ **। ੧ ।** (ਮੇਰਾ ਮਨ ਲੋਚਦਾ ਹੈ ਕਿ) ਮੈਂ ਹੋਰ ਮਾਨ ਆਸਰਾ ਛੱਡ ਕੇ ਪੂਰੇ ਸਤਿਗੁਰੂ ਦੇ ਚਰਨਾਂ ਉੱਤੇ ਡਿੱਗ ਪਵਾਂ । ਗੁਰੂ ਉਹਨਾਂ ਦਾ ਮਾਣ-ਆਸਰਾ ਹੈ, ਜਿੰਨ੍ਹਾਂ ਦਾ ਹੋਰ ਕੋਈ ਆਸਰਾ ਨਹੀਂ ਹੁੰਦਾ, (ਨਿਮਾਣਿਆਂ ਨੂੰ) ਗੁਰੂ ਦਿਲਾਸਾ ਦਿੰਦਾ ਹੈ। ਗੁਰੂ ਦੀਆਂ ਵਡਿਆਈਆਂ ਕਰ ਕਰ ਕੇ ਮੇਰਾ ਮਨ ਰੱਜਦਾ ਨਹੀਂ ਹੈ । ਗੁਰੂ ਮੈਨੂੰ ਮੇਰੇ-ਪਾਸ-ਹੀ-ਵੱਸਦਾ ਪਰਮਾਤਮਾ ਮਿਲਾਉਣ ਦੇ ਸਮਰੱਥ ਹੈ **। ੨ ।** ਜਿੰਨਾਂ ਇਹ ਸਾਰਾ ਜਗਤ ਹੈ ਹਰੇਕ ਜੀਵ ਸਤਿਗੁਰੂ ਨੂੰ ਮਿਲਣ ਲਈ ਤਾਂਘਦਾ ਹੈ, ਪਰ ਚੰਗੀ ਕਿਸਮਤ ਤੋਂ ਬਿਨਾ ਸਤਿਗੁਰੂ ਦਾ ਦਰਸ਼ਨ ਨਹੀਂ ਹੁੰਦਾ (ਗੁਰੂ ਦੀ ਕਦਰ ਹਿਰਦੇ ਵਿਚ ਨਹੀਂ ਵੱਸਦੀ) । (ਗੁਰੂ ਤੋਂ ਵਿਛੁੜ ਕੇ) ਮੰਦ-ਭਾਗਣ

ਜੀਵ-ਇਸਤ੍ਰੀ ਬੈਠੀ ਦੁਖੀ ਹੁੰਦੀ ਹੈ। ਜੋ ਕੁਝ ਪਰਮਾਤਮਾ ਨੂੰ ਚੰਗਾ ਲੱਗਦਾ ਹੈ ਉਹੀ ਹੁੰਦਾ ਹੈ । ਧੁਰੋਂ ਪ੍ਰਭੂ ਦੀ ਦਰਗਾਹ ਤੋਂ ਲਿਖੇ ਹੁਕਮ ਨੂੰ ਕੋਈ ਮਿਟਾ ਨਹੀਂ ਸਕਦਾ (ਭਾਵ, ਪਿਛਲੀ ਕੀਤੀ ਹੋਈ ਨੇਕ ਕਮਾਈ ਦਾ ਫਲ ਹੀ ਸਤਿਗੁਰੂ ਨਾਲ ਮਿਲਾਪ ਹੈ) **। ੩ ।** (ਇਸ ਤਰ੍ਹਾਂ ਜਦੋਂ ਪਰਮਾਤਮਾ ਦੀ ਮਿਹਰ ਨਾਲ ਸਤਿਗੁਰੂ ਦੇ ਸਨਮੁਖ ਰਹਿਣ ਦੀ, ਭਾਵ, ਸਤਿਗੁਰੂ ਦੇ ਬਚਨਾਂ ਅਨੁਰਾਰ ਜੀਵਨ ਢਾਲ ਲੈਣ ਦੀ ਚਿਟਕ ਲੱਗਦੀ ਹੈ ਤਾਂ ਸਮਝੋ ਪ੍ਰਭੂ ਨੇ) ਆਪਣੇ ਚਰਨਾਂ ਵਿਚ ਮਿਲਾ ਲਿਆ ਹੈ। ਇਸ ਤਰਾਂ ਪ੍ਰਭੂ (ਜੀਵਾਂ ਨੂੰ) ਆਪ (ਆਪਣੇ ਪੱਕੇ ਨਿੱਯਮ ਰੂਪ ਹੁਕਮ ਦੁਆਰਾ) ਸਤਿਗੁਰੂ ਦੇ ਲੜ ਲਾ ਕੇ ਮਿਹਰ ਕਰਕੇ ਆਪਣੇ ਨਾਲ ਮਿਲਾਉਂਣ ਦੇ ਸਮਰੱਥ ਹੈ। (ਫਿਰ ਚਮਤਕਾਰ ਇਹ ਵਰਦਤਾ ਹੈ ਕਿ ਸਤਿਗੁਰੂ ਜੀ ਤੋਂ ਸਨਮੁਖ ਗੁਰਸਿੱਖ ਨੂੰ ਅਜੇਹੀ ਅੱਖ ਮਿਲ ਜਾਂਦੀ ਹੈ ਕਿ ਉਸ ਨੂੰ) ਜਗਤ (ਦੇ-ਜੀਵਾਂ)-ਦਾ ਸਹਾਰਾ ਪਰਮਾਤਮ ਜਗਤ ਵਿਚ ਹਰ ਥਾਂ ਆਪ ਹੀ ਆਪ (ਵੱਸਦਾ ਨਜ਼ਰ ਆ ਰਿਹਾ ਹੁੰਦਾ) ਹੈ। ਏਹੀ ਤਾਂ ਹੈ ਉਸ ਅਪਾਰ ਦੇ ਚਰਨਾਂ ਵਿਚ ਜੁੜਨਾ ਅਤੇ ਏਹੀ ਹਨ ਉਸ ਦੇ ਸਾਖਸ਼ਾਤ ਦਰਸ਼ਨ। (ਏਹੀ ਹੈ ਉਸ ਨਾਲ) ਇਉਂ ਇੱਕ-ਮਿੱਕ ਹੋ ਜਾਂਣਾ (ਜਿਵੇਂ) ਪਾਣੀ ਪਾਣੀ ਵਿਚ ਇੱਕ-ਰੂਪ ਹੋ ਜਾਂਦਾ ਹੈ । ੪ ।

੭੨- **ਮਨਿ ਬੈਰਾਗੈਗੀ ॥ ਖੋਜਤੀ ਦਰਸਾਰ ॥ ੧ ॥ ਰਹਾਉ ॥ ਸਾਧੂ ਸੰਤਨ ਸੇਵਿ ਕੈ ਪ੍ਰਿਉ ਹੀਅਰੈ ਧਿਆਇਓ ॥ ਆਨੰਦ ਰੂਪੀ ਪੇਖਿ ਕੈ ਹਉ ਮਹਲੁ ਪਾਵਉਗੀ ॥ ੧ ॥ ਕਾਮ ਕਰੀ ਸਭ ਤਿਆਗਿ ਕੈ ਹਉ ਸਰਣਿ ਪਰਉਗੀ ॥ ਨਾਨਕ ਸੁਆਮੀ ਗਰਿ ਮਿਲੇ ਹਉ ਗੁਰ ਮਨਾਵਉਗੀ ॥ ੨ ॥** [੧੨੩੦]-੭-੧੩੬

**ਅਰਥ**:--ਹੇ ਸਖੀ ! (ਪ੍ਰਭੂ ਦਾ ) ਦਰਸ਼ਨ ਕਰਨ ਦਾ ਜਤਨ ਕਰਦੀ ਕਰਦੀ ਮੇਰੀ ਜਿੰਦ ਮਨ ਵਿਚ ਵੈਰਾਗ ਵਾਲੀ ਹੁੰਦੀ ਜਾਂਦੀ ਹੈ । ੧ ॥ ਰਹਾਉ ॥ ਸੰਤ ਜਨਾਂ ਦੀ ਸੇਵਾ ਕਰ ਕੇ (ਭਾਵ, ਸਚੇ ਸਾਧੂ ਗੁਰੂ ਗ੍ਰੰਥ ਸਾਹਿਬ ਸਤਿਗੁਰੂ ਜੀ ਦੀ ਸੰਗਤਿ ਦੀ ਬਰਕਤਿ ਨਾਲ, ਭਾਵ, ਸ਼ਬਦ ਵਿਚਾਰ ਕਰਦੇ ਰਹਿਣ ਦੀ ਲਗਨ ਦੀ ਬਦੌਲ
ਤ) ਮੈ ਪਿਆਰੇ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਹੈ, ਤੇ ਉਸ ਅਨੰਦ-ਸਰੂਪ ਪ੍ਰਭੂ ਦਾ ਦਰਸ਼ਨ ਕਰਕੇ ਮੈਂ ਉਸ ਦੇ ਚਰਨਾਂ ਵਿਚ ਟਿਕਾਣਾ ਪ੍ਰਾਪਤ ਕਰ ਲਿਆ ਹੈ । ੧ । (ਜਗਤ ਦੇ) ਕੰਮ-ਧੰਧਿਆਂ (=ਕਾਮ ਕਰੀ) ਦਾ ਸਾਰਾ ਮੋਹ ਛੱਡ ਕੇ ਮੈਂ ਪ੍ਰਭੂ ਦੀ ਸਰਨ ਪਈ ਰਹਿੰਦੀ ਹਾਂ (ਪ੍ਰਭੂ ਦੀ ਯਾਦ ਵਿਚ ਟਿਕੀ ਰਹਿੰਦੀ ਹਾਂ)। ਹੇ ਨਾਨਕ ! (ਆਖ-ਹੇ ਸਤਿਸੰਗਣ ਜੀਵ ਇਸਤ੍ਰੀ ਸਹੇਲੀਓ ! ਜਿਸ ਗੁਰੂ ਦੀ ਕਿਰਪਾ ਨਾਲ) ਮਾਲਕ-ਪ੍ਰਭੂ ਜੀ (ਮੇਰੇ) ਗਲ ਨਾਲ ਆ ਲੱਗੇ ਹਨ, (ਭਾਵ, ਮੇਰੇ ਹਿਰਦੇ ਵਿਚ ਪ੍ਰਗਟ ਹੋਏ ਹਨ) ਮੈਂ ਉਸ ਗੁਰੂ ਦੀ ਪ੍ਰਸੰਨਤਾ ਪ੍ਰਾਪਤ ਕਰਦੀ ਰਹਿੰਦੀ ਹਾਂ। ੨ ।

੭੩- **ਹਰਿ ਬਿਨੁ ਕਿਉ ਰਹੀਐ, ਦੁਖੁ ਬਿਆਪੈ ॥ ਜਿਹਵਾ ਸਾਦੁ ਨ, ਫੀਕੀ ਰਸ ਬਿਨੁ, ਬਿਨੁ ਪ੍ਰਭ ਕਾਲੁ ਸੰਤਾਪੈ ॥ ੧ ॥ ਰਹਾਉ॥ ਜਬ ਲਗੁ ਦਰਸੁ ਨ ਪਰਸੈ ਪ੍ਰੀਤਮ, ਤਬ ਲਗੁ ਭੂਖ ਪਿਆਸੀ । ਦਰਸਨੁ ਦੇਖਤ ਹੀ ਮਨ ਮਾਨਿਆ ਜਲ ਰਸਿ ਕਮਲ ਬਿਗਾਸੀ ॥ ੧ ॥ ਊਨਵਿ ਘਨਹਰੁ ਗਰਜੈ ਬਰਸੈ ਕੋਕਿਲ ਮੋਰ ਬੈਰਾਗੈ ॥ ਭਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰੁ ਧਨ ਸੋਹਾਗੈ ॥ ੨ ॥ ਕੁਚਿਲ ਕਰੂਪਿ ਕੁਨਾਰਿ ਕੁਲਖਨੀ ਪਿਰੁ ਕਾ ਸਹਜੁ ਨ ਜਾਨਿਆ ॥ ਹਰਿ ਰਸ ਰੰਗਿ ਰਸਨ ਨਹੀਂ ਤ੍ਰਿਪਤੀ ਦੁਰਮਤਿ ਦੂਖ ਸਮਾਨਿਆ ॥ ਆਇ ਨ ਜਾਵੈ ਨ ਦੁਖੁ ਪਾਵੈ ਨਾ ਦੁਖ ਦਰਦ ਸਰੀਰੇ ॥ ਨਾਨਕ ਪ੍ਰਭ ਤੇ ਸਹਜ ਸੁਹੇਲੀ ਪ੍ਰਭ ਦੇਖਤ ਹੀ ਮਨੁ ਧੀਰੇ ॥ ੪ ॥ ੨ ॥** [ਪੰਨਾ-੧੧੯੭]

**ਅਰਥ**:--ਪਰਮਾਤਮਾਂ ਦੀ ਯਾਦ ਨਾਲ ਜੁੜਨ ਤੋਂ ਬਿਨਾ ਮਨੁੱਖ ਸੁਖੀ ਜੀਵਨ ਨਹੀਂ ਜੀਉਂ ਸਕਦਾ, (ਮਨ ਤੇ) ਸਦਾ ਦੁਖ ਹੀ ਦਬਾਅ ਪਾਈ ਰੱਖਦੇ ਹਨ । (ਪ੍ਰਭੂ ਦੀ ਯਾਦ ਵਿਚ ਲੀਨਤਾ ਹੋਇ ਬਿਨਾ ਮਨੁੱਖ ਦੀ) ਜੀਭ ਵਿਚ (ਬੋਲਣ ਦੀ) ਮਿਠਾਸ ਨਹੀਂ ਪੈਦਾ ਹੁੰਦੀ, ਮਿਠਾਸ ਤੋਂ ਬਿਨਾ ਹੋਣ ਕਰਕੇ ਸਦਾ ਖਰ੍ਹਵੇ ਬੋਲ ਬੋਲਦੀ ਹੈ। ਪ੍ਰਭੂ ਦੇ ਸਿਮਰਨ ਤੋਂ ਬਿਨਾ ਮੌਤ ਦਾ ਡਰ (ਵੀ) ਦੁਖੀ ਕਰਦਾ ਰਹਿੰਦਾ ਹੈ । ੧ । ਰਹਾਉ । ਜਦੋਂ ਤੱਕ ਮਨੁੱਖ ਪ੍ਰੀਤਮ-ਪ੍ਰਭੂ ਦਾ ਦੀਦਾਰ ਨਹੀਂ ਕਰਦਾ, ਤਦ ਤਕ ਮਾਇਆ ਦੀ ਭੁੱਖ ਤ੍ਰੇਹ ਜ਼ੋਰ ਪਾਈ ਰੱਖਦੀ ਹੈ। ਦੀਦਾਰ ਕਰਦਿਆਂ ਹੀ ਮਨ ਪ੍ਰਭੂ ਦੀ ਯਾਦ ਵਿਚ ਗਿੱਝ ਜਾਂਦਾ ਹੈ। (ਤੇ ਹਿਰਦਾ ਇਉਂ ਖਿੜਦਾ ਹੈ, ਜਿਵੇਂ) ਕੌਲ ਫੁੱਲ ਜਲ ਦੇ ਅਨੰਦ ਵਿਚ ਖਿੜਦਾ ਹੈ । ੧ । ਜਦੋਂ ਬੱਦਲ ਝੁਕ ਝੁਕ ਕੇ ਗੱਜਦਾ ਹੈ ਤੇ ਵਰ੍ਹਦਾ ਹੈ ਤਦੋਂ ਕੋਇਲ ਮੋਰ ਰੁੱਖ ਬਲਦ ਪੰਛੀ ਸੱਪ (ਆਦਿਕ) ਹੁਲਾਰੇ ਵਿਚ ਆਉਂਦੇ ਹਨ, (ਇਸੇ ਤਰ੍ਹਾਂ ਜਿਸ ਜੀਵ-ਇਸਤ੍ਰੀ ਦੇ) ਹਿਰਦੇ-ਘਰ ਵਿਚ ਪਤੀ-ਪ੍ਰਭੂ ਆ ਵੱਸਦਾ ਹੈ ਉਹ ਜੀਵ ਇਸਤ੍ਰੀ ਆਪਣੇ ਆਪ ਨੂੰ ਭਾਗਾਂ ਵਾਲੀ ਜਾਣਦੀ ਹੈ । ੨ ।

ਪ੍ਰਭੂ ਦੀ ਸੱਚੀ ਯਾਦ ਹਿਰਦੇ ਵਿਚ ਸਮਾ ਜਾਣੀ ਹੀ ਵਾਹਿਗੁਰੂ ਜੀ ਦੇ ਸਾਖਸ਼ਾਤ ਦਰਸ਼ਨ ਹਨ। ਪ੍ਰਭੂ ਦੀ ਯਾਦ ਵਿਚ ਰੰਗੇ ਹਿਰਦੇ ਵਾਲਾ ਮਨੁੱਖ ਸਿਰਜਣਾ ਦੇ ਕਣ ਕਣ ਵਿਚ, ਹਰੇਕ ਜੀਵ ਵਿਚ--ਉਸ ਪ੍ਰਭੂ ਦੇ ਹੀ ਦਰਸ਼ਨਾਂ ਕਰਦਾ ਹੈ ਅਤੇ ਸਦਾ ਤ੍ਰਿਪਤ ਅਤੇ ਪ੍ਰਸੰਨ ਰਹਿੰਦਾ ਹੈ ।
(ਪਰ ਜਿਸ ਜੀਵ ਇਸਤ੍ਰੀ ਨੇ) ਪਤੀ-ਪ੍ਰਭੂ ਦੇ ਮਿਲਾਪ ਦਾ ਅਨੰਦ ਨਹੀਂ ਮਾਣਿਆ, ਉਹ ਗੰਦੀ ਰਗਤ-ਬਹਤ ਵਾਲੀ, ਕੋਝੇ ਰੂਪ ਵਾਲੀ, ਭੈੜੀ ਤੇ ਭੈੜੇ ਲੱਛਣਾ ਵਾਲੀ ਹੀ ਰਹਿੰਦੀ ਹੈ। ਜਿਸ ਦੀ ਜੀਭ ਪ੍ਰਭੂ ਦੇ ਰੰਗ ਵਿਚ (ਰਚ ਕੇ) ਚਸਕਿਆਂ ਵਲੋਂ ਨਹੀਂ ਪਰਤਦੀ, ਉਹ ਜੀਵ-ਇਸਤ੍ਰੀ ਭੈੜੀ ਮੱਤੇ ਲੱਗਣ ਕਰਕੇ ਦੁੱਖਾਂ ਵਿਚ ਹੀ ਗ੍ਰਸੀ ਰਹਿੰਦੀ ਹੈ **। ੩ ।** ਹੇ ਨਾਨਕ ! ਪ੍ਰਭੂ ਦੇ ਮਿਲਾਪ ਤੋਂ ਅਡੋਲਤਾ ਦਾ ਅਨੰਦ ਮਾਣਣ ਵਾਲੀ ਜੀਵ ਇਸਤ੍ਰੀ ਦਾ ਮਨ ਪ੍ਰਭੂ ਦਾ ਦੀਦਾਰ ਕਰ ਕੇ ਧੀਰਜਵਾਨ ਰਹਿੰਦਾ ਹੈ, ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦੀ, ਉਸ ਮਨ ਨੂੰ ਜਾਂ ਤਨ ਨੂ ਕੋਈ ਦੁੱਖ-ਕਲੇਸ਼ ਨਹੀਂ ਵਿਆਪਦਾ । ੪ ।

## ਦਰਸ਼ਨਾਂ ਦੀ ਸਿੱਕ ਦਾ ਇੱਕ ਰੰਗ ਇਹ:

ਪ੍ਰੋਕ ਸਿਧਾਰ ਚੁੱਕੇ ਭਾਈ ਗੁਰਪਾਲ ਸਿੰਘ ਜੀ ਜੋ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ ਦੇ ਮੁੱਖ ਰਾਗੀ ਵੀ ਰਹੇ ਸਨ, ਦੇ ਗਾਏ ਹੋਏ ਗੁਰੂ-ਸ਼ਬਦਾਂ ਦੀ ਟੇਪ ਵਿਚ ਇੱਕ ਬੜਾ ਹਰਿਮਨ ਪਿਆਰਾ ਬਣਿਆ ਹੋਇਆ ਸ਼ਬਦ ਹੈ। ਸ਼ਬਦ ਦੀ ਤੁਕ-- **' ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ '** -- ਅਸਥਾਈ ਰੂਪ ਵਿਚ ਮੁੜ ਮੁੜ ਕਈ ਵਾਰੀ ਗਾਇਨ ਹੋ ਰਹੀ ਹੁੰਦੀ ਹੈ। ਸ਼ਬਦ ਸ੍ਰਵਣ ਕਰਦਿਆਂ ਯਕੀਨ ਬੱਝ ਰਿਹਾ ਹੁੰਦਾ ਹੈ ਕਿ, ਪੰਚ ਪਾਤਸ਼ਾਹ ਜੀ ਮਨੁੱਖਾ ਦੇਹੀ ਵਾਲੇ ਰੱਬ ਦੇ ਸਾਖਸ਼ਾਤ ਦਰਸ਼ਨ ਇਨ੍ਹਾਂ ਅੱਖੀਆਂ ਨਾਲ ਕਰਨਾ ਲੋਚ ਰਹੇ ਹਨ। ਜੇ ਸਰੀਰ ਦੇ ਬਾਹਰੀ ਨੇਰਾਂ ਨਾਲ ਪ੍ਰਤੱਖ ਦਰਸ਼ਨ ਸੰਭਵ ਨਾ ਹੁੰਦੇ ਤਾਂ ਅਜੇਹੇ ਦਰਸ਼ਨਾਂ ਲਈ ਏਡੇ ਵਿਰਾਗ ਦਾ ਕੀ ਅਰਥ ? ਆਉ ਪੂਰਾ ਗੁਰੂ ਸ਼ਬਦ ਗਹੁ ਨਾਲ ਪੜ੍ਹੀਏ:--

੭੪- ਹਰਿ ਹਰਿ ਨਾਮ ਮੈ ਹਰਿ ਮਨ ਭਾਇਆ ॥ ਵਡਭਾਗੀ ਹਰਿ ਨਾਮੁ ਧਿਆਇਆ ॥ ਗੁਰ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ ॥ ੧ ॥ ਮੈ ਹਰਿ ਹਰਿ ਖਰਚੁ ਲਇਆ ਬੰਨਿ ਪਲੈ ॥ ਮੇਰਾ ਪ੍ਰਾਣ ਸਖਾਈ ਸਦਾ ਨਾਲਿ ਚਲੈ ॥ ਗੁਰਿ ਪੂਰੈ ਨਾਮੁ ਦਿੜਾਇਆ ਹਰਿ ਨਿਹਚਲੁ ਹਰਿ ਧਨੁ ਪਲੈ ਜੀਉ ॥ ੨ ॥ ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ ॥ ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ ॥ **ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ ॥ ੩ ॥** ਸਤਿਗੁਰ ਮਿਤ੍ਰੁ ਮੇਰਾ ਬਾਲ ਸਖਾਈ ॥ ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ ॥ ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਜਨ ਨਾਨਕ ਹਰਿ ਧਨੁ ਪਲੈ ਜੀਉ ॥ ੪ ॥ ੧ ॥ [੯੪]

॥

੭੪- ਮਨ ਮਾਹੀ ਮਨ ਮਾਹੀ ਮੇਰੇ ਗੋਵਿੰਦਾ ਹਰਿ ਰੰਗਿ ਰਤਾ ਮਨ ਮਾਹੀ ਜੀਉ ॥ ਹਰਿ

੭੪- **ਹਠ ਮਞਾਹੂ ਮਾ ਪਿਰੀ** ਪਸੇ ਕਿਉ ਦੀਦਾਰ ॥ ਸੰਤ ਸਰਣਾਈ ਲਭਣੇ ਨਾਨਕ ਪ੍ਰਾਣ ਅਧਾਰ ॥ ੧ ॥[੮੦]-ਛੰਤ-੧

੭੪- **ਡਖਣੇ ਮਃ ੫ ॥ ਡੇਖਣ ਕੂ ਮੁਸਤਾਕੁ, ਮੁਖੁ ਕਿਜੇਹਾ ਤਉ ਧਣੀ ॥**
**ਫਿਰਦਾ ਕਿਤੈ ਹਾਲਿ, ਜਾ ਡਿਠਮੁ ਤਾ ਮਨੁ ਧ੍ਰਾਪਿਆ ॥ ੧ ॥**[੧੦੯੬]-ਵਾ-੮

੯

## ਵਡਭਾਗੀ ਗੁਰ ਦਰਸਨ ਪਾਇਆ ॥

ਸਦੀਵੀ ਦਰਸ਼ਨਾ ਦੇ ਟਿਕਾਣੇ ਤੇ ਪੁੱਜਣ ਲਈ ਰਸਤੇ ਅਥਵਾ ਪ੍ਰਭੂ ਦੀ ਯਾਦ ਦਾ ਹਿਰਦੇ ਵਿਚ ਨਿਵਾਸ ਹੋ ਜਾਣਾ ਹੀ ਉਸ ਦੇ ਦਰਸ਼ਨ ਹਨ:--

੭੫- **ਮਨਸਾ ਧਾਰਿ ਜੋ ਘਰ ਤੇ ਆਵੈ ॥ ਸਾਧਸੰਗਿ ਜਨਮੁ ਮਰਣੁ ਮਿਟਾਵੈ ॥ ਆਸ ਮਨੋਰਥੁ ਪੂਰਨੁ ਹੋਵੈ ਭੇਟਤ ਗੁਰ ਦਰਸਾਇਆ ਜੀਉ ॥ ੨ ॥ ਅਗਮ ਅਗੋਚਰ ਕਿਛੁ ਮਿਤਿ ਨਹੀ ਜਾਨੀ ॥ ਸਾਧਿਕ ਸਿਧ ਧਿਆਵਹਿ ਗਿਆਨੀ ॥ ਖੁਦੀ ਮਿਟੀ ਚੂਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ ॥ ੩ ॥ ਅਨਦ ਮੰਗਲ ਕਲਿਆਣ ਨਿਧਾਨਾ ॥ ਸੂਖ ਸਹਜ ਹਰਿ ਨਾਮੁ ਵਖਾਨਾ ॥ ਹੋਇ ਕ੍ਰਿਪਾਲੁ ਸੁਆਮੀ ਅਪਨਾ ਨਾਉ ਨਾਨਕ ਘਰ ਮਹਿ ਆਇਆ ਜੀਉ ॥ ੪ ॥**[੧੦੩]-੨੫-੩੨

**ਅਰਥ**:--ਜਿਹੜਾ ਮਨੁੱਖ ਪਰਮਾਤਮਾ ਦੇ ਮਿਲਾਪ ਦੀ) ਤਾਂਘ ਕਰ ਕੇ ਘਰੋਂ ਤੁਰਦਾ ਹੈ ਉਹ ਸਾਧ-ਸੰਗਤਿ ਵਿਚ ਆ ਕੇ (ਪ੍ਰਭੂ-ਨਾਮ ਦੀ ਬਰਕਤਿ ਨਾਲ) ਆਪਣਾ ਜਨਮ ਮਰਨ ਦਾ ਗੇੜ ਮੁਕਾ ਲੈਂਦਾ ਹੈ। (ਸਾਧ ਸੰਗਤਿ ਵਿਚ) ਗੁਰੂ ਦਾ ਦਰਸ਼ਨ ਕਰ ਕੇ ਉਸ ਦਾ ਇਹ ਆਸ-ਮਨੋਰਥ ਪੂਰਾ ਹੋ ਜਾਂਦਾ ਹੈ । ੨ ।ਜੋਗ ਸਾਧਨਾ ਕਰਨ ਵਾਲੇ ਅਥਵਾ ਜੋਗ ਵਿਚ ਪੁੱਗੇ ਹੋਏ ਜੋਗੀ, ਗਿਆਨਵਾਨ ਮਨੁੱਖ ਸਮਾਧੀਆਂ ਲਾਉਂਦੇ ਹਨ, ਪਰ ਕੋਈ ਬੰਦਾ ਇਹ ਪਤਾ ਨਹੀਂ ਕਰ ਸਕਦਾ ਕਿ ਉਹ ਅਪਹੁੰਚ ਅਤੇ ਅਗੋਚਰ ਪ੍ਰਭੂ ਕੇਡਾ ਵੱਡਾ ਹੈ। (ਗੁਰੂ ਦੀ ਸਰਨ ਪੈ ਕੇ) ਜਿਸ ਮਨੁੱਖ ਦੀ ਹਉਮੈ ਦੂਰ ਹੋ ਜਾਂਦੀ ਹੈ, ਉਸ ਦੇ ਮਨ ਵਿਚ ਬੇਅੰਤ ਪ੍ਰਭੂ ਦਾ ਪ੍ਰਕਾਸ਼ ਹੋ ਜਾਂਦਾ ਹੈ । ੩ ।ਹੇ ਨਾਨਕ ! ਜਿਸ ਮਨੁੱਖ ਨੇ ਪਰਮਾਤਮਾ ਦਾ ਨਾਮ ਸਿਮਰਿਆ ਹੈ, ਉਸ ਦੇ ਹਿਰਦੇ ਵਿਚ ਆਤਮਕ ਆਨੰਦ ਖ਼ੁਸ਼ੀਆਂ ਦੇ ਖ਼ਜ਼ਾਨੇ ਪਰਗਟ ਹੋ ਪੈਂਦੇ ਹਨ, ਉਸ ਦੇ ਅੰਦਰ ਆਤਮਕ ਅਡੋਲਤਾ ਪੈਦਾ ਹੋ ਜਾਂਦੀ ਹੈ। ਜਿਸ ਮਨੁੱਖ ਤੇ ਮਾਲਕ ਪ੍ਰਭੂ ਦਇਆਵਾਨ ਹੁੰਦਾ ਹੈ ਉਸ ਦੇ ਹਿਰਦੇ ਵਿਚ ਉਸ ਦਾ ਨਾਮ ਵੱਸ ਪੈਂਦਾ ਹੈ। ੪ ।

੭੬- **ਐਸੋ ਦਾਸੁ ਮਿਲੈ ਸੁਖੁ ਹੋਈ ॥ ਦੁਖੁ ਵਿਸਰੈ ਪਾਵੈ ਸਚੁ ਸੋਈ ॥ ੧ ॥ ਦਰਸਨੁ ਦੇਖਿ ਭਈ ਮਤਿ ਪੂਰੀ ॥ ਅਠਸਠਿ ਮਜਨੁ ਚਰਨਹ ਧੂਰੀ ॥ ੧ ॥ ਰਹਾਉ ॥ ਨੇਤ੍ਰ ਸੰਤੋਖੇ ਏਕ ਲਿਵ ਤਾਰਾ ॥ ਜਿਹਵਾ ਸੂਚੀ ਹਰਿ ਰਸ ਸਾਰਾ ॥ ੨ ॥ ਸਚੁ ਕਰਣੀ ਅਭ ਅੰਤਰਿ ਸੇਵਾ ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥ ੩ ॥ ਜਹ ਜਹ ਦੇਖਉ ਤਹ ਤਹ ਸਾਚਾ ॥ ਬਿਨੁ ਬੂਝੇ ਝਗਰਤ ਜਗੁ ਕਾਚਾ ॥ ੪ ॥ ਗੁਰੁ ਸਮਝਾਵੈ ਸੋਝੀ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥੫॥ ਕਰਿ ਕਿਰਪਾ ਰਾਖਹੁ ਰਖਵਾਲੇ ॥ ਬਿਨੁ ਬੂਝੇ ਪਸੂ ਭਏ ਬੇਤਾਲੇ ॥ ੬ ॥ ਗੁਰਿ ਕਹਿਆ ਅਵਰੁ ਨਹੀ ਦੂਜਾ ॥ ਕਿਸੁ ਕਹੁ ਦੇਖਿ ਕਰਉ ਅਨ ਪੂਜਾ ॥੭॥ ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥ ਆਤਮੁ ਚੀਨੈ ਸੁ ਤਤੁ ਬੀਚਾਰੇ ॥ ੮ ॥ ਸਾਚੁ ਰਿਦੈ ਸਚੁ ਪ੍ਰੇਮ ਨਿਵਾਸ ॥ ਪ੍ਰਣਵਿਤ ਨਾਨਕ ਹਮ ਤਾ ਕੇ ਦਾਸ ॥ ੯ ॥**੮ ॥ [੨੨੪]

ਪ੍ਰਭੂ ਦੀ ਸਦੀਵੀ ਯਾਦ ਅਤੇ ਘੱਟ ਘੱਟ ਵਿਚ ਉਸ ਦੀ ਵਿਆਪਕਤਾ ਦਾ ਅਨੁਭਵ ਹੀ ਪ੍ਰਭੂ ਦਾ ਸੱਚੇ ਦਰਸ਼ਨ ਹਨ:--

**ਅਰਥ**:--(ਹਰੀ ਦੇ ਦਾਸ, ਸਤਿਗੁਰੂ ਜੀ ਦਾ) ਦਰਸ਼ਨ ਕਰ ਕੇ ਮਨੁੱਖ ਦੀ ਅਕਲ ਪੂਰੀ (ਸੂਝ ਵਾਲੀ) ਹੋ । (ਗੁਰੂ ਦੇ) ਚਰਨਾਂ ਦੀ ਧੂੜ ਹੀ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ । **੧ । ਰਹਾਉ ।** (ਪਰਮਾਤਮਾ ਸਾ) ਇਹੋ ਜਿਹਾ ਦਾਸ (ਜਿਸ ਮਨੁੱਖ ਨੂੰ ਹਿਰਦੇ ਤੋਂ) ਮਿਲ ਪੈਂਦਾ ਹੈ, ਉਸ ਦੇ ਅੰਦਰ ਆਤਮਕ ਆਨੰਦ ਪੈਦਾ ਹੁੰਦਾ ਹੈ। ਉਹ ਮਨੁੱਖ ਸਦ-ਥਿਰ ਪਰਮਾਤਮਾ ਦੀ ਪ੍ਰਾਪਤੀ ਕਰ ਲੈਂਦਾ ਹੈ ਤੇ ਦੁੱਖ ਉਸ ਦੇ ਨੇੜੇ ਨਹੀਂ ਆਉਂਦਾ **। ੧ ।** ਉਸ ਦੀਆਂ ਅੱਖਾਂ (ਪਰਾਇਆ ਰੂਪ, ਪਰਾਇਆ ਧਨ ਤੱਕਣ ਵਲੋਂ) ਰੱਜ ਜਾਂਦੀਆਂ ਹਨ, ਅਤੇ ਉਸ ਦੀ ਸੁਰਤਿ ਦੀ ਤਾਰ ਇੱਕ ਪਰਮਾਤਮਾ ਵਿਚ ਟਿਕ ਜਾਂਦੀ ਹੈ। ਪ੍ਰਭੂ-ਨਾਮ ਦੀ ਯਾਦ ਦਾ ਸ੍ਰੇਸ਼ਟ ਰਸ ਚੱਖ ਕੇ ਉਸ ਦੀ ਜੀਭ ਪਵਿੱਤ੍ਰ ਹੋ ਜਾਂਦੀ ਹੈ **। ੨ ।** (ਤਨੋ ਮਨੋ ਸਤਿਗੁਰੂ ਜੀ ਦੀ ਹਜ਼ੂਰੀ ਦੇ ਮਿਲਾਪ ਕਾਰਨ) ਪ੍ਰਭੂ ਦਾ ਸਿਮਰਨ (ਉਸ ਦੀ) ਕਰਣੀ ਬਣ ਜਾਂਦਾ ਹੈ। ਅਲੱਖ ਅਤੇ ਅਭੇਵ ਪਰਮਾਤਮਾ ਦੀ ਆਪਣੇ ਹਿਰਦੇ ਤੋਂ ਸੇਵਾ-ਭਗਤੀ ਕਰ ਕੇ ਉਸ ਦਾ ਮਨ (ਮਾਇਆ ਵਲੋਂ ਤ੍ਰਿਪਤ ਹੋ ਜਾਂਦਾ ਹੈ **। ੩ ।** (ਉਸ ਗੁਰੂ ਦੇ ਮਿਲਾਪ ਦੀ ਬਰਕਤਿ ਨਾਲ ਹੀ ਹੁੰਣ ਮੈਨੂੰ ਤਾਂ) ਜਿੱਧਰ ਤੱਕਦਾ ਹਾਂ ਉਧਰ ਮੈਨੂੰ ਸਦਾ-ਥਿਰ ਪ੍ਰਭੂ ਹੀ ਦਿੱਸਦਾ ਹੈ। ਪਰ ਮਾਇਆ ਦੇ ਟਾਕਰੇ ਤੇ ਕਮਜ਼ੋਰ ਮਨ ਵਾਲਾ ਸੰਸਾਰ ਇਸ ਗਿਆਨ ਤੋਂ ਸੱਖਣਾ ਹੋਣ ਦੇ ਕਾਰਨ ਖਹਿ ਖਹਿ ਕਰ ਰਿਹਾ ਹੈ । ੪ ।

੭੭- **ਜਬ ਤੇ ਦਰਸਨ ਭੇਟੇ ਸਾਧੂ, ਭਲੇ ਦਿਨਸ ਓਇ ਆਏ ॥ ਮਹਾ ਅਨੰਦੁ ਸਦਾ ਕਰਿ ਕੀਰਤਨੁ ਪੁਰਖ ਬਿਧਾਤਾ ਪਾਏ ॥ ੧ ॥ ਅਬ ਮੋਹਿ ਰਾਮ ਜਸੋ ਮਨਿ ਗਾਇਓ ॥ ਭਇਓ ਪ੍ਰਗਾਸੁ ਸਦਾ ਸੁਖੁ ਮਨ ਮਹਿ ਸਤਿਗੁਰੁ ਪੂਰਾ ਪਾਇਓ ॥੧॥ ਰਹਾਉ ॥ ਗੁਣ ਨਿਧਾਨੁ ਰਿਦ ਭੀਤਰਿ ਵਸਿਆ ਤਾ ਦੂਖੁ ਭਰਮ ਭਉ ਭਾਗਾ ॥ ਭਈ ਪਰਾਪਤਿ ਵਸਤੁ ਅਗੋਚਰ ਰਾਮ ਨਾਮਿ ਰੰਗ ਲਾਗਾ ॥ ੨ ॥ ਚਿੰਤ ਅਚਿੰਤਾ ਸੋਚ ਅਸੋਚਾ ਸੋਗੁ ਲੋਭੁ ਮੋਹੁ ਥਾਕਾ ॥ ਹਉਮੈ**

**ਰੋਗ ਮਿਟੇ ਕਿਰਪਾ ਤੇ ਜਮ ਤੇ ਭਏ ਬਿਬੇਕਾ ॥ ੩ ॥ ਗੁਰ ਕੀ ਟਹਲ ਗੁਰੂ ਕੀ ਸੇਵਾ ਗੁਰ ਕੀ ਆਗਿਆ ਭਾਣੀ ॥ ਕਹੁ ਨਾਨਕ ਜਿਨਿ ਜਮ ਤੇ ਕਾਢੇ ਤਿਸੁ ਗੁਰ ਕੈ ਕੁਰਬਾਣੀ ॥ ੪ ॥**[੬੭੧]-੪

੭੮- **ਸਲੋਕ ਮ: ੫ ॥ ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ ਨਾਮੁ ਜਪੰਦੜੀ ਲਾਲੀ ॥**
**ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ ॥ ੧ ॥** [੯੬੪]-ਵੰ-੧੭

## ਸਾਵਧਾਨ ਇਕਾਰ ਚੀਤ :---

**ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ** ॥--?---ਸਤਿਗੁਰਾਂ ਦੇ ਉਪਦੇਸ਼ ਨੂੰ ਸਮਝ ਕੇ ਹਿਰਦੇ ਵਿਚ ਬਿਠਾਉਣ ਦੀ ਰੁਚੀ ਨਾਲ ਜੇ ਜਪੁ (ਜੀ ਸਾਹਿਬ) ਦਾ ਪਾਠ ਸਾਵਧਾਨ ਅਤੇ ਇਕਾਗਰ-ਚਿਤ ਹੋਕੇ ਕਰੀਏ ਤਾਂ ਸਮਝ ਆਉਣੀ ਅਰੰਭ ਹੋ ਜਾਂਦੀ ਹੈ ਕਿ,-ਸਚਿਆਰ ਬਣਨ ਲਈ ਕੂੜ ਦਾ ਮੋਟਾ ਪਰਦਾ ਕਿਵੇ ਹਟਾਉਣਾ ਹੈ, ਭਾਵ, ਝੂਠ-ਵਿਕਾਰਾਂ-ਰੂਪ ਪਾਪਾਂ ਦੀ ਮੈਲ ਧੋ ਕੇ ਜੀਵਨ ਨਿਰਮਲ ਬਣਾ ਲੈਣ ਲਈ ਪ੍ਰਭੂ ਦੀਆਂ ਵਡਿਆਈਆਂ ਦੀ ਵਿਚਾਰ ਨਾਲ ਜੁੜੇ ਰਹਿ ਕੇ ਕਿਵੇ ਪ੍ਰਭੂ ਦੇ ਨਾਮ-ਰੰਗ ਵਿਚ ਗੜੁੱਚ ਹੋਣਾ ਹੈ। ਫਿਰ ਅਪਹੁੰਚ ਬੇਅੰਤ ਪ੍ਰਭੂ ਦੀ ਅਗੰਮਤਾ ਦੇ ਦਰਸ਼ਨ ਕਰਾ ਕੇ ਉਸ ਨੂੰ ਪਾਉਣ ਲਈ ਕੀਤੇ ਜਾ ਰਹੇ ਵਿਖਾਵੇ ਵਾਲੇ ਧਰਮ-ਕਰਮਾਂ ਨੂੰ ਵਿਰਥ ਦੱਸ ਕੇ, ਅਜੇਹੀ ਸਚਖੰਡ-ਰੂਪੀ ਆਤਮਕ ਅਵਸਥਾ ਦਾ ਅਨੁਭਵ ਕਰਵਾਇਆ ਜਾਂਦਾ ਹੈ ਜਿੱਥੇ ਨਿਰੰਕਾਰ ਦੇ ਵਾਸੇ ਦਾ ਝਲਕਾਰਾ ਵੱਜਦਾ ਹੈ। ਜਪ ਤੋਂ ਅੱਗੇ, ਗੁਟਕਿਆਂ ਵਿਚ ਛਪੀ ' ਸ਼ਬਦ ਹਜ਼ਾਰੇ ' ਨਾਮਕ ਬਾਣੀ ਨੂੰ ਧਿਆਨ ਜੋੜ ਕੇ ਪੜ੍ਹੀਏ ਤਾਂ ਦਰਸ਼ਨਾਂ ਦੀ ਤਾਂਘ ਵੀ ਬਣੇ ਅਤੇ ਸਤਿਗੁਰੂ ਜੀ ਦੀ ਵਿਚੋਲਗੀ ਦੁਆਰਾ ਹਿਰਦੇ ਘਰ ਵਿਚ ਹੀ ਪ੍ਰਭੂ-ਸੰਤ ਦੇ ਮਿਲਾਪ ਦਾ ਨਜ਼ਾਰਾ ਵੀ ਰੋਜ਼ ਹੀ ਮਾਣੀਏ:--

੭੯- **ਮੇਰਾ ਮਨ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥**
**ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥ ੧ ॥**
**ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥ ੧ ॥ ਰਹਾਉ ॥**

ਦਰਸ਼ਨਾਂ ਲਈ ਹਿਰਦੇ ਵਿਚ ਉਪਜੀ ਸਿੱਕ ਦਾ ਸਿਖ਼ਰ ? ਅੱਗੇ ਜੋ ਫ਼ੁਰਮਾਨ ਹੈ ਉਸ ਤੋਂ, ਆਪਣੇ ਸੱਜਣ ਮਿੱਤੇ ਵਾਹਿਗੁਰੂ ਜੀ ਤੋਂ ਚਿਰਾਂ ਤੋਂ ਪਏ ਵਿਛੋੜੇ ਦਾ ਅੰਤ ਹੋਣ ਦਾ ਝੌਲਾ ਪੈਂਦਾ ਹੈ ਅਤੇ, ਉਸ ਸੱਜਣ ਤੋਂ ਸਦੇ ਕੁਰਬਾਨ ਜਾਣ ਵਾਲੇ ਬੋਲਾਂ ਤੋਂ, ਇਸ ਵਿਚ ਜ਼ਰਾ ਵੀ ਸ਼ੱਕ ਨਹੀਂ ਰਹਿ ਜਾਂਦਾ, ਕਿ, ਕਿਸੇ ਅਨੋਖੇ ਦੇਸ਼ ਵਿਚ ਬਣੇ ਬੜੇ ਚੰਗੇ ਸੰਘਾਸਣ ਤੇ ਬੈਠੇ ਸੁੰਦਰ ਸਰੂਪ ਮਿਠ-ਬੋਲੇ ਸੋਹਣੇ ਪ੍ਰਭੂ ਜੀ ਦੇ ਦਸਰਸ਼ਨ ਹੋਏ ਕਿ ਹੋਏ:--

**ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥ ਚਿਰੁ ਹੋਆ ਦੇਖੇ ਸਾਰਿੰਗਪਾਣੀ ॥ ਧੰਨੁ ਸੁ ਦੇਸ ਜਹਾ ਤੂੰ ਵਸਿਆ ਮੇਰੇ ਸੱਜਣ ਮੀਤ ਮੁਰਾਰੇ ਜੀਉ ॥ ੨ ॥ ਹਉ ਘੋਲੀ ਹਉ ਘੋਲ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥ ੧ ॥ ਰਹਾਉ ॥**

ਪਰ ਅੱਗੇ ਸਾਖ਼ਸ਼ਾਤ ਦਰਸ਼ਨਾਂ ਦੀ ਗੱਲ ਅਤੇ ਪਿਲਾਪ-ਘੜੀ ਲਈ ਵਧੀ ਹੋਈ ਬੇਚੈਨੀ ਨੇ, ਪਲਾਪ ਦੀ ਤੇੜਪ ਨੇ ਹੋਰ ਵੀ ਡੂੰਘਾ ਰੰਗ ਫੜ ਲਿਆ:--

**ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥ ਮੋਹਿ ਰੈਣਿ ਨਾ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥ ਹਉ ਘੋਲੀ ਜੀਉ ਘੋਲ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ॥**

**ਆਉ ਹੁਣ, ਅਨੋਖੇ ਅਨੂਪਮ ਹਿਰਦਾ-ਰੂਪ ਤਖ਼ਤ ਤੇ ਪ੍ਰਗਟ ਆ ਸੰਤ-ਪ੍ਰਭੂ-ਪਤੀ ਜੀ ਦੇ ਮਿਲਾਪ ਦਾ ਰੰਗ, ਦਰਸ਼ਨਾਂ ਦੀ ਠੰਢ ਅਥਵਾ ਸੱਚੇ ਸਾਹਿਬ (-ਮਾਲਕ) ਪ੍ਰਭੂ-ਪਤੀ ਨਾਲ ਹੋ ਰਹੇ ਵਸਲ-ਅਨੰਦ ਦਾ ਅਦੁਤੀ ਸੁਖ਼ ਵੀ ਮਾਣ ਲਈਏ, ਅਤੇ ਪ੍ਰੀਤਮ ਪਿਆਰੇ ਤੋਂ ਸਦਕੇ ਵਾਰਨੇ ਜਾਈਏ--**

**ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥**
**ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥ ੪ ॥**
**ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ ੧ ॥ ੮ ॥**[੯੬]

ਹੋਰ ਕਈ ਵਡਮੁੱਲੀ ਸਿਖਿਆ ਪੜ੍ਹ ਲੈਣ ਉਪ੍ਰੰਤ ਵੀ ਜਦ ਅਸੀਂ ਪਰਮਾਤਮਾ ਦੇ ਦਰਸ਼ਨ ਕਿਤੋਂ ਬਾਹਰੋਂ ਪਾ ਸਕਣ ਲਈ ਕਈ ਤਰ੍ਹਾਂ ਦੇ ਧਰਮ-ਕਰਮਾਂ ਵਿਚ ਫਸੇ ਹੰਕਾਰੀ ਬਣ ਰਹੇ ਹੁੰਦੇ ਹਾਂ ਤਾਂ, ਬੜੀ ਮਿੱਠੀ ਬੋਲੀ ਵਰਤਦਿਆਂ, ਸਾਨੂੰ ਭੁੱਲੜਾਂ ਨੂੰ ਸੰਬੋਧਨ ਕਰਕੇ, ਸਾਡੇ ਸੱਚੇ ਸੱਜਣ ਸਤਿਗੁਰੂ ਜੀ ਇਉਂ ਫ਼ੁਰਮਾਨ ਕਰਦੇ ਹਨ-----**ਤਿਲੰਗ ਮਹਲਾ ੧॥**

੮੦- ਇਆਨੜੀਏ ਮਾਨੜਾ ਕਾਇ ਕਰੇਹਿ ॥ ਆਪਨੜੈ ਘਰਿ ਹਰਿ, ਰੰਗੋ ਕੀ ਨਾ ਮਣੇਹਿ ॥ **ਸਹੁ ਨੇੜੈ ਧਨ ਕਮਲੀਏਮ ਬਾਹਰੁ ਕਿਆ ਢੂਢੇਹਿ** ॥ ਭੈ ਕੀਆ ਦੇ ਸਲਾਈਆ ਨੈਣੀ,
ਭਾਵ ਕਾ ਕਰਿ ਸੀਗਾਰੋ ॥ ਤਾ ਸੋਹਾਗਣ ਜਾਣੀਐ ਜਾ ਸਹੁ ਧਰੇ ਪਿਆਰੋ ॥ ੧ ॥[੭੨੨]-੨-੪

**ਅਰਥ**:--ਹੇ ਬਹੁਤ ਅੰਞਾਣੀ ਜਿੰਦੇ ! (ਅਖੰਡਪਾਠ, ਦਾਨ-ਪੁੰਨ, ਤੀਰਥ-ਇਸ਼ਨਾਨ, ਉਚੇਰੀ ਘਰ-ਘਾਟ ਦਾ ਤਿਆਗ ਕਰਕੇ ਜੰਗਲਾਂ ਪਹਾੜਾਂ ਵਿਚ ਤਪ ਸਾਧਣੇ, ਆਦਿ ਲੋਕ-ਵਿਖਾਵੇ ਵਾਲੇ ਧਰਮ-ਕਰਮ ਕਰਕੇ ਧਰਮੀ ਹੋਣ ਦਾ) ਏਡਾ ਕੋਝਾ ਮਾਣ ਕਿਉਂ ਕਰਦੀ ਹੈਂ ? ਪਰਮਾਤਮਾ ਤਾਂ ਤੇਰੇ ਆਪਣੇ ਹਿਰਦੇ-ਘਰ ਵਿਚ ਹੀ ਹੈ, ਤੂੰ ਉਸ (ਦੇ ਮਿਲਾਪ) ਦਾ ਅਨੰਦ ਕਿਉਂ ਨਹੀਂ ਮਾਣਦੀ ? ਹੇ ਭੋਲੀ ਜੀਵ-ਇਸਤ੍ਰੀਏ ! ਪ੍ਰਭੂ ਪਤੀ ਤਾਂ (ਤੇਰੇ ਅੰਦਰ ਹੀ ਤੇਰੇ) ਨੇੜੇ ਵੱਸ ਰਿਹਾ ਹੈ, ਤੂੰ (ਜੰਗਲ ਪਹਾੜਾਂ ਆਦਿਕ) ਬਾਹਰਲੇ ਸੰਸਾਰ ਵਿਚ ਉਸ ਨੂੰ ਕਿਉਂ ਭਾਲਦੀ ਫਿਰਦੀ ਹੈ ? (ਜੇ ਸਚ-ਮੁਚ ਹੀ ਤੂੰ ਉਸ ਦਾ ਦੀਦਾਰ ਕਰਨਾ ਚਾਹੁੰਦੀ ਹੈ, ਤਾਂ ਆਪਣੀਆਂ ਗਿਆਨ ਦੀਆਂ) ਅੱਖਾਂ ਵਿਚ (ਪ੍ਰਭੂ ਦੇ) ਡਰ-ਅਦਬ (ਦੇ ਸੁਰਮੇ) ਦੀਆਂ ਸਲਾਈਆਂ ਪਾ, ਪ੍ਰਭੂ ਦੇ ਪਿਆਰ ਦਾਂ ਹਾਰ-ਸ਼ਿੰਗਾਰ ਕਰ।

ਜੀਵ-ਇਸਤ੍ਰੀ ਤਾਂ ਹੀ ਸੋਹਾਗ-ਭਾਗ ਵਾਲੀ ਤੇ ਪ੍ਰਭੂ-ਚਰਨਾਂ ਵਿਚ ਜੁੜੀ ਸਮਝੀ ਜਾਂਦੀ ਹੈ, ਜੇ ਪ੍ਰਭੂ-ਪਤੀ ਉਸ ਨਾਲ ਕਰੇ । ੧ ।

ਅਤੇ--" **ਸੁਣਿਆ ਮੰਨਿਆ, ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਉ** ॥ " ਮਹਾਂ ਵਾਕ ਅਨੁਸਾਰ--ਅਜੇਹੀ ਸਾਧਨਾ ਵਾਲੀ ਜੀਵਨ ਜੁਗਤ ਬਣਾ ਲੈਣ ਨਾਲ, ਤੇਰੇ **ਮਨ-ਮੰਦਰ** ਵਿਚ ਅਜੇਹਾ ਤੀਰਥ ਬਣ ਜਾਵੇ ਕਿ, ਤੂੰ ਆਪਣੇ ਹਿਰਦੇ-ਘਰ ਵਿਚ ਸਦਾ ਆਤਮਕ

ਇਸ਼ਨਾਨ ਕਰਦੇ ਰਹਿਣ ਦਾ ਅਨੰਦ ਮਾਣ ਸਕੇਂ, ਅਤੇ ਤੇਰੇ ਮਨ-ਸਰੀਰ ਦੀ ਅਵਸਥਾ ਇਹ ਬਣ ਜਾਵੇ, ਮਨ ਅਜੇਹਾ ਤਿਆਗੀ ਬਨ ਜਾਵੇ ਕਿ, ਪ੍ਰਭੂ ਤੋਂ ਬਿਨਾਂ ਹੋਰ ਕਿਸੇ ਦੀ ਕੋਈ ਮੁਥਾਜੀ ਨਾ ਰਹਿ ਜਾਵੇ। ਅੰਦਰ ਬਾਹਰ ਹਰ ਥਾਂ, ਸਦਾ ਉਸੇ ਦੇ ਹੀ ਦੀਦਾਰੇ ਹੁੰਦੇ ਰਹਿਣ। ਜਦ ਪ੍ਰਭੂ-ਨਵਾਸ ਦੇ ਗਿਆਨ-ਪਰਕਾਸ਼ ਨਾਲ **ਮਨ** ਇੱਕ ਮੰਦਰ ਬਣ ਜਾਵੇਗ, ਤਾਂ ਤੈਨੂੰ ਸਾਰਾ ਸੰਸਾਰ ਹੀ ਪ੍ਰਭੂ ਦਾ ਨਿਵਾਸ-ਅਸਥਾਨ, ਇੱਕ ਮੰਦਰ ਹੀ ਹੋ ਦਿੱਸਣਾ ਹੈ। ਪ੍ਰਭੂ ਹੀ ਤੇਰਾ ਆਸਰਾ ਪਰਨਾ ਬਣ ਜਾਣਾ ਹੈ ਅਤੇ ਆਪਾ ਭਾਵ ਮਿਟ ਜਣ ਨਾਲ,, ਘਟਿ ਘਟਿ ਵਾਸੀ ਸਰਬ ਨਿਵਾਸੀਮ ਉਹ ਆਪ ਹੀ ਆਪ ਤੇਰਾ ਗਿਆਨ ਦਾਤਾ ਦਾਤਾਰ ਹੋ ਦਿੱਸਣਾ ਹੈ---

੮੧- **ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥ ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥ ੧ ॥ ਮਨ ਬੇਧਿਆ ਦਇਆਲ ਸੇਤੀ ਮੇਰੀ ਮਾਈ ॥ ਕਉਣੁ ਜਾਣੈ ਪੀਰ ਪਰਾਈ ॥ ਹਮ ਨਾਹੀ ਚਿੰਤ ਪਰਾਈ ॥ ੧ ॥ ਰਹਾਉ ॥ ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ ॥ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮਾਰੀ ॥ ੨ ॥ ਸਿਖ ਮਤਿ ਸਭ ਬੁਧਿ ਤੁਮਾਰੀ ਮੰਦਰਿ ਛਾਵਾ ਤੇਰੇ ॥ ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬ ਗੁਣ ਗਾਵਾ ਨਿਤ ਤੇਰੇ ॥ ੩ ॥ ਜੀਅ ਜੰਤ ਸਭਿ ਸਰਣਿ ਤੁਮਾਰੀ ਸਰਬ ਚਿੰਤ ਤੁਧੁ ਪਾਸੇ ॥ ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥ ੪ ॥ ੨ ॥**[ਪੰਨਾ-੭੯੫]

੮੨- **ਮः ੫ ॥ ਹਠ ਮੰਝਾਹੂ ਮੈ ਕੂ ਮਾਣਕੁ ਲਧਾ ॥ ਮੁਲਿ ਨ ਘਿਧਾ ਮੈ ਕੂ ਸਤਿਗੁਰਿ ਦਿਤਾ ॥ ਢੂੰਢ ਵਞਾਈ ਥੀਆ ਥਿਤਾ ॥ ਨਾਮ ਪਦਾਰਥੁ ਨਾਨਕ ਜਿਤਾ ॥ ੨ ॥**[੯੬੪]-ਵਾ-੧੭

੧੦

## ਕੀ ਬਾਹਰੀ ਨੇਤ੍ਰਾਂ ਨਾਲ ਪ੍ਰਭੂ-ਦਰਸ਼ਨਾਂ ਦੀ ਪ੍ਰਾਪਤੀ ਸੰਭਵ ਹੈ ?

ਗੁਰਬਾਣੀ ਵਿਚ ਕਈ ਗੁਰੂ-ਸ਼ਬਦਾਂ ਵਿਚ ਅਖੀਆਂ ਨਾਲ ਪ੍ਰਭੂ ਦੇ ਦਰਸ਼ਨਾ ਦਾ ਜ਼ਿਕਰ ਆਉਂਦਾ ਹੈ। ਸੰਤ ਸਿੰਘ ਮਸਕੀਨ ਵਰਗੇ ਪੰਥ ਵਿਚ ਸਨਮਾਨੇ ਹੋਏ ਪਰਚਾਰਕ ਵੀ ਬੜੇ ਜ਼ੋਰਦਾਰ ਸ਼ਬਦਾਂ ਵਿਚ ਸੰਗਤਾਂ ਦੀ ਤਸੱਲੀ ਕਰਵਾ ਰਹੇ ਹੁੰਦੇ ਹਨ ਕਿ ਪਰਮਾਤਮਾ ਦੇ ਸਾਖਸ਼ਾਤ ਦਰਸ਼ਨਾਂ ਦੀ ਗੱਲ ਵੀ ਸਤਿਗੁਰਾਂ ਨੇ ਆਪ ਹੀ ਕਰ ਦਿੱਤੀ ਹੋਈ ਹੈ। ਇਸ ਤਰ੍ਹਾਂ ਕਹਿਣਾ ਗੁਰਮਤਿ ਦੇ ਅਟੱਲ ਸਿਧਾਂਤ ਦੀ ਖੰਡਨਾਂ ਕਰਨ ਦਾ ਪਾਪ ਅਥਵਾ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਦਾਰ ਹੈ। ਗੁਰਮਤਿ ਦਾ ਪੱਕਾ ਸਿਧਾਂਤ ਹੈ ਕਿ, ਆਪਣੀ ਰਚਨਾਂ ਦੇ ਕਣ ਕਣ ਵਿਚ ਪਿਆਪਕ ਅਪਾਰ ਸ਼ਕਤੀ ਪਰਮਾਤਾ ਨੂੰ ਕਦੇ ਵੀ ਉਚੇਚੇ ਸਾਖ਼ਸ਼ਾਤ ਰੂਪ ਵਿਚ ਨਹੀਂ ਵੇਖਿਆ ਦਾ ਸਕਦਾ--" **ਸਹਸ ਤਨ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋੁਹੀ ॥** " (ਸੋਹਿਲਾ) ਭੁੱਲ ਏਹੀ ਹੋ ਰਹੀ ਹੁੰਦੀ ਹੈ ਕਿ ਸਾਰੇ ਗੁਰੂ ਫ਼ੁਰਮਾਨ ਦੀ ਪੂਰੀ ਵਿਚਾਰ ਕਰਨ ਦੇ ਥਾਂ ਕਿਸੇ ਇੱਕ ਪੰਗਤੀ ਨੂੰ ਹੀ ਗੁਰਮਤਿ ਦਾ ਸਿਧਾਂਤ ਮੰਨ ਬੈਠਦੇ ਹਾਂ। ਆਉ ਮਨ ਦੁਆਰਾ ਆਪਣੇ ਸਤਿਗੁਰਾਂ ਦੇ ਹਜ਼ੂਰੀ ਵਿਚ ਹਾਜ਼ਰ ਹੋ ਕੇ ਅਸਲੀਅਤ ਸਮਝਾਉਣ ਲਈ ਜੋਦੜੀਆਂ ਕਰੀਏ :-- **...ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥ .... ੧ ॥** [੫੧੭]-ਵਾ-੧

੮੩- **ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥ ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ੧ ॥ ਕਾਰਨ ਕਰਨਾ ਧਾਰਨ ਧਰਨਾ ਏਕੈ ਏਕੈ ਸੋਹਿਨਾ ॥ ੨ ॥ ਸੰਤਨ ਪਰਸਨ ਬਲਿਹਾਰੀ ਦਰਸਨ ਨਾਨਕ ਸੁਖਿ ਸੁਖਿ ਸੋਇਨਾ ॥ ੩ ॥**[੪੦੭]-੪-੧੪੪

**ਅਰਥ:**--(ਹੇ ਮੋਹਨ-ਪ੍ਰਭੂ) ਗੁਰੂ ਨੇ ਮੈਨੂੰ ਇਨ੍ਹਾਂ ਅੱਖਾਂ ਨਾਲ ਤੇਰੇ ਦਰਸ਼ਨ ਕਰਾ ਦਿੱਤੇ ਹਨ । ੧ । ਰਹਾਉ ॥ (ਹੁਣ) ਹੇ ਮੋਹਨ ! ਇਸ ਲੋਕ ਵਿਚ, ਪਰਲੋਕ ਵਿਚ, ਹਰੇਕ ਸਰੀਰ ਵਿਚ, ਹਰੇਕ ਹਿਰਦੇ ਵਿਚ (ਮੈਨੂੰ) ਤੂੰ ਹੀ ਦਿੱਸ ਰਿਹਾ ਹੈਂ । ੧ । (ਹੁਣ) ਹੇ ਸੋਹਣੇ ਪ੍ਰਭੂ ! (ਮੈਨੂੰ ਨਿਸ਼ਚਾ ਆ ਗਿਆ ਹੈ ਕਿ) ਇਕ ਤੂੰ ਹੀ ਸਾਰੇ ਜਗਤ ਦਾ ਮੂਲ ਰਚਨ ਵਾਲਾ ਹੈਂ, ਇਕ ਤੂੰ ਹੀ ਸਾਰੀ ਸ੍ਰਿਸ਼ਟੀ ਨੂੰ ਸਹਾਰਾ ਦੇਣ ਵਾਲਾ ਹੈਂ । ੨ । ਹੇ ਨਾਨਕ ! (ਆਖ--ਹੇ ਮੋਹਨ ਪ੍ਰਭੂ !) ਮੈਂ ਤੇਰੇ ਸੰਤਾਂ ਦੇ ਚਰਨ ਛੁਹਦਾਂ ਹਾਂ ਉਨ੍ਹਾਂ ਦੇ ਦਰਸ਼ਨ ਤੋਂ ਸਦਕੇ ਜਾਂਦਾ ਹਾਂ, (ਸੰਤਾਂ ਦੀ ਕਿਰਪਾ ਨਾਲ ਹੀ ਤੇਰੀ ਮਿਲਾਪ ਹੁੰਦਾ ਹੈ, ਤੇ) ਸਦਾ ਲਈ ਆਤਮਕ ਆਨੰਦ ਵਿਚ ਲੀਨਤਾ ਪ੍ਰਾਪਤ ਹੁੰਦੀ ਹੈ । ੩ ।

੮੪- **ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥ ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥ ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥ ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥ ਕਰਿ ਕਿਰਪਾ ਪਾਰਿ ਉਤਾਰਿਆ ॥ ੧੩ ॥**[੪੭੦]

**ਅਰਥ:**--ਮੈ ਆਪਣੇ ਸਤਿਗੁਰੂ ਤੋਂ ਸਦਕੇ ਹਾਂ, ਜਿਸ ਦੇ ਮਿਲਾਪ ਤੋਂ ਮੈਂ ਪਰਮਾਤਮਾ ਨੂੰ ਯਾਦ ਕਰਦਾ ਹਾਂ, ਅਤੇ ਜਿਸ ਨੇ ਸਿਖਿਆ ਦੇ ਕੇ (ਮੈਨੂੰ ਮਾਨੋ) ਗਿਆਨ ਦਾ ਸੁਰਮਾ ਦੇ ਦਿੱਤਾ ਹੈ, (ਜਿਸ ਦੀ ਬਰਕਤਿ ਕਰਕੇ) ਮੈਂ ਇਨ੍ਹਾਂ ਅੱਖਾਂ ਨਾਲ ਜਗਤ (ਦੀ ਅਸਲੀਅਤ) ਨੂੰ ਵੇਖ ਲਿਆ ਹੈ (ਅਤੇ ਸਮਝ ਲਿਆ ਹੈ ਕਿ) ਜੋ ਮਨੁੱਖ ਮਾਲਕ ਨੂੰ ਵਿਸਾਰ ਕੇ ਕਿਸੇ ਹੋਰ ਵਿਚ ਚਿਤ ਜੋੜ ਰਹੇ ਹਨ, ਉਹ ਇਸ ਸੰਸਾਰ ਸਾਗਰ ਵਿਚ ਡੁੱਬ ਗਏ ਹਨ । (ਮੇਰੇ ਸਤਿਗੁਰੂ ਜੀ ਨੇ) ਮਿਹਰ ਕਰਕੇ ਮੈਨੂੰ (ਇਸ ਸੰਸਾਰ ਸਮੁੰਦਰ ਤੋਂ ) ਪਾਰ ਕਰ ਲਿਆ ਹੈ । ੧੩ ।

੮੫- **ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥ ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥ ੧ ॥ ਛੰਤੁ ॥ ਜਿਨੀ ਹਰਿ ਪ੍ਰਭੁ ਡਿਠਾ ਤਿਨ ਕੁਰਬਾਣੇ ਰਾਮ ॥ ਸੇ ਸਾਚੀ ਦਰਗਹ ਭਾਣੇ ਰਾਮ ॥ ਠਾਕੁਰਿ ਮਾਨੇ ਸੇ ਪਰਧਾਨੇ ਹਰਿ ਸੇਤੀ ਰੰਗਿ ਰਾਤੇ ॥ ਹਰ ਰਸਹਿ ਅਘਾਏ ਸਹਿਜ ਸਮਾਏ ਘਟਿ ਘਟਿ ਰਮਈਆ ਜਾਤੇ ॥ ਸੇਈ ਸਜਣ ਸੰਤ ਸੇ ਸੁਖੀਏ ਠਾਕੁਰ ਅਪਣੇ ਭਾਣੇ ॥**

**ਕਹੁ ਨਾਨਕ ਜਿਨ ਹਰਿ ਪ੍ਰਭੁ ਡਿਠਾ,** ਤਿਨ ਕੈ ਸਦ ਕੁਰਬਾਣੇ ॥ ੨ ॥ [੫੭੭]-ਛੰਤ-੨

ਗੁਰੂ ਦੇ ਸਨਮੁਖ ਰਹਿਣ ਨਾਲ ਉਹ ਬੇਅੰਨਿ ਅਖੀਆਂ ਮਿਲ ਗਈਆਂ ਤੇ ਅਗੋਚਰ ਪਰਮਾਤਮਾ ਨੂੰ ਹਰਿ ਥਾਂ ਵੱਸਦਾ ਵੇਖ ਲਿਆ :--

੮੬- ਹਰਿ ਕੇ ਸੰਤ ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ ॥ ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ ਰਾਖੀ ॥ ਹਰਿ ਅੰਮ੍ਰਿਤ ਕਥਾ ਸਰੇਸਟ ਊਤਮ, ਗੁਰ ਬਚਨੀ ਸਹਜੇ ਚਾਖੀ ॥ ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ ॥ ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ **ਦੇਖਿਆ ਗੁਰਮੁਖਿ ਆਖੀ** ॥ ੧੨ ॥ [੮੭]-ਵਾਰ

੮੭- ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ ॥ ਮਨ ਤਨ ਅੰਤਰਿ ਇਹੀ ਸੁਆਉ ॥ **ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ** ॥ ਮਨੁ ਬਿਗਸੈ ਸਾਧ ਚਰਨ ਸੋਇ ॥ ਭਗਤ ਜਨਾ ਕੈ ਮਨਿ ਤਨਿ ਰੰਗੁ ॥ ਬਿਰਲਾ ਕੋਊ ਪਾਵੈ ਸੰਗੁ ॥ ਏਕ ਬਸਤੁ ਦੀਜੈ ਕਰਿ ਮਇਆ ॥ ਗੁਰ ਪ੍ਰਸਾਦਿ ਨਾਮੁ ਜਪਿ ਲਇਆ ॥ ਤਾ ਕੀ ਉਪਮਾ ਕਹੀ ਨ ਜਾਇ ॥ ਨਾਨਕ ਰਹਿਆ ਸਰਬ ਸਮਾਇ ॥ ੬ ॥ [੨੯੦]-੨੦

੮੮- ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ ॥ ਮੇਰੇ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰੁ ਮੇਲੇ ਬਹੁਰਿ ਨ ਭਵਜਲਿ ਫੇਰਾ ਫੇਰਾ ॥ ੧ ॥ ਰਹਾਉ ॥ ਮੇਰੈ ਹੀਅਰੈ ਲੋਚ ਲਗੀ ਪ੍ਰਭ ਕੇਰੀ ਹਰਿ **ਨੈਨਹੁ ਹਰਿ ਪ੍ਰਭੁ ਹੇਰਾ** ॥ ਸਤਿਗੁਰਿ ਦਇਆਲਿ ਹਰਿ ਨਾਮੁ ਦ੍ਰਿੜਾਇਆ ਹਰਿ ਪਾਧਰੁ ਹਰਿ ਪ੍ਰਭ ਕੇਰਾ ॥ ੧ ॥ ਹਰਿ ਰੰਗੀ ਹਰਿ ਨਾਮੁ ਪ੍ਰਭ ਪਾਇਆ ਹਰਿ ਗੋਵਿੰਦ ਹਰਿ ਪ੍ਰਭ ਕੇਰਾ॥ **ਹਰਿ ਹਿਰਦੈ ਮਨਿ ਤਨਿ ਮੀਠਾ ਲਾਗਾ ਮੁਖਿ ਮਸਤਕਿ ਭਾਗੁ ਚੰਗੇਰਾ** ॥ ੨॥ ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ॥ ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ ॥ ੩ ॥ ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥ ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ ॥ ੪ ॥[੭੧੧]-੧

੮੯- ਮੁਖਿ ਸਾਲਾਹੀ ਸਚੇ ਸਾਹਾ ॥ **ਨੈਣੀ ਪੇਖਾ ਅਗਮ ਅਥਾਹਾ** ॥ ਕਰਨੀ ਸੁਣਿ ਸੁਣਿ ਮਨੁ ਤਨੁ ਹਰਿਆ ਮੇਰੇ ਸਾਹਿਬ ਸਗਲ ਉਧਾਰਣਾ ॥ ੬ ॥ ....... ਜਹ ਰਾਖੈ ਸੋਈ ਸੁਖ ਥਾਨਾ ॥ ਸਹਜੇ ਹੋਏ ਸੋਈ ਭਲ ਮਾਨਾ ॥ **ਬਿਨਸੇ ਬੈਰ ਨਾਹੀ ਕੋ ਬੈਰੀ ਸਭੁ ਏਕੋ ਹੈ ਭਾਲਣਾ** ॥ ੧੩ ॥ **ਡਰ ਚੂਕੇ ਬਿਨਸੇ ਅੰਧਿਆਰੇ ॥ ਪ੍ਰਗਟ ਭਏ ਪ੍ਰਭ ਪੁਰਖ ਨਿਰਾਰੇ** ॥ ਆਪੁ ਛੋਡਿ ਪਏ ਸਰਣਾਈ ਜਿਸ ਕਾ ਸਾ ਤਿਸੁ ਘਾਲਣਾ ॥ ੧੪ ॥[੧੦੭੭]-੧-੬

**ਅਰਥ:**--ਹੇ ਸਦਾ ਕਾਇਮ ਰਹਿਣ ਵਾਲੇ ਪਾਤਿਸ਼ਾਹ ! (ਮਿਹਰ ਕਰ) ਮੈਂ ਮੂੰਹੋਂ ਤੇਰੀ ਸਿਫ਼ਤਿ ਸਾਲਾਹ ਕਰਦਾ ਰਹਾਂ । ਹੇ ਅਪੁਹੰਚ ਤੇ ਅਥਾਹ ਪ੍ਰਭੂ ! (ਕਿਰਪਾ ਕਰ, ਹਰ ਥਾਂ) ਮੈਂ (ਤੈਨੂੰ) ਅੱਖਾਂ ਨਾਲ ਵੇਖਾਂ । ਕੰਨਾ ਨਾਲ ਤੇਰੀ ਸਿਫ਼ਤਿ ਸਾਲਾਹੁ ਸੁਣ ਸੁਣ ਕੇ ਮੇਰਾ ਮਨ ਮੇਰਾ ਤਨ (ਆਤਮਕ ਜੀਵਨ ਨਾਲ) ਹਰਿਆ-ਭਰਿਆ ਹੋਇਆ ਰਹੇ। ਹੇ ਮੇਰੇ ਮਾਲਕ ! ਤੂੰ ਸਭਨਾਂ ਜੀਵਾਂ ਦਾ ਬੇੜਾ ਪਾਰ ਕਰਨ ਵਾਲਾ ਹੈਂ । ੬ । .... (ਕੋਈ ਅਜੇਹਾ ਵਡਭਾਗੀ ਜਿਸ ਨੂੰ ਇਹ ਨਿਸ਼ਚਾ ਬਣ ਗਿਆ ਹੋਵੇ ਕਿ) ਜਿਥੇ (ਪਰਮਾਤਮਾ ਸਾਨੂੰ) ਰੱਖਦਾ ਹੈ, ਉਹੀ (ਸਾਡੇ ਵਾਸਤੇ) ਸੁਖ ਦੇਣ ਵਾਲਾ ਥਾਂ ਹੈ, (ਜਿਹੜਾ ਮਨੁੱਖ) ਜੋ ਕੁਝ ਰਜ਼ਾ ਵਿਚ ਹੋ ਰਿਹਾ ਹੈ ਉਸ ਨੂੰ ਭਲਾਈ ਵਾਸਤੇ ਹੋ ਰਿਹਾ ਮੰਨਦਾ ਹੈ, (ਜਿਸ ਮਨੁੱਖ ਦੇ ਅੰਦਰੋਂ) ਸਾਰੇ ਵੈਰ-ਵਿਰੋਧ ਮਿਟ ਜਾਂਦੇ ਹਨ, (ਜਿਸ ਨੂੰ ਜਗਤ ਵਿਚ) ਕੋਈ ਵੈਰੀ ਨਹੀਂ ਦਿੱਸਦਾ, (ਅਜੇਹਾ ਵਡਭਾਗੀ ਮਨੁੱਖ) ਹਰ ਥਾਂ ਸਿਰਫ਼ **ਇੱਕ ਪਰਮਾਤਮਾ ਦੇ ਹੀ ਦਰਸ਼ਨ (ਏਕੋ ਹੈ ਭਾਲਣਾ) ਕਰਦਾ** ਹੈ । ੧੩ । (ਜਿਹੜਾ ਮਨੱਖ) ਆਪਾ-ਭਾਵ, ਦੂਰ ਕਰ ਕੇ ਪਰਮਾਤਮਾ ਦੀ ਸਰਨੀਂ ਪੈਂਦਾ ਹੈ, ਜਿਸ ਪ੍ਰਭੂ ਦਾ ਪੈਦਾ ਕੀਤਾ ਹੈ ਉਸੇ (ਨੇ ਸਿਮਰਨ) ਦੀ ਘਾਲ ਕਮਾਈ ਕਰਦਾ ਹੈ (ਫਿਰ ਅਜੇਹੇ ਮਨੁੱਖ ਦੇ ਅੰਦਰੋਂ) ਸਾਰੇ ਡਰ ਮੁੱਕ ਜਾਂਦੇ ਹਨ (ਅਤੇ ਉਸ ਦੇ ਅੰਦਰ) **ਨਿਰਲੇਪ ਪ੍ਰਭੂ ਪ੍ਰਗਟ ਹੋ ਜਾਂਦਾ ਹੈ (**ਭਾਵ, ਅਜੇਹੇ ਮਨੁੱਖ ਨੂੰ ਆਪਣੇ ਅੰਦਰੋਂ ਅਤੇ ਬਾਹਰੋਂ ਹਰ ਥਾਉਂ ਉਸ ਸਦਾ **ਰਚਨਹਾਰ ਪ੍ਰਭੂ ਦੇ ਦਰਸ਼ਨ ਹੁੰਦੇ ਹਨ** ਅਤੇ ਉਸ ਦਾ ਮਨ ਸਦੀਵੀ ਸੁੱਖਾਂ ਦੀ ਠੰਡ ਮਾਣਦਾ ਹੈ)। ੧੪ ।

ਅਗਲਾ ਗੁਰੂ ਫ਼ੁਰਮਾਨ ਵੀ ਅੱਖੀਆਂ ਨਾਲ ਹੀ ਦਰਸਨਾਂ ਦੀ ਮੰਗ ਵਾਲਾ ਹੈ:--

੯੦- ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ ॥ ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ ॥ ਨਾਮ ਤੇਰੈ ਕੈ ਰੰਗਿ ਦੁਰਮਤਿ ਧੋਵਣਾ ॥ **ਜਪਿ ਜਪਿ ਤੁਧੁ ਨਿਰੰਕਾਰ ਭਰਮੁ ਭਉ ਖੋਵਣਾ** ॥ ਜੋ ਤੇਰੈ ਰੰਗਿ ਰਤੇ ਸੇ ਜੋਨਿ ਨ ਜੋਵਣਾ ॥ **ਅੰਤਰਿ ਬਾਹਰਿ ਇਕੁ ਨੈਣ ਅਲੋਵਣਾ** ॥ ਜਿਨ੍ਹੀ ਪਛਾਤਾ ਹੁਕਮੁ ਤਿਨ੍ਹ ਕਦੇ ਨ ਰੋਵਣਾ ॥ ਨਾਉ ਨਾਨਕ ਬਖਸੀਸ ਮਨ ਮਹਿ ਪਰੋਵਣਾ ॥ ੧੮ ॥[੫੨੩]-ਵਾਰ

੯੧- **ਦਰਸਨੁ ਦੇਖਤ ਦੋਖ ਨਸੇ** ॥ ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ ॥ ੧ ॥ ਰਹਾਉ ॥ ਪ੍ਰੀਤਮ ਪ੍ਰਾਨ ਅਧਾਰ ਸੁਆਮੀ ॥ **ਪੂਰਿ ਰਹੇ ਪ੍ਰਭ ਅੰਤਰਜਾਮੀ** ॥ ੧ ॥ [੮੨੬]-੨੩-੧੦੯

**ਅਰਥ:**-ਹੇ ਪ੍ਰਭੂ ! ਤੇਰਾ) ਦਰਸ਼ਨ ਕਰਦਿਆਂ (ਜੀਵਾਂ ਦੇ) ਸਾਰੇ ਵਿਕਾਰ ਦੂਰ ਹੋ ਜਾਂਦੇ ਹਨ। (ਹੇ ਪ੍ਰਭੂ ! ਮੇਹਰ ਕਰ) ਕਦੇ ਮੇਰੀ ਨਜ਼ਰ ਤੋਂ ਉਹਲੇ ਨਾਂਹ ਹੋ, ਸਦਾ ਮੇਰੀ ਜਿੰਦ ਦੇ ਨਾਲ ਵੱਸਦਾ ਰਹੁ ॥ ਹੇ ਮੇਰੇ ਪ੍ਰਭੂ ! ਤੂੰ ਜੀਵਾਂ ਦੀ ਜਿੰਦ ਦੇ ਆਸਰੇ ! ਹੇ ਸੁਆਮੀ ! ਤੂੰ ਸਭ੍ ਦੇ ਦਿਲ ਦੀ ਜਾਨਣ ਵਾਲਾ ਹੈਂ ਅਤੇ ਸਭ ਵਿਚ ਵਿਆਪਕ ਹੈਂ । ੧ ।

**ਅਸਲ ਦਰਸ਼ਨ--**

੯੨- **ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥ ਅਹਿ ਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥ ੧੫ ॥ ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥ ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥ ੧੬ ॥** [੧੦੩੧]-੫-੧੧

੧੧

## ਭਰਮਾਂ ਭੁਲੇਖਿਆਂ ਤੋਂ ਬਚੇ ਰਹਿਣ ਲਈ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਿਧਾਂਤਾਂ ਦੀ ਅਟੱਲਤਾ ਦੀ ਮਹੱਤਤਾ ?

ਗੁਰੂਬਾਣੀ ਦੇ ਸਿਧਾਂਤ ਦੀ ਖੰਡਨਾਂ ਦੇ ਪਾਪ ਤੋਂ ਬਚੇ ਰਹਿਣ ਦੀ ਬੇਨਤੀ, ਦਾਸ ਮੁੜ ਮੁੜ ਲਿਖਦਾ ਆ ਰਿਹਾ ਹੈ। ਅਗੇ ਹੁਣ ਦਾਸ ਆਪਣੇ ਪਾਠਕਾਂ ਦਾ ਧਿਆਨ ਅਜੇਹੇ ਗੁਰੂ ਫ਼ੁਰਮਾਨ ਵਲ ਦਿਵਾ ਰਿਹਾ ਹੈ ਜਿਨ੍ਹਾਂ ਦੇ ਅਖਰੀ ਅਰਥਾਂ ਤੋਂ ਏਹੀ ਸਮਝ ਪੈ ਰਹੀ ਹੈ ਕਿ ਵਾਹਿਗੁਰੂ ਜੀ ਦੇ ਦਰਸ਼ਨ ਸਰੀਰ ਦੇ ਬਾਹਰੀ ਨੇਤਰਾਂ ਨਾਲ ਵੀ ਹੋ ਸਕਦੇ ਹਨ। ਅਜੇਹਾ ਸਮਝ ਲੈਣਾ ਗੁਰੂ ਬਾਣੀ ਦੇ ਬੇਅੰਤ ਪਾਵਨ ਬਚਨਾਂ ਦਾ ਤ੍ਰਸਕਾਰ ਕਰਨਾ ਹੋਵੇਗਾ। ਇਸ ਕਾਰਨ ਸੁਹਿਰਦ ਗੁਰਮੁਖਿ ਪਾਠਕਾਂ ਦੀ ਸੇਵਾ ਵਿਚ ਬੇਨਤੀ ਹੇ ਕਿ ਇਨ੍ਹਾਂ ਗੁਰੂ ਸ਼ਬਦਾਂ ਦੀ ਵਿਚਾਰ ਵਿਚ ਉਚੇਚੀ ਇਕਾਗਰਤਾ ਬਖ਼ਸ਼ਸ਼ ਕਰਨ । ਗੁਰੂ ਸ਼ਬਦ ਇਸ ਪ੍ਰਕਾਰ ਹਨਃ--

੯੩- **ਤੂ ਚਉ ਸਜਣ ਮੈਡਿਆ, ਡੇਈ ਸਿਸੁ ਉਤਾਰਿ ॥ ਨੈਣ ਮਹਿੰਜੇ ਤਰਸਦੇ, ਕਦਿ ਪਸੀ ਦੀਦਾਰੁ ॥ ੧ ॥** [੧੦੯੪]

**ਅਰਥਃ**--ਹੇ ਮੇਰੇ ਸੱਜਣ ! (ਜੇ) ਤੂੰ ਆਖੇਂ ਤਾਂ ਮੈ (ਤੇਰੇ ਦੀਦਾਰ ਦੇ ਬਦਲੇ) ਆਪਣਾ ਸਿਰ ਵੀ ਲਾਹ ਕੇ (ਤੇਰੀ) ਭੇਟ ਕਰ ਦਿਆਂ, ਮੇਰੀਆਂ ਅੱਖਾਂ ਤਰਸ ਰਹੀਆਂ ਹਨ, ਮੈ ਕਦੋਂ ਤੇਰਾ ਦਰਸ਼ਨ ਕਰਾਂ । ੧ ।

ਇਸ ਪਾਵਨ ਸਲੋਕ ਦੇ ਅੱਖਰੀ ਅਰਥਾਂ ਤੋਂ ਬਾਹਰੀ ਅੱਖੀਆਂ ਨਾਲ ਵੇਖਣ ਦੀ ਲੋਚਣਾ ਕੀਤੀ ਗਈ ਹੀ ਸਮਝ ਆ ਰਹੀ ਹੈ । ਹੋ ਸਕਦਾ ਹੈ ਏਥੇ ਵੀ ਸਤਿਗੁਰਾਂ ਨੇ ਗੁਰਮਤਿ ਦੇ ਸਿਧਾਂਤ ਅਨੁਸਾਰ ਹੀ ਫ਼ੁਰਮਾਨ ਲਿਖਿਆ ਹੋਵਰੇ ਪਰ ਕਵਿਤਾ ਦੇ ਨਿਯਮਾਂ ਦੀ ਪਾਲਣਾ ਹਿਤ ਕੁਝ ਅੱਖਰ ਨਾ ਲਿਖੇ ਜਾ ਸਕਦੇ ਹੋਣ ? ਪਰ ਉਪ੍ਰਕਤ ਕਈ ਗੁਰੂ ਸ਼ਬਦਾਂ ਦੁਆਰਾ ਸਪੱਸ਼ਟ ਹੋ ਚੁਕਿਆ ਸਪੱਸ਼ਟ ਗੁਰਮਤਿ ਸਿਧਾਂਤ ਅਸੀਂ ਕਿਵੇਂ ਅਣਗੋਲਿਆ ਕਰ ਸਕਦੇ ਹਾਂ ? ਸੱਚਿਆਰ ਗੁਰਸਿੱਖਾਂ ਦਾ ਧਰਮ ਬਣਦਾ ਹੈ ਕਿ, ਉਪ੍ਰੋਕਤ ਸਲੋਕ ਵਿਚ ਆਪਣੇ ਸਤਿਗੁਰਾਂ ਦਾ ਅੰਤ੍ਰੀਵ ਇਸ਼ਾਰਾ ਸਮਝ ਕੇ ਇਸ ਸਲੋਕ ਦੇ ਅਰਥ ਇਉਂ ਸਮਝਣ--' ਹੇ ਮੇਰੇ ਸੱਚੇ ਮਿੱਤ੍ਰ ਵਾਹਿਗੁਰੂ ਜੀਓ, ਮੈਂ ਅਜੇਹੀ ਹਰ ਕੁਰਬਾਨੀ ਕਰਨ ਲਈ ਤਿਆਰ ਹਾਂ ਜਿਸ ਤੋਂ ਤੂੰ ਮੇਰੇ ਹਿਰਦੇ ਵਿਚ ਪ੍ਰਗਟ ਹੋ ਕੇ ਮੇਰੇ ਮਨ ਦੀਆਂ ਅੱਖੀਆਂ ਦਾ ਚਾਨਣ ਬਣਿਆਂ ਰਹੇਂ ।

੯੪- **ਨੀਹੁ ਮਹਿੰਜਾ ਤਉ ਨਾਲਿ, ਬਿਆ ਨੇਹ ਕੂੜਾਵੇ ਡੇਖੁ ॥ ਕਪੜ ਭੋਗ ਡਰਾਵਣੇ, ਜਿਚਰੁ ਪਿਰੀ ਨ ਡੇਖੁ ॥ ੨ ॥**[੧੦੯੪]

**ਅਰਥ**:--ਹੇ ਪ੍ਰਭੂ ! ਮੇਰਾ ਪਿਆਰ (ਹੁਣ ਕੇਵਲ) ਤੇਰੇ ਨਾਲ ਹੈ, ਦੂਜੇ ਪਿਆਰ ਮੈਂ ਝੂਠੇ ਵੇਖ ਲਏ ਹਨ (ਮੈਂ ਵੇਖ ਲਿਆ ਹੈ ਕਿ ਦੂਜੇ ਸਾਰੇ ਪਿਆਰ ਝੂਠੇ ਹਨ) । ਜਿੰਨਾ ਚਿਰ ਮੈਨੂੰ (ਪ੍ਰਭੂ-) ਪਤੀ ਦਾ ਦਰਸ਼ਨ ਨਹੀਂ ਹੁੰਦਾ, ਦੁਨੀਆਂ ਵਾਲੇ ਖਾਣੇ ਪਹਿਨਣੇ ਮੈਨੂੰ ਡਰਾਉਣੇ ਲੱਗਦੇ ਹਨ । ੨ ।

੯੫- **ਉਠੀ ਝਾਲੂ ਕੰਤੜੇ, ਹਉ ਪਸੀ ਤਉ ਦੀਦਾਰੁ ॥ ਕਾਜਲੁ ਹਾਰੁ ਤਮੋਲ ਰਸ, ਬਿਨੁ ਪਸੇ ਹਭਿ ਰਸ ਛਾਰੁ ॥ ੩ ॥**[੧੦੯੪] ।

**ਅਰਥਃ**--ਹੇ ਸੋਹਣੇ ਕੰਤ ! ਮੈ ਸਵੇਰੇ ਉਠਾਂ ਤੇ (ਪਹਿਲਾਂ) ਤੇਰਾ ਦਰਸ਼ਨ ਕਰਾਂ। ਤੇਰੇ ਦਰਸ਼ਨ ਕਰਨ ਤੋਂ ਬਿਨਾ ਕੱਜਲ ਹਾਰ ਪਾਨ ਦਾ ਰਸ--ਇਹ ਸਾਰੇ ਹੀ ਰਸ ਸੁਆਹ ਸਮਾਨ ਹਨ ।3।

ਰਾਤ ਦਿਨ ਤੇਰੀ ਯਾਦ ਅਜੇਹੀ ਬਣੇ ਕਿ ਸਵੇਰੇ ਉਠਦਿਆਂ ਹਰ ਪਾਸੇ ਤੂੰ ਹੀ ਤੂੰ ਨਜ਼ਰੀਂ ਆਵੇਂ । ਸੰਸਾਰ ਦੇ ਕਣ ਕਣ ਵਿਚ ਤੇਰਾ ਹੀ ਜਲਵਾ ਸਦਾ ਨਜ਼ਰ ਆਵੇ--ਹੇ ਦਾਤਾਰ ਮੇਰੇ ਤੇ ਅਜੇਹੀ ਮਿਹਰ ਕਰ ਕਿ ਹਰ ਜੀਵ ਤੇਰਾ ਰੂਪ ਹੋ ਦਿੱਸੇ ।

੯੬- **ਜੇ ਤੂ ਮਿਤ੍ਰ ਅਸਾਡੜਾ, ਹਿਕ ਭੋਰੀ ਨਾ ਵਿਛੋੜਿ॥ ਜੀਉ ਮਹਿੰਜਾ ਤਉ ਮੋਹਿਆ, ਕਦਿ ਪਸੀ ਜਾਨੀ ਤੋਹਿ॥੧॥**[੧੦੯੪]

**ਅਰਥਃ**--ਜੇ ਤੂੰ ਮੇਰਾ ਮਿੱਤ੍ਰ ਹੈ, ਤਾਂ ਮੈਨੂੰ ਰਤਾ ਭਰ ਵੀ (ਅਪਣੇ ਨਾਲੋਂ) ਨਾ ਵਿਛੋੜ । ਮੇਰੀ ਜਿੰਦ ਤੂੰ ( ਆਪਨੇ ਪਿਆਰ ਵਿਚ) ਮੋਹ ਲਈ ਹੈ (ਹੁਣ ਹਰ ਵੇਲੇ ਮੈਨੂੰ ਤਾਂਘ ਰਹਿੰਦੀ ਹੈ ਕਿ) ਹੇ ਪਿਆਰੇ ! ਮੈਂ ਕਦੋਂ ਤੈਨੂੰ ਵੇਖਾਂ (-**ਪਸੀ**=ਦੀਦਾਰੇ ਕਰਾਂ) ।

ਪ੍ਰਾਣਾ ਤੋਂ ਪਿਆਰੇ ਹੇ ਮੇਰੇ ਸੱਚੇ ਸੱਜਣ ਪ੍ਰਭੂ ! ਕਰ ਮਿਹਰ ਅਤੇ ਬਣਾ ਦੇ ਮੇਰੇ ਮਨ ਦੀ ਅਜੇਹੀ ਅਵਸਥਾ ਕਿ, ਇਹ ਚੰਦਰੀ ਜੀਭ ਜੋ ਕਈ ਪ੍ਰਕਾਰ ਦੇ ਰਸਾਂ ਕਸਾਂ ਵਿਚ ਪ੍ਰਵਿਰਤ ਰਹਿਣੀ ਗਿੱਝੀ ਹੋਈ ਹੈ ਸਦਾ--**ਸਭੁ ਗੋਬਿੰਦੁ ਹੈ ਸਭੁ ਗੋਬਿੰਦ ਹੈ ਗੋਬਿੰਦ ਬਿਨੁ ਨਹੀ ਕੋਈ ॥** ਕਹਿਣ ਲੱਗ ਪਵੇ।

੯੭- **ਜੇ ਤੂ ਵਤਹਿ ਅੰਙਣੇ, ਹਭ ਧਰਤਿ ਸੁਹਾਵੀ ਹੋਇ ॥ ਹਿਕਸੁ ਕੰਤੇ ਬਾਹਰੀ, ਮੇਡੀ ਵਾਤ ਨ ਪੁਛੈ ਕੋਇ ॥ ੧ ॥**[੧੦੯੫]-੩

ਉਂਜ ਅੰਙਣ ਦਾ ਅਰਥ ਵਿਹੜਾ ਹੈ। ਪਰ ਏਥੇ ਹਿਰਦਾ ਸਮਝਣਾ ਹੈ । ਜੇ ਪ੍ਰਭੂ ਹਿਰਦੇ ਦੇ ਵਿਹੜੇ ਵਿਚ ਆ ਵੱਸੇ ਤਾਂ ਸਾਰੇ ਸ਼ੁੱਭ ਗੁਣਾਂ ਨਾਲ ਗਿਆਨ ਇੰਦ੍ਰੇ ਚਮਕ ਉੱਠਦੇ ਹਨ। ਜੇ ਪ੍ਰਭੂ ਤੋਂ ਵਿਛੋੜਾ ਹੈ ਤਾਂ ਕੋਈ ਵੀ ਸ਼ੁੱਭ ਗੁਣ ਨੇੜੇ ਨਹੀਂ ਢੁੱਕਦਾ ।

੯੮- **ਮਃ ੫ ॥ ਕਪੜ ਭੋਗ ਵਿਕਾਰ, ਏ ਹਭੇ ਹੀ ਛਾਰ ॥ ਖਾਕੁ ਲੁੜੇਦਾ ਤੰਨਿ ਖੇ,
ਜੋ ਰਤੇ ਦੀਦਾਰ ॥ ੨ ॥ ਮਃ ੫ ॥ ਕਿਆ ਤਕਹਿ ਬਿਆ ਪਾਸ, ਕਰਿ ਹੀਅੜੇ
ਹਿਕੁ ਅਧਾਰੁ ॥ ਥੀਉ ਸੰਤਨ ਕੀ ਰੇਣੁ, ਜਿਤੁ ਲਭੀ ਸੁਖ ਦਾਤਾਰੁ ॥ ੩ ॥**[੧੦੯੮ ]-੧੧

**ਅਰਥ**:--(ਪ੍ਰਭੂ ਦੀ ਯਾਦ ਤੋਂ ਵਿਰਵੇ ਰਹਿ ਕੇ ਨਿਰੇ) ਖਾਣ-ਹੰਢਾਣ (ਦੇ ਪਦਾਰਥ) ਵਿਕਾਰ (ਪੈਦਾ ਕਰਦੇ ਹਨ। ਇਸ ਵਾਸਤੇ ਅਸਲ ਵਿਚ) ਇਹ ਸਾਰੇ ਸੁਆਹ ਸਮਾਨ ਹਨ (ਉੱਕੇ ਹੀ ਨਿਕੰਮੇ ਹਨ) । (ਤਾਹੀਏਂ) ਮੈਂ ਉਨ੍ਹਾਂ ਬੰਦਿਆਂ ਦੇ ਚਰਨਾਂ ਦੀ ਧੂੜ ਭਾਲਦਾ ਹਾਂ, ਜੋ ( ਆਪਣੇ ਹਿਰਦੇ ਵਚ ਅਥਵਾ ਸੰਸਾਰ ਦੇ ਕਣ ਕਣ ਵਿਚ) ਪ੍ਰਭੂ ਦੇ ਦੀਦਾਰ ਵਿਚ ਰੰਗੇ ਹੋਏ ਹਨ । ੨ । ਹੇ ਮੇਰੀ ਜਿੰਦੇ ! (ਪ੍ਰਭੂ ਨੂੰ ਛਡ ਕੇ ਸਿੱਖਾਂ ਦੀ ਖ਼ਾਤਰ) ਹੋਰ ਹੋਰ ਆਸਰੇ ਕਿਉਂ ਤੱਕਦੀ ਹੈ ? ਕੇਵਲ ਇੱਕ ਪ੍ਰਭੂ ਨੂੰ ਆਪਣਾ ਆਸਰਾ ਬਣਾ । (ਤੇ, ਉਸ ਪ੍ਰਭੂ ਦੀ ਪ੍ਰਾਪਤੀ ਵਾਸਤੇ, ਭਾਵ ਉਸ ਦੇ ਟਿਕਾਣੇ ਦੀ ਹੋਂਦ ਦੀ ਸੋਝੀ ਵਾਸਤੇ ਉਸ ਦੇ) ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣ, ਜਿਸ ਦੀ ਬਰਕਤਿ ਨਾਲ ਤੈਨੂੰ ਸੁਖਾਂ ਦਾ ਦੇਣ ਵਾਲਾ ਪ੍ਰਭੂ (ਪਰਮਾਤਮਾ ਹਿਰਦੇ ਵਿਚ ਪ੍ਰਗਟ ਰੂਪ ਧਾਰ ਲਏ-ਸਮਝ ਆ ਜਾਵੇ ਕਿ ਉਸ ਪਾਤਸ਼ਾਹ ਜੀ ਦਾ ਤਖ਼ਤ ਹਿਰਦੇ ਦੇ ਅੰਦਰੇ ਹੀ ) ਮਿਲ ਪਏ । ੩ ।

੯੯- **ਸਜਣ ਮੁਖੁ ਅਨੂਪੁ, ਅਠੇ ਪਹਰ ਨਿਹਾਲਸਾ ॥ ਸੁਤੜੀ ਸੋ ਸਹੁ ਡਿਠੁ, ਤੈ ਸੁਪੇਨ ਹਉ ਖੰਨੀਐ ॥ ੨ ॥**
**ਸਜਣ ਸਚੁ ਪਰਖਿ, ਪੁਖਿ ਅਲਾਵਣੁ ਥੋਥਰਾ ॥ ਮੰਨ ਮਝਾਹੂ ਲਖਿ ਤੁਧਹੁ ਦੂਰਿ ਨ ਸੁ ਪਿਰੀ ॥ ੩ ॥**[੧੧੦੦]-੧੭

**ਅਰਥ**:--ਸੁੱਤੀ ਹੋਈ ਨੇ ਮੈਂ ਉਸ ਖ਼ਸਮ-ਪ੍ਰਭੂ ਨੂੰ (ਸੁਪਨੇ ਵਿਚ) ਵੇਖਿਆ, ਸੱਜਣ ਦਾ ਮੂੰਹ ਬਹੁਤ ਹੀ ਸੋਹਣਾ ਸੀ (ਸੁਪਨੇ ਵਿਚ ਮਨ ਦੀਆਂ ਅੱਖੀਆਂ ਦੁਆਰਾ ਉਸ ਪ੍ਰਭੂ ਪਤੀ ਦਾ ਝਲਕਾਰ ਵਡੇ ਅਨੰਦ ਵਾਲਾ ਸੀ) । ਹੇ ਸੁਪਨੇ ! ਮੈਂ ਤੈਥੋਂ ਸਦਕੇ ਜਾਂਦੀ ਹਾਂ । (ਹੁਣ ਮੇਰੀ ਤਾਂਘ ਹੈ ਕਿ) ਮੈਂ ਅੱਠੇ ਪਹਿਰ (ਸੱਜਣ ਦਾ ਮੂੰਹ) ਵੇਖਦੀ ਰਹਾਂ । ੩ ।

ਭਾਵ, ਸੁਪਨੇ ਵਿਚ ਵੱਜੇ ਉਸ ਝਲਕਾਰੇ ਦਾ ਅਨੰਦ ਅਜੇਹਾ ਸੁਖਦਾਈ ਸੀ ਕਿ, ਮਨ ਉਹੀ ਅਨੰਦ ਮਾਣਦੇ ਰਹਿਣ ਦੀ ਪ੍ਰਬਲ ਲਾਲਸਾ ਨਾਲ ਪ੍ਰਭੂ ਦੀ ਯਾਦ ਨਾਲ ਜੁੜ ਗਿਆ ਅਤੇ ਇਸ ਤਰ੍ਹਾਂ ਸਹਿਜ ਅਵਸਥਾ ਵਿਚ ਟਿਕ ਗਿਆ ਹੈ ।

੧੦੦- **ਡਿਠੀ ਹਭ ਢੰਢੋਲਿ, ਹਿਕਸੁ ਬਾਝੁ ਨ ਕੋਇ ॥**
**ਆਉ ਸਜਣ ਤੂ ਮੁਖਿ ਲਗੁ, ਮੇਰਾ ਤਨੁ ਮਨੁ ਠੰਢਾ ਹੋਇ ॥ ੧ ॥**[੧੧੦੦]-੧੮

## ੧੨

# ਹਿੰਦੂ ਧਰਮ ਵਾਲੇ ਖਟ-ਦਰਸ਼ਨ

ਖਟ ਦਾ ਅਰਥ ਛੇ ਹੈ। ਗੁਰਬਾਣੀ ਵਿਚ ਛੇ ਸ਼ਾਸਤ੍ਰਾਂ ਨੂੰ ਵੀ ਛੇ ਦਰਸ਼ਨਾਂ ਦਾ ਨਾਮ ਦਿੱਤਾ ਮਿਲਦਾ ਹੈ--

੧੦੧/ ੧- **ਖੋਜਤ ਖੋਜਤ ਦਰਸਨ ਚਾਹੇ ॥ ਭਾਤਿ ਭਾਤਿ ਬਨ ਬਨ ਅਵਗਾਹੇ ॥ ਨਿਰਗੁਣੁ ਸਰਗੁਣੁ ਹਰਿ ਹਰਿ ਮੇਰਾ,**
**ਕੋਈ ਹੈ ਜੀਉ ਆਣਿ ਮਿਲਾਵੈ ਜੀਉ ॥ ੧ ॥ ਖਟੁ ਸਾਸਤ ਬਿਚਰਤ ਮੁਖਿ ਗਿਆਨਾ ॥ ਪੂਜਾ ਤਿਲਕੁ**
**ਤੀਰਥ ਇਸਨਾਨਾ ॥ ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ ॥ ੨ ॥**[੯੮]-੫-੧੨

੧੦੨/੨ **ਜਾਪ ਤਾਪ ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥ ਜੋਗ ਅਭਿਆਸ ਕਰਮ ਧਰਮ ਕਿਰਿਆ ॥**
**ਸਗਲ ਤਿਆਗਿ ਬਨ ਮਧੇ ਫਿਰਿਆ ॥ ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ ਪੁੰਨ ਦਾਨ ਹੋਮੇ ਬਹੁ ਰਤਨਾ ॥**
**ਸਰੀਰੁ ਕਟਾਇ ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਤੀ ॥ ਨਹੀ ਤੁਲਿ ਰਾਮ ਨਾਮ ਬੀਚਾਰ ॥**
**ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥ ੧ ॥** [੨੬੫]-੩

੧੦੩/੩ **ਖਟੁ ਸਾਸਤ੍ਰ ਮੂਰਖੈ ਸੁਨਾਇਆ ॥ ਜੈਸੇ ਦਹ ਦਿਸ ਪਵਨੁ ਝੁਲਾਇਆ ॥** [੧੧੩੭]-੫
**ਮਾਇਆ ਖਹਿੜਾ** ਨਹੀਂ ਛੱਡਦੀ ਭਾਵੇਂ:--

੧੦੪/੪ **ਖਟੁ ਸਾਸਤ੍ਰ ਉਚਰਤ ਰਸਨਾਗਰ ਤੀਰਥ ਗਵਨ ਨ ਥੋਰੀ ॥**
**ਪੂਜਾ ਚਕ੍ਰ ਬਰਤ ਨੇਮ ਤਪੀਆ ਊਹਾ ਗੈਲਿ ਨ ਛੋਰੀ ॥ ੧ ॥** [੧੨੧੬]-੩੭-੬੦

## ਖਟ ਦਰਸਨ

੧੦੫/੧ **ਖਟੁ ਦਰਸਨ ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ ॥ ਸਤਿਗੁਰੁ ਸੇਵਹਿ ਤਾ ਗਤਿ ਮਿਤਿ**
**ਪਾਵਹਿ ਹਰਿ ਜੀਉ ਮੰਨਿ ਵਸਾਏ ॥ ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ ॥ ੫ ॥**[੬੭]-੫-੨੨

**ਅਰਥ**:--ਜੋਗੀ (ਹੋਣ ਤੇ ਭਾਵੇਂ) ਸੰਨਿਆਸੀ (ਹੋਣ, ਇਹ ਸਾਰੇ) ਛੇ ਭੇਖਾਂ ਦੇ ਸਾਧ ਗੁਰੂ ਦੀ ਸਰਨ ਤੋਂ ਬਿਨਾ ਮਾਇਆ ਦੀ ਭਟਕਣਾ ਵਿਚ ਪੈ ਕੇ ਕੁਰਾਹੇ ਪਏ ਰਹਿੰਦੇ ਹਨ। ਜਦੋਂ (ਇਹ) ਗੁਰੂ ਦੀ ਸਰਨ ਪੈਂਦੇ ਹਨ, ਤਦੋਂ ਪਰਮਾਤਮਾ ਦਾ ਨਾਮ ਆਪਣੇ ਮਨ ਵਿਚ ਵਸਾ ਕੇ ਉੱਚੀ ਅਵਸਥਾ ਤੇ (ਸਹੀ) ਜੀਵਨ-ਜੁਗਤਿ ਪ੍ਰਾਪਤ ਕਰਦੇ ਹਨ। ਜਿਸ ਮਨੁੱਖ ਦਾ ਚਿੱਤ ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਬਾਣੀ ਨਾਲ ਪਰਚਦਾ ਹੈ, ਉਹ ਆਪਣਾ ਜਨਮ ਮਰਨ ਦਾ ਗੇੜ ਮੁਕਾ ਲੈਂਦਾ ਹੈ । ੫ ।

੧੦੬/੨ **ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ ॥ ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ ॥ ਪੜਿਐ ਨਾਹੀ ਭੇਦੁ ਬੁਝਿਐ**
**ਪਾਵਣਾ ॥ ਖਟੁ ਦਰਸਨ ਕੈ ਭੇਖਿ, ਕਿਸੈ ਸਚਿ ਸਮਾਵਣਾ ॥ ਸਚਾ ਪੁਰਖੁ ਅਲਖੁ ਸਬਦਿ ਸੁਹਾਵਣਾ ॥ ਮੰਨੇ ਨਾਉ**
**ਬਿਸੰਖ ਦਰਗਹ ਪਾਵਣਾ ॥ ਖਾਲਕ ਕਉ ਆਦੇਸੁ ਢਾਢੀ ਗਾਵਣਾ ॥ ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ ॥ ੨੧ ॥**[੧੪੮]

੧੦੭/੩ **ਅਕਲ ਕਲਾ ਨਹ ਪਾਈਐ ਪ੍ਰਭੁ ਅਲਖ ਅਲੇਖੰ ॥ ਖਟੁ ਦਰਸਨ ਭ੍ਰਮਤੇ ਫਿਰਹਿ ਨਹ ਮਿਲੀਐ ਭੇਖੰ ॥**
**ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ ॥ ਬੇਦ ਪੜਹਿ ਸੰਪੂਰਨਾ ਤਤੁ ਸਾਰ ਨ ਪੇਖੰ ॥ ਤਿਲਕੁ**
**ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ ॥ ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ ॥ ਭੂਲਾ ਮਾਰਗਿ**
**ਸੋ ਪਵੈ ਜਿਸੁ ਧੁਰਿ ਮਸਤਕਿ ਲੇਖੰ ॥ ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰੁ ਅਖੀ ਦੇਖੰ ॥ ੧੩ ॥**[੧੦੯੯]

੧੦੮/੪ **ਕਬੀਰ ਧਰਤੀ ਅਰੁ ਆਕਾਸ ਮਹਿ ਦੁਇ ਤੂੰ ਬਰੀ ਅਬਧ ॥** [**ਅਬਧ=**ਅ+ਬਧ, ਜਿਸ ਦਾ ਨਾਸ ਨਾ ਕੀਤਾ ਜਾ ਸਕੇ।]
**ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿਧ ॥ ੨੦੨ ॥** [੧੩੭੫]

**ਅਰਥ**:--ਹੇ ਕਬੀਰ ! (ਆਖ--) ਹੇ ਦ੍ਵੈਤ ! ਸਾਰੀ ਸ੍ਰਿਸ਼ਟੀ ਵਿਚ ਹੀ (ਤੂੰ ਬਹੁਤ ਬਲੀ ਹੈ) ਤੈਨੂੰ ਬੜੀ ਔਖਿਆਈ ਨਾਲ ਹੀ ਮੁਕਾਇਆ ਜਾ ਸਕਦਾ ਹੈ (=ਬਰੀ ਅਬਧ) ਛੇ ਭੇਖਾਂ ਦੇ ਤਿਆਗੀ ਅਤੇ (ਜੋਗ ਦੇ ਸਾਧਨਾਂ ਵਿਚ ਪ੍ਰਪੱਕ ਹੋਏ) ਚੌਰਾਸੀ ਸਿੱਧ ਭੀ) ਹੇ ਦੋਇ ! ਤੈਥੋਂ ਸਹਿਮੇ ਹੋਏ ਹਨ । ੨੦੨।

### ਬਹੁ ਅਰਥੀ ਦਰਸਨ ਪਦ--

੧੦੯- **ਹਰ ਦਰਸਨੁ ਪਾਵੈ ਵਡਭਾਗਿ ॥ ਗੁਰ ਕੈ ਸਬਦਿ ਸਚੈ ਬੈਰਾਗਿ ॥ ਖਟੁ ਦਰਸਨੁ ਵਰਤੈ ਵਰਤਾਰਾ ॥ ਗੁਰ ਕਾ ਦਰਸਨੁ ਅਗਮ ਅਪਾਰਾ ॥ ੧ ॥ ਗੁਰ ਕੈ ਦਰਸਨਿ ਮੁਕਤਿ ਗਤਿ ਹੋਇ ॥ ਸਾਚਾ ਆਪਿ ਵਸੈ ਮਨਿ ਸੋਇ ॥ ੧ ॥ ਰਹਾਉ ॥ ਗੁਰ ਦਰਸਨਿ ਉਧਰੈ ਸੰਸਾਰਾ ॥ ਜੇ ਕੋ ਲਾਏ ਭਾਉ ਪਿਆਰਾ ॥ ਭਾਉ ਪਿਆਰਾ ਲਾਏ ਵਿਰਲਾ ਕੋਇ ॥ ਗੁਰ ਕੈ ਦਰਸਨਿ ਸਦਾ ਸੁਖੁ ਹੋਇ ॥ ੨ ॥ ਗੁਰ ਕੈ ਦਰਸਨਿ ਮੋਖ ਦੁਆਰੁ ॥ ਸਤਿਗੁਰੁ ਸੇਵੈ ਪਰਵਾਰ ਸਾਧਾਰੁ ॥ ਨਿਗੁਰੇ ਕਉ ਗਤਿ ਕਾਈ ਨਾਹੀ ॥ ਅਵਗਣਿ ਮੁਠੇ ਚੋਟਾ ਖਾਹੀ ॥ ੩ ॥ ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ ॥ ਗੁਰਮੁਖਿ ਤਾ ਕਉ ਲਗੈ ਨ ਪੀਰ ॥ ਜਮਕਾਲੁ ਤਿਸੁ ਨੇੜਿ ਨ ਆਵੈ ॥ ਨਾਨਕ ਗੁਰਮੁਖਿ ਸਾਚਿ ਸਮਾਵੈ ॥ ੪ ॥**[੩੬੦-੬੧]-੧-੪੦

**ਅਰਥ**:--ਗੁਰੂ ਦੇ (ਦਿੱਤੇ ਹੋਏ ਗੁਰਮਤਿ-ਰੂਪ) ਸ਼ਾਸਤਰ ਦੀ ਰਾਹੀਂ ਵਿਚਾਰਾਂ ਤੋਂ ਖ਼ਲਾਸੀ ਹੋ ਜਾਂਦੀ ਹੈ, ਸਦਾ ਕਾਇਮ ਰਹਿਣ ਵਾਲਾ ਪਰਮਾਤਮਾ ਆਪ ਮਨ ਵਿਚ ਆ ਵੱਸਦਾ ਹੈ । **੧ । ਰਹਾਉ** । (ਜਗਤ ਵਿਚ ਵੇਦਾਂਤ ਆਦਿਕ) ਛੇ ਸ਼ਾਸਤਾਂ (ਦੀ ਵਿਚਾਰ ਦਾ ਰਿਵਾਜ ਚੱਲ ਰਿਹਾ ਹੈ ਪਰ ਗੁਰੂ ਦਾ (ਦਿੱਤਾ ਹੋਇਆ) ਸ਼ਾਸਤ੍ਰ (ਇਨ੍ਹਾਂ ਛੇ ਸ਼ਾਸਤ੍ਰਾਂ ਦੀ) ਪਹੁੰਚ ਤੋਂ ਪਰੇ ਹੈ (ਇਹ ਛੇ ਸ਼ਾਸਤ੍ਰ ਗੁਰੂ ਦੇ ਗੁਰਮਤਿ-ਸ਼ਾਸਤ੍ਰ ਦਾ) ਅੰਤ ਨਹੀਂ ਪਾ ਸਕਦੇ। ਗੁਰੂ ਦੇ ਸ਼ਬਦ (-ਗਿਆਨ) ਵਿਚ (ਜੁੜ ਕੇ) ਸਦਾ ਕਾਇਮ ਰਹਿੰਣ ਵਾਲੇ ਪਰਮਾਤਮਾ ਵਿਚ ਲਗਨ ਜੋੜ ਕੇ ਮਨੁੱਖ ਵਡੀ ਕਿਸਮਤਿ ਨਾਲ ਪਰਮਾਤਮਾ ਦਾ ( ਮਿਲਾਪ ਕਰਾਉਣ ਵਾਲਾ ਗੁਰ-) ਸ਼ਾਸਤ੍ਰ ਪ੍ਰਾਪਤ ਕਰਦਾ ਹੈ। **੧** । ਜੇ ਕੋਈ ਮਨੁੱਖ (ਗੁਰੂ ਦੇ ਸ਼ਾਸਤ੍ਰ ਵਿਚ) ਪ੍ਰੇਮ-ਪਿਆਰ ਜੋੜੇ ਤਾਂ ਜਗਤ ਗੁਰੂ ਦੇ (ਗੁਰਮਤਿ-) ਸ਼ਾਸਤ੍ਰ ਦੀ ਬਰਕਤਿ ਨਾਲ (ਵਕਾਰਾਂ ਤੋਂ) ਬਚ ਜਾਂਦਾ ਹੈ। ਪਰ ਕੋਈ ਵਿਰਲਾ ਮਨੁੱਖ ਹੀ (ਗੁਰੂ ਦੇ ਗੁਰਮਤਿ-ਸ਼ਾਸਤ੍ਰ ਵਿਚ) ਪ੍ਰੇਮ-ਪਿਆਰ ਪੈਦਾ ਕਰਦਾ ਹੈ। (ਗੁਰੂ ਦੇ (ਗੁਰਮਤਿ)-ਸ਼ਾਸਤ੍ਰ ਵਿਚ (ਚਿੱਤ ਜੋੜਿਆਂ) ਸਦਾ ਆਤਮਕ ਆਨੰਦ ਮਿਲਦਾ ਹੈ। **੨** । ਗੁਰੂ ਦੇ ਸ਼ਾਸਤ੍ਰ ਵਿਚ (ਸੁਰਤਿ ਟਿਕਾਇਆਂ) ਵਿਕਾਰਾਂ ਤੋਂ ਖ਼ਲਾਸੀ ਪਾਉਣ ਵਾਲਾ ਰਾਹ ਲੱਭਦਾ ਹੈ । ਜਿਹੜਾ ਮਨੁੱਖ ਸਤਿਗੁਰਾਂ ਦੀ ਸਰਨ ਪੈਂਦਾ ਹੈ (ਭਾਵ, ਹਿਰਦੇ ਵਿਚ ਨਿਮਰਤਾ ਧਾਰਨ ਕਰਦਿਆਂ, ਆਪਾ ਭਾਵ ਗੁਆ ਕੇ, ਗੁਰੂ ਦੀ ਮਤਿ ਗ੍ਰਹਣ ਕਰਕੇ ਉਸ ਅਨੁਸਾਰ ਜੀਵਨ ਬਣਾਉਂਦਾ ਹੈ) ਉਹ ਆਪਣੇ ਪਰਵਾਰ ਵਾਸਤੇ ਵੀ (ਵਿਕਾਰਾਂ ਤੋਂ ਬਚਣ ਲਈ) ਸਹਾਰਾ ਬਣ ਜਾਂਦਾ ਹੈ (ਉਸ ਗੁਰਮੁਖ ਦੀ ਬਦੌਲਤ ਉਸ ਦੇ ਸਾਰੇ ਪਰਵਾਰ ਦੀ ਜੀਵਨ ਜੁਗਤ ਸੰਵਰ ਸਕਦੀ ਹੈ) । ਜਿਹੜਾ ਮਨੁੱਖ ਗੁਰੂ ਦੀ ਸਰਨ ਨਹੀਂ ਪੈਂਦਾ (ਭਾਵ, ਆਪਣੇ ਮਨ ਦੇ ਪਿੱਛੇ ਤੁਰਦਾ ਹੈ) ਉਸ (ਮਨਮੁੱਖ) ਨੂੰ ਕੋਈ ਉੱਚੀ ਆਤਮਕ ਅਵਸਥਾ ਨਹੀਂ ਮਿਲਦੀ। ਜਿਹੜੇ ਮਨੁੱਖ ਪਾਪ (-ਕਰਮਾਂ) ਵਿਚ (ਫ਼ਸ ਕੇ ਆਤਮਕ ਜੀਵਨ ਵਲੋਂ ਲੁੱਟੇ ਜਾ ਰਹੇ ਹਨ, ਉਹ ਜੀਵਨ ਸਫ਼ਰ ਵਿਚ ਵਿਕਾਰਾਂ ਦੀਆਂ ਸੱਟਾਂ ਖਾਂਦੇ ਹਨ । **੩** । ਗੁਰੂ ਦੇ ਸ਼ਬਦ ਵਿਚ ਜੁੜਿਆਂ (ਮਨੁੱਖ ਦੇ) ਸਰੀਰ ਨੂੰ ਸੁਖ ਮਿਲਦਾ ਹੈ ਸ਼ਾਂਤੀ ਮਿਲਦੀ ਹੈ, ਗੁਰੂ ਦੀ ਸ਼ਰਨ ਪੈਣ ਕਰਕੇ ਉਸ ਨੂੰ ਕੋਈ ਦੁੱਖ ਪੋਹ ਨਹੀਂ ਸਕਦਾ । ਹੇ ਨਾਨਕ ! ਜਿਹੜਾ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ ਆਤਮਕ ਮੌਤ ਉਸ ਦੇ ਨੇੜੇ ਨਹੀਂ ਢੁੱਕਦੀ । ਉਹ ਮਨੁੱਖ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਵਿਚ ਲੀਨ ਹੋਇਆ ਰਹਿੰਦਾ ਹੈ । ੪ ।

## ੧੩

## ਵਾਹਿਗੁਰੂ ਜੀ ਦੇ ਦਰਸ਼ਨਾਂ ਦਾ ਇੱਕ ਇਹ ਰੂਪ

੧੧੦- **ਜਾਇ ਪੁਛਹੁ ਸੋਹਾਗਨੀ ਵਾਹੈ ਕਿਨੀ ਬਾਤੀ ਸਹੁ ਪਾਈਐ ॥ ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥ ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥ ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥ ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥ ੩ ॥**[੭੨੨]-੨-੪

੧੧੧- **ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ ॥ ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ ॥ ੫ ॥ ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ ॥ ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥ ੬ ॥** [੭੨੫]-੧

੧੧੨- **ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ ॥ ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ ॥ ੧ ॥** [੭੫੬]-੨-੪-੯

੧੧੩- **ਮੋਹਨ ਨੀਦ ਨ ਆਵੈ ਹਾਵੈ, ਹਾਰ ਕਜਰ ਬਸਤ੍ਰ ਅਭਰਨ ਕੀਨੇ ॥ ਉਡੀਨੀ ਉਡੀਨੀ ਉਡੀਨੀ ॥ ਕਬ ਘਰਿ ਆਵੈ ਰੀ ॥ ੧ ॥ ਰਹਾਉ ॥ ਸਰਨਿ ਸੁਹਾਗਨਿ ਚਰਨ ਸੀਸੁ ਧਰਿ ਲਾਲਨੁ ਮੋਹਿ ਮਿਲਾਵਹੁ ॥ ਕਬ ਘਰਿ ਆਵੈ ਰੀ ॥ ੧ ॥ ਸੁਨਹੁ ਸਹੇਰੀ ਮਿਲਨ ਬਾਤ ਕਹਉ ਸਗਰੋ ਅਹੰ ਮਿਟਾਵਹੁ ॥ ਤਉ ਘਰ ਹੀ ਲਾਲਨੁ ਪਾਵਹੁ ॥ ਤਬ ਰਸ ਮੰਗਲ ਗੁਨ ਗਾਵਹੁ ॥ ਆਨਦ ਰੂਪ ਧਿਆਵਹੁ ॥ ਨਾਨਕੁ ਦੁਆਰੈ ਆਇਓ॥ ਤਉ ਮੈ ਲਾਲਨੁ ਪਾਇਓ ਰੀ ॥੨॥ ਮੋਹਨ ਰੂਪੁ ਦਿਖਾਵੈ ॥ ਅਬ ਮੋਹਿ ਨੀਦ ਸੁਹਾਵੈ ॥ ਸਭ ਮੇਰੀ ਤਿਖਾ ਬੁਝਾਨੀ ॥ ਅਬ ਮੈ ਸਹਜਿ ਸਮਾਨੀ ॥ ਮੀਠੀ ਪਿਰਹਿ ਕਹਾਨੀ ॥ ਮੋਹਨੁ ਲਾਲਨੁ ਪਾਇਓ ਰੀ ॥ ਰਹਾਉ ਦੂਜਾ ॥ ੧ ॥** [੮੩੦]-੧੨੯

**ਅਰਥ**:--ਹੇ ਮੋਹਨ-ਪ੍ਰਭੂ ! (ਜਿਵੇਂ ਪਤੀ ਤੋਂ ਵਿਛੁੜੀ ਇਸਤ੍ਰੀ ਭਾਵੇਂ ਜਿਵੇਂ) ਹਾਰ, ਕੱਜਲ, ਕੱਪੜੇ, ਗਹਿਣੇ ਪਾਉਂਦੀ ਹੈ, (ਪਰ ਵਿਛੋੜੇ ਦੇ ਕਾਰਨ) ਹਾਹੁਕੇ ਵਿਚ (ਉਸ ਨੂੰ) ਨੀਂਦ ਨਹੀਂ ਆਉਂਦੀ, (ਪਤੀ ਦੀ ਉਡੀਕ ਵਿਚ ਉਹ) ਹਰ ਵੇਲੇ ਉਦਾਸ ਉਦਾਸ ਰਹਿੰਦੀ ਹੈ, (ਤੇ ਸਹੇਲੀ ਪਾਸੋ ਪੁੱਛਦੀ ਹੈ--) ਹੇ ਭੈਣੇ ! (ਮੇਰਾ ਪਤੀ) ਕਦੋਂ ਘਰ ਆਵੇਗਾ (ਇਸੇ ਤਰ੍ਹਾਂ, ਹੇ ਮੋਹਨ ! ਤੈਥੋਂ ਵਿਛੁੜ ਕੇ ਸ਼ਾਂਤੀ ਨਹੀਂ ਆਉਂਦੀ) ੧ । ਰਹਾਉ ।

ਹੇ ਮੋਹਨ ਪ੍ਰਭੂ ! ਮੈਂ ਗੁਰਮੁਖਿ ਸੁਹਾਗਣ ਦੀ ਸਰਨ ਪੈਂਦੀ ਹਾਂ, ਉਸ ਦੇ ਚਰਨਾਂ ਤੇ (ਆਪਣਾ) ਸਿਰ ਧਰ ਕੇ (ਪੁੱਛਦੀ ਹਾਂ--) ਹੇ ਭੈਣੇ ! ਮੈਨੂੰ ਸੋਹਣਾ ਲਾਲ ਮਿਲਾ ਦੇ (ਦੱਸ, ਉਹ) ਕਦੋਂ ਮੇਰੇ ਹਿਰਦੇ-ਘਰ ਵਿਚ ਆਵੇਗਾ । ੧ । (ਸੁਹਾਗਣ ਆਖਦੀ ਹੈ--) ਹੇ ਸਹੇਲੀਏ ! ਸੁਣ, ਮੈਂ ਤੈਨੂੰ ਮੋਹਨ-ਪ੍ਰਭੂ ਦੇ ਮਿਲਣ ਦੀ ਗੱਲ ਸੁਣਾਂਉਂਦੀ ਹਾਂ। ਤੂੰ (ਆਪਣੇ ਅੰਦਰੋਂ) ਸਾਰਾ ਅਹੰਕਾਰ ਦੂਰ ਕਰ ਦੇ। ਤਦੋਂ ਤੂੰ ਆਪਣੇ ਹਿਰਦੇ-ਘਰ ਵਿਚ ਹੀ ਉਸ ਸੋਹਣੇ ਲਾਲ ਨੂੰ ਲੱਭ ਲਵੇਂਗ ( ਹਿਰਦੇ ਘਰ ਵਿਚ ਉਸ ਦੇ ਦਰਸ਼ਨ ਕਰ ਕੇ ) ਫਿਰ ਤੂੰ ਖ਼ੁਸ਼ੀ ਅਨੰਦ ਪੈਦਾ ਕਰਨ ਵਾਲੇ ਹਰਿ-ਗੁਣ ਗਾਇਆ ਕਰੀਂ, ਅਤੇ ਉਸ ਪ੍ਰਭੂ ਦਾ ਸਿਮਰਨ ਕਰਿਆ ਕਰੀਂ ਜੋ ਨਿਰਾ ਆਨੰਦ ਹੀ ਆਨੰਦ-ਰੂਪ ਹੈ । ਹੇ ਭੈਣ ! ਨਾਨਕ (ਵੀ ਉਸ ਗੁਰੂ ਦੇ) ਦਰ ਤੇ ਆ ਗਿਆ ਹੈ, (ਜਿੱਥੇ ਪੁੱਜ ਕੇ) ਮੈਂ (ਨਾਨਕ ਨੇ ਹਿਰਦੇ-ਘਰ ਵਿਚ ਹੀ) ਸੋਹਣਾ ਲਾਲ ਲੱਭ ਲਿਆ ਹੈ । ੨ । ਹੇ ਭੈਣੇ ! (ਹੁਣ) ਮੋਹਨ ਪ੍ਰਭੂ ਮੈਨੂੰ ਦਰਸ਼ਨ ਦੇ ਰਿਹਾ ਹੈ, ਹੁਣ (ਮਾਇਆ ਦੇ ਮੋਹ ਵਲੋਂ ਪੈਦਾ ਹੋਈ) ਉਪਰਾਮਤਾ ਮੈਨੂੰ ਮਿੱਠੀ ਲੱਗ ਰਹੀ ਹੈ, ਮੇਰੀ ਸਾਰੀ ਮਾਇਆ ਦੀ ਤ੍ਰਿਸ਼ਨਾ ਮਿਟ ਗਈ ਹੈ। ਹੁਣ ਮੈਂ ਆਤਮਕ ਅਡੋਲਤਾ ਵਿਚ ਟਿਕ ਗਈ ਹਾਂ। ਪ੍ਰਭੂ ਪਤੀ ਦੀਆਂ ਸਿਫ਼ਤਿ-ਸਲਾਹ ਦੀਆਂ ਗੱਲਾਂ ਮੈਨੂੰ ਪਿਆਰੀਆਂ ਲੱਗ ਰਹੀਆਂ ਹਨ। ਹੇ ਭੈਣ ! ਹੁਣ ਮੈਂ ਸੋਹਣਾ ਲਾਲ ਮੋਹਣ ਲੱਭ ਲਿਆ ਹੈ। ਰਹ:ਉ ਦੂਜਾ । ੧ ।

**[ਬਲਿਹਾਰੀ ਗੁਰ ਆਪਣੇ ਜਿਨਿ ਹਿਰਦੈ ਦਿਤਾ ਦਿਖਾਇ ॥ ੫੨ ॥]**

੧੧੪- **ਤਿਤੁ ਗ੍ਰਿਹਿ ਸੋਹਿਲੜੇ ਕੋਡ ਅਨੰਦਾ ॥ ਮਨਿ ਤਨਿ ਰਵਿ ਰਹਿਆ ਪ੍ਰਭ ਪਰਮਾਨੰਦਾ ॥ ਹਰਿ ਕੰਤ ਅਨੰਤ ਦਇਆਲ ਸ੍ਰੀਧਰ ਗੋਬਿੰਦ ਪਤਿਤ ਉਧਾਰਣੋ ॥ ਪ੍ਰਭਿ ਕ੍ਰਿਪਾ ਧਾਰੀ ਹਰਿ ਮੁਰਾਰੀ ਭੈ ਸਿੰਧੁ ਸਾਗਰ ਤਾਰਣੋ ॥ ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥ ਬਿਨਵੰਤਿ ਨਾਨਕ ਹਰਿ ਕੰਤੁ ਮਿਲਿਆ ਸਦਾ ਕੇਲ ਕਰੰਦਾ ॥ ੪ ॥**[੫੪੪]-੧-੪

੧੧੫- **ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ ॥ ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ ॥ ਭੈ ਕੇ ਚਰਣ ਕਰ ਭਾਵ ਕੇ, ਲੋਇਣ ਸੁਰਤਿ ਕਰੇਇ ॥ ਨਾਨਕੁ ਕਹੈ ਸਿਆਣੀਏ, ਇਵ ਕੰਤ ਮਿਲਾਵਾ ਹੋਇ ॥ ੨ ॥** [੧੩੮]-ਵਾ-੩

**ਪਦ ਅਰਥ:**--ਸਾਉ=ਸੁਆਦ, ਆਨੰਦ । । ਰੁਹਲਾ=ਲੂਲ੍ਹਾ, ਪੈਰ-ਹੀਣ। ਟੁੰਡਾ=ਹੱਥ-ਹੀਣ । ਧਾਇ=ਦੌੜ ਕੇ, ਭੱਜ ਕੇ। ਭੈ ਕੇ=(ਪ੍ਰਭੂ ਦੇ) ਦੇ ਡਰ ਦੇ। ਕਰ=ਹੱਥ । ਲੋਇਣ=ਅੱਖਾਂ । ਸੁਰਤਿ=ਧਿਆਨ । ਇਵ=ਇਸ ਤਰ੍ਹਾਂ ।

**ਅਰਥ:**-- (ਪਰਮਾਤਮਾ ਕੁਦਰਤਿ ਵਿਚ ਵੱਸਦਾ) ਦਿੱਸ ਰਿਹਾ ਹੈ, (ਉਸ ਦੀ ਜੀਵਨ-ਰੌ ਸਾਰੀ ਰਚਨਾ ਵਿਚ) ਸੁਣੀ ਜਾ ਰਹੀ ਹੈ, (ਉਸ ਦੇ ਕੰਮਾਂ ਤੋਂ) ਜਾਪ ਰਿਹਾ ਹੈ (ਕਿ ਉਹ ਕੁਦਰਤਿ ਵਿਚ ਮੌਜੂਦ ਹੈ, ਫਿਰ ਵੀ ਉਸ ਦੇ ਮਿਲਾਪ ਦਾ) ਸੁਆਦ (ਜੀਵ ਨੂੰ) ਹਾਸਲ ਨਹੀਂ ਹੁੰਦਾ । (ਇਹ ਕਿਉਂ ?) ਇਸ ਵਾਸਤੇ ਕਿ ਪ੍ਰਭੂ ਨੂੰ ਮਿਲਣ ਲਈ (ਜੀਵ ਦੇ) ਨਾ ਪੈਰ ਹਨ, ਨਾ ਹੱਥ ਹਨ ਤੇ ਨਾ ਅੱਖਾਂ ਹਨ (ਫਿਰ ਇਹ) ਕਿਵੇਂ ਭੱਜ ਕੇ (ਪ੍ਰਭੂ ਦੇ) ਗਲ ਜਾ ਲੱਗੇ ?

ਜੇ (ਜੀਵ ਪ੍ਰਭੂ ਦੇ) ਡਰ (ਵਿਚ ਤੁਰਨ) ਨੂੰ (ਆਪਣੇ) ਪੈਰ ਬਣਾਏ, ਪਿਆਰ ਦੇ ਹਥ ਬਣਾਏ ਤੇ (ਪ੍ਰਭੂ ਦੀ) ਯਾਦ (ਵਿਚ ਜੁੜਨ) ਨੂੰ ਅੱਖਾਂ ਬਣਾਏ, ਤਾਂ (ਗੁਰੂ) ਨਾਨਕ ਜੀ ਕਹਿੰਦੇ ਹਨ)--ਹੇ ਸਿਆਣੀ (ਜੀਵ ਇਸਤ੍ਰੀਏ) ! ਇਸ ਤਰ੍ਹਾਂ ਖਸਮ-ਪ੍ਰਭੂ ਨਾਲ ਮੇਲ ਹੁੰਦਾ ਹੈ ( ਸਿਰਜਣਹਾਰ ਹਿਰਦੇ ਵਿਚ ਪ੍ਰਗਟ ਹੋ ਜਾਂਦਾ ਹੈ)। ੨ ।

੧੧੬- **<u>ਗੁਰ ਕੇ ਚਰਨ</u> <u>ਊਪ</u>ਰਿ <u>ਮੇਰੇ ਮਾਥੇ</u> ॥ ਤਾ ਤੇ ਦੁਖ ਮੇਰੇ ਸਗਲੇ ਲਾਥੇ ॥ (ਗੁਰੂ ਦੇ ਚਰਨ ਮੇਰੇ ਮੱਥੇ ਤੇ ਟਿਕੇ ਹੋਏ ਹਨ)**
**ਸਤਿਗੁਰ ਅਪੁਨੇ ਕਉ ਕੁਰਬਾਨੀ ॥ ਆਤਮ ਚੀਨਿ ਪਰਮ ਰੰਗ ਮਾਨੀ ॥ ੧ ॥ ਰਹਾਉ ॥**
**ਚਰਣ ਰੇਣੁ ਗੁਰ ਕੀ ਮੁਖਿ ਲਾਗੀ ॥ ਅਹੰਬੁਧਿ ਤਿਨਿ ਸਗਲ ਤਿਆਗੀ ॥ ੨ ॥**
**ਗੁਰ ਕਾ ਸਬਦੁ ਲਗੋ ਮਨਿ ਮੀਠਾ ॥ ਪਾਰਬ੍ਰਹਮੁ ਤਾ ਤੇ ਮੋਹਿ ਡੀਠਾ ॥ ੩ ॥**
**ਗੁਰੁ ਸੁਖਦਾਤਾ ਗੁਰੁ ਕਰਤਾਰੁ ॥ ਜੀਅ ਪ੍ਰਾਣ ਨਾਨਕ ਗੁਰੁ ਆਧਾਰੁ ॥ ੪ ॥**[੧੮੭]-੩੮-੧੦੭

ਭਾਵ ਅਰਥ:--ਮੈਂ ਆਪਣੇ ਗੁਰੂ ਤੋਂ ਸਦਕੇ ਜਾਂਦਾ ਹਾਂ (ਗੁਰੂ ਦੀ ਕਿਰਪਾ ਨਾਲ) ਮੈਂ ਆਪਣੇ ਆਤਮਕ ਜੀਵਨ ਨੂੰ ਪੜਤਾਲ ਪੜਤਾਲ ਕੇ ਸਭ ਤੋਂ ਸ੍ਰੇਸ਼ਟ ਆਨੰਦ ਮਾਣ ਰਿਹਾ ਹਾਂ । ਗੁਰੂ ਦੇ ਚਰਨ ਮੇਰੇ ਮੱਥੇ ਉੱਤੇ ਟਿਕੇ ਹੋਏ ਹਨ, (ਭਾਵ, ਹਉਮੈ ਅਹੰਕਾਰ ਰਹਿਤ ਹੋ ਕੇ ਮੈਂ ਸਦਾ ਸਤਿਗੁਰਾਂ ਦੇ ਹੁਕਮ ਵਿਚ ਰਹਿਣਾ ਸਿੱਖ ਲਿਆ ਹੈ ਜਿਸ) ਦੀ ਬਰਕਤਿ ਨਾਲ ਮੇਰੇ ਸਾਰੇ ਦੁੱਖ ਦੂਰ ਹੋ ਗਏ ਹਨ (ਮੇਰੇ) ਮੱਥੇ ਤੇ ਸਤਿਗੁਰਾਂ ਦੇ ਚਰਨਾਂ ਦੀ ਧੂੜ ਲੱਗ ਗਈ, (ਆਪਣੀ ਅੱਡਰੀ ਹੋਂਦ ਦਾ ਸਾਰਾ ਮਾਣ ਹੰਕਾਰ ਜਾਂਦਾ ਰਿਹਾ, ਆਪਾ ਭਾਵ ਮਿਟ ਗਿਆ, ਮੇਰਾ ਮਨ **ਸਭਨਾ ਕੀ ਰੇਣੁਕਾ** ਬਣ ਗਿਆ), ਅਤੇ (ਹਉਮੈ ਪੈਦਾ ਕਰਨ ਵਾਲੀ) ਆਪਣੀ ਸਾਰੀ ਬੁੱਧੀ ਤਿਆਗ ਦਿੱਤੀ (ਅੰਦਰੋਂ ਕੂੜ ਦੀ ਕੰਧ ਢੈ ਢੇਰੀ ਹੋ ਗਈ) ਹੁਣ ਗੁਰੂ ਦਾ ਸ਼ਬਦ ਮੈਨੂੰ ਮਿੱਠ-ਪਿਆਰਾ ਲੱਗਣ ਲੱਗ ਪਿਆ, (ਬਸ ਓਸੇ) ਦੀ ਬਰਕਤਿ ਨਾਲ ਹੁਣ ਮੈਂ (ਆਪਣੇ ਹਿਰਦੇ ਵਿਚ ਪ੍ਰਭੂ ਦੇ ਦਰਸ਼ਨ ਕਰ ਰਿਹਾ ਹਾਂ (ਹੁਣ ਮੇਰੀ ਜ਼ਬਾਨ ਵਿਚੋਂ ਏਹੀ ਨਿਕਲਦਾ ਹੈ, ਕਿ ਮੇਰੇ ਵਾਸਤੇ) ਗੁਰੂ (ਹੀ ਸਾਰੇ) ਸੁਖ ਦਾ ਦੇਣ ਵਾਲਾ ਹੈ, ਗੁਰੂ ਕਰਤਾਰ (ਦਾ ਰੂਪ) ਹੈ। ਗੁਰੂ ਮੇਰੀ ਜਿੰਦ ਦਾ ਮੇਰੇ ਪ੍ਰਾਣਾਂ ਦਾ ਸਹਾਰਾ ਹੈ।

੧੧੭- **ਹਰਿ ਦਾਸਨ ਕੋ ਦਾਸੁ ਸੁਖੁ ਪਾਏ ॥ ਮੇਰਾ ਹਰਿ ਪ੍ਰਭੁ ਇਨ ਬਿਧਿ ਪਾਇਆ ਜਾਏ ॥**
**ਹਰਿ ਕਿਰਪਾ ਤੇ ਰਾਮ ਗੁਣ ਗਾਏ ॥ ੩ ॥** [੨੩੩]-੮

**ਅਰਥ:**--ਜੇਹੜਾ ਮਨੁੱਖ ਵਾਹਿਗੁਰੂ ਜੀ ਦੇ ਸੇਵਕਾਂ ਦਾ ਸੇਵਕ ਬਣ ਜਾਂਦਾ ਹੈ, ਉਹ ਆਤਮਕ ਅਨੰਦ ਮਾਣਦਾ ਹੈ। ਇਸ ਤ੍ਰੀਕੇ ਨਾਲ ਹੀ ਪਿਆਰੇ ਪਰਮਾਤਮਾ ਦਾ ਮੇਲ ਪ੍ਰਾਪਤ ਹੁੰਦਾ ਹੈ। ਅਜੇਹਾ ਮਨੁੱਖ ਪਰਮਾਤਮਾ ਦੀ ਮਿਹਰ ਨਾਲ ਉਸ ਵਾਹਿਗੁਰੂ ਜੀ ਦੇ ਗੁਣ ਗਾਉਂਦਾ ਰਹਿੰਦਾ ਹੈ (ਏਹੀ ਹਨ ਉਸ ਲਈ ਰੱਬ ਦੇ ਆਤਮਕ ਦਰਸ਼ਨ)। ੩ ।

੧੧੮- **ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥ ੧ ॥ ਰਹਾਉ ॥** [੪੮੮]-੨

**ਅਰਥ**:--ਹੇ ਸ਼ੇਖ਼ ਫ਼ਰੀਦ ! ਇਸ ਮਨੁੱਖਾ ਜਨਮ ਵਿਚ ਹੀ (ਰੱਬ ਨਾਲ) ਮੇਲ ਹੋ ਸਕਦਾ ਹੈ (ਇਸ ਵਾਸਤੇ ਇਨ੍ਹਾਂ) ਮਨ ਨੂੰ ਮਚਾਉਣ ਵਾਲੀਆਂ ਇੰਦ੍ਰੀਆਂ ਨੂੰ ਕਾਬੂ ਵਿਚ ਰੱਖ । ੧ ।

੧੧੯- **ਹੈ ਹਜੂਰਿ, ਕਤ ਦੂਰਿ ਬਤਾਵਹੁ ॥ ਦੁੰਦਰ ਬਾਧਹੁ, ਸੁੰਦਰ ਪਾਵਹੁ ॥ ੧॥ ਰਹਾਉ ॥** [੧੧੫੯]-੩-੧੧

**ਅਰਥ:**--(ਹੇ ਧਰਮ ਆਗੂ-ਮੁੱਲਾਂ) ਹਰ ਥਾਂ ਰੱਬ ਹਾਜ਼ਰ ਨਾਜ਼ਰ ਹੈ, ਤੁਸੀਂ ਉਸ ਨੂੰ ਦੂਰ (ਕਿਤੇ ਸਤਵੇਂ ਅਸਮਾਨ ਤੇ ( ਕਿਉਂ) (ਬੈਠਾ) ਦੱਸਦੇ ਹੋ ? ਜੇ ਉਸ ਸੋਹਣੇ ਰੱਬ ਨੂੰ ਮਿਲਣਾ ਹੈ, ਤਾਂ ਕਾਮਾਦਿਕ ਰੌਲਾ ਪਾਉਣ ਵਾਲੇ ਵਿਕਾਰਾਂ ਨੂੰ ਕਾਬੂ ਵਿਚ ਰੱਖ । ੧ । ਰਹਾਉ ।

੧੨੦- **ਏ ਮਨ ਨਾਮੁ ਨਿਧਾਨੁ ਤੂ ਪਾਇ ॥ ਆਪਣੇ ਗੁਰ ਕੀ ਮੰਨਿ ਲੈ ਰਜਾਇ ॥ ੧ ॥ ਰਹਾਉ ॥**
**ਗੁਰ ਕੈ ਸਬਦਿ, ਵਿਚਹੁ ਮੈਲੁ ਗਵਾਇ ॥ ਨਿਰਮਲੁ ਨਾਮੁ ਵਸੈ ਮਨਿ ਆਇ ॥ ੨ ॥** [੫੬੦]-੮

੧੨੧- **ਸਲੋਕ ਮ: ੧ ॥ ਘਰ ਹੀ ਮੁੰਧਿ ਵਿਦੇਸਿ ਪਿਰੁ, ਨਿਤ ਝੂਰੇ ਸੰਮ੍ਹਾਲੇ ॥**

**ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ ॥ ੧ ॥** [੫੯੪]-ਪਉ-੨੦

**ਅਰਥ:**--ਪਤੀ ਤਾਂ ਘਰ (ਭਾਵ, ਹਿਰਦੇ) ਵਿਚ ਹੀ ਹੈ, (ਪਰ ਉਸ ਨੂੰ) ਪਰਦੇਸ ਵਿਚ (ਸਮਝਦੀ ਹੋਈ) ਕਮਲੀ ਇਸਤ੍ਰੀ ਸਦਾ ਝੂਰਦੀ ਹੈ ਤੇ (ਉਸ ਨੂੰ) ਯਾਦ ਕਰਦੀ ਹੈ (ਪਰ) ਜੇ ਤੂੰ ਆਪਣੀ ਨੀਯੱਤ ਸਾਫ਼ ਕਰ ਲਵੇਂ ( ਤਾਂ ਉਸ ਪ੍ਰਭੂ-ਪਤੀ ਨੂੰ ਹਿਰਦੇ ਵਿਚ ਪ੍ਰਗਟ ਹੋਣ-ਰੂਪ ਵਿਚ) ਮਿਲਦਿਆਂ ਜ਼ਰਾ ਵੀ ਢਿੱਲ ਨਹੀਂ ਹੋਣੀ । ੧ ।

[ਘਰ ਵਿਚ ਹੀ ਵੱਸਦੇ ਪ੍ਰਭੂ-ਪਤੀ ਨੂੰ ਪ੍ਰਦੇਸੀਂ ਜਾਣ ਕੇ ਝੋਰਾ ਲਾ ਬੈਠੀ ਜੀਵ ਇਸਤ੍ਰੀ)

੧੨੨- **ਮ: ੩ ॥ ਕਾਇ ਪਟੋਲਾ ਪਾੜਤੀ, ਕੰਬਲੜੀ ਪਹਿਰੇਇ ॥**
**ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥ ੧੦੪ ॥** [੧੩੮੩]

੧੨੩- **ਸਤਿਗੁਰ ਕਾ ਸਚੁ ਸਬਦੁ ਕਮਾਵਹੁ ॥ ਥਿਰੁ ਘਰਿ ਬੈਠੇ ਪ੍ਰਭੁ ਅਪਨਾ ਪਾਵਹੁ ॥ ੨ ॥** [੩੮੬]-੧੧-੬੨

(ਸਤਿਗੁਰਾਂ ਦੀ ਸਿਖਿਆ ਤੇ ਤੁਰਦੇ ਹੋਏ ਆਪਣੀ ਜੀਵਨ ਜੁਗਤਿ ਸੁਆਰਦੇ ਰਹੋ, ਜੀਵਨ ਦੀ ਘੜਤ ਘੜਦੇ ਰਹੋ । ਮਨ ਨੂੰ ਅੰਦਰ ਟਿਕਾਉ ਅੰਦਰੇ ਦਰਸ਼ਨ ਕਰੋ ।

੧੨੪- **ਮਾਨੁ ਨ ਕੀਜੈ, ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ ॥ ਸੁਣਿ ਮੀਤਾ, ਜੀਉ**
**ਪਿੰਡੁ ਸਭੁ ਤਨੁ ਅਰਪੀਜੈ ਇਉ ਦਰਸਨੁ ਹਰਿ ਜੀਉ ਪਾਈਐ ॥ ੩ ॥**[੬੧੧]-੧-੧੨

੧੨੫-- **ਬਾਘੁ ਮਰੈ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ ਹੋਇ ॥ ਆਪੁ ਪਛਾਣੈ ਹਰਿ**
**ਮਿਲੈ ਬਹੁੜਿ ਨ ਮਰਣਾ ਹੋਇ ॥ ਕੀਚੜਿ ਹਾਥੁ ਨ ਬੂਡਈ ਏਕਾ ਨਦਰਿ ਨਿਹਾਲਿ**
**॥ ਨਾਨਕ ਗੁਰਮੁਖਿ ਉਬਰੇ ਗੁਰੁ ਸਰਵਰੁ ਸਚੀ ਪਾਲਿ ॥ ੮ ॥**[੧੪੧੦

**ਪਦ ਅਰਥ:**--ਬਾਘੁ=ਬਘਿਆੜ, (ਆਤਮਕ ਜੀਵਨ ਨੂੰ ਖਾ ਜਾਣ ਵਾਲੀ ਹਉਮੈ, ਹਉਮੈ ਨਾਵੈ ਨਾਲਿ ਵਿਰੋਧ ਹੈ ?] ਮਾਰੀਐ=ਵੱਸ ਵਿਚ ਕਰ ਸਕੀਦਾ ਹੈ। ਦੀਖਿਆ=ਸਿਖਿਆ। ਆਪੁ=ਆਪਣੇ ਆਤਮਕ ਜੀਵਨ ਨੂੰ] ਪਛਾਣੈ=ਪਰਖਦਾ ਹੈ । ਏਕਾ ਨਦਰਿ=ਇਕ ਮਿਹਰ ਦੀ ਨਿਗਾਹ ਨਾਲ । ਨਿਹਾਲਿ=(ਪਰਮਾਤਮਾ) ਵੇਖਦਾ ਹੈ। ਉਬਰੇ=ਬਚ ਨਿਕਲੇ । ਸਚੀ=ਸਦਾ ਥਿਰ ਰਹਿਣ ਵਾਲੀ।

੧੨੬- **ਗੁਰ ਪੂਛਹੁ ਤੁਮ੍ ਕਰਹੁ ਬੀਚਾਰੁ ॥ ਤਾਂ ਪ੍ਰਭ ਸਾਚੇ, ਲਗੈ ਪਿਆਰੁ ॥ ਆਪੁ ਛੋਡਿ ਹੋਹਿ**
**ਦਾਸਤ ਭਾਇ ॥ ਤਉ ਜਗ ਜੀਵਨੁ ਵਸੈ ਮਨਿ ਆਇ ॥੨॥ ਭਗਤਿ ਕਰੇ ਸਦ**
**ਵੇਖੈ ਹਜੂਰਿ ॥ ਮੇਰਾ ਪ੍ਰਭੁ ਸਦ ਰਹਿਆ ਭਰਪੂਰਿ ॥ ਇਸੁ ਭਗਤੀ ਕਾ ਕੋਈ ਜਾਣੈ ਭੇਉ**
**॥ ਸਭੁ ਮੇਰਾ ਪ੍ਰਭੁ ਆਤਮਦੇਉ ॥ ੩ ॥ ਆਪੇ ਸਤਿਗੁਰੁ ਮੇਲਿ ਮਿਲਾਏ ॥ ਜਗ ਜੀਵਨ ਸਿਉ**
**ਆਪਿ ਚਿਤੁ ਲਾਏ ॥ ਮਨੁ ਤਨੁ ਹਰਿਆ ਸਹਜਿ ਸੁਭਾਏ ॥ ਨਾਨਕ ਨਾਮਿ ਰਹੇ ਲਿਵ ਲਾਏ ॥ ੪ ॥**[੧੧੭੩]-੪

# ਸਤਵਾਂ ਕਾਂਡ

## ਅਹਕਰਣ, ਅਹੰ, ਅਹੰਕਰਣ, ਅਹੰਕਾਰ ਅਹੰਬੁੱਧ, ਅਭਿਮਾਨ

## ਅਹੰਮੇਉ, ਹਉਂ, ਹਉਮੈ, ਗਰਬ, ਗੁਮਾਨ (ਘਮੰਡ)

### ਆਪੇ ਦਾ ਮਾਣ

**(ੳ)** ਮਹਾਨ ਕੋਸ਼ **ਸਫ਼ਾ ੩੨**---- **ਅਹਕਰਣ**=ਅਹੰਕਾਰ, ਅਹੰਕ੍ਰਿਤ, ਅਭਿਮਾਨ ।--

੧- **ਸਤਿਗੁਰਿ ਮਿਲਿਐ ਫਲੁ ਪਾਇਆ ॥ ਜਿਨਿ ਵਿਚਹੁ ਅਹਕਰਣੁ ਚੁਕਾਇਆ ॥**
**ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ ॥ ੧੧ ॥**[੭੨]-੧

**(ਅ)** **ਮਹਾਨ ਕੋਸ਼ ਸਫ਼ਾ-੩੪**--**ਅਹੰ**=ਹੰਕਾਰ, ਅਭਿਮਾਨ । ੨- ਸਰਵ ਮੈ

੨- **ਅਹੰ ਅਹੰ ਅਹੈ ਅਵਰ ਮੂੜ ਮੂੜ ਮੂੜ ਬਵਰਈ ॥ ਜਤਿ ਜਾਤ ਜਾਤ ਜਾਤ ਸਦਾ ਸਦਾ ਸਦਾ ਸਦਾ ਕਾਲ**
**ਹਈ ॥ ੧ ॥ ਮਾਨੁ ਮਾਨੁ ਮਾਨੁ ਤਿਆਗਿ ਮਿਰਤੁ ਮਿਰਤੁ ਨਿਕਟਿ ਨਿਕਟਿ ਸਦਾ ਹਈ ॥ ਹਰਿ ਹਰੇ ਹਰੇ**
**ਭਾਜੁ ਕਹਤੁ ਨਾਨਕੁ ਸੁਨਹੁ ਰੇ ਮੂੜ ਬਿਨੁ ਭਜਨ ਭਜਨ ਭਜਨ ਅਹਿਲਾ ਜਨਮੁ ਗਈ ॥੨ ॥** [੧੩੦੮]-੫-੫੦-੧੨

੩- **ਅਹੰ ਤੋਰੋ ਮੁਖੁ ਜੋਰੋ ॥ ਗੁਰੁ ਗੁਰੁ ਕਰਤ ਮਨੁ ਲੋਰੋ ॥ ਪ੍ਰਿਅ ਪ੍ਰੀਤਿ ਪਿਆਰੋ ਮੋਰੋ ॥ ੧ ॥ ਰਹਾਉ ॥**[੧੩੦੬]-੪-੪੩

੪- **ਦੇਖੁ ਫੂਲ ਫੂਲ ਫੂਲੇ ॥ ਅਹੰ ਤਿਆਗਿ ਤਿਆਗੇ ॥ ਚਰਨ ਕਮਲ ਪਾਗੇ ॥**
**ਤੁਮ ਮਿਲਹੁ ਪ੍ਰਭ ਸਭਾਗੇ ॥ ਹਰਿ ਚੇਤਿ ਮਨ ਮੇਰੇ ॥ ਰਹਾਉ ॥**[੧੧੮੫]-੧੮

੫- **ਅਹੰ ਮਤ ਅਨ ਰਤ ਕੁਮਿਤ ਹਿਤ ਪ੍ਰੀਤਮ ਪੇਖਤ ਭ੍ਰਮਤ ਲਾਖ ਗਰੀਆ ॥ ੧ ॥ ]**
**ਅਨਿਤ ਬਿਉਹਾਰ ਅਚਾਰ ਬਿਧਿ ਹੀਨਤ ਮਮ ਮਦ ਮਾਤ ਕੋਪ ਜਰੀਆ ॥**
**ਕਰੁਣ ਕ੍ਰਿਪਾਲ ਗੋੁਪਾਲ ਦੀਨ ਬੰਧੁ ਨਾਨਕ ਉਧਰੁ ਸਰਨਿ ਪਰੀਆ ॥ ੨ ॥**[੧੩੦੩]੧੧-੩੦

**ਅਰਥ:**--ਹਉਮੈ ਦੇ ਮੱਤੇ ਹੋਏ (ਪ੍ਰਭੂ ਨੂੰ ਭੁਲਾ ਕੇ) ਹੋਰ ਹੋਰ ਰਸਾਂ ਵਿਚ ਰਤੇ ਰਹਿੰਦੇ ਹਨ, (ਅਜਿਹੇ ਮਨੁੱਖ) ਖੋਟੇ ਮਿੱਤਰਾਂ ਨਾਲ ਪਿਆਰ ਪਾਉਂਦੇ ਹਨ, ਖੋਟਿਆਂ ਨੂੰ ਆਪਣੇ ਸੱਜਣ ਬਣਾਉਂਦੇ ਹਨ, (ਅਜਿਹੇ ਮਨੁੱਖ ਕਾਮਾਦਿਕ ਵਿਕਾਰਾਂ ਦੀਆਂ) ਲੱਖਾਂ ਗਲੀਆਂ ਨੂੰ ਝਾਕਦੇ ਭਟਕਦੇ ਫਿਰਦੇ ਹਨ । ੧ । (ਅਜੇਹੇ ਮਨੁੱਖ) ਨਾਸਵੰਤ ਪਦਾਰਥਾਂ ਦੇ ਕਾਰ-ਵਿਹਾਰ ਵਿਚ

ਹੀ ਰੁੱਝੇ ਰਹਿੰਦੇ ਹਨ, ਉਨ੍ਹਾਂ ਦਾ ਆਚਰਨ ਚੰਗੀ ਮਰਯਾਦਾ ਤੋਂ ਸੱਖਣਾ ਹੁੰਦਾ ਹੈ, ਉਹ (ਮਾਇਆ ਦੀ) ਮਮਤਾ ਦੇ ਨਸ਼ੇ ਵਿਚ ਮਸਤ ਰਹਿੰਦੇ ਹਨ, ਅਤੇ ਕ੍ਰੋਧ ਦੀ ਅੱਗ ਵਿਚ ਸੜਦੇ ਰਹਿੰਦੇ ਹਨ । (ਗੁਰਦੇਵ ਜੀ ਦਾ ਫ਼ੁਰਮਾਨ-) ਹੇ ਤਰਸ ਰੂਪ ਪ੍ਰਭੂ ! ਹੇ ਦਇਆ ਦੇ ਘਰ ਪ੍ਰਭੂ ! ਹੇ ਸ੍ਰਿਸ਼ਟੀ ਦੇ ਪਾਲਕ ! ਤੂੰ ਗ਼ਰੀਬਾਂ ਦਾ ਪਿਆਰਾ ਹੈਂ, ਮੈਂ ਤੇਰੀ ਸਰਨ ਆ ਪਿਆ ਹਾਂ (ਮੈਨੂੰ ਇਨ੍ਹਾਂ ਕਾਮਾਦਿਕ ਦੁਸ਼ਟਾਂ ਤੋਂ) ਬਚਾਈ ਰੱਖ । ੨ ।

(ੲ) **ਅਹੰਕਰਣ**=ਅਹੰਕ੍ਰਿਤ, ਅਹੰਕਾਰ, ਅਭਿਮਾਨ ।

੬- **ਨਾਨਕ ਸੋ ਸੂਰਾ ਵਰਿਆਮੁ, ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥ ਗੁਰਮੁਖਿ ਨਾਮੁ ਸਾਲਾਹਿ, ਜਨਮੁ ਸਵਾਰਿਆ ॥ ਆਪਿ ਹੋਆ ਸਦਾ ਮੁਕਤੁ, ਸਭੁ ਕੁਲੁ ਨਿਸਤਾਰਿਆ ॥..... ੧ ॥** [੮੬]-ਵਾ-੧੧

(ਸ) **ਅਹੰਬੁੱਧਿ**=ਅਭਿਮਾਨ ਭਰੀ ਬੁੱਧਿ । ੨- ਹਉਮੈ ਦਾ ਨਿਸ਼ਚਾ ।

੭- **ਅਹੰਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ ॥**
**ਹਰਿ ਨਾਮੁ ਅਉਖਧੁ ਗੁਰਿ ਨਾਮੁ ਦੀਨੋ ਕਰਣ ਕਾਰਣ ਜੋਗੁ ॥ ੧ ॥**[੫੦੨]-੪-੩੦

**ਅਰਥ:**--ਮੈਂ ਮੈਂ ਕਰਨ ਵਾਲੀ ਅਕਲ, (ਹੰਕਾਰ) ਬੜਾ ਲੰਮਾ ਰੋਗ ਹੈ, ਮਾਇਆ ਨਾਲ ਡੂੰਘਾ ਪਿਆਰ ਬੜਾ ਪੁਰਾਣਾ ਰੋਗ ਹੈ (ਇਸ ਰੋਗ ਤੋਂ ਉਸ ਵਡਭਾਗੀ ਮਨੁੱਖ ਦੀ ਖ਼ਲਾਸੀ ਹੁੰਦੀ ਹੈ ਜਿਸ ਨੂੰ) ਗੁਰੂ ਨੇ ਪਰਮਾਤਮਾ ਦਾ ਨਾਮ-ਦਾਰੂ ਦੇ ਦਿੱਤਾ । (ਹੇ ਭਾਈ !) ਪ੍ਰਭੂ ਦਾ ਨਾਮ ਜਗਤ ਦੇ ਮੂਲ-ਪ੍ਰਭੂ ਨਾਲ ਮਿਲਾਉਂਣ ਦੀ ਸਮਰਥਾ ਰੱਖਦਾ ਹੈ । ੧ ।

੮- **ਜੋਰ ਜੁਲਮ ਫੂਲਹਿ ਘਣੋ ਕਾਚੀ ਦੇਹ ਬਿਕਾਰ ॥ ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ ॥ ੧ ॥** [੨੫੫]-੨੪

**(ਹ)** ਮਹਾਨ ਕੋਸ਼ ਸਫ਼ਾ ੩੯੮=**ਗਰਬ** ਅਥਵਾ **ਗਰਬੁ**--ਅਭਿਮਾਨ, ਅਹੰਕਾਰ । ੨- ਅਵੱਗਯਾ ਦਾ ਭਾਵ ,

੯- **ਕਬੀਰ ਗਰਬੁ ਨ ਕੀਜੀਐ ਦੇਹੀ ਦੇਖਿ ਸੁਰੰਗ ॥ ਆਜੁ ਕਾਲਿ ਤਜਿ ਜਾਹੁਗੇ ਜਿਉ ਕਾਂਚੁਰੀ ਭੁਯੰਗ ॥ ੪੦ ॥**[੧੩੬੬]

੧੦- **ਬ੍ਰਹਮੈ ਗਰਬੁ ਕੀਆ ਨਹੀ ਜਾਨਿਆ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ॥ ਜਹ ਪ੍ਰਭ ਸਿਮਰੇ ਤਹੀ ਮਨ ਮਾਨਿਆ ॥ ੧ ॥ ਐਸਾ ਗਰਬੁ ਬੁਰਾ ਸੰਸਾਰੈ ॥ ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥ ੧ ॥ ਰਹਾਉ ॥ ਬਲਿ ਰਾਜਾ ਮਾਇਆ ਅਹੰਕਾਰੀ ॥ ਜਗਨ ਕਰੈ ਬਹੁ ਭਾਰੁ ਅਫਾਰੀ ॥ ਬਿਨੁ ਗੁਰ ਪੂਛੈ ਜਾਇ ਪਇਆਰੀ ॥੨॥ ਹਰੀਚੰਦੁ ਦਾਨੁ ਕਰੈ ਜਸੁ ਲੇਵੈ ॥ ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥ ਆਪਿ ਭੁਲਾਇ ਆਪੇ ਮਤਿ ਦੇਵੈ ॥ ੩ ॥ ਦੁਰਮਤਿ ਹਰਣਾਖਸੁ ਦੁਰਾਚਾਰੀ ॥ ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥ ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥ ੪॥ ਭੂਲੋ ਰਾਵਣੁ ਮੁਗਧੁ ਅਚੇਤਿ ॥ ਲੂਟੀ ਲੰਕਾ ਸੀਸ ਸਮੇਤਿ ॥ ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥ ੫ ॥ ਸਹਸਬਾਹੁ ਮਧੁ ਕੀਟ ਮਹਿਖਾਸਾ ॥ ਹਰਣਾਖਸੁ ਲੇ ਨਖਹੁ ਬਿਧਾਸਾ ॥ ਦੈਤ ਸੰਘਾਰਿ ਸੰਤ ਨਿਸਤਾਰੇ ॥ ੭ ॥ ਆਪੇ ਸਤਿਗੁਰੁ ਸਬਦੁ ਬੀਚਾਰੇ ॥ ਦੂਜੈ ਭਾਇ ਦੈਤ ਸੰਘਾਰੇ ॥ ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥ ੮ ॥ ਡੂਬਾ ਦੁਰਜੋਧਨੁ ਪਤਿ ਖੋਈ ॥ ਰਾਮੁ ਨ ਜਾਨਿਆ ਕਰਤਾ ਸੋਈ ॥ ਜਨ ਕਉ ਦੂਖਿ ਪਚੈ ਦੁਖੁ ਹੋਈ ॥੯॥ ਜਨਮੇਜੈ ਗੁਰ ਸਬਦੁ ਨ ਜਾਨਿਆ॥ ਕਿਉ ਸੁਖੁ ਪਾਵੈ ਭਰਮਿ ਭੁਲਾਨਿਆ॥ ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ॥ ੧੦ ॥ ਕੰਸੁ ਕੇਸੁ ਚਾਂਡੂਰੁ ਨ ਕੋਈ ॥ ਰਾਮੁ ਨ ਚੀਨਿਆ ਅਪਨੀ ਪਤਿ ਖੋਈ ॥ ਬਿਨੁ ਜਗਦੀਸ ਨ ਰਾਖੈ ਕੋਈ ॥ ੧੧ ॥ ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥ ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥ ਨਾਨਕ ਨਾਮੁ ਮਿਲੈ ਗੁਣ ਗਾਇ ॥ ੧੨ ॥ ੯ ॥**[ਪੰਨਾ-੨੨੪/੨੫]

[ਹੋਰ ਸਾਰੇ ਭਗਵਾਨਾ ਅਤੇ ਦੇਵੀ ਦੇਵਤਿਆਂ ਦੇ ਜ਼ਿਕਰ ਵਿਚ ਮਹਾਂਕਾਲ ਦਾ ਜਾਂ ਦੁਰਗਾ ਦਾ ਕਿਤੇ ਸੰਕੇਤ ਤੱਕ ਨਹੀਂ ਹੈ ?]

੧੧- **ਸੁਖੀ ਬਸੈ ਮਸਕੀਨੀਆ, ਆਪੁ ਨਿਵਾਰਿ ਤਲੇ ॥ ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ॥ ੧ ॥**[੨੭੮]-ਅਸਟ-੧੨

੧੨- **ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥ ੧ ॥ ਰਹਾਉ ॥** [੧੧੨੭]-੧

**ਗੁਮਾਨ**

੧੩- **ਬਿਸਟਾ ਅਸਤ ਰਕਤੁ ਪਰੇਟੇ ਚਾਮ ॥ ਇਸੁ ਊਪਰਿ ਲੇ ਰਾਖਿਓ ਗੁਮਾਨ ॥ ੩ ॥** [੩੭੪]-੧੪

[ਇਹ ਗੁਰੂ-ਵਾਕ ਵਿਚਾਰ ਸਮੇਤ ਚੌਥੇ ਭਾਗ ਦੇ ਪਹਿਲੇ ਕਾਂਡ ਦੇ ੫੭ ਨੰਬਰ ਤੇ ਲਿਖਿਆ ਜਾ ਚੁੱਕਿਆ ਹੈ]

**ਗਰਬ**

੧੪- **... ਜੋਗੀ ਜੰਗਮ ਸੰਨਿਆਸੀ ਭੁਲੇ ਓਨਾ ਅਹੰਕਾਰੁ ਬਹੁ ਗਰਬੁ ਵਧਾਇਆ ॥ .. ੨ ॥** [੫੧੩]-ਵਾਰ-੧੨

੧੫- **ਸੰਤਹੁ ਇਹਾ ਬਤਾਵਹੁ ਕਾਰੀ ॥ ਜਿਤੁ ਹਉਮੈ ਗਰਬੁ ਨਿਵਾਰੀ ॥ ੧ ॥ ਰਹਾਉ ॥** [੬੧੬]-੧੭-੨੮

**ਗਬ**

੧੬- **ਮਾਇਆ ਰੰਗ ਬਿਰੰਗ ਕਰਤ ਭ੍ਰਮ, ਮੋਹ ਕੈ ਕੂਪਿ ਗੁਬਾਰਿ ਪਰਿਓ ਹੈ ॥ ਏਤਾ ਗਬੁ ਅਕਾਸਿ ਨ ਮਾਵਤ ਬਿਸਟਾ ਕ੍ਰਿਮਿ ਉਦਰੁ ਭਰਿਓ ਹੈ ॥ ਦਹਦਿਸ ਧਾਇ ਮਹਾ ਬਿਖਿਆ ਕਉ, ਪਰ ਧਨ ਛੀਨਿ ਅਗਿਆਨ ਹਰਿਓ ਹੈ ॥ਜੋਬਨ ਬੀਤਿ ਜਰਾ ਰੋਗਿ ਗ੍ਰਸਿਓ ਮਦਸੂਦਨ ਡੰਨੁ ਮਿਰਤੁ ਮਰਿਓ ਹੈ ॥ ਅਨਿਕ ਜੋਨਿ ਸੰਕਟ ਨਰਕ ਭੁੰਚਤ,ਸਾਸਨ ਦੂਖ ਗਰਤਿ ਗਰਿਓ ਹੈ ॥ ਪ੍ਰੇਮ ਭਗਤਿ ਉਧਰਹਿ ਸੇ ਨਾਨਕ, ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥ ੮ ॥**[੧੩੮੮]

ਅਰਥ:--ਭੁਲੇਖੇ ਤੇ ਮੋਹ ਦੇ ਕਾਰਨ (ਜਿਸ ਮਾਇਆ-ਮੋਹ ਦੇ) ਹਨੇਰੇ ਖੂਹ ਵਿਚ ਤੂੰ ਪਿਆ ਹੈਂ, (ਉਹ) ਮਾਇਆ ਕਈ ਰੰਗਾਂ ਦੇ ਕੌਤਕ ਕਰਦੀ ਹੈ। ਤੈਨੂੰ ਇਤਨਾ ਅਹੰਕਾਰ ਹੈ ਕਿ (ਤੂੰ) ਅਸਮਾਨ ਤਾਈਂ ਨਹੀਂ ਮਿਉਂਦਾ । (ਪਰ ਤੇਰੀ ਹਸਤੀ ਤਾਂ ਇਹੀ ਹੈ ਕਿ ਤੇਰਾ) ਢਿੱਡ ਵਿਸ਼ਟਾ, ਹੱਡੀਆਂ ਤੇ ਕੀੜਿਆਂ ਨਾਲ ਭਰਿਆ ਹੈ । ਤੂੰ ਮਾਇਆ ਦੀ ਖ਼ਾਤਰ ਦਸੀਂ

ਪਾਸੀਂ ਦੌੜਦਾ ਹੈਂ, ਪਰਾਇਆ ਧਨ ਖੋਹੰਦਾ ਹੈਂ, ਤੈਨੂੰ ਅਗਿਆਨ ਨੇ ਠੱਗ ਲਿਆ ਹੈ। (ਤੇਰੀ) ਜੁਆਨੀ ਬੀਤ ਗਈ ਹੈ, ਬੁਢੇਪੇ-ਰੂਪ ਰੋਗ ਨੇ (ਤੈਨੂੰ) ਆ ਘੇਰਿਆ ਹੈ, (ਤੂੰ ਅਜੇਹੀ) ਮੌਤੇ ਮੁਇਆ ਹੈਂ (ਜਿੱਥੇ) ਤੈਨੂੰ ਜਮਦੂਤਾਂ ਦਾ ਡੰਨ ਭਰਨਾ ਪਏਗਾ । ਤੂੰ ਅਨੇਕਾਂ ਜੂਨਾਂ ਦੇ ਕਸ਼ਟ ਤੇ ਨਰਕ ਭੋਗਦਾ ਹੈਂ, ਜਮਾਂ ਦੀ ਤਾੜਨਾ ਦੇ ਦੁਖਾਂ ਦੇ ਟੋਏ ਵਿਚ ਗਲ ਰਿਹਾ ਹੈਂ । ਹੇ ਨਾਨਕ ! ਉਹ ਮਨੁੱਖ ਪ੍ਰੇਮ-ਭਗਤੀ ਦੀ ਬਰਕਤਿ ਨਾਲ ਪਾਰ ਲੰਘ ਗਏ ਹਨ, ਜਿਨ੍ਹਾਂ ਨੂੰ (ਹਰੀ ਨੇ) ਮਿਹਰ ਕਰ ਕੇ ਆਪਿ ਸੰਤ ਬਣਾ ਦਿਤਾ ਹੈ । ੮ -

(ਕ) **ਗਰਬਸਿ**=ਗਰਬ ਕਰਦਾ ਹੈ

੧੭- ਕਹਾ ਨਰ ਗਰਬਸਿ ਥੋਰੀ ਬਾਤ ॥ ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਢੌ ਜਾਤੁ ॥ ੧ ॥ ਰਹਾਉ ॥ [੧੨੫੧]-੧

**ਗਰਬਈਆ**--

੧੮- **ਇਸੁ ਤਨ ਧਨ ਕੋ ਕਿਆ ਗਰਬਈਆ ॥ ਰਾਮ ਨਾਮੁ ਕਾਹੇ ਨ ਦ੍ਰਿੜ੍ਹੀਆ ॥ ੧ ॥ ਰਹਾਉ ॥** [੩੩੦]-੩੫

**(ਖ)** **ਮਹਾਨ ਕੋਸ਼** ਸਫ਼ਾ ੭੨- **ਅਭਿਮਾਨ**--ਹੰਕਾਰ, ਗਰਬ । ੨- ਮਮਤਾ । ੩- ਅਪਮਾਨ, ਨਿਰਾਦਰ ।

੧੯- **ਸਭਹੂ ਤਲੈ ਤਲੈ ਸਭ ਊਪਰਿ ਏਹ ਦ੍ਰਿਸਟਿ ਦ੍ਰਿਸਟਾਏ ॥**
**ਅਭਿਮਾਨੁ ਖੋਇ ਖੋਇ ਖੋਇ ਖੋਈ ਹਉ ਮੋ ਕਉ ਸਤਿਗੁਰ ਮੰਤ੍ਰੁ ਦ੍ਰਿੜਾਏ ॥ ੩ ॥**[੮੨੦]-੧-੮੧

**੨-ਮਮਤਾ**--

੨੦- **ਤਿਸਨਾ ਅਗਨਿ ਜਲੈ ਸੰਸਾਰਾ ॥ ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥**
**ਮਰਿ ਮਰਿ ਜਨਮੈ ਪਤਿ ਗਵਾਏ ਅਪਣੀ ਬਿਰਥਾ ਜਨਮੁ ਗਵਾਵਣਿਆ ॥ ੩ ॥**[੧੨੦]-੧੮-੧੯

[ਮਹਾਨ ਕੋਸ਼ ਵਾਲੇ ਨੇ ਏਥੇ ਅਭਿਮਾਨ ਦਾ ਅਰਥ ਮਮਤਾ ਲਿਆ ਹੈ ਪਰ ਸਾਹਿਬ ਸਿੰਘ ਜੀ ਸਹਿਮਤ ਨਹੀਂ ਹਨ ]

੩- **ਅਪਮਾਨ, ਨਿਰਾਦਰ** ਦੇ ਅਰਥਾਂ ਵਿਚ ਅਭਿਮਾਨ--

੨੧- **ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥ ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥ ੨ ॥**[੫੧]-੨੬-੯੬

੨੨- **ਮਾਨੁ ਅਭਿਮਾਨੁ ਦੋਊ ਸਮਾਨੇ ਮਸਤਕੁ ਡਾਰਿ ਗੁਰ ਪਾਗਿਓ ॥**
**ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ ਲਾਗਿਓ ॥ ੧ ॥**[੨੧੫]-੨-੧੬੦

**ਅਰਥ**:--ਕੋਈ ਮੇਰਾ ਆਦਰ ਕਰੇ, ਕੋਈ ਮੇਰੇ ਨਾਲ ਆਕੜ ਵਾਲਾ ਸਲੂਕ (ਭਾਵੇਂ ਮੇਰਾ ਨਿਰਾਦਰ) ਕਰੇ ਮੈਨੂੰ ਦੋਵੇਂ ਇੱਕੋ ਜਿਹੇ ਜਾਪਦੇ ਹਨ, (ਕਿਉਂਕਿ) ਮੈਂ ਆਪਣਾ ਮੱਥਾ (ਸਿਰ) ਗੁਰੂ ਦੇ ਚਰਨਾਂ ਤੇ ਰੱਖ ਦਿੱਤਾ ਹੈ । (**ਗੁਰੂ ਦੀ ਕਿਰਪਾ ਨਾਲ ਮੇਰੇ ਮਨ ਵਿਚ) ਪਰਮਾਤਮਾ ਦਾ ਪਿਆਰ ਬਣ ਚੁੱਕਾ ਹੈ,** ਹੁਣ ਮੈਨੂੰ ਆਏ ਧਨ ਦੀ ਖ਼ੁਸ਼ੀ ਨਹੀਂ ਹੁੰਦੀ, ਤੇ ਆਈ ਬਿਪਤਾ ਤੋਂ ਦੁੱਖ ਨਹੀਂ ਪ੍ਰਤੀਤ ਹੁੰਦਾ । ੧ ।

(ਗ) (ਮ:ਕੋ: ਓਸੇ ਸਫ਼ੇ ਤੇ)-- **ਅਭਿਮਾਨੀ**=ਹੰਕਾਰੀ, ਮਗ਼ਰੂਰ ।

੨੩- **ਸੁਣਿ ਸਾਜਨ ਮੇਰੇ ਮੀਤ ਪਿਆਰੇ ॥ ਸਤਿ ਬਚਨ ਵਰਤਹਿ ਹਰਿ ਦੁਆਰੇ ॥**
**ਜੈਸਾ ਕਰੇ ਸੁ ਤੈਸਾ ਪਾਏ ॥ ਅਭਿਮਾਨੀ ਕੀ ਜੜ ਸਰਪਰ ਜਾਏ ॥ ੭ ॥** [੮੬੯]-੧-੨੯

੨੪- **ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ ॥ ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ ॥ .... ੨ ॥** [੧੧੧੦]-੩

**ਅਰਥ**:--ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ (ਮਾਇਆ ਦੇ ਹੱਲਿਆਂ ਵਲੋਂ ਸਦਾ) ਸੁਚੇਤ ਰਹਿੰਦੇ ਹਨ, (ਉਨ੍ਹਾਂ ਦੇ ਅੰਦਰੋਂ) ਅਹੰਕਾਰ ਵਾਲੀ ਦਸ਼ਾ ਮੁੱਕ ਜਾਂਦੀ ਹੈ । (ਉਨ੍ਹਾਂ ਦੇ ਅੰਦਰ) ਹਰ ਵੇਲੇ ਆਤਮਕ ਜੀਵਨ ਦੀ ਸੂਝ ਦਾ ਚਾਨਣ ਹੋਇਆ ਰਹਿੰਦਾ ਹੈ, (ਉਨ੍ਹਾਂ ਦੀ ਸੁਰਤਿ) ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਵਿਚ ਟਿਕੀ ਰਹਿੰਦੀ ਹੈ ।

੨੫- **ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥**
**ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥ ੨ ॥** [੨੧੯]-੫

**(ਘ)** **ਮਹਾਨ ਕੋਸ਼** ਸਫ਼ਾ ੩੪ । [**ਅਹੰਮੇਉ, ਅਹੰਮੇਇ, ਅਹੰਮੇਵ**]==ਖ਼ੁਦੀ, ਹਉਮੈ, ਅਹੰਕਾਰ । ੨- ਮੈਂ ਹੀ ਹਾਂ, ਭਾਵ, ਮੈਥੋਂ ਵੱਧ ਹੋਰ ਕੋਈ ਨਹੀਂ--" **ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ ॥** " (੩੧੭)-ਵਾ--੩੨

੨੬- **ਕਰਮ ਕਰਤ ਬਧੇ ਅਹੰਮੇਵ ॥ ਮਿਲਿ ਪਾਥਰ ਕੀ ਕਰਹੀ ਸੇਵ ॥ ੩ ॥**[੩੨੪]-੬

੨੭- **ਅਹੰਮੇਵ ਸਿਉ ਮਸਲਤਿ ਛੋਡੀ ॥ ਗੁਰਿ ਕਹਿਆ ਇਹੁ ਮੂਰਖੁ ਹੋਡੀ ॥**
**ਇਹੁ ਨੀਘਰੁ ਘਰੁ ਕਹੀ ਨ ਪਾਏ ॥ ਹਮ ਗੁਰਿ ਰਾਖਿ ਲੀਏ ਲਿਵ ਲਾਏ ॥ ੬ ॥**[੧੩੪੭]-੧

੨੮- **ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੁਆਨੀ ਲਹਰੀ ਦੇਇ ॥ ਬੁਰਾ ਭਲਾ ਨ ਪਛਾਣਈ**
**ਵਣਜਾਰਿਆ ਮਿਤ੍ਰਾ ਮਨੁ ਮਤਾ ਅਹੰਮੇਇ ॥ ਬੁਰਾ ਭਲਾ ਨ ਪਛਾਣੈ ਪ੍ਰਾਣੀ ਆਗੈ ਪੰਥੁ ਕਰਾਰਾ ॥ ..... ੨ ॥** [੭੭ ]-੧-੪

**(ਙ)** ਮਹਾਨ ਕੋਸ਼ ਸਫ਼ਾ ੨੫੫--**ਹਉ**=ਸਰਵ ਅਹੰ, ਮੈ । ੨- ਸੰਗਯਾ- ਹਉਮੈ, ਅਹੰਤਾ, ਮੈਂ ਦਾ ਭਾਵ । ੩--ਹੈ ਅਥਵਾ ਹੋਣ ਦੀ ਥਾਂ ਵੀ ਹਉ ਆਇਆ ਹੈ, ਜਿਵੇਂ-- " **ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ** " ॥ ...ਰਹਾਉ ॥[੩੩੮]-੧੯-੭੦

੨੯- **ਤਿਸੁ ਗੁਰ ਕਉ ਹਉ ਵਾਰਿਆ ਜਿਨਿ ਹਰਿ ਕੀ ਹਰਿ ਕਥਾ ਸੁਣਾਈ ॥**
**ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ ਬਣਤ ਬਣਾਈ ॥ ... ੫ ॥** [੫੮੮]-ਵਾਰ-੫

੩੦- **ਹਉ ਬੰਦੀ ਪ੍ਰਿਅ ਖਿਜਮਤਦਾਰ ॥ ਓਹੁ ਅਬਿਨਾਸੀ ਅਗਮ ਅਪਾਰ ॥**
**ਲੇ ਪਖਾ ਪ੍ਰਿਅ ਝਲਉ ਪਾਏ ॥ ਭਾਗਿ ਗਏ ਪੰਚ ਦੂਤ ਲਾਵੇ ॥ ੨ ॥** [੩੯੪]-੧-੯੫

## ੨

# ਅਹੰਕਾਰ

(ਅਹੰਕਾਰ, ਜਿਸ ਤੋਂ ਪਦਾਰਥਾਂ ਨਾਲ ਆਪਣਾ ਸੰਬੰਧ ਹੁੰਦਾ ਹੈ । (ਮੈਂ ਮਮਤਾ ਜਾਗਦੀ ਹੈ)

ਮੈ ਹੀ ਸਭ ਕੁਝ ਹਾਂ, ਮੇਰੇ ਵਰਗਾ ਦੂਜਾ ਹੋਰ ਕੌਣ ਹੋਵੇ ? ਭਾਰਤ ਵੀ ਮੈ ਹਾਂ, ਭਾਰਤ ਦੀ ਰਖੀਅਕ ਵੀ ਮੈਂ ਹੀ ਹਾਂ । ਅਜੇਹੇ ਬਚਨ ਬੋਲਨ ਵਾਲੀ ਬੀਬੀ ਇੰਦ੍ਰਾ ਸੰਸਾਰ ਤੋਂ ਖ਼ਾਲੀ ਹੱਥ ਤੁਰ ਗਈ । ਬਹੁਤਾ ਉੱਚਾ ਚੜ੍ਹਨ ਵਾਲੇ ਲਈ ਡਿੱਗ ਕੇ ਹਡ-ਗੋਡੇ ਭੰਨ ਲੈਣ ਦਾ ਜਾਂ ਮੌਤ ਸਹੇੜ ਲੈਣ ਦਾ ਖ਼ਤਰਾ ਬਣ ਸਕਦਾ ਹੈ, ਪਰ ਜਿਹੜਾ ਧਰਤੀ ਤੇ ਹੀ ਪਿਆ ਹੈ ਉਸ ਨੂੰ ਡਿਗ ਕੇ ਮਰਨ ਦਾ ਖ਼ਤਰਾ ਨਹੀਂ --**ਊਚਾ ਚੜੈ ਸੁ ਪਵੈ ਪਇਆਲਾ ॥ ਧਰਨਿ ਪੜੈ ਤਿਸ ਲਗੈ ਨ ਕਾਲਾ ॥ ੩ ॥[੩੭੪]-੧੩ ਹੰਕਾਰੀ ਮਨੁੱਖ ਆਤਮਕ ਤੌਰ ਤੇ ਸੁਖੀ ਨਹੀਂ ਹੋ ਸਕਦਾ, ਜਦ ਕਿ ਨਿਮਰਤਾ ਸੁਖ ਦੀ ਪ੍ਰਤੀਕ ਹੈ ।**

੩੧- **ਜਗੁ ਬਿਨਸਤ ਹਮ ਦੇਖਿਆ ਲੋਭੇ ਅਹੰਕਾਰਾ ॥ ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ ॥ ੪ ॥** [੨੨੯]-੧-੧੭

੩੨- **ਵਿਣੁ ਨਾਵੈ ਹੋਰੁ ਸਲਾਹਣਾ ਸਭੁ ਬੋਲਣੁ ਫਿਕਾ ਸਾਦੁ ॥ ਮਨਮੁਖ ਅਹੰਕਾਰੁ ਸਲਾਹਦੇ**
**ਹਉਮੈ ਮਮਤਾ ਵਾਦੁ ॥ ਜਿਨ ਸਾਲਾਹਿਨ ਸੇ ਮਰਹਿ ਖਪਿ ਜਾਵੈ ਸਭੁ ਅਪਵਾਦੁ ॥**
**ਜਨ ਨਾਨਕ ਗੁਰਮੁਖਿ ਉਬਰੈ ਜਪਿ ਹਰਿ ਹਰਿ ਪਰਮਾਨਾਦੁ ॥ ੧ ॥**[੩੦੧]-ਵਾ-੨
[ਨੋਟ--ਪੁਸਤਕ ਦੇ ਛੇਵੇਂ ਭਾਗ ਦੇ ਦੂਜੇ ਕਾਂਡ ਦੇ ੪੧ਵੇਂ ਨੰਬਰ ਤੇ ਇਸ ਗੁਰੂ-ਬਾਣੀ ਫ਼ੁਰਮਾਨ ਦੀ ਵਿਚਾਰ ਲਿਖੀ ਜਾ ਚੁੱਕੀ ਹੈ]

੩੩- **ਆਸਾ ਮਨਸਾ ਜਗਿ ਮੋਹਣੀ ਜਿਨਿ ਮੋਹਿਆ ਸੰਸਾਰੁ ॥ ਸਭੁ ਕੋ ਜਮ ਕੇ ਚੀਰੇ ਵਿਚਿ ਹੈ ਜੇਤਾ ਸਭੁ ਆਕਾਰੁ ॥**
**ਹੁਕਮੀ ਹੀ ਜਮੁ ਲਗਦਾ ਸੋ ਉਬਰੈ ਜਿਸੁ ਬਖਸੈ ਕਰਤਾਰੁ ॥ ਨਾਨਕ ਗੁਰ ਪਰਸਾਦੀ ਏਹੁ ਮਨੁ ਤਾਂ ਤਰੈ ਜਾ**
**ਛੋਡੈ ਅਹੰਕਾਰੁ ॥ ਆਸਾ ਮਨਸਾ ਮਾਰੇ ਨਿਰਾਸੁ ਹੋਇ ਗੁਰ ਸਬਦੀ ਵੀਚਾਰੁ ॥ ੨ ॥**[੯੫੧]-ਵਾ-੫

**ਅਰਥ:--(**ਹਰ ਵੇਲੇ ਮਾਇਆ ਦੀ) ਆਸ (ਹਰ ਵੇਲੇ ਮਾਇਆ ਦੀ ਹੀ) ਚਿਤਵਨੀ ਜਗਤ ਵਿਚ (ਜੀਵਾਂ ਨੂੰ) ਮੋਹ ਰਹੀ ਹੈ, ਇਸ ਨੇ ਸਾਰੇ ਜਗਤ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ । ਜਿਤਨਾ ਵੀ ਜਗਤ ਦਿੱਸ ਰਿਹਾ ਹੈ (ਇਸ ਆਸਾ ਮਨਸਾ ਦੇ ਕਾਰਨ ਜਗਤ ਦਾ) ਹਰੇਕ ਜੀਵ ਮੌਤ ਦੇ ਪੰਜੇ ਵਿਚ ਹੈ । (ਪਰ) ਇਹ ਮੌਤ ਪਰਮਾਤਮਾ ਦੇ ਹੁਕਮ ਵਿਚ ਹੀ ਵਿਆਪਦੀ ਹੈ (ਇਸ ਵਾਸਤੇ ਇਸ ਤੋਂ) ਉਹੀ ਬਚਦਾ ਹੈ ਜਿਸ ਉਤੇ ਕਰਤਾਰ ਮਿਹਰ ਕਰਦਾ ਹੈ (ਤੇ, ਪਰਮਾਤਮਾ ਬਖ਼ਸ਼ਸ਼ ਕਰਦਾ ਹੈ ਗੁਰੂ ਦੀ ਰਾਹੀਂ) ।

(ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ) ਜਦੋਂ ਗੁਰੂ ਦੀ ਕਿਰਪਾ ਨਾਲ ਮਨੁੱਖ (ਆਪਣੇ ਅੰਦਰੋਂ) **ਹੰਕਾਰ ਦੂਰ ਕਰਦਾ** ਹੈ, ਜਦੋਂ ਗੁਰੂ ਦੇ ਸ਼ਬਦ ਵਿਚ ਸੁਰਤਿ ਜੋੜਦਾ ਹੈ ਤਾਂ ਮਨੁੱਖ ਆਸਾ ਮਨਸਾ ਨੂੰ ਮੁਕਾ ਲੈਂਦਾ ਹੈ (ਦੁਨੀਆ ਦੀ ਕਿਰਤ ਕਰਦਾ ਹੋਇਆ ਹੀ) ਆਸਾਂ ਤੋ ਉਤਾਂਹ ਰਹਿੰਦਾ ਹੈ, ਮਨੁੱਖ ਦਾ ਮਨ (ਆਸਾ ਮਨਸਾ ਦੀ ਘੁੰਮਣ-ਘੇਰੀ ਵਿਚੋਂ) ਪਾਰ ਲੰਘ ਜਾਂਦਾ ਹੈ । ੨ । -

੩੪- **ਸਿੰਚਹਿ ਦਰਬੁ ਦੇਹਿ ਦੁਖੁ ਲੋਗ ॥ ਤੇਰੈ ਕਾਜਿ ਨ, ਅਵਰਾ ਜੋਗ ॥**
**ਕਰਿ ਅਹੰਕਾਰੁ ਹੋਇ ਵਰਤਹਿ ਅੰਧ ॥ ਜਮ ਕੀ ਜੇਵੜੀ ਤੂ ਆਗੈ ਬੰਧ ॥ ੧ ॥**[੮੮੯]-੧੨-੨੩

੩੫- **ਮਿਰਤੁ ਹਸੈ ਸਿਰ ਊਪਰੇ ਪਸੂਆ ਨਹੀ ਬੂਝੈ ॥ ਬਾਦ ਸਾਦ ਅਹੰਕਾਰ ਮਹਿ ਮਰਣਾ ਨਹੀਂ ਸੂਝੈ ॥ ੧ ॥** [੮੦੯]-੬-੩੬

੩੬- **ਜਨਮੁ ਬਿਹਾਨੋ ਅਹੰਕਾਰਿ ਅਰੁ ਵਾਦਿ ॥ ਤ੍ਰਿਪਤਿ ਨ ਆਵੈ ਬਿਖਿਆ ਸਾਦਿ ॥**
**ਭਰਮਤ ਭਰਮਤ ਮਹਾ ਦੁਖੁ ਪਾਇਆ ॥ ਤਰੀ ਨ ਜਾਈ ਦੁਤਰ ਮਾਇਆ ॥ ੨ ॥**[੮੯੮]-੩੭-੪੮

੩੭- **ਮਨ ਕਹ ਅਹੰਕਾਰਿ ਅਫਾਰਾ ॥ ਦੁਰਗੰਧ ਅਪਵਿਤ੍ਰ ਅਪਾਵਨ ਭੀਤਰਿ ਜੋ ਦੀਸੈ ਸੋ ਛਾਰਾ ॥੧॥ ਰਹਾਉ ॥**[੫੩੦]-੧੧

੩੮- **ਅਨਿਕ ਜਨਮ ਵਿਛੁੜੇ ਦੁਖੁ ਪਾਇਆ ਮਨਮੁਖਿ ਕਰਮ ਕਰੈ ਅਹੰਕਾਰੀ ॥**
**ਸਾਧੂ ਪਰਸਤ ਹੀ ਪ੍ਰਭੁ ਪਾਇਆ ਗੋਬਿਦ ਸਰਣਿ ਤੁਮਾਰੀ ॥ ੧ ॥**[੬੦੭]-੭

੩੯- **ਇਕੁ ਮਨੁ ਇਕੁ ਵਰਤਦਾ ਜਿਤੁ ਲਗੈ ਸੋ ਥਾਇ ਪਾਇ ॥ ਕੋਈ ਗਲਾ ਕਰੇ ਘਨੇਰੀਆ ਜਿ ਘਰਿ ਵਥੁ ਹੋਵੈ**
**ਸਾਈ ਖਾਇ ॥ ਬਿਨੁ ਸਤਿਗੁਰ ਸੋਝੀ ਨਾ ਪਵੈ ਅਹੰਕਾਰੁ ਨ ਵਿਚਹੁ ਜਾਇ ॥ ਅਹੰਕਾਰੀਆ ਨੋ ਦੁਖ**
**ਭੁਖ ਹੈ ਹਥੁ ਤਡਹਿ ਘਰਿ ਘਰਿ ਮੰਗਾਇ ॥ ਕੂੜੁ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ ਲਹਿ ਜਾਇ ॥ ਜਿਸੁ**
**ਹੋਵੈ ਪੂਰਬਿ ਲਿਖਿਆ ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ ॥ ਜਿਉ ਲੋਹਾ ਪਾਰਸਿ ਭੇਟੀਐ ਮਿਲਿ ਸੰਗਤਿ**
**ਸੁਵਰਨੁ ਹੋਇ ਜਾਇ ॥ ਜਨ ਨਾਨਕ ਕੇ ਪ੍ਰਭ ਤੂ ਧਣੀ ਜਿਉ ਭਾਵੈ ਤਿਵੈ ਚਲਾਇ ॥ ੨ ॥ [੩੦੩]-ਵਾ-੭**

**ਅਰਥ:**--ਮਨ ਇੱਕ ਹੈ ਤੇ ਇੱਕ ਪਾਸੇ ਹੀ ਜੁੜ ਸਕਦਾ ਹੈ, ਜਿਥੇ ਜੁੜਦਾ ਹੈ ਓਥੇ ਸਫ਼ਲਤਾ ਹਾਸਲ ਕਰ ਲੈਂਦਾ ਹੈ । ਬਹੁਤੀਆਂ ਗੱਲਾਂ ਬਾਹਰੋਂ ਬਾਹਰੋਂ ਕੋਈ ਪਿਆ ਕਰੇ (ਭਾਵ, ਗੱਲਾਂ ਕਰਨ ਦਾ ਕੋਈ ਲਾਭ ਨਹੀਂ) ਖਾ ਤੇ ਉਹੋ ਚੀਜ਼ ਸਕੀਦਾ ਹੈ ਜਿਹੜੀ ਘਰ ਵਿਚ ਹੋਵੇ (ਭਾਵ, ਮਨ ਜਿੱਥੇ ਲੱਗਾ ਹੋਇਆ ਹੈ ਪ੍ਰਾਪਤ ਤਾਂ ਉਹੋ ਸ਼ੈ ਹੋਣੀ ਹੈ) । ਮਨ ਨੂੰ ਸਤਿਗੁਰਾਂ ਦੇ ਅਧੀਨ ਕੀਤੇ ਬਿਨਾ ਇਹ (ਉਪ੍ਰੋਕਤ ਵਰਣਨ) ਸਮਝ ਨਹੀਂ ਆਉਂਦੀ ਤੇ ਹਿਰਦੇ ਵਿਚੋਂ ਹੰਕਾਰ ਦੂਰ ਨਹੀਂ ਹੁੰਦਾ । ਹੰਕਾਰੀ ਜੀਵਾਂ ਨੂੰ ਸਦਾ ਤ੍ਰਿਸ਼ਨਾ ਤੇ ਭੁੱਖ (ਸਤਾਉਂਦੇ ਹਨ), (ਤ੍ਰਿਸ਼ਨਾ ਦੇ ਕਾਰਨ) ਹੱਥ ਅੱਡ ਕੇ ਘਰ ਘਰ ਮੰਗਦੇ ਫਿਰਦੇ ਹਨ (ਭਾਵ, ਉਨ੍ਹਾਂ ਦੀ ਤ੍ਰਿਪਤੀ ਨਹੀਂ ਹੁੰਦੀ ਤੇ ਇਸ ਕਰਕੇ ਦੁਖੀ ਰਹਿੰਦੇ ਹਨ) । ਉਨ੍ਹਾਂ ਦਾ ਮੁਲੰਮਾ ਪਾਜ (ਵਿਖਾਵਾ) ਲਹਿ ਜਾਂਦਾ ਹੈ ਅਤੇ ਕੂੜ ਤੇ ਠੱਗੀ ਲੁਕੀ ਨਹੀਂ ਰਹਿ ਸਕਦੀ, (ਪਰ ਉਨ੍ਹਾਂ ਵਿਚਾਰਿਆਂ ਦੇ ਵੀ ਕੀ ਵੱਸ) ? ਪਿਛਲੇ (ਕੀਤੇ ਚੰਗੇ ਕੰਮਾ ਦੇ ਅਨੁਸਾਰ ਜਿਨ੍ਹਾਂ ਦੇ ਹਿਰਦੇ ਤੇ ਭਲੇ ਸੰਸਕਾਰ) ਲਿਖੇ ਹੋਏ ਹਨ, ਉਨ੍ਹਾਂ ਨੂੰ ਪੂਰਾ ਸਤਿਗੁਰੂ ਮਿਲ ਪੈਂਦਾ ਹੈ, ਤੇ ਜਿਵੇਂ ਪਾਰਸ ਨਾਲ ਲੱਗ ਕੇ ਲੋਹਾ ਸੋਨਾ ਬਣ ਜਾਂਦਾ ਹੈ ਤਿਵੇਂ (ਗੁਰੂ ਦੀ) ਸੰਗਤਿ ਵਿਚ ਰਲ ਕੇ (ਉਹ ਵੀ ਚੰਗੇ ਬਣ ਜਾਂਦੇ ਹਨ) । ਹੇ ਦਾਸ ਨਾਨਕ ਦੇ ਪ੍ਰਭੂ ! (ਜੀਵਾਂ ਦੇ ਹੱਥ ਕੁਝ ਨਹੀਂ) ਤੂੰ ਆਪ ਸਭ ਦਾ ਮਾਲਕ ਹੈਂ ਜਿਵੇਂ ਤੈਨੂੰ ਚੰਗਾ ਲੱਗਦਾ ਹੈ ਤਿਵੇਂ ਤੂੰ ਜੀਵਾਂ ਨੂੰ ਤੋਰਦਾ ਹੈ । ੨ ।

੪੦- **ਭਗਤੀ ਸਾਰ ਨ ਜਾਣਨੀ ਮਨਮੁਖ ਅਹੰਕਾਰੀ ॥**
**ਧੁਰਹੁ ਆਪਿ ਖੁਆਇਅਨੁ ਜੂਐ ਬਾਜੀ ਹਾਰੀ ॥ ੫ ॥** [੪੨੯]-੧੪-੩੬

੩

# ਹਉਂ ਅਥਵਾ ਗਉਮੈ

ਆਪਣੇ ਆਪ ਨੂੰ ਕਰਤਾ ਮੰਨ ਲੈਣਾ, ਦੂਜਿਆਂ ਨੋਂ ਆਪਣੇ ਆਪ ਨੂੰ ਸ੍ਰੇਸ਼ਟ ਸਮਝਣ ਲੱਗ ਪੈਣਾ, ਆਪਣੀ ਮਤਿ ਨੂੰ ਹੀ ਉੱਤਮ ਮੰਨ ਕੇ ਗੁਰੂ ਤੋਂ ਬੇਮੁਖ ਹੋ ਜਾਣਾ, ਅਤੇ ਕਹਿਣਾ ਕਿ ਮੈਂ ਹੀ ਸਭ ਕੁਝ ਕਰਨ ਦੇ ਸਮਰਥ ਹਾਂ, ਹੰਕਾਰ ਦਾ ਘਿਣਾਵਣਾ ਪੱਖ ਹੈ :--

੪੧- **ਹਉ ਸੰਚਉ ਹਉ ਖਾਟਤਾ ਸਗਲੀ ਅਵਧ ਬਿਹਾਨੀ ॥ ਰਹਾਉ ॥ ਹਉ ਸੂਰਾ ਪਰਧਾਨੁ ਹਉ ਕੋ ਨਾਹੀ ਮੁਝਹਿ ਸਮਾਨੀ ॥ ੨ ॥ ਜੋਬਨਵੰਤ ਅਚਾਰ ਕੁਲੀਨਾ ਮਨ ਮਹਿ ਹੋਇ ਗੁਮਾਨੀ ॥ ੩ ॥ ਜਿਉ ਉਲਝਾਇਓ ਬਾਧ ਬੁਧਿਕਾ ਮਰਤਿਆ ਨਹੀਂ ਬਿਸਰਾਨੀ ॥ ੪ ॥ ਭਾਈ ਮੀਤ ਬੰਧਪ ਸਖੇ ਪਾਛੇ ਤਿਨ ਹੂ ਕਉ ਸੰਪਾਨੀ ॥ ੫ ॥ ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ ਪ੍ਰਗਟਾਨੀ ॥ ੬ ॥ ਅਹੰਬੁਧਿ ਸੁਚਿ ਕਰਮ ਕਰਿ ਇਹ ਬੰਧਨ ਬੰਧਾਨੀ ॥ ੭ ॥ ਦਇਆਲ ਪੁਰਖ ਕਿਰਪਾ ਕਰਹੁ ਨਾਨਕ ਦਾਸ ਦਸਾਨੀ ॥ ੮ ॥** [੨੪੨]-੩-੧੫-੪੪

**ਅਰਥ:**--ਮੈਂ ਮਾਇਆ ਜੋੜ ਰਿਹਾ ਹਾਂ, ਮੈਂ ਹੀ ਖੱਟ ਰਿਹਾ ਹਾਂ, ਏਵੇ (ਫੜ੍ਹਾਂ ਮਾਰਦੇ ਮਨੁੱਖ ਦੀ) ਸਾਰੀ ਉਮਰ ਗੁਜ਼ਰ ਜਾਂਦੀ ਹੈ **। ੧ । ਰਹਾਉ ।** ਮੈਂ ਸੂਰਮਾ ਹਾਂ, ਮੈਂ ਹੀ ਪਰਧਾਨ ਹਾਂ, ਮੇਰੇ ਤੁੱਲ ਕੋਈ ਨਹੀਂ **। ੨ ।** ਮੈਂ ਸੁਹਣੀ ਜਵਾਨੀ ਵਾਲਾ ਹਾਂ, (ਮੈਂ ਹੀ) ਸ਼ੁਭ ਕਰਮੀ ਹਾਂ, ਮੈਂ (ਬੜੀ) ਉੱਚੀ ਕੁਲ ਵਾਲਾ ਹਾਂ, (ਇਸ ਤਰ੍ਹਾਂ ਦੀਆਂ ਵਿਚਾਰਾਂ ਕਾਰਨ ਜੀਵ) ਹੰਕਾਰੀ ਹੋਇਆ ਰਹਿੰਦਾ ਹੈ **। ੩ ।** (ਹਉਮੈ ਦੇ ਕਾਰਨ) ਮਾਰੀ ਹੋਈ ਮਤਿ ਵਾਲਾ ਮਨੁੱਖ ਉਲਝਿਆ ਰਹਿੰਦਾ ਹੈ ਅਤੇ ਅਜੇਹੀ ਮਤਿ ਮਰਨ ਵੇਲੇ ਵੀ ਨਹੀਂ ਭੁੱਲਦੀ **। ੪ ।** ਭਰਾ, ਮਿੱਤਰ, ਰਿਸ਼ਤੇਦਾਰ,--ਮਰਨ ਪਿੱਛੋਂ ਇਨ੍ਹਾਂ ਨੂੰ ਹੀ (ਆਪਣੀ ਸਾਰੀ ਉਮਰ ਦੀ ਜੋੜੀ ਮਾਇਆ) ਸੌਂਪ ਜਾਂਦਾ ਹੈ ( ਅਜੇਹਾ ਹੰਕਾਰੀ ਮਨੁੱਖ, ਸਿਵਾਏ ਬਦਨਾਮੀ ਦੇ, ਹੋਰ ਕੁਝ ਵੀ ਅਪਣੇ ਨਾਲ ਨਹੀਂ ਲੈ ਜਾਂਦਾ) **। ੫ ।** ਜਿਸ ਵਾਸਨਾ ਵਿਚ ਮਨੁੱਖ ਸਾਰੀ ਉਮਰ ਲੱਗਾ ਰਹਿੰਦਾ ਹੈ ਆਖ਼ਰ ਮੌਤ ਵੇਲੇ ਉਹੀ ਵਾਸਨਾ ਆ ਕੇ ਆਪਣਾ ਜ਼ੋਰ ਪਾ ਲੈਂਦੀ ਹੈ--(ਤੇ ਉਸੇ ਵਾਸਨਾ ਦਾ ਬੱਧਾ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ । ੬ । ਹਉਮੈ ਦੇ ਆਸਰੇ (ਸਰੀਰਕ ਪਵਿੱਤ੍ਰਤਾ ਤੇ ਤੀਰਥ-ਇਸ਼ਨਾਨ ਆਦਿਕ ਮਿਥੇ ਹੋਏ ਧਾਰਮਿਕ) ਕਰਮ ਕਰ ਕਰ ਕੇ ਇਨ੍ਹਾਂ ਬੰਧਨਾ ਵਿਚ ਹੀ ਬੱਝਦਾ ਹੈ **। ੭ । (**ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਪ੍ਰਭੂ ਦੇ ਅੱਗੇ ਅਰਦਾਸ ਕਰੇ, ਕਿ --ਹੇ ਦਇਆ ਦੇ ਘਰ ਸਰਬ-ਵਿਆਪਕ ਪ੍ਰਭੂ ! ਮੇਰੇ ਤੇ ਕਿਰਪਾ ਕਰ, ਮੈਨੂੰ ਆਪਣੇ ਦਾਸਾਂ ਦਾ ਦਾਸ (ਬਣਾਈ ਰੱਖ, ਤੇ ਇਨ੍ਹਾਂ ਹਉਮੇ ਦੇ ਬੰਧਨਾ ਤੋਂ ਮੈਨੂੰ ਬਚਾਈ ਰੱਖ) । ੮ ।

੪੨- **ਹਉ ਬੰਧਉ ਹਉ ਸਾਧਉ ਬੈਰੁ ॥ ਹਮਰੀ ਭੂਮਿ ਕਉਣੁ ਘਾਲੈ ਪੈਰੁ ॥**
**ਹਉ ਪੰਡਿਤੁ ਹਉ ਚਤੁਰੁ ਸਿਆਣਾ ॥ ਕਰਣੈਹਾਰੁ ਨ ਬੁਝੈ ਬਿਗਾਨਾ ॥ ੩ ॥**[੧੭੮]-੯-੭੮

**ਅਰਥ:**--(ਹੰਕਾਰ ਗ੍ਰਸਿਆ ਮਨੁੱਖ ਇਉਂ ਬਕੜ-ਬਾਹ ਕਰਦਾ ਹੈ)--ਮੈਂ (ਤਾਂ ਉਸ ਨੂੰ) ਬੰਨ੍ਹ ਲਵਾਂਗਾ, ਮੈਂ (ਉਸ ਪਾਸੋਂ ਆਪਣਾ) ਵੈਰ (ਦਾ ਬਦਲਾ) ਲਵਾਂਗਾ, ਮੇਰੀ ਭੁਇਂ ਉਤੇ ਕੌਣ ਪੈਰ ਰੱਖ ਸਕਦਾ ਹੈ ? ਮੈਂ (ਬੜਾ) ਵਿਦਵਾਨ ਹਾਂ, ਮੈਂ ਚਤੁਰ ਹਾਂ, ਮੈਂ ਸਿਆਣਾ ਹਾਂ । (ਆਪਣੇ ਹੰਕਾਰ ਵਿਚ) ਮੂਰਖ ਮਨੁੱਖ ਆਪਣੇ ਪੈਦਾ ਕਰਨ ਵਾਲੇ ਪਰਮਾਤਮਾ ਨੂੰ ਵੀ ਨਹੀਂ ਸਮਝਦਾ (ਚੇਤੇ ਰੱਖਦਾ) । ੩ ।

੪੩- **ਹਮ ਬਡ ਕਬਿ, ਕੁਲੀਨ ਹਮ ਪੰਡਿਤ, ਹਮ ਜੋਗੀ ਸੰਨਿਆਸੀ ॥**
**ਗਿਆਨੀ ਗੁਨੀ ਸੂਰ ਹਮ ਦਾਤੇ, ਇਹ ਬੁਧਿ ਕਬਹਿ ਨ ਨਾਸੀ ॥ ੨ ॥**[੯੭੩]-੧

ਆਪਣੇ ਆਪ ਵਿਚ ਹੀ ਸਭ ਕੁਝ ਬਣਿਆਂ ਹੋਇਆ, ਆਪਣੀ ਹਸਤੀ ਨੂੰ ਰੱਬ ਨਾਲੋਂ ਅੱਡਰੀ ਸਮਝਣ ਵਾਲੇ,, ਹਉਮੈ ਦੀ ਦਲਦਲ ਵਿਚ ਧਸੇ ਮਨੁੱਖ ਬਾਰੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਫ਼ੁਰਮਾਨ ਅਸੀਂ ' ਆਸਾ ਦੀ ਵਾਰ ਵਿਚ ਰੋਜ਼ ਪੜ੍ਹਦੇ ਸੁਣਦੇ ਰਹਿੰਦੇ ਹਾਂ । ਕੀਰਤਨ ਸੁਣ ਲੈਣ ਨਾਲ ਹੀ ਅਸੀਂ ਸਤੁਸ਼ਟ ਹੋ ਜਾਂਦੇ ਹਾਂ ਇਸੇ ਕਾਰਨ ਅਸੀਂ ਸਤਿਗੁਰਾਂ ਦੇ ਉਪਦੇਸ਼ ਨਾਲ ਜੁੜ ਕੇ ਜੀਵਨ ਸੁਆਰ ਸਕਣ ਦੀ ਸ਼ਕਤੀ ਲਗ-ਪਗ ਮੁਕਾ ਚੁੱਕੇ ਹਾਂ । ਆਉ ਸਤਿਗੁਰਾਂ ਦੇ ਉਨ੍ਹਾਂ ਮਹਾਂਵਾਕਾਂ ਦੀ ਵਿਚਾਰ ਨਾਲ ਜੁੜ ਵੇਖੀਏ:--

੪੪- **ਸਲੋਕ ਮ: ੧ ॥ ਹਉ ਵਿਚਿ ਆਇਆ ਹਉ ਵਿਚਿ ਗਇਆ ॥ ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥ ਹਉ ਵਿਚਿ ਦਿਤਾ ਹਉ ਵਿਚਿ ਲਇਆ ॥ ਹਉ ਵਿਚਿ ਖਟਿਆ ਹਉ ਵਿਚਿ ਗਇਆ ॥ ਹਉ ਵਿਚਿ ਸਚਿਆਰੁ ਕੂੜਿਆਰੁ ॥ ਹਉ ਵਿਚਿ ਪਾਪ ਪੁੰਨ ਵੀਚਾਰੁ ॥ ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥ ਹਉ ਵਿਚਿ ਹਸੈ ਹਉ ਵਿਚਿ ਰੋਵੈ ॥ ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥ ਹਉ ਵਿਚਿ ਜਾਤੀ ਜਿਨਸੀ ਖੋਵੈ ॥ ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥ ਮੋਖ ਮੁਕਤਿ ਕੀ ਸਾਰ ਨ ਜਾਣਾ ॥ ਹਉ ਵਿਚ ਮਾਇਆ ਹਉ ਵਿਚਿ ਛਾਇਆ ॥ ਹਉਮੈ ਕਰਿ ਕਰਿ ਜੰਤ ਉਪਾਇਆ ॥ ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥ ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥ ੧ ॥** [੪੬੬]-੭

**ਅਰਥ:--(ਜਦ ਤਾਂਈ ਜੀਵ) ਹਉਂ ਵਿਚ ਹੈ (ਭਾਵ ਰੱਬ ਨਾਲੋਂ ਤੇ ਉਸ ਦੀ ਕੁਦਰਤ ਨਾਲੋਂ ਆਪਣੀ ਅੱਡਰੀ ਹਸਤੀ ਬਣਾਈ ਬੈਠਾ ਹੈ, ਤਦ ਤਾਂਈ, ਜਗਤ ਵਿਚ ਆਉਂਦਾ ਅਤੇ ਏਥੋਂ ਜਾਂਦਾ ਹੈ, ਕਦੇ ਜੰਮਦਾ ਹੈ ਕਦੇ ਮਰਦਾ ਹੈ [" ਹਉਮੈ ਆਵੈ ਜਾਇ ਭਰਮਿ ਭੁਲਾਣਾ ॥ ੧ ॥** ਰਹਾਉ ॥ [੭੫੨]ਅਤੇ--**ਹਉਮੈ ਆਵੈ ਜਾਈ "** ॥(੧੦੦੩)] ਜਦ (ਕਦੇ ਕਿਸੇ ਲੋੜ ਵੰਦ ਨੂੰ ਕੁਝ) ਦਿੰਦਾ ਹੈ ਤਾਂ (ਆਪਣੇ ਆਪ ਨੂੰ ਦਾਨੀ ਸਮਝਣ ਦੀ ਹਉਮੈ ਕਰਦਾ ਹੈ (ਪਰ ਬੜੀ ਹੈਰਾਨੀ ਵਾਲੀ ਸਥਿਤੀ ਤਾਂ ਇਹ ਹੈ ਕਿ ਜਦ ਕਿਸੇ ਤੋਂ ਕੁਝ) ਲੈਂਦਾ ਹੈ ਤਦ ਵੀ (ਆਪਣੇ ਆਪ ਨੂੰ ਬੜਾ ਪਰਤੀਤ ਵਾਲਾ, ਭਾਵ, ਬੜੇ ਭਰੋਸੇ ਵਾਲਾ ਸਮਝਿਆ ਜਾਣ ਦੀ) ਹਉਮੈ ਕਰ ਰਿਹਾ ਹੁੰਦਾ ਹੈ । ਏਸੇ ਮੈਂ ਮੈਂ ਦੇ ਖ਼ਿਆਲ ਵਿਚ (ਕਿ ਮੇਰੀ ਸਿਆਣਪ ਕਰਕੇ ਖੱਟੀ ਹੋਈ ਹੈ) ਖਟਦਾ ਹੈ (ਅਤੇ ਮੇਰੀ ਸਿਆਣਪ ਕਰਕੇ ਹੀ ਬਹੁਤਾ ਘਾਟਾ ਨਹੀਂ ਪਿਆ) ਅਤੇ ਗੁਆਉਂਦਾ ਹੈ ।

ਜਿਨ੍ਹਾਂ ਚਿਰ ਜੀਵ ਮੇਰ-ਤੇਰ ਵਾਲੀ ਹੱਦਬੰਦੀ ਵਿਚ ਹੈ, (ਲੋਕਾਂ ਦੀਆਂ ਨਜ਼ਰਾਂ ਵਿਚ) ਕਦੇ ਸੱਚਾ ਹੈ ਕਦੇ ਝੂਠਾ ਹੈ (ਆਪਣੀ ਹਸਤੀ ਨੂੰ ਕਾਇਮ ਰੱਖਣ ਲਈ ਹੀ ਜੀਵ ਸੱਚ-ਝੂਠ ਬੋਲਦਾ ਹੈ । ਭਾਣੇ ਵਿਚ ਰਹਿਣ ਵਾਲੇ ਨੂੰ ਅਜੇਹੇ ਹੇਰ ਫੇਰ ਵਿਚ ਪੈਣ ਦੀ ਕੋਈ ਲੋੜ ਨਹੀਂ ਹੁੰਦੀ । ਆਪਣੇ ਕੀਤੇ ਚੰਗੇ ਜਾਂ ਮਾੜੇ ਕਰਮਾ ਦੀ ਵਿਚਾਰ ਵੀ ਤਦੇ

ਹੀ ਕਰਦਾ ਹੈ । (ਹਉ ਹਉਂ ਵਾਲੀ ਆਪਣੀ ਅੱਡਰੀ ਹਸਤੀ ਨੂੰ ਮਿਟਾ ਕੇ ਵਾਹਿਗੁਰੂ ਦੇ ਕੀਤੇ ਜਾਂ ਕਰਾਵੇ ਵਿਚ ਸਦਾ ਅਨੰਦ ਰਹਿਣ ਵਾਲਾ ਪਾਪ ਪੁੰਨ ਦੀ ਵਿਚਾਰ ਵਿਚ ਕਿਉਂ ਪਵੇ ?) ਹਉਮੈ ਦੇ ਕਾਰਨ ਬਣੀ ਅੱਡਰੀ ਹੋਂਦ ਨੇ ਹੀ ਨਰਕਾਂ ਵਿਚ ਪੈਣ ਦੀ ਅਥਵਾ ਸੁਰਗਾਂ ਵਿਚ ਜਾਣ ਦੀ ਵਿਚਾਰ ਨੂੰ ਜਨਮ ਦਿੱਤਾ । (ਆਪਣਾ ਆਪਾ ਭੇਟਾ ਕਰ ਚੁੱਕੇ ਨੂੰ ਕੀ ? ਵਾਹਿਗੁਰੂ ਜਾਣੇ ਮਰਨ ਉਪ੍ਰੰਤ ਉਸ ਨੇ ਸਾਨੂੰ ਕਿੱਥੇ ਅਤੇ ਕਿਵੇਂ ਰੱਖਣਾ ਹੈ । ਰੱਬ ਦੇ ਕੰਮਾਂ ਬਾਰੇ, ਅਸੀਂ ਵਿਚਾਰਾਂ ਵਿਚ ਕਿਉਂ ਪਈਏ ?) ਹੱਸਣਾ ਰੋਣਾ ਦੁੱਖ ਸੁਖ ਦਾ ਅਨੁਭਵ ਕੇਵਲ ਹਉ ਹਉਂ ਦੇ ਕਾਰਨ ਰੱਬ ਤੋਂ ਬਣੀ ਅੱਡਰੀ ਹੋਂਦ ਦੇ ਕਾਰਨ ਹੀ ਹੈ । ਆਪਣੀ ਅੱਡਰੀ ਬਣਾਈ ਹੋਂਦ ਦੇ ਕਾਰਨ ਹੀ ਜੀਵ ਕਦੇ, ਪਾਪਾਂ ਦੀ ਮੈਲ ਵਿਚ ਭਰਦਾ ਹੈ ਅਤੇ (ਕਦੇ ਆਪਣੀ ਵਿਉਂਤ ਨਾਲ ਮਿਥੇ ਹੋਏ ਧਰਮ ਕਰਮ ਕਰਕੇ ਪਾਪਾਂ ਦੀ ਉਸ) ਮੈਲ ਨੂੰ ਧੋਂਦਾ ਹੈ । ਹਉਮੈ ਦਾ ਮਾਰਿਆ ਹੀ ਮਨੁੱਖ ਜ਼ਾਤ ਪਾਤ ਦੇ ਵਿਚਾਰਾਂ ਵਿਚ ਫਸਦਾ ਹੈ ।

ਜਿੰਨਾਂ ਚਿਰ ਮਨੁੱਖ ਆਪਣੀ ਵੱਖਰੀ ਹੋਂਦ ਦੀ ਵਲਗਣ ਵਿਚ ਫਸਿਆ ਹੈ (ਉਸ ਦੇ ਆਪ ਹੁਦਰੇ ਕਰਮ, ਉਸ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ) ਕਦੇ ਮੂਰਖ ਅਤੇ ਕਦੇ ਸਿਆਣਾ (ਬਣਾਈ ਰੱਖਦੇ ਹਨ । ਹਉਮੈ ਦੇ ਕਾਰਨ ਹੀ ਮੋਖ ਮੁਕਤੀ ਦੀ ਅਸਲੀਯਤ ਦੀ ਸਮਝ ਨਹੀਂ ਆਉਂਦੀ । ਜ਼ਬਾਨੀ ਗੱਲਾਂ ਕਰ ਕਰ ਕੈ ਬੇਸ਼ੱਕ ਲੋਕਾਂ ਨਾਲ ਬਹਿਸਾਂ ਕਰਦਾ ਰਹੇ ਪਰ ਜਿੰਨਾ ਚਿਰ ਇਸ ਨੂੰ ਇਹ ਪਤਾ ਨਹੀਂ ਲੱਗਦਾ ਕਿ ਹਉਮੈ ਦੇ ਕਾਰਨ ਪਰਮਾਤਮਾ ਨਾਲੋਂ ਉਸ ਦੀ ਹਸਤੀ ਅੱਡਰੀ ਬਣ ਰਹੀ ਹੈ, ਉਨਾਂ ਚਿਰ ਉਸ ਨੂੰ (ਅੰਦਰੇ ਬੈਠੇ) ਪਰਮਾਤਮਾ ਦੇ ਟਿਕਾਣੇ ਦੀ ਸਮਝ ਨਹੀਂ ਆਉਂਦੀ ।

(ਕਰਣਹਾਰ ਪਰਮਾਤਮਾ ਦੀ ਕੁਦਰਤ ਦਾ ਇਹ ਪੱਕਾ ਹੁਕਮ-ਰੂਪੀ ਨਿਯਮ ਹੈ ਕਿ) ਕੋਈ ਜਿਸ ਨਜ਼ਰ ਨਾਲ ਦੂਜਿਆਂ ਨੂੰ ਵੇਖਦਾ ਹੈ (ਜਿਹੇ ਜਿਹੇ ਵਿਚਾਰ ਦੂਜਿਆਂ ਲਈ ਬਣਾਉਂਦਾ ਹੈ, ਉਸੇ ਤਰ੍ਹਾਂ ਦੇ ਉਸ ਦੇ ਆਪਣੇ ਸੰਸਕਾਰ ਬਣ ਜਾਂਦੇ ਹਨ ਅਤੇ ਸੰਸਕਾਰਾਂ ਦੇ ਉਸ ਜਾਲ ਵਿਚ ਘਿਰ ਕੇ ਉਸ ਦੀ ਹਉਮੈ ਵਾਲੀ ਅੱਡਰੀ ਹੋਂਦ ਬਣ ਜਾਂਦੀ ਹੈ । ਉਹ ਆਪ ਵੀ ਉਸੇ ਤਰ੍ਹਾਂ ਦਾ ਹੀ ਬਣ ਜਾਂਦਾ ਹੈ, ਅਤੇ ਲੋਕਾਂ ਵਲੋਂ ਉਹ ਵੀ) ਉਸੇ ਨਜ਼ਰ ਨਾਲ ਵੇਖਿਆ ਜਾਂਦਾ ਹੈ । ੧ ।

ਅਜੇਹੇ ਹੋਰ ਗੁਰੂ ਫ਼ੁਰਮਾਨ ਜਿੰਨ੍ਹਾਂ ਵਿਚ ਹਉਮੈਂ ਨੂੰ ਰੋਗ ਫ਼ੁਰਮਾਨ ਕੀਤਾ ਹੈ:--

੪੫- **ਹਉਮੈ ਵਡਾ ਰੋਗੁ ਹੈ ਭਾਇ ਦੂਜੈ ਕਰਮ ਕਮਾਇ ॥**
**ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ ॥ ੨ ॥**[੫੮੯]-ਵਾਰ-੯

੪੬- **ਸਤਿਗੁਰੁ ਸੁਖ ਸਾਗਰੁ ਜਗ ਅੰਤਰਿ ਹੋਰਥੈ ਸੁਖੁ ਨਾਹੀ ॥**
**ਹਉਮੈ ਜਗਤੁ ਦੁਖਿ ਰੋਗਿ ਵਿਆਪਿਆ ਮਰਿ ਜਨਮੈ ਰੋਵੈ ਧਾਹੀ ॥ ੧ ॥** [੬੦੩]-੧੦

੪੭- **ਸਤਿਗੁਰੁ ਕੀ ਸੇਵ ਨ ਕੀਤਈ ਸਬਦਿ ਨ ਲਗੋ ਭਾਉ ॥ ਹਉਮੈ ਰੋਗੁ ਕਮਾਵਣਾ**
**ਅਤਿ ਦੀਰਘੁ ਬਹੁ ਸੁਆਉ ॥ ਮਨ ਹਠਿ ਕਰਮ ਕਮਾਵਣੇ ਫਿਰਿ ਫਿਰਿ ਜੋਨੀ ਪਾਇ .....੨ ॥**[੮੫੦]-੨

**ਅਰਥ:**--ਜਿਸ ਮਨੁੱਖ ਨੇ ਗੁਰੂ ਦੀ ਦੱਸੀ ਸੇਵਾ-ਕਮਾਈ ਨਹੀ ਕੀਤੀ, ਜਿਸ ਦਾ ਪਿਆਰ ਗੁਰੂ ਦੇ ਸ਼ਬਦ ਵਿਚ ਨਾ ਬਣਿਆਂ (ਆਪਣੇ ਹੀ ਮਨ ਦਾ ਮੁਰੀਦ ਰਹਿ ਕੇ ਉਸ ਨੇ) ਅਨੇਕਾਂ ਚਸਕਿਆਂ ਵਲ ਪ੍ਰੇਰਨ ਵਾਲਾ ਬਹੁਤ ਵਡਾ ਹਉਮੈ ਦਾ ਰੋਗ ਹੀ ਖਟਿਆ, ਆਪਣੇ ਮਨ ਦੇ ਹਠ ਦੇ ਆਸਰੇ (ਵਿਖਾਵੇ ਵਾਲੇ ਹੋਰ ਹੋਰ ) ਕਰਮ ਕਰਦੇ ਰਹਿਣ ਕਰਕੇ ਉਹ ਮਨੁੱਖ ਮੁੜ ਮੁੜ ਜੂਨਾਂ (ਦੇ ਗੇੜ) ਵਿਚ ਪੈਂਦਾ ਹੈ ।

## ੪
# ਹਉਮੈ ਵਿਚਿ ਸਭੁ ਜਗੁ ਬਉਰਾਨਾ ॥

੪੮- **ਹਉਮੈ ਵਿਚਿ ਜਗਤੁ ਮੁਆ ਮਰਦੋ ਮਰਦਾ ਜਾਇ ॥ ਜਿਚਰੁ ਵਿਚਿ ਦੰਮੁ ਹੈ**
**ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ ॥ ਗਿਆਨੀ ਹੋਇ ਸੁ ਚੇਤੰਨੁ ਹੋਇ**
**ਅਗਿਆਨੀ ਅੰਧੁ ਕਮਾਇ ॥ ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ ॥ ੧ ॥**[੫੫੫]-ਵਾ--੧੯

**ਅਰਥ:**--ਸੰਸਾਰ ਹਉਮੈ ਵਿਚ (ਮਾਨੋਂ) ਮੁਰਦਾ ਹੋ ਰਿਹਾ ਹੈ, ਨਿਤ (ਹੇਠਾਂ ਹੀ ਹੇਠਾਂ) ਗਰਕਦਾ ਜਾ ਰਿਹਾ ਹੈ, ਜਦ ਤਾਈਂ ਸਰੀਰ ਵਿਚ ਦਮ ਹੈ, ਪ੍ਰਭੂ ਦੀ ਯਾਦ ਨਾਲ ਨਹੀਂ ਜੁੜਦਾ (ਸੰਸਾਰੀ ਜੀਵ ਹਉਮੈ ਦੀ ਮਸਤੀ ਵਿਚ ਨਿਘਰਿਆ ਹੋਇਆ ਇਹ ਸੋਚਦਾ ਹੀ ਨਹੀਂ ਕਿ) ਅਗਾਂਹ ਦਰਗਾਹ ਵਿਚ ਜਾ ਕੇ ਉਸ ਦਾ ਕੀ ਹਾਲ ਹੋਵੇਗਾ । ਜੋ ਮਨੁੱਖ ਗਿਆਨਵਾਨ ਹੁੰਦਾ ਹੈ, ਉਹ ਸੁਚੇਤ ਰਹਿੰਦਾ ਹੈ, ਪਰ ਅਗਿਆਨੀ ਮਨੁੱਖ ਅਗਿਆਨਤਾ ਦੇ ਕੰਮ ਹੀ ਕਰਦਾ ਹੈ । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਮਨੁੱਖਾ ਜਨਮ ਵਿਚ ਜੋ ਕੁਝ ਜੀਵ ਕਮਾਈ ਕਰਦਾ ਹੈ ਅੱਗੇ ਉਹੀ ਮਿਲਦਾ ਹੈ । ੧ ।

੪੯- **ਹਉਮੈ ਵਿਚਿ ਸਭੁ ਜਗੁ ਬਉਰਾਨਾ ॥ ਦੂਜੈ ਭਾਇ ਭਰਮਿ ਭੁਲਾਨਾ ॥**
**ਬਹੁ ਚਿੰਤਾ ਚਿਤਵੈ ਆਪੁ ਨ ਪਛਾਨਾ ॥ ਧੰਧਾ ਕਰਤਿਆ ਅਨਦਿਨੁ ਵਿਹਾਨਾ ॥ ੧ ॥**[੧੫੯]-੬-੨੬

**ਅਰਥ:**--(ਪ੍ਰਭੂ ਦੇ ਨਾਮ ਤੋਂ ਖੁੰਝ ਕੇ) ਹਉਮੈ ਵਿਚ ਫਸ ਕੇ ਸਾਰਾ ਜਗਤ ਝੱਲਾ ਹੋ ,ਰਿਹਾ ਹੈ, ਮਾਇਆ ਦੇ ਮੋਹ ਕਾਰਨ ਭਟਕਣਾ ਵਿਚ ਪੈ ਕੇ ਕੁਰਾਹੇ ਜਾ ਰਿਹਾ ਹੈ, ਹੋਰ ਹੋਰ ਕਈ ਸੋਚਾਂ ਸੋਚਦਾ ਰਹਿੰਦਾ ਹੈ ਪਰ ਆਪਣੇ ਆਤਮਕ ਜੀਵਨ ਨੂੰ ਨਹੀਂ ਪੜਤਾਲਦਾ, ਜਿਸ ਤਰ੍ਹਾਂ) ਮਾਇਆ ਦੀ ਖ਼ਾਤੇ ਦੌੜ-ਭੱਜ ਕਰਦਿਆਂ (ਮਾਇਆ-ਧਾਰੀ ਜੀਵ ਦਾ) ਹਰੇਕ ਦਿਨ ਬੀਤ ਰਿਹਾ ਹੈ । ੧ ।

੫੦- **ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ ॥ ਮਨਮੁਖ ਸਬਦੁ ਨ**
**ਜਾਣਨੀ ਜਾਸਨਿ ਪਤਿ ਗਵਾਇ ॥ ਗੁਰ ਸੇਵਾ ਨਾਉ ਪਾਈਐ ਸਚੇ ਰਹੈ ਸਮਾਇ ॥ ੩ ॥**[੩੪]-੧੯-੫੨

੫੧- **ਹਉਮੈ ਰੋਗੁ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥**
**ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥ ੩ ॥**[੭੩੫]-੩-੧੪

੫੨- **ਤ੍ਰਿਭਵਣ ਢੂਢੀ ਸਜਣਾ ਹਉਮੈ ਬੁਰੀ ਜਗਤਿ ॥ ਨਾ ਝੁਰੁ ਹੀਅੜੇ ਸਚੁ ਚਉ ਨਾਨਕ ਸਚੋ ਸਚੁ ॥ ੨ ॥**[੧੦੮੮]-ਵਾ-੪

## ੫
# ਹਉਮੈ ਮਮਤਾ ਸਬਦੇ ਖੋਵੈ ॥

ਕੀ ਇਸ ਦੀਰਘ ਰੋਗ ਹਉਮੈ ਦਾ ਕੋਈ ਇਲਾਜ ਵੀ ਹੈ ? ਇਸ ਸ਼ੰਕੇ ਦੀ ਨਿਵਰਤੀ ਲਈ, ਆਸਾ ਦੀ ਵਾਰ ਵਿਚਲੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਸਲੋਕ ਤੋਂ ਹੀ ਗੁਰਮਤਿ ਵਿਚਾਰ ਅਰੰਭ ਕਰਦੇ ਹਾਂ । ਆਸਾ ਜੀ ਦੀ ਵਾਰ ਵਿਚ, ਇਹ ਪਾਵਨ ਸਲੋਕ ਉਪ੍ਰੋਕਤ ੧੨੬ ਨੰਬਰ ਤੇ ਵਿਚਾਰੇ ਸ੍ਰੀ ਗੁਰੂ ਨਾਨਕ ਜੀ ਦੇ ਸਲੋਕ ਤੋਂ ਅਗਲਾ ਹੈ:--

੫੩- **ਮ: ੨ ॥ ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥**
**ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥ ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥**
**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥**
**ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥ ੨ ॥** [੪੬੬]-ਵਾ-੭

**ਪਦ ਅਰਥ :**-- ਜਾਤਿ=ਕੁਦਰਤੀ ਸੁਭਾਵ, ਲੱਛਣ । ਹਉਮੈ ਕਰਮ=ਉਹ ਕੰਮ ਜਿੰਨ੍ਹਾਂ ਨਾਲ ਹਉਂ ਬਣੀ ਰਹੇ । ਕਿਤ ਸੰਜਮ=ਕਿਸ ਜੁਗਤੀ ਨਾਲ, ਕਿਸ ਤਰੀਕੇ ਨਾਲ । ਪਇਐ ਕਿਰਤਿ ਫਿਰਾਹਿ=ਕੀਤੇ ਹੋਏ ਕਰਮਾਂ ਤੋਂ ਬਣੇ ਸੰਸਕਾਰਾਂ ਅਨੁਸਾਰ ਜੀਵ ਮੁੜ ਉਨ੍ਹਾਂ ਹੀ ਕੰਮਾ ਨੂੰ ਕਰਨ ਵਾਸਤੇ ਦੌੜਦੇ ਹਨ । ਦੀਰਘ=ਲੰਮਾ, ਢੇਰ ਚਿਰ ਰਹਿਣ ਵਾਲਾ (ਕਿਸੇ ਮੰਦੀ ਸੰਗਤਿ ਵਿਚ ਪੈ ਕੇ ਜਦੋਂ ਇੱਕ ਦੋ ਵਾਰੀ ਸ਼ਰਾਬ ਪੀਤਿਆਂ ਮਨੁੱਖ ਨੂੰ ਸ਼ਰਾਬ ਪੀਣ ਦਾ ਚਸਕਾ ਪੈ ਜਾਵੇ, ਤਾਂ ਉਹ ਚਸਕਾ ਹੀ ਉਸ ਨੂੰ ਮੁੜ ਮੁੜ ਸ਼ਰਾਬ-ਖ਼ਾਨੇ ਵਲ ਨੂੰ ਲੈ ਤੁਰਦਾ ਹੈ । ਏਸੇ ਤਰ੍ਹਾਂ ਚੋਰੀ ਦਾ ਜਾਂ ਤਸਕਰੀ, ਬਲਾਤਕਾਰ ਆਦਿ ਅਵਗਗੁਣਾ ਤੋਂ ਇੱਕ ਦੋ ਵਾਰੇ ਹੋਏ ਲਾਭ ਤੋਂ ਪਿਆ ਚਸਕਾ, ਹਉਮੈ ਦੀ ਸ਼ਕਲ ਵਿਚ ਪੱਕੀ ਆਦਤ ਬਣ ਜਾਂਦਾ ਹੈ, ਜੋ ਮਨੁੱਖ ਨੂੰ ਜੇਲ੍ਹ ਵਿਚ ਲੈ ਵੜਦਾ ਹੈ ਅਤੇ ਇਹੀ ਰੋਗ ਕਈ ਵਾਰੀ ਅਪਰਾਧੀ ਨੂੰ ਫਾਸੀ ਦੇ ਤਖ਼ਤੇ ਤੱਕ ਧੂ ਖੜਦਾ ਹੈ,] ਦਾਰੂ ਭੀ=ਇਲਾਜ ਵੀ ਹੈ, (ਭਾਵ, ਇਹ ਹਉਮੈ ਇਲਾਜ ਤੋਂ ਬਿਨਾ ਨਹੀਂ ਹੈ) । ਇਸ ਮਾਹਿ=ਇਸ ਹਉਮੈ ਵਿਚ, ਇਸ ਹਉਮੈ ਦਾ । [ ਨੋਟ:-ਪਾਠ ਕਰਨ ਸਮੇਂ " ਇਸ " ਅਤੇ " ਭੀ " ਸ਼ਬਦਾਂ ਤੇ ਜ਼ੋਰ ਦੇਣ ਨਾਲ ਅਜੇਹਾ ਭੁਲੇਖਾ ਬਣ ਜਾਂਦਾ ਹੈ ਕਿ ਹਉਮੈ ਦਾ ਇਲਾਜ ਵੀ ਹਉਮੈ ਵਿਚ ਹੀ ਹੈ । ਤਦੇ ਕਈ ਵਾਰੀ ਲੋਕ ਕਈ ਸੱਜਣ ਪੁਛਦੇ ਹਨ ਕਿ ਹਉਮੈ ਦਾ ਦਾਰੂ ਹਉਮੈ ਵਿਚ ਕਿਸ ਤਰ੍ਹਾਂ ਹੈ ? ਪਰ ਜੇ ਪੜ੍ਹਨ ਸਮੇ " ਦਾਰੂ " ਸ਼ਬਦ ਤੇ ਜ਼ੋਰ ਦਿੱਤਾ ਜਾਵੇ ਤਾਂ ਅਰਥ ਆਪਣੇ ਆਪ ਸਾਫ਼ ਹੋ ਜਾਂਦੇ ਹਨ]

ਅਰਥ:-- " ਹਉਮੈ " ਦਾ ਸੁਭਾਵ (ਅਥਵਾ ਸੁਭਾਅ, ਸੁਭਾਉ) ਇਹੀ ਹੈ (ਭਾਵ, ਜੇ ਰੱਬ ਨਾਲੋਂ ਵੱਖਰੀ ਅਪਣਤ ਬਣੀ ਰਹੇ ਤਾਂ ਉਸ ਦਾ ਸਿੱਟਾ ਇਹੀ ਨਿਕਲਦਾ ਹੈ ਕਿ ਜੀਵ) ਉਹ ਕੰਮ ਕਰਦੇ ਹਨ, ਜਿਨ੍ਹਾਂ ਨਾਲ ਇਹ ਅੱਡਰੀ ਹੋਂਦ ਟਿਕੀ ਰਹੇ । ਇਸ ਵੱਖਰੀ ਹੋਂਦ ਦੇ ਬੰਧਨ ਵੀ ਇਹੀ ਹਨ (ਭਾਵ, ਵੱਖਰੀ ਹੋਂਦ ਦੇ ਆਸਰੇ ਕੀਤੇ ਕੰਮਾਂ ਦੇ ਸੰਸਕਾਰ ਰੂਪ ਜ਼ੰਜੀਰ ਵੀ ਇਹੀ ਹਨ, ਜਿੰਨ੍ਹਾਂ ਦੇ ਅੰਦਰ ਘੇਰੇ ਹੋਏ ਜੀਵ) ਮੁੜ ਮੁੜ ਜੂੰਨਾ ਵਿਚ ਪੈਂਦੇ ਹਨ । *ਸੁਤੇ ਹੀ ਮਨ ਵਿਚ ਪ੍ਰਸ਼ਨ ਉਠਦਾ ਹੈ ਕਿ ਜੀਵ ਦੀ) ਇਹ ਅੰਡਰੀ ਹਸਤੀ ਵਾਲਾ ਭਰਮ ਕਿਥੋਂ ਪੈਦਾ ਹੁੰਦਾ ਹੈ ਅਤੇ ਕਿਸ ਤਰੀਕੇ ਨਾਲ ਇਹ ਦੂਰ ਹੋ ਸਕਦਾ ਹੈ । (ਇਸ ਦਾ ਉੱਤਰ ਇਹ ਹੈ ਕਿ) ਇਹ ਵਖਰੀ ਸ਼ਖਸੀਅਤ ਬਨਾਉਣ ਵਾਲਾ ਰੱਬ ਦਾ ਹੁਕਮ (ਰੂਪੀ ਪੱਕਾ ਨਿਯਮ) ਹੈ ਕਿ ਜੀਵ ਪਿਛਲੇ ਕੀਤੇ ਹੋਏ ਕੰਮਾ ਦੇ ਸੰਸਕਾਰਾਂ ਅਨੁਸਾਰ ਮੁੜ ਮੁੜ ਉਨ੍ਹਾਂ ਹੀ ਕੰਮਾ ਨੂੰ ਕਰਨ ਵਲ ਦੌੜਦੇ ਹਨ (ਭਾਵ, ਪਹਿਲੀ ਹੀ ਸ਼ਕਸ਼ੀਅਤ ਨੂੰ ਕਾਇਮ ਰੱਖਣ ਵਾਲੇ ਕੰਮ ਕਰਨਾ ਲੋਚਦੇ ਹਨ) ।

**ਇਹ ਹਉਮੈ ਇੱਕ ਲੰਮਾ ਰੋਗ ਹੈ, ਪਰ ਇਹ ਲਾ-ਇਲਾਜ ਨਹੀਂ ਹੈ** । ਜੇ ਪ੍ਰਭੂ ਆਪਣੀ ਮਿਹਰ ਕਰੇ, ਤਾਂ ਜੀਵ ਗੁਰੂ ਦਾ ਸ਼ਬਦ ਕਮਾਉਂਦੇ ਹਨ (=ਗੁਰੂ ਦੇ ਸ਼ਬਦ-ਗਿਆਨ ਅਨੁਸਾਰ ਆਪਣੀ ਜੀਵਨ ਜੁਗਤ ਸੁਆਰ ਲੈਂਦੇ ਹਨ) । ਗੁਰਦੇਵ ਜੀ ਦਾ ਫ਼ੁਰਮਾਨ:--ਹੇ ਲੋਕੋ ! ਇਸ ਤਰੀਕੇ ਨਾਲ (ਹਉਮੈ ਰੂਪੀ ਦੀਰਘ ਰੋਗ ਤੋਂ ਪੈਦਾ ਹੋਏ ਹੋਏ) ਦੁੱਖ ਦੂਰ ਹੋ ਜਾਂਦੇ ਹਨ । ੨ ।

੫੪- **ਮੁਕਤੇ ਸੇਵੇ ਮੁਕਤਾ ਹੋਵੈ ॥ ਹਉਮੈ ਮਮਤਾ ਸਬਦੇ ਖੋਵੈ ॥**
**ਅਨਦਿਨੁ ਹਰਿ ਜੀਉ ਸਚਾ ਸੇਵੀ ਪੂਰੈ ਭਾਗਿ ਗੁਰੁ ਪਾਵਣਿਆ ॥ ੬ ॥**[੧੧੬]-੧੧-੧੨

**ਅਰਥ:**--ਜਿਹੜਾ ਮਨੁੱਖ (ਮਾਇਆ ਦੇ ਮੋਹ ਤੋਂ) ਮੁਕਤ (ਗੁਰੂ) ਦੀ ਸਰਨ ਲੈਂਦਾ ਹੈ, ਉਹ ਵੀ ਮਾਇਆ ਦੇ ਮੋਹ ਤੋਂ ਸੁਤੰਤਰ ਹੋ ਜਾਂਦਾ ਹੈ, ਉਹ ਗੁਰੂ ਦੇ ਸ਼ਬਦ ਵਿਚ ਜੁੜ ਕੇ (ਆਪਣੇ ਅੰਦਰੋਂ) ਹਉਮੈ ਤੇ ਅਪਣੱਤ ਦੂਰ ਕਰ ਲੈਂਦਾ ਹੈ, (ਗੁਰੂ-ਸ਼ਰਨ ਦੀ ਬਰਕਤਿ ਨਾਲ) ਸਦਾ ਪ੍ਰਭੂ ਦੇ ਸਿਮਰਨ (ਵਿਚ ਲੀਨ) ਰਹਿੰਦਾ ਹੈ । ਪਰ ਗੁਰੂ ਮਿਲਦਾ ਪੂਰੀ ਕਿਸਮਤ ਨਾਲ ਹੀ ਹੈ । (ਭਾਵ, ਗੁਰੂ ਨਾਲ ਮਿਲਾਪ ਹੋ ਜਾਣਾ ਵਡੇ ਭਾਗਾਂ ਦੀ ਨਿਸ਼ਾਨੀ ਹੁੰਦੀ ਹੈ) । ੬ ।

੫੫- **ਜਹ ਸਤਿਗੁਰੁ ਤਹ ਸਤਗੁਰੁ ਤਹ ਸਤ ਸੰਗਤਿ ਬਣਾਈ ॥ ਜਹ ਸਤਿਗੁਰੁ**
**ਸਹਜੇ ਹਰਿਗੁਣ ਗਾਈ ॥ ਜਹ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ ॥ ੨ ॥** [੧੬੦]-੮-੨੮

**ਅਰਥ**:--ਜਿਸ ਹਿਰਦੇ ਵਿਚ ਸਤਿਗੁਰੂ ਵੱਸਦਾ ਹੈ ਉਥੇ ਸਤਸੰਗਤਿ ਬਣ ਜਾਂਦੀ ਹੈ (ਕਿਉਂਕਿ) ਜਿਸ ਮਨੁੱਖ ਦੇ ਹਿਰਦੇ ਵਿਚ ਗੁਰੂ ਵੱਸਦਾ ਹੈ ਉਹ ਮਨੁੱਖ ਆਤਮਕ ਅਡੋਲਤਾ ਵਿਚ ਟਿਕ ਕੇ ਹਰੀ ਦੇ ਗੁਣ ਗਾਉਂਦਾ ਹੈ । ਜਿਸ ਹਿਰਦੇ ਵਿਚ ਗੁਰੂ ਵੱਸਦਾ ਹੈ, ਉਸ ਹਿਰਦੇ ਵਿਚੋਂ ਗੁਰੂ ਦੇ ਸਬਦ ਨੇ ਹਉਮੈ ਸਾੜ ਦਿੱਤੀ ਹੈ । ੪ ।

ਜਿਸ ਭਾਗਾਂ ਵਾਲੇ ਦੇ ਹਿਰਦੇ ਵਿਚ ਸਤਿਗੁਰਾਂ ਦਾ ਵਾਸਾ ਹੈ ਉਸ ਤਾਂ ਇਹ ਕਹਿਣਾ ਅਰੰਭ ਕਰ ਦੇਣਾ ਹੁੰਦਾ ਹੈ --" **ਹਮ ਨਹੀਂ ਚੰਗੇ ਬੁਰਾ ਨਹੀਂ ਕੋਇ ॥**"[੭੨੮]

੫੬- **ਭਾਉ ਭਗਤਿ ਗੁਰਮਤੀ ਪਾਏ ॥ ਹਉਮੈ ਵਿਚਹੁ ਸਬਦਿ ਜਲਾਏ ॥**
**ਧਾਵਤੁ ਰਾਖੈ ਠਾਕਿ ਰਹਾਏ ॥ ਸਚਾ ਨਾਮੁ ਮੰਨਿ ਵਸਾਏ ॥ ੪ ॥**[੧੩੪੩]-੨

੫੭- **ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ ॥ ਹਰਿ ਕਾ ਨਾਮੁ ਮਨਿ ਵਸੈ**
**ਹਉਮੈ ਕ੍ਰੋਧੁ ਨਿਵਾਰਿ ॥ ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ ॥ ੨ ॥**[੩੩]-੧੯-੫੨

੫੮- **ਪ੍ਰਭੁ ਮੇਰਾ ਸਦਾ ਨਿਰਮਲਾ ਮਨਿ ਨਿਰਮਲ ਪਾਇਆ ਜਾਇ ॥ ਨਾਮੁ ਨਿਧਾਨੁ ਹਰਿ ਮਨਿ**
**ਵਸੈ ਹਉਮੈ ਦੁਖੁ ਸਭੁ ਜਾਇ ॥ ਸਤਿਗੁਰਿ ਸਬਦੁ ਸੁਣਾਇਆ ਹਉ ਸਦ ਬਲਿਹਾਰੈ ਜਾਉ ॥ ੭ ॥**[੬੫]-੧-੧੮

੫੯- **ਹਉਮੈ ਮਮਤਾ ਦੁਰਮਤਿ ਦੁਖ ਨਾਸੁ ॥ ਜਬ ਹਿਰਦੈ ਰਾਮ ਨਾਮੁ ਗੁਣਤਾਸੁ ॥**
**ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ ॥ ਜਬ ਹਿਰਦੈ ਰਵਿਆ ਚਰਣ ਨਿਵਾਸੁ ॥ ੭ ॥**[੨੩੨]-੭

੬੦- **ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ ॥**
**ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ ॥ ੧ ॥**[੬੫]-੨-੧੯

੬੧- **ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉ ਨ ਜਾਇ ॥**
**ਨਾਨਕ ਨਾਮਿ ਰਤੇ ਤਿਨ ਹਉਮੈ ਗਈ ਸਚੈ ਰਹੇ ਸਮਾਇ ॥ ੮ ॥**[੪੨੬]-੮-੩੦

੬੨- ਪਤਿ ਪਾਵਨ ਹਰਿ ਨਾਮਾ ॥ ਗੁਰੁ ਸੰਤੁ ਪਾਇਆ ਪ੍ਰਭੁ ਧਿਆਇਆ ਸਗਲ ਇਛਾ ਪੁੰਨੀਆ ॥ ਹਉ ਤਾਪ ਬਿਨਸੇ ਸਦਾ ਸਰਸੇ ਪ੍ਰਭ ਮਿਲੇ ਚਿਰੀ ਵਿਛੁੰਨਿਆ ॥ ਮਨਿ ਸਾਤਿ ਆਈ ਵਜੀ ਵਧਾਈ ਮਨਹੁ ਕਦੇ ਨ ਵੀਸਰੈ ॥ ਬਿਨਵੰਤਿ ਨਾਨਕ ਸਤਿਗੁਰਿ ਦ੍ਰਿੜਾਇਆ ਸਦਾ ਭਜੁ ਜਗਦੀਸਰੈ ॥ ੪ ॥[੭੭੯]-੧-੩

੬੩- ਰੈਣਿ ਦਿਨਸੁ ਜਪਉ ਹਰਿ ਨਾਉ ॥ ਆਗੈ ਦਰਗਹ ਪਾਵਉ ਥਾਉ ॥
ਸਦਾ ਅਨੰਦੁ ਨ ਹੋਵੀ ਸੋਗੁ ॥ ਕਬਹੂ ਨ ਬਿਆਪੈ ਹਉਮੈ ਰੋਗੁ॥ ੧ ॥ [੮੯੩]-੨੨-੩੩

੬੪- ਵਸਤ੍ਰ ਪਖਾਲਿ ਪਖਾਲੇ ਕਾਇਆ, ਆਪੇ ਸੰਜਮਿ ਹੋਵੈ ॥ ਅੰਤਰਿ ਮੈਲੁ ਲਗੀ ਨਹੀ ਜਾਣੈ, ਬਾਹਰਹੁ ਮਲਿ ਮਲਿ ਧੋਵੈ ॥ ਅੰਧਾ ਭੂਲਿ ਪਇਆ ਜਮ ਜਾਲੇ ॥ ਵਸਤੁ ਪਰਾਈ ਅਪੁਨੀ ਕਰਿ ਜਾਨੈ, ਹਉਮੈ ਵਿਚਿ ਦੁਖੁ ਘਾਲੇ ॥ ਨਾਨਕ ਗੁਰਮੁਖਿ ਹਉਮੈ ਤੁਟੈ, ਤਾ ਹਰਿ ਹਰਿ ਨਾਮੁ ਧਿਆਵੈ ॥ ਨਾਮੁ ਜਪੇ ਨਾਮੋ ਆਰਾਧੇ, ਨਾਮੇ ਸੁਖਿ ਸਮਾਵੈ ॥ ੨ ॥[੧੩੯]-ਵਾ-੪

**ਅਰਥ:--**(ਜੋ ਮਨੁੱਖ ਨਿੱਤ) ਕੱਪੜੇ ਧੋ ਕੇ ਸਰੀਰ ਧੋਂਦਾ ਹੈ (ਤੇ ਸਿਰਫ਼ ਕੱਪੜੇ ਤੇ ਸਰੀਰ ਸੁੱਚੇ ਰੱਖਣ ਨਾਲ ਹੀ) ਆਪਣੇ ਵਲੋਂ ਬੜਾ ਪਵਿਤ੍ਰ-ਸੰਜਮੀ ਬਣ ਬੈਠਦਾ ਹੈ ਪਰ ਮਨ ਵਿਚ ਲੱਗੀ ਹੋਈ ਮੈਲ ਦੀ ਉਸ ਨੂੰ ਖ਼ਬਰ ਹੀ ਨਹੀਂ, (ਸਦਾ ਸਰੀਰ ਨੂੰ) ਬਾਹਰੋਂ ਹੀ ਮਲ ਮਲ ਕੇ ਧੋਂਦਾ ਹੈ, (ਉਹ) ਅੰਨ੍ਹਾ ਮਨੁੱਖ (ਸਿੱਧੇ ਰਾਹ ਤੋਂ) ਖੁੰਝ ਕੇ ਮੌਤ ਦਾ ਡਰ ਪੈਦਾ ਕਰਨ ਵਾਲੇ ਜਾਲ ਵਿਚ ਫਸਿਆ ਹੋਇਆ ਹੈ, ਹਉਮੈ ਵਿਚ ਦੁੱਖ ਸਹਾਰਦਾ ਹੈ ਕਿਉਂਕਿ ਪਰਾਈ ਵਸਤ (ਸਰੀਰ ਤੇ ਹੋਰ ਪਦਾਰਥ ਆਦਿਕ) ਨੂੰ ਆਪਣੀ ਸਮਝ ਬੈਠਾ ਹੈ (ਕੇਵਲ ਬਾਹਰ ਦੀ ਸੁੱਚਮ ਨਾਲ ਜੁੜ ਕੇ ਆਪਣੇ ਆਪ ਨੂੰ ਵਡਾ ਧਰਮੀ ਮੰਨਣ ਦਾ ਹੰਕਾਰ ਸਹੇੜ ਰਿਹਾ ਹੈ । ਹਉਮੈ ਦਾ ਨਾਵੇਂ ਨਾਲ ਵਿਰੋਧ ਹੋਣ ਕਰਕੇ, ਹੰਕਾਰੀ ਮਨੁੱਖ ਕਦੇ ਵੀ ਪ੍ਰਭੂ ਦਾ ਪਿਆਰਾ ਨਹੀਂ ਬਣ ਸਕਦਾ) । ਸੋ ਗੁਰਦੇਵ ਜੀ ਫ਼ੁਰਮਾਨ ਕਰਦੇ ਹਨ-- ਜਦੋਂ ਗੁਰੂ ਦੇ ਸਨਮੁਖ ਹੋ ਕੇ (ਭਾਵ, ਗੁਰੂ ਦੇ ਦੱਸੇ ਰਸਤੇ ਤੇ ਤੁਰ ਕੇ, ਮਨੁੱਖ ਦੀ) ਹਉਮੈ ਦੂਰ ਹੁੰਦੀ ਹੈ, ਤਦੋਂ ਹੀ ਉਹ ਪ੍ਰਭੂ ਦਾ ਨਾਮ ਸਿਮਰਦਾ ਹੈ, ਨਾਮ ਜਪਦਾ ਹੈ, ਨਾਮ ਯਾਦ ਕਰਦਾ ਹੈ ਤੇ ਨਾਮ ਦੀ ਬਰਕਤਿ ਨਾਲ ਸੁਖ ਵਿਚ ਟਿਕਿਆ ਰਹਿੰਦਾ ਹੈ । ੨ ।

੬੫- ਪ੍ਰਥਮੇ ਤੇਰੀ ਨੀਕੀ ਜਾਤਿ ॥ ਦੁਤੀਆ ਤੇਰੀ ਮਨੀਐ ਪਾਂਤਿ ॥ ਤ੍ਰਿਤੀਆ ਤੇਰਾ ਸੁੰਦਰ ਥਾਨੁ ॥ ਬਿਗੜ ਰੂਪੁ ਮਨ ਮਹਿ ਅਭਿਮਾਨੁ ॥ ੧ ॥ ਸੋਹਨੀ ਸਰੂਪਿ ਸੁਜਾਣਿ ਬਿਚਖਨਿ ॥ ਅਤਿ ਗਰਬੈ ਮੋਹਿ ਫਾਕੀ ਤੂੰ ॥੧॥ ਰਹਾਉ ॥ ਅਤਿ ਸੂਚੀ ਤੇਰੀ ਪਾਕਸਾਲ ॥ ਕਰਿ ਇਸਨਾਨੁ ਪੂਜਾ ਤਿਲਕੁ ਲਾਲ ॥ ਗਲੀ ਗਰਬਹਿ ਮੁਖਿ ਗੋਵਹਿ ਗਿਆਨ ॥ ਸਭ ਬਿਧਿ ਖੋਈ ਲੋਭਿ ਸੁਆਨ ॥ ੨ ॥ ਕਾਪਰ ਪਹਿਰਹਿ ਭੋਗਹਿ ਭੋਗ ॥ ਆਚਾਰ ਕਰਹਿ ਸੋਭਾ ਮਹਿ ਲੋਗ ॥ ਚੋਆ ਚੰਦਨ ਸੁਗੰਧ ਬਿਸਥਾਰ ॥ ਸੰਗੀ ਖੋਟਾ ਕ੍ਰੋਧੁ ਚੰਡਾਲ ॥ ੩ ॥ ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥ ਸੁਇਨਾ ਰੂਪਾ ਤੁਝ ਪਹਿ ਦਾਮ ॥ ਸੀਲੁ ਬਿਗਾਰਿਓ ਤੇਰਾ ਕਾਮ ॥ ੪ ॥ ਜਾ ਕਉ ਦ੍ਰਿਸਟਿ ਮਇਆ ਹਰਿ ਰਾਇ ॥ ਸਾ ਬੰਦੀ ਤੇ ਲਈ ਛਡਾਇ ॥ ਸਾਧਸੰਗਿ ਮਿਲਿ ਹਰਿ ਰਸੁ ਪਾਇਆ ॥ ਕਹੁ ਨਾਨਕ ਸਫ਼ਲ ਓਹ ਕਾਇਆ ॥ ੫ ॥ ਸਭਿ ਰੂਪ ਸਭਿ ਸੁਖ ਬਨੇ ਸੁਹਾਗਨਿ ॥ ਅਤਿ ਸੁੰਦਰਿ ਬਿਚਖਨਿ ਤੂੰ ॥੧॥ਰਹਾਉ ਦੂਜਾ ॥੧੨॥ [੩੭੪]--੧੨

[ਇਸ ਪਾਵਨ ਗੁਰੂ-ਬਾਣੀ ਸ਼ਬਦ ਦੀ ਵਿਸਥਾਰ ਪੂਰਬਕ ਵਿਚਾਰ, ਪੁਸਤਕ ਦੇ ਚੌਥੇ ਭਾਗ ਦੇ ਪਹਿਲੇ ਕਾਂਡ ਦੇ ੩੫ਵੇਂ ਨੰਬਰ ਤੇ ਲਿਖੀ ਜਾ ਚੁੱਕੀ ਹੈ]

ਹੇ ਮਨੁੱਖ ! ਤੇਰੀ ਸਾਰੀਆਂ ਜੂਨਾਂ ਤੇ ਸਰਦਾਰੀ ਬਣਾਈ ਹੈ ਪਰ ਪੰਜ ਵਿਕਾਰਾਂ ਦੇ ਵੱਸ ਵਿਚ ਪੈ ਕੇ ਤੂੰ ਇਸ ਮਨੁੱਖਾ-ਜੀਵਨ ਦੇ ਦੁਰਲੱਭ ਅਵਸਰ ਨੂੰ ਅਜਾਂਈ ਗੁਆ ਰਿਹਾ ਹੈਂ । ਆਪਾ ਭਾਵ ਗੁਆ ਕੇ ਗੁਰਦੇਵ ਦੀ ਸਰਨ ਵਿਚ ਪੁੱਜ, ਅਤੇ ਸਤਿਗੁਰਾਂ ਦੇ ਹੁਕਮਾ ਅਨੁਸਾਰ ਜੀਵਨ ਜੁਗਤ ਬਣਾ ਲੈਣ ਦੇ ਆਹਰ ਵਿਚ ਲਗਣ ਦਾ ਉੱਦਮ ਕਰ । ਤਾਂ ਜੋ ਅਕਾਲਪੁਰਖ ਦੀ ਕ੍ਰਿਪਾ ਦਾ ਪਾਤ੍ਰ ਬਣ ਸਕੇਂ ।

੬੬- ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥
ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥ ੯੫ ॥[੧੩੮੨]

## ੬

# ਹਉਮੈ ਵਿਚਿ ਭਗਤਿ ਨ ਹੋਵਈ.....[੫੬੦]

ਪੰਜ ਵਿਕਾਰਾਂ ਵਿਚੋਂ ਕੇਵਲ ਹਉਮੈ ਹੀ ਅਜੇਹਾ ਰੋਗ ਹੈ ਜਿਸ ਦੇ ਕਾਰਨ ਪਰਮਾਤਮਾ ਵਿੱਸਰਦਾ ਹੈ । ਆਪਣੇ ਵਜੂਦ ਦੀ ਮਹੱਤਤਾ ਦੂਜਿਆਂ ਨਾਲੋਂ ਸ੍ਰੇਸ਼ਟ ਮੰਨ ਲੈਣਾ, ਆਪਣੀ ਮਤਿ ਨੂੰ ਗੁਰੂ ਨਾਲੋਂ ਵੀ ਉੱਚੀ ਮੰਨ ਕੇ ਅਜੇਹੇ ਕਰਮ ਕਰਨੇ ਜਿਸ ਤੋਂ ਸਤਿਗੁਰਾਂ ਦੇ ਹੁਕਮਾ ਦੀ ਖੰਡਨਾ ਹੁੰਦੀ ਹੋਵੇ । ਭਾਵ, ' ਮੈਂ , ਮੇਰੀ " ਦੀ ਕੰਧ ਉਸਾਰ ਬਹਿਣ ਨਾਲ ਪਰਮਾਤਮਾ ਕਦੇ ਵੀ ਹਿਰਦੇ ਵਿਚ ਪ੍ਰਗਟ ਨਹੀਂ ਹੋ ਸਕਦਾ । ਆਪਣੀ ਹੋਂਦ ਪ੍ਰਭੂ ਨਾਲੋਂ ਅੱਡਰੀ ਬਣਾਈ ਰੱਖਣ ਵਾਲੇ ਦਾ ਪਰਮਾਤਮਾ ਨਾਲ ਕਦੇ ਮਿਲਾਪ ਨਹੀਂ ਹੋ ਸਕਦਾ, ਭਾਵ, ਹੰਕਾਰੀ ਮਨੁੱਖ ਦਾ ਪ੍ਰਭੂ ਨਾਲ ਪਿਆਰ ਕਦੇ ੦ਨਹੀਂ ਬਣ ਸਕਦਾ । **ਗੁਰ ਕੈ ਸਬਦਿ ਹਉਮੈ ਬਿਖੁ ਮਾਰੈ, ਤਾ ਨਿਜ ਘਰਿ ਹੋਵੈ ਵਾਸੋ** ॥ [੯੪੦]-੨੧ ਆਉ ਹਉਮੈ ਦੇ ਇਸ ਪੱਖ ਵੱਲ ਝਾਤੀ ਮਾਰ ਕੇ ਸਤਿਗੁਰਾਂ ਕੋਲੋਂ ਪ੍ਰਭੂ ਨਾਲ ਨੇੜਤਾ ਬਣਾ ਸਕਨ ਲਈ ਤਰਲਾ ਮਾਰਨਾ ਸਿੱਖੀਏ:--

੬੭- ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨ ਬਿਰਥਾ ਜਾਇ ॥ ੧ ॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥ ਹੁਕਮੁ ਮੰਨਹਿ, ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ੧॥ ਰਹਾਉ ॥ ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥ ਹਉਮੈ ਵਡਾ ਗੁਬਾਰੁ

**ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥ ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥ ਹਉਮੈ ਵਿਚ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥ ੩ ॥ ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥ ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥** [੫੬੦]-੯-੧੨

**ਅਰਥ**:--(ਤੀਸਰੇ ਸਰੂਪ ਵਿਚ ਗੁਰੂ ਨਾਨਕ ਸਾਹਿਬ ਜੀ ਦਾ ਫੁਰਮਾਨ ਹੈ)--ਹਉਮੈ ਦਾ ਪਰਮਾਤਮਾ ਦੇ ਨਾਮ ਨਾਲ ਵੈਰ ਹੈ, ਇਹ ਦੋਵੇਂ ਇਕੱਠੇ (ਹਿਰਦੇ ਵਿਚ) ਨਹੀਂ ਵੱਸ ਸਕਦੇ । ਹਉਮੈ ਵਿਚਿ ਟਿਕੇ ਰਿਹਾਂ ਪਰਮਾਤਮਾ ਦੀ ਸੇਵਾ ਭਗਤੀ ਨਹੀਂ ਕੀਤੀ ਜਾ ਸਕਦੀ (ਜਦੋਂ ਮਨੁੱਖ ਹਉਮੈ ਵਿਚ ਟਿਕਿਆ ਰਹਿ ਕੇ ਭਗਤੀ ਕਰਦਾ ਹੈ) ਤਾਂ ਉਸ ਦਾ ਮਨ (ਪ੍ਰਭੂ-ਪਿਆਰ) ਤੋਂ ਖ਼ਾਲੀ ਹੁੰਦਾ ਹੈ **। ੧ ।** (ਇਸ ਲਈ) ਹੇ ਮੇਰੇ ਮਨ ! (ਆਪਣੇ ਅੰਦਰ) ਗੁਰੂ ਦਾ ਸ਼ਬਦ-ਗਿਆਨ ਵਸਾਉਣ ਦੀ ਕਮਾਈ ਕਰ, ਪਰਮਾਤਮਾ ਦਾ ਨਾਮ ਸਿਮਰਦਾ ਰਹੁ । ਜੇ ਤੂੰ (ਗੁਰੂ ਦਾ ਹੁਕਮ ਮੰਨੇਗਾ ਤਾਂ ਤੈਨੂੰ ਪਰਮਾਤਮਾ ਮਿਲ ਪਏਗਾ, ਤਾਂ ਤੇਰੇ ਅੰਦਰੋਂ ਹਉਮੈਂ ਦੂਰ ਹੋ ਜਾਵੇਗੀ, (ਭਾਵ, ਸਤਿਗੁਰਾਂ ਦੇ ਹੁਕਮ ਵਿਚ ਰਹਿਣ ਨਾਲ ਹਉਮੈ ਮਿਟਦੀ ਹੈ, ਅਤੇ ਪ੍ਰਭੂ ਨਾਲ ਪਿਆਰ ਬਣਦਾ ਹੈ) **। ੧ । ਰਹਾਉ ।** ਸਰੀਰ ਧਾਰਨ ਦਾ ਇਹ ਸਾਰਾ (ਸਿਲਸਲਾ) ਹਉਮੈ ਦੇ ਕਾਰਨ ਹੀ ਹੈ । ਹਉਮੈ ਦੇ ਕਾਰਨ ਜਨਮ ਮਰਨ ਦਾ ਗੇੜ ਬਣਿਆ ਰਹਿੰਦਾ ਹੈ । (ਮਨੁੱਖ ਦੇ ਆਤਮਕ ਜੀਵਨ ਦੇ ਰਸਤੇ ਵਿਚ) ਹਉਮੈ ਦਾ ਬੜਾ ਘੁੱਪ ਹਨੇਰਾ ਹੈ, ਹਉਮੈ (ਦੇ ਘੁੱਪ ਹਨੇਰੇ ਵਿਚ) ਕੋਈ ਮਨੁੱਖ (ਆਤਮਕ ਜੀਵਨ ਦਾ ਰਸਤਾ) ਸਮਝ ਨਹੀ ਸਕਦਾ **। ੨ ।** ਹਉਮੈ (ਦੇ ਘੁੱਪ ਹਨੇਰੇ) ਵਿਚ ਪਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ, ਅਤੇ ਪਰਮਾਤਮਾ ਦੀ ਰਜ਼ਾ ਸਮਝੀ ਨਹੀਂ ਜਾ ਸਕਦੀ, ਹਉਮੈਂ (ਦੇ ਘੁੱਪ ਹਨੇਰੇ ਵਿਚ) ਜੀਵਾਤਮਾ ਵਾਸਤੇ (ਆਤਮਕ ਜੀਵਨ ਦੇ ਰਸਤੇ ਵਿਚ) ਰੋਕ ਬਣੀ ਰਹਿੰਦੀ ਹੈ, ਪਰਮਾਤਮਾ ਦਾ ਨਾਮ ਮਨੁੱਖ ਦੇ ਹਿਰਦੇ ਵਿਚ ਨਹੀਂ ਵੱਸ ਸਕਦਾ **। ੩ ।** ਪਰ ਹੇ ਨਾਨਕ ਜੇ ਗੁਰੂ ਮਿਲ ਪਏ ਤਾਂ (ਗੁਰੂ ਦੀ ਸਿਖਿਆ ਅਨੁਸਾਰ ਚੱਲ ਕੇ ਮਨੁੱਖ ਦੇ ਅੰਦਰੋਂ) ਹਉਮੈ ਦੂਰ ਹੋ ਜਾਂਦੀ ਹੈ ਅਤੇ ਸਦਾ ਥਿਰ ਵਾਹਿਗੁਰੂ ਮਨੁੱਖ ਦੇ ਹਿਰਦੇ ਵਿਚ ਆ ਵੱਸਦਾ ਹੈ ਅਤੇ ਮਨੁੱਖ ਮਰਮਾਤਮਾ ਦੇ ਨਾਮ ਦੀ ਕਮਾਈ ਕਰਦਾ ਹੈ ਅਤੇ ਸਦਾ ਥਿਰ ਹਰੀ ਵਿਚ ਲੀਨ ਹੋ ਜਾਂਦਾ ਹੈ । ੪ ।

## ਹਉਮੈ ਜਾਏ ਤ ਕੰਤ ਸਮਾਈ--ਹਉਮੈ ਜਾਇ ਤ ਏਕੋ ਬੂਝੈ---ਹਉਮੈ ਜਾਇ ਪਰਮ ਪਦੁ ਪਾਈਐ----

ਗੁਰਬਾਣੀ ਵਿਚ ਅਜੇਹੇ ਕਈ ਫ਼ੁਰਮਾਨ ਹਨ ਜਿੰਨਾਂ ਤੋਂ ਸਪੱਸ਼ਟ ਸੇਧ ਮਿਲਦੀ ਹੈ ਕਿ ਜੇ ਹਉਮੈ-ਹੰਕਾਰ ਅਥਵਾ ਆਪਾ ਭਾਵ ਨਾ ਰਹੇ ਤਾਂ ਪ੍ਰਭੂ ਨਾਲ ਬਣ ਆਉਣ ਵਿਚ ਢਿੱਲ ਨਹੀਂ ਰਹਿੰਦੀ, ਜਿਵੇਂ--

੬੮- **ਮੋਹਨ ਨੀਦ ਨ ਆਵੈ ਹਾਵੈ, ਹਾਰ ਕਜਰ ਬਸਤ੍ਰ ਅਭਰਨ ਕੀਨੇ ॥ ਉਡੀਨੀ ਉਡੀਨੀ ਉਡੀਨੀ ॥
ਕਬ ਘਰਿ ਆਵੈ ਰੀ ॥੧॥ਰਹਾਉ॥ ਸਰਨਿ ਸੁਹਾਗਨਿ ਚਰਨ ਸੀਸੁ ਧਰਿ ॥ ਲਾਲਨੁ ਮੋਹਿ ਮਿਲਾਵਹੁ ॥
ਕਬ ਘਰਿ ਆਵੈ ਰੀ ॥ ੧ ॥ ਸੁਨਹੁ ਸਹੇਰੀ ਮਿਲਨ ਬਾਤ ਕਹਉ, ਸਗਰੋ ਅਹੰ ਮਿਟਾਵਹੁ ॥
ਤਉ ਘਰ ਹੀ ਲਾਲਨੁ ਪਾਵਹੁ ॥ ਤਬ ਰਸ ਮੰਗਲ ਗੁਨ ਗਾਵਹੁ ॥ ਆਨਦ ਰੂਪ ਧਿਆਵਹੁ ॥
ਨਾਨਕੁ ਦੁਆਰੈ ਆਇਓ ॥ ਤਉ ਮੈ ਲਾਲਨੁ ਪਾਇਓ ਰੀ ॥ ੨ ॥** [੮੩੦]-੧-੧੨੮

**ਅਰਥ**:--ਹੇ ਮੋਹਨ-ਪ੍ਰਭੂ ! (ਜਿਵੇਂ ਪਤੀ ਤੋਂ ਵਿਛੁੜੀ ਹੋਈ ਇਸਤ੍ਰੀ ਭਾਵੇਂ ਜਿੰਨੇ ਮਰਜ਼ੀ) ਹਾਰ, ਕੱਜਲ, ਕੱਪੜੇ ਪਾਉਂਦੀ ਹੈ, (ਪਰ ਵਿਛੋੜੇ ਦੇ ਕਾਰਨ) ਹਾਹੁਕੇ ਵਿਚ (ਉਸ ਨੂੰ) ਨੀਂਦ ਨਹੀਂ ਆਉਂਦੀ, (ਪਤੀ ਦੀ ਉਡੀਕ ਵਿਚ ਉਹ) ਹਰ ਵੇਲੇ ਉਦਾਸ ਰਹਿੰਦੀ ਹੈ, (ਤੇ ਸਹੇਲੀ ਪਾਸੋਂ ਪੁੱਛਦੀ ਹੈ--) ਹੇ ਭੈਣ ! (ਮੇਰਾ ਪਤੀ) ਕਦੋਂ ਘਰ ਆਵੇਗਾ (ਇਸ ਤਰ੍ਹਾਂ, ਹੇ ਮੋਹਨ ! ਤੈਥੋਂ ਵਿਛੁੜ ਕੇ ਮੈਨੂੰ ਨੀਂਦ ਨਹੀਂ ਆਉਂਦੀ)**। ੧ । ਰਹਾਉ ।** ਹੇ ਮੋਹਨ ! ਮੈਂ ਗੁਰਮੁਖਿ ਸੁਹਾਗਣ ਦੀ ਸਰਨ ਪੈਂਦੀ ਹਾਂ, ਉਸ ਦੇ ਚਰਨਾਂ ਉੱਤੇ ਆਪਣਾ ਸਿਰ ਧਰ ਕੇ (ਪੁੱਛਦੀ ਹਾਂ--) ਹੇ ਭੈਣ ! ਮੈਨੂੰ ਸੋਹਣਾ ਲਾਲ ਮਿਲਾ ਦੇ (ਦੱਸ, ਉਹ) ਕਦੋਂ ਮੇਰੇ ਹਿਰਦੇ-ਘਰ ਵਿਚ ਆਵੇਗਾ **। ੧ ।** (ਸੁਹਾਗਣ ਭਾਵ, ਗੁਰਮੁਖਿ ਜੀਵ ਇਸਤ੍ਰੀ ਆਖਦੀ ਹੈ--) ਹੇ ਸਹੇਲੀਏ ! ਸੁਣ, ਮੈਂ ਤੈਨੂੰ ਮੋਹਨ-ਪ੍ਰਭੂ ਦੇ ਮਿਲਨ ਦੀ ਗੱਲ ਸੁਣਾਉਂਦੀ ਹਾਂ । ਤੂੰ (ਆਪਣੇ ਅੰਦਰੋਂ) ਸਾਰਾ ਅਹੰਕਾਰ ਦੂਰ ਕਰ ਦੇ, ਤੇ ਤੂੰ ਆਪਣੇ (ਹਿਰਦੇ-ਘਰ ਵਿਚ ਹੀ ਉਸ ਦਾ ਦਰਸ਼ਨ ਕਰ ਕੇ) ਫਿਰ ਤੂੰ ਖ਼ੁਸ਼ੀ ਆਨੰਦ ਪੈਦਾ ਕਰਨ ਵਾਲੇ ਹਰਿ-ਗੁਣ ਗਾਇਆ ਕਰੀਂ, ਤੇ ਉਸ ਪ੍ਰਭੂ ਦਾ ਸਿਮਰਨ ਕਰਿਆ ਕਰੀਂ ਜੋ ਨਿਰਾ ਆਨੰਦ ਹੀ ਆਨੰਦ-ਰੂਪ ਹੈ । (ਗੁਰਦੇਵ ਜੀ ਦਾ ਫ਼ੁਰਮਾਨ--(ਜੋ ਵੀ ਨਿਰਮਾਣ ਹੋ ਕੇ ਉਸ ਗੁਰੂ ਦੇ) ਦਰ ਤੇ ਆ ਗਿਆ (ਉਸ ਨੇ ਆਪਣੇ ਹਿਰਦੇ-ਘਰ ਵਿਚ ਹੀ) ਸੋਹਣਾ ਲਾਲ ਲੱਭ ਲਿਆ ਹੈ । ੨ ।

੬੯- **ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥
ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ ॥ ੧ ॥**[੨੬੦]-੪੯

੭੦- **ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥
ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ ॥ ੪ ॥** [੪੯੧]-੪-੬

੭੧- **ਹਉ ਮੈ ਕਰੀ ਤਾਂ ਤੂ ਨਾਹੀ, ਤੂ ਹੋਵਹਿ ਹਉ ਨਾਹਿ ॥ ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ ॥
ਬਿਨੁ ਗੁਰ ਤਤੁ ਨ ਪਾਈਐ ਅਲਖੁ ਵਸੈ ਸਭ ਮਾਹਿ ॥ ਸਤਿਗੁਰੁ ਮਿਲੈ ਤ ਜਾਣੀਐ ਜਾਂ ਸਬਦੁ ਵਸੈ ਮਨ ਮਾਹਿ ॥
ਆਪੁ ਗਇਆ ਭ੍ਰਮੁ ਭਉ ਗਇਆ ਜਨਮ ਮਰਨ ਦੁਖ ਜਾਹਿ ॥ ਗੁਰਮਤਿ ਅਲਖੁ ਲਖਾਈਐ ਊਤਮ ਮਤਿ ਤਰਾਹਿ ॥
ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ ॥ ੧ ॥**[੧੦੯੩]-ਵਾ-੧੯

{**ਨੋਟ**:--ਇਸ ਗੁਰੂ ਫ਼ੁਰਮਾਨ ਦੇ ਸਵਿਸਥਾਰ ਅਰਥ ਪੁਸਤਕ ਦੇ ਚੌਥੇ ਭਾਗ ਦੇ ਛੇਵੇਂ ਕਾਂਡ ਦੇ ੧੯ ਨੰਬਰ ਤੇ ਲਿਖੇ ਹੋਏ ਹਨ।]

੭੨- **ਸਭਨਾ ਵਿਚਿ ਵਰਤੈ ਇਕੁ ਸੋਈ ॥ ਗੁਰ ਪਰਸਾਦੀ ਪਰਗਟੁ ਹੋਈ ॥
ਹਉਮੈ ਮਾਰਿ ਸਦਾ ਸੁਖੁ ਪਾਇਆ ਨਾਇ ਸਾਚੈ ਅੰਮ੍ਰਿਤੁ ਪੀਜੈ ਹੇ ॥ ੮ ॥**[੧੦੪੯]-੬

੭੩- **ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥ ੧ ॥ ਰਹਾਉ ॥** [੯੦੪]-੪

੭੪- **ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ।
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥ ੪ ॥** [੧੨੬੨]-੧

ਨਿਆਰੇ ਗਿਆਨ ਵਾਲੀ, ਨਿਆਰੇ ਸਿਧਾਂਤ ਵਾਲੀ, ਨਿਆਰੀ ਮਰਯਾਦਾ ਵਾਲੀ ਨਿਆਰੇ ਸੰਤਸੂਰਮਿਆਂ ਦਾ ਨਿਰਮਾਣ ਕਰਨ ਆਏ ਸਤਿਗੁਰੂ ਨਾਨਕ ਸਾਹਿਬ ਜੀ ਦਾ ਹਉਮੈ ਰੋਗ ਬਾਰੇ ਫ਼ੁਰਮਾਨ ਅਥਵਾ ਹਉਮੈ ਰੋਗ ਦੀ ਨਿਵਰਤੀ ਦਾ ਗਿਆਨ:--

੭੫- **ਗਉੜੀ ਮਹਲਾ ੧ ॥ ਹਉਮੈ ਕਰਤ ਭੇਖੀ ਨਹੀ ਜਾਨਿਆ ॥ ਗੁਰਮੁਖਿ ਭਗਤਿ ਵਿਰਲੈ ਮਨੁ ਮਾਨਿਆ ॥ ੧ ॥**

ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥ ੧ ॥ ਰਹਾਉ ॥ ਹਉਮੈ ਕਰਿ ਰਾਜੇ ਬਹੁ ਧਾਵਹਿ ॥ ਹਉਮੈ ਖਪਹਿ ਜਨਮਿ ਮਰਿ ਆਵਹਿ ॥ ੨ ॥ ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥ ੩ ॥ ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮ ਗਤਿ ਪਾਵਹਿ ॥ ੪ ॥ ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥ ੫ ॥ ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥ ੬ ॥ ਜੇਤੀ ਹੈ ਤੇਤੀ ਕਿਹੁ ਨਾਹੀ ॥ ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥ ੭ ॥ ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ ਰਾਮ ਭਗਤਿ ਸੁਖੁ ਪਾਵੈ ॥ ੮ ॥[੨੨੬]-੧੩

੭੬- ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥ ਜਗੁ ਕਰੜਾ ਮਨਮੁਖੁ ਗਾਵਾਰੁ ॥ ਸਬਦੁ ਕਮਾਈਐ ਖਾਈਐ ਸਾਰੁ ॥ ਅੰਤਰਿ ਬਾਹਰਿ ਏਕੋ ਜਾਣੈ ॥ ਅਗਨਿ ਮਰੈ ਸਤਿਗੁਰ ਕੈ ਭਾਣੈ ॥ ੪੬ ॥[੯੪੩]

੭੭- ਆਵਣ ਜਾਣ ਰਹੇ ਚੂਕਾ ਭੋਲਾ ਰਾਮ ॥ ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ ॥ ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੇ ॥ ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੇ ॥ ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ ॥ ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ ਕਾਣਿ ਲੋਕਾਣੀ ॥ ੪ ॥[੧੧੧੧]-੩

੭੮- ਜਉ ਲਉ ਮੇਰੋ ਮੇਰੋ ਕਰਤੇ ਤਉ ਲਉ ਬਿਖੁ ਘੇਰੇ ॥ ਮਨੁ ਤਨੁ ਬੁਧਿ ਅਰਪੀ ਠਾਕੁਰ ਕਉ, ਤਬ ਹਮ ਸਹਜਿ ਸੋਏ ॥ ੩ ॥ [੨੧੪]-੧-੧੫੯

੭੯- ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥ ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥ ੩ ॥ ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ ॥ ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ ॥ ੪ ॥[੬੨੪]-੧੧-੬੧

੮੦- ਰਾਜਾ ਰਾਮ, ਤੂੰ ਐਸਾ ਨਿਰਭਉ, ਤਰਨ ਤਾਰਨ ਰਾਮ ਰਾਇਆ ॥ ੧ ॥ ਰਹਾਉ ॥ ਜਬ ਹਮ ਹੋਤੇ ਤਬ ਤੁਮ ਨਾਹੀ, ਅਬ ਤੁਮ ਹਹੁ ਹਮ ਨਾਹੀ ॥ ਅਬ ਹਮ ਤੁਮ ਏਕ ਭਏ ਹਹਿ, ਏਕੈ ਦੇਖਤ ਮਨੁ ਪਤੀਆਹੀ ॥ ੧ ॥ ਜਬ ਬੁਧਿ ਹੋਤੀ ਤਬ ਬਲੁ ਕੈਸਾ, ਅਬ ਬੁਧਿ ਬਲੁ ਨ ਖਟਾਈ ॥ ਕਹਿ ਕਬੀਰ ਬੁਧਿ ਹਰਿ ਲਈ ਮੇਰੀ, ਬੁਧਿ ਬਦਲੀ ਸਿਧਿ ਪਾਈ ॥ ੨ ॥ [੩੩੯]-੨੧-੭੨

**ਅਰਥ:**--ਹੇ ਸਭ ਦੇ ਮਾਲਕ ਪ੍ਰਭੂ ! ਹੇ ਸਭ ਜੀਵਾਂ ਨੂੰ ਤਾਰਨ ਦੇ ਸਮਰੱਥ ਰਾਮ ! ਹੇ ਸਭ ਵਿਚ ਵਿਆਪਕ ਨਿਰਭਉ ਪ੍ਰਭੂ । ਤੇਰਾ ਸੁਭਾਵ ਅਨੋਖਾ ਹੈ **। ੧ । ਰਹਾਉ ।** ਜਿੰਨਾ ਚਿਰ ਅਸੀਂ ਜੀਵ ਕੁਝ ਬਣੀ ਫਿਰਦੇ ਹਾਂ (ਭਾਵ, ਹਉਮੈ ਅਹੰਕਾਰ ਕਰਦੇ ਹਾਂ) ਤਦ ਤਕ (ਹੇ ਪ੍ਰਭੂ !) ਤੂੰ ਸਾਡੇ ਅੰਦਰ ਪਰਗਟ ਨਹੀਂ ਹੁੰਦਾ (ਆਪਣਾ ਚਾਨਣ ਨਹੀਂ ਕਰਦਾ), ਪਰ ਜਦੋਂ ਹੁਣ ਤੂੰ ਆਪ (ਸਾਡੇ ਵਿਚ) ਨਿਵਾਸ ਕੀਤਾ ਹੈ ਤਾਂ ਸਾਡੇ ਵਿਚ ਉਹ ਪਹਿਲੀ ਹਉਮੈ ਨਹੀਂ ਰਹੀ । ਹੁਣ (ਹੇ ਪ੍ਰਭੂ !) ਤੂੰ ਤੇ ਅਸੀ ਇੱਕ-ਰੂਪ ਹੋ ਗਏ ਹਾਂ, ਹੁਣ ਤੈਨੂੰ ਵੇਖ ਕੇ ਸਾਡਾ ਮਨ ਮੰਨ ਗਿਆ ਹੈ (ਕਿ ਤੂੰ ਹੀ ਤੂੰ ਹੈਂ, ਤੈਥੋਂ ਵੱਖਰੇ ਅਸੀ ਕੁਝ ਵੀ ਨਹੀਂ ਹਾਂ) **। ੧ ।** (ਹੇ ਪ੍ਰਭੂ ! ਜਿੰਨਾ ਚਿਰ ਅਸਾਂ ਜੀਵਾਂ ਵਿਚ ਆਪਣੀ ਅਕਲ (ਦੀ ਹਉਮੈ) ਹੁੰਦੀ ਹੈ ਉਨਾ ਚਿਰ ਸਾਡੇ ਵਿਚ ਕੋਈ ਆਤਮਕ ਬਲ ਨਹੀਂ ਹੁੰਦਾ (ਭਾਵ, ਸਹਿਮੇ ਹੀ ਰਹਿੰਦੇ ਹਾਂ), ਪਰ ਹੁਣ (ਜਦੋਂ ਤੂੰ ਸਾਡੇ ਵਿਚ ਆ ਪ੍ਰਗਟਿਆ ਹੈਂ) ਸਾਡੀ ਆਪਣੀ ਅਕਲ ਤੇ ਬਲ ਦਾ ਮਾਣ ਨਹੀਂ ਰਿਹਾ । ਕਬੀਰ (ਜੀ) ਆਖਦਾ ਹੈ (ਹੇ ਪ੍ਰਭੂ !) ਤੂੰ ਮੇਰੀ (ਹਉਮੈ ਵਾਲੀ) ਅਕਲ ਖੋਹ ਲਈ ਹੈ, ਹੁਣ ਉਹ ਅਕਲ ਬਦਲ ਗਈ ਹੈ (ਭਾਵ, ਮੈਂ ਮੈਂ ' ਛਡ ਕੇ ' ਤੂੰ ਹੀ ਤੂੰ ' ਕਰਨ ਵਾਲੀ ਹੋ ਗਈ ਹੈ, ਇਸ ਵਾਸਤੇ ਮਨੁੱਖਾ ਜਨਮ ਦੇ ਮਨੋਰਥ ਦੀ) ਸਿੱਧੀ ਹਾਸਲ ਹੋ ਗਈ ਹੈ ।੨।

੮੧:-- ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ ॥ ਮਾਨੈ ਹੁਕਮੁ ਤਜੈ ਅਭਿਮਾਨੈ ॥ ਪ੍ਰਿਅ ਸਿਉ ਰਾਤੀ ਰਲੀਆ ਮਾਨੈ ॥ ੧ ॥ ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ॥ ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥ ੧ ॥ ਰਹਾਉ ॥ ਸਖੀ ਸਹੇਲੀ ਕਉ ਸਮਝਾਵੈ ॥ ਸੋਈ ਕਮਾਵੈ ਜੋ ਪ੍ਰਭ ਭਾਵੈ ॥ ਸਾ ਸੋਹਾਗਣਿ ਅੰਕਿ ਸਮਾਵੈ ॥ ੨ ॥ ਗਰਬਿ ਗਹੇਲੀ ਮਹਲੁ ਨ ਪਾਵੈ ॥ ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ ॥ ਕਰਮ ਹੀਣਿ ਮਨਮੁਖਿ ਦੁਖੁ ਪਾਵੈ ॥੩॥ ਬਿਨਉ ਕਰੀ ਜੇ ਜਾਣਾ ਦੂਰਿ ॥ ਪ੍ਰਭੁ ਅਬਿਨਾਸੀ ਰਹਿਆ ਭਰਪੂਰਿ ॥ ਜਨੁ ਨਾਨਕੁ ਗਾਵੈ ਦੇਖਿ ਹਦੂਰਿ ॥ ੪ ॥[੭੩੭]-੩

੮੨- ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ॥ ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ ॥ ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ ॥ ਗਇਆ ਕਰੋਧੁ ਮਮਤਾ ਤਨਿ ਨਠੀ ਪਾਖੰਡੁ ਭਰਮੁ ਗਵਾਇਆ ॥ ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ ॥ ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ ॥ ੨ ॥ [੭੭੩]-੧

ਇਹ ਪਾਵਨ ਗੁਰੂ-ਫੁਰਮਾਨ ਪੁਸਤਕ ਦੇ ਸਤਵੇਂ ਭਾਗ ਦੇ ਛੇਵੇਂ ਕਾਂਡ ਦੇ ੨੩ਵੇਂ ਨੰਬਰ ਤੇ ਅਰਥਾਂ ਸਮੇਤ ਲਿਖਿਆ ਹੋਇਆ ਹੈ । ਉਥੇ " ਗੁਰਮੁਖਿ ਜੀਵ ਇਸਤ੍ਰੀ " ਦੀ ਪ੍ਰਭੂ-ਵਰ ਨਾਲ ਕੁੜਮਾਈ ਦਾ ਵਿਸ਼ਾ ਸੀ । ਏਥੇ ਹੰਕਾਰ ਰਹਿਤ ਹੋਏ ਗੁਰਮੁਖਿ-ਜੀਵ ਦੇ ਪ੍ਰਭੂ ਨਾਲ ਮਿਲਾਪ ਦੀ ਗੱਲ ਹੈ । ਪਾਠਕਾਂ ਦੀ ਸਹੂਲਤ ਲਈ ਏਥੇ ਵੀ ਅਰਥ ਲਿਖੇ ਜਾ ਰਹੇ ਹਨ:---

**ਅਰਥ:**--ਹੇ ਰਾਮ ਜੀ ! ਮੈਂ ਤੈਥੋਂ ਸਦਕੇ ਹਾਂ । (ਜਿਸ ਜੀਵ-ਇਸਤ੍ਰੀ ਨੂੰ) ਪ੍ਰਭੂ-ਪਤੀ ਨਾਲ ਮਿਲਾਉਣ ਵਾਸਤੇ ਵਿਚੋਲਾ-ਗੁਰੂ ਆ ਕੇ ਮਿਲ ਪਿਆ (ਉਸ ਦੇ ਹਿਰਦੇ ਵਿਚ) ਸੇਵਾ ਸੰਤੋਖ ਪ੍ਰੇਮ ਆਦਿਕ ਗੁਣ ਪੈਦਾ ਕਰ ਕੇ, ਸਾਧ-ਸੰਗਤਿ ਦਾ (ਉਸ ਨਾਲ) ਮੇਲ ਕਰ ਕੇ ਗੁਰੂ ਨੇ ਉਸ ਨੂੰ ਸਿਫ਼ਤਿ ਸਾਲਾਹ ਦੀ ਬਾਣੀ ਗਾਉਣ ਦੀ ਪ੍ਰੇਰਨਾ ਕੀਤੀ (ਗੁਰਬਾਣੀ ਉਪਦੇਸ਼ ਦ੍ਰਿੜ ਕਰਾਕੇ ਉਸ ਅਨੁਸਾਰ ਜੀਵਨ ਢਾਲਣ ਦੀ ਸਿਖਿਆ ਦਿੱਤੀ) । ਜਦੋਂ ਜੀਵ-ਇਸਤ੍ਰੀ ਨੇ ਗੁਰੂ ਦੀ ਉਚਾਰੀ ਹੋਈ ਪ੍ਰਭੂ ਦੀ ਸਿਫ਼ਤਿ ਸਾਲਾਹ ਵਾਲੀ ਬਾਣੀ ਗਾਉਣੀ (ਵਿਚਾਰਨੀ ਅਤੇ ਹਿਰਦੇ ਵਿਚ ਵਸਾਉਣੀ) ਸ਼ੁਰੂ ਕੀਤੀ ਤਾਂ ਉਸ ਨੇ ਸਭ ਤੋਂ ਉੱਚੀ ਆਤਮਕ ਅਵਸਥਾ ਪ੍ਰਾਪਤ ਕਰ ਲਈ, ਉਸ ਦੇ ਗਿਆਨ-ਇੰਦ੍ਰੇ (ਵਿਕਾਰਾਂ ਵਲ ਦੌੜਨ ਦੇ ਥਾਂ ਪ੍ਰਭੂ ਦੀ ਸਿਫ਼ਤਿ ਸਾਲਾਹ ਕਰਨ ਵਿਚ) ਮਿਲ ਬੈਠੇ, ਤੇ ਸੋਹਣੇ ਲੱਗਣ ਲੱਗ ਪਏ । ਉਸ ਦੇ ਅੰਦਰੋਂ ਕ੍ਰੋਧ ਦੂਰ ਹੋ ਗਿਆ, ਉਸ ਦੇ ਸਰੀਰ ਵਿਚ ਵੱਸਦੀ ਮਮਤਾ ਨੱਸ ਗਈ, ਉਸ ਦਾ ਪਖੰਡ

ਅਤੇ ਭਟਕਣਾ ਜਾਂਦੇ ਰਹੇ । (ਉਸ ਦੇ ਅੰਦਰੋਂ ) ਹਉਮੈ ਦੀ ਪੀੜ ਚਲੀ ਗਈ, ਉਸ ਦਾ ਸਾਰਾ ਸਰੀਰ ਨਰੋਆ ਹੋ ਗਿਆ, ਤੇ ਉਸ ਨੂੰ ਆਤਮਕ ਆਨੰਦ ਪ੍ਰਾਪਤ ਹੋ ਗਿਆ । ਗੁਰੂ ਦੀ ਕਿਰਪਾ ਨਾਲ ਉਸ ਜੀਵ-ਇਸਤ੍ਰੀ ਨੇ ਗੁਣਾਂ ਦੇ ਮਾਲਕ ਡੂੰਘੇ ਜਿਗਰੇ ਵਾਲੇ ਪਰਮਾਤਮਾ ਨਾਲ ਸਾਂਝ ਪਾ ਲਈ । ੨ ।

੮੩- **ਸਖੀ ਆਉ ਸਖੀ ਵਸਿ ਆਉ ਸਖੀ ਅਸੀ ਪਿਰ ਕਾ ਮੰਗਲੁ ਗਾਵਹ ॥ ਤਜਿ ਮਾਨੁ ਸਖੀ ਤਜਿ ਮਾਨੁ ਸਖੀ ਮਤੁ ਆਪਣੇ ਪ੍ਰੀਤਮ ਭਾਵਹ ॥ ਤਜਿ ਮਾਨੁ ਮੋਹੁ ਬਿਕਾਰੁ ਦੂਜਾ ਸੇਵਿ ਏਕੁ ਨਿਰੰਜਨੋ ॥ ਲਗੁ ਚਰਣ ਸਰਣ ਦਇਆਲ ਪ੍ਰੀਤਮ ਸਗਲ ਦੁਰਤ ਬਿਖੰਡਨੋ ॥ ਹੋਇ ਦਾਸ ਦਾਸੀ ਤਜਿ ਉਦਾਸੀ ਬਹੁੜਿ ਬਿਧੀ ਨ ਧਾਵਾ ॥ ਨਾਨਕੁ ਪਇਅੰਪੈ ਕਰਹੁ ਕਿਰਪਾ ਤਾਮਿ ਮੰਗਲੁ ਗਾਵਾ ॥ ੧ ॥**[੮੪੭]-੧-੩

੮੪- **ਹੁਕਮੁ ਬੂਝੈ ਸੋ ਸੇਵਕੁ ਕਹੀਐ ॥ ਬੁਰਾ ਭਲਾ ਦੁਇ ਸਮਸਰਿ ਸਹੀਐ ॥**
**ਹਉਮੈ ਜਾਇ ਤ ਏਕੋ ਬੂਝੈ ਸੋ ਗੁਰਮੁਖਿ ਸਹਿਜ ਸਮਾਇਦਾ ॥ ੧੩ ॥** [੧੦੭੬]-੧-੫

੮੫- **ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ ॥ ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ ॥**
**ਗੁਰ ਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ ॥ ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥**
**ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ਗੁਰਮੁਖਿ ਪਾਇਆ ਜਾਇ ॥ ੨ ॥**[੮੫੩]-ਵਾ-੧੦

**ਅਰਥ:**--ਮਾਇਆ ਦੀ ਹਉਮੈ (ਸਾਰੇ ਸੰਸਾਰ ਨੂੰ) ਆਪਣੇ ਵੱਸ ਵਿਚ ਕਰਨ ਦੀ ਸਮਰਥਾ ਵਾਲੀ ਹੈ, (ਇਸ ਦੇ ਅਸਰ ਹੇਠ ਜੀਵ ਪਰਮਾਤਮਾ ਨੂੰ ਵਿਸਾਰ ਕੇ) ਹੋਰ (ਮਾਇਆ ਦੇ ਮੋਹ) ਵਿਚ ਜਾ ਫਸਦਾ ਹੈ । **ਇਹ ਹਉਮੈ ਨਾ (ਕਿਸੇ ਪਾਸੋਂ) ਮਾਰੀ ਜਾ ਸਕਦੀ ਹੈ, ਨਾ ਹੀ ਇਹ ਆਪ ਮਰਦੀ ਹੈ, ਨਾ ਹੀ ਇਹ ਕਿਸੇ ਹੱਟੀ ਤੇ ਵੇਚੀ ਜਾ ਸਕਦੀ ਹੈ ।** ਜਦੋਂ ਇਸ ਨੂੰ ਗੁਰੂ ਦੇ ਸ਼ਬਦ-(ਗਿਆਨ) ਦੇ ਰਾਹੀਂ ਚੰਗੀ ਤਰ੍ਹਾਂ ਸਾੜ ਦੇਈਏ, ਤਦੋਂ ਹੀ ਇਹ ਜੀਵ ਦੇ ਅੰਦਰੋਂ ਮੁੱਕਦੀ ਹੈ (ਭਾਵ, ਜੀਵ ਤੇ ਆਪਣਾ ਕੋੜਾ ਪ੍ਰਭਾਵ ਨਹੀਂ ਪਾ ਸਕਦੀ) । (ਹੇ ਭਾਈ ! ਜਿਸ ਮਨੁੱਖ ਦੇ ਅੰਦਰੋਂ ਮਾਇਆ ਦੀ ਹਉਮੈ ਮੁੱਕਦੀ ਹੈ ਉਸ ਦਾ) ਤਨ ਮਨ ਪਵਿੱਤਰ ਹੋ ਜਾਂਦਾ ਹੈ, ਉਸ ਦੇ ਮਨ ਵਿਚ ਪਰਮਾਤਮਾ ਦਾ ਨਾਮ ਆ ਵੱਸਦਾ ਹੈ । ਹੇ ਨਾਨਕ ! ਗੁਰੂ ਦਾ ਸ਼ਬਦ ਹੀ ਮਾਇਆ ਦਾ ਪ੍ਰਭਾਵ ਮਾਕਾਉਂਣ ਦਾ ਵਸੀਲਾ ਹੈ, ਇਸ ਸ਼ਬਦ ਗੁਰੂ ਦੀ ਸਰਨ ਪਿਆਂ ਮਿਲਦਾ ਹੈ । ੨ ।

੮੬- **ਨਾ ਹਮ ਚੰਗੇ ਆਖੀਅਹਿ ਬੁਰਾ ਨ ਦਿਸੈ ਕੋਇ ॥ ਨਾਨਕ ਹਉਮੈ ਮਾਰੀਐ ਸਚੇ ਜੇਹੜਾ ਸੋਇ ॥ ੮ ॥** [੧੦੧੫]-੨-੧੦

**ਅਰਥ:**--ਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਨ--(ਪ੍ਰਭੂ-ਚਰਨਾਂ ਵਿਚ ਇਕ-ਮਿਕ ਹੋਣ ਵਾਸਤੇ) ਹਉਮੈ ਦੂਰ ਕਰਨੀ ਚਾਹੀਦੀ ਹੈ (ਜਿਸ ਮਨੁੱਖ ਨੇ ਗੁਰੂ ਦੀ ਸਰਨ ਪੈ ਕੇ ਹਉਮੈ ਦੂਰ ਕੀਤੀ) ਉਹ ਸਦਾ-ਥਿਰ ਪ੍ਰਭੂ ਵਰਗਾ ਹੀ ਬਣ ਗਿਆ । (ਅਜੇਹੇ ਭਾਗਾਂ ਵਾਲੇ ਬੰਦੇ ਇਹ ਨਿਸ਼ਚਾ ਰੱਖਦੇ ਹਨ ਕਿ) ਅਸੀਂ (ਸਭ ਤੋਂ) ਚੰਗੇ ਨਹੀਂ ਆਖੇ ਜਾ ਸਕਦੇ, ਤੇ ਸਾਥੋਂ ਭੈੜਾ ਕੋਈ ਮਨੁੱਖ (ਜਗਤ ਵਿਚ) ਨਹੀਂ ਦਿੱਸਦਾ । ੮ ।

੮੭-- **ਹਉਮੈ ਜਾਈ ਤਾ ਕੰਤ ਸਮਾਈ ॥**
**ਤਉ ਕਾਮਣਿ ਪਿਆਰੇ ਨਵਨਿਧਿ ਪਾਈ ॥ ੬ ॥**[੭੫੦]-੧

੭

## ਨਿੰਦਉ ਨਾਹੀ ਕਾਹੂ ਬਾਤੈ, ਇਹੁ ਖਸਮ ਕਾ ਕੀਆ ॥

ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਸਿਰਜਣਹਾਰ ਅਕਾਲਪੁਰਖ ਜੀ ਨੇ ਪੰਜ ਤਤਾਂ ਤੋਂ ਸਾਰੀ ਸਿਰਸ਼ਟੀ, ਅਤੇ ਹਉਮੈ ਸਮੇਤ ਪੰਜੇ ਵਿਕਾਰ ਵੀ ਆਪ ਹੀ ਬਣਾਏ ਹਨ :--

੮੮- **ਹਰਿ ਆਪੇ ਪੰਚ ਤਤੁ ਬਿਸਥਾਰਾ ਵਿਚਿ ਧਾਤੂ ਪੰਚ ਆਪਿ ਪਾਵੈ ॥**
ਜਨ ਨਾਨਕ ਸਤਿਗੁਰੁ ਮੇਲੇ ਆਪੇ, ਹਰਿ ਆਪੇ ਝਗਰੁ ਚੁਕਾਵੈ ॥ ੨ ॥ [੭੨੦]-੩

**ਅਰਥ:**-- ਪਰਮਾਤਮਾ ਨੇ ਆਪ ਹੀ ਆਪਣੇ ਆਪ ਤੋਂ ਪੰਜਾਂ ਤੱਤਾਂ ਦਾ ਜਗਤ-ਖਿਲਾਰਾ ਖਿਲਾਰਿਆ ਹੋਇਆ ਹੈ, ਆਪ ਹੀ ਇਨ੍ਹਾਂ ਤੱਤਾਂ ਵਿਚ ਪੰਜ ਵਿਸ਼ੇ-ਵਿਕਾਰ ਭਰੇ ਹੋਏ ਹਨ । ਸਤਿਗੁਰੂ ਜੀ ਦਾ ਫ਼ੁਰਮਾਨ ਹੈ ਕਿ-ਪਰਮਾਤਮਾ ਆਪ ਹੀ ਆਪਣੇ ਸੇਵਕ ਨੂੰ ਗੁਰੂ ਨਾਲ ਮਿਲਾਪ ਕਰਾਉਂਦਾ ਹੈ ਅਤੇ ਆਪ ਹੀ (ਉਸ ਦੇ ਅੰਦਰੋਂ ਹਰੇਕ ਕਿਸਮ ਦੀ) ਖਿਚੋਤਾਣ ਮੁਕਾਉਂਦਾ ਹੈ । ੨ ।

੮੯- **ਏਹੁ ਜਗੁ ਆਪਿ ਉਪਾਇਓਨੁ ਕਰਿ ਚੋਜ ਵਿਡਾਨੁ ॥ ਪੰਚ ਧਾਤੁ ਵਿਚਿ ਪਾਈਅਨੁ**
**ਮੋਹੁ ਝੂਠੁ ਗੁਮਾਨੁ ॥ ਆਵੈ ਜਾਇ ਭਵਾਈਐ ਮਨਮੁਖੁ ਅਗਿਆਨੁ ॥ . . . . ੪ ॥ [੭੮੬]-ਵਾ-੪**

੯੦- **ਸਦਾ ਸਦਾ ਤੂੰ ਏਕੁ ਹੈ ਤੁਧੁ ਦੂਜਾ ਖੇਲੁ ਰਚਾਇਆ ॥ ਹਉਮੈ ਗਰਬੁ ਉਪਾਇ ਕੈ ਲੋਭੁ ਅੰਤਰਿ ਜੰਤਾ ਪਾਇਆ ॥ ਜਿਉ ਭਾਵੈ ਤਿਉ ਰਖੁ ਤੂ ਸਭ ਕਰੇ ਤੇਰਾ ਕਰਾਇਆ ॥ ਇਕਨਾ ਬਖਸਹਿ ਮੇਲਿ ਲੈਹਿ ਗੁਰਮਤੀ ਤੁਧੈ ਲਾਇਆ ॥ ਇਕਿ ਖੜੇ ਕਰਹਿ ਤੇਰੀ ਚਾਕਰੀ ਵਿਣੁ ਨਾਵੈ ਹੋਰੁ ਨ ਭਾਇਆ ॥ ਹੋਰੁ ਕਾਰ ਵੇਕਾਰ ਹੈ ਇਕਿ ਸਚੀ ਕਾਰੈ ਲਾਇਆ ॥ ਪੁਤੁ ਕਲਤੁ ਕੁਟੰਬੁ ਹੈ ਇਕਿ ਅਲਿਪਤੁ ਰਹੇ ਜੋ ਤੁਧੁ ਭਾਇਆ ॥ ਓਹਿ ਅੰਦਰਹੁ ਬਾਹਰਹੁ ਨਿਰਮਲੇ ਸਚੈ ਨਾਇ ਸਮਾਇਆ ॥ ੩ ॥ [੧੩੯]-ਪਉ-੩**

**ਅਰਥ:**--(ਹੇ ਪ੍ਰਭੂ !) ਤੂੰ ਸਦਾ ਇਕ (ਆਪ ਹੀ ਆਪ) ਹੈਂ, ਇਹ (ਤੈਥੋਂ ਵੱਖਰਾ ਦਿੱਸਦਾ ਤਮਾਸ਼ਾ ਤੂੰ ਆਪ ਹੀ ਰਚਿਆ ਹੈ । (ਤੂੰ ਜੀਵਾਂ ਦੇ ਅੰਦਰ) ਹਉਮੈ ਹੰਕਾਰ ਪੈਦਾ ਕਰ ਕੇ ਅੰਦਰ ਲੋਭ ਵੀ ਪਾ ਦਿੱਤਾ ਹੈ । ਸੋ, ਸਾਰੇ ਜੀਵ ਤੇਰੇ ਹੀ ਪ੍ਰੇਰੇ ਹੋਏ ਕਾਰ ਕਰ ਰਹੇ ਹਨ । ਜਿਵੇਂ ਤੈਨੂੰ ਭਾਵੇ ਤਿਵੇਂ ਇਨ੍ਹਾਂ ਦੀ ਰਖਿਆ ਕਰ ।-------

ਇਨ੍ਹਾਂ ਗੁਰੂ-ਫ਼ੁਰਮਾਨਾਂ ਤੋਂ ਸਪੱਸ਼ਟ ਹੈ ਕਿ ਪੰਜੇ ਵਿਕਾਰ ਸਿਰਜਣਹਾਰ ਦੀ ਹੀ ਦੇਣ ਹਨ । ਉਪਰੋਕਤ ਗੁਰੂ ਸ਼ਬਦਾਂ ਵਿਚ, ਕਾਮ, ਕ੍ਰੋਧ, ਲੋਭ ਅਤੇ ਮੋਹ ਬਾਰੇ ਅੱਡ ਅੱਡ ਵੀ ਅਸੀਂ ਪੜ੍ਹਿਆ ਹੈ ਕਿ, ਦਾਤਾਰ ਦੇ ਬਖ਼ਸ਼ੇ ਉਹ ਸਾਰੇ **ਗੁਣ,** ਮਾਇਆ-ਮੋਹ ਵਿਚ ਗ੍ਰਸੇ ਮਨੁੱਖ ਨੇ ਅਜੇਹੀ ਦੁਰਵਰਤੋਂ ਕੀਤੀ ਕਿ ਉਹ (ਵਡਮੁੱਲੇ ਗੁਰਣਾ ਤੋਂ) **ਅਵਗੁਣ** ਅਥਵਾ ਵਿਕਾਰ ਬਣਾ ਲਏ ਹਨ। ਉਸ ਕਰਤਾਰ-ਖ਼ਸਮ ਦੇ ਕੀਤੇ ਕਿਸੇ ਕੰਮ ਨੂੰ

ਨਿੰਦਣਾਂ ਗੁਰਮਤਿ ਵਿਰੁੱਧ ਕਰਮ ਹੈ । ਕਿਉਂਕਿ ਉਸ ਦਾ ਕੋਈ ਵੀ ਕੰਮ ਨਿੰਦਣ-ਜੋਗ ਹੈ ਹੀ ਨਹੀਂ । ਸਿਜਣਹਾਰ ਨੇ ਜੋ ਕੁਝ ਵੀ ਬਣਾਇਆ ਉਹ ਜੀਵ ਦੀ ਭਲਾਈ ਲਈ ਹੀ ਬਣਾਇਆ ਹੈ, ਪਰ ਜਿਵੇ--**ਬਹੁ ਸਾਦਹੁ ਦੂਖੁ ਪਰਾਪਤਿ ਹੋਵੈ ॥ ਭੋਗਹੁ ਰੋਗ ਸੁ ਅੰਤਿ ਵਿਗੋਵੈ ॥**[੧੦੩੪]- ਖਾਣ ਲਈ ਅੰਮ੍ਰਿਤਮਈ ਸੁਆਦਿਸ਼ਟ ਪਦਾਰਥਾਂ ਨੂੰ ਸੰਜਮ ਵਿਚ ਰਹਿ ਕੇ ਨਾ ਖਾਣ ਨਾਲ ਦੁਖਦਾਈ ਬਣ ਜਾਂਦੇ ਹਨ ਅਤੇ ਸੰਜਮ ਤੋਂ ਬਾਹਰੇ ਸੁਖ਼ਦਾਇਕ ਭੋਗ ਵੀ ਰੋਗ ਬਣ ਜਾਣ ਦੇ ਕਾਰਨ ਮਨੁੱਖ ਖੱਜਲ ਖ਼ੁਆਰ ਹੁੰਦੇ ਹਨ । ਉਵੇਂ ਹਉਮੈ ਵੀ ਇੱਕ ਅਨਮੋਲ ਗੁਣ ਹੈ । ਹਉਮੈ ਦੇ ਕਾਰਨ ਹੀ ਸੰਸਾਰ-ਬਗੀਚੇ ਦੇ ਰੌਣਕਾਂ ਭਰੇ ਸ਼ਿੰਗਾਰ ਸਦਾ ਵਧੇ ਤੇ ਰਹੇ ਹਨ । " ਮੈਂ ਦੂਜੇ ਨਾਲੋਂ ਵਧੀਆ ਅਤੇ ਬਹੁਤੀ ਸੁਖਦਾਈ ਮਸ਼ੀਨ ਬਣਾਉਣੀ ਹੈ, ਮੈ ਦੂਜੇ ਨਾਲੋਂ ਅਲੋਕਾਰ ਭਵਣ ਬਣਾਉਣਾ ਹੈ, ਮੈਂ ਯਤਨ ਕਰਕੇ ਬੜੀ ਲਾਭਦਾਇਕ ਦਵਾਈ ਬਣਾ ਕੇ ਵਾਹ-ਵਾ ਖੱਟਣੀ ਹੈ,", ਬਸ ਇਸ ਤਰ੍ਹਾਂ ਦੀ ਹਉਮੈ ਦੇ ਕਾਰਨ ਹੀ ਸਾਇੰਸ ਦਾ ਯੁੱਗ ਛਾਲਾਂ ਮਾਰਦਾ ਅੱਗੇ ਵਧਦਾ ਤੁਰਿਆ ਜਾ ਰਿਹਾ ਹੈ, ਏਸੇ ਹਉਮੈ ਨੇ ਹੀ ਬੜੀਆਂ ਆਲੀਸ਼ਾਨ ਇਮਾਰਤਾਂ ਬਣਵਾਈਆਂ, ਹਉਮੈ ਨੇ ਹੀ ਸੁੰਦਰ ਬਾਗ਼ ਬਗ਼ੀਚੇ, ਵਿਸ਼ਾਲ ਚਿੜੀਆ-ਘਰ ਅਤੇ ਅਦਭੁਤ ਅਜਾਇਬ-ਘਰ ਆਦਿ ਕਈ ਪਰਕਾਰ ਦੀ ਜਾਣਕਾਰੀ ਵਧਾਉਣ ਦੇ ਸਾਧਨਾਂ ਦੇ ਨਾਲ ਮਨੋਰੰਜਨ ਮੁਹੱਯਾ ਕਰਨ ਵਾਲੇ ਸੁੰਦਰ ਥਾਂ ਬਣਵਾਏ । ਚੰਗੇ ਤੋਂ ਚੰਗੇ ਖਿਲਾੜੀ, ਪਹਿਲਵਾਨ, ਭਾਰ ਚੁੱਕਣ ਵਾਲੇ, ਹਵਾ ਦੇ ਵੇਗ ਵਾਲੇ ਦੌੜਾਕ, ਸਾਰੇ ਦੇ ਸਾਰੇ ਹਉਮੈ ਨੇ ਹੀ ਪੈਦਾ ਕੀਤੇ ਹਨ । " ਮੈ ਸਾਰਿਆਂ ਨੂੰ ਹਰਾ ਕੇ ਸਰਬ ਸ੍ਰੇਸ਼ਟ ਇਨਾਮ ਜਿੱਤਣਾ ਹੈ " ਕੀ ਇਹ ਹਉਮੈ ਨਹੀਂ ਹੈ ? ਖੇਡਾਂ ਦੇ ਮੈਦਾਨ ਵਿਚ ਨਿੱਤ ਪੁਰਾਣੇ ਹਦ-ਬੰਨੇ(Record) ਕੇਵਲ ਹਉਮੈ ਹੀ ਤੋੜ ਰਹੀ ਹੈ । ਕਈ ਵਿਦਵਾਨਾਂ ਨੇ ਤਾਂ ਇਹ ਵੀ ਲਿਖ ਦਿੱਤਾ ਹੈ ਕਿ ਇਹ ਸੰਸਾਰ ਵੀ ਰੱਬ ਦੀ ਹਉਮੈ ਦੀ ਹੀ ਪੈਦਾਇਸ਼ ਹੈ । ਗੁਰੂ ਬਾਣੀ ਵਿਚੋਂ ਤਾਂ ਇਹ ਸੰਕੇਤ ਵੀ ਮਿਲਦਾ ਹੈ ਕਿ ਭਗਤ ਧੰਨਾ ਜੀ ਨੂੰ ਭਗਤੀ ਵੱਲ ਪ੍ਰੇਰਨ ਵਾਲੀ ਵੀ ਉਸ ਦੀ ਨਿਰਮਲ ਹਉਮੈ ਹੀ ਸੀ---

ਪੁਸਤਕ ਦੇ ਤੀਜੇ ਭਾਗ ਦੇ ਦੂਜੇ ਕਾਂਡ ਵਿਚ ੬੬ ਨੰਬਰ ਤੇ ਆਸਾ ਰਾਗ ਵਿਚੋਂ ਪੰਚਮ ਪਾਤਿਸ਼ਾਹ ਜੀ ਦਾ ਸ਼ਬਦ ਬੜੇ ਵਿਸਥਾਰ ਨਾਲ ਵਿਚਾਰਿਆ ਹੋਇਆ ਹੈ । ਉਸ ਸ਼ਬਦ ਦੀ ਆਖ਼ਰੀ ਤੁਕ ਹੈ--" **ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥ ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥ ੪ ॥**[੪੮੭]--੨ ਭਾਵ, ਜਦੋਂ ਧੰਨੇ ਜੱਟ ਨੇ ਇਹ ਸੁਣਿਆਂ ਕਿ ਕੰਮੀ-ਕਮੀਣ ਪ੍ਰਭੂ ਦੇ ਭਗਤ ਬਣ ਕੇ ਲੋਕਾਂ ਵਿਚ ਸਤਿਕਾਰ-ਜੋਗ ਬਣ ਗਏ ਹਨ ਤਾਂ ਉਸ ਦੇ ਸਵੈਮਾਣ ਨੇ ਹੁਲਾਰਾ ਖਾਧਾ । ਹਉਮੈ ਜਾਗੀ ਕਿ ਮੈਂ ਜੱਟ ਹੋ ਕੇ ਪਿੱਛੇ ਰਹਿ ਗਿਆ ? ਸੋ ਉਹ ਵੀ ਪ੍ਰਭੂ ਭਗਤੀ ਵਿਚ ਜੁੱਟ ਗਿਆ ਅਤੇ ਉਸ ਦੀ ਉਹ (ਪਵਿੱਤਰ) ਹਉਮੈ, ਉਸ ਲਈ ਦਾਰੂ ਬਣ ਗਈ । " **ਹਉਮੈ ਦੀਰਘੁ ਰੋਗ ਹੈ ਦਾਰੂ ਭੀ ਇਸ ਮਾਹਿ** " ।

੯੧- **ਸਾਧੂ ਸੰਗਮੇ ਹਾਂ ॥ ਪੂਰਨ ਸੰਜਮੇ ਹਾਂ ॥ ਜਬ ਤੇ ਛੁਟੇ ਆਪ ਹਾਂ ॥ ਤਬ ਤੇ ਮਿਟੇ ਤਾਪ ਹਾਂ ॥ ਕਿਰਪਾ ਧਾਰੀਆ ਹਾਂ ॥ ਪਤਿ ਰਖੁ ਬਨਵਾਰੀਆ ਮੇਰੇ ਮਨਾ ॥ ੧ ॥**[੪੧੦]-੬-੧੬੨

੮

# ਵਸਗਤਿ ਪੰਚ ਕਰੇ ਨਹ ਡੋਲੈ॥

ਉੱਪਰ ਅਸਾਂ ਕਈ ਸ਼ਬਦ ਵਿਚਾਰੇ ਹਨ ਜਿਨ੍ਹਾਂ ਤੋਂ ਏਹੀ ਭਰਮ ਬਣਦਾ ਹੈ ਕਿ ਸਤਿਗੁਰਾਂ ਨੇ ਹਉਮੈ ਨੂੰ ਮਾਰ ਦੇਣ ਦਾ ਅਥਵਾ ਖ਼ਤਮ ਕਰ ਦੇਣ ਦਾ ਹੀ ਥਾਂ ਥਾਂ ਉਪਦੇਸ਼ ਦਿੱਤਾ ਹੈ । ਪਰ ਅਸੀਂ ਇਹ ਗਲ ਭੁੱਲ ਰਹੇ ਹੁੰਦੇ ਹਾਂ ਕਿ, ਕਰਤਾਰ ਦੇ ਹੁਕਮ ਵਿਚ ਰਹਿਣ ਦੀ ਜਾਚ ਸਿਖਾਉਣ ਆਏ ਗੁਰੂ ਨਾਨਕ ਸਾਹਿਬ ਜੀ ਅਤੇ ਉਨ੍ਹਾਂ ਦੇ ਹੀ ਬਾਕੀ ਸਰੂਪ, ' ਸੱਚੇ ਸਤਿਗੁਰੂ ਸਾਹਿਬਾਨ, ਪਰਮਾਤਮਾ ਦੇ ਹੀ ਕੀਤੇ ਨੂੰ ਮਿਟਾਉਣ ਦੀ ਵਿਚਾਰ ਕਿਵੇਂ ਲਿਖ ਸਕਦੇ ਸਨ ? ਭਰਮ ਨੂੰ ਮਕਾਉਣ ਲਈ ਆਉ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰੀ ਵਿਚ ਹਾਜ਼ਰ ਹੋਈਏ।

ਖ਼ਾਲਸਾ ਸਿਧਾਂਤ ਦੇ ਜਨਮ ਦਾਤਾ, ਸ੍ਰੀ ਗੁਰੂ ਨਾਨਕ ਸਾਹਿਬ ਜੀ ਮਾਛਿੰਦ੍ਰ ਨਾਮੀ ਜੋਗੀ ਨੂੰ ਵਿਰਕਤ ਸਾਧ ਦੇ ਲਛਣ ਸਮਝਾਉਂਦੇ ਹੋਏ ਫ਼ੁਰਮਾਨ ਕਰਦੇ ਹਨ---

੯੨- **ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੈ ॥**
**ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥ ੩ ॥**[੮੭੭]-੫

**ਅਰਥ**:--(ਗੁਰੂ ਨਾਨਕ ਜੀ ਮਾਛਿੰਦ੍ਰ ਜੋਗੀ ਦਾ ਧਿਆਨ ਆਪਣੇ ਬਚਨਾ ਵੱਲ ਦਿਵਾਉਂਦੇ ਹੋਏ ਫ਼ੁਰਮਾਉਂਦੇ ਹਨ) ਹੇ ਮਾਛਿੰਦ੍ਰ ! ਸੁਣ (ਅਸਲ ਵਿਰਕਤ ਕਾਮਾਦਿਕ) ਪੰਜੇ ਵਿਕਾਰਾਂ ਨੂੰ ਆਪਣੇ ਵੱਸ ਵਿਚ ਕਰੀ ਰੱਖਦਾ ਹੈ (ਇਨ੍ਹਾਂ ਦੇ ਸਾਹਮਣੇ) ਉਹ ਕਦੇ ਡੋਲਦਾ ਨਹੀਂ । ਉਹ ਵਿਰਕਤ ਇਸ ਤਰ੍ਹਾਂ ਦੀ ਜੀਵਨ-ਜੁਗਤਿ ਨੂੰ ਸੰਭਾਲ ਰੱਖਦਾ ਹੈ, ਇਹੀ ਹੈ ਉਸ ਦਾ ਜੋਗ-ਸਾਧਨ । (ਇਸ ਜੁਗਤ ਨਾਲ ਉਹ) ਆਪ (ਸੰਸਾਰ-ਸਮੁੰਦਰ ਦੇ ਵਿਕਾਰਾਂ ਵਿਚੋਂ) ਪਾਰ ਲੰਘ ਜਾਂਦਾ ਹੈ, ਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਵੀ ਪਾਰ ਲੰਘਾ ਲੈਂਦਾ ਹੈ । ੧ ।

ਅਗਲੇ ਗੁਰੂ ਫ਼ੁਰਮਾਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਨਾਮ ਸਿਮਰਨ ਦੀ ਬਦੌਲਤ ਪੰਜ ਵਿਕਾਰ ਵੱਸ ਵਿਚ ਆਉਂਦੇ ਹਨ। ਖ਼ਤਮ ਹੋਣ ਦੀ ਗੱਲ ਸਤਿਗੁਰਾਂ ਨੇ ਬਿਲਕੁਲ ਨਹੀਂ ਕੀਤੀ:---

੯੩- **ਜੋ ਹਰਿਨਾਮੁ ਧਿਆਇਦੇ ਮੇਰੀ ਜਿੰਦੁੜੀਏ ਤਿਨਾ ਪੰਚੇ ਵਸਗਤਿ ਆਏ ਰਾਮ ॥ ਅੰਤਰਿ ਨਵ ਨਿਧਿ ਨਾਮੁ ਹੈ ਮੇਰੀ ਜਿੰਦੁੜੀਏ ਗੁਰੁ ਸਤਿਗੁਰੁ ਅਲਖੁ ਲਖਾਏ ਰਾਮ ॥ ਗੁਰਿ ਆਸਾ ਮਨਸਾ ਪੂਰੀਆ ਮੇਰੀ ਜਿੰਦੜੀਏ ਹਰਿ ਮਿਲਿਆ ਭੁਖ ਸਭ ਜਾਏ ਰਾਮ ॥ ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ ਮੇਰੀ ਜਿੰਦੜੀਏ ਜਨ ਨਾਨਕ ਹਰਿ ਗੁਣ ਗਾਏ ਰਾਮ ॥ ੨ ॥**[੫੩੯]-ਛੰਤ-੩

**ਅਰਥ**--ਹੇ ਮੇਰੀ ਸੋਹਣੀ ਜਿੰਦੇ ! ਜੇਹੜੇ ਮਨੁੱਖ ਪਰਮਾਤਮਾ ਦਾ ਨਾਮ ਸਿਮਰਦੇ ਰਹਿੰਦੇ ਹਨ, ਕਾਮਾਦਿਕ ਪੰਜੇ ਵੈਰੀ ਉਨ੍ਹਾਂ ਦੇ ਵੱਸ ਵਿਚ ਆ ਜਾਂਦੇ ਹਨ, ਦੁਨੀਆ ਦੇ ਨੌਂ ਖ਼ਜ਼ਾਨਿਆਂ ਦੀ ਬਰਾਬਰੀ ਕਰਨ ਵਾਲਾ ਹਰਿ-ਨਾਮ ਉਨ੍ਹਾਂ ਦੇ ਮਨ ਵਿਚ ਆ ਵੱਸਦਾ ਹੈ । ਹੇ ਮੇਰੀ ਸੋਹਣੀ ਜਿੰਦੇ ! ਗੁਰੂ ਉਨ੍ਹਾਂ ਨੂੰ ਉਸ ਪਰਮਾਤਮਾ ਦੀ ਸੋਝੀ ਬਖ਼ਸ਼ ਦਿੰਦਾ ਹੈ ਜਿਸ ਤੱਕ ਮਨੁੱਖ ਦੀ ਆਪਣੀ ਸਮਝ ਨਹੀਂ ਪਹੁੰਚ ਸਕਦੀ । ਗੁਰੂ ਨੇ ਜਿਨ੍ਹਾਂ ਮਨੁੱਖਾਂ ਸੀ ਆਸਾ ਤੇ ਮਨ ਦਾ ਫੁਰਨਾ ਪੂਰਾ ਕਰ ਦਿੱਤਾ, ਉਨ੍ਹਾਂ ਨੂੰ ਪਰਮਾਤਮਾ ਮਿਲ ਪਿਆ, ਉਨ੍ਹਾਂ ਦੀਆਂ

ਮਾਇਆ ਦੀ ਸਾਰੀ ਭੁੱਖ ਲਹਿ ਗਈ। ਹੇ ਦਾਸ ਨਾਨਕ ! (ਆਖ-) ਧੁਰੋ ਦਰਗਾਹੋਂ ਪਰਮਾਤਮਾ ਨੇ ਜਿਸ ਮਨੁੱਖ ਤੇ ਮੱਥੇ (ਸਿਮਰਨ ਦਾ ਲੇਖ) ਲਿਖ ਦਿੱਤਾ, ਉਹ ਸਦਾ ਪ੍ਰਭੂ ਦੇ ਗੁਣ ਗਾਉਂਦਾ ਰਹਿੰਦਾ ਹੈ । ੨ ।

ਏਹੀ ਗੁਰਮਤਿ ਸਿਧਾਂਤ ਇਸ ਗੁਰੂ-ਸ਼ਬਦ ਦੁਆਰਾ ਦ੍ਰਿੜ ਕਰਵਾਇਆ ਗਿਆ ਹੈ:--

੯੪- **ਮੇਰਾ ਮਨੁ ਲਾਗਾ ਹੈ ਰਾਮ ਪਿਆਰੇ ॥**

**ਦੀਨ ਦਇਆਲਿ ਕਰੀ ਪ੍ਰਭ ਕਿਰਪਾ ਵਸਿ ਕੀਨੇ ਪੰਚ ਦੂਤਾਰੇ ॥ ੧ ॥ ਰਹਾਉ ॥** [੬੭੦]-੧

**ਅਰਥ:**--ਹੇ ਭਾਈ ! ਮੇਰਾ ਮਨ ਪਿਆਰੇ ਪਰਮਾਤਮਾ (ਦੇ ਨਾਮ) ਨਾਲ ਜੁੜ ਗਿਆ ਹੈ । ਦੀਨਾ ਤੇ ਦਇਆ ਕਰਨ ਵਾਲੇ ਪ੍ਰਭੂ ਨੇ (ਆਪ ਹੀ) ਕਿਰਪਾ ਕੀਤੀ ਹੈ, ਤੇ ਪੰਜੇ (ਕਾਮਾਦਿਕ ਵੈਰੀ ਮੇਰੇ ਵੱਸ ਵਿਚ ਕਰ ਦਿੱਤੇ ਹਨ । ੧ । ਰਹਾਉ ।

੯੫- **ਹਉ ਆਇਆ ਸਾਮ੍ਹੈ ਤਿਹੰਡੀਆ ॥ ਪੰਜਿ ਕਿਰਸਾਣ ਮੁਜੇਰੇ ਮਿਹਡਿਆ ॥** [**ਕੰਨੁ**=ਮੋਢਾ]

**ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ ॥ ੫ ॥**[੭੩]-੨-੨੯

**ਅਰਥ**:--ਪੰਚਮ ਗੁਰਨਾਨਕ ਜੀ ਦਾ ਫ਼ੁਰਮਾਨ--(ਹੇ ਮੇਰੇ ਪ੍ਰਭੂ !) ਮੈਂ ਤੇਰੀ ਸਰਨ ਆਇਆ ਹਾਂ । (ਤੇਰੀ ਮਿਹਰ ਨਾਲ) ਪੰਜੇ ਕਿਸਾਨ (ਪੰਜੇ ਵਿਕਾਰ ਅਥਵਾ ਪੰਜੇ ਗਿਆਨ ਇੰਦ੍ਰੇ) ਮੇਰੇ ਮੁਜ਼ਾਰੇ ਬਣ ਗਏ ਹਨ (ਮੇਰੇ ਕਹੇ ਵਿਚ ਤੁਰਦੇ ਹਨ) । ਕੋਈ (ਕਿਸਾਨ ਮੈਥੋਂ ਆਕੀ ਹੋ ਕੇ) ਸਿਰ ਨਹੀਂ ਚੁੱਕ ਸਕਦਾ । ਹੁਣ ਮੇਰਾ ਸਰੀਰ-ਨਗਰ (ਭਲੇ ਗੁਣਾਂ ਦੀ) ਸੰਘਣੀ ਵੱਸੋਂ ਨਾਲ ਵੱਸ ਪਿਆ ਹੈ । ੫ ।

੯੬- **ਪੰਚ ਜਨਾ ਗੁਰਿ ਵਸਗਤਿ ਆਣੇ ਤਉ ਉਨਮਨਿ ਨਾਮਿ ਲਗਾਨੀ ॥**

**ਜਨ ਨਾਨਕ ਹਰਿ ਕਿਰਪਾ ਧਾਰੀ ਹਰਿ ਰਾਮੈ ਨਾਮਿ ਸਮਾਨੀ ॥ ੪ ॥**[੧੧੯੯]-੫

**ਅਰਥ**:--(ਚੌਥੇ ਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਨ-) ਜਦੋਂ ਗੁਰੂ ਨੇ ਕਾਮਾਦਿਕ ਪੰਜਾਂ ਨੂੰ (ਕਿਸੇ ਵਡਭਾਗੀ ਦੇ) ਵੱਸ ਵਿਚ ਕਰ ਦਿੱਤਾ, ਤਦੋਂ ਬਿਰਹੋਂ ਅਵਸਥਾ ਵਿਚ ਅੱਪੜ ਕੇ ਉਸ ਦੀ ਸੁਰਤਿ ਹਰਿ-ਨਾਮ ਵਿਚ ਜੁੜ ਜਾਂਦੀ ਹੈ । ਜਿਸ ਮਨੁੱਖ ਉਤੇ ਪ੍ਰਭੂ ਨੇ ਮਿਹਰ ਕੀਤੀ, ਪ੍ਰਭੂ ਦੇ ਨਾਮ ਵਿਚ ਹੀ ਉਸ ਦੀ ਲੀਨਤਾ ਹੋ ਜਾਂਦੀ ਹੈ । ੪ ।

ਪੰਜ ਵਿਕਾਰ-ਘੋੜੇ ਪੰਜ ਗਿਆਨ ਇੰਦ੍ਰਿਆਂ ਦੇ ਦੌੜਾਏ ਹੀ ਦੌੜਦੇ ਹਨ । ਗਿਆਨ ਇੰਦ੍ਰੇ ਕਾਬੂ ਵਿਚ ਆ ਗਏ ਤਾਂ ਵਿਕਾਰ ਵੀ ਵਲੇਵੇਂ ਵਿਚ ਆ ਗਏ । ਜੇ ਮੰਦਾ ਵੇਖਣ ਦਾ ਚਸਕਾ ਹਾਵੀ ਹੋ ਗਿਆ ਤਾਂ ਕਈ ਰੋਗ ਪ੍ਰਗਟ ਹੋ ਜਾਣਗੇ । ਏਹੀ ਹਾਲ ਕੰਨਾ ਦਾ ਹੈ ਮੰਦਾ ਸੁਣਨ ਦਾ ਚਸਕਾ ਚੁਗਲੀ ਨਿੰਦਿਆ ਦੇ ਝਮੇਲੇ ਵਿਚ ਫਸਾਉਂਦਾ ਹੈ, ਕਾਮ ਅਗਨੀ ਭੜਕਾਉਂਦਾ ਹੈ, ਪਰ ਜੇ ਗੁਰਬਾਣੀ ਸੁਣਨ ਦਾ ਸੁਆਦ ਪੈ ਜਾਵੇ ਤਾਂ ਸਾਰੇ ਰੋਗ ਦੂਰ ਹੋ ਜਾਂਦੇ ਹਨ । ਜ਼ਬਾਨ ਦੇ ਸੁਆਦ ਦਾ ਚਸਕਾ, ਸਪਰਸ਼ ਦਾ ਐਬ ਅਤੇ ਪੰਜਵਾਂ ਮੰਦਾ ਸੋਚਣ ਦਾ ਐਬ, ਸਾਰੇ ਵਿਕਾਰਾਂ ਦੀ ਜੜ੍ਹ ਹਨ । ਸੋ ਪੰਜੇ ਗਿਆਨ ਇੰਦ੍ਰੇ ਵੱਸ ਵਿਚ ਆ ਗਏ, ਤਾਂ ਮਨੁੱਖਾ ਜੀਵਨ ਦੇ ਦੁਖ ਘਟਦੇ ਹਨ ਜੇ ਸਚੇ ਨਾਮ ਵਿਚ ਸੁਰਤ ਜੁੜ ਜਾਵੇ ਤਾਂ ਸਦੀਵੀ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ:--

੯੭- **ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ ॥**

**ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ ॥ ੨ ॥** [੧੩੨੯]-੭

੯੮- **ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥**

**ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥ ੩ ॥** [੧੩੩੪]-੬

੯੯- **ਜਾਗਤੁ ਰਹੈ ਨ ਅਲੀਆ ਭਾਖੈ ॥ ਪਾਂਚਉ ਇੰਦ੍ਰੀ ਬਸਿ ਕਰਿ ਰਾਖੈ ॥**

**ਗੁਰ ਕੀ ਸਾਖੀ ਰਾਖੈ ਚੀਤਿ ॥ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥ ੬ ॥** [੯੭੪]-੧

**ਪਦ ਅਰਥ**:--ਅਲੀਆ=ਝੂਠ । ਸਾਖੀ=ਸਿਖਿਆ । ਚੀਤਿ=ਚਿੱਤ ਵਿਚ । ਕ੍ਰਿਸ਼ਨ=ਪ੍ਰਭੂ, ਪਰਮੇਸ਼ਰ, ਅਕਾਲ ਪੁਰਖ ।

ਹੁਣ ਤੱਕ ਦੀ ਗੁਰੂ-ਸ਼ਬਦ ਵਿਚਾਰ ਤੋਂ ਸਪੱਸ਼ਟ ਹੋਇਆ ਹੈ ਕਿ ਕਾਮ ਕ੍ਰੋਧ ਲੋਭ ਮੋਹ ਅਤੇ ਹਉਮੈ ਆਦਿ ਪੰਜ ਵਿਕਾਰ ਵੀ ਪਰਮਾਤਮਾ ਦੀ ਹੀ ਕਿਰਤ ਹਨ, ਅਤੇ ਇਹ ਪੰਜੇ ਸੰਸਾਰ ਰਚਨਾ ਦਾ ਲਾਹੇਵੰਦ ਹਿੱਸਾ ਹਨ । ਗੁਰੂ-ਬਾਣੀ ਵਿਚਾਰ ਕਰਦਿਆਂ ਜਦ ਵੀ ਕਿਸੇ ਗੁਰੂ ਫ਼ੁਰਮਾਨ ਦੇ ਜ਼ਾਹਰਾ ਅੱਖਰੀ ਅਰਥਾਂ ਤੋਂ ਵਿਕਾਰ ਅਥਵਾ ਵਿਕਾਰਾਂ ਦੇ ਮਾਰ ਦੇਣ ਦੀ ਸਮਝ ਪਵੇ ਤਾਂ ਉਥੇ ਵੀ ਅਸਲ ਵਿਚ ਏਹੀ ਉਪਦੇਸ਼ ਹੈ ਕਿ ਮਨੁੱਖ ਨੂੰ ਇਨ੍ਹਾਂ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ ਹਉਮੈ ਆਦਿ) ਦਾ ਗ਼ੁਲਾਮ ਨਹੀਂ ਬਣ ਜਾਣਾ ਚਾਹੀਦਾ । ਇਨ੍ਹਾਂ ਨੂੰ ਆਪਣੇ ਸੇਵਕਾਂ ਵਾਂਗ ਆਪਣੇ ਅਧੀਨ, ਆਪਣੇ ਵੱਸ ਵਿਚ ਰੱਖਣ ਦਾ ਗੁਰ ਉਪਦੇਸ਼ ਹੈ ।

ਹਉਮੈ ਹੰਕਾਰ ਬਾਰੇ ਅਜੇਹੇ ਹੋਰ ੧੭੫ ਗੁਰੂ-ਸ਼ਬਦਾਂ ਦੀ ਸੂਚੀ ਤਿਆਰ ਹੈ । ਹਉਮੈ ਅਹੰਕਾਰ ਤੋਂ ਬਚੇ ਰਹਿਣ ਲਈ ਸਤਿਗੁਰਾਂ ਨੇ ਬੜੀ ਬਾਰੀ ਉਪਦੇਸ਼ ਦ੍ਰਿੜ ਕਰਾਇਆ ਪਰ ਅਸਾਂ ਸਗੋਂ ਕੌਮੀ ਤੌਰ ਤੇ ਹੰਕਾਰੀ ਹੋ ਜਾਣ ਦਾ ਢੋਲ ਖੜਕਾ ਦਿੱਤਾ । ਪੂਰੀ ਕੌਮ ਦਾ ਜਨਮ ਦਿਨ ਮਨਾਉਣਾ ਕੇਵਲ ਸਿੱਖ ਦੀ ਮੂਰਖਤਾਈ ਨੇ ਹੀ ਅਰੰਭ ਕੀਤਾ । ਸਾਰਾ ਪੰਥ ਆਪਣੇ ਜਨਮ ਦਾਤਾ ਸਤਿਗੁਰੂ ਨਾਲੋਂ ਉੱਪਰ ਹੋ ਬੈਠਾ । ਅਖੇ ਅਸੀਂ ੨੧ ਹਿੱਸੇ ਹਾਂ ਸਾਡਾ ਗੁਰੂ ਤਾਂ ਵਿਚਾਰਾ ਸਾਥੋ ਵੀ ਥੱਲੇ ੨੦ ਹਿੱਸੇ ਤੇ ਹੀ ਅਟਕ ਗਿਆ ? ਖ਼ਾਲਾਸਾ ਜੀ ਗੁਰੂ ਦੇ ਆਗਿਆਕਾਰੀ ਚੰਗੇ ਸਿੱਖ ਬਣਨ ਦੀ ਗੱਲ ਤਾਂ ਕਰਦੇ ਨਹੀਂ, ਪਰ, ਗੁਰ ਅਖਵਾਉਣਾ ਆਪਣ ਹੱਕ ਮੰਨ ਬੈਠਾ ਹੈ। ਅਜੇਹੇ ਕਈ ਕਰਮ ਜੋ ਕੇਵਲ ਹਉਮੈ ਅਹੰਕਾਰ ਹੀ ਵਧਾਉਂਦੇ ਹਨ ਖ਼ਾਲਾਸ ਜੀ ਨੇ ਆਪਣੇ ਧਰਮ ਦਾ ਅੰਗ ਥਾਪ ਲਏ ਹੋਏ ਹਨ।

੧੦੦- **ਰੇ ਮਨ ਮੂਸ ਬਿਲਾ ਮਹਿ ਗਰਬਤ ਕਰਤਬ ਕਰਤ ਮਹਾਂ ਮੁਘਨਾਂ ॥**

**ਸੰਪਤ ਦੋਲ ਝੋਲ ਸੰਗਿ ਝੂਲਤ, ਮਾਇਆ ਮਗਨ ਭ੍ਰਮਤ ਘੁਘਨਾ ॥**

**ਸੁਤ ਬਨਿਤਾ, ਸਾਜਨ ਸੁਖ ਬੰਧਪ, ਤਾ ਸਿਉ ਮੋਹੁ ਬਢਿਓ ਸੁ ਘਨਾ ॥**

**ਬੋਇਓ ਬੀਜੁ ਅਹੰ, ਮਮ ਅੰਕੁਰੁ, ਬੀਤਤ ਅਉਧ, ਕਰਤ ਅਘਨਾਂ ॥**
**ਮਿਰਤੁ ਮੰਜਾਰ, ਪਸਾਰਿ ਮੁਖੁ ਨਿਰਖਤ ਭੁੰਚਤ ਭੁਗਤਿ ਭੁਖ ਭੁਖਨਾ ॥**
**ਸਿਮਰਿ ਗੁਪਾਲ ਦਇਆਲ ਸਤਸੰਗਤਿ, ਨਾਨਕ ਜਗੁ ਜਾਨਤ ਸੁਪਨਾ ॥ ੪ ॥**[੧੩੮੭]

# ਅਠਵਾਂ ਕਾਂਡ

੧

## ਭੁੱਖ, ਭੂਖ, ਖੁਧਿਆ

ਖਾਣ ਦੀ ਇਛਿਆ, ਪੇਟ ਦੀ ਭੁੱਖ ਹੈ । ਪਰ ਸਾਡਾ **ਮਨ** ? ਨਿਰਸੰਦੇਹ ਇਹ ਕਈ ਤਰ੍ਹਾਂ ਦੀ " ਭੁੱਖ " ਦਾ ਭੰਡਾਰ ਹੈ । ਦੀਦਾਰ ਦੀ ਭੁੱਖ, ਕਾਮ-ਭੁੱਖ, ਅਥਵਾ ਮਾਇਆ ਦੇ ਢੇਰ ਉਸਾਰ ਲੈਣ ਦੀ ਭੁੱਖ, ਕ੍ਰੋੜਾਂ ਵਿਚੋਂ ਕਿਸੇ ਵਿਰਲੇ ਪ੍ਰਾਣੀ ਦੀ ਮਿਟਦੀ ਹੈ। ਢਿੱਡ ਦੀ ਭੁੱਖ ਕੁਝ ਸਮੇਂ ਲਈ ਮਿਟ ਸਕਦੀ ਹੈ, ਪਰ ਮਨ ਦੀ ਭੁੱਖ ਬਾਰੇ, ਜਪੁ (ਜੀ ਸਾਹਿਬ) ਦੀ ਪਹਿਲੀ ਪਉੜੀ ਵਿਚ ਹੀ ਸਤਿਗੁਰਾਂ ਦਾ ਫ਼ੁਰਮਾਨ--**ਭੁਖਿਆ ਭੁਖ ਨਾ ਉਤਰੀ ਜੇ ਬੰਨਾ ਪੁਰੀਆ ਭਾਰ ॥** " ਸਾਰੇ ਭਵਣਾ ਦੇ ਪਦਾਰਥਾਂ ਦੇ ਢੇਰਾਂ ਦੇ ਢੇਰ, ਵੀ ਲੈ ਸਾਂਭ ਲਏ ਜਾਣ ਤਦ ਵੀ (ਮਨ ਦੀ ਤ੍ਰਿਸ਼ਨਾ-) ਭੁੱਖ ਦੂਰ ਨਹੀਂ ਹੁੰਦੀ । ਆਉ ਸਤਿਗੁਰੂ ਗ੍ਰੰਥ ਸਾਹਿਬ ਜੀ ਤੋਂ " ਭੁੱਖ " ਬਾਰੇ ਗੁਰਮਤਿ ਗਿਆਨ ਪ੍ਰਾਪਤ ਕਰੀਏ:---

**ਰੁਜ਼ਗਾਰ ਲਈ ਮਨ ਦੀ ਭੁੱਖ ਅਥਵਾ ਰਸਾਂ-ਕਸਾਂ ਦੀ ਭੁੱਖ ਬਾਰੇ ਗੁਰੂ ਉਪਦੇਸ਼:--**

੧-- **ਮਨ ਭੁਖਾ ਭੁਖਾ ਮਤ ਕਰਹਿ ਮਤ ਤੂ ਕਰਹਿ ਪੁਕਾਰ ॥ ਲਖ ਚਉਰਾਸੀਹ**
**ਜਿਨਿ ਸਿਰੀ ਸਭਸੈ ਦੇਇ ਅਧਾਰੁ ॥ ਨਿਰਭਉ ਸਦਾ ਦਇਆਲੁ ਹੈ ਸਭਨਾ**
**ਕਰਦਾ ਸਾਰ ॥ ਨਾਨਕ ਗੁਰਮੁਖਿ ਬੁਝੀਐ ਪਾਈਐ ਮੋਖ ਦੁਆਰੁ ॥ ੫ ॥**[੨੭]-੩-੩੬

**ਅਰਥ**:--ਹੇ ਮਨ ! ਹਰ ਵੇਲੇ ਭੁੱਖ ਦੇ ਰੋਣੇ ਨਾ ਰੋਂਦਾ ਰਿਹਾ ਕਰ । ਜਿਸ ਪਰਮਾਤਮਾ ਨੇ ਚਉਰਾਸੀ ਲੱਖ ਜੂਨ ਪੈਦਾ ਕੀਤੀ ਹੈ, ਉਹ ਹਰੇਕ ਜੀਵ ਨੂੰ (ਰੋਜ਼ੀ ਦਾ) ਆਸਰਾ ਵੀ ਦਿੰਦਾ ਹੈ । ਉਹ ਪ੍ਰਭੂ ਜਿਸ ਨੂੰ ਕਿਸੇ ਦਾ ਡਰ ਨਹੀਂ, ਜੋ ਦਇਆ ਦਾ ਸੋਮਾ ਹੈ ਸਭ ਜੀਵਾਂ ਦੀ ਸੰਭਾਲ ਕਰਦਾ ਹੈ । (ਗੁਰਦੇਵ ਜੀ ਦਾ ਫ਼ੁਰਮਾਨ--ਗੁਰੂ ਦੀ ਸਰਨ ਪਿਆਂ ਇਹ ਸਮਝ ਆਉਂਦੀ ਹੈ, ਤੇ (ਮਾਇਆ ਦੇ ਬੰਧਨਾ ਤੋਂ) ਖ਼ਲਾਸੀ ਦਾ ਰਾਹ ਲੱਭਦਾ ਹੈ । ੫ ।

ਭੁੱਖ ਤੋਂ ਆਤੁਰ ਮਨੁੱਖ ਦਾ ਦ੍ਰਿਸ਼ਟਾਂਤ ਦੇ ਕੇ ਨਾਮ ਦੀ ਮੰਗ ਦਾ ਵਡਮੁੱਲਾ ਉਪਦੇਸ਼:--

੨- **ਖੁਧਿਆਵੰਤੁ ਨ ਜਾਣਈ ਲਾਜ ਕੁਲਾਜ ਕੁਬੋਲੁ ॥ ਨਾਨਕੁ ਮਾਂਗੈ ਨਾਮੁ ਹਰਿ ਕਰਿ ਕਿਰਪਾ ਸੰਜੋਗੁ ॥ ੨ ॥**[੩੧੭]-ਵਾ-੩੨

**ਅਰਥ**:--(ਜਿਵੇਂ) ਭੁੱਖਾ ਮਨੁੱਖ ਆਦਰ (ਦੇ ਬਚਨ) ਜਾਂ ਨਿਰਾਦਰੀ ਦੇ ਮੰਦੇ ਬਚਨ ਨੂੰ ਨਹੀਂ ਜਾਣਦਾ (ਭਾਵ, ਆਦਰ ਨਿਰਾਦਰ ਦੀ ਪਰਵਾਹ ਨਹੀਂ ਕਰਦਾ ਤੇ ਰੋਟੀ ਵਾਸਤੇ ਸਵਾਲ ਕਰ ਦਿੰਦਾ ਹੈ, ਤਿਵੇਂ) ਹੇ ਹਰੀ ! ਮੈਂ ਵੀ ਤੇਰਾ ਨਾਮ ਮੰਗਦਾ ਹਾਂ, ਮਿਹਰ ਕਰ ਤੇ ਮਿਲਾਪ ਬਖ਼ਸ਼ । ੧ ।

੩- **ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ ॥ ਅਖੀ ਦੇਖਿ ਨ ਰਜੀਆ** **ਆਖਣ**=ਮੂੰਹ
**ਗੁਣ ਗਾਹਕ ਇਕ ਵੰਨ ॥ ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ ॥**
**ਨਾਨਕ ਭੁਖਾ ਤ ਰਜੈ ਜਾ ਗੁਣ ਕਹਿ ਗੁਣੀ ਸਮਾਇ ॥ ੨ ॥**[੧੪੭]-ਵਾ-੧੯

**ਅਰਥ**:--ਮੂੰਹ ਬੋਲ ਬੋਲ ਕੇ ਰੱਜਦਾ ਨਹੀਂ (ਭਾਵ, ਗੱਲਾਂ ਦਾ ਚਸਕਾ ਨਹੀਂ ਹਟਦਾ), ਕੰਨ ਗੱਲਾਂ ਸੁਣਨ ਨਾਲ ਨਹੀਂ ਰੱਜਦੇ, ਅੱਖਾਂ (ਰੂਪ ਰੰਗ-ਤਮਾਸ਼ੇ) ਵੇਖ ਵੇਖ ਨਹੀਂ ਰੱਜਦੀਆਂ, (ਇਹ ਸਾਰੇ ਇੰਦਰੇ) ਇੱਕ ਇੱਕ ਕਿਸਮ ਦੇ ਗੁਣ (ਰਸਾਂ) ਦੇ ਗਾਹਕ ਹਨ (ਆਪੋ ਆਪਣੇ ਰਸਾਂ ਦੀ ਗਾਹਕੀ ਵਿਚ ਰੱਜਦੇ ਨਹੀਂ) । ਰਸਾਂ ਦੇ ਅਧੀਨ ਹੋਏ ਇਨ੍ਹਾਂ ਇੰਦ੍ਰਿਆਂ ਦਾ ਚਸਕਾ ਹਟਦਾ ਨਹੀਂ, ਸਮਝਾਇਆਂ ਵੀ ਭੁੱਖ ਨਹੀਂ ਮਿਟ ਸਕਦੀ। ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਤ੍ਰਿਸ਼ਨਾਂ ਦਾ ਮਾਰਿਆ ਮਨੁੱਖ ਤਦੋਂ ਹੀ ਤ੍ਰਿਪਤ ਹੋ ਸਕਦਾ ਹੈ, ਜੇ ਗੁਣਾਂ ਦੇ ਮਾਲਕ ਪਰਮਾਤਮਾ ਦੇ ਗੁਣ ਉਚਾਰ ਕੇ ਉਸ ਵਿਚ ਲੀਨ ਹੋ ਜਾਏ । ੨ ।

੪- **ਭੂਖੇ ਖਾਵਤ ਲਾਜ ਨ ਆਵੈ ॥ ਤਿਉ ਹਰਿ ਜਨ ਹਰਿ ਕੁਣ ਗਾਵੈ ॥ ੧ ॥ ਅਪਨੇ ਕਾਜ ਕਉ ਕਿਉ**
**ਅਲਕਾਈਐ ॥ ਜਿਤੁ ਸਿਮਰਨਿ ਦਰਗਹ ਮੁਖੁ ਊਜਲਮ ਸਦਾ ਸਦਾ ਸੁਖੁ ਪਾਈਐ ॥ ੧ ॥ ਰਹਾਉ ॥**[੬੨੯]-੧੯-੮੩

੫- **ਭੀਖਕ ਪ੍ਰੀਤਿ ਭੀਖ ਪ੍ਰਭ ਪਾਇ ॥ ਭੂਖੇ ਪ੍ਰੀਤਿ ਹੋਵੈ ਅੰਨੁ ਖਾਇ ॥**
**ਗੁਰਸਿੱਖ ਪ੍ਰੀਤਿ ਗੁਰ ਮਿਲ ਅਘਾਇ ॥ ੧ ॥**[੧੬੪]-੪-੪੨

੬- **ਮਿਰਤਕ ਕਉ ਜੀਵਾਲਨਹਾਰ ॥ ਭੂਖੇ ਕਉ ਦੇਵਤ ਅਧਾਰ ॥ ਸਰਬ ਨਿਧਾਨ ਜਾ ਕੀ ਦ੍ਰਿਸਟੀ ਮਾਹਿ ॥**
**ਪੁਰਬ ਲਿਖੇ ਕਾ ਲਹਣਾ ਪਾਹਿ ॥ ਸਭੁ ਕਿਛੁ ਤਿਸ ਕਾ ਓਹੁ ਕਰਨੈ ਜੋਗੁ ॥ ਤਿਸੁ ਬਿਨੁ ਦੂਸਰ ਹੋਆ ਨ**
**ਹੋਗੁ ॥ ਜਪਿ ਜਨ ਸਦਾ ਸਦਾ ਦਿਨੁ ਰੈਣੀ ॥ ਸਭ ਤੇ ਊਚ ਨਿਰਮਲ ਇਹ ਕਰਣੀ ॥ ਕਰਿ ਕਿਰਪਾ ਜਿਸ**
**ਕਉ ਨਾਮੁ ਦੀਆ ॥ ਨਾਨਕ ਸੋ ਜਨੁ ਨਿਰਮਲ ਥੀਆ ॥ ੭ ॥**[੨੮੩]-੧੫

੭- **ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥**
**ਹਉ ਮਾਂਗਉ ਸੰਤਨ ਰੇਨਾ ॥ ਮੈ ਨਾਹੀ ਕਿਸੀ ਕਾ ਦੇਨਾ ॥ ੧ ॥**[੬੫੬]-੧੧

੮- **ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ ॥ ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ**
**ਭੁਖ ॥ ਰੂਪੀ ਭੁਖ ਨ ਉਤਰੈ ਜਾਂ ਦੇਖਾ ਤਾਂ ਭੁਖ ॥ ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ ॥ ੨ ॥**[੧੨੮੭]-ਵਾ-੨੧

**ਅਰਥ:**--ਦੁੱਖ ਸਹਿ ਸਹਿ ਕੇ ਧਨ ਇਕੱਠਾ ਕਰੀਦਾ ਹੈ, ਜੇ ਇਹ ਗੁਆਚ ਜਾਏ ਤਾਂ ਵੀ ਦੁੱਖ ਹੀ ਮਾਰਦੇ ਹਨ । ਗੁਰਦੇਵ ਜੀ ਸਮਝਾਉਂਦੇ ਹਨ ਕਿ, ਪ੍ਰਭੂ ਦੇ ਸੱਚੇ ਨਾਮ ਤੋਂ ਬਿਨਾ ਕਿਸੇ ਦੀ ਤ੍ਰਿਸ਼ਨਾ ਮਿਟਦੀ ਨਹੀਂ । ' ਰੂਪ ' ਵੇਖਣ ਨਾਲ (ਰੂਪ ਵੇਖਣ ਦੀ) ਤ੍ਰਿਸ਼ਨਾ ਜਾਂਦੀ ਨਹੀਂ ਸਗੋਂ ਜਿਉਂ ਜਿਉਂ ਵੇਖੀਏ ਤਿਉਂ ਤਿਉਂ ਹੋਰ ਤ੍ਰਿਸ਼ਨਾ (ਵਧਦੀ ਹੈ) । ਦੇਹ ਦੇ ਜਿੰਨੇ ਵੀ ਵਧੀਕ ਚਸਕੇ ਹਨ, ਉਨੇ ਹੀ ਵਧੀਕ ਇਸ ਨੂੰ ਦੁੱਖ ਵਿਆਪਦੇ ਹਨ । ੨ ।

੯- **ਮਨੁ ਦਹਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ ॥ ਨਿਤ ਆਸਾ ਮਨਿ ਚਿਤਵੈ**
**ਮਨ ਤ੍ਰਿਸਨਾ ਭੁਖ ਲਗਾਇਆ ॥ ਅਨਤਾ ਧਨੁ ਧਰਿ ਦਬਿਆ ਫਿਰਿ ਬਿਖੁ ਭਾਲਣ ਗਇਆ ॥**
**ਜਨ ਨਾਨਕ ਨਾਮੁ ਸਲਾਹਿ ਤੂ ਬਿਨੁ ਨਾਵੈ ਪਚਿ ਪਚਿ ਮੁਇਆ ॥ ੩ ॥**[੭੭੬]-੧-੫

## ੨
# ਰੋਟੀ ਮੇਰੀ ਕਾਠ ਦੀ

੧੦- **ਫ਼ਰੀਦਾ ਰੋਟੀ ਮੇਰੀ ਕਾਠ ਕੀ, ਲਾਵਣੁ ਮੇਰੀ ਭੁਖ ॥ ਜਿਨ੍ਹਾ ਖਾਧੀ ਚੋਪੜੀ, ਘਣੇ ਸਹਨਿਗੇ ਦੁਖ ॥ ੨੮ ॥**[੧੩੭੯]

**ਅਰਥ:**--ਹੇ ਫ਼ਰੀਦ ! (ਆਪਣੇ ਹੱਥਾਂ ਦੀ ਮਿਹਨਤ ਦੀ ਕਮਾਈ ਦੀ) ਮੇਰੀ ਰੁੱਖੀ-ਮਿੱਸੀ (ਭਾਵ, ਸਾਦਾ) ਰੋਟੀ ਹੈ, ਮੇਰੀ ਭੁੱਖ ਹੀ (ਇਸ ਰੋਟੀ ਨਾਲ) ਸਲੂਣਾ ਹੈ । ਜੋ ਲੋਕ ਚੰਗੀ-ਚੋਖੀ ਖਾਂਦੇ ਹਨ, ਉਹ ਬੜੇ ਕਸ਼ਟ ਸਹਿੰਦੇ ਹਨ (ਭਾਵ, ਆਪਣੀ ਕਮਾਈ ਦੀ ਸਾਦਾ ਰੋਟੀ ਚੰਗੀ ਹੈ, ਚਸਕੇ ਮਨੁੱਖ ਨੂੰ ਖ਼ੁਆਰ ਕਰਦੇ ਹਨ) । ੨੮ ।

ਸਾਡੇ ਡੇਰੇ-ਦਾਰਾਂ ਨੇ, ਪੈਸੇ ਠੱਗਣ ਵਾਲਿਆਂ ਲਿਖਾਰੀਆਂ ਨੇ ਅਥਵਾ ਅਗਿਆਨੀ ਪਰਚਾਰਕਾਂ ਨੇ, ਇਹ ਕਹਾਣੀ ਪਰਚਲਤ ਕਰ ਦਿੱਤੀ, ਕਿ ਫ਼ਰੀਦ ਸਾਹਿਬ ਜਦੋਂ ਜੰਗਲ ਵਿਚ ਤਪ ਪੂਰਾ ਕਰਕੇ ੧੨ ਸਾਲ ਪਿੱਛੋ ਘਰ ਮੁੜੇ ਤਾਂ ਉਨ੍ਹਾਂ ਦੇ ਮਾਤਾ ਜੀ ਨੇ ਪੁਛਿਆ ਕਿ ਉਹ ਜੰਗਲ ਵਿਚ ਕੀ ਖਾਇਆ ਕਰਦੇ ਸਨ ? ਫ਼ਰੀਦ ਸਾਹਿਬ ਨੇ ਕਿਹਾ ਕਿ, ਜੇ ਕੋਈ ਫਲ ਲੱਭ ਜਾਂਦਾ ਤਾਂ ਖਾ ਕੇ ਭੁੱਖ ਮਿਟਾ ਲੈਂਦਾ ਸਾਂ ਨਹੀਂ ਤਾਂ ਰੁੱਖਾਂ ਦੇ ਪੱਤੇ ਧੂ ਕੇ ਖਾ ਲਿਆ ਕਰਦਾ ਸਾਂ '। ਇਹ ਸੁਣ ਕੇ ਮਾਤਾ ਜੀ ਨੇ ਫ਼ਰੀਦ ਸਾਹਿਬ ਦੇ ਸਿਰ ਦਾ ਵਾਲ ਪੁਟਿਆ । ਜਦ ਫ਼ਰੀਦ ਸਾਹਿਬ ਨੇ ਪੀੜ ਮੰਨੀ ਤਾਂ ਮਾਤਾ ਜੀ ਨੇ ਕਿਹਾ,--" ਪੁੱਤਰ ! ਪੱਤੇ ਵੀ ਰੁੱਖਾਂ ਦੇ ਵਾਲ ਹੀ ਹਨ । ਤੂੰ ਰੁੱਖਾਂ ਨੂੰ ਏਵੇਂ ਹੀ ਦੁੱਖੀ ਕਰਦਾ ਰਿਹਾਂ ਹੈਂ ਜਿਵੇ ਵਾਲ ਪੁੱਟਣ ਤੇ ਹੁਣੇ ਹੀ ਤੂੰ ਦੁਖ ਮਨਾਇਆ ਹੈ " । ਬਸ, ਕਹਾਣੀ-ਘਾੜਿਆਂ ਨੇ ਫ਼ਰੀਦ ਸਾਹਿਬ ਦੇ ਗਲ ਵਿਚ ਲੱਕੜੀ ਦੀ ਰੋਟੀ ਪਾਈ ਰੱਖਣ ਦੀ ਗੱਲ ਜੋੜ ਲਈ । ਲੋਕਾਂ ਦੇ ਮਨਾਂ ਵਿਚ ਇਹ ਭਰਮ ਪੱਕਾ ਕਰਨਾ ਅਰੰਭ ਕਰ ਦਿੱਤਾ, ਕਿ ਫ਼ਰੀਦ ਸਾਹਿਬ ਨੂੰ ਜਦੋਂ ਭੁੱਖ ਲੱਗਦੀ ਸੀ ਉਹ ਲੱਕੜੀ ਦੀ ਰੋਟੀ ਨੂੰ ਚੱਕ ਮਾਰ ਕੇ ਸਬਰ ਕਰ ਲੈਂਦੇ ਸਨ। ਅੰਨ ਤੋਂ ਭੁੱਖੇ ਰਹਿ ਕੇ ਰੱਬ ਦੀ ਭਗਤੀ ਕਰਨ ਦੀ ਗੱਲ, ਫ਼ਰੀਦ ਸਾਹਿਬ ਦੇ ਪਾਵਨ ਨਾਮ ਨਾਲ ਮੜ੍ਹ ਦਿੱਤੀ । ਅਤੇ ਤਸਵੀਰਾਂ ਦੁਆਰਾ ਮਾਇਆ ਦੀ ਉਗ੍ਰਾਹੀ ਕਰਨ ਵਾਲਿਆ ਨੇ, ਰੱਸੀ ਵਿਚ ਪਰੋਤੀ ਹੋਈ ਲੱਕੜ ਦੀ ਰੋਟੀ, ਸੁੱਕੇ ਅਤੇ ਮਰੀਅਲ ਸਰੀਰ ਵਾਲੇ ਫ਼ਰੀਦ ਸਾਹਿਬ ਦੇ ਗਲ ਵਿਚ ਲੰਮਕਦੀ ਵਿਖਾ ਦਿੱਤੀ। ਲੋਕਾਈ ਨੇ ਯਕੀਨ ਕਰ ਲਿਆ ਕਿ ਵਿਚਾਰੇ ਫ਼ਰੀਦ ਸਾਹਿਬ ਭੁੱਖੇ ਰਹਿ ਕੇ ਤੁਰਨੋ ਫਿਰਨੋ ਵੀ ਅਤੁਰ ਹੋ ਗਏ ਸਨ ।

ਅਜੇਹੇ ਲੋਕ ਇਹ ਨਹੀਂ ਸਮਝਦੇ ਕਿ ਜੇ ਫ਼ਰੀਦ ਸਾਹਿਬ, ਕੰਦ-ਮੂਲ ਖਾ ਕੇ, ਜਾਂ ਭੁੱਖੇ ਰਹਿ ਕੇ, ਜਾਂ ਸਰੀਰ ਨੂੰ ਕਸ਼ਟ ਦੇਣ ਵਾਲੇ ਕਿਸੇ ਵੀ ਹਠ ਕਰਮ ਦੁਆਰਾ ਰੱਬ ਨੂੰ ਪਾਉਣ ਦੇ ਸਿਧਾਂਤ ਵਾਲੇ ਹੁੰਦੇ ਤਾਂ--" **ਅੰਨੁ ਨ ਖਾਇਆ ਸਾਦੁ ਗਵਾਇਆ ॥ ..... ਅਲੁ ਮਲੁ ਖਾਈ ਸਿਰਿ ਛਾਈ ਪਾਈ ॥ ਮੂਰਖਿ ਅੰਧੈ ਪਤਿ ਗਵਾਈ ॥** [੪੬੭] " **ਅੰਨੁ ਨ ਖਾਹਿ ਦੇਹੀ ਦੁਖੁ ਦੀਜੈ ॥ ਬਿਨੁ ਗੁਰ ਗਿਆਨ ਤ੍ਰਿਪਤਿ ਨਹੀਂ ਥੀਜੈ ॥ ਮਨਮੁਖਿ ਜਨਮੈ ਜਨਮਿ ਮਰੀਜੈ ॥ ੬ ॥** [੯੦੫]-੫ ਜਿਹੇ ਬਚਨ ਉਚਾਰਨ ਵਾਲੇ ਸਤਿਗੁਰੂ ਨਾਨਕ ਸਾਹਿਬ ਜੀ, ਉਨ੍ਹਾਂ ਦੀ ਬਾਣੀ ਨੂੰ ਕਦੇ ਕਬੂਲ ਨਾ ਕਰਦੇ । ਅਤੇ ਫਿਰ ਜਿਸ ਗੁਰੂ ਗ੍ਰੰਥ ਸਾਹਿਬ ਵਿਚ--" **ਅੰਨੈ ਬਿਨਾ ਨ ਹੋਇ ਸੁਕਾਲੁ ॥ ਤਜੀਐ ਅੰਨਿ ਨ ਮਿਲੈ ਗੁਪਾਲੁ ॥ ੪ ॥**[੮੭੩]-੮-੧੧ ਜਿਹੇ ਸਪੱਸ਼ਟ ਫ਼ੁਰਮਾਨ ਲਿਖੇ ਜਾ ਰਹੇ ਸਨ, ਉਸ ਅਨੂਪਮ ਗਿਆਨ-ਸਾਗਰ ਵਿਚ, **ਕਾਠ ਦੀ ਰੋਟੀ** ਗਲ ਵਿਚ ਪਾਉਣ ਵਾਲੇ ਕਰਮ-ਕਾਂਡੀ ਅਥਵਾ ਅਜੇਹੇ ਹਠ-ਕਰਮੀਏ ਫ਼ਰੀਦ ਸਹਿਬ ਨੂੰ ਕਦੇ ਥਾਂ ਨਹੀਂ ਸੀ ਮਿਲ ਸਕਦੀ। ਪੁਸਤਕ ਦੇ ਤੀਜੇ ਭਾਗ ਦੇ ਛੇਵੇਂ ਕਾਂਡ ਵਿਚ ਅਜੇਹੇ ਕਰਮ-ਕਾਂਡੀ ਵਿਸ਼ਵਾਸ਼ ਬਾਰੇ ਅਸੀਂ ਵਿਸਥਾਰ ਨਾਲ ਗੁਰਮਤਿ ਵਿਚਾਰ ਪੜ੍ਹ ਚੁੱਕੇ ਹਾਂ । ਸੋ ਫ਼ਰੀਦ ਸਾਹਿਬ ਜੀ ਨੇ ਈਮਾਨਦਾਰੀ ਅਤੇ ਕਰੜੀ ਮਿਹਨਤ ਨਾਲ ਕੀਤੀ ਨੇਕ ਕਮਾਈ ਦੀ **ਸਾਦੀ ਰੋਟੀ** ਨੂੰ **ਹੀ " ਕਾਠ ਦੀ ਰੋਟੀ "** ਕਿਹਾ ਹੈ । ਤਦੇ ਹੀ ਫ਼ਰੀਦ ਸਾਹਿਬ ਨੇ ਅਗਲੀ ਹੀ ਪੰਗਤੀ ਵਿਚ ਚੋਪੜੀ ਹੋਈ ਰੋਟੀ, (ਭਾਵ, ਉਚੇਚੇ ਖ਼ਰਚਾਂ ਨਾਲ ਤਿਆਰ ਕੀਤੇ ਪਕਵਾਨ) ਲਿਖ ਕੇ " ਰੋਟੀ ਮੇਰੀ ਕਾਠ ਕੀ " ਲਿਖਣ ਦਾ ਅਸਲ ਭਾਵ ਸਪੱਸ਼ਟ ਕਰ ਦਿੱਤਾ ਹੋਇਆ ਹੈ । ਸਾਦਗੀ ਅਤੇ ਈਮਾਨਦਾਰੀ ਅਤੇ ਸਬਰ ਸੰਤੋਖ ਵਾਲੇ ਆਪਣੇ ਆਸ਼ੇ ਨੂੰ ਅਗਲੇ ਹੀ ਸਲੋਕ ਵਿਚ ਸਪੱਸ਼ਟ ਕਰਦਿਆਂ ਇਉਂ ਫ਼ੁਰਮਾਨ ਕੀਤਾ ਹੈ:----

੧੧- **ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ ॥**
**ਫਰੀਦਾ ਦੇਖਿ ਪਰਾਈ ਚੋਪੜੀ, ਨਾ ਤਰਸਾਈ ਜੀਉ ॥ ੨੯ ॥** [੧੩੭੯]

## ੩
# ਮਾਇਆ ਦੀ ਭੁੱਖ

੧੨- **ਚਾਰਿ ਪਦਾਰਥ ਲੈ ਜਗਿ ਜਨਮਿਆ ਸਿਵ ਸਕਤੀ ਘਰਿ ਵਾਸੁ ਧਰੇ ॥**
**ਲਾਗੀ ਭੂਖ ਮਾਇਆ ਮਗੁ ਜੋਹੈ ਮੁਕਤਿ ਪਦਾਰਥੁ ਮੋਹਿ ਖਰੇ ॥ ੩ ॥** [੧੦੧੩]-੮

**ਪਦ ਅਰਥ:**--ਚਾਰ ਪਦਾਰਥ=[੧-ਧਰਮ-ਸ਼ੁਭ ਕਰਮ । ੨- ਅਰਥ-ਪਦਾਰਥ। ੩- ਕਾਮ-ਕਾਮਨਾ, ਇਛਿਆ । ੪- ਮੋਖ-ਮੁਕਤੀ] । ਲੈ=ਲੈ ਕੇ । ਜਗਿ=ਜਗਤ ਵਿਚ । ਸਿਵ ਸਕਤੀ ਘਰਿ=ਪਰਮਾਤਮਾ ਦੀ ਰਚੀ ਮਾਇਆ ਦੇ ਘਰ ਵਿਚ। ਭੂਖ=ਲਾਲਚ । ਮਗੁ=ਰਸਤਾ । ਜੋਹੈ=ਤੱਕਦਾ ਹੈ । ਮੋਹਿ=ਮਾਇਆ ਦੇ ਮੋਹ ਵਿਚ । ਖਰੇ=ਕੜਿਆ ਜਾਂਦਾ ਹੈ, ਗਵਾਚ ਜਾਂਦਾ ਹੈ । ੩ ।

**ਅਰਥ**:--(ਜੀਵ ਪਰਮਾਤਮਾ ਪਾਸੋਂ) ਚਾਰੇ ਪਦਾਰਥ ਲੈ ਕੇ ਜਗਤ ਵਿਚ ਜੰਮਿਆ ਹੈ (ਫਿਰ ਵੀ ਪ੍ਰਭੂ ਦੀ ਬਖ਼ਸ਼ਸ਼ ਭੁਲਾ ਕੇ ਸਦਾ) ਪਰਮਾਤਮਾ ਦੀ ਕੀਤੀ ਮਾਇਆ ਦੇ ਘਰ ਵਿਚ ਹੀ ਨਿਵਾਸ ਰੱਖਦਾ ਹੈ । ਸਦਾ ਇਸ ਨੂੰ ਮਾਇਆ ਦੀ ਭੁੱਖ ਚੰਬੜੀ ਰਹਿੰਦੀ ਹੈ, ਸਦਾ ਮਾਇਆ ਦਾ ਰਾਹ ਹੀ ਤੱਕਦਾ ਰਹਿੰਦਾ ਹੈ, ਮਾਇਆ ਦੇ ਮੋਹ ਵਿਚ (ਫਸ ਕੇ ਚੌਹਾਂ ਪਦਾਰਥਾਂ ਵਿਚੋਂ) ਮੁਕਤਿ-ਪਦਾਰਥ ਗਵਾ ਲੈਂਦਾ ਹੈ । ੩ ।

੧੩- **ਆਪਣੈ ਭਾਣੈ ਕਹੁ ਕਿਨਿ ਸੁਖੁ ਪਾਇਆ ਅੰਧਾ ਅੰਧੁ ਕਮਾਈ ॥ ਬਿਖਿਆ ਕਦੇ ਹੀ ਰਜੈ ਨਾਹੀ**
**ਮੂਰਖ ਭੁਖ ਨ ਜਾਈ ॥ ਦੂਜੈ ਸਭੁ ਕੋ ਲਗਿ ਵਿਗੁਤਾ ਬਿਨੁ ਸਤਿਗੁਰ ਬੂਝ ਨ ਪਾਈ ॥**
**ਸਤਿਗੁਰੁ ਸੇਵੈ ਸੋ ਸੁਖੁ ਪਾਏ ਜਿਸ ਨੋ ਕਿਰਪਾ ਕਰੇ ਰਜਾਈ ॥ ੨੦ ॥** [੧੨੮੭]-ਵਾ

**ਅਰਥ**:--ਆਪਣੀ ਮਰਜ਼ੀ ਅਨੁਸਾਰ ਤੁਰ ਕੇ ਕਦੇ ਕੋਈ ਮਨੁੱਖ ਸੁਖ ਨਹੀਂ ਪਾਉਂਦਾ, ਅੰਨ੍ਹਾਂ ਸਦਾ ਅੰਨ੍ਹਿਆਂ ਵਾਲਾ ਕੰਮ ਹੀ ਕਰਦਾ ਹੈ, ਮੂਰਖ ਦੀ (ਮਾਇਆ ਦੀ) ਭੁੱਖ ਕਦੇ ਨਹੀਂ ਮੁੱਕਦੀ, ਮਾਇਆ ਵਿਚ ਕਦੇ ਉਹ ਰੱਜਦਾ ਨਹੀਂ ਹੈ। ਮਾਇਆ ਵਿਚ ਲੱਗ ਕੇ ਹਰ ਕੋਈ ਖ਼ੁਆਰ ਹੀ ਹੁੰਦਾ ਹੈ, ਗੁਰੂ ਤੋਂ ਬਿਨਾ ਸਮਝ ਨਹੀਂ ਪੈਂਦੀ (ਕਿ ਮਾਇਆ ਦਾ ਮੋਹ ਖ਼ੁਆਰੀ ਦਾ ਹੀ ਮੂਲ ਹੈ) ਜਿਸ ਮਨੁੱਖ ਤੇ ਪ੍ਰਭੂ ਮਿਹਰ ਕਰਦਾ ਹੈ ਉਹ ਗੁਰੂ ਦੇ ਕਹੇ ਅਨੁਸਾਰ ਤੁਰਦਾ ਹੈ ਤੇ ਸੁਖ ਪਾਉਂਦਾ ਹੈ । ੨੦ ।

੧੪- **ਦੁਖੁ ਤਦੇ ਜਾ ਵਿਸਰਿ ਜਾਵੈ ॥ ਭੁਖ ਵਿਆਪੈ ਬਹੁ ਬਿਧਿ ਧਾਵੈ ॥**
**ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ ॥ ੧ ॥** [੯੮]-੧੫

੧੫- **ਮਾਇਆ ਕਾਰਣਿ ਸਦ ਹੀ ਝੂਰੈ ॥ ਮਨਿ ਮੁਖਿ ਕਬਹਿ ਨ ਉਅਤਤਿ ਕਰੈ ॥**
**ਨਿਰਭਉ ਨਿਰੰਕਾਰ ਦਾਤਾਰੁ ॥ ਤਿਸੁ ਸਿਉ ਪ੍ਰੀਤਿ ਨ ਕਰੈ ਗਵਾਰੁ ॥ ੩ ॥**[੯੯੩]-੨੧-੨੩

੧੬- **ਮਾਇਆ ਕਾਰਣਿ ਕਰੈ ਉਪਾਉ** ॥ ਕਬਹਿ ਨ ਘਾਲੈ ਸੀਧਾ ਪਾਉ ॥
ਜਿਨਿ ਕੀਆ ਤਿਸੁ ਚੀਤਿ ਨ ਆਵੈ ॥ ਕੂੜੀ ਕੂੜੀ ਮੁਖਹੁ ਵਖਾਣੈ ॥ ੩ ॥[੧੧੫੧]-੪੦-੫੩

**ਅਰਥ**:--(ਆਪਣੇ ਧਰਮੀ ਹੋਣ ਦਾ ਵਿਖਾਵਾ ਕਰਨ ਵਾਲਾ ਮਨੁੱਖ ਅੰਦਰੋਂ) ਮਾਇਆ ਇਕੱਠੀ ਕਰਨ ਦੀ ਖ਼ਾਤਰ (ਭੇਖ ਤਧੇ ਸੁੱਚ ਆਦਿਕ ਦਾ) ਹੀਲਾ ਕਰਦਾ ਹੈ ਪਰ (ਪਵਿੱਤਰ ਜੀਵਨ ਬਿਤਾਉਣ ਵਾਲੇ ਰਸਤੇ ਤੇ) ਕਦੇ ਵੀ ਸਿੱਧਾ ਪੈਰ ਨਹੀਂ ਧਰਦਾ। ਜਿਸ ਪਰਮਾਤਮਾ ਨੇ ਪੈਦਾ ਕੀਤਾ ਹੈ, ਉਸ ਨੂੰ ਆਪਣੇ ਚਿੱਤ ਵਿਚ ਨਹੀਂ ਵਸਾਉਂਦਾ (ਹਾਂ) ਝੂਠ-ਮੂਠ ਮੂੰਹੋਂ (ਰਾਮ ਰਾਮ) ਓਚਾਰਦਾ ਹੈ । ੩ ।

੧੭- **ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥**
ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ ॥ ੨੮॥[੧੪੨੭]

੧੮- **ਮਾਇਆ ਮਨਹੁ ਨ ਵੀਸਰੈ ਮਾਂਗੇ ਦੰਮਾਂ ਦੰਮ ॥**
**ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀਂ ਕਰੰਮਿ ॥ ੧੯ ॥** [੧੪੨੬]

੪

## ਕਿਵੇਂ ਮਿਟੇ ਮਾਇਆ ਦੀ ਇਹ ਭੁੱਖ ?

੧੯- **ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ ਜੋ ਸਭਨਾ ਉਪਰਿ ਹੁਕਮੁ ਚਲਾਏ ॥ ਸੋ ਐਸਾ ਹਰਿ ਨਾਮੁ ਜਪੀਐ**
**ਮਨ ਮੇਰੇ, ਜੋ ਅੰਤੀ ਅਉਸਰਿ ਲਏ ਛਡਾਏ ॥ ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ, ਜੁ ਮਨ ਕੀ ਤ੍ਰਿਸਨਾ ਸਭ**
**ਭੁਖ ਗਵਾਏ ॥ ਸੋ ਗੁਰਮੁਖਿ ਨਾਮ ਜਪਿਆ ਵਡਭਾਗੀ ਤਿਨ ਨਿੰਦਕ ਦੁਸਟ ਸਭਿ ਪੈਰੀ ਪਾਏ ॥ ਨਾਨਕ ਨਾਮੁ**
**ਅਰਾਧਿ ਸਭਨਾ ਤੇ ਵਡਾ, ਸਭ ਨਾਵੈ ਅਗੈ ਆਣਿ ਨਿਵਾਏ ॥ ੧੫ ॥**[੮੯]-ਵਾਰ

੨੦- **ਤੂੰ ਮੇਰੋ ਪਿਆਰੋ ਤਾ ਕੈਸੀ ਭੂਖਾ ॥ ਤੂੰ ਮਨਿ ਵਸਿਆ ਲਗੈ ਨ ਦੂਖਾ ॥ ੧ ॥ ਰਹਾਉ ॥** [੩੭੬]-੨੦

੨੧- **ਨਿਤ ਨਿਤ ਖੁਸੀਆ ਮਨੁ ਕਰੇ ਨਿਤ ਨਿਤ ਮੰਗੈ ਸੁਖ ਜੀਉ ॥ ਕਰਤਾ ਚਿਤਿ ਨ ਆਵਈ**
**ਫਿਰਿ ਫਿਰਿ ਲਗਹਿ ਦੁਖ ਜੀਉ ॥ ਸੁਖ ਦੁਖ ਦਾਤਾ ਮਨਿ ਵਸੈ ਤਿਤੁ ਤਨਿ ਕੈਸੀ ਭੁਖ ਜੀਉ ॥ ੪ ॥** [੭੫੧]-੧-੨

੨੨- **ਏਹੁ ਸਬਦੁ ਸਾਰੁ ਜਿਸ ਨੋ ਲਾਏ ॥ ਗੁਰਮੁਖਿ ਤ੍ਰਿਸਨਾ ਭੁਖ ਗਵਾਏ ॥**
**ਆਪਣ ਲੀਆ ਕਿਛੂ ਨ ਪਾਈਐ ਕਰਿ ਕਿਰਪਾ ਕਲ ਧਾਰੀ ਜੀਉ ॥ ੫ ॥**[੧੦੧੬]-੧

**ਅਰਥ**:--ਗੁਰੂ ਦਾ ਇਹ ਸ੍ਰੇਸ਼ਟ ਸ਼ਬਦ (-ਗਿਆਨ) ਜਿਸ ਦੇ ਹਿਰਦੇ ਵਿਚ ਪਰਮਾਤਮਾ ਵਸਾ ਦਿੰਦਾ ਹੈ, (ਉਸ ਨੂੰ) ਗੁਰੂ ਦੀ ਸਰਨ ਪਾ ਕੇ (ਉਸ ਦੇ ਅੰਦਰੋਂ) ਮਾਇਆ ਦੀ ਤ੍ਰਿਸ਼ਨਾ ਮਾਇਆ ਦੀ ਭੁੱਖ ਦੂਰ ਕਰ ਦਿੰਦਾ ਹੈ । ਆਪਣੀ ਅਕਲ ਦੇ ਜ਼ੋਰ ਤੇ (ਆਤਮਕ ਜੀਵਨ ਦਾ) ਕੁਝ ਵੀ ਪ੍ਰਾਪਤ ਨਹੀਂ ਕਰ ਸਕੀਦਾ। ਪਰਮਾਤਮਾ ਆਪ ਹੀ ਮਿਹਰ ਕਰ ਕੇ ਇਹ ਸੱਤਾ (ਮਨੁੱਖ ਦੇ ਅੰਦਰ) ਪਾਉਂਦਾ ਹੈ । ੫ ।

੨੩- **ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ ॥**
**ਜਿਤੁ ਮੁਖਿ ਤੂ ਸਾਲਾਹੀਅਹਿ ਤਿਤੁ ਮੁਖਿ ਕੈਸੀ ਭੂਖ ॥ ੩ ॥** [੧੩੨੭]-੨

੫

## ਤ੍ਰਿਪਤੀ ?

੨੪- **ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥ ਕੇਤੇ ਮੰਗਹਿ ਜੋਧ ਅਪਾਰ ॥**
**ਕੇਤਿਆ ਗਣਤ ਨਹੀ ਵੀਚਾਰੁ ॥ ਕੇਤੇ ਖਪਿ ਤੁਟਹਿ ਵੇਕਾਰ। ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ**

ਮੂਰਖ ਖਾਹੀ ਖਾਹਿ ॥ ਕੇਤਿਆ ਦੂਖ ਭੂਖ ਸਦ ਮਾਰ ॥ ਇਹ ਭਿ ਦਾਤਿ ਤੇਰੀ ਦਾਤਾਰ ॥
ਬੰਦਿ ਖਲਾਸੀ, ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥ ਜੇ ਕੋ ਖਾਇਕ, ਆਖਣਿ ਪਾਇ ॥ ਓਹੁ ਜਾਣੈ, ਜੇਤਿਆ ਮੁਹਿ ਖਾਇ ॥ ਆਪੇ ਜਾਣੈ, ਆਪੇ ਦੇਇ ॥ ਆਖਹਿ ਸਿ ਭਿ ਕੇਈ ਕੇਇ ॥ **੨੫ ॥** [੫]- ਜਪੁ

੨੫-- ਹਰਿ ਹਰਿ ਸਫਲਿਓ ਬਿਰਖੁ ਪ੍ਰਭ ਸੁਆਮੀ ਜਿਨ ਜਪਿਓ ਸੇ ਤ੍ਰਿਪਤਾਨੀ ॥
ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਸੇ ਸਭ ਲਾਥੀ ਭੂਖ ਭੁਖਾਨੀ ॥ ੩ ॥ [੬੬੭-੩-

੨੬- ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ ॥ ਕਰੁ ਮਸਤਕਿ ਗੁਰਿ ਪੂਰੈ ਧਰਿਓ
ਮਨੁ ਜੀਤੋ ਜਗੁ ਸਾਰੀ ॥ ੧ ॥ ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ ॥
ਅਖੁਟੁ ਖਜ਼ਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ ॥ ੨ ॥ [੨੧੫]-੩-੧੬੧

੨੭- ਸਾਜਨ ਆਇ ਵੁਠੇ ਘਰ ਮਾਹੀ ॥ ਹਰਿ ਗੁਣ ਗਾਵਹਿ ਤ੍ਰਿਪਤਿ ਅਘਾਹੀ ॥ ਹਰਿ ਗੁਣ ਗਾਇ ਸਦਾ ਤ੍ਰਿਪਤਾਸੀ
ਫਿਰਿ ਭੂਖ ਨ ਲਾਗੈ ਆਏ ॥ ਦਹਦਿਸਿ ਪੂਜ ਹੋਵੈ ਹਰਿ ਜਨ ਕੀ ਜੋ ਹਰਿ ਹਰਿ ਨਾਮੁ ਧਿਆਏ ॥ ਨਾਨਕ ਹਰਿ
ਆਪੇ ਜੋੜਿ ਵਿਛੋੜੇ ਹਰਿ ਬਿਨੁ ਕੋ ਦੂਜਾ ਨਾਹੀ ॥ ਸਾਜਨ ਆਇ ਵੁਠੇ ਘਰ ਮਾਹੀ ॥ ੪ ॥[੭੬੮]-੧

੨੮- ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥ ੨ ॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥ ੩ ॥ [੭੫੭]-੧

੨੯- ਭੂਖ ਪਿਆਸੋ ਆਥਿ ਕਿਉ ਦਰਿ ਜਾਇਸਾ ਜੀਉ ॥ ਸਤਿਗੁਰ ਪੂਛਉ ਜਾਇ ਨਾਮੁ
ਧਿਆਇਸਾ ਜੀਉ ॥ ਸਚੁ ਨਾਮੁ ਧਿਆਈ ਸਾਚੁ ਚਵਾਈ ਗੁਰਮੁਖਿ ਸਾਚੁ ਪਛਾਣਾ ॥ ਦੀਨਾ
ਨਾਥੁ ਦਇਆਲੁ ਨਿਰੰਜਨੁ ਅਨਦਿਨੁ ਨਾਮੁ ਵਖਾਣਾ ॥ ਕਰਣੀ ਕਾਰ ਧੁਰਹੁ ਫੁਰਮਾਈ ਆਪਿ
ਮੁਆ ਮਨ ਮਾਰੀ ॥ ਨਾਨਕ ਨਾਮੁ ਮਹਾ ਰਸੁ ਮੀਠਾ ਤ੍ਰਿਸਨਾ ਨਾਮਿ ਨਿਵਾਰੀ ॥ ੫ ॥[੬੮੯]

**ਅਰਥਃ**--ਜਦੋਂ ਤਕ ਮੈਂ ਮਾਇਆ ਵਾਸਤੇ ਭੁੱਖਾ ਪਿਆਸਾ ਰਹਿੰਦਾ ਹਾਂ, ਤਦ ਤਕ ਮੈ ਕਿਸੇ ਵੀ ਤਰ੍ਹਾਂ ਪ੍ਰਭੂ ਦੇ ਦਰ ਤੇ ਪਹੁੰਚ ਨਹੀਂ ਸਕਦਾ । (ਮਾਇਆ ਦੀ ਤ੍ਰਿਸਨਾ ਦੂਰ ਕਰਨ ਦਾ ਇਲਾਜ) ਮੈ ਜਾ ਕੇ ਆਪਣੇ ਗੁਰੂ ਤੋਂ ਪੁੱਛਦਾ ਹਾਂ (ਤੇ ਉਸ ਦੀ ਸਿਖਿਆ ਅਨੁਸਾਰ) ਪਰਮਾਤਮਾ ਦਾ ਨਾਮ ਸਿਮਰਦਾ ਹਾਂ (ਨਾਮ ਹੀ ਤ੍ਰਿਸਨਾ ਦੂਰ ਕਰਦਾ ਹੈ) । ਗੁਰੂ ਦੀ ਸਰਨ ਪੈ ਕੇ ਮੈਂ ਸਦਾ-ਥਿਰ ਨਾਮ ਸਿਮਰਦਾ ਹਾਂ ਸਦਾ-ਥਿਰ ਪ੍ਰਭੂ (ਦੀ ਸਿਫ਼ਤਿ ਸਾਲਾਹ) ਉਚਾਰਦਾ ਹਾਂ, ਤੇ ਸਦਾ-ਥਿਰ ਪ੍ਰਭੂ ਨਾਲ ਸਾਂਝ ਪਾਉਂਦਾ ਹਾਂ । ਮੈਂ ਹਰ ਰੋਜ਼ ਉਸ ਪ੍ਰਭੂ ਦਾ ਨਾਮ ਮੂੰਹੋ ਬੋਲਦਾ ਹਾਂ ਜੋ ਦੀਨਾ ਸਹਾਰਾ ਹੈ ਜੋ ਦਇਆ ਦਾ ਸੋਮਾ ਹੈ ਤੇ ਜਿਸ ਉਤੇ ਮਾਇਆ ਦਾ ਪ੍ਰਭਾਵ ਨਹੀਂ ਪੈ ਸਕਦਾ ।

ਪਰਮਾਤਮਾ ਨੇ ਜਿਸ ਮਨੁੱਖ ਨੂੰ ਆਪਣੀ ਹਜ਼ੂਰੀ ਤੋਂ ਹੀ ਨਾਮ ਸਿਮਰਨ ਦੀ ਕਰਨ ਜੋਗ ਕਾਰ ਕਰਨ ਦਾ ਹੁਕਮ ਦੇ ਦਿੱਤਾ, ਉਹ ਆਪਣੇ ਮਨ ਨੂੰ (ਮਾਇਆ ਵਲੋਂ) ਮਾਰ ਕੇ ਤ੍ਰਿਸਨਾ ਦੇ ਪ੍ਰਭਾਵ ਤੋਂ ਬਚ ਜਾਂਦਾ ਹੈ । ਹੇ ਨਾਨਕ ! ਉਸ ਮਨੁੱਖ ਨੂੰ ਪ੍ਰਭੂ ਦਾ ਨਾਮ ਹੀ ਮਿੱਠਾ ਤੇ ਹੋਰ ਰਸਾਂ ਨਾਲੋਂ ਸ੍ਰੇਸ਼ਟ ਲੱਗਦਾ ਹੈ । ਉਸ ਨੇ ਨਾਮ ਦੂ ਬਰਕਤਿ ਨਾਲ ਮਾਇਆ ਦੀ ਤ੍ਰਿਸਨਾ (ਆਪਣੇ ਅੰਦਰੋਂ) ਦੂਰ ਕਰ ਲਈ ਹੁੰਦੀ ਹੈ । ੪ ।

੩੦- ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥ ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ
ਮਨਿ ਪਿਆਰੀ ॥ ੧ ॥ ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥ ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ
ਸੁਖਮਨਿ ਨਾਰੀ ॥ ੧ ॥ ਰਹਾਉ ॥ ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥ ੨ ॥ ਇਹੀ ਅਚਾਰ ਇਹੀ ਬਿਉਹਾਰਾ ਆਗਿਆ
ਮਾਨਿ ਭਗਤਿ ਹੋਇ ਤੁਮ੍ਹਾਰੀ ॥ ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥ ੩ ॥[੩੭੭]-੨੮

੩੧- ਹਰਿ ਜਨ ਕਉ ਹਰਿ ਭੂਖ ਲਗਾਨੀ ਜਨੁ ਤ੍ਰਿਪਤੈ ਜਾ ਹਰਿ ਗੁਨ ਬਿਚਰੈ ॥ ਹਰਿ ਕਾ ਜਨੁ ਹਰਿ ਜਲ
ਕਾ ਮੀਨਾ ਹਰਿ ਬਿਸਰਤ ਫੂਟਿ ਮਰੈ ॥ ੩ ॥ ਜਿਨਿ ਏਹ ਪ੍ਰੀਤਿ ਲਾਈ ਸੋ ਜਾਨੈ ਕੈ ਜਾਨੈ ਜਿਸੁ ਮਨਿ ਧਰੈ ॥
ਜਨੁ ਨਾਨਕੁ ਹਰਿ ਦੇਖਿ ਸੁਖੁ ਪਾਵੈ ਸਭ ਤਨ ਕੀ ਭੂਖ ਟਰੈ ॥ ੪ ॥ [੧੨੬੩]-੩

੬

## ਸਾਚੈ ਨਾਮ ਕੀ ਲਾਗੈ ਭੂਖ ॥

੩੨- ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥
ਸਾਚੇ ਨਾਮ ਕੀ ਲਾਗੈ ਭੂਖ ॥ ਉਤ ਭੂਖੈ ਖਾਇ ਚਲੀਹਿ ਦੂਖ ॥ ੧ ॥ [੯ ]-੩

[ਨੋਟ:--ਏਸੇ ਪੰਗਤੀ ਵਾਲਾ ਪਾਵਨ ਗੁਰੂ-ਸ਼ਬਦ ਆਸਾ ਰਾਗ ਵਿਚ ੩੪੯ ਅੰਕ ਤੇ ਵੀ ਹੈ ]

੩੩- ਹਰਿ ਹਰਿ ਨਾਮ ਕੀ ਮਨਿ ਭੂਖ ਲਗਾਈ ॥ ਨਾਮਿ ਸੁਨਿਐ ਮਨੁ ਤ੍ਰਿਪਤੈ
ਮੇਰੇ ਭਾਈ ॥ ੧ ॥ ਨਾਮੁ ਜਪਹੁ ਮੇਰੇ ਗੁਰਸਿਖ ਮੀਤਾ ॥ ਨਾਮੁ ਜਪਹੁ ਨਾਮੇ
ਸੁਖੁ ਪਾਵਹੁ ਨਾਮੁ ਰਖਹੁ ਗੁਰਮਤਿ ਮਨਿ ਚੀਤਾ ॥ ੧ ॥ ਰਹਾਉ ॥[੩੬੭]-੮-੬੦

੩੪- ਸਾਹਿਬੁ ਮੇਰਾ ਨਿਰਮਲਾ ਤਿਸੁ ਬਿਨੁ ਰਹਣੁ ਨ ਜਾਇ ॥ ਮੇਰੈ ਮਨਿ ਤਨਿ ਭੁਖ ਅਤਿ
ਅਗਲੀ, ਕੋਈ ਆਣਿ ਮਿਲਾਵੈ ਮਾਇ ॥ ਚਾਰੇ ਕੁੰਡਾ ਭਾਲੀਆ ਸਹ ਬਿਨੁ ਅਵਰੁ ਨ ਜਾਇ ॥ ੨ ॥[੪੯]-੧੯

੩੫- **ਗੁਰੁ ਪੂਰਾ ਮੇਰਾ ਗੁਰੁ ਪੂਰਾ ॥ ਰਾਮ ਨਾਮੁ ਜਪਿ ਸਦਾ ਸੁਹੇਲੇ ਸਗਲ ਬਿਨਾਸੇ ਰੋਗ ਕੂਰਾ ॥ ੧ ॥ ਰਹਾਉ ॥**
**ਏਕੁ ਅਰਾਧਹੁ ਸਾਚਾ ਸੋਇ ॥ ਜਾ ਕੀ ਸਰਨਿ ਸਦਾ ਸੁਖੁ ਹੋਇ ॥ ੧ ॥ ਨੀਦ ਸਹੇਲੀ ਨਾਮ ਕੀ ਲਾਗੀ ਭੂਖ**
**॥ ਹਰਿ ਸਿਮਰਤ ਬਿਨਸੇ ਸਭ ਦੂਖ ॥੨॥ ਸਹਜਿ ਅਨੰਦ ਕਰਹੁ ਮੇਰੇ ਭਾਈ ॥ ਗੁਰਿ ਪੂਰੈ ਸਭ ਚਿੰਤ ਮਿਟਾਈ ॥ ੩ ॥**
**ਆਠ ਪਹਰ ਪ੍ਰਭ ਕਾ ਜਪੁ ਜਾਪਿ ॥ ਨਾਨਕ ਰਾਖਾ ਹੋਆ ਆਪਿ ॥ ੪ ॥**[੯੦੧]-੨-੫੮

**ਪਦ ਅਰਥ**:--ਪੂਰ=ਸਾਰੇ ਗੁਣਾਂ ਦਾ ਮਾਲਕ, ਸਭ ਤਾਕਤਾਂ ਵਾਲਾ । ਸਗਲ=ਸਾਰੇ । ਰੋਗ ਕੂਰਾ=ਕੂੜ ਦੇ ਰੋਗ, ਮਾਇਆ ਦੇ ਮੋਹ ਤੋਂ ਪੈਦਾ ਹੋਏ ਰੋਗ ॥ **੧ ॥ ਰਹਾਉ ॥** ਸਾਚਾ=ਸਦਾ ਕਾਇਮ ਰਹਿਣ ਵਾਲਾ । ਏਕੁ--ਸੋਏ=ਕੇਵਲ ਉਸ ਪਰਮਾਤਮਾ ਨੂੰ ਹੀ। ਜਾ ਕੀ ਸਰਨ=(ਮਨ ਵਿਚ) ਜਿਸ ਪ੍ਰਭੂ ਦਾ ਆਸਰਾ ਲਿਆਂ **। ੧ । ਨੀਦ**=ਪ੍ਰਭੂ ਚਰਣਾਂ ਵਿਚ) ਲੀਨਤਾ । ਸਹੇਲੀ=ਸੁਖਦਾਈ । ਸਿਮਰਤ=ਸਿਮਰਦਿਆਂ **। ੨ ।** ਸਹਿਜ=ਆਤਮਕ ਅਡੋਲਤਾ ਵਿਚ (ਟਿਕ ਕੇ) । ਭਾਈ=ਹੇ ਭਾਈ ! । ਗੁਰਿ=ਗੁਰੂ ਨੇ **। ੩ ।** ਜਪਿ=ਸਿਮਰਿਆ ਕਰੋਮ ਸਦਾ ਯਾਦ ਵਿਚ ਟਿਕਾਈ ਰਖੋ । ਨਾਨਕ=ਹੇ ਨਾਨਕ । ਰਾਖਾ=ਰਖਵਾਲਾ । ੪ ।

੩੬- **ਮ: ੧॥ ਸਾਗਰੁ ਗੁਣੀ ਅਥਾਹੁ ਕਿਨਿ ਹਾਥਾਲਾ ਦੇਖੀਐ ॥ ਵਡਾ ਵੇਪਰਵਾਹੁ ਸਤਿਗੁਰੁ ਮਿਲੈ ਤ**
**ਪਾਰਿ ਪਵਾ ॥ ਮਝ ਭਰਿ ਦੁਖ ਬਦੁਖ ॥ ਨਾਨਕ ਸਚੇ ਨਾਮੁ ਬਿਨੁ ਕਿਸੈ ਨ ਲਥੀ ਭੁਖ ॥ ੩ ॥** [੧੦੯੦]-ਵਾ-੧੪

**ਅਰਥ:--(ਇਹ) ਤ੍ਰੈ-ਗੁਣੀ) (ਸੰਸਾਰ ਮਾਨੋ) ਇਕ ਅੱਤ ਡੂੰਘਾ ਸਮੁੰਦਰ ਹੈ, ਇਸ ਦੀ ਹਾਥ ਕਿਸ ਨੇ ਲੱਭੀ ? ਜੇ ਸਤਿਗੁਰੂ (ਗ੍ਰੰਥ ਸਾਹਿਬ ਜੋ ਇਸ** ਤ੍ਰੈਗੁਣੀ ਸੰਸਾਰ ਵਲੋਂ) ਪੂਰੀ ਤਰ੍ਹਾਂ ਬੇ ਪਰਵਾਹ ਹਨ, ਮਿਲ ਪੈਣ (ਜੇ ਗੁਰਬਾਣੀ ਦੀ ਵਿਚਾਰ ਕਰਕੇ ਗੁਰਮਤਿ-ਗਿਆਨ ਅਨੁਸਾਰ ਜੀਵਨ ਬਨਾਉਣ ਦੀ ਭੁੱਖ ਲਗੀ ਰਹੇ) ਤਾਂ ਉਸ (ਤ੍ਰੈ-ਗੁਣੀ ਅਥਾਹ) ਸੰਸਾਰ ਤੋਂ ਪਾਰ ਲੰਘ ਜਾਵਾਂ । ਇਸ ਸੰਸਾਰ ਸਮੁੰਦਰ ਦਾ ਵਿਚਲਾ ਹਿੱਸਾ ਦੁੱਖਾਂ ਨਾਲ ਹੀ ਭਰਿਆ ਹੋਇਆ ਹੈ । ਹੇ ਨਾਨਕ ! ਪ੍ਰਭੂ ਦਾ ਨਾਮ ਸਿਮਰਨ ਤੋਂ ਬਿਨਾ ਕਿਸੇ ਦੀ ਵੀ (ਤ੍ਰੈਗੁਣੀ ਮਾਇਆ ਬਾਰੇ) ਭੁੱਖ ਨਹੀਂ ਉਤਰਦੀ । ੩ ।

੩੭- **ਤੇਰਾ ਸਚੇ ਕਿਨੈ ਅੰਤੁ ਨ ਪਾਇਆ ॥ ਗੁਰ ਪਰਸਾਦਿ ਕਿਨੈ ਵਿਰਲੈ ਚਿਤੁ ਲਾਇਆ ॥**
**ਤੁਧੁ ਸਾਲਾਹਿ ਨ ਰਜਾ ਕਬਹੂੰ, ਸਚੇ ਨਾਵੈ ਕੀ ਭੁਖ ਲਾਵਣਿਆ ॥ ੨ ॥**[੧੧੩]-੭-੮

੭

## ਨਾਨਕ ਭਗਤਾ ਭੁਖ ਸਾਲਾਹਣੁ .... ॥

੩੮- **ਨਾਨਕ ਭਗਤਾ ਭੁਖੁ ਸਾਲਾਹਣੁ ਸਚੁ ਨਾਮੁ ਅਧਾਰੁ ॥**
**ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ ॥ ੧ ॥**[੪੬੬]-੬

੩੯- **ਜਨ ਕੀ ਭੂਖ ਤੇਰਾ ਨਾਮੁ ਅਹਾਰੁ ॥ ਤੂੰ ਦਾਤਾ ਪ੍ਰਭ ਦੇਵਣਹਾਰੁ ॥ ੩ ॥** [੭੧੩]-੨੬-੩੨

੪੦- **ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥ ਦੇਹਿ ਨਾਮੁ ਸੰਤੋਖੀਆ**
**ਉਤਰੈ ਮਨ ਕੀ ਭੁਖ ॥ ਗੁਰਿ ਵਣੁ ਤਿਣੁ ਹਰਿਆ ਕੀਤਿਆ ਨਾਨਕ ਕਿਆ ਮਨੁਖ ॥ ੨ ॥ [੯੫੭]-ਵਾ-੩**

੪੧- **ਪਿਰੀਆ ਸੰਦੜੀ ਭੁਖ, ਮੂ ਲਾਵਣ ਥੀ ਵਿਥਰਾ ॥ ਜਾਣੁ ਮਿਠਾਈ ਇਖ, ਬੇਈ ਪੀੜੇ ਨਾ ਹੁਟੈ ॥ ੨ ॥**[੧੦੯੯ ]-ਵਾ-੧੩

ਗੁਰ ਬਾਣੀ ਵਿਚ ਇਉਂ ਵੀ ਹੈ " ਭੁੱਖ " ਪਦ ਦੀ ਵਰਤੋਂ---

੪੨- **ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ ॥ ਰਾਜਾ ਰਾਜਿ ਨ**
**ਤ੍ਰਿਪਤਿਆ ਸਾਇਰ ਭਰੇ ਕਿ ਸੁਕ ॥ ਨਾਨਕ ਸਚੇ ਨਮੁ ਕੀ ਕੇਤੀ ਪੁਛਾ ਪੁਛ ॥ ੨ ॥**[੧੪੮]-ਵਾ-੨੩

**ਭਾਵ ਅਰਥ**--ਰੇਤਲੇ ਥਲਾਂ ਦਾ ਸੁੱਕਾ ਰਹਿਣ ਦਾ ਸੁਭਾ ਮੀਂਹ ਨਾਲ ਨਹੀਂ ਹਟਦਾ, ਲੱਖੜਾਂ ਅੱਗ ਦੇ ਸਾੜਨ ਵਾਲੇ ਸਭਾਉ ਨੂੰ ਮਿਟਾ ਨਹੀਂ ਸਕਦੀਆਂ, ਭਰੇ ਸਮੁੰਦਰ ਦੀ ਅਗਾਧਤਾ ਨੂੰ ਸੁੱਕ ਕਦੇ ਨਹੀਂ ਮੁਕਾ ਸਕਦੀ, ਏਸੇ ਤਰ੍ਹਾਂ ਨਾਮ-ਰਸ ਵਾਲਿਆਂ ਦੀ ਨਾਮ ਦੀ ਭੁੱਖ ਕਦੇ ਖ਼ਤਮ ਨਹੀਂ ਹੁੰਦੀ । ੨ ।

੮

## ਭੂਖ ਪਿਆਸ

੪੩- **ਭੂਖ ਪਿਆਸਾ ਜਗੁ ਭਇਆ ਤਿਪਤਿ ਨਹੀ ਬਿਨੁ ਸਤਿਗੁਰ ਪਾਏ ॥**
**ਸਹਜੈ ਸਹਜੁ ਮਿਲੈ ਸੁਖੁ ਪਾਈਐ ਦਰਗਹ ਪੈਧਾ ਜਾਏ ॥ ੪ ॥**[੧੩੪੫]-੭

**ਅਰਥ**:--ਜਗਤ ਮਾਇਆ ਦੀ ਭੁੱਖ ਤੇਹ ਨਾਲ ਘਬਰਾਇਆ ਪਿਆ ਹੈ, ਸਤਿਗੁਰੂ (ਗ੍ਰੰਥ ਸਾਹਿਬ ਦੀ) ਸਰਨ ਆਉਣ (=ਆਪਾ ਭਾਵ ਗੁਆ ਕੇ ਗੁਰੂ-ਬਾਣੀ-ਸ਼ਬਦ ਵਿਚਾਰ ਨਾਲ ਜੁੜਨ) ਤੋਂ ਬਿਨਾ ਤ੍ਰਿਸ਼ਨਾ ਨਹੀਂ ਮਿਟਦੀ ਸੰਤੋਖ ਨਹੀਂ ਆਉਂਦਾ । ਗੁਰੂ ਦੀ ਸਰਨ ਪਿਆਂ ਆਤਮਕ ਅਡੋਲਤਾ ਪ੍ਰਾਪਤ ਹੁੰਦੀ ਹੈ, ਆਤਮਕ ਆਨੰਦ ਨਿਕਲਦਾ ਹੈ, ਤੇ ਪਰਮਾਤਮਾ ਦੀ ਹਜ਼ੂਰੀ ਵਿਚ ਮਨੁੱਖ ਆਦਰ ਨਾਲ ਜਾਂਦਾ ਹੈ । ੪ ।

੪੪- **ਨਾ ਤਿਸੁ ਭੂਖ ਪਿਆਸ ਮਨੁ ਮਾਨਿਆ ॥ ਸਰਬ ਨਿਰੰਜਨੁ ਘਟਿ ਘਟਿ**
**ਜਾਨਿਆ ॥ ਅੰਮ੍ਰਿਤ ਰਸਿ ਰਾਤਾ ਕੇਵਲ ਬੈਰਾਗੀ ਗੁਰਮਤਿ ਭਾਇ ਸੁਭਾਇਆ ॥ ੮ ॥**[੧੦੩੮]-੧-੧੮

**ਅਰਥ:**--ਜਿਸ ਮਨੁੱਖ ਦਾ ਮਨ (ਪਰਮਾਤਮਾ ਦੀ ਯਾਦ ਵਿਚ ਰਹਿਣਾ) ਗਿੱਝ ਜਾਂਦਾ ਹੈ ਉਸ ਨੂੰ ਮਾਇਆ ਦੀ ਭੁੱਖ-ਤ੍ਰੇਹ ਨਹੀਂ ਰਹਿੰਦੀ, ਉਹ ਨਿਰੰਜਨ ਨੂੰ ਹਰ ਥਾਂ ਹਰੇਕ ਘਟ ਵਿਚ ਪਛਾਣ ਲੈਂਦਾ ਹੈ । ਉਹ ਆਤਮਕ ਜੀਵਨ ਦੇਣ ਵਾਲੇ ਸਿਰਫ਼ ਨਾਮ-ਰਸ ਵਿਚ ਹੀ ਮਸਤ ਰਹਿੰਦਾ ਹੈ, ਦੁਨੀਆ ਦੇ ਰਸਾਂ ਤੋਂ ਉਪਰਾਮ ਰਹਿੰਦਾ ਹੈ । ਗੁਰੂ ਦੀ ਮਿਹਰ ਦੀ ਰਾਹੀਂ ਪਰਮਾਤਮਾ ਦੇ ਪ੍ਰੇਮ ਵਿਚ ਜੁੜ ਕੇ ਉਸ ਦਾ ਆਤਮਕ ਜੀਵਨ ਸੋਹਣਾ ਲੱਗਣ ਲੱਗ ਪੈਂਦਾ ਹੈ । ੮ ।

੪੫- **ਅਧਿਕ ਤਿਆਸ ਭੇਖ ਬਹੁ ਕਰੈ ॥ ਦੁਖੁ ਬਿਖਿਆ ਸੁਖੁ ਤਨਿ ਪਰਹਰੈ ॥**
**ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ ॥ ਦੁਬਿਧਾ ਛੋਡਿ ਨਾਮਿ ਨਿਸਤਰੈ ॥ ੨ ॥**[੩੫੨]-੧੧

**ਅਰਥ:**--ਜਿਸ ਮਨੁੱਖ ਦੇ ਮਨ ਵਿਚ ਤਾਂ ਮਾਇਆ ਦੀ ਬਹੁਤ ਤ੍ਰਿਸਨਾ ਹੋਵੇ (ਬਾਹਰ ਜਗਤ-ਵਿਖਾਵੇ ਲਈ) ਬਹੁਤੇ ਧਾਰਮਿਕ ਲਿਬਾਸ ਪਹਿਨੇ (ਬਾਹਰੋਂ ਬਾਣੀ ਅਤੇ ਬਾਣੇ ਨਾਲ ਫੱਬਿਆ ਰਹਿਣ ਦਾ ਵਿਖਾਵਾ ਹੈ) ਮਾਇਆ ਦੇ ਮੋਹ ਤੋਂ ਪੈਦਾ ਹੋਇਆ ਕਲੇਸ਼ ਉਸ ਦੇ ਅੰਦਰੋਂ ਆਤਮਕ ਸੁਖ ਨੂੰ ਦੂਰ ਕਰ ਦਿੰਦਾ ਹੈ, ਤੇ ਕਾਮ ਕ੍ਰੋਧ ਉਸ ਦੇ ਅੰਦਰਲੇ ਨਾਮ ਧਨ ਨੂੰ ਚੁਰਾ ਲੈ ਜਾਂਦਾ ਹੈ । (ਤ੍ਰਿਸ਼ਮਨਾ ਦੇ ਹੜ ਵਿਚੋਂ ਉਹੀ ਮਨੁੱਖ) ਪਾਰ ਲੰਘਦਾ ਹੈ ਜੋ ਪ੍ਰਭੂ ਦੇ ਨਾਮ ਵਿਚ ਜੁੜਿਆ ਰਹਿੰਦਾ ਹੈ ਤੇ ਜੋ ਦੁਚਿੱਤਾ-ਪਨ ਛੱਡਦਾ ਹੈ । ੨ ।

੪੬- **ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ ਜਿਉ ਬਿਨੁ ਅਮਲੈ ਅਮਲੀ ਮਰਿ ਗਈਆ ॥**
**ਜਿਨ ਕਉ ਪਿਆਸ ਹੋਇ ਪ੍ਰਭ ਕੇਰੀ ਤਿਨ੍ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ ॥ ੩ ॥**[੮੩੬]-੬-੯

੪੭- **ਭੂਖ ਪਿਆਸੋ ਜੇ ਭਵੈ ਕਿਆ ਤਿਸੁ ਮਾਗਉ ਦੇਇ ॥ ਬੀਜਉ ਸੂਝੈ ਕੋ ਨਹੀ**
**ਮਨਿ ਤਨਿ ਪੂਰਨੁ ਦੇਇ ॥ ਜਿਨਿ ਕੀਆ ਤਿਨਿ ਦੇਖਿਆ ਆਪਿ ਵਡਾਈ ਦੇਇ ॥ ੬ ॥**[੧੦੧੦]-੩

**ਅਰਥ:**--ਜੇ ਕੋਈ ਮਨੁੱਖ ਆਪ ਹੀ (ਮਾਇਆ ਦੇ ਮੋਹ ਵਿਚ) ਭੁੱਖਾ ਤਿਹਾਇਆ ਭਟਕ ਰਿਹਾ ਹੋਵੇ, ਮੈ ਉਸ ਪਾਸੋਂ ਕੀ (ਨਾਮ ਦੀ ਦਾਤਿ) ਮੰਗ ਸਕਦਾ ਹਾਂ ? ਉਹ ਮੈਨੂੰ ਕੀ ਦੇ ਸਕਦਾ ਹੈ? ਮੈਨੂੰ ਤਾਂ ਕੋਈ (ਦਾਤਾ) ਨਹੀਂ ਸੁੱਝਦਾ, (ਹਾਂ), ਉਹੀ ਪਰਮਾਤਮਾ ਦੇ ਸਕਦਾ ਹੈ ਜੋ ਜੀਵਾਂ ਦੇ ਮਨ ਤਨ ਵਿਚ ਭਰਪੂਰ ਹੈ ।ਜਿਸ ਪਰਮਾਤਮਾ ਨੇ ਇਹ ਜਗਤ ਰਚਾਇਆ ਹੈ ਉਸ ਨੇ ਆਪ ਹੀ ਇਸ ਦੀ ਸੰਭਾਲ ਕਰਨੀ ਹੈ । ਉਹ ਆਪ ਹੀ ਆਪਣੇ (ਨਾਮ ਦੀ ਦਾਤਿ ਦੀ) ਵਡਿਆਈ ਦਿੰਦਾ ਹੈ । ੬ ।

੪੮- **ਤਿਖਾ ਭੂਖ ਬਹੁ ਤਪਤਿ ਵਿਆਪਿਆ ॥ ਸੀਤਲ ਭਏ ਹਰਿ ਹਰਿ ਜਸੁ ਜਾਪਿਆ ॥ ੨ ॥**[੮੦੪]-੧੦

੪੯- **ਪਥਿਕ ਪਿਆਸ ਚਿਤ ਸਰੋਵਰ ਆਤਮ ਜਲੁ ਲੈਨ ॥**
**ਹਰਿ ਦਰਸ ਪ੍ਰੇਮ ਜਨ ਨਾਨਕ ਕਰਿ ਕਿਰਪਾ ਪ੍ਰਭ ਦੈਨ ॥ ੨ ॥**[੧੨੭੨]-੭-੨੯

੫੦- **ਜਬ ਲਗੁ ਦਰਸੁ ਨ ਪਰਸੈ ਪ੍ਰੀਤਮ ਤਬ ਲਗੁ ਭੂਖ ਪਿਆਸੀ ॥**
**ਦਰਸਨੁ ਦੇਖਤ ਹੀ ਮਨੁ ਮਾਨਿਆ ਜਲ ਰਸਿ ਕਮਲ ਬਿਗਾਸੀ ॥ ੧ ॥**[੧੧੯੭]-੨

**ਅਰਥ:**--ਜਦੋਂ ਤੱਕ ਮਨੁੱਖ ਪ੍ਰੀਤਮ-ਪ੍ਰਭੂ ਦਾ ਦੀਦਾਰ ਨਹੀਂ ਕਰਦਾ, ਤਦ ਤਕ ਮਾਇਆ ਦੀ ਭੁੱਖ ਤ੍ਰੇਹ ਜ਼ੋਰ ਪਾਈ ਰੱਖਦੀ ਹੈ। ਦੀਦਾਰ ਕਰਦਿਆਂ ਹੀ ਮਨ ਪ੍ਰਭੂ ਦੀ ਯਾਦ ਵਿਚ ਗਿੱਝ ਜਾਂਦਾ ਹੈ। (ਤੇ ਹਿਰਦਾ ਇਉਂ ਖਿੜਦਾ ਹੈ, ਜਿਵੇਂ) ਕੌਲ ਫੁੱਲ ਜਲ ਦੇ ਅਨੰਦ ਵਿਚ ਖਿੜਦਾ ਹੈ । ੧ ।

## ੯

# ਤ੍ਰਿਸਨ, ਤ੍ਰਿਸ਼ਨਾ, ਤ੍ਰਿਖਾ, ਪਿਆਸ, ਤ੍ਰੇਹ

ਗੁਰੂ-ਬਾਣੀ ਵਿਚ, ਪਾਣੀ ਦੀ ਤ੍ਰਿਖਾ, ਪਿਆਸ ਜਾਂ ਤ੍ਰੇਹ ਦੀ ਗੱਲ ਉਦਾਹਰਣ ਵਜੋਂ ਤਾਂ ਭਾਵੇ ਆਈ ਹੋਵੇਗੀ ਜਿਵੇ--ਤ੍ਰਿਖਾਵੰਤੁ ਜਲੁ ਪੀਵਤ ਠੰਢਾ, ਤਿਉ ਹਰਿ ਸੰਗਿ ਮਨੁ ਲੀਨਾ ਜੀਉ ॥ ੧ ॥[੧੦੦]-੧੪-੨੧ ਉਂਜ ਪਾਣੀ ਦੀ ਪਿਆਸ ਦੀ ਗੱਲ ਨਾ ਹੋਏ ਬਰਾਬਰ ਹੈ । ਮਾਇਆ ਦੀ ਪਿਆਸ=ਤ੍ਰਿਸ਼ਨਾ ਦਾ ਹੀ ਜ਼ਿਕਰ ਹੈ । ਪਦਾਰਥਕ ਪ੍ਰਾਪਤੀ ਦੀ ਪ੍ਰਬਲ ਇੱਛਾ ਨੂੰ ਅਥਵਾ ਲੈ ਲੈਣ ਦੇ ਬੜੇ ਵੱਡੇ ਲੋਭ-ਲਾਲਚ ਨੂੰ ਹੀ ਗੁਰੂ-ਬਾਣੀ ਨੇ ਪਿਆਸ ਅਥਵਾ ਤ੍ਰਿਸ਼ਨਾ ਕਿਹਾ ਹੈ। ਇਸ ਪੁਸਤਕ ਦੇ ਪਹਿਲੇ ਭਾਗ ਦੇ ਦੂਜੇ ਕਾਂਡ ਵਿਚ " ਬਿੱਪ੍ਰ ਅਤੇ ਉਸ ਦੀ ਰੀਤ " ਦੀ ਖੋਜ ਵਾਲੇ ਲੇਖ ਵਿਚ ਬਿੱਪ੍ਰ ਦੇ ਤ੍ਰਿਸ਼ਨਾਲੂ ਸੁਭਾਵ ਦਾ ਜਿਕਰ ਬੜੇ ਵਿਸਥਾਰ ਨਾਲ ਕੀਤਾ ਹੈ । ਧਾਰਮਕਿ ਆਗੂ ਨੇ ਅਥਵਾ ਸਿਆਸੀ ਸ਼ਕਤੀ ਦੇ ਮਾਲਕ ਨੇ, ਆਪਣੀ ਤ੍ਰਿਸ਼ਨਾਂ ਦੀ ਪੂਰਤੀ ਲਈ ਜੋ ਜੋ ਉਪੱਦਰ ਕੀਤੇ ਹਨ, ਅਤੇ ਜੋ ਕੁਝ ਉਹ ਅੱਜ ਵੀ ਕਰ ਰਿਹਾ ਹੈ, ਉਨ੍ਹਾਂ ਦਾ ਜ਼ਿਕਰ ਉਸ ਲੇਖ ਵਿਚ ਆ ਚੁੱਕਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਾਂ ਦੀ ਸਵਿਸਥਾਰ ਵਿਚਾਰ ਤੇ ਅਧਾਰਤ, ਧਾਰਮਕਿ ਆਗੂ ਅਤੇ ਸਿਆਸਤਦਾਨ ਦੀ ਮਾਇਆ ਪ੍ਰਤੀ ਲਈ ਤ੍ਰਿਸਨਾ ਦਾ ਹੋਰ ਵੀ ਵਿਸਥਾਰ ਨਾਲ ਵਰਣਨ, ਪੁਸਤਕ ਦੇ ਨੌਵੇਂ ਭਾਗ ਵਿਚ ਕੀਤਾ ਜਾ ਰਿਹਾ ਹੈ । ਏਥੇ ਕੇਵਲ ਅਸਾਂ ਤ੍ਰਿਸਨਾਂ ਬਾਰੇ ਗੁਰਮਤਿ ਵਿਚਾਰ ਕਰ ਕੇ ਤ੍ਰਿਸ਼ਨਾ ਦੇ ਸਾਰੇ ਪੱਖਾਂ ਤੋਂ ਜਾਣੂੰ ਹੋਣਾ ਹੈ ਤਾਂ ਜੋ ਪੁਸਤਕ ਦੇ ਅਗਲੇ ਭਾਗ ਵਿਚ ਕੀਤੀ ਜਾਣ ਵਾਲੀ ਵਿਚਾਰ ਦਾ ਠੀਕ ਭਾਵ ਸਮਝਣਾ ਸਹਿਲ ਹੋ ਜਾਵੇ ।

ਮਨੁੱਖ ਦੀ ਤ੍ਰਿਸ਼ਨਾ ਨੂੰ ਮੋੜਾ ਪੈਣਾ ਬੜਾ ਕਠਨ ਹੈ:--

੫੧- ਬਿੰਜਨ ਭੋਜਨ ਅਨਿਕ ਪਰਕਾਰ ॥ ਰੰਗ ਤਮਾਸੇ ਬਹੁਤੁ ਬਿਸਥਾਰ ॥ ਰਾਜ ਮਿਲਖ ਅਰੁ ਬਹੁਤੁ
ਫੁਰਮਾਇਸਿ ॥ **ਮਨੁ ਨਹੀ ਧ੍ਰਾਪੈ ਤ੍ਰਿਸਨਾ ਨ ਜਾਇਸਿ** ॥ ਬਿਨੁ ਮਿਲਬੇ ਇਹੁ ਦਿਨੁ ਨ ਬਿਹਾਵੈ ॥
ਮਿਲੈ ਪ੍ਰਭੂ ਤਾ ਸਭ ਸੁਖ ਪਾਵੈ ॥ ੩ ॥ [੩੭੩]-੧੧

੫੨- ਮੋਹ ਮਗਨ ਮਹਿ ਰਹਿਆ ਬਿਆਪੇ ॥ **ਅਤਿ ਤ੍ਰਿਸਨਾ ਕਬਹੂ ਨਹੀ ਧ੍ਰਾਪੇ** ॥ ੨ ॥ ਬਸਇ ਕਰੋਧੁ ਸਰੀਰਿ
ਚੰਡਾਰਾ ॥ ਅਗਿਆਨਿ ਨ ਸੂਝੈ ਮਹਾ ਗੁਬਾਰਾ ॥ ੩ ॥ ਭ੍ਰਮਤ ਬਿਆਪਤ ਜਰੇ ਕਿਵਾਰਾ ॥ ਜਾਣੁ ਨ ਪਾਈਐ ਪ੍ਰਭ
ਦਰਬਾਰਾ । ੪ । **ਆਸਾ ਅੰਦੇਸਾ ਬੰਧਿ ਪਰਾਨਾ** ॥ ਮਹਲੁ ਨ ਪਾਵੈ ਫਿਰਤ ਬਿਗਾਨਾ ॥ ੫ ॥ ਸਗਲ ਬਿਆਧਿ
ਕੈ ਵਸਿ ਕਰਿ ਦੀਨਾ ॥ **ਫਿਰਤ ਪਿਆਸ ਜਿਉ ਜਲ ਬਿਨੁ ਮੀਨਾ** ॥ ੬ ॥ [੭੫੯]-੧

੫੩- **ਮਨਮੁਖ ਤ੍ਰਿਸਨਾ ਭਰਿ ਰਹੇ** ਮਨਿ ਆਸਾ ਦਹਦਿਸ ਬਹੁ ਲਾਖੁ ॥ ਬਿਨੁ ਨਾਵੈ ਧ੍ਰਿਗੁ ਜੀਵਦੇ

ਵਿਚਿ ਬਿਸਟਾ ਮਨਮੁੱਖ ਰਾਖੁ ॥ ਓਇ ਆਵਹਿ ਜਾਹਿ ਭਵਾਈਅਹਿ ਬਹੁ ਜੋਨੀ ਦੁਰਗੰਧ ਭਾਖੁ ॥ ੩ ॥[੯੯੭]-੪-੬

੫੪- ਧਨੁ ਜੋਬਨੁ ਸੰਪੈ ਸੁਖ ਭੋੁਗਵੈ ਸੰਗਿ ਨ ਨਿਬਹਤ ਮਾਤ ॥
ਮ੍ਰਿਗ ਤ੍ਰਿਸਨਾ ਦੇਖਿ ਰਚਿਓ ਬਾਵਰ ਦ੍ਰੁਮ ਛਾਇਆ ਰੰਗਿ ਰਾਤ ॥ ੧ ॥ [੧੧੨੦]-੫-੭

੫੫- ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ ॥
ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ ਗਵਾਈ ॥ ੧ ॥[੧੧੩੦]-੧-੧੧

੫੬- ਬੋਲੈ ਝੂਠੁ ਕਮਾਵੈ ਅਵਰਾ ਤ੍ਰਿਸਨ ਨ ਬੂਝੈ ਬਹੁਤੁ ਹਇਆ ॥
ਅਸਾਧੁ ਰੋਗੁ ਉਪਜਿਆ ਸੰਤ ਦੂਖਨਿ ਦੇਹ ਬਿਨਾਸੀ ਮਹਾ ਖਇਆ ॥ ੩ ॥[੯੦੦]-੪੪-੫੫

**ਅਰਥ**:--(ਮਾਇਆ ਦੀ ਖ਼ਾਤਰ ਜੀਵ) ਝੂਠ ਬੋਲਦਾ ਹੈ (ਮੂੰਹੋਂ ਆਖਦਾ ਹੋਰ ਹੈ, ਤੇ) ਕਮਾਉਂਦਾ ਕੁਝ ਹੋਰ ਹੈ, ਇਸ ਦੀ ਮਾਇਆ ਦੀ ਤ੍ਰਿਸ਼ਨਾ ਬੁੱਝਦੀ ਨਹੀਂ, ਮਾਇਆ ਦੀ ' ਹਾਇ ਹਾਇ ' ਸਦਾ ਇਸ ਨੂੰ ਲੱਗੀ ਰਹਿੰਦੀ ਹੈ, ਸੰਤਾਂ (-ਗੁਰਮਖਿ ਜਨਾਂ) ਦੀ ਨਿੰਦਿਆ ਕਰਨ ਦੇ ਕਾਰਨ (ਮਾਇਆ ਦੀ ਤ੍ਰਿਸ਼ਨਾ ਦਾ) ਲਾ-ਇਲਾਜ ਰੋਗ (ਜੀਵ ਦੇ ਅੰਦਰ) ਪੈਦਾ ਹੋ ਜਾਂਦਾ ਹੈ, ਇਸ ਵਡੇ੍ਹ ਖਈ ਰੋਗ ਦੇ ਵਿਚ ਹੀ ਇਸ ਦਾ ਸਰੀਰ ਨਾਸ ਹੋ ਜਾਂਦਾ ਹੈ । ੩ ।

੫੭- ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ, ਹਿਰਦੈ ਨਾਹਿ ਬੀਚਾਰਿਓ ਰੇ ॥
ਉਨਮਤ ਮਾਨ ਹਿਰਿਓ, ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ ॥ ੨ ॥[੩੩੫]-੧-੫-੫੬

## ਤ੍ਰਿਸ਼ਨਾ ਅਤੇ ਹਉਮੈ ਦਾ ਸਾਥ ?:--

੫੮- ਨਰਪਤਿ ਜਾਣਿ ਗ੍ਰਹਿਓ ਸੇਵਕ ਸਿਆਣੇ ਰਾਮ ॥ ਸਰਪਰ ਵੀਛੁੜਣਾ ਮੋਹੇ ਪਛੁਤਾਣੇ ਰਾਮ ॥ ਹਰਿਚੰਦਉਰੀ ਦੇਖਿ ਭੂਲਾ ਕਹਾ ਅਸਥਿਤਿ ਪਾਈਐ ॥ ਬਿਨੁ ਨਾਮ ਹਰਿ ਕੇ ਆਨ ਰਚਨਾ ਅਹਿਲਾ ਜਨਮੁ ਗਵਾਈਐ ॥ਹਉ ਹਉ ਕਰਤ ਨਾ ਤ੍ਰਿਸਨ ਬੁਝੈ ਨਹ ਕਾਂਮ ਪੂਰਨ ਗਿਆਨੇ ॥ ਬਿਨਵੰਤਿ ਨਾਨਕ ਬਿਨੁ ਨਾਮ ਹਰਿ ਕੇ ਕੇਤਿਆ ਪਛੁਤਾਣੇ ॥ ੩ ॥[੫੪੮]-੬-੯

**ਅਰਥ**:--(ਜੇ ਕੋਈ ਮਨੁੱਖ) ਰਾਜਾ (ਬਣ ਜਾਂਦਾ ਹੈ, ਤਾਂ ਉਹ) ਸਿਆਣੇ ਸੇਵਕਾਂ ਨੂੰ (ਆਪਣੇ) ਜਾਣ ਕੇ (ਰਾਜ ਮੋਹ ਵਿਚ) ਫਸ ਜਾਂਦਾ ਹੈ । (ਪਰ ਅਜੇਹੇ ਮੋਹ ਵਿਚ ਫਸਿਆ ਮਨੁੱਖ ਇਹ ਭੁੱਲ ਜਾਂਦਾ ਹੈ ਕਿ) ਇਨ੍ਹਾਂ ਸਾਰੇ ਪਦਾਰਥਾਂ ਤੋਂ ਜ਼ਰੂਰ ਹੀ ਵਿਛੜ ਜਾਣਾ ਹੈ । ਤੇ ਆਖ਼ਰ ਹੱਥ ਮਲਦਾ ਰਹਿ ਜਾਂਦਾ ਹੈ (ਸਭ ਕੁਝ ਪਰਾਇਆ ਬਣ ਜਾਂਦਾ ਹੈ) । ਮਨੁੱਖ ਆਕਾਸ਼ ਵਿਚਲੇ ਕਿਸੇ ਖ਼ਿਆਲੀ ਸ਼ਹਿਰ (=ਹਰਚੰਦਉਰੀ) ਵਰਗੇ ਜਗਤ ਨੂੰ ਵੇਖ ਕੇ ਕੁਰਾਹੇ ਪੈ ਜਾਂਦਾ ਹੈ, ਪਰ ਇਥੇ ਕਿਤੇ ਵੀ ਸਦਾ ਦਾ ਟਿਕਾਣਾ ਨਹੀਂ ਮਿਲ ਸਕਦਾ । ਪਰਮਾਤਮਾ ਦੇ ਨਾਮ ਤੋਂ ਖੁੰਝ ਕੇ, ਜਗਤ ਰਚਨਾ ਦੇ ਹੋਰ ਹੋਰ ਪਦਾਰਥਾਂ ਵਿਚ ਫਸ ਕੇ ਸ੍ਰੇਸ਼ਟ ਮਨੁੱਖਾ ਜਨਮ ਗਵਾ ਲੈਂਦਾ ਹੈ ।

" ਮੈਂ (ਵਡਾ ਬਣ ਜਾਵਾਂ) ਮੈ (ਹੋਰ ਵੀ ਵਡਾ ਬਣ ਜਾਂਵਾਂ)--ਇਹ ਕਰਦਿਆਂ ਕਦੇ ਮਾਇਆ ਦੀ ਤ੍ਰਿਸ਼ਨਾ ਮੁੱਕਦੀ ਨਹੀਂ, ਮਨੁੱਖਾ ਜਨਮ ਦਾ ਮਨੋਰਥ ਪ੍ਰਾਪਤ ਨਹੀਂ ਹੋ ਸਕਦਾ, ਆਤਮਕ ਜੀਵਨ ਦੀ ਸਮਝ ਵੀ ਨਹੀਂ ਆਉਂਦੀ । ਗੁਰਦੇਵ ਜੀ ਦਾ ਫ਼ੁਰਮਾਨ--ਪਰਮਾਤਮਾ ਦੇ ਨਾਮ ਤੋਂ ਖੁੰਝ ਕੇ ਅਨੇਕਾਂ ਜੀਵ ਹੱਥ ਮਲਦੇ (ਏਥੋਂ ਤੁਰ) ਜਾਂਦੇ ਹਨ । ੩ ।

੫੯- ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ ॥ ਤ੍ਰਿਸ਼ਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ ॥ ਓਹੁ ਵੇਪਰਵਾਹੁ ਅਤੋਲਵਾ ਗੁਰਮਤਿ ਕੀਮਤਿ ਸਾਰੁ ॥ ੨ ॥[੨੦]-੧੭

**ਅਰਥ**:--(ਪੜ੍ਹੇ ਹੋਏ ਲੋਕ) ਬੇਅੰਤ ਪੁਸਤਕਾਂ ਲਿਖ ਲਿਖ ਕੇ ਪੜ੍ਹ ਪੜ੍ਹ ਕੇ ਵਿਚਾਰਦੇ ਹਨ, (ਗਿਆਨ ਦੀਆਂ ਗੱਲਾਂ) ਸੁਣਿ ਸਣਿ ਕੇ (ਲੋਕਾਂ ਦੀਆਂ ਨਜ਼ਰਾਂ ਵਿਚ ਵਿਚਾਰਵਾਨ (ਦਿੱਸਣ ਦਾ) ਵਿਅਰਥ ਜਤਨ ਕਰਦੇ ਹਨ, ਪਰ ਅੰਤਰ ਆਤਮੇ ਦਿਨ-ਰਾਤ ਬਹੁਤ ਤ੍ਰਿਸ਼ਨਾ (ਵਿਆਪ ਰਹੀ ਹੈ), ਅੰਦਰ ਹਉਮੈ ਦਾ ਰੋਗ ਅਤੇ ਹਉਮੈ ਦੀ ਹੀ ਵਿਚਾਰ (ਪ੍ਰਬਲ) ਹੈ । ਓਧਰ ਉਹ ਪਰਮਾਤਮਾ (ਇਸ ਚੁੰਚ-ਗਿਆਨਤਾ ਦੀ) ਪਰਵਾਹ ਨਹੀਂ ਕਰਦਾ, (ਸਾਡੇ ਗਿਆਨ) ਉਸ ਨੂੰ ਤੋਲ ਵੀ ਨਹੀਂ ਸਕਦੇ । ਗੁਰੂ ਦੀ ਮਤਿ ਲੈ ਕੇ ਉਸ ਦੀ ਕਦਰ ਸਮਝ । ੨ ।

੬੦- ਮ੍ਰਿਗ ਤ੍ਰਿਸਨਾ ਅਰੁ ਸੁਪਨ ਮਨੋਰਥ ਤਾ ਕੀ ਕਛੁ ਨ ਵਡਾਈ ॥ ਰਾਮ ਭਜਨ ਬਿਨੁ ਕਾਮਿ ਨ ਆਵਸਿ ਸੰਗਿ ਨ ਕਾਹੂ ਜਾਈ ॥ ੨ ॥ ਹਉ ਹਉ ਕਰਤ ਬਿਹਾਇ ਅਵਰਦਾ ਜੀਅ ਕੋ ਕਾਮੁ ਨ ਕੀਨਾ ॥
ਧਾਵਤ ਧਾਵਤ ਨਹ ਤ੍ਰਿਪਤਾਸਿਆ ਰਾਮਨਾਮੁ ਨਹੀ ਚੀਨਾ ॥ ੩ ॥ [੬੧੫]-੧੧-੨੨

੬੧- ਅੰਤਰਿ ਬਾਹਰਿ ਰਵਿ ਰਹਿਆ, ਤਿਸ ਨੋ ਜਾਣੈ ਦੂਰਿ ॥ ਤ੍ਰਿਸਨਾ ਲਾਗੀ ਰਚਿ ਰਹਿਆ ਅੰਤਰਿ ਹਉਮੈ ਕੂਰਿ ॥ ਭਗਤੀ ਨਾਮ ਵਿਹੂਣਿਆ ਆਵਹਿ ਵੰਞਹਿ ਪੂਰ ॥ ੩ ॥[੪੭]-੧੪-੮੪

੬੨- ਸਬਦੁ ਵੀਚਾਰਿ ਸਦਾ ਰੰਗਿ ਰਾਤੇ, ਹਉਮੈ ਤ੍ਰਿਸਨਾ ਮਾਰੀ ॥
ਅੰਤਰਿ ਨਿਹਕੇਵਲੁ ਹਰਿ ਰਵਿਆ ਸਭੁ ਆਤਮ ਰਾਮ ਮੁਰਾਰੀ ॥ ੬ ॥[੧੨੩੩]-੧

੧੦

# ਤ੍ਰਿਸ਼ਨਾ ਅੱਗ ?

੬੩- ਤ੍ਰਿਸਨਾ ਅਗਨਿ ਜਲੈ ਸੰਸਾਰਾ ॥ ਜਲਿ ਜਲਿ ਖਪੈ ਬਹੁਤੁ ਵਿਕਾਰਾ ॥
ਮਨਮੁਖੁ ਠਉਰ ਨ ਪਾਏ ਕਬਹੂ, ਸਤਿਗੁਰ ਬੂਝ ਬੁਝਾਈ ਹੇ ॥ ੯ ॥[੧੦੪੪]-੧

੬੪- ਮਨਮੁਖ ਆਸਾ ਨਹੀ ਉਤਰੈ ਦੂਜੈ ਭਾਇ ਖੁਆਏ ॥
ਉਦਰੁ ਨੈ ਸਾਣੁ ਨ ਭਰੀਐ ਕਬਹੂ ਤ੍ਰਿਸਨਾ ਅਗਨਿ ਪਚਾਏ ॥ ੧ ॥ [੧੧੩੧]-੫-੧੫

੬੫- ਚਾਰਿ ਨਦੀਆ ਅਗਨੀ ਤਨਿ ਚਾਰੇ ॥ ਤ੍ਰਿਸਨਾ ਜਲਤ ਜਲੇ ਅਹੰਕਾਰੇ ॥
ਗੁਰਿ ਰਾਖੇ ਵਡਭਾਗੀ ਤਾਰੇ ॥ ਜਨ ਨਾਨਕ ਉਰਿ ਹਰਿ ਅੰਮ੍ਰਿਤੁ ਧਾਰੇ ॥ ੪ ॥[੧੧੭੨]-੨

੬੬- ਅੰਤਰਿ ਹਰਿ ਨਾਮੁ ਸਰਬ ਧਰਣੀਧਰ ਸਾਕਤ ਕਉ ਦੂਰਿ ਭਇਆ ਅਹੰਕਾਰੀ ॥

**ਤ੍ਰਿਸਨਾ ਜਲਤ ਨ ਕਬਹੂ ਬੂਝਹਿ ਜੂਐ ਬਾਜੀ ਹਾਰੀ ॥ ੩ ॥** [੧੧੯੮]-੨

੬੭- ਲਖ ਚਉਰਾਸੀਹ ਮੇਦਨੀ **ਤਿਸਨਾ ਜਲਤੀ ਕਰੈ ਪੁਕਾਰ** ॥ ਇਹੁ ਮੋਹੁ ਮਾਇਆ ਸਭ ਪਸਾਰਿਆ ਨਾਲਿ ਚਲੈ ਨ
ਅੰਤੀ ਵਾਰ ॥ ਬਿਨੁ ਹਰਿ ਸਾਂਤਿ ਨ ਆਵਈ ਕਿਸੁ ਆਗੈ ਕਰੀ ਪੁਕਾਰ ॥ ਵਡਭਾਗੀ ਸਤਿਗੁਰੁ ਪਾਇਆ ਬੂਝਿਆ
ਬ੍ਰਹਮੁ ਬਿਚਾਰੁ ॥ **ਤਿਸਨਾ ਅਗਨਿ ਸਭ ਬੁਝਿ ਗਈ** ਜਨ ਨਾਨਕ ਹਰਿ ਉਰਿ ਧਾਰਿ ॥ **੨੮** ॥ [੧੪੧੬]

੬੮- **ਅੰਦਰਿ ਤਿਸਨਾ ਅਗਿ** ਹੈ ਮਨਮੁਖ ਭੁਖ ਨ ਜਾਇ ॥ ਮੋਹੁ ਕੁਟੰਬੁ ਸਭੁ ਕੂੜੁ ਹੈ ਕੂੜਿ ਰਹਿਆ ਲਪਟਾਇ ॥
ਅਨਦਿਨੁ ਚਿੰਤਾ ਚਿੰਤਵੈ ਚਿੰਤਾ ਬਧਾ ਜਾਇ ॥ ਜੰਮਣੁ ਮਰਣੁ ਨ ਚੁਕਈ ਹਉਮੈ ਕਰਮ ਕਮਾਇ ॥
ਗੁਰ ਸਰਣਾਈ ਉਬਰੈ ਨਾਨਕ ਲਏ ਛਡਾਇ ॥ **੨੬** ॥ [੧੪੨੪]

੬੯- ਸਾਧਨ ਬਿਨਉ ਕਰੇ ਜੀਉ ਹਰਿ ਕੇ ਗੁਣ ਸਾਰੇ ॥ ਖਿਨੁ ਪਲ ਰਹਿ ਨ ਸਕੈ ਜੀਉ ਬਿਨੁ ਹਰਿ ਪਿਆਰੇ ॥
ਬਿਨੁ ਹਰਿ ਪਿਆਰੇ ਰਹਿ ਨ ਸਾਕੈ ਗੁਰ ਬਿਨੁ ਮਹਲੁ ਨ ਪਾਈਐ ॥ ਜੋ ਗੁਰੁ ਕਹੈ ਸੋਈ ਪਰੁ ਕੀਜੈ
**ਤਿਸਨਾ ਅਗਨਿ ਬੁਝਾਈਐ** ॥ ਹਰਿ ਸਾਚਾ ਸੋਈ ਤਿਸੁ ਬਿਨੁ ਅਵਰੁ ਨ ਕੋਈ ਬਿਨੁ ਸੇਵਿਐ ਸੁਖੁ ਨ ਪਾਏ ॥
ਨਾਨਕ ਸਾਧਨ ਮਿਲੈ ਮਿਲਾਈ ਜਿਸ ਨੋ ਆਪਿ ਮਿਲਾਏ ॥ ੧ ॥ [੨੪੩]-ਛੰਤ-੧

੭੦-- **ਤ੍ਰਿਸਨਾ ਅਗਨਿ ਸਬਦਿ ਬੁਝਾਏ** ॥ ਦੂਜਾ ਭਰਮੁ ਸਹਜਿ ਸੁਭਾਏ ॥
ਗੁਰਮਤੀ ਨਾਮੁ ਰਿਦੈ ਵਸਾਏ ॥ ਸਾਚੀ ਬਾਣੀ ਹਰਿ ਗੁਣ ਗਾਏ ॥ ੪ ॥ [੨੨੨]-੪

੭੧- ਗੁਰ ਹਿਵ ਸੀਤਲੁ ਅਗਨਿ ਬੁਝਾਵੈ ॥ ਸੇਵਾ ਸੁਰਤਿ ਬਿਭੁਤ ਚੜਾਵੈ ॥
ਦਰਸਨੁ ਆਪਿ ਸਹਜ ਘਰਿ ਆਵੈ ॥ ਨਿਰਮਲ ਬਾਣੀ ਨਾਦੁ ਵਜਾਵੈ ॥ ੪ ॥ [੪੧੧]-੧

**ਪਦ ਅਰਥ:**--ਹਿਵ=ਬਰਫ਼ । ਸੀਤਲੁ=ਠੰਢਾ । ਬਿਭੁਤ=ਸੁਆਹ । ਚੜਾਵੈ=ਸਰੀਰ ਉਤੇ ਮਲਦਾ ਹੈ। ਦਰਸਨ= (ਜੋਗੀ, ਜੰਗਮ, ਸ੍ਰੇਵੜੇ, ਸੰਨਿਆਸੀ, ਵੈਰਾਗੀ ਅਤੇ ਬੋਧੀ) ਸਹਜ ਘਰਿ=ਅਡੋਲਤਾ ਦੇ ਘਰ ਵਿਚ, ਭਟਕਣਾ ਰਹਿਤ ਧੀਰਜਵਾਨ। ਨਾਦ=ਵਾਜਾ, ਸਿੰਙੀ । ੪ ।

੭੨- ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥ਮੋਹ ਠਗੌਲੀ ਪਾਇਕੈ ਤੁਧੁ ਆਪਹੁ ਜਗਤੁ ਖੁਆਇਆ ॥ **ਤਿਸਨਾ
ਅੰਦਰਿ ਅਗਨਿ** ਹੈ, ਨਹ ਤਿਪਤੈ ਭੁਖਾ ਤਿਹਾਇਆ ॥ ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਨ ਕਮਾਇਆ ॥ ਗੁਰਮਤੀ ਧਿਆਈਐ ਸੁਖ ਰਜਾ ਜਾ ਤੁਧੁ ਭਾਇਆ ॥
ਕੁਲ ਉਧਾਰੈ ਆਪਣਾ ਧੰਨੁ ਜਣੇਦੀ ਮਾਇਆ॥ ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ॥੨ ॥[੧੩੮]-ਵਾਰ-

## ੧੧

## ਤ੍ਰਿਸਨਾ ਦਾ ਇਲਾਜ

**ਗੁਰ ਪ੍ਰਸਾਦਿ ਆਪਨ ਆਪੁ ਸੁਝੈ ॥ ਤਿਸ ਕੀ ਜਾਨਹੁ ਤ੍ਰਿਸਨਾ ਬੁਝੈ ॥ .....੪ ॥** [੨੮੧]-੧੪

੭੩- ਤਉ ਭਾਣਾ ਤਾਂ **ਤ੍ਰਿਪਤਿ ਅਘਾਏ ਰਾਮ** ॥ ਮਨੁ ਥੀਆ ਠੰਢਾ ਸਭ **ਤ੍ਰਿਸਨ ਬੁਝਾਏ ਰਾਮ** ॥
ਮਨੁ ਥੀਆ ਠੰਢਾ ਚੂਕੀ ਡੰਝਾ ਪਾਇਆ ਬਹੁਤੁ ਖਜਾਨਾ ॥ ਸਿਖ ਸੇਵਕ ਸਭਿ ਭੁੰਚਣ ਲਗੇ
ਹੰਉ ਸਤਗੁਰ ਕੈ ਕੁਰਬਾਨਾ ॥ ਨਿਰਭਉ ਭਏ ਖਸਮ ਰੰਗਿ ਰਾਤੇ ਜਮ ਕੀ ਤ੍ਰਾਸ ਬੁਝਾਏ ॥
ਨਾਨਕ ਦਾਸੁ ਸਦਾ ਸੰਗਿ ਸੇਵਕੁ ਤੇਰੀ ਭਗਤਿ ਕਰੰਉ ਲਿਵ ਲਾਏ ॥ ੩ ॥[੫੭੭]-ਛੰਤ-੧

੭੪- ਮਨਿ ਆਨੰਦੁ ਮੰਤ੍ਰੁ ਗੁਰਿ ਦੀਆ ॥ **ਤ੍ਰਿਸਨ ਬੁਝੀ** ਮਨੁ ਨਿਹਚਲੁ ਥੀਆ ॥ ੩ ॥ [੩੮੭]-੧੪-੬੫

੭੫- ਗੁਰ ਤੇ ਸਾਂਤਿ ਊਪਜੈ ਜਿਨਿ **ਤ੍ਰਿਸਨਾ ਅਗਨਿ ਬੁਝਾਈ** ॥
ਗੁਰ ਤੇ ਨਾਮੁ ਪਾਈਐ ਵਡੀ ਵਡਿਆਈ ॥ ੧ ॥[੪੨੪]-੪-੨੬

੭੬- ਸਤਿਗੁਰਿ ਨਾਮੁ ਬੁਝਾਇਆ ਵਿਣੁ ਨਾਵੈ ਭੁਖ ਨ ਜਾਈ ॥
**ਨਾਮੇ ਤ੍ਰਿਸਨਾ ਅਗਨਿ ਬੁਝੈ** ਨਾਮੁ ਮਿਲੈ ਤਿਸੈ ਰਜਾਈ ॥ ੧ ॥ [੪੨੩]-੩-੨੫

੭੭- ਕਾਮੁ ਕ੍ਰੋਧੁ ਮਾਇਆ ਲੈ ਜਾਰੀ, **ਤ੍ਰਿਸਨਾ ਗਾਗਰਿ ਫੂਟੀ** ॥
ਕਾਮ ਚੋਲਨਾ ਭਇਆ ਹੈ ਪੁਰਾਨਾ, ਗਇਆ ਭਰਮੁ, ਸਭੁ ਛੂਟੀ ॥ ੨ ॥ [੪੮੩]-੬-੨੮

**ਅਰਥ:**--(ਪ੍ਰਭੂ ਦੀ ਕਿਰਪਾ ਨਾਲ) ਮੈਂ ਕਾਮ ਕ੍ਰੋਧ ਅਤੇ ਮਾਇਆ ਦੇ ਪ੍ਰਭਾਵ ਨੂੰ ਸਾੜ ਦਿੱਤਾ ਹੈ, (ਮੇਰੇ ਅੰਦਰੋਂ ਹੁਣ) ਤ੍ਰਿਨਾ ਦੀ ਮਟਕੀ ਵੀ ਟੁੱਟ (-ਭੱਜ) ਗਈ ਹੈ, ਮੇਰਾ ਕਾਮ ਦਾ ਕੋਝਾ ਚੋਲਾ ਪੁਰਾਣਾ ਹੋ ਗਿਆ ਹੈ, ਭਟਕਣਾ ਮੁੱਕ ਗਈ ਹੈ । (ਮੁੱਕਦੀ ਗੱਲ) ਸਾਰੀ (ਮਇਆ ਦੀ) ਖੇਡ ਹੀ) ਖ਼ਤਮ ਹੋ ਗਈ ਹੈ । ।

੭੮- ਚਰਨ ਕਮਲ ਸਿਉ ਜਾ ਕਾ ਮਨੁ ਲੀਨਾ ਸੇ ਜਨ **ਤ੍ਰਿਪਤਿ ਅਘਾਈ** ॥
ਗੁਣ ਅਮੋਲ ਜਿਸੁ ਰਿਦੈ ਨ ਵਸਿਆ ਤੇ ਨਰ **ਤ੍ਰਿਸਨ ਤ੍ਰਿਖਾਈ** ॥ ੧ ॥ [੬੧੨]-੪-੧੫

੭੯- ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥ ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ ॥
ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ ॥ ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ ॥

**ਸਤਿਗੁਰਿ ਸੇਵਿਐ ਸੁਖੁ ਪਾਇਆ ਸਚੈ ਸਬਦਿ ਵੀਚਾਰਿ ॥ ਅੰਦਰਹੁ ਤ੍ਰਿਸਨਾ ਭੁਖ ਗਈ ਸਚੈ ਨਾਇ ਪਿਆਰਿ ॥ ਨਾਨਕ ਨਾਮਿ ਰਤੇ ਸਹਜੇ ਰਜੇ ਜਿਨਾ ਹਰਿ ਰਖਿਆ ਉਰਿਧਾਰਿ ॥ ੧ ॥** [੬੪੭]-ਵਾ-੧੩

[ਏਹੀ ਗੁਰੂ ਸ਼ਬਦ--ਨੌਵੇਂ ਭਾਗ ਦੇ ਧਾਰਮਿਕ ਆਗੂ ਅਤੇ ਸਿਆਸਤਦਾਨ ਲੇਖ ਵਿਚ ਅਰਥਾਂ ਸਮੇਤ ਹੈ ]

੮੦- **ਜਾਪ ਤਾਪ ਭਗਤਿ ਸਾ ਪੂਰੀ ਜੋ ਪ੍ਰਭ ਕੈ ਮਨਿ ਭਾਈ ॥**
**ਨਾਮੁ ਜਪਤ ਤ੍ਰਿਸਨਾ ਸਭ ਬੁਝੀ ਹੈ ਨਾਨਕ ਤ੍ਰਿਪਤਿ ਅਘਾਈ ॥ ੪ ॥** [੬੭੩]-੧੦

**ਅਰਥ:**--ਹੇ ਨਾਨਕ ! ਉਹੀ ਜਾਪ ਤਾਪ ਉਹੀ ਭਗਤੀ ਸਿਰੇ ਚੜ੍ਹੀ ਜਾਣੋ ਜਿਹੜੀ ਪਰਮਾਤਮਾ ਨੂੰ ਪਸੰਦ ਆ ਜਾਵੇ ।ਪ੍ਰਭੂ ਦਾ ਨਾਮ ਦਾ ਸਿਮਰਨ (ਪ੍ਰਭੂ ਦੀ ਸਦੀਵੀ ਯਾਦ ਤੋਂ) ਸਾਰੀ ਤ੍ਰਿਸ਼ਨਮਾ ਮੁੱਕ ਜਾਂਦੀ ਹੈ । (ਮਾਇਕ ਪਦਾਰਥਾਂ ਦੀ ਭੁੱਖ ਵਲੋਂ) ਪੂਰੇ ਤੌਰ ਤੇ ਰੱਜ ਜਾਈਦਾ ਹੈ । ੪ ।

੮੧- **ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥**
**ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥ ੧ ॥ ਰਹਾਉ ॥**[੬੮੨]-੨੦-੫੧

**ਅਰਥ**:--ਪਰਮਾਤਮਾ ਦੀ ਯਾਦ ਵਿਚ ਮਨ ਜੋੜਿਆਂ (ਮਾਇਆ ਜੋੜ ਲਈ ਉਪਜੀ) ਤ੍ਰੇਹ ਬੁੱਝ ਜਾਂਦੀ ਹੈ । ਗੁਰੂ ਦੀ ਬਾਣੀ ਦਾ ਆਸਰਾ ਲਿਆਂ (ਮਨ ਵਿਚ) ਬੜਾ ਸੰਤੋਖ ਪੈਦਾ ਹੋ ਜਾਂਦਾ ਹੈ । ਅਤੇ ਪਰਮਾਤਮਾ ਦੇ ਚਰਨਾਂ ਵਿਚ ਪੂਰੇ ਤੌਰ ਦੀ ਸੁਰਤ ਜੋੜੀ ਜਾ ਸਕਦੀ ਹੈ । ੧ । ਰਹਾਉ ।

੮੨- ਨਹ ਤ੍ਰਿਪਤਾਨੋ ਰਾਜ ਜੋਬਨਿ ਧਨਿ, ਬਹੁਰਿ ਬਹੁਰਿ ਫਿਰਿ ਧਾਇਆ ॥
**ਸੁਖੁ ਪਾਇਆ ਤ੍ਰਿਸਨਾ ਸਭ ਬੁਝੀ ਹੈ ਸਾਂਤਿ ਪਾਈ ਗੁਨ ਗਾਇਆ ॥ ੧ ॥** [੧੩੦੦]-੧੦

੮੩- **ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥**
**ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥ ੨ ॥** [੧੧੯੬]-੩-੩

## ੧੨

## ਤ੍ਰਿਸ਼ਨਾ ਗੁਣ ?

ਕਾਮ ਕ੍ਰੋਧ ਆਦਿ ਪੰਜ ਵਿਕਾਰਾਂ ਵਾਂਗ ਤ੍ਰਿਸ਼ਨਾ ਵੀ ਮਨੁੱਖ ਨੇ ਆਪ ਨਹੀਂ ਬਣਾਈ । ਪ੍ਰਭੂ ਦੀ ਇਹ ਕਿਰਤ ਵੀ ਵਡਾ ਗੁਣ ਹੀ ਹੈ । ਕੇਵਲ ਵੀ ਸੇਧ ਤੇ ਤੁਰਨ ਦੀ ਹੀ ਲੋੜ ਹੈ । ਮਾਇਆ ਦੀ ਤ੍ਰਿਸ਼ਨਾਂ ਮਨੁੱਖ ਦੇ ਆਤਮਕ ਜੀਵਨ ਨੂੰ ਸਾੜ ਕੇ ਸੁਆਹ ਕਰ ਦੇਣ ਵਾਲੀ ਅੱਗ ਹੈ ਪਰ ਜੇ ਏਹੀ ਤ੍ਰਿਸ਼ਨਾ, ਤ੍ਰਿਖਾ, ਤ੍ਰਿਹ, ਪਿਆਸ, ਪ੍ਰਭੂ ਦੇ ਨਾਮ ਦੀ ਪ੍ਰਾਪਤੀ ਦੀ ਲੱਗ ਜਾਵੇ ਜਾਂ ਅਕਾਲ ਪੁਰਖ ਦੇ ਦਰਸ਼ਨਾਂ ਦੀ ਤ੍ਰਿਸ਼ਨਾ ਅਥਵਾ ਭੁਖ-ਪਿਆਸ ਲੱਗ ਜਾਵੇ ਤਾਂ ਮਨੁੱਖ ਦੀ ਆਤਮਕ ਅਵਸਥਾ ਉੱਚੀ ਹੋ ਕੇ ਮਨ ਸਹਿਜ-ਆਸਣੀ ਹੋ ਜਾਂਦਾ ਹੈ । ਆਤਮਾ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ। ਇਸ ਲਈ ਖ਼ਸਮ-ਪ੍ਰਭੂ ਦੀ ਬਣਾਈ ਤ੍ਰਿਸ਼ਨਾ ਵੀ ਮਨੁੱਖ ਲਈ ਬੜੀ ਗੁਣਕਾਰੀ ਹੈ । ਸਾਡੇ ਤੇ ਉਹ ਸੁਲੱਖਣੀ ਘੜੀ ਕਦੋਂ ਆਵੇਗੀ ਜਦੋਂ ਅਸੀਂ ਹਿਰਦੇ ਤੋਂ ਇਹ ਪੁਕਾਰਾਂ ਕਰਨ ਜੋਗੇ ਬਣ ਜਾਵਾਂਗੇ---

੮੪- **ਮੇਰਾ ਮਨ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥**

**ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥ ੧ ॥**[੯੬]-੧

੮੫- **ਪ੍ਰਿਉ ਪ੍ਰਿਉ ਕਰਤੀ ਸਭੁ ਜਗੁ ਫਿਰੀ ਮੇਰੀ ਪਿਆਸੁ ਨ ਜਾਇ ॥**
**ਨਾਨਕ ਸਤਿਗੁਰਿ ਮਿਲਿਐ ਮੇਰੀ ਪਿਆਸ ਗਈ ਪਿਰੁ ਪਾਇਆ ਘਰਿ ਆਇ ॥ ੨ ॥** [੫੫੩]-ਵਾ-੧੩

**ਅਰਥ**:--" ਪਿਆਰਾ ਪਿਆਰਾ " ਕੂਕਦੀ ਮੈਂ ਸਾਰਾ ਸੰਸਾਰ ਫਿਰੀ, ਪਰ (ਪਿਰ-ਦਰਸ਼ਨਾਂ ਦੀ) ਮੇਰੀ ਪਿਆਸ (ਕਿਤੋਂ) ਦੂਰ ਨਹੀਂ ਸੀ ਹੋਈ, (ਗੁਰਦੇਵ ਜੀ ਦਾ ਫ਼ੁਰਮਾਨ--) ਸਤਿਗੁਰੂ (ਗ੍ਰੰਥ ਸਾਹਿਬ ਜੀ ਨੂੰ) ਮਿਲਿਆਂ ਮੇਰੀ ਪਿਆਸ ਦੂਰ ਹੋ ਗਈ ਹੈ, ਘਰ ਵਿਚ ਆ ਕੇ ਪਿਆਰਾ ਪਤੀ ਲੱਭ ਲਿਆ ਹੈ (ਭਾਵ, ਗੁਰੂ-ਸ਼ਬਦ ਵਿਚਾਰ ਅਨੁਸਾਰ ਤੁਰਨ ਤੇ ਜਦ ਆਪੇ ਦੀ ਪਛਾਣ ਆਈ ਤਾਂ ਹਿਰਦੇ ਘਰ ਵਿਚੋਂ ਹੀ ਪਿਆਰੇ ਪ੍ਰਭੂ ਦੇ ਦਰਸਨ ਹੋ ਗਏ) ।੨।

ਨਾਮ ਦੀ ਇਹ ਪਿਆਸ ਬੁਝਾਉਣ ਵਾਲਾ ਨਾਮ ਸਰੋਵਰ ਹੈ ਅੰਦਰੇ ਹੀ ਪਰ ਇਸ ਦਾ ਸਾਨੂੰ ਪਤਾ ਕਿਸ ਕਾਰਨ ਨਹੀਂ ਲੱਗਦਾ ? :---

੮੬- **ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆਂ ਨਾਲਿ ॥**
**ਤਿਖਾ ਤਿਹਾਇਆ ਕਿਉ ਲਹੈ ਜਾ ਸਰ ਭੀਤਰਿ ਪਾਲਿ ॥ ੩ ॥** [੫੫੭]-੧

**ਅਰਥ**:--ਹੇ ਪ੍ਰਭੂ ! ਤੂੰ ਸਭ ਜੀਵਾਂ ਦੇ ਅੰਗ ਸੰਗ ਵੱਸਦਾ ਹੈਂ, ਪਰ ਤੂੰ ਮੈਨੂੰ ਨਹੀਂ ਦਿੱਸਦਾ । (ਜੀਵ ਦੀ ਇਹ ਕਿੰਨੀ ਅਭਾਗਤਾ ਹੈ ਕਿ ਉਸ ਦੇ ਆਪਣੇ ਅੰਦਰ ਹੀ ਪਾਣੀ ਦਾ ਸਰੋਵਰ ਹੋਵੇ ਤੇ ਉਹ ਪਿਆਸਾ ਤੜਫਦਾ ਫਿਰੇ ! ਪਰ) ਤ੍ਰੇਹ ਨਾਲ ਤੜਫ ਰਹੇ ਨੂੰ (ਪਾਣੀ) ਲੱਭੇ ਵੀ ਕਿਵੇਂ, ਜਦੋਂ ਉਸ ਦੇ ਅਤੇ (ਉਸ ਦੇ ਅੰਦਰਲੇ) ਸਰੋਵਰ ਦੇ ਵਿਚਕਾਰ ਕੰਧ ਬਣੀ ਹੋਵੇ ? (ਮਾਇਆ ਦੇ ਮੋਹ ਦੀ ਬਣੀ ਕੰਧ ਅੰਮ੍ਰਿਤ-ਸਰੋਵਰ ਵਿਚੋਂ ਨਾਮ-ਜਲ ਤਕ ਪਹੁੰਚਣ ਨਹੀਂ ਦਿੰਦੀ) । ੩ ।

੮੭- **ਐਸੀ ਕਉਨ ਬਿਧੇ ਦਰਸਨ ਪਰਸਨਾ ॥ ੧ ॥ ਰਹਾਉ ॥ ਆਸ ਪਿਆਸ ਸਫਲ ਮੂਰਤਿ ਉਮਗਿ ਹੀਉ ਤਰਸਨਾ ॥ ੧ ॥ ਦੀਨ ਲੀਨ ਪਿਆਸ ਮੀਨ ਸੰਤਨਾ ਹਰਿ ਸੰਤਨਾ ॥ ਹਰਿ ਸੰਤਨਾ ਕੀ ਰੇਨ ॥ ਹੀਉ ਅਰਪਿ ਦੇਨ ॥ ਪ੍ਰਭ ਭਏ ਹੈ ਕਿਰਪੇਨ ॥ ਮਾਨੁ ਮੋਹੁ ਤਿਆਗਿ ਛੋਡਿਓ ਤਉ ਨਾਨਕ ਹਰਿ ਜੀਉ ਭੇਟਨਾ ॥ ੨ ॥** [੧੩੦੫]-੨-੩੫

**ਅਰਥ**:--ਏਹੋ ਜਿਹਾ ਕਿਹੜਾ ਤਰੀਕਾ ਹੈ ਜਿਸ ਨਾਲ ਪ੍ਰਭੂ ਦਾ ਦਰਸ਼ਨ (ਹੋ ਜਾਏ, ਪ੍ਰਭੂ ਦੇ ਚਰਨਾਂ ਦੀ) ਛੁਹ ਮਿਲ ਜਾਏ ? **੧ । ਰਹਾਉ ।** ਸਭ ਜੀਵਾਂ ਨੂੰ ਮਨ-ਮੰਗੀਆਂ ਮੁਰਾਦਾਂ ਦੇਣ ਵਾਲੇ ਪ੍ਰਭੂ ਦੇ ਦਰਸ਼ਨ ਦੀ ਮੇਰੇ ਮਨ ਵਿਚ ਆਸ ਹੈ ਪਿਆਸ ਹੈ (ਤਾਂਘ ਅਤੇ ਉਡੀਕ ਹੈ) । ਉਮੰਗ ਵਿਚ ਮੇਰਾ ਹਿਰਦਾ (ਦਰਸ਼ਨ ਨੂੰ) ਤਰਸ ਰਿਹਾ ਹੈ **। ੧ ।** (ਉੱਤਰ-) ਜੇ

ਨਿਮਾਣੀ ਹੋ ਕੇ ਸੰਤ (ਗੁਰੂ ਗ੍ਰੰਥ ਸਾਹਿਬ ਜੀ) ਦੇ ਚਰਨਾਂ ਤੇ ਢਹਿ ਪਈਏ (ਜੇ ਪ੍ਰਭੂ ਦੇ ਦਰਸ਼ਨ ਦੀ ਏਨੀ ਪਿਆਸ (-ਤਾਂਘ ਹੋਵੇ ਜਿਵੇਂ) ਮੱਛੀ ਨੂੰ (ਪਾਣੀ ਦੀ ਪਿਆਸ ਹੁੰਦੀ ਹੈ, ਜੇ ਸੰਤ ਜਨਾਂ (-ਗੁਰਮੁਖਾਂ) ਦੇ ਚਰਨਾਂ ਦੀ ਧੂੜ ਦੀ ਖ਼ਾਤਰ ਆਪਣਾ ਹਿਰਦਾ ਭੇਟ ਕਰ ਦੇਈਏ, ਤਾਂ, ਹੇ ਭਾਈ ! ਪ੍ਰਭੂ ਦਇਆਵਾਨ ਹੁੰਦਾ ਹੈ । ਹੇ ਨਾਨਕ ! (ਜਦੋਂ ਕਿਸੇ ਨੇ ਆਪਣੇ ਅੰਦਰੋਂ) ਹੰਕਾਰ ਅਤੇ ਮੋਹ ਤਿਆਗ ਦਿੱਤਾ, ਤਾਂ (ਉਸ ਨੂੰ) ਪ੍ਰਭੂ ਜੀ ਮਿਲ ਪੈਂਦੇ ਹਨ । ੨ ।

ਤ੍ਰਿਸ਼ਨਾ ਨਾਲ ਸੰਬੰਧਤ ਕੁਝ ਹੋਰ ਗੁਰੂ ਸ਼ਬਦਾਂ ਦੀ ਸੂਚ ਨਾ ਲਿਖੀ ਜਾਣ ਦਾ ਕਾਰਨ ਅਰੰਭ ਵਿਚ ਲਿਖਿਆ ਹੋਇਆ ਹੈ।

੧੩

## **ਸੰਤੋਖ** ਅਥਵਾ **ਸਬਰ**

ਲੋਭ ਦਾ ਤਿਆਗ ਦਾ ਸੰਤੋਖ ਹੈ ਮਨ ਦੀ ਤ੍ਰਿਪਤੀ ਦਾ ਦੂਜਾ ਨਾ ਸੰਤੋਖ ਹੈ । ਮਨ ਦੀ ਭਟਕਣਾ ਦਾ ਮੁੱਕ ਜਾਣਾ ਸੰਤੋਖ ਹੈ । ਸੰਤੋਖ ਹੀ ਸਹਿਜ ਅਵਸਥਾ ਹੈ । ਸੰਤੋਖ ਦੀ ਮਹੱਤਤਾ ਜਪੁ ਬਾਣੀ ਤੋਂ ਹੀ ਸਮਝ ਵਿਚ ਆਉਣੀ ਅਰੰਭ ਹੋ ਜਾਂਦੀ ਹੈ--

੮੮- **ਸੁਣਿਐ, ਸਤੁ ਸੰਤੋਖੁ ਗਿਆਨੁ ॥ ਸੁਣਿਐ, ਅਠਸਠਿ ਕਾ ਇਸਨਾਨੁ ॥... ੧੦ ॥** [੩]-ਜਪੁ

**ਅਰਥ:**--ਰੱਬ ਦੇ ਨਾਮ ਵਿਚ ਜੁੜਨ ਨਾਲ (ਹਿਰਦੇ ਵਿਚ ਲੋੜਵੰਦਾਂ ਨਿਆਸਰਿਆਂ ਦੀ ਸਹਾਇਤਾ ਲਈ) ਦਾਨ (ਦੇਣ ਦਾ ਸੁਭਾਉ), **ਸੰਤੋਖ ਤੇ** (ਪ੍ਰਭੂ ਨਾਲ ਸਾਂਝ ਦਾ) ਪ੍ਰਕਾਸ਼ ਪਰਗਟ ਹੋ ਜਾਂਦਾ ਹੈ, ਮਾਨੋ ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ (ਭਾਵ, ਭਰਮ-ਜਾਲ ਵਿਚ ਫਸਾਉਣ ਵਾਲੀ ਬਿੱਪ੍ਰੀ ਸੋਚ ਦੀ ਉਪਜ ਅਠਾਹਠ ਤੀਰਥਾਂ ਦੇ ਇਸ਼ਨਾਨ, ਪ੍ਰਭੂ ਦਾ ਨਾਮ ਸਿਮਰਨ ਵਿਚ ਹੀ ਆ ਜਾਂਦੇ ਹਨ) ।

੮੯- **ਧੌਲੁ ਧਰਮੁ, ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥.... ੧੬ ॥** [੩]-ਜਪੁ

**ਅਰਥ:**--(ਅਕਾਲਪੁਰਖ ਦਾ) ਧਰਮ-ਰੂਪੀ ਬੱਝਵਾਂ ਨੀਯਮ ਅਥਵਾ ਹੁਕਮ ਹੀ ਬਲਦ ਹੈ (ਜਿਸ ਨੇ ਸ੍ਰਿਸ਼ਟੀ ਥੰਮੀ ਹੋਈ ਹੈ) । (ਇਹ ਧਰਮ) ਦਇਆ ਦਾ ਪੁੱਤਰ ਹੈ (ਭਾਵ, ਅਕਾਲਪੁਰਖ ਨੇ ਆਪਣੀ ਮਿਹਰ ਕਰ ਕੇ ਸ੍ਰਿਸ਼ਟੀ ਟਿਕਾ ਰੱਖਣ ਲਈ ਧਰਮ-ਰੂਪ ਨੀਯਮ ਬਣਾਇਆ ਹੈ) । ਇਸ ਧਰਮ ਨੇ ਆਪਣੀ ਮਰਯਾਦਾ ਅਨੁਸਾਰ ਸੰਤੋਖ ਨੂੰ ਜਨਮ ਦੇ ਦਿੱਤਾ ।

ਸ੍ਰਿਸ਼ਟੀ ਦੀ ਕਾਰ (ਧਰਤੀ ਚੰਦ, ਸੂਰਜ ਸਾਰੇ ਗ੍ਰਿਹ ਨਿਛੱਤ੍ਰ ਇੱਕ ਰਸ ਅਡੋਲ ਸੇਵਾ ਨਿਭਾ ਰਹੇ ਹਨ ਮਾਨੋ ਸੰਤੋਖ ਵਿਚ ਹਨ । ਪ੍ਰਭੂ ਦੇ ਹੁਕਮ ਵਿਚ ਬੱਝਵੇ ਸਮੇਂ ਦੀ ਇੱਕ ਸਾਰ ਚਾਲ ਨਾਲ ਆਪਣਾ ਆਪਣਾ ਕੰਮ ਨਿਭਾ ਰਹੀ ਇਹ ਸਾਰੀ ਸਿਰਜਣਾ ਮਨੁੱਖ ਨੂੰ ਸੁਨੇਹਾ ਦੇ ਰਹੀ ਹੈ ਕਿ ਉਹ ਵੀ ਭਟਕਣਾ ਛੱਡ ਕੇ ਪ੍ਰਭੂ ਦੇ ਹੁਕਮ ਵਿਚ, ਉਸ ਦੇ ਭਾਣੇ ਵਿਚ ਰਹਿਣਾ ਸਿੱਖੇ ਅਤੇ **ਸਬਰ ਸੰਤੋਖ** ਵਿਚ ਟਿਕਿਆ ਰਹਿ ਕੇ ਜ਼ਿੰਦਗੀ ਦਾ ਆਨੰਦ ਮਾਣੇ । ਏਸੇ ਤਰ੍ਹਾਂ ਗ੍ਰਿਹਸਤੀਆਂ ਦੀ ਲਹੂ ਪਸੀਨੇ ਦੀ ਕਮਾਈ ਠੱਗ ਖਾਣ ਵਾਲੇ ਕੰਨ ਪਾਟੇ ਜੋਗੀ-ਧਰਮ-ਆਗੂ ਨੂੰ, ਸਬਰ **ਸੰਤੋਖ ਵਿਚ ਰਹਿ ਕੇ ਮਨ ਨੂੰ** ਜਿੱਤਣ ਦਾ ਉਪਦੇਸ਼ ਦਿੰਦਿਆਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਫ਼ੁਰਮਾਨ ਕਰਦੇ ਹਨ---

੯੦- **ਮੁੰਦਾ ਸੰਤੋਖੁ, ਸਰਮੁ ਪਤੁ ਝੋਲੀ, ਧਿਆਨ ਕੀ ਕਰਹਿ ਬਿਭੂਤਿ ॥ ਖਿੰਥਾ ਕਾਲੁ, ਕੁਆਰੀ**
**ਕਾਇਆ ਜੁਗਤਿ, ਡੰਡਾ ਪਰਤੀਤਿ॥ ਆਈ ਪੰਥੀ , ਸਗਲ ਜਮਾਤੀ, ਮਨਿ ਜੀਤੈ ਜਗੁ ਜੀਤੁ ॥... ੨੮ ॥**[੬]-ਜਪੁ

[ਇਸ ਪੂਰੀ ਪਾਵਨ ਪਉੜੀ ਦੀ ਸਵਿਸਥਾਰ ਵਿਚਾਰ ਸਤਵੇਂ ਭਾਗ ਦੇ ਸਤਵੇਂ ਕਾਂਡ ਦੇ ੩੨ਵੇਂ ਲੇਖ ਵਿਚ ੧੪੪ ਨੰਬਰ ਤੇ ਲਿਖੀ ਹੋਈ ਹੈ]

੯੧- **ਅਸੁ ਪਵਨ ਹਸਤਿ ਅਸਵਾਰੀ ॥ ਚੋਆ ਚੰਦਨ ਸੇਜ ਸੁੰਦਰਿ ਨਾਰੀ ॥**
**ਨਟ ਨਾਟਿਕ ਆਖਾਰੇ ਗਾਇਆ ॥ ਤਾ ਮਹਿ ਮਨਿ ਸੰਤੋਖੁ ਨ ਪਾਇਆ ॥ ੨ ॥** [੧੭੯]-੧੨-੮੧

**ਅਰਥ:**--ਹਾਥੀਆਂ ਦੀ ਅਤੇ ਹਵਾ ਵਰਗੇ ਤੇਜ਼-ਚਾਲ ਘੋੜਿਆਂ ਦੀ ਦੀ ਸਵਾਰੀ, (ਕਈਆਂ ਨੇ ਕਰ ਵੇਖੀ ਹੈ) (ਬੜੀਆਂ) ਸੁੰਦਰ ਇਸਤ੍ਰੀਆਂ ਦੀ ਸੇਜ (ਮਾਣ ਵੇਖੀ ਹੈ) ਹੈ, ਮੈ ਰੰਗ-ਭੂਮੀ ਵਿਚ ਨਟਾਂ ਦੇ ਨਾਟਕ ਵੇਖੇ ਹਨ, ਤੇ ਉਨ੍ਹਾਂ ਦੇ ਗਾਏ ਹੋਏ ਗੀਤ (ਵੀ) ਸੁਣੇ ਹਨ । ਇਨ੍ਹਾਂ (ਸਭ ਤਮਾਸ਼ਿਆਂ) ਵਿਚ ਰੁਝ ਜੇ ਵੀ (ਕਿਸੇ ਦੇ) ਮਨ ਨੇ ਸ਼ਾਂਤੀ ਪ੍ਰਾਪਤ ਨਹੀਂ ਕੀਤੀ । ੨ ।

੯੨- **ਗੁਰ ਬਚਨੀ ਸਮਸਰਿ ਸੁਖ ਦੂਖ ॥ ਕਦੇ ਨ ਬਿਆਪੈ ਤ੍ਰਿਸਨਾ ਭੂਖ ॥**
**ਮਨਿ ਸੰਤੋਖੁ ਸਬਦਿ ਗੁਰ ਰਾਜੇ ॥ ਜਪਿ ਗੋਬਿੰਦੁ ਪੜਦੇ ਸਭਿ ਕਾਜੇ ॥ ੩ ॥** [੮੯੭]-੩੬-੪੭

**ਅਰਥ:**--ਗੁਰੂ ਦੇ ਬਚਨਾਂ ਦੁਆਰਾ (ਸਾਰੇ) ਸੁਖ ਦੁਖ ਇਕੋ ਜਿਹੇ ਜਾਪਣ ਲੱਗ ਪੈਂਦੇ ਹਨ, ਮਾਇਆ ਦੀ ਤ੍ਰਿਸ਼ਨਾ ਭੁੱਖ ਕਦੇ ਜ਼ੋਰ ਨਹੀਂ ਪਾ ਸਕਦੀ । ਗੁਰੂ ਦੇ ਸ਼ਬਦ ਰਾਹੀਂ ਮਨ ਵਿਚ ਸੰਤੋਖ ਪੈਦਾ ਹੋ ਜਾਂਦਾ ਹੈ, (ਮਨ) ਰੱਜ ਜਾਂਦਾ ਹੈ । ਪਰਮਾਤਮਾ ਦਾ ਨਾਮ ਜਪ ਕੇ ਸਾਰੇ ਪੜਦੇ ਕੱਜੇ ਜਾਂਦੇ ਹਨ (ਲੋਕ ਪਰਲੋਕ ਵਿਚ ਇਜ਼ੱਤ ਬਣ ਜਾਂਦੀ ਹੈ । ੩ ।

੯੩- **ਅਖੀ ਸੰਤੋਖੀਆ ਏਕ ਲਿਵ ਲਾਇ ॥ ਮਨ ਸੰਤੋਖਿਆ ਦੂਜਾ ਭਾਉ ਗਵਾਇ ॥ ੨ ॥** [੬੦]-੭

੯੪- **ਪਾਰਜਾਤੁ ਲੋੜਹਿ ਮਨ ਪਿਆਰੇ ॥ ਕਾਮਧੇਨੁ ਸੋਹੀ ਦਰਬਾਰੇ ॥**
**ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ ਨਾਮੁ ਕਮਾਇ ਰਸਾਇਣਾ ॥ ੬ ॥** [੧੦੭੮]-੨-੭

**ਅਰਥ:**--ਹੇ ਪਿਆਰੇ ਮਨ ! ਜੇ ਤੂੰ (ਸੁਰਗ ਦਾ) ਪਾਰਜਾਤ (-ਰੁੱਖ) ਪ੍ਰਾਪਤ ਕਰਨਾ ਚਾਹੁੰਦਾ ਹੈਂ, ਜੇ ਤੂੰ ਚਾਹੁੰਦਾ ਹੈਂ ਕਿ ਕਾਮਧੇਨ (ਗਊ) ਤੇਰੇ ਬੂਹੇ ਤੇ ਸੋਭ ਰਹੀ ਹੋਵੇ, ਤਾਂ ਪੂਰੇ ਗੁਰ ਦੀ ਸਰਨ ਪਿਆ ਰਹੁ, ਗੁਰੂ **ਪਾਸੋਂ ਪੂਰਨ ਸੰਤੋਖ ਪ੍ਰਾਪਤ ਕਰ,** (ਗੁਰੂ ਦੇ ਰਾਹੇ ਤੁਰ ਕੇ) ਨਾਮ-ਸਿਮਰਨ ਦੀ ਕਮਾਈ ਕਰ, ਹਰਿ-ਨਾਮ ਹੀ ਸਾਰੇ ਰਸਾਂ ਦਾ ਸੋਮਾ ਹੈ ।੬।

੯੫- **ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥**
**ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥ ੩ ॥** [੫੧]-੨੫-੯੫

**ਅਰਥ:**--ਜਿਸ (ਭਾਗਾਂ ਵਾਲੇ ਮਨੁੱਖ) ਨੂੰ ਨਿਰੰਕਾਰ ਪ੍ਰਭੂ (ਆਪਣੇ ਨਾਮ ਦੀ ਦਾਤ) ਬਖ਼ਸ਼ਦਾ ਹੈ ਉਸ ਦੀ (ਸੱਭ ਤੋਂ) ਸ੍ਰੇਸ਼ਟ ਕਰਨੀ ਇਹ ਬਣ ਜਾਂਦੀ ਹੈ ਕਿ ਉਹ ਆਪਾ ਭਾਵ ਗੁਆ ਕੇ ,ਆਪਣੇ ਆਪ ਨੂੰ ਸਾਰਿਆਂ ਦੇ ਚਰਨਾਂ ਦੀ ਧੂੜ ਸਮਝਣ ਲੱਗ ਪੈਂਦਾ ਹੈ ਅਤੇ ਸਦਾ ਸੇਵਾ ਸੰਤੋਖ ਤੇ (ਗ਼ਰੀਬਾਂ, ਨਿਤਾਣਿਆਂ, ਲੋੜਵੰਦਾਂ, ਦੁਖੀਆਂ ਪ੍ਰਤੀ) ਦਇਆ (ਦੀ ਕਮਾਈ) ਕਮਾਉਂਦਾ ਹੈ । ੩ ।

੯੬- **ਪ੍ਰਭੁ ਅਪੁਨਾ ਰਿਦੈ ਧਿਆਏ ॥ ਘਰਿ ਸਹੀ ਸਲਾਮਤਿ ਆਏ ॥**
**ਸੰਤੋਖੁ ਭਇਆ ਸੰਸਾਰੇ ॥ ਗੁਰਿ ਪੂਰੇ ਲੈ ਤਾਰੇ ॥ ੧ ॥** [੬੨੯]-੨੧-੮੫

੯੭- **ਮਨੂਆ ਪਉਣੁ ਬਿੰਦੁ ਸੁਖਵਾਸੀ ਨਾਮਿ ਵਸੈ ਸੁਖ ਭਾਈ ॥ ਜਿਹਬਾ ਨੇਤ੍ਰ ਸੋਤ੍ਰ ਸਚਿ ਰਾਤੇ ਜਲਿ ਬੂਝੀ ਤੁਝਹਿ ਬੁਝਾਈ ॥ ਆਸ ਨਿਰਾਸ ਰਹੈ ਬੈਰਾਗੀ ਨਿਜ ਘਰਿ ਤਾੜੀ ਲਾਈ ॥ ਭਿਖਿਆ ਨਾਮਿ ਰਜੇ ਸੰਤੋਖੀ ਅੰਮ੍ਰਿਤੁ ਸਹਜਿ ਪੀਆਈ ॥ ੩ ॥** [੬੩੪]-੧

**ਅਰਥ:**--(ਜਿਸ ਮਨੁੱਖ ਦਾ) ਚੰਚਲ ਮਨ ਰਤਾ ਭਰ ਵੀ ਆਤਮਕ ਆਨੰਦ ਵਿਚ ਨਿਵਾਸ ਦੇਣ ਵਾਲੇ ਨਾਮ ਵਿੱਚ (ਆ) ਵੱਸਦਾ ਹੈ (ਉਹ ਮਨੁੱਖ ਅਸਲ ਬੈਰਾਗੀ ਹੈ, ਤੇ ਉਹ ਬੈਰਾਗੀ) ਆਤਮਕ ਆਨੰਦ (ਮਾਣਦਾ ਹੈ)। ਹੇ ਪ੍ਰਭੂ ! ਤੂੰ ਆਪ (ਉਸ ਬੈਰਾਗੀ ਨੂੰ ਜੀਵਨ ਦੇ ਸਹੀ ਰਸਤੇ ਦੀ) ਸਮਝ ਦਿੱਤੀ ਹੈ, (ਜਿਸ ਦੀ ਬਰਕਤਿ ਨਾਲ ਉਸ ਦੀ ਤ੍ਰਿਸ਼ਨਾ-) ਅੱਗ ਬੁਝ ਗਈ ਹੈ, ਤੇ ਉਸ ਦੀ ਜੀਭ ਉਸ ਦੀਆਂ ਅੱਖਾਂ (ਆਦਿਕ) ਇੰਦ੍ਰੇ ਸਦਾ-ਥਿਰ (ਹਰਿ-ਨਾਮ) ਵਿਚ ਰੰਗੇ ਰਹਿੰਦੇ ਹਨ। ਉਹ ਬੈਰਾਗੀ ਦੁਨੀਆ ਦੀਆਂ ਆਸਾਂ ਤੋਂ ਨਿਰਮੋਹ ਹੋ ਕੇ ਜੀਵਨ ਬਤੀਤ ਕਰਦਾ ਹੈ, ਉਹ (ਦੁਨੀਆਂ ਵਾਲੇ ਘਰ-ਘਾਟ ਦੀ ਅਪਣਤ ਛੱਡ ਕੇ) ਉਸ ਘਰ ਵਿਚ ਸੁਰਤਿ ਜੋੜੀ ਰੱਖਦਾ ਹੈ ਜੋ ਸਚ ਮੁਚ ਉਸ ਦਾ ਆਪਣਾ ਹੀ ਰਹੇਗਾ। ਅਜੇਹੇ ਬੈਰਾਗੀ (ਗੁਰੂ-ਦਰ ਤੋਂ ਮਿਲੀ) ਨਾਮ-ਭਿੱਛਿਆ ਨਾਲ ਰੱਜੇ ਰਹਿੰਦੇ ਹਨ, ਸੰਤੋਖੀ ਰਹਿੰਦੇ ਹਨ, (ਕਿਉਂਕਿ ਉਨ੍ਹਾਂ ਨੂੰ ਗੁਰੂ ਨੇ) ਅਡੋਲ ਆਤਮਕ ਅਵਸਥਾ ਵਿਚ ਟਿਕਾ ਕੇ ਆਤਮਕ ਜੀਵਨ ਦੇਣ ਵਾਲਾ ਨਾਮ-ਰਸ ਪਿਲਾ ਦਿੱਤਾ ਹੁੰਦਾ ਹੈ। ੩।

੯੮- **ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥ ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥ ਕਮਰ ਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥ ੨ ॥ ਬਾਬਾ, ਹੋਰੁ ਪੈਨਣੁ ਖੁਸੀ ਖੁਆਰੁ ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥**[੧੬]-੭

**ਅਰਥ:**--ਪ੍ਰਭੂ-ਪ੍ਰੀਤ ਵਿਚ ਮਨ ਰੰਗਿਆ ਜਾਏ, (ਮਨੁੱਖ ਲਈ) ਇਹ ਲਾਲ (ਰੰਗ ਦੀ) ਪੁਸ਼ਾਕ (ਸਮਝਣੀ ਚਾਹੀਦੀ) ਹੈ, ਦਾਨ ਪੁੰਨ ਕਰਨਾ (ਭਾਵ, ਲੋੜਵੰਦਾਂ, ਨਿਤਾਣਿਆਂ, ਬਿਮਾਰਾਂ ਦੀ ਸੇਵਾ ਕਰਨੀ) ਇਹ ਹੋਵੇ (ਮਨੁੱਖ ਲਈ) ਚਿੱਟੀ ਪੁਸ਼ਾਕ। ਆਪਣੇ ਮਨ ਵਿਚੋਂ (ਬੇਈਮਾਨੀ, ਧਰੋਹ, ਬਚਨ ਕਰਕੇ ਖਿਸਕ ਜਾਣ ਦੀ, ਠਗੀਆਂ ਮਾਰਨ, ਕਿਸੇ ਦਾ ਮਨ ਦੁਖੀ ਕਰਨ ਆਦਿ) ਦੀ ਕਾਲਖ਼ ਕੱਟ ਦੇਣੀ, ਇਸ ਨੂੰ ਨੀਲੇ ਰੰਗ ਦਾ ਪੁਸ਼ਾਕਾ ਜਾਣੋ। ਪ੍ਰਭੂ-ਚਰਨਾਂ ਦਾ ਧਿਆਨ ਜੋੜੀ ਰੱਖਣਾ, ਇਹ ਚੋਗ਼ਾ ਹੈ। ਹੇ ਪ੍ਰਭੂ ! ਸੰਤੋਖ ਨੂੰ ਮੈਂ ਆਪਣੇ ਲੱਕ ਦਾ ਪਟਕਾ ਬਣਾਇਆ ਹੈ, ਤੇਰਾ ਨਾਮ ਹੀ ਮੇਰਾ ਧਨ ਹੈ ਮੇਰੀ ਜੁਆਨੀ ਹੈ। ੨। ਹੇ ਭਾਈ ! ਜਿਸ ਪਹਿਨਣ ਨਾਲ ਸਰੀਰ ਦੁਖੀ ਹੋਵੇ, ਤੇ ਮਨ ਵਿਚ ਵੀ ਭੈੜੇ ਖ਼ਿਆਲ ਤੁਰ ਪੈਣ, ਇਹੋ ਜੇਹਾ ਪਹਿਰਣ ਦਾ ਸ਼ੌਕ ਤੇ ਚਾਉ, ਖ਼ੁਆਰ ਕਰਦਾ ਹੈ। ੧। ਰਹਾਉ।

**ਸਬਰ**--

੯੯- **ਸਬਰੁ ਏਹੁ ਸੁਆਉ, ਜੇ ਤੂੰ ਬੰਦਾ ਦਿੜੁ ਕਰਹਿ ॥**
**ਵਧਿ ਥੀਵਹਿ ਦਰੀਆਉ, ਟੁਟਿ ਨ ਥੀਵਹਿ ਵਾਹੜਾ ॥ ੧੧੭ ॥**[੧੩੮੪]

**ਅਰਥ:**-ਹੇ ਬੰਦੇ ਇਹ ਸਬਰ ਹੀ ਜਿੰਦਗੀ ਦਾ ਅਸਲ ਨਿਸ਼ਾਨਾ ਹੈ। ਜੇ ਤੂੰ (ਸਬਰ ਨੂੰ ਹਿਰਦੇ ਵਿਚ) ਪੱਕਾ ਕਰ ਲਏਂ, ਤਾਂ ਤੂੰ ਵਧ ਕੇ ਦਰਿਆ ਹੋ ਜਾਏਂਗਾ, ਪਰ ਘਟ ਕੇ ਨਿਕਾ ਜਿਹਾ ਵਹਿਣ ਨਹੀਂ ਬਣੇਂਗਾ (ਭਾਵ, ਸਬਰ ਵਾਲਾ ਜੀਵਨ ਬਣਾਇਆਂ ਤੇਰਾ ਦਿਲ ਵਧ ਕੇ ਦਰਿਆ ਹੋ ਜਾਇਗਾ, ਤੇਰੇ ਦਿਲ ਵਿਚ ਸਾਰੇ ਜਗਤ ਵਾਸਤੇ ਪਿਆਰ ਪੈਦਾ ਹੋ ਜਾਇਗਾ, ਤੇਰੇ ਅੰਦਰ ਤੰਗ-ਦਿਲੀ ਨਹੀਂ ਰਹਿ ਜਾਇਗੀ)। ੧੧੭।

੧੦੦- **ਸਾਧੂ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥ ਅਕਥ ਕਥਾ ਵੀਚਾਰੀਐ ਜੇ ਸਤਿਗੁਰ ਨਾਹਿ ਸਮਾਇ ॥ ਪੀ ਅੰਮ੍ਰਿਤੁ ਸੰਤੋਖਿਆ ਦਰਗਹ ਪੈਧਾ ਜਾਇ ॥ ੭ ॥** [੬੨]-੧੪

**ਅਰਥ:**--ਜਿਹੜਾ ਗੁਰਮੁਖ ਮਨੁੱਖ ਗੁਰਮੁਖਾਂ ਦੀ ਸੰਗਤਿ ਵਿਚ ਮਿਲ ਬੈਠਦਾ ਹੈ, ਗੁਰੂ-ਆਸ਼ੇ ਦੇ ਅਨੁਸਾਰ ਤੁਰਿਆਂ (ਉਸ ਦੇ ਮਨ ਵਿਚ) ਸੰਤੋਖ ਆ ਵੱਸਦ ਹੈ, (ਕਿਉਂਕਿ) ਜੇ ਮਨੁੱਖ ਸਤਿਗੁਰੂ ਦੇ ਉਪਦੇਸ਼ ਵਿਚ ਲੀਨ ਰਹੇ ਤਾਂ ਬੇਅੰਤ ਗੁਣਾਂ ਵਾਲੇ ਕਰਤਾਰ ਦੀ ਸਿਫ਼ਤਿ-ਸਾਲਾਹ ਕੀਤੀ ਜਾ ਸਕਦੀ ਹੈ, ਤੇ ਸਿਫ਼ਤਿ ਸਾਲਾਹ ਰੂਪ ਅੰਮ੍ਰਿਤ ਪੀਤਿਆਂ ਮਨ ਸੰਤੋਖ ਗ੍ਰਹਣ ਕਰ ਲੈਂਦਾ ਹੈ, ਅਤੇ (ਜਗਤ ਵਿਚੋਂ) ਆਦਰ ਮਾਣ ਖੱਟ ਕੇ ਪ੍ਰਭੂ ਦੀ ਹਜ਼ੂਰੀ ਵਿਚ ਪਹੰਚਦਾ ਹੈ। ੭।

## ੧੪

# ਵਿਣੁ ਗੁਣ ਕੀਤੇ, ਭਗਤਿ ਨ ਹੋਇ ॥

ਪਿਆਰੇ ਪਾਠਕ ਜੀਓ ! ਨਿਤ ਨੇਮ ਦੀਆਂ ਬਾਣੀਆਂ ਪੜ੍ਹਦਿਆਂ, ਤੁਹਾਡਾ ਮਨ, ਸ਼ਾਇਦ ਕਿਹੜੇ ਗਗਨ-ਪਾਤਾਲ ਮੰਡਲਾਂ ਵਿਚ ਜਾ ਪ੍ਰਵੇਸ਼ ਕਰਦਾ ਹੋਵੇਗਾ ਪਰ, (ਗਿਆਨ ਦੇ ਅਪਾਰ ਭੰਡਾਰ-) ਪਾਵਨ ਪਵਿੱਤਰ ਜਪੁ (ਸਾਹਿਬ) ਬਾਣੀ ਦਾ ਪਾਠ ਕਰਦੇ ਸਮੇ, ਦਾਸ ਦੇ ਮਨ ਵਿਚ ਪ੍ਰਸ਼ਨ ਉਠਦਾ ਆ ਰਿਹਾ ਹੈ ਕਿ, ਕੀ ਅਜਹੇ ਕੋਈ ਖ਼ਾਸ ਗੁਣ ਹਨ ਜਿਨ੍ਹਾਂ ਦੀ ਅਣਹੋਂਦ ਪਰਮਾਤਮਾ ਦੀ ਭਗਤੀ ਨੂੰ ਨਿਸਫਲ ਬਣਾ ਦਿੰਦੀ ਹੈ ? ਕਿ ਜਾਂ, ਸਤਿਗੁਰਾਂ ਨੇ ਜਪੁ ਸਾਹਿਬ ਦੀ **੨੧ ਪਉੜੀ** ਵਿਚ--**ਸਭਿ ਗੁਣ ਤੇਰੇ ਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ, ਭਗਤਿ ਨ ਹੋਇ ॥**-ਪ੍ਰਭੂ ਦਾ ਭਗਤ ਬਣਨ ਲਈ ਕੁਝ ਉਚੇਚੇ ਅਤੇ **ਵਿਸ਼ੇਸ਼ ਗੁਣਾ** ਦੀ ਲੋੜ ਦਾ ਸੰਕੇਤ ਫ਼ੁਰਮਾਨ ਕੀਤਾ ਹੋਇਆ ਹੈ? **ਇਸ ਸ਼ੰਕੇ ਦੀ ਨਿਵਿਰਤੀ ਲਈ ਅਥਵਾ ਗੁਣ, ਗੁਨ ਪਦ ਦੀ ਗੁਮਤਿ ਵਿਆਖਿਆ ਸਮਝਣ ਲਈ ਸਪਰੱਥ ਸਤਿਗੁਰੂ ਗ੍ਰੰਥ ਸਾਹਬ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋਣ ਦੀ ਲੋੜ ਹੈ।**

ਆਉ ਪਹਿਲਾਂ ਭਾਸ਼ਾ ਵਿਭਾਗ ਪੰਜਾਬ ਵਾਲਿਆਂ ਵਲੋਂ ਪਰਕਾਸ਼ਤ, ਮਹਾਨਕੋਸ਼ ਗ੍ਰੰਥ ਵਿਚੋਂ ਇਨ੍ਹਾਂ ਲਫ਼ਜ਼ਾਂ ਦਾ ਅਰਥ ਸਮਝ ਲਈਏ--
**ਸਫ਼ਾ ੪੧੨**-- ਗੁਣ- ਸੰਗਯਾ--ਵਿਸ਼ੇਸ਼ਣ, ਸਿਫ਼ਤ, " **ਗੁਣ ਏਹੋ ਹੋਰੁ ਨਾਹੀ ਕੋਇ ॥** (ਆਸਾ ਮ: ੧)-ਕਰਤਾਰ ਦੀ ਏਹੀ ਸਿਫ਼ਤ ਹੈ ਕਿ ਉਸ ਤੁਲ ਹੋਰ ਨਹੀ। ੨-**ਸੀਲ, ਸਦਾਵ੍ਰਿੱਤਿ, ਨੇਕ ਅਮਾਲ**--" **ਵਿਣ ਗੁਣ ਕੀਤੇ ਭਗਤਿ ਨ ਹੋਇ ॥** (ਜਪੁ), " **ਬਿਨੁ ਗੁਣ ਜਨਮੁ ਵਿਣਾਸੁ ॥**" (ਸ੍ਰੀ ਅ: ਮ: ੧) ੩- ਮਾਇਆ ਦੇ ਸਤ ਰਜ ਤਮ ਗੁਣ --" **ਰਜ ਗੁਣ ਤਮ ਗੁਣ ਸਤ ਗੁਣ ਕਹੀਐ ਏਹ ਤੇਰੀ ਸਭ ਮਾਇਆ ॥** " (ਕੇਦ: ਕਬੀਰ) ੪- ਸੁਭਾਉ, ਪ੍ਰਕ੍ਰਿਤਿ- " **ਐਸੋ ਗੁਣ ਮੇਰੋ ਪ੍ਰਭ ਜੀ ਕੀਨ** " ॥ (ਟੋਡੀ ਮ: ੫) ੫- ਰੱਸੀ ਤਾਗਾ, ਡੋਰਾ--" **ਗੁਣ ਕੈ ਹਾਰ ਪਰੋਵੈ** " (ਤੁਖਾ: ਛੰਤ ਮ: ੧) ਗੁਣ ਰੂਪ ਗੁਣ (ਤਲਗੇ) ਨਾਲ ਹਾਰ ਪਰੋਵੈ। " **ਕਵਣੁ ਸੁ ਅਖਰ ਕਵਣ ਗੁਣ** " ? (ਸ: ਫ਼ਰੀਦ) ੬- ਕਾਣ ਦਾ ਚਿੱਲਾ। ੭- ਦੀਵੇ ਦੀ ਬੱਤੀ। ੮- ਨੀਤਿ ਦੇ ਛੀ ਅੰਗ [=ੳ- ਸੰਧਿ (ਮੁਲਾਕਾਤ, ਸੁਲਹ) ਅ- ਵਿਗ੍ਰਹ (ਜੰਗ) ੲ- ਯਾਨ (ਦੁਸ਼ਮਨ ਪਰ ਚੜ੍ਹਾਈ) ਸ- ਆਸਨ (ਜਮ ਕੇ ਬੈਠਣਾ, ਮਤਲਬ ਸਿੱਧ ਕਰਨ ਲਈ ਕਿਸੇ ਥਾਂ ਆਸਨ ਜਮਾਉਣਾ)। ਹ- ਸੰਸ਼੍ਰਯ (ਕਿਸੇ ਬਲਵਾਨ ਦਾ ਆਸਰਾ ਲੈਣਾ। ਕਦ੍ਵੈਧੀਭਾਵ- (ਫੋਕਟ ਪਾਉਣਾ, ਵੈਰੀ ਦੇ ਘਰ ਫੁੱਟ ਪਾ ਦੇਣੀ) ੯-

ਨਿਯਾਯਮਤ ਦੇ ਚੌਬੀਸ ਗੁਣ । ੧੦- ਕਾਵਯ ਦੇ--ਓਜ, ਪ੍ਰਤਾਪ, ਮਾਧਰਯ, ਤਿੰਨ ਗੁਣ । ੧੧- ਵਿਦਯਾ, ਹੁਨਰ ਆਦਿ ਔਸਾਫ਼--" **ਤੇ ਨਰ ਅਸਲਿ ਖਰ, ਜਿ ਬਿਨੁ ਗੁਣ ਗਰਬ ਕਰੰਤਿ** " (ਵਾਰ ਸਾਰ ਮ: ੧) ੧੨- ਤਾਸੀਰ, ਅਸਰ । ੧੩- ਇੰਦ੍ਰੀਆਂ ਦੇ ਵਿਸ਼ੇ-ਸ਼ਬਦ- ਸਪਰਸ਼ਮ ਰੂਪ, ਰਸ, ਗੰਧ । ੧੪- ਰਤਨ- " **ਸਰੀਰਿ ਸਰੋਵਰ ਗੁਣ ਪਰਗਟਿ ਕੀਏ** ।" (ਆਸਾ-ਮ: ੪) ੧੫- " ਜਿਨੀ ਕੰਮੀ ਨਾਹ ਗੁਣ ਤੇ ਕੰਮੜੇ ਵਿਸਾਰ ॥ " (ਸ: ਫ਼ਰੀਦ) ੧੬- ਤਿੰਨ ਸੰਖਯਾ ਬੋਧਕ, ਕਿਉਂਕਿ ਮਾਇਆ ਦੇ ਗੁਣ ਤਿੰਨ ਹਨ । ੧੭- ਕਰਮ ਕ੍ਰਿਯਾ । ੧੮- ਨਿਸਾਫ਼, ਨਿਆਉਂ, ਨਿਯਾਯ " **ਅਦਲ ਕਰੇ ਗੁਣਕਾਰੀ** "- (ਰਾਮ ਅ: ਮ: ੧) ੧੯- ਦੇਖੋ ਗੁਣਨ " **ਉਨ ਤੇ ਦੁਗੁਣ ਦਿਤੀ ਉਨ ਮਾਏ** " (ਗਉ ਮ: ੫) ੨੦- ਫ਼ੱਲ, ਪੁਸ਼ਪ " ਬ੍ਰਹਮ ਨਾਮ ਗੁਣ ਸਾਖ ਤਰੋਵਰ ਨਿਤ ਚੁਨ ਚੁਨ ਪੂਜ ਕਰੀਜੈ "। (ਕਲਿ ਅ: ਮ: ੪) ਬ੍ਰਹਮ ਬਿਰਛ ਦੀ ਸਾਖਾ ਨਾਮ ਹੈ, ਸ਼ੁਭਗੁਣ ਗੁਣ ਫੁੱਲ ਹਨ, ਉਨ੍ਹਾਂ ਨੂੰ ਚੁਣ ਕੇ ਪੂਜਾ ਕਰੋ। ੨੧ ਵਯਾਕਰਣ ਅਨੁਸਾਰ ਤਿੰਨ ਗੁਣ--ਅ ਏ ਓ ।

ਉਪ੍ਰੋਕਤ ਦੂਜੇ ਨੰਬਰ ਵਾਲੇ ਗੁਣੰ ਦੇ ਅਰਥ ਅਤੇ ਗੁਰਮੁਖਿ ਪਿਆਰੇ ਸਾਹਿਬ ਸਿੰਘ ਜੀ ਦੇ ਲਿਖੇ ਅਰਥਾਂ ਤੋਂ ਸਰਿਗੁਰਾਂ ਦੀ ਰਮਜ਼ ਬਾਰੇ ਸਮਝ ਪਈ ਅਨੁਭਵ ਹੋਈ ਹੈ। ਜਪੁਜੀ ਸਾਹਿਬ ਜੀ ਦੀ ੨੧ਵੀਂ ਪਉੜੀ--" **ਤੀਰਥੁ ਤਪੁ ਦਇਆ ਦਤੁ ਦਾਨ** ' ਤੋਂ ਅਰੰਭ ਹੋ ਕੇ--" **ਨਾਨਕ, ਜੇ ਕੋ ਅਪੌ ਜਾਣੈ** ", **ਅਗੈ ਗਇਆ ਨ ਸਹੈ ॥** " ਤਕ ਹੈ। ਉਸ ਵਿਚੋਂ ਵੇਸ਼ ਨਾਲ ਸੰਬੰਧਤ ਪੰਗੀਆਂ ਦੀ ਵਿਚਾਰ:---

੧੦੧- **ਸਭਿ ਗੁਣ ਤੇਰੇ ਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ, ਭਗਤਿ ਨ ਹੋਇ ॥ ੨੧ ॥** [ਅੰਕ=੫]

**ਪਦ ਅਰਥ**:--ਸਭਿ=ਸਾਰੇ । ਮੈ ਨਾਹੀ ਕੋਇ=ਮੈ ਕਈ ਨਹੀਂ ਹਾਂ, ਮੇਰੀ ਕੋਈ ਪਾਇਆਂ ਨਹੀਂ ਹੈ । ਵਿਣ ਗੁਣ ਕੀਤੇ=ਗੁਣ ਪੈਦਾ ਕਰਨ ਤੋਂ ਬਿਨਾ, ਜੇ ਤੂੰ ਗੁੰਣ ਪੈਦਾ ਨਾ ਕਰੇ, ਜੇ ਤੂੰ ਆਪਣੇ ਗੁਣ ਮੇਰੇ ਵਿਚ ਉਤਪੰਨ ਨਾ ਕਰੇਂ । ਨ ਹੋਇ=ਨਹੀਂ ਹੋ ਸਕਦੀ। ਸੁਅਸਤਿ=ਜੈ ਹੋਵੇ ਤੇਰੀ, ਤੂੰ ਸਦਾ ਅਟੱਲ ਰਹੇ, (ਭਾਵ, ਮੈ ਤੇਰਾ ਹੀ ਆਸਰਾ ਲੈਂਦਾ ਹਾਂ(। ਬਰਮਾਉ--ਬ੍ਰਜਮਾ । ਸਤਿ--ਸਦਾ ਥਿਰ । ਸੁਹਾਣੁ=ਸੁਬਾਨ, ਸੋਹਣਾ। ਮਨਿ ਚਾਉ=ਮਨ ਵਿਚ ਖਿੜਾਉ।
**ਅਰਥ:--(**ਹੇ ਅਕਾਲਪੁਰਖ !) ਜੇ ਤੂੰ (ਆਪ ਆਪਣੇ) ਗੁਣ (ਮੇਰੇ ਵਿਚ) ਪੈਦਾ ਨਾ ਕਰੇਂ ਤਾਂ ਮੈਥੋਂ ਤੇਰੀ ਭਗਤੀ ਨਹੀਂ ਹੋ ਸਕਦੀ । ਮੇਰੀ ਕੋਈ ਪਾਂਇਆਂ ਨਹੀਂ (ਕਿ ਮੈਂ ਤੇਰੇ ਗੁਣ ਗਾ ਸਕਾਂ), ਇਹ ਸਭ ਤੇਰੀਆਂ ਹੀ ਵਡਿਆਈਆਂ ਹਨ । (ਪ੍ਰਿੰਸ: ਸਾਹਿਬ ਸਿੰਘ ਜੀ ਡੀ ਲਿਟ ਪੋਥੀ ਪਲਿ ਸਫ਼ਾ ੯੧)

ਜਬਾਨੀ ਰਟਨ ਦੀ ਗੱਲ ਨਹੀਂ ਹੈ ਸਗੋਂ ਹਿਰਦੇ ਵਿਚ ਸੱਚੇ ਪਿਆਰ ਤੋਂ ਉਪਜੀ ਸੱਚੀ ਲਗਨ ਨਾਲ--**ਜੇਹਾ ਸੇਵੈ ਤੇਹੋ ਹੋਵੈ**–ਰੱਬੀ ਨਿਯਮ ਅਨੁਸਾਰ-- ਪ੍ਰਭੂ ਦੇ ਭਗਤ ਵਿਚ ਰੱਬੀ ਗੁਣਾ ਦਾ ਹੋਣਾ ਜ਼ਰੂਰੀ ਸ਼ਰਤ ਬਣ ਜਾਂਦੀ ਹੈ। ਸ਼ੁੱਭ ਕਰਮ, ਸ਼ੀਲ ਸੁਭਾਉ, ਸਭਨਾ ਜੀਆਂ ਦੇ ਦਾਤੇ ਦੀ ਆਪਣੀ ਜੋਤਿ, ਸਭਨਾ ਵਿਚ ਹੋਣ ਦੇ ਕਾਰਨ, ਪ੍ਰਭ ਦਾ ਭਗਤ ਸਰਬੱਤ ਦੇ ਭਲੇ ਲਈ ਸੋਚਦਾ ਹੈ ਅਤੇ ਸਭਨਾਂ ਦਾ ਸਾਂਝਾ ਹੋਣ ਦੇ ਨਾਲ ਪਰਮਾਤਮਾ ਵਾਂਗ ਪ੍ਰਭੂ ਦਾ ਪਿਆਰਾ ਵੀ ਨਿਰਵੈਰ ਅਤੇ ਨਿਰਭਉ-- ਗੁਣਾ ਮਾਲਕ ਹੁੰਦਾ ਹੈ। ਸਦਾ ਹੀ ਪ੍ਰਭੂ ਦੀਆਂ ਵਡਿਆਈਆਂ ਦੀ ਵਿਚਾਰ ਕਰਨ ਵਾਲਾ, ਉਸ ਦਾਤਾਰ ਦੇ ਗੁਣ ਸਦਾ ਹੀ ਗਾਉਣ ਵਾਲੇ ਗੁਰਮੁਖ, ਨੇ ਪਰਮਾਤਮਾ ਦੇ ਗੁਣਾ ਵਿਚ ਹੀ ਸਮਾ ਜਾਣਾ ਹੁੰਦਾ ਹੈ:---

੧੦੨- **ਰਤਨ ਪਦਾਰਥ ਵਣਜੀਐ ਸਤਿਗੁਰਿ ਦੀਆ ਬੁਝਾਏ ॥ ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ**
**ਗੁਣੀ ਸਮਾਈ ਰਾਮ ॥ ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ ਲਾਹਾ ਭਗਤਿ ਸੈਸਾਰੇ ॥**
**ਬਿਨੁ ਭਗਤੀ ਸੁਖੁ ਨ ਹੋਈ ਦੂਜੈ ਪਤਿ ਖੋਈ ਗੁਰਮਤਿ ਨਾਮ ਅਧਾਰੇ ॥ ਵਖਰੁ ਨਾਮੁ ਸਦਾ ਲਾਭੁ**
**ਹੈ ਜਿਸ ਨੋ ਏਤੁ ਵਾਪਾਰਿ ਲਾਏ ॥ ਰਤਨ ਪਦਾਰਥ ਵਣਜੀਅਹਿ ਜਾਂ ਸਤਿਗੁਰੁ ਦੇਇ ਬੁਝਾਏ ॥ ੧ ॥**[੫੬੯-੭੦]-੪

ਪਰਮਾਤਮਾ ਦੇ ਨਾਮ ਦੇ ਵਣਜਾਰੇ ਨੇ ਪਰਮਾਤਮਾ ਦੇ ਗੁੰਣਾ ਵਿਚ ਸਮਾ ਜਾਣਾ ਹੁੰਦਾ ਹੈ। ਪਰਮਾਤਮਾ ਦੇ ਗੁਣਾ ਦੀ ਅਜੇਹੀ ਸਾਂਝ ਬਣਦੀ ਹੈ ਕਿ--**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥**-[੯੬੯] ਜਿਹੜਾ ਆਪ ਵੀ ਪ੍ਰਭੂ ਦਾ ਰੂਪ ਪ੍ਰਭੂ ਦੇ ਹੀ ਗੁਣਾ ਵਿਚ ਆਪ ਵੀ ਜਿਹੜਾ ਨਹੀਂ ਰੰਗਿਆ ਹੋਇਆ ਉਹ ਭਗਤ ਹੋਣ ਦਾ ਡਰਾਮਾ ਕਰ ਰਿਹਾ ਹੈ। ਲੋਕ ਵਿਖਾਵੇ ਵਾਲਾ ਭੇਖੀ ਧਰਮੀ ਹੈ। ਗੁਣ ਨਿਧਾਨ ਪਰਮਾਤਮਾ ਦੇ ਗੁਣ ਗਾਉਣ ਵਾਲੇ ਭਗਤ ਦੇ ਆਚਰਨ ਵਿਚੋਂ ਅਉਗੁਣ ਦੂਰ ਜੋ ਜਾਂਦੇ ਹਨ ਅਤੇ ਗੁਣ ਆ ਵੱਸਦੇ ਹਨ । ਗੁਣੀ ਵਿਚ ਸਮਾ ਜਾਣ ਦਾ ਅਰਥ, ਉਨ੍ਹਾਂ ਹੀ ਗੁਣਾ ਦੇ ਧਾਰਨੀ ਬਨ ਜਾਂਣਾ ਹੈ:--

੧੦੩-- **ਤੇਰੇ ਭਗਤ ਸੋਹਹਿ ਸਾਚੇ ਦਰਬਾਰੇ ॥ ਗੁਰ ਕੈ ਸਬਦਿ ਨਾਮ ਸਵਾਰੇ ॥ ਸਦਾ ਅਨੰਦ ਰਹਹਿ ਦਿਨੁ ਰਾਤੀ,**
**ਗੁਣ ਕਹਿ ਗੁਣੀ ਸਮਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ, ਨਾਮ ਸੁਣਿ ਮੰਨਿ ਵਸਾਵਣਿਆ ॥**
**ਹਰਿ ਜੀਉ ਸਚਾ ਉਚੋ ਊਚਾ ਹਉਮੈ ਮਾਰਿ ਮਿਲਾਵਣਿਆ ॥ ੧ ॥ ਰਹਾਉ ॥..........>>**

**ਅਰਥ:--(**ਹੇ ਪ੍ਰਭੂ !) ਤੇਰੀ ਭਗਤੀ ਕਰਨ ਵਾਲੇ ਬੰਦੇ ਤੇਰੇ **ਸਦਾ ਥਿਰ ਰਹਿਣ ਵਾਲੇ ਦਰਬਾਰ ਵਿਚ ਸੋਭਾ ਪਾਉਂਦੇ ਹਨ** (-ਪ੍ਰਭੂ ਦਾ ਇਹ ਦਰਬਾਰ ਹੈ ਕਿੱਥੇ ? ਇਸ ਪ੍ਰਸ਼ਨ ਦੇ ਉੱਤਰ ਤੋਂ ਉਹੀ ਪਾਠਕ ਅਣਜਾਣ ਹਨ, ਜਿਨ੍ਹਾਂ ਨੇ ਪੁਸਤਕ ਦਾ ਤੀਜਾ ਭਾਗ ਇਕਾਗਰਤਾ ਨਾਲ ਨਹੀਂ ਪੜ੍ਹਿਆ। ਉਂਜ ਏਸੇ ਪਾਵਨ ਗੁਰੂ ਸ਼ਬਦ ਦੌ ਆਖ਼ਰੀ ਅਠਵੀ ਤੁਕ ਵਿਚ ਵੀ ਇਸ ਦਰਬਾਰ ਦੇ ਆਤਮਕ ਦਰਸ਼ਨ ਹੋ ਰਹੇ ਹਨ) ਪ੍ਰਭੂ ਦੇ । ਭਗਤ ਜਨ ਗੁਰੂ ਦੇ ਸ਼ਬਦ-ਗਿਆਨ ਦੀ ਰਾਹੀਂ ਪਰਮਾਤਮਾ ਦੇ ਨਾਮ ਵਿਚ ਜੁੜ ਕੇ ਸੋਹਣੇ ਜੀਵਨ ਵਾਲੇ ਬਣ ਜਾਂਦੇ ਹਨ। ਉਹ ਸਦਾ ਆਤਮਕ ਆਨੰਦ ਵਿਚ ਟਿਕੇ ਰਹਿੰਦੇ ਹਨ, ਉਹ ਦਿਨ ਰਾਤ ਪਰਮਾਤਮਾ ਦੇ ਗੁਣ ਉਚਾਰ ਉਚਾਰ ਕੇ ਗੁਣਾਂ ਦੇ ਮਾਲਕ ਪ੍ਰਭੂ ਵਿਚ ਸਮਾਏ ਰਹਿੰਦੇ ਹਨ । ੧ । ਮੈਂ ਉਨ੍ਹਾਂ ਮਨੁਖਾਂ ਤੋਂ ਸਦਾ ਕੁਰਬਾਨ ਸਦਕੇ ਜਾਂਦਾ ਹਾਂ, ਜਿਹੜੇ ਪਰਮਾਤਮਾ ਦਾ ਨਾਮ ਸੁਣ ਕੇ ਆਪਣੇ ਮਨ ਵਿਚ ਵਸਾਈ ਰੱਖਦੇ ਹਨ । ਉਹ ਪ੍ਰਭੂ ਸਦਾ ਕਾਇਮ ਰਹਿਣ ਵਾਲਾ ਹੈ (ਜੀਵਾਂ ਵਾਲੀ ਮੈਂ ਮੇਰੀ ਤੋਂ) ਬਹੁਤ ਉੱਚਾ ਹੈ, (ਵਡ ਭਾਗੀ ਜੀਵ) ਹਉਮੈ ਮਾਰ ਕੇ ਉਸ (ਗੁਣੀ) ਵਿਚ ਲੀਨ ਹੋ ਜਾਂਦੇ ਹਨ । ੧ । ਰਹਾਉ । **>>**

ਨਿਰਾ ਗੁਣਾ ਦੇ ਗਾਉਣ ਨਾਲ ਹੀ ਨਹੀਂ ਸਗੋਂ **ਪ੍ਰਭੂ ਦੇ ਗੁਣ ਲਿਖਦੇ ਰਹਿਣ ਨਾਲ ਵੀ** ਉਹੀ ਫਲ ਪ੍ਰਪਤਿ ਹੁੰਦੇ ਹਨ ਜੋ ਪ੍ਰਭੂ ਦੀਆਂ ਵਡਿਆਈਆਂ ਦੀ ਵਿਚਾਰ ਕਰਦਿਆਂ, ਅਥਵਾ ਗੁਣਾ ਦੇ ਕਥਨ ਕਰਦੇ ਰਹਿਣ ਨਾਲ ਪ੍ਰਾਪਤਿ ਹੁੰਦੇ ਹਨ । ਭਾਵ, ਗੁਣਾ ਦੇ ਦਾਤੇ (ਪਰਮ-) ਗੁਣੀ ਵਿਚ ਹੀ ਸਮਾ ਜਾਣ ਵਰਗੀ ਸਦੀਵੀ ਅਡੋਲਤਾ ਦੀ ਪ੍ਰਾਪਤੀ, (ਮਨ ਦੀ ਭਟਕਣਾ ਦਾ ਨਾਸ ਹੋ ਕੇ) ਹਿਰਦੇ ਵਿਚ ਸਥਿਰਤਾ, ਸਹਿਜ ਅਵਸਥਾ ਅਥਵਾ ਟਿਕਾਉ ਦੀ ਠੰਡਕ ਵਰਤ ਜਾਂਦੀ ਹੈ:--

**<<** **ਗੁਰਮੁਖਿ ਸਚੇ, ਸਚੁ ਲਿਖਹਿ ਵੀਚਾਰੁ ॥ ਸੋ ਜਨ ਸਚੇ ਪਾਵਹਿ ਮੋਖ ਦੁਆਰੁ ॥**
**ਸਚੁ ਕਾਗਦੁ ਕਲਮ ਮਸਵਾਣੀ, ਸਚੁ ਲਿਖਿ ਸਚਿ ਸਮਾਵਣਿਆ ॥ ੭ ॥**
**ਮੇਰਾ ਪ੍ਰਭੂ ਅੰਤਰਿ ਬੈਠਾ ਵੇਖੈ ॥ ਗੁਰ ਪਰਸਾਦੀ ਮਿਲੈ ਸੋਈ ਜਨ ਲੇਖੈ ॥**
**ਨਾਨਕ ਨਾਮੁ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥ ੮ ॥**੨੨॥ ੨੩ ॥ [੧੨੨]-

**ਅਰਥ**:--ਗੁਰੂ ਦੀ ਸਰਨ ਵਿਚ ਰਹਿਣ ਵਾਲੇ, ਮਨੁੱਖ ਸਦਾ-ਥਿਰ ਪ੍ਰਭੂ ਦਾ ਨਾਮ ਲਿਖਦੇ ਹਨ, ਪਰਮਾਤਮਾ ਦੇ ਗੁਣਾ ਦੀ ਵਿਚਾਰ ਲਿਖਦੇ ਹਨ। ਉਹ ਮਨੁੱਖ ਸਦਾ-ਥਿਰ ਪ੍ਰਭੂ ਦਾ ਰੂਪ ਹੋ ਜਾਂਦੇ ਹਨ, ਉਹ ਮਾਇਆ ਦੇ ਮੋਹ ਤੋਂ ਖ਼ਲਾਸੀ ਦਾ ਰਾਹ ਲੱਭ ਲੈਂਦੇ ਹਨ। ਉਨ੍ਹਾਂ ਮਨੁੱਖਾਂ ਦਾ ਕਾਗਜ਼ ਸਫ਼ਲ ਹੈ, ਉਨ੍ਹਾਂ ਦੀ ਕਲਮ ਅਥਵਾ ਸਿਆਹੀ-ਦੀ-ਦਵਾਤ ਵੀ ਸਫ਼ਲ ਹੈ, ਜਿਹੜੇ ਸਦਾ-ਥਿਰ ਪ੍ਰਭੂ ਦਾ ਨਾਮ ਲਿਖ ਲਿਖ ਕੇ ਸੱਚੇ ਪ੍ਰਭੂ ਵਿਚ ਹੀ ਲੀਨ ਰਹਿੰਦੇ ਹਨ। ੭। **ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ॥** ਓਸੇ ਦਰਬਾਰ ਦਾ ਸੰਕੇਤ ਉਪਰ ਪਹਿਲੀ ਤੁਕ ਵਿਚ ਆਇਆ ਹੈ। ਏਥੇ ਅਠਵੀਂ ਤੁਕ ਵਿਚ ਉਸੇ ਪਹਿਲੀ ਤੁਕ ਵਾਲੇ ਦਰਬਾਰ ਦੇ ਮਾਲਕ ਦੇ ਦਰਸ਼ਨ ਕਰਵਾਏ ਹਨ:-- " (ਹੇ ਸੰਸਾਰ ਦੇ ਲੋਕੋ !) ਮੇਰਾ ਪਰਮਾਤਮਾ (ਸਭ ਜੀਵਾਂ ਦੇ) ਅੰਦਰ ਬੈਠਾ (ਹਰੇਕ ਦੀ) ਸੰਭਾਲ ਕਰਦਾ ਹੈ । ਜਿਹੜਾ ਮਨੁੱਖ ਗੁਰੂ ਦੀ ਕਿਰਪਾ ਨਾਲ, ਉਸ ਪਰਮਾਤਮਾ ਦੇ ਚਰਨਾਂ ਵਿਚ ਜੁੜਦਾ ਹੈ, ਉਹੀ ਮਨੱਖ ਉਸ ਦੀਆਂ ਨਜ਼ਰਾਂ ਵਿਚ ਪਰਵਾਨ ਹੈ । ਹੇ ਨਾਨਕ ! ਪਰਮਾਤਮਾ ਦਾ ਨਾਮ ਪੂਰੇ ਗੁਰੂ ਕੋਲੋਂ ਹੀ ਮਿਲਦਾ ਹੈ, ਉਹ (ਪਰਮਾਤਮਾ ਦੀ ਹਜ਼ੂਰੀ ਵਿਚ) ਆਦਰ ਪ੍ਰਾਪਤ ਕਰਦਾ ਹੈ । ੮ ।

ਇਹ ਵੀ ਨਾ ਭੁੱਲੀਏ ਕਿ ਗੱਲ ਕੇਵਲ ਜ਼ਬਾਨੀ ਰਟਨ ਦੀ ਨਹੀਂ ਅਥਵਾ ਆਪ ਗੁਰਮਤਿ ਗਿਆਨ ਤੋਂ ਅਭਿਜ ਰਹਿ ਕੇ ਕੇਵਲ ਲੋਕਾਂ ਨੂੰ ਹੀ ਪ੍ਰਭਾਵਤ ਕਰਨ ਲਈ ਨਾਮ ਦੀ ਮਹਿਮਾ ਲਿਖਦੇ ਰਹਿਣ ਤੋਂ ਉੱਚੇ ਆਤਮਕ ਜੀਵਨ ਦੀ ਪ੍ਰਪਤੀ ਦੀ ਵੀ ਗੱਲ ਨਹੀਂ ਹੈ, ਹਿਰਦੇ ਤੋਂ ਗੁਣੀ ਪ੍ਰਭੂ ਦੀ ਯਾਦ ਵਿਚ ਜੁੜ ਕੇ ਉਸ ਦੇ ਪਿਆਰ ਰੰਗ ਵਿਚ ਰੰਗੀਜ ਕੇ ਅਵਗੁਣਾ ਤੋਂ ਹਿਰਦੇ ਦੀ ਸਫ਼ਾਈ ਹੋ ਜਾਣ ਦੀ ਲੋੜ ਹੈ:--

੧੦੩- **ਜਿਨ ਹਰਿ ਹਿਰਦੈ ਵਸਿਆ ਤਿਨ ਹਰਿ ਆਪਿ ਮਿਲਾਏ ॥ ਗੁਣ ਕੀ ਸਾਂਝਿ ਤਿਨ ਸਿਉ ਕਰੀ ਸਭਿ ਅਵਗਣ ਸਬਦਿ ਜਲਾਏ ॥ ਅਉਗਣ ਵਿਕਣਿ ਪਲਰੀ ਜਿਸੁ ਦੇਹਿ ਸੁ ਸਚੇ ਪਾਏ ॥ ਬਲਿਹਾਰੀ ਗੁਰ ਆਪਣੇ ਜਿਨਿ ਅਉਗੁਣ ਮੇਟਿ ਗੁਣ ਪਰਗਟੀਆਏ ॥ ਵਡੀ ਵਡਿਆਈ ਵਡੇ ਕੀ ਗੁਰਮੁਖਿ ਆਲਾਏ ॥ ੭ ॥**[੩੦੩]-ਵਾਰ

**ਅਰਥ**:--ਜਿਨ੍ਹਾਂ ਜੀਵਾਂ ਨੇ ਹਿਰਦੇ ਤੋਂ ਪ੍ਰਭੂ ਦਾ ਸਿਮਰਣ ਕੀਤਾ, ਉਨ੍ਹਾਂ ਨੂੰ ਪ੍ਰਭੂ ਆਪਣੇ ਵਿਚ ਮਿਲਾ ਲੈਂਦਾ ਹੈ,, ਪ੍ਰਭੂ ਦੇ ਗੁਣਾ ਨਾਲ ਜਿਨ੍ਹਾਂ ਨੇ ਭਿਆਲੀ ਕੀਤੀ ਹੈ, ਉਨ੍ਹਾਂ ਦੇ ਸਾਰੇ ਪਾਪ ਗੁਰੂ-ਸ਼ਬਦ(-ਗਿਆਨ) ਦੁਆਰਾ ਸੜ ਜਾਂਦੇ ਹਨ। (ਪਰ) ਹੇ ਪ੍ਰਭੂ ਔਗਣਾਂ ਨੂੰ ਪਰਾਲੀ ਦੇ ਭਾ ਵੇਚਣ ਲਈ (ਭਾਵ, ਸਹਿਜੇ ਹੀ ਨਾਸ ਕਰਨ ਲਈ) ਗੁਣਾਂ ਦੀ ਇਹ ਸਾਂਝ ਉਸੇ ਨੂੰ ਹੀ ਮਿਲਦੀ ਹੈ ਜਿਸ ਨੂੰ ਤੂੰ ਆਪ ਬਖ਼ਸ਼ਸ਼ ਕਰਦਾ ਹੈਂ (-ਸ਼ੁੱਭ ਗੁਣਾ ਦੀ ਪ੍ਰਾਪਤੀ ਹੋਣ ਤੇ ਆਪਣੀ ਮਤਿ ਦਾ ਅਥਵਾ ਆਪਣੇ ਯਤਨਾਂ ਦਾ ਹੰਕਾਰ ਕਦੇ ਨਹੀਂ ਕਰਨਾ) ।ਮੈਂ ਸਦਕੇ ਹਜਾਂ ਆਪਣੇ ਸਤਿਗੁਰੂ ਤੋਂ ਜਿਸ ਨੇ (ਜੀਵ ਦੇ) ਪਾਪ ਦੂਰ ਕਰਕੇ ਗੁਣ ਪਰਗਟ ਕੀਤੇ ਹਨ । ਜੋ ਜੀਵ ਸਤਿਗੁਰਾਂ ਦੇ ਸਨਮੁਖ ਹੁੰਦਾ ਹੈ, ਉਹੀ ਵਡੇ ਪ੍ਰਭੂ ਦੀ ਵਡੀ ਸਿਫ਼ਤ-ਸਾਲਾਹ ਕਰਨ ਲੱਗ ਪੈਂਦਾ ਹੈ । ੭ ।

ਪ੍ਰਭੂ ਦੇ ਗੁਣਾਂ ਵਿਚ ਲੀਨਤਾ ਲਈ ਉਸ ਕੇ ਗੁਣਾ ਦਾ ਸਦਾ ਹੀ ਕਥਨ ਕਰਦੇ ਰਹਿਣ ਲਈ ਅਥਵਾ ਪ੍ਰਭੂ ਦੇ ਗੁਣ ਗਲਾਉਣ ਦੀ ਤਾਕੀ ਸਤਿਗੁਰਾਂ ਦੇ ਬੇਅੰਤ ਵਾਰੀ ਕੀਤੀ ਹੈ। ਉਦਾਹਰਣ ਵਜੋਂ ਕੁਝ ਗੁਰੂ ਸ਼ਬਦ:--:--

੧੦੪- **ਨਾਮੁ ਧਿਆਇ ਮਹਾ ਸੁਖੁ ਪਾਇਆ ॥ ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ ॥ ਗੁਰ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ ॥ ੪ ॥**[੧੦੩]-੨੪-੩੧

**ਅਰਥ**:--ਪਰਮਾਤਮ ਦਾ ਨਾਮ (ਹਿਰਦੇ ਵਿਚ) ਧਿਆਉਂਦੇ ਰਹਿ ਕੇ ਬੜਾ ਆਨੰਦ ਪ੍ਰਾਪਤ ਕੀਤਾ ਹੈ। ਪਰਮਾਤਮਾ ਦੇ ਗੁਣ ਗਾ ਕੇ ਮੇਰਾ ਮਨ ਠੰਢਾ-ਠਾਰ ਹੋ ਗਿਆ । (ਭਾਵ, ਮਨ ਵਿਚੋਂ ਵਿਕਾਰਾਂ ਦੀ ਤਪਸ਼ ਜਾਂਦੀ ਰਹੀ) ' ਹੇ ਨਾਨਕ (ਆਖ-) ਪੂਰੇ ਗੁਰੂ ਦੀ ਰਾਹੀਂ (ਮੇਰੇ ਅੰਦਰ) ਆਤਮਕ ਉਤਸ਼ਾਹ ਦਾ ਮਾਨੋ ਢੋਲ ਵੱਜ ਪਿਆ ਹੈ ਤੇ ਮੈਂ (ਵਿਕਾਰਾਂ ਨਾਲ ਹੋ ਰਿਹਾ) ਔਖਾ ਘੋਲ ਜਿੱਤ ਲਿਆ ਹੈ । ੪ ।

੧੦੫- **ਜੀਅ ਪ੍ਰਾਣ ਪ੍ਰਭ ਮਨਹਿ ਅਧਾਰਾ ॥ ਭਗਤ ਜੀਵਹਿ ਗੁਣ ਗਾਇ ਅਪਾਰਾ ॥ ਗੁਣਨਿਧਾਨੁ ਅੰਮ੍ਰਿਤ ਹਰਿਨਾਮਾ ਹਰਿ ਧਿਆਇ ਧਿਆਇ ਸੁਖੁ ਪਾਇਆ ਜੀਉ ॥ ੧ ॥**[੧੦੩]-੨੫-੩੨

੧੦੬- **ਸੋ ਥਾਨੁ ਸੁਹਾਇਆ ਜੋ ਹਰਿ ਮਨਿ ਭਾਇਆ ॥ ਸਤ ਸੰਗਤਿ ਬਹਿ ਹਰਿ ਗੁਣ ਗਾਇਆ ॥ ਅਨਦਿਨੁ ਹਰਿ ਸਾਲਾਹਹਿ ਸਾਚਾ, ਨਿਰਮਲ ਨਾਦੁ ਵਜਾਵਣਿਆ ॥ ੬ ॥** [੧੧੫]-੧੦-੧੧

੧੦੭- **ਜਾ ਕੀ ਸੇਵਾ ਸਰਬ ਨਿਧਾਨੁ ॥ ਪ੍ਰਭ ਕੀ ਪੂਜਾ ਪਾਈਐ ਮਾਨੁ ॥ ਜਾ ਕੀ ਟਹਲ ਨ ਬਿਰਥੀ ਜਾਇ ॥ ਸਦਾ ਸਦਾ ਹਰਿ ਕੇ ਗੁਣ ਗਾਇ ॥ ੩ ॥** [੧੮੪]-੨੫-੯੪

੧੦੭- ਹਮਰੇ ਅਵਗੁਣ ਬਹੁਤੁ ਬਹੁਤੁ ਹੈ ਬਹੁ ਬਾਰ ਬਾਰ ਹਰਿ ਗਣਤ ਨ ਆਵੈ ॥ ਤੂੰ ਗੁਣਵੰਤਾ ਹਰਿ ਹਰਿ ਦਇਆਲੁ, ਹਰਿ ਆਪੇ ਬਖਸਿ ਲੈਹਿ ਹਰਿ ਭਾਵੈ ॥ ਹਮ ਅਪਰਾਧੀ ਰਾਖੇ ਗੁਰ ਸੰਗਤੀ ਉਪਦੇਸੁ ਦੀਓ ਹਰਿਨਾਮੁ ਛਡਾਵੈ ॥ ੨ ॥ ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ ਜਬ ਗੁਰ ਬੋਲਹਿ ਤਬ ਬਿਸਮੁ ਹੋਇ ਜਾਇ ॥ ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ ॥ ਤੂੰ ਗੁਰੁ ਪਿਤਾ ਤੂੰ ਹੈ ਗੁਰੁ ਮਾਤਾ ਤੂੰ ਗੁਰ ਬੰਧਪੁ ਮੇਰਾ ਸਖਾ ਸਖਾਇ ॥ ੩ ॥ ਜੋ ਹਮਰੀ ਬਿਧਿ ਹੋਤੀ---੧੬੮]-੫-੧੧-੪੯ ੯੬/੨

੧੦੭- **ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਂਦਾ ਰਹੈ ਨ ਚੂਕੈ ਭੋਗੁ ॥**

**ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥ ੩ ॥**[੩੪੯]-**੨**

**ਅਰਥ:**--ਉਹ ਪਰਮਾਤਮਾ ਕਦੇ ਮਰਦਾ ਨਹੀਂ, ਨਾ ਹੀ (ਉਸ ਦੀ ਖ਼ਾਤਰ ਕਦੇ) ਸੋਗ ਹੀ ਵਿਆਪਦਾ ਹੈ । ਉਹ ਪ੍ਰਭੂ ਸਦਾ (ਜੀਵਾਂ ਨੂੰ ਰਿਜਕ) ਦਿੰਦਾ ਹੈ, ਉਸ ਦੀਆਂ ਦਾਤਾਂ ਦਾ ਵਰਤਣ ਕਦੇ ਮੁੱਕਦਾ ਨਹੀਂ (ਭਾਵ, ਜੀਵ ਉਸ ਦੀਆਂ ਦਾਤਾਂ ਸਦਾ ਵਰਤਦੇ ਹਨ ਪਰ ਉਹ ਮੁੱਕਦੀਆਂ ਨਹੀਂ) । ਉਸ ਪ੍ਰਭੂ ਦੀ ਵਡੀ ਖ਼ੂਬੀ (ਸਿਫਤਿ-ਗੁਣ) ਇਹ ਹੈ ਕਿ ਕੋਈ ਹੋਰ ਉਸ ਵਰਗਾ ਕੋਈ ਨਹੀਂ ਹੈ, (ਉਸ ਵਰਗ ਅਜੇ ਤਕ) ਨਾ ਕੋਈ ਹੋਇਆ ਹੈ, ਨਾ ਕਦੇ ਹੋਵੇਗਾ । ੩ ।

**੧੦੨**- -

੦- **ਸਚਾ ਨੇਹੁ ਨ ਤੁਟਈ ਜੇ ਸਤਿਗੁਰੁ ਭੇਟੈ ਸੋਇ ॥ ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ ॥ ਨਿਰਮਲੁ ਨਾਮੁ ਨ ਵੀਸਰੈ ਜੇ ਗੁਣ ਕਾ ਗਾਹਕੁ ਹੋਇ ॥ ੭ ॥ [੫੯]-੧੧**

ਅਰਥ:-- (ਪਰਮਾਤਮਾ ਦੇ ਗੁਣਾ ਨੂੰ ਗ੍ਰਹਣ ਕਰਨ ਦਾ ਗਾਹਕ ਬਣਨਾ ਹੈ--ਵਿਣੁ ਗੁਣ ਭਗਤ ਨ ਹੋਵਈ ॥ ੪੧੪/੧

੦- **ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥ ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥ ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥ ੩ ॥** [੫੯੮]-੯

ਲਿਖਣਾ ਹੈ ਵੇਦਾਂ ਦੀ ਵੀ ਲਹਾਈ ਸਿੱਧ ਹੁੰਦੀ ਹੈ ---ਗੁਣਤਾਸ---੩੯੮/੧

੦- ਆਪੇ ਗੁਣ ਆਪੇ ਕਥੈ, ਆਪੇ ਸੁਣਿ ਵੀਚਾਰੁ ॥ ਆਪੇ ਰਤਨ ਪਰਖਿ ਤੂੰ, ਆਪੇ ਮੋਲੁ ਅਪਾਰੁ ॥ ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣਹਾਰੁ ॥ ੧ ॥[੫੪ ]-੩ ੩੮੩/੧

੧੫

# ਗੁਨ

## " ਇਕ ਗੁਨ ਨਹੀ ਮੂਰਖ ਜਾਤਾ ਰੇ "

ਮਹਾਨ ਕੋਸ਼ ਸਫ਼ਾ ੪੧੩--ਗੁਨ--ਦੇਖੋ ਗੁਣ । (**ਭਾਵ,** ਗੁਣ ਅਤੇ ਗੁਨ ਵਿਚ ਬਹੁਤਾ ਅੰਤਰ ਨਹੀਂ ਹੈ ?) ੨- ਉਪਕਾਰ, **" ਇਕ ਗੁਨ ਨਹੀ ਮੂਰਖ ਜਾਤਾ ਰੇ "** (ਸੋਰ ਮ: ੫) ੩- ਲਾਭ, **" ਬੇਦ ਪੁਰਾਨ ਪੜੇ ਕੋ ਝਿਹ ਗੁਨ "** (ਗਉ ਮ: ੯)- ' **ਪ੍ਰੇਮ ਕੀ ਜੇਵਰੀ ਬਾਂਧਿਓ ਤੇਰੋ ਜਨ ॥ ਕਹਿ ਰਵਿਦਾਸ ਛੁਟਿਬੋ ਕਵਨ ਗੁਨ ॥ "।** (ਆਸਾ) ਇਸ ਬੰਧਨ ਤੋਂ ਛੁੱਟਣ ਵਿਚ ਕੀ ਲਾਭ ਹੈ ? ੪-੫ ਰੱਸੀ ਅਤੇ ਵਸਫ਼, " ਮਨ ਬਾਂਧੇ ਹਮਾਰੋ ਮਾਈ, ਕਵਲ ਨੈਨ ਅਪਨੇ ਗੁਨ । " (ਮਾਰੂ ਮੀਰਾ ਬਾਈ ਬੰਨੋ)-ਕੰਵਲ ਨੈਨ ਨੇ ਆਪਣੇ ਗੁਣ ਰੂਪ ਰੱਸੀ ਨਾਲ ਮਨ ਬੰਨ੍ਹ ਲਿਆ । ੬- ਮਹਿਮਾ। ਯੱਸ " ਹਰਿ ਜਨ ਰਾਮ ਨਾਮ ਗੁਨ ਗਾਵੈ " ।(ਬੈਰਾ ਮ: ੪) ੮- ਕਮਾਨ ਦਾ ਚਿੱਲਾ " ਤੀਰ ਚਲਯੋ ਗੁਨ ਤੇ ਛੁਟਕਾਯੋ।" (ਗੁਰੁਸੋਭਾ) । ੯- ਗੌਣ । ੧੦- ਵਿਸ਼ੇਸ਼ਣ ।

ਮਮਮਮਮ

# ਨੌਵਾਂ ਕਾਂਡ

੧

## ਸਾਦੁ, ਸੁਆਦ, ਸੁਆਦਿਤ, (ਅਥਵਾ **ਚਸਕਾ**)

**ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥ [ਜਪੁ ॥** ੧੧੩/੧

ਸੁਆਦ ਅਥਵਾ ਮਜ਼ਾ ਕੁਦਰਤ ਦੀ ਅਨਮੋਲ ਦਾਤ ਹੈ । ਪਰ ਇਸ ਵਿਚ ਪ੍ਰਵਿਰਤ ਹੋ ਜਾਣਾ, ਜੀਵਨ ਦਾ ਮਨੋਰਥ ਹੀ ਮਜ਼ੇ ਲੈਣੇ ਗੁਲਛੱਰੇ ਉਡਾਉਣੇ ਬਣ ਜਾਵੇ ਤਾਂ ਅਰੋਗਤਾ ਅਤੇ ਮਾਇਕ ਤਬਾਹੀ ਦੇ ਨਾਲ ਆਤਮਕ ਜੀਵਨ ਦੀ ਤਬਾਹੀ ਦਾ ਕਾਰਨ ਵੀ ਬਣਦਾ ਹੈ--" **ਸਾਦਹੁ ਵਧਿਆ ਰੋਗੁ** "॥ [੭੮੫] । ਆਉ ਗੁਰੂ ਸ਼ਬਦ ਵਿਚਾਰ ਨਾਲ ਜੁੜੀਏ----

**ਜ਼ਬਾਨ ਦਾ ਚਸਕਾ**-

੧- **ਜੈਸੇ ਮੀਨੁ ਰਸਨ ਸਾਦਿ ਬਿਨਸਿਓ, ਓਹੁ ਮੂਠੌ ਮੂੜ ਲੋਭਾਇਲੇ ॥**
**ਤੂ ਹੋਆ ਪੰਚ ਵਾਸਿ ਵੈਰੀ ਕੈ ਛੂਟਹਿ ਪਰੁ ਸਰਨਾਇਲੇ ॥ ੩ ॥ [੮੬੨]-੨**

**ਅਰਥ:**--ਜਿਵੇਂ ਮੱਛੀ ਜੀਭ ਦੇ ਸੁਆਦ ਦੇ ਕਾਰਨ ਨਾਸ ਹੋ ਜਾਂਦੀ ਹੈ, ਉਹ ਮੂਰਖ ਲੋਭ ਦੇ ਕਾਰਨ ਲੁੱਟੀ ਜਾਂਦੀ ਹੈ, (ਹੇ ਮਨ !) ਤੂੰ ਵੀ (ਕਾਮਾਦਿਕ) ਪੰਜ ਵੈਰੀਆਂ ਦੇ ਵੱਸ ਵਿਚ ਪਿਆ ਹੋਇਆ ਹੈਂ । ਹੇ ਮਨ ! ਪ੍ਰਭੂ ਦੀ ਸਰਨ ਪਉ, ਤਦੋਂ ਹੀ (ਇਨ੍ਹਾਂ ਵੈਰੀਆਂ ਦੇ ਪੰਜੇ ਵਿਚੋਂ) ਨਿਕਲੇਂਗਾ । ੩ ।

੨- **ਸੁਆਦ ਬਾਦ ਈਰਖ ਮਦ ਮਾਇਆ ॥ ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ ॥ ੩ ॥**[੭੪੦]-੧੩-੧੯

੩-- **ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ ॥ ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ ॥ ੨ ॥**[੯੮੯]-੧

੪- **ਨਹ ਜਾਪੈ ਨਹ ਬੂਝੀਐ ਨਹ ਕਛੁ ਕਰਤ ਬੀਚਾਰੁ ॥**
**ਸੁਆਦ ਮੋਹ ਰਸ ਬੇਧਿਓ ਅਗਿਆਨਿ ਰਚਿਓ ਸੰਸਾਰੁ ॥ ੫ ॥** [੨੯੭]-ਥਿਤੀ

੫- **ਰੂਪ ਸੁੰਦਰੀਆ ਅਨਿਕ ਇਸਤ੍ਰੀਆ ॥ ਹਰਿ ਰਸੁ ਬਿਨੁ ਸਭਿ ਸੁਆਦ ਫਿਕਰੀਆ ॥ ੩ ॥** [੩੮੫]-੫੫

੬-- **ਅਗਨਿ ਪਾਣੀ ਬੋਲੈ ਭੜਵਾਉ ॥ ਜਿਹਵਾ ਇੰਦ੍ਰੀ ਏਕੁ ਸੁਆਉ ॥**
**ਦਿਸਟਿ ਵਿਕਾਰੀ ਨਾਹੀ ਭਉ ਭਾਉ ॥ ਆਪੁ ਮਾਰੇ ਤਾ ਪਾਏ ਨਾਉ ॥ ੨ ॥**[੧੫੩]-੭

੭-- **ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ ॥** **[**ਮੋਹ=ਮਾਇਆ ਦਾ ਮੋਹ । ਸੁਆਦ= ਪਦਾਰਥਾਂ ਦਾ ਚਸਕਾ**]**
**ਦਾਗ ਦੋਸ ਮੁਹਿ ਚਲਿਆ ਲਾਇ ॥ ਦਰਗਹ ਬੈਸਣ ਨਾਹੀ ਜਾਇ ॥ ੩ ॥** [੬੬੧]-੩-੫

੮- **ਇਕੁ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ ਵਾਦਿ ॥ ਗੁਰਿ ਪੂਰੇ ਦੇਖਾਲਿਆ**
**ਵਿਣੁ ਨਾਵੈ ਸਭ ਬਾਦਿ ॥ ਸਾਕਤ ਦੁਰਜਨ ਭਰਮਿਆ ਜੋ ਲਗੇ ਦੂਜੇ ਸਾਦਿ ॥**
**ਜਨ ਨਾਨਕਿ ਹਰਿ ਪ੍ਰਭੁ ਬੁਝਿਆ ਗੁਰ ਸਤਿਗੁਰ ਕੈ ਪਰਸਾਦਿ ॥ ੨ ॥**[੯੫੭]-ਵਾਰ-੧

**ਅਰਥ:**--ਜੇ ਇਕ ਪ੍ਰਭੂ ਮਿੱਤ੍ਰ ਬਣ ਜਾਵੇ ਤਾਂ ਸਾਰੇ ਜੀਵ ਮਿਤ੍ਰ ਬਣ ਜਾਂਦੇ ਹਨ, ਪਰ ਜੇ ਇਕ ਅਕਾਲ-ਪੁਰਖ ਵੈਰੀ ਹੋ ਜਾਏ ਤਾਂ ਸਾਰੇ ਜੀਵ ਵੈਰੀ ਬਣ ਜਾਂਦੇ ਹਨ (ਭਾਵ, ਇੱਕ ਪ੍ਰਭੂ ਨੂੰ ਮਿੱਤਰ ਬਣਾਇਆਂ ਸਾਰੇ ਜੀਵ ਪਿਆਰੇ ਲੱਗਦੇ ਹਨ, ਤੇ ਪ੍ਰਭੂ ਤੋਂ ਵਿਛੁੜਿਆਂ ਜਗਤ ਦੇ ਸਾਰੇ ਜੀਵਾਂ ਨਾਲੋਂ ਵਿੱਥ ਪੈ ਜਾਂਦੀ ਹੈ) । ਇਹ ਗੱਲ ਪੂਰੇ ਗੁਰੂ ਨੇ ਵਿਖਾ ਦਿੱਤੀ ਹੈ, ਕਿ ਨਾਮ ਸਿਮਰਨ ਤੋਂ ਬਿਨਾ, (ਪ੍ਰਭੂ ਨੂੰ ਸੱਜਣ ਬਣਾਉਣ ਤੋਂ ਬਿਨਾ) ਹੋਰ ਹਰੇਕ ਕਾਰ ਵਿਅਰਥ ਹੈ, (ਕਿਉਂਕਿ) ਰੱਬ ਤੋਂ ਟੁੱਟੇ ਹੋਏ ਵਿਕਾਰੀ ਬੰਦੇ ਜੋ **ਮਾਇਆ ਦੇ ਸੁਆਦ ਵਿਚ** ਮਸਤ ਰਹਿੰਦੇ ਹਨ ਉਹ ਭਟਕਦੇ ਫਿਰਦੇ ਹਨ । ਦਾਸ ਨਾਨਕ ਨੇ ਸਤਿਗੁਰੂ ਦੀ ਮਿਹਰ ਸਾ ਸਦਕਾ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਲਈ ਹੈ । ੨ ।

੯- **ਭੁਗਤਿ ਗਿਆਨੁ, ਦਇਆ ਭੰਡਾਰਣਿ, ਘਟਿ ਘਟਿ ਵਾਜਹਿ ਨਾਦ ॥**

**ਆਪਿ ਨਾਥੁ, ਨਾਥੀ ਸਭ ਜਾ ਕੀ, ਰਿਧਿ ਸਿਧਿ ਅਵਰਾ ਸਾਦ ॥ .... ੨੯** ॥ [੬]-ਜਪੁ

[ਇਸ ਪੂਰੀ ਪਾਵਨ ਪਉੜੀ ਦੀ ਵਿਚਾਰ ਪੁਸਤਕ ਦੇ ਛੇਵੇਂ ਭਾਗ ਦੇ ਤੀਜੇ ਕਾਂਡ ਦੇ ੭੦ ਨੰਬਰ ਤੇ ਬੜੇ ਵਿਸਥਾਰ ਨਾਲ ਖੁਲ੍ਹੀ ਵਿਚਾਰ ਲਿਖੀ ਹੋਈ]

**ਅਰਥ:--(**ਹੇ ਜੋਗੀ !ਜੇ) ਅਕਾਲਪੁਰਖ ਦੀ ਸਰਬ-ਵਿਆਪਕਤਾ ਦਾ ਗਿਆਨ ਤੇਰੇ ਲਈ ਭੰਡਾਰਾ (ਚੂਰਮਾ) ਹੋਵੇ, ਦਇਆ ਇਸ (ਗਿਆਨ-ਰੂਪ) ਭੰਡਾਰੇ ਦੀ ਵਰਤਾਵੀ ਹੋਵੇ, ਹਰੇਕ ਜੀਵ ਦੇ ਅੰਦਰ ਜਿਹੜੀ (ਜ਼ਿੰਦਗੀ ਦੀ ਰੌ ਚੱਲ ਰਹੀ ਹੈ, ਇਹ ਤੇਰੇ ਅੰਦਰ) ਉਹ ਨਾਦੀ ਵੱਜ ਰਹੀ ਹੋਵੇ (ਜੋ ਤੂੰ ਭੰਡਾਰਾ ਛਕਣ ਸਮੇਂ ਵਜਾਉਂਣ ਦਾ ਵਿਖਵਾ ਕਰਦਾ ਹੈਂ), ਤੇਰਾ ਨਾਥ (ਕੋਈ ਮਨੁੱਖ ਨਹੀਂ ਸਗੋਂ) ਆਪ ਅਕਾਲ ਪੁਰਖ ਹੋਵੇ, ਜਿਸ ਦੇ ਵੱਸ ਵਿਚ ਸਾਰੀ ਸ੍ਰਿਸ਼ਟੀ ਹੈ, (ਤਾਂ ਕੂੜ ਦੀ ਕੰਧ ਤੇਰੇ ਅੰਦਰੋਂ ਟੁੱਟ ਕੇ ਪਰਮਾਤਮਾ ਨਾਲੋਂ ਤੇਰੀ ਵਿੱਥ ਮਿਟ ਸਕਦੀ ਹੈ । ਜੋਗ ਸਾਧਨਾ ਦੀ ਰਾਹੀਂ ਪ੍ਰਾਪਤ ਹੋਈਆਂ ਰਿੱਧੀਆਂ ਵਿਅਰਥ ਹਨ, ਇਹ) **ਰਿੱਧੀਆਂ ਤੇ ਸਿੱਧੀਆਂ ਤਾਂ ਕਿਸੇ ਹੋਰ ਪਾਸੇ ਖੜਨ ਵਾਲੇ ਸੁਆਦ ਹਨ** ।

੧੦- **ਦੁਖ ਮਹੁਰਾ ਮਾਰਣ ਹਰਿ ਨਾਮੁ ॥ ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥ ਨਿਤ ਨਿਤ ਲੇਹੁ ਨ ਛੀਜੈ ਦੇਹ ॥**
**ਅੰਤ ਕਾਲਿ ਜਮੁ ਮਾਰੇ ਠੇਹ ॥ ੧ ॥ ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੇ ਤੇਰੇ ਜਾਹਿ ਵਿਕਾਰ ॥ ੧ ॥ ਰਹਾਉ ॥**
**ਰਾਜੁ ਮਾਲੁ ਜੋਬਨੁ ਸਭੁ ਛਾਂਵ ॥ ਰਥਿ ਫਿਰੰਦੈ ਦੀਸਹਿ ਥਾਵ ॥ ਦੇਹ ਨ ਨਾਉ ਨ ਹੋਵੈ ਜਾਤਿ ॥ ਓਥੈ ਦਿਹੁ**
**ਐਥੈ ਸਭ ਰਾਤਿ ॥ ੨ ॥ ਸਾਦ ਕਰਿ ਸਨਧਾਂ ਤ੍ਰਿਸਨਾ ਘਿਉ ਤੇਲੁ ॥ ਕਾਮੁ ਕ੍ਰੋਧੁ ਅਗਨੀ ਸਿਉ ਮੇਲੁ ॥**
**ਹੋਮ ਜਗ ਅਰੁ ਪਾਠ ਪੁਰਾਣ ॥ ਜੋ ਤਿਸੁ ਭਾਵੈ ਸੋ ਪਰਵਾਣ ॥ ੩ ॥ ਤਪੁ ਕਾਗਦੁ ਤੇਰਾ ਨਾਮੁ ਨੀਸਾਨੁ ॥**
**ਜਿਸ ਕਉ ਲਿਖਿਆ ਏਹੁ ਨਿਧਾਨੁ ॥ ਸੇ ਧਨਵੰਤ ਦਿਸਹਿ ਘਰਿ ਜਾਇ ॥ ਨਨਕ ਜਨਨੀ ਧੰਨੀ ਮਾਇ।੪**॥[੧੨੫੭]-੩-੮

**ਅਰਥ**:-(ਦੁਨੀਆਂ ਦੇ) ਦੁੱਖ-ਕਲੇਸ਼ (ਮਨੁੱਖਾ ਜੀਵਨ ਲਈ) ਜ਼ਹਰ ਹਨ, (ਪਰ ਜੇ ਇਸ ਮਹੁਰੇ ਦਾ ਕੁਸ਼ਤਾ ਕਰਨ ਲਈ) ਪਰਮਾਤਮਾ ਦਾ ਨਾਮ ਤੂੰ ਜੜੀ ਬੂਟੀ ਆਦਿਕ) ਮਸਾਲੇ (ਦੇ ਥਾਂ) ਵਰਤੇਂ, (ਉਸ ਕੁਸ਼ਤੇ ਨੂੰ ਬਰੀਕ ਕਰਨ ਲਈ) ਸੰਤੋਖ ਦੀ ਸਿਲ ਬਣਾਏਂ, ਅਤੇ (ਲੋੜਵੰਦਾ ਦੀ ਸਹਾਇਤਾ ਕਰਨ ਲਈ) ਦਾਨ ਨੂੰ ਆਪਣੇ ਹੱਥ ਵਿਚ ਪੀਹਣ ਵਾਲਾ ਵੱਟਾ ਬਣਾਏਂ । (ਹੇ ਭਾਈ ! ਇਵੇਂ ਦਾ ਤਿਆਰ ਹੋਇਆ ਕੁਸ਼ਤਾ) ਜੇ ਤੂੰ ਸਦਾ ਖਾਂਦਾ ਰਹੇਂ, ਤਾਂ ਇਸ ਤਰ੍ਹਾਂ ਮਨੁੱਖਾ ਜਨਮ ਤੋਂ ਹੇਠ ਵਲ ਦੀਆਂ ਜੂਨਾਂ ਵਿਚ ਨਹੀਂ ਜਾਈਦਾ, ਨਾ ਹੀ ਅੰਤ ਵੇਲੇ ਮੌਤ (ਦਾ ਡਰ) ਪਟਕ ਕੇ ਮਾਰਦਾ ਹੈ **। ੧ ।** ਹੇ ਮੂਰਖ ਜੀਵ ! ਅਜੇਹੀ ਦਵਾਈ ਖਾਹ, ਜਿਸ ਦੇ ਖਾਧਿਆਂ ਤੇਰੇ ਮੰਦ ਕਰਮ ਸਾਰੇ ਨਾਸ ਹੋ ਜਾਣ **। ੧ । ਰਹਾਉ ।** (ਹੇ ਗਵਾਰ ਜੀਵ !) ਦੁਨੀਆਂ ਦਾ ਰਾਜ ਧਨ-ਪਦਾਰਥ ਤੇ ਜਵਾਨੀ (ਜਿੰਨ੍ਹਾਂ ਦੇ ਨਸ਼ੇ ਨੇ ਤੇਰੀਆਂ ਅੱਖਾਂ ਅੱਗੇ ਹਨੇਰਾ ਲਿਆਂਦਾ ਹੋਇਆ ਹੈ) ਇਹ ਸਭ ਅਸਲੀਅਤ ਦੇ ਪਰਛਾਵੇਂ ਹਨ, ਜਦੋਂ ਸੂਰਜ ਚੜ੍ਹਦਾ ਹੈ ਤਾਂ (ਹਨੇਰਾ ਦੂਰ ਹੋ ਕੇ) ਅਸਲੀ ਥਾਂ (ਪ੍ਰਤੱਖ) ਦਿਸ ਪੈਂਦੇ ਹਨ (ਭਾਵ, ਗੁਰਮਤਿ ਗਿਆਨ ਦੇ ਚਾਨਣੇ ਵਿਚ ਸਾਫ਼ ਸਮਝ ਆ ਜਾਂਦੀ ਹੈ ਕਿ ਦੁਨੀਆਂ ਦੇ ਸਾਰੇ ਉਪ੍ਰੋਕਤ ਪਦਾਰਥ ਛਾਂ ਵਾਂਗ ਢੱਲਦੇ ਢਲਦੇ ਅਲੋਪ ਹੋ ਜਾਂਦੇ ਹਨ, ਸਦਾ ਕੁਝ ਨਹੀਂ ਰਹਿੰਦਾ)। (ਹੇ ਮੂਰਖ ਜੀਵ ! ਤੂੰ ਜੁਆਨੀ, ਨਾਮਣੇ, ਉੱਚੀ ਜ਼ਾਤਿ ਆਦਿ ਦਾ ਮਾਣ ਕਰਦਾ ਹੈਂ, ਪਰ ਪ੍ਰਭੂ ਦੇ ਦਰ ਤੇ) ਨਾ ਸਰੀਰ, ਨਾ ਨਾਮਣਾ, ਨਾ ਉੱਚੀ ਜ਼ਾਤਿ ਅਜੇਹਾ ਕੁਝ ਵੀ ਕਬੂਲ ਨਹੀਂ ਹੈ, ਕਿਉਂਕਿ ਉਸ ਦੀ ਹਜ਼ੂਰੀ ਵਿਚ (ਗਿਆਨ ਦਾ) ਦਿਨ ਚੜ੍ਹਿਆ ਰਹਿੰਦਾ, ਤੇ ਏਥੇ ਦੁਨੀਆ ਵਿਚ (ਮਾਇਆ ਦੇ ਮੋਹ ਦੀ) ਰਾਤ ਪਈ ਰਹਿੰਦੀ ਹੈ । ੨ ।

(ਹੇ ਗਵਾਰ ਜੀਵ !) **ਦੁਨੀਆ ਦੇ ਪਦਾਰਥਾਂ ਦੇ ਸੁਆਦਾਂ ਨੂੰ** ਹਵਨ ਦੀ ਲੱਕੜੀ ਬਣਾ, ਮਾਇਆ ਦੀ ਤ੍ਰਿਸ਼ਨਾ ਨੂੰ (ਹਵਨ ਵਾਸਤੇ) ਘਿਉ ਤੇ ਤੇਲ ਬਣਾ, ਕਾਮ ਤੇ ਕ੍ਰੋਧ ਨੂੰ ਅੱਗ ਬਣਾ, ਇਨ੍ਹਾਂ ਨੂੰ ਇਕੱਠਾ ਕੇ (ਤੇ ਬਾਲ ਕੇ ਹਵਨ ਕਰ ਦੇ) । ਜੇ ਕੁਝ ਪਰਮਾਤਮਾ ਨੂੰ ਭਾਉਂਦਾ ਹੈ ਉਸ ਨੂੰ ਸਿਰ-ਮੱਥੇ ਤੇ ਮੰਨਣਾ--ਇਹ ਹੈ ਹਵਨ, ਏਹੀ ਹੈ ਜੱਗ, ਇਹੀ ਹੈ ਪੁਰਾਣ ਆਦਿਕਾਂ ਦੇ ਪਾਠ **। ੩ ।** ਹੇ ਪ੍ਰਭੂ ! (ਤੇਰੇ ਚਰਨਾਂ ਵਿਚ ਜੁੜਨ ਲਈ ਉੱਦਮ ਆਦਿਕ) ਤਪ (ਜੀਵ ਦੀ ਕਰਣੀ-ਰੂਪ) ਕਾਗ਼ਜ਼ ਹੈ, ਤੇਰੇ ਨਾਮ ਦਾ ਸਿਮਰਨ ਉਸ ਕਾਗ਼ਜ਼ ਉਤੇ ਲਿਖੀ ਰਾਹਦਾਰੀ ਹੈ । ਇਹ ਖ਼ਜ਼ਾਨਾ, ਇਹ ਲਿਖਿਆ ਹੋਇਆ ਪਰਵਾਨਾ ਜਿਸ ਜਿਸ ਬੰਦੇ ਨੂੰ ਮਿਲ ਜਾਂਦਾ ਹੈ ਉਹ ਬੰਦੇ ਪ੍ਰਭੂ ਦੇ ਦਰ ਤੇ ਪਹੁੰਚ ਕੇ ਧਨਾਢ ਦਿੱਸਦੇ ਹਨ । ਹੇ ਨਾਨਕ ! ਅਜੇਹੇ ਬੰਦੇ ਦੀ ਜੰਮਣ ਵਾਲੀ ਮਾਂ (ਬੜੇ) ਭਾਗਾਂ ਵਾਲੀ ਹੈ । ੪ ।

## ੨

# ਜੀਭ ਦਾ ਚਸਕਾ (ਸੁਆਦ) ਰੋਗਾਂ ਦਾ ਕਾਰਨ ਬਣਦਾ ਹੈ

ਗ਼ਲਤ ਖ਼ੁਰਾਕ ਦਾ ਚਸਕਾ ਰੋਗਾਂ ਦਾ ਮੂਲ ਹੈ । ਫਿਰ ਖ਼ੁਰਾਕ ਠੀਕ ਕਰ ਲੈਣ ਹੀ ਸਰੀਰਕ ਰੋਗ ਦੂਰ ਹੋ ਜਾਂਦਾ ਹੈ--

੧੧- **ਬਹੁ ਸਾਦਹੁ ਦੂਖੁ ਪਰਾਪਤਿ ਹੋਵੈ ॥ ਭੋਗਹੁ ਰੋਗ ਸੁ ਅੰਤਿ ਵਿਗੋਵੈ ॥**
**ਹਰਖਹੁ ਸੋਗੁ ਨ ਮਿਟਈ ਕਬਹੂ ਵਿਣੁ ਭਾਣੇ ਭਰਮਾਇਦਾ ॥ ੭ ॥**[੧੦੩੪]-ਸੋਲਹੇ-੧੪

**ਅਰਥ:**--ਬਹੁਤ (ਭੋਗਾਂ ਦੇ) ਸੁਆਦਾਂ ਤੋਂ ਦੁੱਖ ਹੀ ਮਿਲਦਾ ਹੈ (ਕਿਉਂਕਿ) ਭੋਗਾਂ ਤੋਂ ਆਖ਼ਰ ਰੋਗ ਪੈਦਾ ਹੁੰਦੇ ਹਨ ਤੇ ਮਨੁੱਖ ਅੰਤ ਨੂੰ ਖ਼ੁਆਰ ਹੁੰਦਾ ਹੈ । (ਮਾਇਆ ਦੀਆਂ) ਖ਼ੁਸ਼ੀਆਂ ਤੋਂ ਵੀ ਚਿੰਤਾ ਹੀ ਪੈਦਾ ਹੁੰਦੀ ਹੈ ਜੋ) ਕਦੇ ਮਿਟਦੀ ਹੀ ਨਹੀਂ । ਪਰਮਾਤਮਾ ਦੀ ਰਜ਼ਾ ਵਿਚ ਤੁਰਨ ਤੋਂ ਬਿਨਾ ਮਨੁੱਖ ਭਟਕਣਾ ਵਿਚ ਪਿਆ ਰਹਿੰਦਾ ਹੈ । ੭ ।

੧੨- **ਜਿਹਵਾ ਸੁਆਦ ਲੋਭ ਮਦਿ ਮਾਤੋ ਉਪਜੇ ਅਨਿਕ ਬਿਕਾਰਾ ॥**
**ਬਹੁਤੁ ਜੋਨਿ ਭਰਮਤ ਦੁਖੁ ਪਾਇਆ ਹਉਮੈ ਬੰਧਨ ਕੇ ਭਾਰਾ ॥ ੨ ॥**[੬੧੬]-੧੫-੨੬

**ਅਰਥ:**--ਮਨੁੱਖ ਜੀਭ ਦੇ ਸੁਆਦਾਂ ਵਿਚ ਪਿਆ, ਲੋਭ ਦੇ ਨਸ਼ੇ ਵਿਚ ਮਸਤ ਰਹਿੰਦਾ ਹੈ (ਜਿਸ ਕਰਕੇ ਇਸ ਦੇ ਅੰਦਰ) ਅਨੇਕਾਂ ਵਿਕਾਰ ਪੈਦਾ ਹੁੰਦੇ ਹਨ, ਮਨੁੱਖ ਹਉਮੈ ਦੀਆਂ ਜ਼ੰਜੀਰਾਂ ਦੇ ਭਾਰ ਦੇ ਹੇਠ ਦਬ ਜਾਂਦਾ ਹੈ, ਬਹੁਤ ਜੂਨਾਂ ਵਿਚ ਭਟਕਦਾ ਫਿਰਦਾ ਹੈ ਤੇ ਦੁੱਖ ਸਹਾਰਦਾ ਹੈ । ੨ ।

੧੩- **ਰਸਨਾ ਸਾਦ ਚਖੈ ਭਾਇ ਦੂਜੈ ਅਤਿ ਫੀਕੇ ਲੋਭ ਬਿਕਾਰੇ ॥**
**ਜੋ ਗੁਰਮੁਖਿ ਸਾਦ ਚਖਹਿ ਰਾਮ ਨਾਮਾ ਸਭ ਅਨ ਰਸ ਸਾਦ ਬਿਸਾਰੇ ॥ ੫ ॥**[੯੮੦]-੧

**ਅਰਥ:**--ਜਿਸ ਮਨੁੱਖ ਦੀ ਜੀਭ ਮਾਇਆ ਦੇ ਮੋਹ ਦੇ ਕਾਰਨ (ਹੋਰ ਹੋਰ ਪਦਾਰਥਾਂ ਦੇ ) ਸੁਆਦ ਚੱਖਦੀ ਰਹਿੰਦੀ ਹੈ, ਉਹ ਮਨੁੱਖ ਲੋਭ ਆਦਿਕ ਅੱਤ ਫਿੱਕੇ ਵਿਕਾਰਾਂ ਵਿਚ ਹੀ ਫਸਿਆ ਰਹਿੰਦਾ ਹੈ । ਗੁਰੂ ਦੇ ਸਨਮੁਖ ਰਹਿਣ ਵਾਲੇ ਜਿਹੜੇ ਬੰਦੇ ਪਰਮਾਤਮਾਂ ਦੇ ਨਾਮ ਦੇ ਅਨੰਦ ਮਾਣਦੇ ਹਨ, ਉਹ ਹੋਰ ਰਸਾਂ ਦੇ ਸੁਆਦ ਭੁਲਾ ਦਿੰਦੇ ਹਨ ।

੧੪- **ਖਾਇਆ ਮੈਲੁ ਵਧਾਇਆ, ਪੈਧੈ ਘਰ ਕੀ ਹਾਣਿ ॥**
**ਬਕਿ ਬਕਿ ਵਾਦੁ ਚਲਾਇਆ ਬਿਨੁ ਨਾਵੈ ਬਿਖੁ ਜਾਣਿ ॥ ੧ ॥**[੧੩੩੧]-੧੩

**ਅਰਥ**:---ਪ੍ਰਭੂ ਦਾ ਸਿਮਰਨ ਛੱਡ ਕੇ ਜਿਉਂ ਜਿਉ ਮਨੁੱਖ ਸੁਆਦਲੇ ਖਾਣੇ ਖਾਂਦਾ ਹੈ ਤਿਉਂ ਤਿਉਂ ਖਾਣ ਦੇ ਚਸਕੇ ਦੀ ਮੈਲ ਆਪਣੇ ਮਨ ਵਿਚ ਵਧਾਉਂਦਾ ਹੈ, (ਸੁੰਦਰ ਬਸਤ੍ਰ) ਪਹਿਨਣ ਦੇ ਰਸ ਵਿਚ ਫਸਿਆਂ ਵੀ ਮਨੁੱਖ ਦੇ ਆਤਮਕ ਜੀਵਨ ਨੂੰ ਹੀ ਘਾਟ ਪੈਂਦੀ ਹੈ । (ਆਪਣੇ ਆਪ ਨੂੰ ਵਡਿਆਈ ਦੇ) ਬੋਲ ਬੋਲ ਕੇ ਵੀ (ਦੂਜਿਆਂ ਨਾਲ) ਝਗੜਾ ਖੜਾ ਕਰ ਲੈਂਦਾ ਹੈ । (ਸੋ ਹੇ ਭਾਈ ! ਸਿਮਰਨ ਤੋਂ ਖੁੰਝ ਕੇ ਇਹੀ) ਸਮਝ ਕਿ ਮਨੁੱਖ ਜ਼ਹਿਰ ਵਿਹਾਜਦਾ ਹੈ । ੧ ।

੧੫- **ਕਿਆ ਖਾਧੈ ਕਿਆ ਪੈਧੈ ਹੋਇ ॥ ਜਾ ਮਨਿ ਨਾਹੀ ਸਚਾ ਸੋਇ ॥**

**ਕਿਆ ਮੇਵਾ ਕਿਆ ਘਿਉ ਗੁੜੁ ਮਿਠਾ, ਕਿਆ ਮੈਦਾ ਕਿਆ ਮਾਸੁ ॥- - - ੨ ॥** [੧੪੨]-ਵਾਰ-੧੦

ਇਸ ਪਾਵਨ ਸਲੋਕ **ਵਿਚ** ਵਿਸ਼ੇਸ਼ ਤੌਰ ਤੇ ਧਿਆਨ ਦੇਣ ਵਾਲੀ ਇਹ ਗੱਲ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੇਵਾ, ਘਿਉ ਮਿੱਠਾ ਗੁੜ, ਮੈਦਾ ਆਦਿ ਖਾਣ ਵਾਲੇ ਪਦਾਰਥਾਂ ਦੇ ਨਾਲ ਹੀ ਮਾਸ ਨੂੰ ਗਿਣਿਆਂ ਹੈ । ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਭੂ ਦੀ ਯਾਦ ਹਿਰਦੇ ਵਿਚ ਰਖਣ ਵਾਲੇ ਮਨੁੱਖ ਨੂੰ ਮਾਸ ਖਾਣ ਜਾਂ ਨਾ ਖਾਣ ਵਾਲੇ ਭਰਮ ਵਿਚ ਨਹੀਂ ਪੈਣਾ ਚਾਹੀਦਾ । ਅਸਾਂ ਵੇਦਕ ਕਾਲ ਦਾ ਹਾਲ ਵੀ ਪੜ੍ਹਿਆ ਹੈ । ਮੁਢ ਤੋਂ ਹੀ ਮਾਸ ਮਨੁੱਖ ਲਈ ਖਾਣ ਵਾਲਾ ਪਦਾਰਥ ਬਣਿਆ ਆ ਰਿਹਾ ਹੈ । ਸ਼ਰਾਬ ਆਦਿ ਨਸ਼ਿਆਂ ਤੋਂ ਛੁੱਟ ਛਕਣ ਵਾਲਾ ਕੋਈ ਪਦਾਰਥ ਵੀ ਅਪਿਵੱਤ੍ਰ ਨਹੀਂ ਹੈ । ਕਿਸੇ ਵੀ ਪਦਾਰਥ ਦਾ ਚਸਕਾ ਲਾ ਲੈਣਾ ਆਪਣੇ ਆਪ ਵਿਚ ਹੀ ਇੱਕ ਰੋਗ ਹੈ ।

੧੬- **ਸਚਾ ਭੋਜਨੁ ਭਾਉ, ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥**[੧੪੬]-ਵਾਰ-੧੯

**ਅਰਥ**:--(ਜਿਸ ਭਾਗਾਂ ਵਾਲੇ ਨੂੰ) ਸਤਿਗੁਰੂ ਨੇ (ਆਤਮਾ ਲਈ) ਪ੍ਰਭੂ-ਪ੍ਰੇਮ-ਰੂਪ ਸੱਚਾ ਭੋਜਨ ਦੱਸਿਆ ਹੈ, ਉਹ ਮਨੁੱਖ ਸੱਚੇ ਪ੍ਰਭੂ ਵਿਚ ਹੀ ਪਰਚ ਜਾਂਦਾ ਹੈ, ਸੱਚੇ ਪ੍ਰਭੂ ਵਿਚ ਟਿਕ ਕੇ ਪ੍ਰਸੰਨ ਰਹਿੰਦਾ ਹੈ ।

੧੭- **ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥**

**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥**[੫੨੨]-ਵਾਰ-੧੬

**ਅਰਥ**:--ਗੁਰਦੇਵ ਜੀ ਦਾ ਫ਼ੁਰਮਾਨ ਹੈ, ਜੇ ਸਤਿਗੁਰ ਮਿਲ ਪਏ ਤਾਂ ਜੀਊਣ ਦੀ ਠੀਕ ਜਾਚ ਆ ਜਾਂਦੀ ਹੈ ਤੇ ਹੱਸਦਿਆਂ ਖੇਡਦਿਆਂ ਖਾਂਦਿਆਂ ਪਹਿਨਦਿਆਂ (ਭਾਵ, ਦੁਨੀਆਂ ਦੇ ਸਾਰੇ ਕਾਰ ਵਿਹਾਰ ਕਰਦਿਆਂ) ਮਾਇਆ ਵਿਚ ਵਿਚਰਦਿਆਂ ਹੀ ਕਾਮਾਦਿਕ ਵਿਕਾਰਾਂ ਤੋਂ ਬਚੇ ਰਹੀਦਾ ਹੈ । ੨ ।

ਅਗਲੇ ਗੁਰੂ-ਬਾਣੀ ਸ਼ਬਦ ਵਿਚ ਗੁਰੂ ਗ੍ਰੰਥ ਸਾਹਿਬ ਜੀ ਨੇ ਉਨ੍ਹਾਂ ਲੋਕਾਂ ਦਾ ਪਾਜ ਉਘੇੜਿਆ ਹੈ ਜਿਹੜੇ ਠੱਗੀਆਂ ਮਾਰਨ ਲਈ ਜ਼ਾਹਰਾ ਤੌਰ ਤੇ ਅੰਨ ਦੇ ਤਿਆਗੀ ਬਣ ਕੇ ਭਗਤ ਜਾਂ ਸੰਤ-ਪੁਣੇ ਦਾ ਪਖੰਡ ਰਚਾ ਬੈਠਦੇ ਹਨ:-----

੧੮- **ਧੰਨੁ ਗੁਪਾਲ, ਧੰਨੁ ਗੁਰਦੇਵ ॥ ਧੰਨੁ ਅਨਾਦਿ, ਭੂਖੇ ਕਵਲੁ ਟਹਕੇਵ ॥ ਧਨੁ ਓਇ ਸੰਤ ਜਿਨ ਐਸੀ ਜਾਨੀ ॥ ਤਿਨ ਕਉ ਮਿਲਿਬੋ ਸਾਰਿੰਗਪਾਨੀ ॥ ੧ ॥ ਆਦਿ ਪੁਰਖ ਤੇ ਹੋਇ ਅਨਾਦਿ ॥ ਜਪੀਐ ਨਾਮੁ ਅੰਨ ਕੈ ਸਾਦਿ ॥ ੧ ॥ ਰਹਾਉ ॥ ਜਪੀਐ ਨਾਮੁ ਜਪੀਐ ਅੰਨੁ ॥ ਅੰਭੈ ਕੈ ਸੰਗਿ ਨੀਕਾ ਵੰਨੁ ॥ ਅੰਨੈ ਬਾਹਰਿ ਜੋ ਨਰ ਹੋਵਹਿ ॥ ਤੀਨਿ ਭਵਨ ਮਹਿ ਅਪਨੀ ਖੋਵਹਿ ॥ ੨ ॥ ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ ॥ ਜਗ ਮਹਿ ਬਕਤੇ ਦੂਧਾਧਾਰੀ ॥ ਗੁਪਤੀ ਖਾਵਹਿ ਵਟਿਕਾ ਸਾਰੀ ॥ ੩ ॥ ਅੰਨੈ ਬਿਨਾ ਨ ਹੋਇ ਸੁਕਾਲੁ ॥ ਤਜੀਐ ਅੰਨਿ, ਨ ਮਿਲੈ ਗੁਪਾਲੁ ॥ ਕਹੁ ਕਬੀਰ, ਹਮ ਐਸੇ ਜਾਨਿਆ ॥ ਧੰਨੁ ਅਨਾਦਿ ਠਾਕੁਰ ਮਨੁ ਮਾਨਿਆ ॥ ੪ ॥**[੮੭੩]-੮-੧੬

**ਅਰਥ**:--ਅੰਨ (ਜਿਸ ਨੂੰ ਤਿਆਗਣ ਵਿਚ ਤੁਸੀ ਭਗਤੀ ਸਮਝਦੇ ਹੋ) ਪਰਮਾਤਮਾਂ ਤੋਂ ਹੀ ਪੈਦਾ ਹੋਇਆ ਹੈ, ਤੇ ਪਰਮਾਤਮਾ ਦਾ ਨਾਮ ਵੀ ਅੰਨ ਖਾਧਿਆਂ ਹੀ ਜਪਿਆ ਦਾ ਸਕਦਾ ਹੈ **। ੧ । ਰਹਾਉ ।** ਸੋ ਧੰਨ ਧਰਤੀ ਦਾ ਪਾਲਣ ਵਾਲਾ ਪ੍ਰਭੂ (ਜੋ ਅੰਨ ਪੈਦਾ ਕਰਦਾ ਹੈ), ਧੰਨ ਹੈ ਸਤਿਗੁਰੂ (ਜੋ ਐਸੇ ਪ੍ਰਭੂ ਦੀ ਸੂਝ ਬਖ਼ਸ਼ਦਾ ਹੈ), ਤੇ ਧੰਨ ਹੈ ਅੰਨ ਜਿਸ ਨਾਲ ਭੁੱਖੇ ਮਨੁੱਖ ਦਾ ਹਿਰਦਾ (ਫੁੱਲ ਵਾਂਗ) ਟਹਿਕ ਪੈਂਦਾ ਹੈ । ਉਹ ਸੰਤ ਵੀ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਇਹ ਸਮਝ ਆਈ ਹੈ (ਕਿ ਅੰਨ ਨਿੰਦਨ-ਜੋਗ ਨਹੀਂ ਹੈ ਤੇ ਅੰਨ ਖਾ ਕੇ ਪ੍ਰਭੂ ਨੂੰ ਸਿਮਰਦੇ ਹਨ) ਉਨ੍ਹਾਂ ਨੂੰ ਪ੍ਰਭੂ ਮਿਲਦਾ ਹੈ **। ੧ ।** ਤਾਂ ਤੇ ਪ੍ਰਭੂ ਦਾ ਨਾਮ ਸਿਮਰਨਾ ਚਾਹੀਦਾ ਹੈ ਤੇ ਅੰਨ ਨੂੰ ਵੀ ਚੰਗਾ ਕਹਿਣਾ ਚਾਹੀਦਾ ਹੈ (ਭਾਵ, ਅੰਨ ਤੋਂ ਤਰਕ ਕਰਨ ਦੇ ਥਾਂ ਅੰਨ ਨੂੰ ਇਉ ਸਹਿਜੇ ਸਹਿਜੇ ਪ੍ਰੀਤ ਨਾਲ ਛਕੋ ਜਿਵੇਂ ਅਡੋਲ ਹੋ ਕੇ ਪਿਆਰ ਨਾਲ ਨਾਮ ਸਿਮਰਨਾ ਹੈ) । (ਵੇਖੋ ਜਿਸ ਪਾਣੀ ਨੂ ਰੋਜ਼ ਵਰਤਦੇ ਹੋ, ਉਸੇ) ਪਾਣੀ ਦੀ ਸੰਗਤ ਨਾਲ ਇਸ ਅੰਨ ਦਾ ਕਿਹਾ ਸੁਹਣਾ ਰੰਗ ਨਿਕਲਦਾ ਹੈ ! (ਜੇ ਪਾਣੀ ਵਰਤਣ ਵਿਚ ਪਾਪ ਨਹੀਂ ਤਾਂ ਅੰਨ ਤੋਂ ਨਫ਼ਰਤ ਕਿਉਂ ?) । ਜੋ ਮਨੁੱਖ ਅੰਨ ਤੋਂ ਤਰਕ ਕਰਦੇ ਹਨ ਉਹ ਸਭ ਥਾਂ ਆਪਣੀ ਇੱਜ਼ਤ ਗਵਾਉਂਦੇ ਹਨ (ਭਾਵ, ਅੰਨ ਦਾ ਤਿਆਗ ਕੋਈ ਐਸਾ ਕੰਮ ਨਹੀਂ ਜਿਸ ਨੂੰ ਦੁਨੀਆਂ ਪਸੰਦ ਕਰੇ **। ੨ ।** ਜੋ ਲੋਕ ਅੰਨ ਛੱਡ ਦੇਣ ਦਾ ਪਖੰਡ ਕਰਦੇ ਹਨ, ਉਹ (ਉਨ੍ਹਾਂ ਕੁਚੱਜੀਆਂ ਜ਼ਨਾਨੀਆਂ ਵਾਂਗ ਹਨ ਜੋ) ਨਾ ਸੋਹਾਗਣਾ ਹਨ ਨਾ ਰੰਡੀਆਂ । (ਅੰਨ ਛੱਡਣ ਵਾਲੇ ਸਾਧੂ,) ਲੋਕਾਂ ਵਿਚ ਆਖਦੇ ਫਿਰਦੇ ਹਨ, ਅਸੀ ਦੁੱਧ ਪੀ ਕੇ ਹੀ ਨਿਰਬਾਹ ਕਰਦੇ ਹਾਂ, ਪਰ ਚੋਰੀ ਸਾਰੀ ਪਿੰਨੀ ਖਾ ਜਾਂਦੇ ਹਨ **। ੩ ।** ਅੰਨ ਤੋਂ ਬਗ਼ੈਰ ਸੁਕਾਲ ਨਹੀਂ ਹੁੰਦਾ, ਅੰਨ ਛੱਡਿਆਂ ਰੱਬ ਨਹੀਂ ਮਿਲਦਾ । ਕਬੀਰ ਜੀ ਦਾ ਫ਼ੁਰਮਾਨ ਹੈ ਕਿ ਸਾਨੂੰ ਇਹ ਨਿਸਚਾ ਹੈ ਕਿ ਅੰਨ ਬੜਾ ਸੁੰਦਰ ਪਦਾਰਥ ਹੈ ਜਿਸ ਨੂੰ (ਸਿਮਰਨ ਕਰਕੇ) ਸਾਡਾ ਮਨ ਪ੍ਰਭੂ ਨਾਲ ਜੁੜਦਾ ਹੈ । ੪ ।

ਪਰ ਨਾਲ ਹੀ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਖ਼ੁਰਾਕ ਵੀ ਸਰੀਰ ਦੀ ਪਾਲਣਾ ਕਰਨ ਜੋਗੀ ਹੀ ਖਾਣੀ ਹੈ । ਲੋੜ ਤੋਂ ਵਧ ਕੇਵਲ ਸੁਆਦ ਕਰਕੇ ਖ਼ੁਰਾਕ ਖਾਣੀ ਆਲਸ ਪੈਦਾ ਕਰਦੀ ਹੈ ਤੇ ਹੋਰ ਕਈ ਬੀਮਾਰੀਆਂ ਨੂੰ ਜਨਮ ਦਿੰਦੀ ਹੈ । ਪ੍ਰਭੂ ਦੇ ਸਿਮਰਨ ਲਈ--**ਖੰਡਿਤ ਨਿੰਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥ ੮ ॥** [੯੩੯] ਥੋਹੜੀ ਨੀਂਦ ਅਤੇ ਥੋਹੜੀ ਖ਼ੁਰਾਕ ਹੋਣੀ ਲੋੜੀਏ ।

੧੯- **ਗੁਰਮੁਖਿ ਅੰਮ੍ਰਿਤੁ ਨਾਮੁ ਹੈ ਜਿਤੁ ਖਾਧੈ ਸਭ ਭੁਖ ਜਾਇ ॥ ਤ੍ਰਿਸਨਾ ਮੂਲਿ ਨ ਹੋਵਈ,**

**ਨਾਮੁ ਵਸੈ ਮਨਿ ਆਇ ॥ ਬਿਨੁ ਨਾਵੈ ਜਿ ਹੋਰੁ ਖਾਣਾ, ਤਿਤੁ ਰੋਗੁ ਲਗੈ ਤਨਿ ਧਾਇ ॥**

**ਨਾਨਕ ਰਸ ਕਸ ਸਬਦੁ ਸਲਾਹਣਾ, ਆਪੇ ਲਏ ਮਿਲਾਇ ॥ ੧ ॥**[੧੨੫੦]-ਵਾਰ-੩੩

**ਅਰਥ**:--ਗੁਰੂ ਦੇ ਪਾਸ ਪ੍ਰਭੂ ਦਾ ਨਾਮ ਇਕ ਐਸਾ ਪਵਿਤ੍ਰ ਭੋਜਨ ਹੈ ਜਿਸ ਦੇ ਖਾਣ ਨਾਲ (ਮਾਇਆ ਦੀ) ਭੁੱਖ ਦੂਰ ਹੋ ਜਾਂਦੀ ਹੈ, (ਮਾਇਆ ਦੀ) ਤ੍ਰਿਸ਼ਨਾ ਉੱਕਾ ਹੀ ਨਹੀਂ ਰਹਿੰਦੀ, ਮਨ ਵਿਚ ਪ੍ਰਭੂ ਦਾ ਨਾਮ ਆ ਵੱਸਦਾ ਹੈ । ਪ੍ਰਭੂ ਦਾ ਨਾਮ ਵਿਸਾਰ ਕੇ ਖਾਣ-ਪੀਣ ਦਾ ਜੋ ਵੀ ਕੋਈ ਹੋਰ ਚਸਕਾ (ਮਨੁੱਖ ਨੂੰ ਲੱਗਦਾ) ਹੈ ਉਸ ਦੀ ਰਾਹੀਂ (ਤ੍ਰਿਸ਼ਨਾ ਦਾ) ਰੋਗ ਸਰੀਰ ਵਿਚ ਬੜਾ ਡੂੰਘਾ ਅਸਰ ਪਾ ਕੇ ਆ ਗ੍ਰਸਦਾ ਹੈ । ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ, ਜੇ ਮਨੁੱਖ (ਮਾਇਆ ਦੇ) ਅਨੇਕ ਕਿਸਮ ਦੇ ਸੁਆਦਾਂ ਦੇ ਥਾਂ ਗੁਰੂ ਸ਼ਬਦ ਨੂੰ ਪ੍ਰਭੂ ਦੀ ਸਿਫ਼ਤਿ-ਸਾਲਾਹ ਨੂੰ ਗ੍ਰਹਿਣ ਕਰੇ ਤਾਂ ਪ੍ਰਭੂ ਆਪ ਹੀ ਇਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ । ੧ ।

੩

## ਗੁਰੂ ਸਬਦ ਦਾ ਅਥਵਾ ਪ੍ਰਭੂ-ਨਾਮ ਰਸ ਦਾ ਸੁਆਦ (-ਸਾਦ)

[ਸਾਕਤ ਹਰਿ ਰਸ ਸਾਦੁ ਨ ਜਾਣਿਆ, ਤਿਨ ਅੰਤਰਿ ਹਉਮੈ ਕੰਡਾ ਹੇ।]

੧੧- **ਸਬਦੈ ਸਾਦੁ ਜਾਣਹਿ** ਤਾ ਆਪੁ ਪਛਾਣਹਿ ॥ਨਿਰਮਲ ਬਾਣੀ ਸਬਦਿ ਵਖਾਣਹਿ ॥
ਸਚੇ ਸੇਵਿ ਸਦ ਸੁਖੁ ਪਾਇਨਿ ਨਉਨਿਧਿ ਨਾਮੁ ਮੰਨਿ ਵਸਾਵਣਿਆ ॥ ੫ ॥[੧੧੫]-੧੦-੧੧

੧੧- ਅੰਮ੍ਰਿਤ ਨਾਮੁ ਭੁੰਚੁ ਮਨ ਮਾਹੀ ॥ **ਅਚਰਜ ਸਾਦ ਤਾ ਕੇ** ਬਰਨੇ ਨ ਜਾਹੀ ॥ ੨ ॥ [੭੪੨]-੨੧-੨੭

੧੨- **ਰਸਨਾ ਹਰਿ ਸਾਦਿ ਲਗੀ** ਸਹਜਿ ਸੁਭਾਇ ॥ ਮਨੁ ਤ੍ਰਿਪਤਿਆ ਹਰਿਨਾਮੁ ਧਿਆਇ ॥ ੧ ॥[੫੬੦]-੭

੧੩- ਜਪ ਮਨ ਰਾਮ ਨਾਮੁ ਸੁਖਦਾਤਾ ॥
ਸਤਸੰਗਤਿ ਮਿਲਿ **ਹਰਿ ਸਾਦੁ ਆਇਆ** ਗੁਰਮੁਖਿ ਬ੍ਰਹਮੁ ਪਛਾਤਾ ॥ ੧ ॥ ਰਹਾਉ ॥[੯੮੪]-੨

੧੪- **ਵਿਣੁ ਚਾਖੇ ਸਾਦੁ ਕਿਸੈ ਨ ਆਇਆ** ॥ ਗੁਰ ਕੈ ਸਬਦਿ ਅੰਮ੍ਰਿਤੁ ਪੀਆਇਆ ॥
ਅੰਮ੍ਰਿਤੁ ਪੀ ਅਮਰਾ ਪਦੁ ਹੋਏ ਗੁਰ ਕੈ ਸਬਦਿ ਰਸ ਤਾਹਾ ਹੇ ॥ ੭ ॥[੧੦੫੬]-੪-੧੩

੧੫- **ਰਸਨਾ ਸਾਦ ਚਖੈ ਭਾਇ ਦੂਜੈ** ਅਤਿ ਫੀਕੇ ਲੋਭ ਬਿਕਾਰੇ ॥
ਜੋ ਗੁਰਮੁਖਿ ਸਾਦ ਚਖਹਿ ਰਾਮ ਨਾਮਾ ਸਭ ਅਨ ਰਸ ਸਾਦ ਬਿਸਾਰੇ ॥ ੫॥ [੯੮੦]-੧

੧੬- ਹਰਿ ਰਸੁ ਜਨ ਚਾਖਹੁ ਜੇ ਭਾਈ ॥ **ਤਉ ਕਤ ਅਨਤ ਸਾਦਿ ਲੋਭਾਈ** ॥ ੧ ॥ ਰਹਾਉ ॥ [੭੩੩]-੩-੭

੧੭- ਬਿਦਿਆ ਮਹਿ ਬਿਦੁਅੰਸੀ ਰਚਿਆ ਨੈਨ ਦੇਖਿ ਸੁਖੁ ਪਾਵਹਿ ॥
**ਜੈਸੇ ਰਸਨਾ ਸਾਦਿ ਲੁਭਾਨੀ ਤਿਉ ਹਰਿ ਜਨ ਹਰਿ ਗੁਣ ਗਾਵਹਿ** ॥ ੩ ॥ [੬੧੩]-੫-੧੬

੧੮- ਨੇਤ੍ਰ ਸੰਤੋਖ ਦਰਸੁ ਕੇਖਿ ॥ ਰਸਨਾ ਗਾਏ ਗੁਣ ਅਨੇਕ ॥
ਤ੍ਰਿਸਨਾ ਬੂਝੀ ਗੁਰ ਪ੍ਰਸਾਦਿ ॥ ਮਨ ਆਘਾਨਾ ਹਰਿ **ਰਸਹਿ ਸੁਆਦਿ** ॥ ੩ ॥ [੧੧੮੧]-੬

੧੯- ਹਉ ਵਾਰੀ ਜੀਉ ਵਾਰੀ ਹਰਿ ਰਸੁ **ਚਖਿ ਸਾਦੁ** ਪਾਵਣਿਆ ॥
ਹਰ ਰਸੁ ਚਾਖਹਿ ਸੇ ਜਨ ਨਿਰਮਲ ਨਿਰਮਲ ਨਾਮੁ ਧਿਆਵਣਿਆ ॥ ੧ ॥ ਰਹਾਉ ॥[੧੨੮]-੩੧-੩੨

੨੦- ਅੰਤਰਿ ਜਪੁ ਤਪੁ ਸੰਜਮੋ ਗੁਰ ਸਬਦੀ ਜਾਪੈ ॥ ਹਿਰਿ ਹਰਿ ਨਾਮੁ ਧਿਆਈਐ ਹਉਮੈ ਅਗਿਆਨੁ ਗਵਾਪੈ ॥
ਅੰਦਰੁ ਅੰਮ੍ਰਿਤਿ ਭਰਪੂਰੁ ਹੈ **ਚਾਖਿਆ ਸਾਦੁ ਜਾਪੈ** ॥ ਜਿਨ ਚਾਖਿਆ ਸੇ ਨਿਰਭਉ ਭਏ ਸੇ ਹਰਿ ਰਸਿ
ਧ੍ਰਾਪੈ ॥ ਹਰਿ ਕਿਰਪਾ ਧਾਰਿ ਪੀਆਇਆ ਫਿਰਿ ਕਾਲੁ ਨ ਵਿਆਪੈ ॥ ੧੭ ॥[੧੦੯੨]-ਵਾ-੧੭

**ਅਰਥ**:--(ਦੂਜੇ ਭਰਮ ' ਭਰਮ ਵਲੋਂ ਹਟ ਕੇ) ਮਨ ਦੇ ਅੰਦਰ ਹੀ ਟਿਕਣਾ--ਇਹੀ ਜਪ ਹੈ ਇਹੀ ਤਪ ਹੈ ਇਹੀ ਇੰਦ੍ਰਿਆਂ ਨੂੰ ਵਿਕਾਰਾਂ ਵਲੋਂ ਰੋਕਣ ਦਾ ਸਾਧਨ ਹੈ, ਪਰ ਇਹ ਸਮਝ ਸਤਿਗੁਰੂ ਦੇ ਸ਼ਬਦ ਦੀ ਰਾਹੀਂ ਆਉਂਦੀ ਹੈ । ਜੇ (ਦੂਜੇ ਭਰਮ ਨੂੰ ਛੱਡ ਕੇ) ਪ੍ਰਭੂ ਦਾ ਨਾਮ ਸਿਮਰੀਏ ਤਾਂ ਹਉਮੈ ਤੇ ਆਤਮਕ ਜੀਵਨ ਵਲੋਂ ਬਿ-ਸਮਝੀ ਦੂਰ ਹੋ ਜਾਂਦੀ ਹੈ । (ਉਂਵ ਤਾਂ ਸਦਾ ਹੀ) ਹਿਰਦਾ ਨਾਮ-ਅੰਮ੍ਰਿਤ ਨਾਲ ਨਕਾ-ਨਕ ਭਰਿਆ ਹੋਇਆ ਹੈ (ਭਾਵ, ਪਰਮਾਤਮਾ ਰੋਮ ਰੋਮ ਵਿਚ ਜੀਵ ਦੇ ਅੰਦਰ ਹੀ ਵੱਸਦਾ ਹੈ), ਪਰ (ਗੁਰੂ-ਸ਼ਬਦ ਦੀ ਰਾਹੀਂ ਨਾਮ-ਰਸ) **ਚੱਖਿਆਂ ਸੁਆਦ ਆਉਂਦਾ** ਹੈ । ਜਿੰਨ੍ਹਾਂ ਨੇ ਇਹ ਨਾਮ-ਰਸ ਚੱਖਿਆ ਹੈ ਉਹ ਨਿਰਭਉ (ਪ੍ਰਭੂ ਦਾ ਰੂਪ) ਹੋ ਜਾਂਦੇ ਹਨ, ਉਹ ਨਾਮ ਦੇ ਰਸ ਨਾਲ ਰੱਜ ਜਾਂਦੇ ਹਨ । ਜਿੰਨ੍ਹਾਂ ਨੂੰ ਪ੍ਰਭੂ ਨੇ ਮਿਹਰ ਕਰ ਕੇ ਇਹ ਰਸ ਪਿਲਾਇਆ ਹੈ ਉਨ੍ਹਾਂ ਨੂੰ ਮੁੜ ਮੌਤ ਦਾ ਡਰ ਦਬਾ ਨਹੀਂ ਸਕਦਾ (ਆਤਮਕ ਮੌਤ ਉਨ੍ਹਾਂ ਦੇ ਨੇੜੇ ਨਹੀਂ ਆਉਂਦੀ) । ੧੭ ।

ਅਜੇਹੇ ਕੁਝ ਹੋਸ ਗੁਰੂ ਫ਼ੁਰਮਾਨਾ ਦੀ ਸੂਚੀ:--

੧=[੧੬੬]-

੨੧- **ਮਨਿ ਪਰਤੀਤਿ ਨ ਆਈਆ ਸਹਜਿ ਨ ਲਗੋ ਭਾਉ ॥**
**ਸਬਦੈ ਸਾਦੁ ਨ ਪਾਇਓ ਮਨ ਹਠਿ ਕਿਆ ਗੁਣ ਗਾਇ ॥**
**ਨਾਨਕ ਆਇਆ ਸੋ ਪਰਵਾਣੁ ਹੈ ਜਿ ਗੁਰਮੁਖਿ ਸਚਿ ਸਮਾਇ ॥ ੧ ॥** [੫੪੯]-ਵਾ-੪

੩

# ਮੀਠ, ਮੀਠਾ ਮਿਠੜਾ, ਮਿਸਟ

ਜ਼ਬਾਨ ਨੂੰ ਅਥਵਾ ਹਿਰਦੇ ਨੂੰ ਲੱਗਣ ਵਾਲਾ ਮਿਠਾ ਫਿਕਾ ਕਉੜਾ ਆਦਿ ਸੁਆਦ ਵੀ ਮਾਇਆ ਦਾ ਹੀ ਰੂਪ ਹੈ । ਸੁਖਮਨੀ ਸਾਹਿਬ ਦੀ ੧੪ਵੀ ਅਸਟਪਦੀ ਵਿਚ--" **ਪ੍ਰਭੂ ਕਾ ਕੀਆ ਜਨ ਮੀਠ** ਲਗਾਨਾ ॥ **ਫ਼ੁਰਮਾਉਣ ਵਾਲੇ ਸਤਿਗੁਰਾਂ ਕੋਲੋਂ, ਆਉ** ਰਸਾਂ ਦੇ ਇਸ ਰੂਪ ਦੀ ਵਰਤੋਂ ਬਾਰੇ ਗੁਰਮਤਿ ਪ੍ਰਾਪਤ ਕਰ ਕੇ ਇਸ ਪੱਖੋਂ ਵੀ ਜੀਵਨ ਜੁਗਤ ਸੁਆਰਨ ਜੋਗੇ ਬਣਨ ਦਾ ਉਪਾਰਲਾ ਕਰੀਏ:--

੨੨- **ਗੁਸਾਈ ਮਿਹੰਡਾ ਇਠੜਾ ॥ ਅੰਮ ਅਬੇ ਥਾਵਹੁ ਮਿਠੜਾ ॥**
**ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾਹੀ ਕੋਈ ਜੀਉ ॥ ੧ ॥**[੭੩]-੨-੨੯

**ਅਰਥ:**--ਸ੍ਰਿਸ਼ਟੀ ਦਾ ਮਾਲਕ ਮੇਰਾ (ਪ੍ਰਭੂ) ਬਹੁਤ ਪਿਆਰਾ (=ਇਠੜਾ) ਹੈ, (ਮੈਨੂੰ ਆਪਣੇ) ਮਾਂ ਪਿਉ ਨਾਲੋਂ ਵੀ ਵਧੀਕ ਮਿੱਠਾ ਲੱਗ ਰਿਹਾ ਹੈ। (ਹੇ ਪ੍ਰਭੂ !) ਭੈਣ ਭਰਾ ਤੇ ਹੋਰ ਸਾਰੇ ਸਾਕ-ਸੈਣ (ਮੈਂ ਵੇਖ-ਪਰਖ ਲਏ ਹਨ), ਤੇਰੇ ਬਰਾਬਰ ਦਾ ਹੋਰ ਕੋਈ (ਪਿਆਰ ਕਰਨ ਵਾਲਾ) ਨਹੀਂ ਹੈ । ੧ ।

੨੩- **ਤੇਰਾ ਕੀਤਾ ਜਿਸੁ ਲਾਗੈ ਮੀਠਾ ॥ ਘਟਿ ਘਟਿ ਪਾਰਬ੍ਰਹਮੁ ਤਿਨਿ ਜਨਿ ਡੀਠਾ ॥**
**ਥਾਨਿ ਥਨੰਤਰਿ ਤੂੰ ਹੈ ਤੂੰ ਹੈਂ ਇਕੋ ਇਕੁ ਵਰਤਾਵਣਿਆ ॥ ੨ ॥**[੧੩੧]-੩-੩੭

੨੪- **ਮੰਦਰਿ ਘਰਿ ਆਨੰਦੁ ਹਰਿ ਹਰਿ ਜਸੁ ਮਨਿ ਭਾਵੈ ॥**
**ਸਭ ਰਸ ਮੀਠੇ ਮੁਖਿ ਲਗਹਿ ਜਾ ਹਰਿਗੁਣ ਗਾਵੈ ॥ .... ੨ ॥** [੧੬੬]-੨-੮-੪੬

੨੫- **ਮੀਠੇ ਹਰਿ ਗੁਣ ਗਾਉ ਜਿੰਦੂ ਤੂੰ ਮੀਠੇ ਹਰਿ ਗੁਣ ਗਾਉ ॥**
**ਸਚੇ ਸੇਤੀ ਰਤਿਆ ਮਿਲਿਆ ਨਿਥਾਵੇ ਥਾਉ ॥ ੧ ॥**[੨੧੮]-੪-੧੭੨

੨੬- **ਗੁਰ ਕਾ ਸਬਦੁ ਲਗੋ ਮਨਿ ਮੀਠਾ ॥ ਪਾਰਬ੍ਰਹਮੁ ਤਾ ਤੇ ਮੋਹਿ ਡੀਠਾ ॥ ੩ ॥**[੧੮੭]--੩੮

੨੭- **ਸੰਤ ਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥ .... ੧ ॥** [੨੯੪]-ਅਸਟ-੨੩

**ਅਰਥ:**--(ਜਿਸ ਮਨੁੱਖ ਨੇ) ਸੰਤ (ਗੁਰੂ ਗ੍ਰੰਥ ਸਾਹਿਬ ਜੀ) ਦੇ (ਸਬਦ ਵਿਚਾਰ ਵਾਲੀ) ਸੰਗਤਿ ਵਿਚ (ਰਹਿ ਕੇ) ਆਪਣੇ ਅੰਦਰ ਅਕਾਲਪੁਰਖ ਨੂੰ ਵੇਖਿਆ ਹੈ, ਉਸ ਨੂੰ ਪ੍ਰਭੂ ਦਾ ਨਾਮ ਪਿਆਰਾ (=ਮੀਠਾ) ਲਗਣ ਲੱਗ ਪਿਆ ਹੈ ।

੨੮-- **ਆਪੇ ਆਪ ਪਛਾਣਿਆ ਸਾਦੁ ਮੀਠਾ ਭਾਈ ॥ ਹਰਿ ਰਸਿ ਚਾਖੀਐ ਮੁਕਤੁ ਭਏ ਜਿਨਾ ਸਾਚੋ ਭਾਈ ॥ ੧ ॥**[੪੨੬]-੭-੨੯

**ਅਰਥ:**--ਪਰਮਾਤਮਾ ਦਾ ਨਾਮ-ਰਸ ਚੱਖਣ ਨਾਲ ਮਨੁੱਖ ਆਪਣੇ ਹੀ ਆਤਮਕ ਜੀਵਨ ਨੂੰ ਪੜਤਾਲਣ ਲੱਗ ਪੈਂਦਾ ਹੈ ਤੇ ਇਸ ਤਰ੍ਹਾਂ ਨਾਮ-ਰਸ ਦਾ ਸੁਆਦ ਮਿੱਠਾ ਆਉਣ ਲੱਗ ਪੈਂਦਾ ਹੈ। (ਨਾਮ-ਰਸ ਦੀ ਬਰਕਤਿ ਨਾਲ) ਜਿੰਨ੍ਹਾਂ ਨੂੰ ਸਦਾ ਥਿਰ ਰਹਿਣ ਵਾਲਾ ਪਰਮਾਤਮਾ ਪਿਆਰਾ ਲੱਗਣ ਲੱਗ ਪੈਂਦਾ ਹੈ ਉਹ ਮਾਇਆ ਦੇ ਮੋਹ ਤੋਂ ਆਜ਼ਾਦ ਹੋ ਜਾਂਦੇ ਹਨ । ੧ ।

੨੯- **ਹਰਿ ਚਰਨ ਕਮਲ ਮਨੁ ਬੇਧਿਆ ਕਿਛੁ ਆਨ ਨ ਮੀਠਾ ਰਾਮ ਰਾਜੇ ॥**
**ਮਿਲਿ ਸੰਤ ਸੰਗਤਿ ਆਰਾਧਿਆ ਹਰਿ ਘਟਿ ਘਟੇ ਡੀਠਾ ਰਾਮ ਰਾਜੇ ॥ ... ੧ ॥** [੪੫੩]-੧-੩

੩੦- **ਪ੍ਰਭ ਜਨਮ ਮਰਨ ਨਿਵਾਰਿ ॥ ਹਾਰਿ ਪਰਿਓ ਦੁਆਰਿ ॥ ਗਹਿ ਚਰਨ ਸਾਧੂ ਸੰਗ ॥**
**ਮਨ ਮਿਸਟਿ ਹਰਿ ਹਰਿ ਰੰਗ ॥ ਕਰਿ ਦਇਆ ਲੇਹੁ ਲੜਿ ਲਾਇ ॥ ਨਾਨਕਾ ਨਾਮੁ ਧਿਆਇ ॥ ੧ ॥**[੮੩੭]-੨

੩੧- **ਕਰਿ ਅਨੁਗ੍ਰਹੁ ਰਾਖਿ ਲੀਨੋ ਭਇਓ ਸਾਧੂ ਸੰਗੁ ॥**
**ਹਰਿ ਨਾਮ ਰਸੁ ਰਸਨਾ ਉਚਾਰੈ ਮਿਸਟ ਗੂੜਾ ਰੰਗੁ ॥ ੧ ॥** [੧੦੧੭]-ਅਸਟ-੨

**ਅਰਥ:**--ਦਇਆ (=ਅਨੁਗ੍ਰਹੁ) ਕਰ ਕੇ ਜਿਸ ਮਨੁੱਖ ਦੀ ਰੱਖਿਆ ਪਰਮਾਤਮਾ ਕਰਦਾ ਹੈ, ਉਸ ਨੂੰ ਗੁਰੂ ਦਾ ਮਿਲਾਪ ਹੁੰਦਾ ਹੈ, ਉਹ ਮਨੁੱਖ ਪਰਮਾਤਮਾ ਦੇ ਨਾਮ ਦਾ ਅਨੰਦ ਮਾਣਦਾ ਹੈ, ਉਹ ਆਪਣੀ ਜੀਭ ਨਾਲ ਪ੍ਰਭੂ ਦਾ ਨਾਮ ਜਪਦਾ ਹੈ, (ਉਸ ਦੇ ਮਨ ਉਤੇ ਪਰਮਾਤਮਾ ਦੇ ਪਿਆਰ ਦਾ) ਮਿੱਠਾ ਗੂੜ੍ਹਾ ਰੰਗ ਚੜ੍ਹਿਆ ਰਹਿੰਦਾ ਹੈ । ੧ ।

ਗੰਨੇ ਦੀ ਮਿਠਾਸ ਉਦਾਹਰਣ:--

੩੨- **ਸਾਚੇ ਗੁਰ ਕੀ ਸਾਚੀ ਸੀਖ ॥ ਤਨੁ ਮਨੁ ਸੀਤਲੁ ਸਾਚੁ ਪਰੀਖ ॥**
**ਜਲ ਪੁਰਾਇਨਿ ਰਸ ਕਮਲ ਪਰੀਖ ॥ ਸਬਦ ਰਤੇ ਮੀਠੇ ਰਸ ਈਖ ॥ ੩ ॥** [੧੫੨]-੫

**ਅਰਥ:**--ਜਿੰਨ੍ਹਾਂ ਮਨੁੱਖਾਂ ਨੂੰ ਸੱਚੇ ਸਤਿਗੁਰੂ ਦੀ ਸੱਚੀ ਸਿਖਿਆ ਪ੍ਰਾਪਤ ਹੁੰਦੀ ਹੈ, ਉਨ੍ਹਾਂ ਦਾ ਤਨ ਮਨ ਸ਼ਾਂਤ ਰਹਿੰਦਾ ਹੈ (ਭਾਵ, ਉਨ੍ਹਾਂ ਦੇ ਗਿਆਨ ਇੰਦ੍ਰੇ ਵਿਕਾਰਾਂ ਵਲੋਂ ਹਟੇ ਰਹਿੰਦੇ ਹਨ) ਉਹ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੂੰ ਪਛਾਣ ਲੈਂਦੇ ਹਨ, (ਸਾਂਝ ਪਾ ਲੈਂਦੇ ਹਨ) । ਜਿਵੇਂ ਪਾਣੀ ਦੀ ਚੋਪੱਤੀ (=ਪੁਰਾਇਨਿ) ਜਾਂ ਜਿਵੇਂ ਪਾਣੀ ਦਾ ਕੌਲ ਫੁੱਲ (ਪਾਣੀ ਤੋਂ ਬਿਨਾ ਜੀਉਂਦੇ ਨਹੀਂ ਰਹਿ ਸਕਦੇ, ਤਿਵੇਂ ਉਨ੍ਹਾਂ ਦੀ ਜਿੰਦ ਪ੍ਰਭੂ ਨਾਮ ਦਾ ਵਿਛੋੜਾ ਸਹਾਰ ਨਹੀਂ ਸਕਦੀ) । ਉਹ ਗੁਰੂ ਦੇ ਸ਼ਬਦ ਵਿਚ ਰੰਗੇ ਰਹਿੰਦੇ ਹਨ, ਉਹ ਮਿੱਠੇ ਸੁਭਾਵ ਵਾਲੇ ਹੁੰਦੇ ਹਨ, ਜਿਵੇਂ ਗੰਨੇ ਦੀ ਰਹੁ ਮਿੱਠੀ ਹੈ । ੩ ।

ਗੰਨੇ ਨੂੰ ਮਿਠਾ ਫ਼ੁਰਮਾਨ ਕਰਕੇ ਉਸ ਤੋਂ ਵਡਮੁੱਲਾ ਉਪਦੇਸ਼:--

੩੩- **ਵੇਖੁ ਜਿ ਮਿਠਾ ਕਟਿਆ, ਕਟਿ ਕੁਟਿ ਬਧਾ ਪਾਇ ॥ ਖੁੰਢਾ ਅੰਦਰਿ ਰਖਿ ਕੈ, ਦੇਨਿ ਸੁ ਮਲ ਸਜਾਇ ॥**
**ਰਸੁ ਕਸੁ ਟਟਰਿ ਪਾਈਐ, ਤਪੈ ਤੈ ਵਿਲਲਾਇ ॥ ਭੀ ਸੋ ਫੋਗੁ ਸਮਾਲੀਐ, ਦਿਚੈ ਅਗਿ ਜਲਾਇ ॥**
**ਨਾਨਕ ਮਿਠੈ ਪਤਰੀਐ, ਵੇਖਹੁ ਲੋਕਾ ਆਇ ॥ ੨ ॥** [੧੪੩]-ਵਾ-੧੧

ਅਰਥ:--(ਹੇ ਭਾਈ ਵੇਖ !ਕਿ) ਗੰਨਾ (=ਮਿਠਾ) ਵੱਢੀਦਾ ਹੈ, ਛਿੱਲ ਛੱਲ ਕੇ, ਰੱਸੀ ਪਾ ਕੇ ਬੰਨ੍ਹ ਲਈਦਾ ਹੈ (ਭਾਵ, ਭਰੀਆਂ ਬੰਨ੍ਹ ਲਈਦੀਆਂ ਹਨ) । ਫਿਰ ਵੇਲਣੇ ਦੀਆਂ ਲੱਠਾਂ ਵਿਚ ਰੱਖ ਕੇ ਭਲਵਾਨ (ਭਾਵ, ਜ਼ਿਮੀਦਾਰ) ਇਸ ਨੂੰ (ਮਾਨੋ) ਸਜ਼ਾ ਦਿੰਦੇ ਹਨ (ਭਾਵ, ਪੀੜਦੇ ਹਨ) । ਸਾਰੀ ਰਹੁ ਕੜ੍ਹਾਹੇ ਵਿਚ ਪਾ ਲਈਦੀ ਹੈ, (ਅੱਗ ਦੇ ਸੇਕ ਨਾਲ ਇਹ ਰਹੁ) ਕੜ੍ਹਦੀ ਹੈ ਤੇ (ਮਾਨੋ) ਵਿਲਕਦੀ ਹੈ । (ਗੰਨੇ ਦਾ) ਉਹ ਫੋਗ (ਚੂਰਾ) ਵੀ ਸਾਂਭ ਲਈਦਾ ਹੈ ਤੇ ( ਸੁਕਾ ਕੇ ਕੜਾਹੇ ਹੇਠ) ਅੱਗ ਵਿਚ ਸਾੜ ਦੇਈਦਾ ਹੈ (ਚੂਰਾ ਬਾਲਣ ਦੇ ਥਾਂ ਵਰਤ

ਲਈਦਾ ਹੈ । (ਗੁਰੂ ਨਾਨਕ ਪਾਤਸ਼ਾਹ ਜੀ ਸਾਨੂੰ ਸੰਬੋਧਨ ਕਰਦੇ ਹੋਏ ਫ਼ੁਮਾਉਂਦੇ ਹਨ)--ਹੇ ਲੋਕੋ ! ਆ ਕੇ (ਗੰਨੇ ਦਾ ਹਾਲ) ਵੇਖੋ, ਮਿੱਠੇ ਦੇ ਕਾਰਨ (ਮਾਇਆ ਦੀ ਮਿਠਾਸ ਦੇ ਮੋਹ ਦੇ ਕਾਰਣ ਗੰਨੇ ਵਾਂਗ ਇਉਂ ਹੀ) ਖ਼ੁਆਰ (=ਪਤਰੀਐ) ਹੋਈਦਾ ਹੈ । ੨ ।

ਮਾਇਆ ਜ਼ਹਿਰ ਨੂੰ ਮਿਠੀ ਕਰਕੇ ਖਾਣ ਬਾਰੇ ਹੀ ਗੁਰਮਤਿ ਉਪਦੇਸ਼:--

੩੪- **ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥**
**ਸਿਰ ਊਪਰਿ ਠਢੋ ਧਰਮਰਾਇ ॥ ਮੀਠੀ ਕਰਿ ਕਰਿ ਬਿਖਿਆ ਖਾਇ ॥ ੨ ॥** [੧੭੮]-੯-੭੮

ਮਾਇਆ ਦੀ ਮਿਠਾਸ ਦੇ ਮੋਹ ਤੋਂ ਹੀ ਮੱਖੀ ਗੁੜ ਵਿਚ ਫਸ ਮਰਦੀ ਹੈ, ਕਾਮ-ਰੂਪ ਮਾਇਆ ਦੇ ਮੋਹ ਵਿਚ ਹਾਥੀ ਟੋਏ ਵਿਚ ਡਿਗ ਕੇ ਫੜਿਆ ਜਾਂਦਾ ਹੈ ਤੇ ਸਾਰੀ ਉਮਰ ਪਰ-ਅਧੀਨ ਰਹਿਣ ਦਾ ਦੁਖ ਸਹੇੜ ਲੈਂਦਾ ਹੈ, ਏਵੇਂ ਹੰਕਾਰੀ ਮਨਮੁੱਖ ਵਿਕਾਰਾਂ-ਰੂਪ ਮਾਇਆ ਮੋਹ ਤੋਂ ਉਪਜੇ ਵਿਕਾਰਾਂ ਦੇ ਖੂਹ ਵਿਚ ਫਸ ਦੀਨ ਦੁਨੀਆਂ ਗੁਆ ਕੇ ਖੱਜਲ ਖ਼ੁਆਰ ਹੁੰਦਾ ਹੈ:----

੩੫- **ਮਿਠੈ ਮੁਖ ਮੁਆ ਕਿਉ ਲਏ ਓਡਾਰੀ ॥ ਹਸਤੀ ਗਰਤਿ ਪਇਆ ਕਿਉ ਤਰੀਐ ਤਾਰੀ ॥ ਤਰਣੁ ਦੁਹੇਲਾ**
**ਭਇਆ ਖਿਨ ਮਹਿ ਖਸਮੁ ਚਿਤਿ ਨ ਆਇਓ ॥ ਦੂਖਾ ਸਜਾਈ ਗਣਤ ਨਾਹੀ ਕੀਆ ਅਪਣਾ ਪਾਇਓ ॥**
**ਗੂੜਾ ਕਮਾਣਾ ਪ੍ਰਗਟੁ ਹੋਆ ਈਤ ਊਤਹਿ ਖੁਆਰੀ ॥ ਨਾਨਕ ਸਤਿਗੁਰ ਬਾਝੁ ਮੂਠਾ ਮਨਮੁਖੋ ਅਹੰਕਾਰੀ ॥ ੩ ॥**[੪੬੦]-੨-੧੧

੩੬ **ਬਿਖੁ ਫਲ ਮੀਠ ਲਗੇ, ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥**
**ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ, ਜਨਮ ਮਰਨ ਫਿਰਿ ਤਾਨਿਆ ॥ ੧ ॥**[੪੮੭]-੧

੩੭- ਮਿਠਾ ਸੋ ਜੋ ਭਾਵਦਾ ਸਜਣੁ ਸੋ ਜਿ ਰਾਸਿ ॥ ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੈ ਪਰਗਾਸੁ ॥ ੨ ॥ [੫੧੭]-ਵਾ-੨੧

## ੪
## ਕਉੜਾ-ਮਿੱਠਾ

ਗੁਰਬਾਣੀ ਵਿਚ ਕਉੜਾ ਲਫ਼ਜ਼ ਮਿਠੇ ਦੇ ਨਾਲ ਆਇਆ ਹੈ, ਪਰ ਅਰਥ ਕੇਵਲ ਜ਼ਬਾਨ ਦੇ ਸੁਆਦ ਵਾਲੇ ਨਹੀਂ ਹਨ:---

੩੮- **ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ॥ ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ ॥੬॥**[੨੨੯]-੨-੧੮

**ਅਰਥ:**--ਨਾਮ-ਰਸ ਹੋਰ ਰਸਾਂ ਨਾਲੋਂ ਮਿੱਠਾ ਹੈ, ਇਸ ਨੂੰ ਜਗਤ ਕੌੜਾ ਆਖਦਾ ਹੈ । ਵਿਸ਼ਿਆਂ ਦਾ ਰਸ ਅੰਤ ਨੂੰ ਕੌੜਾ (ਦੁਖਦਾਈ ਸਾਬਤ ਹੁੰਦਾ) ਹੈ।ਪ੍ਰਭੂ ਦੇ ਨਾਮ-ਰੰਗ ਵਿਚ ਰੰਗੇ ਹੋਏ ਦੀ ਲੋਕ ਨਿੰਦਾ ਕਰਦੇ ਹਨ । ਜਗਤ ਵਿਚ ਇਹ ਅਚਰਜ ਤਮਾਸ਼ਾ ਵੇਖਣ ਵਿਚ ਆ ਰਿਹਾ ਹੈ । ੬ ।

੩੯- **ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ ॥ ਸਾਦੁ ਆਇਆ ਤਿਨ ਹਰਿ ਜਨਾਂ ਚਖਿ ਸਾਧੀ ਡਿਠਾ ॥**
**ਪਾਰਬ੍ਰਹਮਿ ਜਿਸੁ ਲਿਖਿਆ ਮਨਿ ਤਿਸੈ ਵੁਠਾ ॥ ਇਕੁ ਨਿਰੰਜਨੁ ਰਵਿ ਰਹਿਆ ਭਾਉ ਦੁਯਾ ਕੁਠਾ ॥.. ੧੩ ॥**[੩੨੧]-੧੩

**ਅਰਥ:--**(ਦੁਨੀਆ ਦੀਆਂ ਬਾਕੀ) ਸਾਰੀਆਂ ਚੀਜ਼ਾਂ (ਆਖ਼ਰ) ਕੌੜੀਆਂ (ਹੋ ਜਾਂਦੀਆਂ) ਹਨ (ਇਕ) ਸੱਚੇ ਪ੍ਰਭੂ ਦਾ ਨਾਮ (ਹੀ ਸਦਾ ਮਿੱਠਾ ਰਹਿੰਦਾ ਹੈ, (ਪਰ) ਇਹ ਸੁਆਦ ਸਾਧ-ਹਰਿਜਨਾਂ ਨੂੰ ਹੀ ਆਉਂਦਾ ਹੈ ਜਿਨ੍ਹਾਂ (ਇਹ ਨਾਮ-ਰਸ) ਚੱਖ ਕੇ ਵੇਖਿਆ ਹੈ, ਤੇ ਉਸੇ ਮਨੁੱਖ ਦੇ ਮਨ ਵਿਚ (ਇਹ ਸੁਆਦ) ਆ ਕੇ ਵੱਸਦਾ ਹੈ ਜਿਸ ਦੇ ਭਾਗਾਂ ਵਿਚ ਪਾਰਬ੍ਰਹਮ ਨੇ ਲਿਖ ਦਿੱਤਾ ਹੈ । (ਐਸੇ ਭਾਗਾਂ ਵਾਲੇ ਨੂੰ) ਮਾਇਆ-ਰਹਿਤਪ੍ਰਭੂ ਹੀ ਹਰ ਥਾਂ ਦਿੱਸਦਾ ਹੈ (ਉਸ ਮਨੁੱਖ ਦਾ) ਦੂਜਾ ਭਾਵ ਨਾਸ ਹੋ ਜਾਂਦਾ ਹੈ ।

ਆਪ ਹੀ ਇਹ ਬਚਨ ਲਿਖਣ ਵਾਲੇ ਸਤਿਗੁਰੂ ਜੀ ਕਿ ਸਿਵਾਏ ਨਾਮ-ਰਸ ਦੇ ਬਾਕੀ ਸਾਰੇ ਪਦਾਰਥ ਕੌੜੇ ਹਨ, ਨਾਮ-ਰਸ ਘੋਲਣ ਲੱਗੇ ਪਤਾਸ਼ੇ ਪਾਉਣੇ ਮੰਨ ਗਏ ਹੋਣਗੇ ? ਕਿਤੇ ਇਹ ਵੀ ਕਿਸੇ ਪੰਥ-ਵਿਰੋਧੀ ਦੀ ਹੀ ਕੁਟਲਤਾ ਨਾ ਹੋਵੇ ? ਖੰਡੇ ਬਾਟੇ ਦੇ ਅੰਮ੍ਰਿਤ ਦੀ ਤਿਆਰੀ ਸਮੇਂ ਪਾਏ ਜਾ ਰਹੇ ਪਤਾਸਿਆਂ ਵਾਲੀ ਮਰਯਾਦਾ, ਗੁਰੂ-ਬਾਣੀ ਦੀ ਕਸਵਟੀ ਤੇ ਪਰਖਿਆਂ ਪੂਰੀ ਨਹੀਂ ਉਤਰਦੀ ।

੪੦- **ਲਖ ਸਿਉ ਪ੍ਰੀਤਿ ਹੋਵੈ ਲਖ ਜੀਵਣੁ ਕਿਆ ਖੁਸੀਆ ਕਿਆ ਚਾਉ ॥ ਵਿਛੁੜਿਆ ਵਿਸੁ ਹੋਇ ਵਿਛੋੜਾ ਏਕ**
**ਘੜੀ ਮਹਿ ਜਾਇ ॥ ਜੇ ਸਉ ਵਰ੍ਹਿਆ ਮਿਠਾ ਖਾਜੈ, ਭੀ ਫਿਰਿ ਕਉੜਾ ਖਾਇ ॥ ਮਿਠਾ ਖਾਧਾ ਚਿਤਿ ਨ**
**ਆਵੈ, ਕਉੜਤਣੁ ਧਾਇ ਜਾਇ ॥ ਮਿਠਾ ਕਉੜਾ ਦੋਵੈ ਰੋਗ ॥ ਨਾਨਕ ਅੰਤਿ ਵਿਗੁਤੇ ਭੋਗ ॥ ਝਖਿ**
**ਝਖਿ ਝਖਣਾ ਝਗੜਾ ਝਾਖ ॥ ਝਖਿ ਝਖਿ ਜਾਹਿ ਝਖਹਿ ਤਿਨ ਪਾਸਿ ॥ ੧ ॥** [੧੨੪੩]-੧੫

**ਪਦ ਅਰਥ:**--ਲਖ ਜੀਵਣੁ=ਲੱਖਾਂ ਵਰ੍ਹਿਆਂ ਦੀ ਜ਼ਿੰਦਗੀ । ਕਿਆ ਖ਼ੁਸ਼ੀਆ=ਭਾਵੇਂ ਕਿੰਨੀਆਂ ਵੀ ਖ਼ੁਸ਼ੀਆਂ ਹੋਣ । ਵਿਛੜਿਆ=ਸਰੀਰ ਤੇ ਜਿੰਦ ਦੇ ਵਿੱਛੜਨ ਵੇਲੇ । ਵਿਸ=ਵਿਹੁ, ਜ਼ਹਿਰ, (ਭਾਵ, ਬਹੁਤ ਦੁਖਦਾਈ) । ਜਾਇ=ਜੀਵ ਤੁਰ ਪੈਂਦਾ ਹੈ । ਖਾਜੈ=ਖਾਵੀਏ । ਕਉੜਾ=(ਮੌਤ ਹੋਣ ਤੇ ਵਿਛੋੜੇ ਦਾ) ਕੌੜਾ (ਘੁੱਟ) । ਚਿਤਿ ਨ ਆਵੈ=ਚੇਤੇ ਵਿਚ ਨਹੀਂ ਰਹਿੰਦਾ, ਵਿੱਸਰ ਜਾਂਦਾ ਹੈ । ਧਾਇ ਧਾਇ=ਡੂੰਘਾ ਅਸਰ ਪਾਉਂਦਾ ਹੈ । ਕਉੜਤਣ=(ਭਾਵ,) ਵਿਛੋੜਾ, ਭੋਗਾਂ ਦਾ ਮਿਲਣਾ ਤੇ ਵਿੱਛੁੜਨਾ । ਰੋਗ=ਦੁਖਦਾਈ । ਭੋਗ= ਭੋਗਾਂ ਕਾਰਨ । ਵਿਗੁਤੇ=ਖ਼ੁਆਰ ਹੁੰਦੇ ਹਨ । ਝਖਿ ਝਖਿਝਖਣਾ= ਮੁੜ ਮੁੜ ਝਖਾਂ ਮਾਰਨੀਆਂ, ਮੁੜ ਮੁੜ ਵਿਸ਼ੇ ਭੋਗਣੇ । ਝਗੜਾ=ਇਕ ਲੰਮਾ ਗੇੜ। ਝਗੜਾ ਝਾਖ=ਝਖਾਂ ਮਾਰਨ ਦਾ ਇਕ ਲੰਮਾ ਗੇੜ, ਵਿਸ਼ੇ ਭੋਗਣ ਦਾ ਇਕ ਲੰਮਾ ਚਸਕਾ । ਤਿਨ ਪਾਸਿ= ਉਨ੍ਹਾਂ ਵਿਸ਼ੇ-ਵਿਕਾਰਾਂ ਦੇ ਕੋਲ ਹੀ । ਝਖਹਿ=ਟੱਕਰਾਂ ਮਾਰਦੇ ਹਨ, ਭਟਕਦੇ ਹਨ, ਵਾਸ਼ਨਾਂ ਨਾਲ ਬੱਧੇ ਰਹਿੰਦੇ ਹਨ ।

੪੧- **ਕਾਪੜੁ ਕਾਠੁ ਰੰਗਾਇਆ ਰਾਂਗਿ ॥ ਘਰ ਗਚ ਕੀਤੇ ਬਾਗੇ ਬਾਗ ॥ ਸਾਦ ਸਹਜ ਕਰਿ ਮਨੁ ਖੇਲਾਇਆ ॥**
**ਤੈ ਸਹ ਪਾਸਹੁ ਕਹਣੁ ਕਹਾਇਆ ॥ ਮਿਠਾ ਕਰਿ ਕੈ ਕਉੜਾ ਖਾਇਆ ॥ ਤਿਨਿ ਕਉੜੇ ਤਨਿ ਰੋਗੁ**
**ਜਮਾਇਆ ॥ ਜੇ ਫਿਰਿ ਮਿਠਾ ਪੇੜੈ ਪਾਇ ॥ ਤਉ ਕਉੜਤਣੁ ਚੂਕਸਿ ਮਾਇ ॥**
**ਨਾਨਕ ਗੁਰਮੁਖਿ ਪਾਵੈ ਸੋਇ ॥ ਜਿਸੁ ਨੋ ਪ੍ਰਾਪਤਿ ਲਿਖਿਆ ਹੋਇ ॥ ੨ ॥**[੧੨੪੩]-ਵਾਰ-੧੫

**ਪਦ ਅਰਥ**:--ਕਾਪੜੁ ਕਾਠ=ਕੱਪੜੇ ਤ ਲੱਕੜ ਦਾ ਸਾਮਾਨ (ਪਰਦੇ ਕੁਰਸੀਆਂ ਆਦਿਕ) । ਰਾਂਗਿ=ਰੰਗ ਨਾਲ । ਗਚ=ਚੂਨੇ-ਗੱਚ । ਬਾਗੇ ਬਾਗ=ਬੱਗੇ ਹੀ ਬੱਗੇ, ਚਿੱਟੇ ਹੀ ਚਿੱਟੇ । ਸਹਜ=ਸੁਖ । ਸਾਦਿ ਕਰਿ=ਸੁਆਦਾਂ ਨਾਲ । ਖੇਲਾਇਆ=ਖਿਡਾਇਆ, ਪਰਚਾਇਆ । ਕਹਣੁ=ਉਲਾਹਮਾ । ਕਉੜਾ=ਉਹ ਵਿਸ਼ੇ-ਭੋਗ ਜੋ ਅੰਤ ਨੂੰ ਦੁਖਦਾਈ ਹਨ । ਤਿਨਿ ਕਉੜੇ=ਉਸ ਵਿਸ਼ੇ-ਭੋਗ ਦੇ ਦੁਖਦਾਈ ਚਸਕੇ ਨੇ । ਤਨਿ=ਸਰੀਰ ਵਿਚ । ਮਿਠਾ=ਪ੍ਰਭੂ ਦਾ ਨਾਮ-ਰੂਪ ਸੁਆਦਲਾ ਪਦਾਰਥ। ਪੇੜੈ ਪਾਇ=ਪੱਲੇ ਪਏ, ਮਿਲ ਜਾਏ । ਮਿਠ=ਪ੍ਰਭੂ ਦਾ ਨਾਮ-ਰੂਪ ਸੁਆਦਲਾ ਪਦਾਰਥ ।

**ਅਰਥ**:--(ਮਨੁੱਖ ਨੇ) ਕੱਪੜੇ ਤੇ ਲੱਕੜ ਦਾ ਸਾਮਾਨ ਰੰਗ ਲਿਆ, ਘਰਾਂ ਨੂੰ ਚੂਨੇ-ਗੱਚ ਕਰ ਕੇ ਚਿੱਟੇ ਬਣਾ ਲਿਆ, (ਅਜੇਹੇ) ਸੁਆਦਾਂ ਤੇ ਸੁਖਾਂ ਨਾਲ ਮਨ ਨੂੰ ਪਰਚਾਉਂਦਾ ਰਿਹਾ, (ਪਰ ਇਨ੍ਹੀ ਕੰਮੀਂ) ਹੇ ਪ੍ਰਭੂ ! ਤੇਰੇ ਪਾਸੋਂ ਉਲਾਹਮਾ ਲਿਆ (ਕਿ ਮਨੁੱਖਾ ਜਨਮ ਦਾ ਮਨੋਰਥ ਨਾ ਖਟਿਆ), ਵਿਸ਼ੇ-ਵਿਕਾਰ ਜੋ ਆਖ਼ਰ ਦੁਖਦਾਈ ਹੁੰਦੇ ਹਨ ਸੁਆਦਲੇ ਜਾਣ ਕੇ ਮਾਣਦਾ ਰਿਹਾ, ਉਸ ਵਿਸ਼ੇ-ਭੋਗ ਨੇ ਸਰੀਰ ਵਿਚ ਰੋਗ ਪੈਦਾ ਕਰ ਦਿੱਤਾ । ਹੇ ਮਾਂ ! ਜੇ ਪ੍ਰਭੂ ਦਾ ਨਾਮ-ਰੂਪ ਸੁਆਦਲਾ ਭੋਜਨ ਮੁੜ ਮਿਲ ਜਾਏ, ਤਾਂ ਵਿਸ਼ੇ-ਭੋਗਾਂ ਤੋਂ ਪੈਦਾ ਹੋਇਆ ਦੁੱਖ ਦੂਰ ਹੋ ਜਾਂਦਾ ਹੈ, ਪਰ, ਹੇ ਨਾਨਕ ! ਇਹ ' ਮਿਠਾ ' ਨਾਮ ਉਸੇ ਗੁਰਮੁਖਿ ਨੂੰ ਮਿਲਦਾ ਹੈ ਜਿਸ ਦੇ ਭਾਗਾਂ ਵਿਚ ਇਸ ਦੀ ਪ੍ਰਾਪਤੀ ਲਿਖੀ ਹੋਵੇ । ੨।

੪੨- **ਕਾਚ ਬਿਹਾਝਨ, ਕੰਚਨ ਛਾਡਨ ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ ॥**
**ਰੋਵਨੁ ਕਉਰਾ, ਅਨਹੋਵਨੁ ਮੀਠਾ, ਬਿਖਿਆ ਮਹਿ ਲਪਟਾਇ ਜਰੇ ॥ ੧ ॥** [੮੨੩]-੧੦-੯੬

**ਅਰਥ**:--ਕੱਚ ਦਾ ਵਪਾਰ ਕਰਨਾ, ਸੋਨਾ ਛੱਡ ਦੇਣਾ, ਸੱਚੇ ਮਿੱਤਰ ਤਿਆਗ ਕੇ ਵੈਰੀ ਨਾਲ ਪਿਆਰ--(ਇਹ ਹਨ ਜੀਵਾਂ ਦੀਆਂ ਕਰਤੂਤਾਂ) । ਪਰਮਾਤਮਾ (ਦਾ ਨਾਮ) ਕੌੜਾ ਲੱਗਣਾ, ਮਾਇਆ ਦਾ ਮੋਹ ਮਿੱਠਾ ਲੱਗਣਾ (-ਇਹ ਹੈ ਨਿੱਤ ਦਾ ਸੁਭਾਉ ਜੀਵਾਂ ਦਾ। ਮਾਇਆ ਦੇ ਮੋਹ ਵਿਚ ਫਸ ਕੇ ਸਦਾ ਖਿਝਦੇ ਰਹਿੰਦੇ ਹਨ) । ੧ ।

੪੩- **ਮਿਠਾ ਕਰਿ ਕੈ ਖਾਇਆ ਪਿਆਰੇ ਤਿਨਿ ਤਨਿ ਕੀਤਾ ਰੋਗੁ ॥ ਕਉੜਾ ਹੋਇ**
**ਪਤਿਸਟਿਆ ਪਿਆਰੇ ਤਿਸ ਤੇ ਉਪਜਿਆ ਸੋਗੁ ॥ ਭੋਗ ਭੁੰਚਾਇ ਭੁਲਾਇਨੁ ਪਿਆਰੇ**
**ਉਤਰੈ ਨਹੀ ਵਿਜੋਗੁ ॥ ਜੋ ਗੁਰ ਮੇਲਿ ਉਧਾਰਿਆ ਪਿਆਰੇ ਤਿਨ ਧੁਰੇ ਪਇਆ ਸੰਜੋਗੁ ॥ ੩ ॥**[੬੪੧]-੪

**ਅਰਥ**:--ਮਨੁੱਖ ਨੇ (ਸਾਰੀ ਉਮਰ ਦੁਨੀਆ ਦੇ ਪਦਾਰਥਾਂ ਨੂੰ) ਮਿੱਠੇ ਮੰਨ ਕਰ ਖਾਧਾ, ਉਸ ਮਿੱਠੇ ਨੇ (ਉਸ ਦੇ) ਸਰੀਰ ਵਿਚ ਰੋਗ ਪੈਦਾ ਕਰ ਦਿੱਤਾ । ਉਹ ਰੋਗ ਦੁਖਾਦਈ ਹੋ ਕੇ ਸਰੀਰ ਵਿਚ ਪੱਕਾ ਟਿਕ ਜਾਂਦਾ ਹੈ (=ਪਤਿਸਟਿਆ) (ਰੋਗ) ਤੋਂ ਚਿੰਤਾ-ਗ਼ਮ ਪੈਦਾ ਹੁੰਦੀ ਹੈ । ਦੁਨੀਆ ਦੇ ਪਦਾਰਥ ਖਵਾ ਖਵਾ ਕੇ ਉਸ ਪਰਮਾਤਮਾ ਨੇ (ਆਪ ਹੀ ਜੀਵ ਨੂੰ) ਕੁਰਾਹੇ ਪਾ ਰੱਖਿਆ ਹੈ । (ਪਰਮਾਤਮਾ ਨਾਲੋਂ ਜੀਵ ਦਾ)ਵਿਛੋੜਾ ਮੁੱਕਣ ਵਿਚ ਨਹੀਂ ਆਉਂਦਾ । ਜਿੰਨ੍ਹਾਂ ਜੀਵਾਂ ਨੂੰ ਗੁਰੂ ਨਾਲ ਮਿਲਾ ਕੇ ਪ੍ਰਭੂ ਨੇ (ਪਦਾਰਥਾਂ ਦੇ ਭੋਗਾਂ ਤੋਂ) ਬਚਾ ਲਿਆ, ਧੁਰੋਂ ਲਿਖੇ ਅਨੁਸਾਰ ਉਨ੍ਹਾਂ ਦਾ ਪਰਮਾਤਮਾ ਨਾਲ) ਮਿਲਾਪ ਹੋ ਗਿਆ । ੩ ।

## ੫
## ਫਿੱਕਾ

ਗੁਰਬਾਣੀ ਵਿਚ " ਫਿੱਕਾ " ਪਦ ਵਿਸ਼ੇਸ਼ ਕਰਕੇ ਬੋਲਣ ਦੇ ਸੰਬੰਧ ਵਿਚ ਬਹੁਤੀ ਵਾਰੀ ਆਇਆ ਹੈ । ਸਤਿਗੁਰਾਂ ਨੂੰ " ਫਿੱਕੇ " ਬਚਨ ਬੋਲਣੇ ਨਹੀਂ ਭਾਏ । ਫਿੱਕਾ ਬੋਲਣ ਨਾਲ ਸੰਬਧਤ ਲਗਪਗ ਸਾਰੇ ਗੁਰੂ ਫ਼ੁਰਮਾਨ ਪੁਸਤਕ ਦੇ ਚੌਥੇ ਭਾਗ ਦੇ ਪੰਜਵੇ ਕਾਂਡ ਵਿਚ ਅਰਥਾਂ ਸਮੇਤ ਲਿਖੇ ਜਾ ਚੁੱਕੇ ਹਨ । ਪਾਠਕਾਂ ਦੀ ਸਹੂਲਤ ਲਈ ਏਥੇ ਯਾਦ ਤਾਜ਼ੀ ਕਰਾਉਣ ਹਿਤ ਦੋਬਾਰਾ ਲਿਖੇ ਗਏ ਹਨ:--

੪੪- **ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣ ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥**
**ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥ ੩ ॥**[੧੫]-੪

੪੫- **ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥ ੧੨੯ ॥**[੧੩੮੪]

੪੬- **ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥**
**ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥ ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥ ੧ ॥**[੪੭੩]-ਵਾਰ-੨੦

੪੭- **ਦੁਰਮਤਿ ਝੂਠੀ ਬੁਰੀ ਬੁਰਿਆਰਿ ॥ ਅਉਗਣਿਆਰੀ ਅਉਗ਼ਣਿਆਰਿ ॥**
**ਕਚੀ ਮਤਿ ਫੀਕਾ ਮੁਖਿ ਬੋਲੈ ਦੁਰਮਤਿ ਨਾਮੁ ਨ ਪਾਈ ਹੇ ॥ ੫ ॥** [੧੦੪੭]-੪

੪੮- **ਦੋਹਾਗਣੀ ਮਹਲੁ ਨ ਪਾਇਨੀ ਨ ਜਾਣਨਿ ਪਿਰ ਕਾ ਸੁਆਉ ॥**
**ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ ॥ ੧ ॥** [੪੨੬]-੮-੩੦

੪੯- **ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ ॥**
**ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥**
**ਨਾਨਕ ਕਿਰਤਿ ਪਇਐ ਕਮਾਵਣਾ ਕੋਇ ਨ ਮੇਟਣਹਾਰੁ ॥ ੨ ॥** [੫੯੩]-ਵਾਰ-੧੯

੫੦- **ਘਰਿ ਵਥੁ ਛੋਡਹਿ ਬਾਹਰਿ ਧਾਵਹਿ ॥ ਮਨਮੁਖ ਅੰਧੇ ਸਾਦੁ ਨ ਪਾਵਹਿ ॥**
**ਅਨ ਰਸ ਰਾਤੀ ਰਸਨਾ ਫੀਕੀ ਬੋਲੇ, ਹਰਿ ਰਸੁ ਮੂਲਿ ਨ ਤਾਹਾ ਹੇ ॥ ੧੨ ॥**[੧੦੫੮]--੧੬-੫

੫੧- **ਵਿਣੁ ਨਾਵੈ ਹੋਰ ਸਲਾਹਣਾ ਸਭੁ ਬੋਲਣੁ ਫਿਕਾ ਸਾਦੁ ॥ ਮਨਮੁਖ ਅਹੰਕਾਰੁ ਸਲਾਹਦੇ**
**ਹਉਮੈ ਮਮਤਾ ਵਾਦੁ ॥ ਜਿਨ ਸਾਲਾਹਿਨ ਸੇ ਮਰਹਿ ਖਪਿ ਜਾਵੈ ਸਭੁ ਅਪਵਾਦੁ ॥**
**ਜਨ ਨਾਨਕ ਗੁਰਮੁਖਿ ਉਬਰੇ ਜਪਿ ਹਰਿ ਹਰਿ ਪਰਮਾਨਾਦੁ ॥ ੧ ॥**[੩੦੧]-ਵਾਰ-੨

੫੨- **ਜਿਤਨੇ ਰਸ ਅਨਰਸ ਹਮ ਦੇਖਜ਼ੇ ਸਭ ਤਿਤਨੇ ਫੀਕ ਫੀਕਾਨੇ ॥**
**ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ ਮਿਲਿ ਸਤਿਗੁਰ ਮੀਠ ਰਸ ਗਾਨੇ ॥ ੨ ॥**[੧੧੬੯]-੪-੧੮-੫੬

**ਅਰਥ**:--ਜਗਤ ਦੇ ਜਿੰਨੇ ਵੀ ਹੋਰ ਹੋਰ (ਕਿਸਮ ਦੇ) ਰਸ ਹਨ, ਮੈਂ ਵੇਖ ਲਏ ਹਨ, ਉਹ ਸਾਰੇ ਹੀ ਬਿਲਕੁਲ ਫਿੱਕ ਹਨ ਫਿੱਕੇ ਹਨ । ਗੁਰੂ ਨੂੰ ਮਿਲ ਕੇ ਮੈਂ ਆਤਮਕ ਜੀਵਨ ਦੇਣ ਵਾਲਾ ਪਰਮਾਤਮਾ ਦਾ ਨਾਮ-ਰਸ ਚੱਖਿਆ ਹੈ, ਉਹ ਰਸ ਗੰਨੇ ਦੇ ਰਸ ਵਾਂਗ ਮਿੱਠਾ ਹੈ । ੨ ।

੫੩- **ਰੂਪ ਸੁੰਦ੍ਰੀਆ ਅਨਿਕ ਇਸਤਰੀਆ ॥ ਹਰਿ ਰਸੁ ਬਿਨੁ ਸਭਿ ਸੁਆਦ ਫਿਕਰੀਆ ॥ ੩ ॥** [੩੮੫]-੫੫

੫੪- **ਚੰਦਨ ਚੋਆ ਰਸ ਭੋਗ ਕਰਤ ਅਨੇਕੈ ਬਿਖਿਆ ਬਿਕਾਰ ਦੇਖੁ ਸਗਲ ਹੈ <u>ਫੀਕੇ</u>,**
**ਏਕੈ ਗੋਬਿਦ ਕੋ ਨਾਮੁ ਨੀਕੋ ਕਹਤ ਹੈ ਸਾਧ ਜਨ ॥ ਤਨੁ ਧਨੁ ਆਪਨ ਥਾਪਿਓ**
**ਹਰਿ ਜਪੁ ਨ ਨਿਮਖ ਜਾਪਿਓ ਅਰਥੁ ਦ੍ਰਬੁ ਦੇਖੁ ਕਛੁ ਸੰਗਿ ਨਾਹੀ ਚਲਨਾ ॥੧॥**[੬੭੮]-੨-੩੦

**ਸੂਚੀ:--**

## ੬
# ਰਸ

**ਮਹਾਨ ਕੋਸ਼ ਅਨੁਸਾਰ** ਦੇ ੧੦੧੧ ਤੋਂ ੧੦੧੨ ਸਫ਼ੇ ਤੇ **ਰਸ** ' ਲਫ਼ਜ਼ ਦੇ ਅਰਥ ਇਸ ਪ੍ਰਕਾਰ ਹਨ:---ਸ੍ਵਾਦ ਲੈਣਾ (ਚੱਖਣਾ), ਪ੍ਰੀਤਿ ਕਰਨਾ। ੨- ਰਸਨਾ ਨਾਲ ਗ੍ਰਹਣ ਕਰਨ ਯੋਗਯ ਮਿਠਾਸ ਆਦਿ ਗੁਣ, ਮਿਠਾਸ ਆਦਿ ਗੁਣ--**ਰਸ ਭੋਗਹਿ ਖੁਸੀਆ ਕਰਹਿ, ਮਾਣਹਿ ਰੰਗ ਅਪਾਰ ॥** (ਸ੍ਰੀ ਮ: ੫) ੩ ਅੰਨ ਆਦਿ ਖਾਧੇ ਪਦਾਰਥਾਂ ਦਾ ਪਰਿਣਾਮ, ਜੋ ਸਰੀਰ ਨੂੰ ਪੁਸ਼ਟ੍ਰ ਕਰਨ ਵਾਲਾ ਧਾਤੂ ਹੈ। ੪- ਫੁੱਲ ਦੀ ਮਿਠਾਸ, ਮਧੁ। ੫- ਵੀਰਯ, ਮਨੀ। ੬- ਪ੍ਰੇਮ, ਪਿਆਰ--" **ਮਾਤ ਪਿਤਾ ਭਈ ਸੁਤ ਬਨਿਤਾ, ਤਾਕੈ ਰਸ ਕਪਟਾਨਾ** ' (ਧਨਾ ਮ: ੯) ੭- ਪਾਰਾ। ੮- ਜਲ--" ਅਗਨਿ ਰਸ ਸੋਖੈਂ " (ਤੁਖ ਬਾਰਹਮਾਹਾ) ੯- ਕਾਵਯ ਅਨੁਸਾਰ ਮਨ ਵਿੱਚ ਉਤਪੰਨ ਹੋਣ ਵਾਲਾ ਭਾਵ, ਜੋ ਕਾਵਯ ਪੜ੍ਹਨ, ਸੁਣਨ ਅਥਵਾ ਨਾਟਕ ਆਦਿ ਦੇਖਣ ਤੋਂ ਉਤਪੰਨ ਹੁੰਦਾ ਹੈ--" **ਰਸ ਰੂਪ ਰੰਗ ਅਨੰਤ ਬੀਠਲ, ਸਾਸਿ ਸਾਸਿ ਧਿਆਇਣਾ** " (ਰਾਮ ਛੰਤ ਮ: ੫)

ਰਤਿ, ਹਾਸ, ਸ਼ੋਕ, ਕ੍ਰੋਧ, ਉਤਸ਼ਾਹ, ਭਯ, ਨਿੰਦਾ, ਆਸ਼ਚਰਯ, ਅਤੇ ਨਿਰਵੇਦ। ਸਥਾਈ ਭਾਵਾਂ ਦੀ ਪਰਿਪੱਕ ਅਵਸਥਾ ਹੀ ਨੌ ਰਸ---ਸ਼ਿੰਗਾਰ, ਹਾਸਯ, ਕਰੁਣ, ਰੌਦ੍ਰ, ਵੀਰ, ਭਯਾਨਕ, ਬੀਭਤਸ, ਅਦਭੁਤ ਅਤੇ ਸ਼ਾਂਤ ਹਨ, ਇਨ੍ਹਾਂ ਰਸਾਂ ਦੇ ਸਮਝਣ ਲਈ ਭਾਵ ਸ਼ਬਦ ਦਾ ਅੰਗ ੧੪ ਚੰਗੀ ਤਰ੍ਹਾਂ ਵਿਚਾਰਨਾ ਚਾਹੀਏ, ਇਥੇ ਨੌ ਰਸਾਂ ਦੇ ਉਦਾਹਰਣ ਦਿਖਾਏ ਜਾਂਦੇ ਹਨ--

(ੳ) ਸ਼ਿੰਗਾਰ--' **ਕਾਜਲ ਹਾਰ ਤੰਬੋਲ ਸਭੈਕਿਛੁ ਸਾਜਿਆ ॥ ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ ॥** " (ਫੁਨਹੇ ਮ: ੫)

(ਅ) ਹਾਸਯ-- " **ਮੋਰ ਮੋਰ ਕਰਿ ਅਧਿਕ ਲਾਡੁ ਧਰਿ, ਪੇਖਤ ਹੀ ਜਮਰਾਉ ਹਸੈ** " (ਸ੍ਰੀ ਕਬੀਰ) ਜਦ ਮਾਂ ਅਨੇਕ ਪ੍ਰਕਾਰ ਦਾ ਮੂੰਹ ਬਣਾਕੇ ਮੇਰਾ ਬੱਚਾ, ਮੇਰਾ ਲਾਲ, ਮੇਰਾ ਸੋਹਣਾ ਆਖਦੀ ਹੈ, ਤਾਂ ਯਮਰਾਜ ਨੂੰ ਉਸ ਦੀ ਹਰਕਤ ਤੇ ਹਾਸਾ ਆਉਂਦਾ ਹੈ।:--
ਸੀਸ ਦੁਮਾਲਾ ਧਰੇ ਸੁਰਮਈ ਕੰਧੇ ਮੋਟਾ ਸੋਟਾ ਹੈ, ਮਸਤਾਨੇ ਪਟ ਕਮਰਕਸੇ ਯੁਤ ਸਜਯੋ ਵਿਚਿਤ੍ਰ ਕਛੋਟਾ ਹੈ।
ਫ਼ਤੇਸਿੰਘ ਕੋ ਪਿਖ ਸਰੂਪ ਕਲਗ਼ੀਧਰ ਿ ਬਗਸਾਵਤ ਹੈਂ, ਸਿੰਘਸਮਾਜ ਕਵੀਗਣ ਹੱਸ ਲੋਟਪੋਟ ਹ੍ਵੈਜਾਵਤ ਹੈਂ।

**(ੲ)** ਕਰੁਣਾ-- '**ਜਿਨਿ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰ ॥ ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚ ਆਵੈ ਧੂੜਿ ॥ ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ ॥ {ਆਸਾ ਅ: ਮ: ੧)**
" **ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇਗਏ ਭਾਈ ॥ ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ ॥** " (ਆਸਾ ਕਬੀਰ)

(ਸ) ਰੌਦ੍ਰ-- " **ਜਾ ਤੁਧ ਭਾਵਹਿ ਤੇਗ ਵਗਾਵਹਿ ਸਿਰ ਮੁੰਡੀ ਕਟਿਜਾਵਹਿ ॥** " (ਮ: ੧ ਵਾਰ ਮਾਝ)

(ਹ) ਵੀਰ-- " **ਰਣੁ ਦੇਖਿ ਸੂਰੇ ਚਿਤ ਉਲਾਸ** " (ਬਸੰ ਮ: ੫) " **ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ, ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥ ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤੁ ॥ ਪੁਰਜਾ ਪੁਰਜਾ ਕਟਿਮਰੈ ਕਬਹੂ ਨ ਛਾਡੈ ਖੇਤੁ ॥** " (ਮਾਰੂ ਕਬੀਰ)

(ਕ) ਭਯਾਨਕ-- ' **ਲਟ ਛੂਟੀ ਵਰਤੈ ਬਿਕਰਾਲ**" (ਭੈਰ ਅ: ਕਬੀਰ)

(ਖ) ਬੀਭਤਸ--- " **ਬਿਸਟਾ ਅਸਤ ਰਕਤ ਪਰੇਟੇ ਚਾਮ** " (ਆਸਾ ਮ: ੫)

(ਗ) ਅਦਭੁਤ-- " **ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥** ' **(ਗਉ ਮ: ੯)**

(ਘ) ਸ਼ਾਂਤ-- " **ਕਹਾ ਮਨ, ਬਿਖਿਆ ਸਿਉ ਲਪਟਾਹੀ ॥ ਯਾ ਜਗ ਮੈ ਕੋਊ ਰਹਨ ਨ ਪਾਵੈ ॥ ਇਕ ਆਵੈ ਇਕਿ ਜਾਹੀ ॥ ਕਾਂਕੋ ਤਨੁ ਧਨੁ ਸੰਪਤਿ ਕਾਂਕੀ ਕਾ ਕਉ ਨੇਹੁ ਲਗਾਈ ॥ ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ ॥ ਤਜਿ ਅਭਿਮਾਨੁ ਸਰਣਿ ਸੰਤਨ ਗਹੁ ਮੁਕਤਿ ਹੋਹਿ ਛਿਨ ਮਾਹੀ ॥ ਜਨ ਨਾਨਕ ਭਗਵੰਤ ਭਜਨ ਬਿਨੁ ਸੁਖੁ ਸੁਪਨੈ ਭੀ ਨਾਹੀ ॥** " (ਸਾਰ ਮ: ੯)

**ਭਕਿਤਮਤ (ਭਗਤੀ-ਮਤ) ਵਾਲੇ ਸ਼ਾਂਡਿਲਯ ਰਿਖੀ ਆਦਿ ਕੇਵਲ ਪੰਜ ਰਸ ਮੰਨਦੇ ਹਨ--ਸ਼ਿੰਗਾਰ, ਸ਼ਾਂਤ, ਵਾਤਸਲਯ, ਦਾਸਯ ਅਤੇ ਸਖਯ। ਇਨ੍ਹਾਂ ਵਿਚੋਂ ਸ਼ਿੰਗਾਰ ਅਤੇ ਸ਼ਾਂਤ ਉੱਪਰ ਆ ਗਏ ਹਨ, ਬਾਕੀ ਤਿੰਨ ਦੇ ਉਦਾਹਰਣ ਇਹ ਹਨ ---**

**ਵਾਤਸਲਯ--** " **ਭਗਤਿਵਛਲ ਤੇਰਾ ਬਿਰਦੁ ਹਰਿ ਪਤਿਤ ਉਧਾਰਿਆ ॥** ' (ਵਾਰ ਜੈਤ) " **ਭਵਖੰਡਨ ਦੁਖਭੰਜਨ ਸ੍ਵਾਮੀ ਭਗਤਿਵਛਲ ਨਿਰੰਕਾਰੇ ॥** " (ਧਨਾ ਮ: ੫) " **ਹਮਰੇ ਪਿਤਾ ਗੋਪਾਲ, ਦਇਆਲ ॥ ਜਿਉ ਰਾਖੈ ਮਹਤਾਰੀ ਬਾਰਿਕ ਕਉ, ਤੈਸੇ ਹੀ ਪ੍ਰਭ ਪਾਲ ॥** " (ਧਨਾ ਮ: ੫)

**ਦਾਸਯ--** "**ਰਾਖਹੁ ਰਾਖਨਹਾਰ ਦਇਆਲਾ, ਨਾਨਕ ਘਰ ਕੇ ਗੋਲੇ ॥** " (ਧਨਾ ਮ: ੫) " **ਨਾਨਕ ਗਰੀਬ ਬੰਦਾ ਜਨ ਤੇਰਾ ॥ ਰਾਖਿਲੇਇ ਸਾਹਿਬੁ ਪ੍ਰਭੁ ਮੇਰਾ** " **(ਧਨਾ ਮ: ੫)** " **ਦਾਸ ਦਾਸ ਕੋ ਦਾਸਰਾ ਨਾਨਕ ਕਰਿ ਲੇਹ** " (ਬਿਲ ਮ: ੫)

ਸਖਯ-- "**ਅਪਨਾ ਮੀਤ ਸੁਆਮੀ ਗਾਈਐ ॥ ਆਸ ਨ ਅਵਰ ਕਾਹੂ ਕੀ ਕੀਜੈ, ਸੁਖਦਾਤਾ ਹਰਿ ਧਿਆਈਐ ॥** (ਸਾਰ ਮ: ੫)" **ਤੂੰ ਮੇਰਾ ਸਖਾ ਤੂੰ ਹੀ ਮੇਰਾ ਮੀਤੁ ॥ ਤੂੰ ਪ੍ਰੀਤਮ ਤੁਮ ਸੰਗਿ ਹੀਤੁ ॥**" (ਗਉ ਮ: ੫ " **ਮੀਤ ਹਮਾਰਾ ਅੰਤਰਜਾਮੀ ॥ ਸਮਰਥ ਪੁਰਖੁ ਪਾਰਬ੍ਰਹਮ ਸੁਆਮੀ ॥** "(ਗਉ ਮ: ੫)

੧੦-ਭੋਗਣ ਦਾ ਅਨੰਦ ਮਜ਼ਾ। ੧੧- ਤਤੁ, ਸਾਰ, ' **ਸਬਦਿ ਰਤੇ ਮੀਠੇ ਰਸ ਈਖ ॥** " (ਗਉ ਮ: ੧) ੧੨- ਅਸਰ, ਪ੍ਰਭਾਵ, " ਆਧਿ ਬਿਆਧਿ ਉਪਾਧਿ ਰਸ ਕਬਹੁ ਨ ਤੂਟੈ ਤਾਪ ॥ " (ਗਉ ਥਿਤੀ ਮ: ੫) " ਸੋਹਾਗਨਿ ਭਵਨ ਤ੍ਰੈ ਲੀਆ ॥ ਦਸਅਠ ਪੁਰਾਣ ਤੀਰਥਿ ਕੀਆ ॥ " (ਗੌਂਡ ਕਬੀਰ) ੧੩- ਸਿੱਧਾਂਤ, ਤਾਤਪਰਯ, " ਗਿਆਨੁ ਗਿਆਨੁ ਕਥੈ ਸਭੁ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥ " (ਬਿਲਾ ਅ: ਮ:੧) " ਦੀਪਕ ਰਸ ਤੇਲੇ ॥ " (ਤੁਖਾ ਬਾਰਹਮਾਹਾ) ਗਯਾਨ ਦੀਪਕ, ਸਿਧਾਂਤ ਵਿਚਾਰ-ਰੂਪ ਤੇਲ।

੧੪- ਵਿਸ, ਜ਼ਹਿਰ । ੧੫- ਅੰਨ । ੧੬- ਛੀ ਸੰਖਯਾ-ਬੋਧਕ, ਕਿਉਂਕਿ ਰਸਨਾ ਕਰਕੇ ਗ੍ਰਹਣ ਯੋਗ ਛੀ ਰਸ ਹਨ । ੧੭- ਨੌ ਸੰਖਯਾਬੋਧਕ, ਕਿਉਂਕਿ ਕਾਵਯ ਦੇ ਨੌ ਰਸ ਹਨ ।
੧੮- ਫ਼ਾਰਸੀ ਸ , ਵਿ-ਪਹੁਚਣ ਵਾਲਾ ਇਹ ਦੂਜੇ ਸ਼ਬਦ ਦੇ ਅੰਤ ਵਿਚ ਆਉਂਦਾ ਹੈ, ਜਿਵੇਂ ਦੂਰਰਸ, ਦਾਦਰਸ ਆਦਿ।

**ਗੁਰਬਾਣੀ ਵਿਚਾਰ--**

੭

## ਮਾਇਆ ਦਾ ਰਸੁ (-ਚਸਕਾ)

੫੫- **ਰਸੁ ਸੋਇਨਾ, ਰਸ ਰੁਪਾ ਕਾਮਣ, ਰਸੁ ਪਰਮਲ ਕੀ ਵਾਸੁ ॥ ਰਸੁ ਸੇਜਾ ਮੰਦਰ,**
**ਰਸੁ ਮੀਠਾ, ਰਸੁ ਮਾਸੁ ॥ ਏਤੇ ਰਸ ਸਰੀਰ ਕੇ, ਕੈ ਘਟਿ ਨਾਮ ਨਿਵਾਸੁ ॥ ੨ ॥ [੧੫]-੪**

**ਅਰਥ:--** ਸੋਨਾ ਚਾਂਦੀ (ਇਕੱਠਾ ਕਰਨ ਠਰਕ, ਇਸਤ੍ਰੀ (ਭਾਵ, ਕਾਮ ) ਦਾ ਚਸਕਾ, ਸੁਗੰਧੀਆਂ ਦੀ ਲਗਨ, ਘੋੜਿਆਂ (ਦੀ ਸਵਾਰੀ) ਦਾ ਜਨੂੰਨ, (ਨਰਮ ਨਰਮ) ਸੇਜਾਂ ਤੇ (ਸੋਹਣੇ) ਮਹਲ-ਮਾੜੀਆਂ (ਬਣਾ ਲੈਣ) ਦੀ ਲਾਲਸਾ, (ਸਆਦਲੇ) ਮਿੱਠੇ ਪਦਾਰਥ, ਤੇ ਮਾਸ (ਖਾਣ) ਦਾ ਚਸਕਾ--ਜੇ ਇਸ ਸਰੀਰ ਨੂੰ ਇਤਨੇ ਚਸਕੇ ਲੱਗੇ ਹੋਣ, ਤਾਂ ਪਰਮਾਤਨਾ ਦੇ ਨਾਮ ਦਾ ਟਿਕਾਣਾ ਕਿਸ ਹਿਰਦੇ ਵਿਚ ਹੋ ਸਕਦਾ ਹੈ ? ੨।

੫੬- **ਆਧਿ ਬਿਆਧਿ ਉਪਧਿ ਰਸ** ਕਬਹੁ ਨ ਤੂਟੈ ਤਾਪ ॥ ਪਾਰਬ੍ਰਹਮ ਪੂਰਨ ਧਨੀ ਨਹ ਬੂਝੈ ਪਰਤਾਪ ॥
ਮੋਹ ਭਰਮ ਬੂਡਤ ਘਣੋ ਮਹਾ ਨਰਕ ਮਹਿ ਵਾਸ ॥ ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਤੇਰੀ ਆਸ ॥ ੩ ॥[੨੯੭]-ਥਿਤੀ

**ਅਰਥ:**--੭੨੬/੨

੫੭- ਬਾਲ ਬਿਨੋਦ **ਚਿੰਦ ਰਸਾ ਲਾਗਾ,** ਖਿਨੁ ਖਿਨੁ ਮੋਹਿ ਬਿਆਪੈ ॥ **ਰਸੁ ਮਿਸੁ ਮੇਧੁ** ਅੰਮ੍ਰਿਤੁ ਬਿਖੁ ਚਾਖੀ,
ਤਉ ਪੰਚ ਪ੍ਰਗਟ ਸੰਤਾਪੈ ॥ ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ, ਰਾਮ ਨਾਮੁ ਨ ਅਰਾਧਿਆ ॥ ਉਛਲਿਆ ਕਾਮੁ,
ਕਾਲ ਮਤਿ ਲਾਗੀ, ਤਉ ਆਨਿ ਸਕਤਿ ਗਲਿ ਬਾਧਿਆ ॥ ੨ ॥ [੯੩]

**ਪਦ ਅਰਥ:--** ੫੮੫/੧

੫੮- ਪ੍ਰੀਤਿ ਨਿਾ ਕੈਸੇ ਬਧੈ ਸਨੇਹੁ ॥ **ਜਬਲਗੁ ਰਸੁ ਤਬਲਗੁ ਨਹੀ ਨੇਹੁ** ॥ ੧ ॥ ਰਹਾਉ ॥ [੩੨੮]-੨੩

੫੯- ਜਿਹ ਪ੍ਰਸਾਦਿ ਰੰਗ ਰਸ ਭੋਗ ॥ ਨਾਨਕ ਸਦਾ ਧਿਆਈਐ ਧਿਆਵਨ ਜੋਗ ॥ ੧ ॥ [੨੬੯-ਅਸਟ-੬

੬੦- ਸੁਆਦੁ ਲੁਭਤ, **ਇੰਦ੍ਰੀ ਰਸ** ਪ੍ਰੇਰਿਓ, ਮਦ ਰਸ ਲੈਤ ਬਿਕਾਰਿਓ ਰੇ ॥ ਕਰਮ ਭਾਗ, ਸੰਤਨ ਸੰਗਾਨੇ, ਕਾਸਟ ਲੋਹ
ਉਧਾਰਿਓ ਰੇ ॥ ੩ ॥ ਧਾਵਤ ਜੋਨਿ ਜਨਮ ਭ੍ਰਮਿ ਥਾਕੇ, ਅਬ ਦੁਖ ਕਰਿ ਹਮ ਹਾਰਿਓ ਰੇ ॥ ਕਹਿ ਕਬੀਰ ਗੁਰ
ਮਿਲਤ **ਮਹਾ ਰਸੁ** ਪ੍ਰੇਮ ਭਗਤਿ ਨਿਸਤਾਰਿਓ ਰੇ ॥ ੪ ॥ [੩੩੬]-੧-੫

੬੧- ਜੀਵਨ ਪਦੁ ਨਿਰਬਾਣੁ ਇਕੋ ਸਿਮਰੀਐ ॥ ਦੂਜੀ ਨਾਹੀ ਜਾਇ ਕਿਨਿ ਬਿਧਿ ਧੀਰੀਐ ॥ ਡਿਠਾ ਸਭੁ ਸੰਸਾਰੁ ਸੁਖੁ
ਨ ਨਾਮੁ ਬਿਨੁ ॥ ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥ **ਰੰਗੁ ਰੂਪ ਰਸ ਬਾਦਿ** ਕਿ ਕਰਹਿ ਪਰਾਣੀਆ ॥
ਜਿਸੁ ਭੁਲਾਏ ਆਪਿ ਤਿਸੁ ਕਲ ਨਹੀ ਜਾਣੀਆ ॥ ਰੰਗਿ ਰਤੇ, ਨਿਰਬਾਣ ਸਚਾ ਗਾਵਹੀ ॥ ਨਾਨਕ ਸਰਣਿ ਦੁਆਰਿ
ਜੇ ਤੁਧੁ ਭਾਵਹੀ ॥ ੨ ॥ [੩੨੨]-ਵਾ-੧੬

**ਅਰਥ:-** ੮੪੨/੨

੬੨- ਗੁਨ ਕੀਰਤਿ ਨਿਧਿ ਮੋਰੀ ॥ ੧ ॥ ਰਹਾਉ ॥ **ਤੂੰ ਹੀ ਰਸ ਤੂੰ ਹੀ ਜਸ** ਤੂੰ ਹੀ ਰੂਪ ਤੂੰ ਹੀ ਰੰਗ ॥
ਆਸ ਓਟ ਪ੍ਰਭ ਤੋਰੀ ॥ ੧ ॥ ਤੂ ਹੀ ਮਾਨ ਤੂੰ ਹੀ ਧਾਨ ਤੂ ਹੀ ਪਤਿ ਤੂਹੀ ਪ੍ਰਾਨ ॥ ਗੁਰਿ ਤੂਟੀ ਲੈ ਜੋਰੀ ॥ ੨ ॥
ਤੂ ਹੀ ਗ੍ਰਿਹਿ ਤੂ ਹੀ ਬਨਿ ਤੂ ਹੀ ਗਾਉ ਤੂ ਹੀ ਸੁਨਿ ॥ ਹੈ ਨਾਨਕ ਨੇਰ ਨੇਰੀ ॥ ੩ ॥[੨੧੪]-੩-੧੫੬

੮

## ਅੰਮ੍ਰਿਤ ਰਸ

੬੩- ਉਚਰਹੁ ਰਾਮ ਨਾਮੁ ਲਖ ਬਾਰੀ ॥ **ਅੰਮ੍ਰਿਤ ਰਸੁ** ਪੀਵਹੁ ਪ੍ਰਭ, ਪਿਆਰੀ ॥ ੧ ॥ ਰਹਾਉ ॥
**ਸੂਖ ਸਹਜ ਰਸ ਮਹਾ ਅਨੰਦਾ** ॥ ਜਪਿ ਜਪਿ ਜੀਵੈ ਪਰਮਾਨੰਦਾ ॥ ੧ ॥ [੧੯੫]-੭੫-੧੪੪

੬੪- ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ ॥
**ਅੰਮ੍ਰਿਤੁ ਚਾਖਿ ਪਰਮ ਰਸਿ ਰਾਤੇ** ਠਾਕੁਰ ਸਰਣਿ ਤੁਮਾਰੀ ॥ ੧ ॥ [੫੯੬]-੫

੬੫- ਕਿਆ ਤੂ ਰਤਾ ਦੇਖਿ ਕੈ ਪੁਤ੍ਰ ਕਲਤ੍ਰ ਸੀਗਾਰ ॥ **ਰਸ ਭੋਗਹਿ,** ਖੁਸੀਆ ਕਰਹਿ, ਮਾਣਹਿ ਰੰਗ ਅਪਾਰ ॥
ਬਹੁਤੁ ਕਰਹਿ ਫੁਰਮਾਇਸੀ ਵਰਤਹਿ ਹੋਇ ਅਫਾਰ ॥ ਕਰਤਾ ਚਿਤਿ ਨ ਆਵਈ ਮਨਮੁਖ ਅੰਧ ਗਵਾਰ ॥ ੧ ॥[੪੨]-੧

੬੬- **ਰਸ ਭਿੰਨੜੇ** ਅਪੁਨੇ ਰਾਮ ਸੰਗੇ ਸੇ ਲੋਇਣ ਨੀਕੇ ਰਾਮ ॥ ਪ੍ਰਭ ਪੇਖਤ ਇਛਾ ਪੁੰਨੀਆ ਮਿਲਿ
ਸਾਜਨ ਜੀ ਕੇ ਰਾਮ ॥ **ਅੰਮ੍ਰਿਤ ਰਸੁ** ਹਰਿ ਪਾਇਆ ਬਿਖਿਆ ਰਸ ਫੀਕੇ ਰਾਮ ॥ ਨਾਨਕ ਜਲੁ
ਜਲਹਿ ਸਮਾਇਆ ਜੋਤੀ ਜੋਤਿ ਮੀਕੇ ਰਾਮ ॥ ੪ ॥ [੮੪੮]-੨-੫-੯

੬੭- ਨਾਮੁ ਨਿਧਾਨੁ ਧਿਆਇ ਮਨ ਅਟਲ ॥ ਤਾ ਛੂਟਹਿ ਮਾਇਆ ਕੇ ਪਟਲ ॥
ਗੁਰ ਕਾ ਸਬਦੁ **ਅੰਮ੍ਰਿਤ ਰਸੁ** ਪੀਉ ॥ ਤਾ ਤੇਰਾ ਹੁਇ ਨਿਰਮਲ ਜੀਉ ॥ ੨ ॥ [੮੯੧]-੧੬-੨੭

੬੮- ਰਸ ਅੰਮ੍ਰਿਤੁ ਨਾਮ ਰਸੁ ਅਤਿ ਭਲਾ, ਕਿਤੁ ਬਿਧਿ ਮਿਲੈਸੁ ਖਾਇ ॥ ਜਾਇ ਪੁਛਹੁ ਸੋਹਗਣੀ ਤੁਸਾ ਕਿਉਕਰਿ ਮਿਲਿਆ ਪ੍ਰਭੁ ਆਇ ॥ ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ ਪਾਇ ॥ ੧ ॥ ਭਾਈ ਰੇ, ਮਿਲਿ ਸਜਣ ਹਰਿਗੁਣ ਸਾਰਿ ॥ ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥ ੧ ॥ ਰਹਾਉ ॥ ਗੁਰਮੁਖੀਆ ਸੋਹਾਗਣੀ, ਤਿਨ ਦਇਆ ਪਈ ਮਨਿ ਆਇ ॥ ਸਤਿਗੁਰ ਵਚਨੁ, ਰਤੰਨੁ ਹੈ ਜੋ ਮੰਨਨੇ ਸੋ ਹਰਿ ਰਸੁ ਖਾਇ ॥ ਸੇ ਵਡਭਾਗੀ ਵਡ ਜਾਣਇਹ, ਜਿਨਿ ਹਰਿ ਰਸੁ ਖਾਧਾ ਗੁਰ ਭਾਇ ॥ ੨ ॥ ਇਹ ਹਰਿਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥ ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥ ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥ ੩ ॥ ਹਰਿ ਹਰਿ ਰਸੁ ਆਪਿ ਹੈ, ਹਰਿ ਆਪੇ ਹਰਿਰਸੁ ਹੋਇ ॥ ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ ॥ ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਮਨਿ ਸੋਇ ॥ ੪ ॥ [੪੧]-੫-੬੯

੯

## ਹਰਿ ਰਸ-ਰਾਮ ਰਸ ਅਥਵਾ ਨਾਮ ਰਸ

੬੮- ਰਾਮ ਰਸੁ ਪੀਆ ਰੇ ॥ ਜਿਹ ਰਸ, ਬਿਸਰਿ ਗਏ ਰਸ ਅਉਰ ॥ ੧ ॥ ਰਹਾਉ ॥ [੩੩੭]-੧੩-੬੪

੬੯- **ਆਨ ਰਸਾ** ਜੇਤੇ ਤੈ ਚਾਖੇ ॥ ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥ **ਹਰਿ ਰਸ** ਕਾ ਤੂੰ ਚਾਖਹਿ ਸਾਦੁ ॥
ਚਾਖਤ ਹੋਇ ਰਹਹਿ ਬਿਸਮਾਦੁ ॥ ੧ ॥ ਅੰਮ੍ਰਿਤੁ ਰਸਨਾ ਪੀਉ ਪਿਆਰੀ ॥ **ਇਹ ਰਸ** ਰਾਤੀ ਹੋਇ
ਤ੍ਰਿਪਤਾਰੀ ॥ ੧ ॥ ਰਹਾਉ ॥ [੧੮੦]-੧੫-੮੪

੭੦- ਏ ਰਸਨਾ ਤੂ **ਅਨ ਰਸਿ** ਰਾਚਿ ਰਹੀ ਤੇਰੀ ਪਿਆਸ ਨ ਜਾਇ ॥ ਪਿਆਸ ਨ ਜਾਇ ਹੋਰਤੁ
ਕਿਤੈ ਜਿਚਰੁ **ਹਰਿ ਰਸੁ** ਪਲੈ ਨ ਪੋਇ ॥ **ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ**
ਬਹੁੜਿ ਨ ਤ੍ਰਿਸਨਾ ਲਾਗੈ ਆਇ ॥ ਏਹੁ **ਹਰਿ ਰਸੁ** ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ
ਆਇ ॥ ਕਹੈ ਨਾਨਕੁ ਹੋਰਿ **ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ** ॥ ੩੨ ॥ [੯੨੧]

੭੧- ਹਰਿ ਗੁਰ ਗਿਆਨੁ **ਹਰਿ ਰਸੁ ਹਰਿ** ਪਾਇਆ ॥ ਮਨੁ ਹਰਿ ਰੰਗਿ ਰਾਤਾ **ਹਰਿ ਰਸੁ ਪਾਇਆ** ॥
ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ ਮਨੁ **ਹਰਿ ਰਸਿ** ਟੁਲਿ ਟੁਲਿ ਪਉਦਾ ਜੀਉ ॥ ੧ ॥ [੯੫]-੫

੭੨- ਜਿਤਨੀ ਭੂਖ **ਅਨ ਰਸ ਸਾਦ ਹੈ** ਤਿਤਨੀ ਭੂਖ ਫਿਰਿ ਲਾਗੈ ॥ ਜਿਸੁ ਹਰਿ ਆਪਿ ਕ੍ਰਿਪਾ
ਕਰੇ ਸੋ ਵੇਚੇ ਸਿਰੁ ਗੁਰ ਆਗੈ ॥ ਜਨ ਨਾਨਕ **ਹਰਿ ਰਸਿ ਤ੍ਰਿਪਤਿਆ** ਫਿਰਿ ਭੂਖ ਨ ਲਾਗੈ ॥ ੪ ॥**[੧੬੬]-੪-੧੦-੪੮**

੭੩- .. ਓਤਿ ਕੋਤਿ ਜਨ **ਹਰਿ ਰਸਿ ਰਾਤੇ** ॥ ਸੁੰਨ ਸਮਾਧਿ ਨਾਮ ਰਸਿ ਮਾਤੇ ॥ ॥ ੭ ॥ [੨੬੫]-ਅਸਟ-੨

੭੪- ਇਹੁ **ਹਰਿ ਰਸੁ** ਪਾਵੈ ਜਨੁ ਕੋਇ ॥ ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥
ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥ ਜਾ ਕੈ ਮਨਿ ਪ੍ਰਗਟੇ ਗੁਨਤਾਸ ॥... ॥ ੬ ॥ [੨੮੭]-ਅਸਟ-੧੮

੭੫- ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ ॥ ਹਰਿ ਰਸੁ ਪਾਵੈ ਬਿਰਲਾ ਕੋਇ ॥
ਜਿਨ ਚਾਖਿਆ ਸੇ ਜਨ ਤ੍ਰਿਪਤਾਨੇ ॥ ਪੂਰਨ ਪੁਰਖ ਨਹੀ ਡੋਲਾਨੇ ॥ ।.. ੨ ॥ [੨੮੯]-ਅਸਟ-੨੦

੭੬- ਗੁਣ ਨਿਧਾਨ ਮੇਰਾ ਪ੍ਰਭ ਕਰਤਾ ਉਸਤਤਿ ਕਉਨੁ ਕਰੀਜੈ ਰਾਮ ॥ ਸੰਤਾ ਕੀ ਬੇਨੰਤੀ ਸੁਆਮੀ
**ਨਾਮੁ ਮਹਾ ਰਸੁ** ਦੀਜੈ ਰਾਮ ॥ ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ ॥ ਗੁਣ
ਗੋਪਾਲ ਉਚਰੁ ਸਨਾ ਸਦਾ ਗਾਈਐ ਅਨਦਿਨੋ ॥ ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ
ਅੰਮ੍ਰਿਤ ਭੀਜੈ ॥ ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਦੀਜੈ ॥ ੪ ॥[੭੪੮]-੭-੧੦

੧੦-

## ਪ੍ਰੇਮ " ਰਸ "

੭੭- ਭਾਈ ਰੇ ਭਵਜਲੁ ਬਿਖਮੁ ਡਰਾਉ ॥ ਪੂਰਾ ਸਤਿਗੁਰੁ **ਰਸਿ ਮਿਲੈ** ਗੁਰੁ ਤਾਰੇ ਹਰਿ ਨਾਉ ॥ ੧ ॥ ਰਹਾਉ ॥ **[੬੩]-੧੬**

੭੮- ਉਦਮੁ ਕਰਤ ਸੀਤਲ ਮਨ ਭਏ ॥ ਮਾਰਗਿ ਚਲਤ ਸਗਲ ਦੁਖ ਗ਼ਏ ॥

ਨਾਮੁ ਜਪਤ ਮਨਿ ਭਏ ਅਨੰਦ ॥ **ਰਸਿ ਗਾਏ** ਗੁਨ ਪਰਮਾਨੰਦ ॥ ੧ ॥ [੨੦੨]-੧੧੦

੭੯- **ਆਪੁ ਗਵਾਇਆ ਸੇਵ ਕਮਾਇਆ ਗੁਨ ਰਸਿ ਰਸਿ ਗਾਵੈ ॥ ੧ ॥** [੪੦੭]-੫-੧੪੭

੮੦- **ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ ॥ ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥**
**ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥ ਗਿਆਨ ਮਹਾ ਰਸੁ ਨੇਤ੍ਰੀ ਅੰਜਨੁ**
**ਤ੍ਰਿਭਵਣ ਰੂਪੁ ਦਿਖਾਇਆ ॥ ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥ ੨ ॥** [੭੭੪]-੧-੨

੮੧- **ਰਸਿ ਰਸਿ ਗਾਵਉ** ਠਾਕੁਰ ਕੇ ਮੋਰੈ ਹਿਰਦੈ ਬਸਹੁ ਗੋਪਾਲ ॥ ੧ ॥ [੬੮੦]-੭-੩੮

੮੨- **ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥**
**ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥ ੧ ॥**[੨੫੨]-ਬਾਵਨ ਅਖਰੀ

**ਅਜੇਹੇ ਕੁਝ ਹੋਰ ਗੁਰੂ ਫ਼ੁਰਮਾਨਾ ਦੀ ਸੂਚੀ:--**

੮੩- **ਸਭਿ ਰਸ ਤਿਨ ਕੈ ਰਿਦੈ ਹਹਿ** ਜਿਨ ਹਰਿ ਵਸਿਆ ਮਨ ਮਾਹਿ ॥
**ਹਰਿ ਦਰਗਹਿ ਤੇ ਮੁਖ ਉਜਲੇ ਤਿਨ ਕਉ ਸਭਿ ਦੇਖਣ ਜਾਹਿ ॥... [੩੧੦]-ਵਾ-੧੭**

੧੧

# ਅਨੰਦ ਅਥਵਾ ਆਨੰਦ

ਮਹਾਨ ਕੋਸ਼ ਅਨੁਸਾਰ ਅਨੰਦ ਅਥਵਾ " ਆਨੰਦ" ਦੇ ਅਰਥ ਇਸ ਪ੍ਰਕਾਰ ਹਨ:--ਸੰਗਯਾ- ਖ਼ੁਸ਼ੀ, ਪ੍ਰਸੰਨਤਾ " **ਮਿਟਿਆ ਸੋਗ ਮਹਾ ਅਨੰਦ ਥੀਆ** " (ਆਸਾ ਮ: ੫) ੨- ਰਾਗ ਰਾਮਕਲੀ ਵਿਚ ਖ਼ਾਸ ਬਾਣੀ, ਜੋ ਤੀਜੇ ਸਤਿਗੁਰੂ ਜੀ ਨੇ ਮੋਹਰੀ ਜੀ ਦੇ ਪੁਤ੍ਰ ਦੇ ਜਨਮ ਸਮੇਂ ਸੰਮਤ ੧੬੧੧ ਵਿੱਚ ਉਚਾਰਣ ਕੀਤੀ ਅਤੇ ਪੋਤੇ ਦਾ ਨਾਉ ਅਨੰਦ ਰਖਿਆ । ੩- ਗੁਰੂ ਅਮਰ ਦੇਵ ਜੀ ਦਾ ਪੋਤਾ । ਇਹ ਮਹਾਤਮਾ ਵਡਾ ਕਰਣੀ ਵਾਲਾ ਹੋਇਆ ਹੈ । ਗੁਰੂ ਹਰਗੋਬਿੰਦ ਸਾਹਿਬ ਨੇ ਅਨੰਦ ਜੀ ਨੂੰ ਪਾਲਕੀ ਭੇਜ ਕੇ ਸਦਵਾਇਆ ਸੀ । ਉਹ ਪਾਲਕੀ ਹੁਣ ਗੋਇੰਦਵਾਲ ਮੌਜੂਦ ਹੈ * । ੪- ਸਿੱਖ ਧਰਮ ਅਨੁਸਾਰ ਵਿਆਹ (ਸ਼ਾਦੀ) ਦਾ ਨਾਉਂ ਭੀ ਅਨੰਦ ਬਾਣੀ ਕਰਕੇ ਹੀ ਹੈ " ਬਿਨਾ ਅਨੰਦ ਬਿਆਹ ਕੇ ਭੁਰਾਤੇ ਪਰ ਕੀ ਜੋਇ - - ਮੇਰਾ ਸਿੱਖ ਨ ਸੋਇ " (ਰਤਨ ਮਾਲਾ) ਅਨੰਦ ਬਾਣੀ ਹੋਰ ਮੰਗਲ ਕਾਰਜਾਂ ਵਿੱਚ ਵੀ ਪੜ੍ਹੀ ਜਾਂਦੀ ਹੈ, ਜੈਸੇ--ਗੁਰੀ ਹਰਿ ਗੋਬਿੰਦ ਜੀ ਦੇ ਜਨਮ ਸਮੇਂ ਪਾਠ ਹੋਇਆ " ਗੁਰੁ ਸਖੀ ਅਨੰਦ ਗਾਵੈ " (ਆਸਾ ਮ: ੫) ਦੇਖੋ ਅਨੰਦ ੪ । ੫- ਵਿ-ਨੰਦ ਖ਼ੁਸ਼ੀ ਬਿਨਾ ਪ੍ਰਸੰਨਤਾ ਰਹਿਤ ॥

[**Foot note**:--ਇਸ ਪਾਲਕੀ ਦੇ ਦਰਸ਼ਨ ਕਰਨ ਸਮੇ ਦਾਸ (ਗੁਰਬਖ਼ਸ਼ ਸਿੰਘ) ਨੇ ਉਥੇ ਮੌਜੂਦ ਸੇਵਾਦਾਰ ਤੋਂ ਪਾਲਕੀ ਦੀ ਇਤਿਹਾਸਕ ਮਹੱਤਤਾ ਬਾਰੇ ਪੁਛਿਆ ਤਾਂ ਉਸ ਨੇ ਦਸਿਆ ਕਿ ਸ੍ਰੀ ਗੁਰੂ ਅਰਜਨ ਸਾਹਿਬ ਪੰਚਮ ਸਤਿਗੁਰਾਂ ਨੇ ਬਾਬਾ ਮੋਹਨ ਜੀ ਕੋਲੋਂ ਲਈਆਂ ਗੁਰਬਾਣੀ ਦੀਆਂ ਪੋਥੀਆਂ ਇਸ ਪਾਲਕੀ ਵਿਚ ਪਾ ਕੇ ਸ੍ਰੀ ਅੰਮ੍ਰਿਤਸਾਰ ਸਾਹਿਬ ਖੜੀਆਂ ਸਨ । ਉਸ ਨੇ ਇਹ ਵੀ ਦੱਸਿਆ, ਕਿ ਸਤਿਗੁਰੂ ਜੀ ਨੰਗੇ ਪੈਰੀਂ ਚੌਰ ਕਰਦੇ ਹੋਏ ਅੰਮ੍ਰਤ ਸਰ ਪੁੱਜੇ ਸਨ । ਪੋਥੀਆਂ ਲਈ ਏਡੀ ਪਾਕੀ ਬਣਵਾਉਣੀ ਕੁਝ ਅਚੰਭਾ ਲਗਦੀ ਸੀ । ਉਹ ਸੱਜਣ ਪੁਰਸ਼ ਇਹ ਵੀ ਨਹੀਂ ਸੀ ਦੱਸ ਸਕਿਆ ਕਿ ਪਾਲਕੀ ਚੁੱਕੀ ਕਿਨ੍ਹਾਂ ਚਾਰ ਗੁਰਸਿੱਖਾਂ ਨੇ ਸੀ। ਕਿਉਂਕਿ ਪਾਲਕੀ ਦੀ ਬੰਨਤ੍ਰ ਦੱਸਦੀ ਹੈ ਕਿ ਉਸ ਨੂੰ ਇਖ ਦੋ ਨਹੀਂ ਸਗੋਂ ਚਾਰ ਮਨੁੱਖ ਚੁਕਦੇ ਰਹੇ ਹੋਣੇ ਹਨ । ਸੋ ਮਹਾਨ ਕੋਸ਼ ਦੀ ਗੱਲ ਠੀਕ ਲੱਗਦੀ ਹੈ । ਗਿਆਨ ਹੀਣ ਅੰਨ੍ਹੀ ਸ਼ਰਧਾ ਕਈ ਵਾਰੀ ਮਨੁੱਖ ਤੋਂ ਬੇਦਲੀਲੀ ਗੱਲ ਕਰਵਾ ਰਹੀ ਹੁੰਦੀ ਹੈ ]

ਅਨੰਦ ਬਾਣੀ ਦਾ ਪਾਠ ਕੇਵਲ " ਮੰਗਲ ਕਾਰਜਾਂ ਤੇ ਪੜ੍ਹੀ ਜਾਂਦੀ ਹੈ " ਇਹ ਗੱਲ ਮਹਾਨ ਕੋਸ਼ ਦੀ ਠੀਕ ਨਹੀਂ ਹੈ। ਮੌਤ ਸਮੇ ਵੀ ਇਸ ਬਾਣੀ ਦਾ ਪਾਠ ਕੀਤਾ ਜਾਂਦਾ ਹੈ । ਉਂਜ ਵੀ ਗੁਰਬਾਣੀ ਨੂੰ ਨਿੱਜੀ ਦੁਖ ਸੁਖ ਦੇ ਸਮਿਆਂ ਨੂੰ ਸੋਹਾਵੇਂ ਬਨਾਉਣ ਦੇ ਆਸ਼ੇ ਨਾਲ ਪੜ੍ਹਨਾ ਜਾਂ ਗਾਉਣਾ ਗੁਰਬਾਣੀ ਦੀ ਬੇਅਦਬੀ ਹੈ ]

## ਗੁਰਬਾਣੀ ਵਿਚਾਰ --

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਥਮ ਬਾਣੀ, ਕੁੱਜੇ ਵਿਚ ਸਮਾਇਆ ਗਿਆਨ ਦਾ ਮਹਾਨ ਸਾਗਰ, ਨਿਤਨੇਮ ਦੀ ਪ੍ਰਥਮ ਅਨੂਪਮ ਗੁਰੂ ਬਾਣੀ, ਸ੍ਰੀ ਜਪੁ (ਜੀ ਸਾਹਿਬ) ਦੀ ੩੬ਵੀ ਪਉੜੀ ਵਿਚ " ਅਨੰਦੁ " ਸ਼ਬਦ ਵਰਤਿਆ ਰੋਜ਼ ਪੜ੍ਹਦੇ ਹਾਂ--" **ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥** " ਗਿਆਨ ਖੰਡ ਵਿਚ ਭਾਵ, ਮਨੁੱਖ ਦੀ ਗਿਆਨ ਅਵਸਥਾ ਵਿਚ ਗਿਆਨ ਹੀ ਬਲਵਾਨ ਹੁੰਦਾ ਹੈ । ਇਸ ਅਵਸਥਾ ਵਿਚ ਮਾਨੋ ਸਭ ਰਾਗਾਂ, ਤਮਾਸ਼ਿਆਂ ਤੇ ਕੌਤਕਾਂ ਦਾ ਅਨੰਦ ਹੈ । ਭਾਵ, ਉਸ ਅਵਸਥਾ ਵਿਚ ਸਦੀਵੀ ਆਤਮਕ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ । ਜੁਗੋ ਜੁਗ ਅਟੱਲ ਗੁਰਿਆਈ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ ਕਿ ਪੂਰਨ ਸਤਿਗੁਰੂ ਨੂੰ ਮਿਲਦਿਆਂ ਮਨ ਦੀ ਦੁਬਿਧਾ ਦੂਰ ਹੋ ਕੇ ਪਰਮ ਪਦਵੀ ਵਾਲ ਅਨੰਦ ਪ੍ਰਾਪਤ ਹੋ ਜਾਂਦਾ ਹੈ । ਅਜੇਹੇ ਪੂਰਨ ਸਤਿਗੁਰੂ ਦੇ ਮਿਲਾਪ ਦੀ ਬਿਹਬਲਤਾ ਦੱਸਦੇ ਹੋਏ ਗੁਰਦੇਵ ਜੀ ਫ਼ੁਮਾਨ ਕਰਦੇ ਹਨ:--

੮੪- **ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥ ਮਨ ਕੀ ਦੁਬਿਧਾ ਬਿਨਸਿ ਜਾਇ**
**ਹਰਿ ਪਰਮ ਪਦੁ ਲਹੀਐ ॥ ੧ ॥ ਮੇਰਾ ਸਤਿਗੁਰੁ ਪਿਆਰਾ ਕਿਤੁ ਬਿਧਿ ਮਿਲੈ ॥ ਹਉ ਖਿਨੁ ਖਿਨੁ ਕਰੀ**

**ਨਮਸਕਾਰੁ ਮੇਰਾ ਗੁਰ ਪੂਰਾ ਕਿਉ ਮਿਲੈ ॥ ੧ ॥ ਰਹਾਉ ॥ ਕਰਿ ਕਿਰਪਾ ਹਰਿ ਮੇਲਿਆ ਮੇਰਾ ਸਤਿਗੁਰੁ ਪੂਰਾ ॥ ਇਛ ਪੁੰਨੀ ਜਨ ਕੇਰੀਆ ਲੇ ਸਤਿਗੁਰ ਧੂਰਾ ॥ ੨ ॥ ਹਰਿ ਭਗਤਿ ਦ੍ਰਿੜਾਵੈ ਹਰਿ ਭਗਤਿ ਸੁਣੈ ਤਿਸੁ ਸਤਿਗੁਰ ਮਿਲੀਐ ॥ ਤੋਟਾ ਮੂਲਿ ਨ ਆਵਈ ਹਰਿ ਲਾਭੁ ਨਿਤਿ ਦ੍ਰਿੜੀਐ ॥ ੩ ॥ ਜਿਸ ਕਉ ਰਿਦੈ ਵਿਗਾਸੁ ਹੈ ਭਾਉ ਦੂਜਾ ਨਾਹੀ ॥ ਨਾਨਕ ਤਿਸੁ ਗੁਰ ਮਿਲਿ ਉਧਰੈ ਹਰਿ ਗੁਣ ਗਾਵਾਹੀ ॥ ੪ ॥**[੧੬੮]-੮-੧੪-੫੨

ਧਿਆਨ ਰਹੇ ਕਿ ਜਿਵੇਂ ਸੁਆਦ, ਰਸ ਜਾਂ ਚਸਕੇ ਦੀ ਵਰਤੋਂ, ਮਾਇਕ ਪਦਾਰਥਾਂ ਦੇ ਭੋਗਾਂ ਵਿਚ ਹੋਈ ਅਸੀਂ ਉਪਰ ਵੇਖ ਆਏ ਹਾਂ, ਉਸ ਪ੍ਰਕਾਰ " ਅਨੰਦ " ਸ਼ਬਦ ਦੀ ਵਰਤੋਂ ਦੀ ਉਦਾਹਰਣ ਦਾਸ ਨੂੰ ਗੁਰਬਾਣੀ ਵਿਚ ਕਿਤੇ ਨਹੀਂ ਮਿਲ ਸਕੀ । ਅਨੰਦ ਇੱਕ ਅਜੇਹੀ ਅਲੌਕਿਕਿ ਖ਼ੁਸ਼ੀ ਹੈ ਜੋ **ਦੁਖ** ਪਿੱਛੋਂ ਸੁਖ ਦੀ ਪ੍ਰਾਪਤੀ ਤੇ ਹੋਈ **ਖ਼ੁਸ਼ੀ** ਵਾਂਗ, ਛੇਤੀ ਸਮਾਪਤ ਨਹੀਂ ਹੋ ਜਾਂਦੀ । ਅਨੰਦ ਰੂਹਾਨੀ ਖੇੜਾ ਹੈ ਅਤੇ ਇਹ ਅਵਸਥਾ ਪ੍ਰਾਪਤ ਹੋਣੀ ਚੰਗੇ ਭਾਗਾਂ ਦੀ ਨਿਸ਼ਾਨੀ ਹੈ । ਚੰਗਾ ਸੁਦਿਸ਼ਟ ਭੋਜਨ ਛਕੀਏ ਤਾਂ ਅਸੀਂ ਕਹਿ ਦਿੰਦੇ ਹਾਂ ਕਿ-ਭੋਜਨ ਛਕਣ ਦਾ ਅੱਜ ਬੜਾ ਅਨੰਦ ਆਇਆ ਹੈ । ਚੰਗੇ ਰਾਗੀ ਕੋਲੋਂ ਕੀਰਤਨ ਸੁਣੀਏ ਤਾਂ ਵੀ " ਬੜਾ ਅਨੰਦ ਆਇਆ " ਕਹਿ ਦਿੰਦੇ ਹਾਂ, ਇਸ ਤਰ੍ਹਾਂ ਚੰਗੀ ਕਥਾ ਕਹਾਣੀ ਸੁਣ ਕੇ ਵੀ ਅਨੰਦ ਸ਼ਬਦ ਵਰਤਿਆ ਜਾਂਣ ਦਾ ਰਿਵਾਜ ਆਮ ਹੈ । ਪਰ " ਅਨੰਦ ਅਨੰਦ " ਦੀ ਇਸ ਮੁਹਾਰਨੀ ਨੂੰ ਸਤਿਗੁਰਾਂ ਨੇ ਠੀਕ ਨਹੀਂ ਮੰਨਿਆ। ਅਨੰਦ (ਸਾਹਿਬ) ਬਾਣੀ ਦੀ ਸਤਵੀ ਪਉੜੀ ਵਿਚਲੇ ਸਤਿਗੁਰਾਂ ਦੇ ਫ਼ੁਰਮਾਨ ਤੋਂ ਸਿੱਧ ਹੁੰਦਾ ਹੈ ਕਿ ਸਾਨੂੰ ਅਨੰਦ ਅਵਸਥਾ ਦਾ ਪਤਾ ਹੀ ਨਹੀਂ। ਪਾਵਨ ਪਉੜੀ ਇਸ ਪ੍ਰਕਾਰ ਹੈ :--

੮੫- **ਆਨੰਦੁ ਆਨੰਦੁ ਸਭੁ ਕੋ ਕਹੈ, ਆਨੰਦੁ ਗੁਰੂ ਤੇ ਜਾਣਿਆ ॥ ਜਾਣਿਆ ਆਨੰਦੁ ਸਦਾ ਗੁਰ ਤੇ, ਕ੍ਰਿਪਾ ਕਰੇ ਪਿਆਰਿਆ ॥ ਕਰਿ ਕਿਰਪਾ ਕਿਲਵਿਖ ਕਟੇ, ਗਿਆਨ ਅੰਜਨੁ ਸਾਰਿਆ ॥ ਅੰਦਰਹੁ ਜਿਨ ਕਾ ਮੋਹੁ ਤੁਟਾ, ਤਿਨ ਕਾ ਸਬਦ ਸਚੈ ਸਵਾਰਿਆ ॥ ਕਹੈ ਨਾਨਕੁ ਏਹੁ ਅਨੰਦੁ ਹੈ, ਆਨੰਦੁ ਗੁਰੂ ਤੇ ਜਾਣਿਆ ॥ ੭ ॥** [੯੧੭]

ਪਰ ਇਹ ਅਨੰਦ ਮਿਲਦਾ ਕਿਸ ਨੂੰ ਹੈ:--

੮੬- **ਬਾਬਾ, ਜਿਸੁ ਤੂ ਦੇਹਿ, ਸੋਈ ਜਨੁ ਪਾਵੈ ॥ ਪਾਵੈ ਤ ਸੋ ਜਨੁ, ਦੇਹਿ ਜਿਸ ਨੋ, ਹੋਰਿ ਕਿਆ ਕਰਹਿ ਵੇਚਾਰਿਆ ॥ ਇਕਿ ਭਰਮਿ ਭੂਲੇ ਫਿਰਹਿ ਦਹਦਿਸਿ, ਇਕਿ ਨਾਮਿ ਲਾਗਿ ਸਵਾਰਿਆ ॥ ਗੁਰ ਪਰਸਾਦੀ ਮਨੁ ਭਇਆ ਨਿਰਮਲੁ, ਜਿਨਾ ਭਾਣਾ ਭਾਵਏ ॥ ਕਹੈ ਨਾਨਕੁ, ਜਿਸੁ ਦੇਹਿ ਪਿਆਰੇ, ਸੋਈ ਜਨੁ ਪਾਵਏ ॥ ੮ ॥**[੯੧੮]

ਅਰਥ:--ਹੇ ਪ੍ਰਭੂ ! ਜਿਸ ਮਨੁੱਖ ਨੂੰ ਤੂੰ (ਆਤਮਕ ਆਨੰਦ ਦੀ ਦਾਤਿ) ਦਿੰਦਾ ਹੈਂ ਉਹ ਪ੍ਰਾਪਤ ਕਰਦਾ ਹੈ, ਉਹੀ ਮਨੁੱਖ ( ਇਸ ਦਾਤਿ ਨੂੰ) ਮਾਣਦਾ ਹੈ ਜਿਸ ਨੂੰ ਤੂੰਦਿੰਦਾ ਹੈਂ, ਹੋਰਨਾਂ ਵਿਚਾਰਿਆਂ ਦੀ (ਮਾਇਆ ਦੇ ਹੜ ਅੱਗੇ) ਕੋਈ ਪੇਸ਼ ਨਹੀਂ ਜਾਂਦੀ । ਕਈ ਬੰਦੇ (ਮਾਇਆ ਦੀ) ਭਟਕਣਾ ਵਿਚ (ਅਸਲ ਅਸਤੇ ਤੋਂ) ਭੁੱਲੇ ਹੋਏ ਦਸੀਂ ਪਾਸੀਂ ਦੌੜਦੇ ਫਿਰਦੇ ਹਨ, ਕਈ (ਭਾਗਾਂ ਵਾਲਿਆਂ ਨੂੰ) ਤੂੰ ਆਪਣੇ ਨਾਮ ਵਿਚ ਜੋੜ ਕੇ (ਉਨ੍ਹਾਂ ਦਾ ਜਨਮ) ਸਵਾਰ ਦਿੰਦਾ ਹੈਂ । (ਇਸ ਤਰ੍ਹਾਂ ਮਿਹਰ ਨਾਲ) ਜਿਨ੍ਹਾਂ ਨੂੰ ਤੇਰੀ ਰਜ਼ਾ ਪਿਆਰੀ ਲੱਗਣ ਲੱਗ ਪੈਂਦੀ ਹੈ, ਗੁਰੂ ਦੀ ਕਿਰਪਾ ਨਾਲ ਉਨ੍ਹਾਂ ਦਾ ਮਨ ਪਵਿਤ੍ਰ ਹੋ ਜਾਂਦਾ ਹੈ (ਤੇ ਉਹ ਆਨੰਦ ਮਾਣਦੇ ਹਨ, ਪਰ) (ਸਤਿਗੁਰਾਂ ਦੀ ਅਰਦਾਸ)--(ਹੇ ਪ੍ਰਭੂ !) ਜਿਸ ਨੂੰ ਤੂੰ} (ਆਤਮਕ ਆਨੰਦ ਦੀ ਦਾਤਿ ਬਖ਼ਸ਼ਦਾ ਹੈਂ ਉਹੀ ਇਸ ਨੂੰ ਮਾਣਦਾ ਹੈ । ੮ ।

ਅਨੰਦ ਅਵਸਥਾ ਦੇ ਗੁਰਮਤਿ ਅਰਥ ਦ੍ਰਿੜ ਕਰਨ ਲਈ ਆਉ ਗੁਰੂ ਸ਼ਬਦ ਵਿਚਾਰ ਵਿਚ ਜੁੜੀਏ ਕਿਉਂਕਿ ਸਤਿਗੁਰਾਂ ਦਾ ਸ਼ਬਦ-ਗਿਆਨ ਮਨ ਵਿਚ ਵੱਸ ਜਾਣ ਨਾਲ ਮਨੁੱਖ ਦਾ ਮਨ ਮਾਇਆ ਦੇ ਧੰਦਿਆਂ ਵਿਚ ਭਟਕਣ ਤੋਂ ਰਹਿ ਜਾਂਦਾ ਹੈ, ਪਰਮਾਤਮਾ ਦੇ ਰੂਪ ਸ਼ਬਦ-ਗੁਰੂ ਨੂੰ ਮਿਲਿਆਂ ਮਨ ਵਿਚ ਬਦੀਆਂ ਦੀ ਥਾਂ ਚੰਗਿਆਈ ਆ ਵੱਸਦੀ ਹੈ, ਜਿਸ ਤੋਂ ਸਦੀਵੀ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ । ਇਸ ਲਈ ਸ਼ਬਦ ਵਿਚਾਰ ਵਿਚ ਜੁੜ ਸਕਣ ਦੇ ਸਮੇਂ ਨੂੰ ਕਦੇ ਵੀ ਹਥੋਂ ਨਹੀਂ ਜਾਣ ਦੇਣਾ ਚਾਹੀਦਾ--**ਧੰਧਾ ਧਾਵਤ ਰਹਿ ਗਏ, ਮਨ ਮਹਿ ਸਬਦੁ ਅਨੰਦ ॥ ਦੁਰਜਨ ਤੇ ਸਾਜਨ ਭਏ, ਭੇਟੇ ਗੁਰ ਗੋਵਿੰਦ ॥** [੯੩੪]ਓਅੰਕਾਰ---

੮੭- **ਬਹੁ ਮੈਲੇ ਨਿਰਮਲ ਹੋਇਆ ਸਭ ਕਿਲਬਿਖ ਹਰਿ ਜਸਿ ਜਾਲਾ ॥**
**ਮਨਿ ਅਨਦੁ ਭਇਆ ਗੁਰ ਪਾਇਆ ਜਨ ਨਾਨਕ ਸਬਦਿ ਨਿਹਾਲਾ ॥ ੪ ॥** [੯੮੫]-੫

**ਅਰਥ**:--(ਪਰਮਾਤਮਾ ਦਾ ਨਾਮ ਸਿਮਰਣ ਦੀ ਬਰਕਤਿ ਨਾਲ) ਬੜੇ ਬੜੇ ਵਿਕਾਰੀ ਪਵਿੱਤਰ ਹੋ ਗਏ ਹਨ, ਹਰੀ-ਜਸ ਨੇ (ਉਨ੍ਹਾਂ ਦੇ) ਸਾਰੇ ਪਾਪ ਸਾੜ ਦਿੱਤੇ ਹਨ । ਹੇ ਦਾਸ ਨਾਨਕ ! (ਮੇਰੇ ਸਤਿਗੁਰਾਂ ਦਾ ਸਪੱਸ਼ਟ ਸੰਕੇਤ-) ਜਿਸ ਮਨੁੱਖ ਨੂੰ ਗੁਰੂ (ਸਤਿਗੁਰੂ ਗ੍ਰੰਥ ਸਾਹਿਬ ਜੀ) ਮਿਲ ਪਏ, ਉਸ ਦੇ ਮਨ ਵਿਚ **ਆਨੰਦ ਪੈਦਾ** ਹੋ ਗਿਆ, ਗੁਰੂ (ਗ੍ਰੰਥ ਸਾਹਿਬ ਜੀ ਦੇ) **ਸ਼ਬਦ** ਦੀ ਬਰਕਤਿ ਨਾਲ ਉਹ ਨਿਹਾਲ ਹੋ ਗਿਆ । ੪ ।

੮੮- **ਜਿਨਿ ਜਨਿ ਗੁਰਮੁਖਿ ਸੇਵਿਆ ਤਿਨਿ ਸਭਿ ਸੁਖ ਪਾਈ ॥ ਓਹੁ ਆਪਿ ਤਰਿਆ ਕੁਟੰਬ ਸਿਉ ਸਭੁ ਜਗਤੁ ਤਰਾਈ ॥ ਓਨਿ ਹਰਿ ਨਾਮਾ ਧਨੁ ਸੰਚਿਆ ਸਭ ਤਿਖਾ ਬੁਝਾਈ ॥ ਓਨਿ ਛਡੇ ਲਾਲਚ ਦੁਨੀ ਕੇ ਅੰਤਰਿ ਲਿਵ ਲਾਈ ॥ਓਸੁ ਸਦਾ ਸਦਾ ਘਰਿ ਅਨੰਦੁ ਹੈ ਹਰਿ ਸਖਾ ਸਹਾਈ ॥ ਓਨਿ ਵੈਰੀ ਮਿਤ੍ਰ ਸਮ ਕੀਤਿਆ ਸਭ ਨਾਲਿ ਸੁਭਾਈ ॥ ਹੋਆ ਉਹੀਅਲੁ ਜਗ ਮਹਿ ਗੁਰ ਗਿਆਨੁ ਜਪਾਈ ॥ ਪੂਰਬਿ ਲਿਖਿਆ ਪਾਇਆ ਹਰਿ ਸਿਉ ਬਣਿ ਆਈ ॥ ੧੬ ॥**[੧੧੦੦]-ਵਾਰ

**ਪਦ ਅਰਥ**:--ਗੁਰਮੁਖਿ=ਗੁਰੂ ਦੇ ਬਚਨਾਂ ਤੇ ਚਲ ਕੇ । ਸੰਚਿਆ=ਜੋੜਿਆ, ਇਕੱਠਾ ਕੀਤਾ । ਓਸੁ ਘਰਿ=ਉਸ ਦੇ ਹਿਰਦੇ-ਘਰ ਵਿਚ । ਸਖਾ=ਮਿਤ੍ਰ । ਸੁਭਾਈ=ਚੰਗੇ ਸੁਭਾਵ ਵਾਲਾ । ਓਹੀਅਲੁ=ਪਰਗਟ, ਉਘਾ, ਨਾਮਣੇ ਵਾਲਾ ।[ ਓਝਲ=ਅੱਖਾਂ ਤੋਂ ਉਹਲੇ । ਓਹੀਅਲੁ=ਅੱਖਾਂ ਦੇ ਸਾਹਮਣੇ, ਪ੍ਰਤੱਖ]

੮੯- **ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤ ਸੁ ਨਾਨਕ ਆਖਿ ਸੁਣਾਵੈ ॥**
**ਭਗਤ ਜਨਾ ਕਉ ਸਦਾ ਅਨੰਦੁ ਹੈ ਕੀਰਤਨੁ ਗਾਇ ਬਿਗਸਾਵੈ ॥ ੨ ॥**[੩੭੩]-੧੦

੯੦- ਕਬੀਰ ਜਾ ਦਿਨ ਹਉ ਮੂਆ, ਪਾਛੈ ਭਇਆ ਅਨੰਦ ॥ ਮੋਹਿ ਮਿਲਿਓ ਪ੍ਰਭੁ ਆਪਨਾ, ਸੰਗੀ ਭਜਹਿ ਗੋਬਿੰਦੁ ॥ ੬ ॥ [੧੩੬੪]

੯੧- **ਚਿੰਤਾ ਧਾਵਤ ਰਹਿ ਗਏ ਤਾਂ ਮਨਿ ਭਇਆ ਅਨੰਦ ॥ ਗੁਰ ਪ੍ਰਸਾਦੀ ਬੁਝਿਆ ਸਾਧਨ ਸੁਤੀ ਨਿਚਿੰਦ ॥ ਜਿਨ ਕਉ**

**ਪੂਰਬਿ ਲਿਖਿਆ ਤਿਨ੍ਹਾ ਭੇਟਿਆ ਗੁਰ ਗੋਵਿੰਦੁ ॥ ਨਾਨਕ ਸਹਜੇ ਮਿਲਿ ਰਹੇ ਹਰਿ ਪਾਇਆ ਪਰਮਾਨੰਦੁ ॥ ੨੫ ॥**[੧੪੧੫]

**ਅਰਥ:**--ਮਾਇਆ ਦੀ ਭਟਕਣਾ ਵਿਚ ਭਟਕ ਰਹੇ ਜਿਹੜੇ ਮਨੁੱਖ (ਸਤਿਗੁਰੂ ਦੀ ਮਿਹਰ ਨਾਲ ਇਸ ਭਟਕਣਾ ਤੋਂ) ਹਟ ਜਾਂਦੇ ਹਨ, ਉਨ੍ਹਾਂ ਦੇ ਮਨ ਵਿਚ ਆਨੰਦ ਪੈਦਾ ਹੋ ਜਾਂਦਾ ਹੈ, (ਪਰ ਇਹ ਭੇਤ) ਗੁਰੂ ਦੀ ਕਿਰਪਾ ਨਾਲ ਹੀ ਸਮਝ ਵਿਚ ਆ ਸਕਦਾ ਹੈ । (ਜਿਹੜੀ) ਜੀਵ ਇਸਤ੍ਰੀ (ਇਸ ਭੇਤ ਨੂੰ ਸਮਝ ਲੈਂਦੀ ਹੈ, ਉਹ) ਚਿੰਤਾ ਰਹਿਤ ਅਵਸਥਾ ਵਿਚ ਲੀਨ ਰਹਿੰਦੀ ਹੈ । ਹੇ ਨਾਨਕ ! ਜਿਨ੍ਹਾਂ ਮਨੁੱਖਾਂ ਤੇ ਧੁਰ ਦਰਗਾਹ ਤੋਂ ਲੇਖ ਲਿਖਿਆ ਹੁੰਦਾ ਹੈ ਉਨ੍ਹਾਂ ਨੂੰ ਗੁਰੂ-ਪਰਮਾਤਮਾ ਮਿਲ ਪੈਂਦਾ ਹੈ, ਉਹ ਆਤਮਕ ਅਡੋਲਤਾ ਵਿਚ ਟਿਕੇ ਰਹਿੰਦੇ ਹਨ । ਸਭ ਤੋਂ ਉੱਚੇ ਆਤਮਕ ਆਨੰਦ ਦੇ ਮਾਲਕ-ਪ੍ਰਭੂ (ਦਾ ਮਿਲਾਪ) ਉਹ ਮਨੁੱਖ ਪ੍ਰਾਪਤ ਕਰ ਲੈਂਦੇ ਹਨ । ੨੫ ।

ਸਿਰਜਣ ਹਾਰ ਅਕਾਲਪੁਰਖ ਹੀ ਪਰਮ ਆਨੰਦ ਹੈ । ਪਰਮਾਤਮਾ ਹੀ ਅਨੰਦ ਦਾ ਸੋਮਾ " ਆਨੰਦ ਮੂਲ " ਹੈ :--

੯੨- **ਆਨੰਦ ਮੂਲੁ ਅਨਾਥ ਅਧਾਰੀ ॥ ਗੁਰਮੁਖਿ ਭਗਤਿ ਸਹਜਿ ਬੀਚਾਰੀ ॥**
**ਭਗਤਿ ਵਛਲ ਭੈ ਕਾਟਣਹਾਰੇ ॥ ਹਉਮੈ ਮਾਰਿ ਮਿਲੇ ਪਗੁ ਧਾਰੇ ॥ ੫ ॥**[੬੮੫]-੧

**ਪਦ ਅਰਥ:**--ਆਨੰਦ ਮੂਲੁ=ਆਨੰਦ ਦਾ ਸੋਮਾ । ਭਗਤਿ ਵਛਲ=ਭਗਤੀ ਨਾਲ ਪਿਆਰ ਕਰਨ ਵਾਲਾ । ਪਗੁ ਧਾਰੇ= (ਸਤਸੰਗਤ ਵਿਚ) ਪੈਰ ਟਿਕਾ ਕੇ , ਜਾ ਕੇ ।

ਸਾਰੇ ਸਰੀਰ ਸਰੋਵਰਾਂ ਵਿਚ ਵਿਆਪਕਕ ਪਰਮਾਤਮਾ ਨੂੰ ਸਤਿਗੁਰਾਂ ਨੇ " **ਆਨੰਦ ਰੂਪ** " ਵੀ ਕਿਹਾ ਹੈ ਪਰ ਇਸ ਦੀ ਪਛਾਣ ਸਤਿਗੁਰਾਂ ਨੂੰ ਮਿਲਿਆਂ ਹੀ ਆਉਂਦੀ ਹੈ:--

੯੩- **ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥ ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥**
**ਸਗਲ ਸਰੋਵਰ ਜੋਤਿ ਸਮਾਣੀ ॥ ਆਨਦ ਰੂਪ ਵਿਟਹੁ ਕੁਬਾਣੀ ॥ ੩ ॥** [੧੩੪੨]-੨

ਉੱਪਰ ਲਿਖੇ ਮਹਾਨ ਕੋਸ਼ ਵਿਚਲੇ ਅਰਥਾਂ ਵਿਚ ਗੁਰੂ-ਬਾਣੀ ਦੀ ਜਿਸ ਪੰਗਤੀ ਦਾ ਜ਼ਿਕਰ ਹੈ ਉਸ ਦੀ ਪੂਰੀ ਤੁਕ ਅਤੇ ਵਿਚਾਰ ਇਸ ਪ੍ਰਕਾਰ ਹੈ:--

੯੪-- **ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ ਮਿਟਿਆ ਸੋਗੁ ਮਹਾ ਅਨੰਦੁ ਥੀਆ ॥**
**ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥ ੨ ॥** [੩੯੬]-੭-੧੦੧

**ਅਰਥ:**--(ਜਿਵੇਂ ਜਿਸ ਘਰ ਵਿਚ) ਪਰਮਾਤਮਾ ਦੇ ਹੁਕਮ ਅਨੁਸਾਰ ਦਸੀਂ ਮਹੀਨੀ ਪੁੱਤਰ ਜੰਮਦਾ ਹੈ (ਤਾਂ ਉਸ ਘਰ ਵਿਚੋਂ) ਗ਼ਮ ਮਿਟ ਜਾਂਦਾ ਹੈ ਤੇ ਬੜਾ ਉਤਸ਼ਾਹ ਹੁੰਦਾ ਹੈ, (ਤਿਵੇਂ ਜੇਹੜੀ ਸਤ-ਸੰਗਣ) ਸਹੇਲੀ ਗੁਰੂ ਦੀ ਸਿਫ਼ਤਿ ਸਾਲਾਹ ਦੀ ਬਾਣੀ ਗਾਉਂਦੀ ਹੈ ਉਹ ਆਤਮਕ ਆਨੰਦ ਮਾਣਦੀ ਹੈ ਤੇ ਉਹ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੇ ਮਨ ਵਿਚ ਪਿਆਰੀ ਲੱਗਦੀ ਹੈ । ੨ ।

## ੧੨
## ਅਨਦ ਬਿਨੋਦੀ ਖਸਮੁ ਹਮਾਰਾ ॥

ਬਿਨੋਦ = ਖੇਲ ਤਮਾਸ਼ । ਅਨਦ ਬਿਨੋਦੀ=ਸਾਰੇ ਅਨੰਦਾ ਦਾ ਸਾਰੇ ਚੋਜ ਤਮਾਸ਼ਿਆਂ ਦਾ ਮਾਲਕ, ਪਰਮਾਤਮਾ:--

੯੫- **ਦੂਖ ਘਨੋ ਜਬ ਹੋਤੇ ਦੂਰਿ ॥ ਅਬ ਮਸਲਤਿ ਮੋਹਿ ਮਿਲੀ ਹਦੂਰਿ ॥ ੧ ॥ ਚੂਕਾ ਨਿਹੋਰਾ ਸਖੀ ਸਹੇਰੀ ॥ ਭਰਮੁ ਗਇਆ ਗੁਰਿ ਪਿਰ ਸੰਗਿ ਮੇਰੀ ॥ ੧ ॥ ਰਹਾਉ ॥ ਨਿਕਟਿ ਆਨਿ ਪ੍ਰਿਅ ਸੇਜ ਧਰੀ ॥ ਕਾਣਿ ਕਢਨ ਤੇ ਛੂਟਿ ਪਰੀ ॥ ਮੰਦਰਿ ਮੇਰੈ ਸਬਦਿ ਉਜਾਰਾ ॥ ਅਨਦ ਬਿਨੋਦੀ ਖਸਮੁ ਹਮਾਰਾ ॥ ੩ ॥ ਮਸਤਕਿ ਭਾਗੁ ਮੈ ਪਿਰੁ ਘਰਿ ਆਇਆ ॥ ਥਿਰੁ ਸੋਹਾਗੁ ਨਾਨਕ ਜਨ ਪਾਇਆ ॥ ੪ ॥ [੩੮੪]-੨-੫੩**

੯੬- **ਓਇ ਸੁਖ ਕਾ ਸਿਉ ਬਰਨਿ ਸੁਨਾਵਤ ॥**
**ਅਨਦ ਬਿਨੋਦ** ਪੇਖਿ ਪ੍ਰਭ ਦਰਸਨ ਮਨਿ ਮੰਗਲ ਗੁਨ ਗਾਵਤ ॥ ੧ ॥ ਰਹਾਉ ॥[੧੨੦੫]-੯

੯੭- ਮਨ ਬਚ ਕ੍ਰਮ ਆਰਾਧੈ ਹਰਿ ਹਰਿ ਸਾਧਸੰਗਿ ਸੁਖੁ ਪਾਇਆ ॥
**ਅਨਦ ਬਿਨੋਦ** ਅਕਥ ਕਥਾ ਰਸੁ ਸਾਚੈ ਸਹਜਿ ਸਮਾਇਆ ॥ ੧ ॥[੧੨੨੦]-੬੦-੮੩

੯੮- ਸੰਤ ਜਨਾ ਹਰਿ ਮੰਤ੍ਰੁ ਦ੍ਰਿੜਾਇਆ ਹਰਿ ਸਾਜਨ ਵਸਗਤਿ ਕੀਨੇ ਰਾਮ ॥ ਆਪਨੜਾ ਮਨੁ ਆਗੈ ਧਰਿਆ ਸਰਬਸੁ ਠਾਕੁਰਿ ਦੀਨੇ ਰਾਮ ॥ ਕਰਿ ਅਪੁਨੀ ਦਾਸੀ ਮਿਟੀ ਉਦਾਸੀ ਹਰਿ ਮੰਦਰਿ ਥਿਤਿ ਪਾਈ ॥ **ਅਨਦ ਬਿਨੋਦ ਸਿਮਰਹੁ ਪ੍ਰਭੁ ਸਾਚਾ** ਵਿਛੁੜਿ ਕਬਹੂ ਨ ਜਾਈ ॥ ਸਾ ਵਡਭਾਗਣਿ ਸਦਾ ਸੋਹਾਗਣਿ ਰਾਮ ਨਾਮ ਗੁਣ ਚੀਨ੍ਹੇ ॥ ਕਹੁ ਨਾਨਕ ਰਵਹਿ ਰੰਗਿ ਰਾਤੇ ਪ੍ਰੇਮ ਮਹਾ ਰਸਿ ਭੀਨੇ ॥ ੨ ॥[੭੮੨]-੫-੮

੯੯- ਸੋਲਹ ਕਲਾ ਸੰਪੂਰਨ ਫਲਿਆ ॥ ਅਨਤ ਕਲਾ ਹੋਇ ਠਾਕੁਰੁ ਚੜਿਆ ॥
**ਅਨਦ ਬਿਨੋਦ** ਹਰਿ ਨਾਮਿ ਸੁਖ ਨਾਨਕ ਅੰਮ੍ਰਿਤ ਰਸੁ ਹਰਿ ਭੁੰਚਨਾ ॥ ੧੬ ॥[੧੦੮੧]-੨-੯

## ੧੩
## ਅਨੰਦ ਭਇਆ ਮੇਰੀ ਮਾਇ .... ॥

੧੦੦- **ਜਿਨਿ ਹਰਿ ਧਿਆਇਆ ਸਭੁ ਕਿਛੁ ਤਿਸ ਕਾ ਤਿਸ ਕੀ ਭੂਖ ਗਵਾਈ ॥ ਐਸਾ ਧਨੁ ਦੀਆ ਸੁਖਦਾਤੈ ਨਿਖੁਟਿ ਨ ਕਬ ਹੀ ਜਾਈ ॥ ਅਨਦੁ ਭਇਆ** ਸੁਖ ਸਹਜਿ ਸਮਾਣੇ ਸਤਿਗੁਰਿ ਮੇਲਿ ਮਿਲਾਈ ॥ ੨ ॥ [੬੦੮]-੧

੧੦੧- ਅਉਖਧੁ ਖਾਇਓ ਹਰਿ ਕੋ ਨਾਉ ॥ ਸੁਖ ਪਾਏ ਦੁਖ ਬਿਨਸਿਆ ਥਾਉ ॥ ੧ ॥
ਤਾਪੁ ਗਇਆ ਬਚਨਿ ਗੁਰ ਪੂਰੇ ॥ **ਅਨਦੁ ਭਇਆ** ਸਭਿ ਮਿਟੇ ਵਿਸੂਰੇ ॥ ੧ ॥ ਰਹਾਉ ॥
ਜੀਅ ਜੰਤ ਸਗਲ ਸੁਖੁ ਪਾਇਆ ॥ ਪਾਰਬ੍ਰਹਮੁ ਨਾਨਕ ਮਨਿ ਧਿਆਇਆ ॥ ੨ ॥ [੩੭੮]-੩੨

੧੦੨- ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥ ਕਿਲਬਿਖ ਕਾਟੇ ਨਿਰਮਲੁ ਥੀਆ ॥
**ਅਨਦੁ ਭਇਆ** ਨਿਕਸੀ ਸਭ ਪੀਰਾ ਸਗਲ ਬਿਨਾਸੇ ਦਰਦਾ ਜੀਉ ॥ ੨ ॥ [੧੦੧]-੧੭-੨੪

੧੦੩- ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ ॥
**ਅਨਦੁ ਭਇਆ** ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ ॥ ੪ ॥ [੬੧੪]-੭-੧੮

੧੦੪- ਤਪਤਿ ਬੁਝੀ ਸੀਤਲ ਆਘਾਨੇ ਸੁਨਿ ਅਨਹਦ ਬਿਸਮ ਭਏ ਬਿਸਮਾਦ ॥
**ਅਨਦੁ ਭਇਆ** ਨਾਨਕ ਮਨਿ ਸਾਚਾ ਪੂਰਨ ਪੂਰੇ ਨਾਦ ॥ ੨ ॥ [੧੨੧੮]-੪੬-੬੯

੧੦੫- **ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ** ॥ ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥ ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥ ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥ ਕਹੈ ਨਾਨਕੁ **ਅਨੰਦੁ** ਹੋਆ ਸਤਿਗੁਰੂ ਮੈ ਪਾਇਆ ॥ ੧ ॥ [੯੧੭]

**ਸੂਚੀ:--**

੧੦੫- **ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥ ਪਾਰਬ੍ਰਹਮੁ ਮੈ ਪਾਇਆ ਉਤਰੇ ਸਗਲ ਵਿਸੂਰੇ ॥ ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥ ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥ ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥ ੪੦ ॥** [੯੨੨]

੧੦- ਮਾਇਆ ਕੈ ਅਰਥਿ ਪਹੁਤ ਲੋਕ ਨਾਚੇ, **ਕੋ ਵਿਰਲਾ** ੫੦੬/੧੩ ਸਤਰ